# ਪੰਜਾਬੀ ਲੋਕਧਾਰਾ ਦੇ ਸੰਗ੍ਰਹਿ, ਸੰਪਾਦਨ ਤੇ ਮੁਲਾਂਕਣ ਵਿਚ ਅੰਗਰੇਜ਼ ਵਿਦਵਾਨਾਂ ਦਾ ਯੋਗਦਾਨ



ਸੈਮੂਅਲ ਗਿੱਲ

1

# ਪੰਜਾਬੀ ਲੋਕਧਾਰਾ ਦੇ ਸੰਗ੍ਰਹਿ, ਸੰਪਾਦਨ ਤੇ ਮੁਲਾਂਕਣ ਵਿਚ ਅੰਗਰੇਜ਼ ਵਿਦਵਾਨਾਂ ਦਾ ਯੋਗਦਾਨ

2

# ਪੰਜਾਬੀ ਲੋਕਧਾਰਾ ਦੇ ਸੰਗ੍ਰਹਿ, ਸੰਪਾਦਨ ਤੇ ਮੁਲਾਂਕਣ ਵਿਚ ਅੰਗਰੇਜ਼ ਵਿਦਵਾਨਾਂ ਦਾ ਯੋਗਦਾਨ

ਸੈਮੂਅਲ ਗਿੱਲ

5 ਆਬ
ਪ੍ਰਕਾਸ਼ਨ, ਜਲੰਧਰ

# Punjabi Lokdhara De Sangrah, Sampadan Te Mulankan Vich Angrez Vidvanan Da Yogdan

by

**Samual Gill**
**Head Department of Punjabi Section**
**Baring College, Batala**

© ਪ੍ਰਕਾਸ਼ਕ

*ISBN : 978-93-84306-04-5*

ਪਹਿਲੀ ਵਾਰ: 2014

ਮੁੱਲ: 300 ਰੁਪਏ

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

# ਸਮਰਪਣ

ਮੇਰੇ ਜੀਵਨ ਦੇ ਪ੍ਰੇਰਣਾ ਸ੍ਰੋਤ<br>
ਮੇਰੇ ਪਿਤਾ ਮਾਸਟਰ ਪਾਰੀ ਗਿੱਲ ਜੀ<br>
ਅਤੇ<br>
ਮਾਤਾ ਸ੍ਰੀਮਤੀ ਵਿੱਦਿਆ ਗਿੱਲ<br>
ਜਿਨ੍ਹਾਂ ਦੀ ਪ੍ਰੇਰਣਾ, ਉਤਸ਼ਾਹ ਤੇ ਪਿਆਰ ਸਦਕਾ<br>
ਮੈਨੂੰ ਪੜ੍ਹਨ ਦਾ ਮੌਕਾ ਮਿਲਿਆ<br>
ਅਤੇ<br>
ਇਹ ਮੁਕਾਮ ਹਾਸਿਲ ਹੋਇਆ।

# ਧੰਨਵਾਦ

ਅਤਿ ਸਤਿਕਾਰਯੋਗ ਅਧਿਆਪਕ ਪੰਜਾਬੀ ਲੋਕਧਾਰਾ ਸ਼ਾਸਤਰੀ ਡਾ. ਕਰਮਜੀਤ ਸਿੰਘ ਜੀ ਦਾ ਜਿਨ੍ਹਾਂ ਵੱਲੋਂ ਕਰਵਾਈ ਮਿਹਨਤ ਤੇ ਪ੍ਰੇਰਣਾ ਸਦਕਾ ਮੇਰਾ ਇਹ ਖੋਜ ਕਾਰਜ ਪੁਸਤਕ ਰੂਪ ਵਿਚ ਛਪ ਕੇ ਪਾਠਕਾਂ ਸਾਹਮਣੇ ਆਇਆ ਹੈ।

ਪਤਨੀ ਅੰਸ਼ੂ ਮਾਲਾ ਬੇਟੇ ਜੇਕਰ ਸੈਮੂਅਲ ਗਿੱਲ ਅਤੇ ਜੇਸਨ ਸੈਮੂਅਲ ਗਿੱਲ ਦਾ ਜਿਨ੍ਹਾਂ ਹਮੇਸ਼ਾ ਲੇਖਣ ਕਾਰਜ ਵਿਚ ਮੇਰੇ ਲਈ ਮਾਕੂਲ ਮਾਹੌਲ ਸਿਰਜਿਆ।

ਧੰਨਵਾਦੀ ਹਾਂ ਡਾ. ਜਸਵੰਤ ਰਾਏ ਅਤੇ ਡਾ. ਰਵਿੰਦਰ ਕੌਰ ਦਾ ਜਿਨ੍ਹਾਂ ਨੇ ਸੁਧਾਈ ਬਾਦ ਇਹ ਪੁਸਤਕ ਪਾਠਕਾਂ ਤਕ ਪੁਚਾਈ

# ਤਤਕਰਾ


- ਭੂਮਿਕਾ 9
- **ਅਧਿਆਇ ਪਹਿਲਾ**
  ਲੋਕ, ਲੋਕਧਾਰਾ ਤੇ ਪੰਜਾਬੀ ਲੋਕਧਾਰਾ ਲੋਕ ਕੌਣ ਹਨ 15
- **ਅਧਿਆਇ ਦੂਜਾ**
  ਅੰਗਰੇਜ਼ਾਂ ਦਾ ਪੰਜਾਬ ਆਗਮਨ, ਖੇਤਰੀ ਕਾਰਜ ਅਤੇ ਖੋਜ ਵਿਉਂਤ 45
- **ਅਧਿਆਇ ਤੀਜਾ**
  ਪੰਜਾਬੀ ਲੋਕਧਾਰਾ ਅਧਿਐਨ : ਇਤਿਹਾਸਕ ਪਰਿਪੇਖ 73
- **ਅਧਿਆਇ ਚੌਥਾ**
  ਰਿਚਰਚ ਕਾਰਨੈਕ ਟੈਂਪਲ ਤੇ ਪੰਜਾਬੀ ਲੋਕਧਾਰਾ 94
- **ਅਧਿਆਇ ਪੰਜਵਾਂ**
  ਚਾਰਲਸ ਸਵਿਨਰਟਨ ਤੇ ਪੰਜਾਬੀ ਲੋਕਧਾਰਾ 132
- **ਅਧਿਆਇ ਛੇਵਾਂ**
  ਫਲੋਰਾ ਐਨੀ ਸਟੀਲ ਤੇ ਪੰਜਾਬੀ ਲੋਕਧਾਰਾ 166
- ਨਿਸ਼ਕਰਸ਼ 201
- ਅੰਤਿਕਾ 210
- ਪੁਸਤਕ-ਸੂਚੀ 232

# ਭੂਮਿਕਾ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਲਾਹੌਰ ਦਰਬਾਰ ਸਾਜਿਸ਼ਾਂ ਸੂਹਾਂ ਤੇ ਚਾਪਲੂਸੀਆਂ ਦਾ ਸ਼ਿਕਾਰ ਹੋ ਗਿਆ ਅਤੇ ਥੋੜ੍ਹੇ ਸਮੇਂ ਵਿੱਚ ਹੀ ਪੰਜਾਬ ਵਿੱਚ ਅੰਗਰੇਜ਼ਾਂ ਦਾ ਪੂਰਨ ਕਬਜ਼ਾ ਹੋ ਗਿਆ। ਉਹ ਤਾਂ ਪਹਿਲਾਂ ਹੀ ਪੰਜਾਬ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਸਨ। ਪੰਜਾਬ ਵਿੱਚ ਰਾਜਨੀਤਕ ਕਬਜ਼ਾ ਕਰਨ ਮਗਰੋਂ ਦੇਸ਼ ਦੇ ਬਾਕੀ ਸੂਬਿਆਂ ਵਾਂਗ ਇਥੋਂ ਦੇ ਲੋਕਾਂ ਦੀ ਮਾਨਸਿਕਤਾ ਨੂੰ ਸਮਝਣਾ ਤੇ ਆਪਣੀਆਂ ਨੀਤੀਆਂ ਦਾ ਪਾਸਾਰ ਕਰਨਾ ਲਾਜ਼ਮੀ ਸੀ। ਇਸ ਲਈ ਜਨਸਾਧਾਰਣ ਦੀ ਮਾਨਸਿਕਤਾ ਤੱਕ ਪਹੁੰਚਣ ਦਾ ਵਧੀਆ, ਸੌਖਾ ਤੇ ਲੁਕਵਾਂ ਤਰੀਕਾ ਇਥੋਂ ਦੀ ਲੋਕਧਾਰਾ ਨੂੰ ਸਮਝਣਾ ਹੀ ਹੋ ਸਕਦਾ ਸੀ। ਇਸ ਕਾਰਜ ਵਿਚ ਬਹੁਤ ਸਾਰੇ ਅੰਗਰੇਜ਼ ਅਫ਼ਸਰਾਂ ਉਨ੍ਹਾਂ ਦੀਆਂ ਪਤਨੀਆਂ, ਧੀਆਂ, ਧਰਮ ਪ੍ਰਚਾਰਕਾਂ, ਸਥਾਨਕ ਅਫ਼ਸਰਾਂ ਅਤੇ ਕਰਮਚਾਰੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ।

ਲੋਕਧਾਰਾ ਕਿਉਂਕਿ ਲੋਕ-ਸਮੂਹ ਦੀ ਚੇਤਨਾ ਦਾ ਚੱਲਣ ਵਾਲਾ ਪ੍ਰਵਾਹ ਹੈ ਅਤੇ ਲੋਕਮਨ ਤੋਂ ਲੋਕਮਨ ਤੱਕ ਚੱਲਦਾ ਰਹਿੰਦਾ ਹੈ। ਲੋਕ ਮਨ ਵਿਚ ਪੈਦਾ ਹੋਣ ਵਾਲੇ ਸਾਰੇ ਉਤਰਾਅ-ਚੜ੍ਹਾਅ ਵਿਅਕਤੀ ਦੀ ਸ਼ਖ਼ਸੀਅਤ ਤੇ ਅਸਰ ਪਾਉਂਦੇ ਹਨ। ਪੰਜਾਬੀਆਂ ਦਾ ਜੀਵਨ ਪ੍ਰਵਾਹ ਤੇ ਜੀਵਨ ਸੰਬੰਧੀ ਵਿਚਾਰਧਾਰਾ ਦੂਸਰੇ ਸੂਬਿਆਂ ਨਾਲੋਂ ਧਰਮ, ਵਾਤਾਵਰਣ, ਮੌਸਮ ਆਦਿ ਕਾਰਨਾਂ ਕਰ ਕੇ ਭਿੰਨ ਸੀ। ਸਿੱਖ ਅਜੇ ਹਿੰਦੂ ਧਰਮ ਨਾਲੋਂ ਨਿਖੜੇ ਹੀ ਸਨ ਅਤੇ ਅਥਾਹ ਕਸ਼ਟਾਂ ਨਾਲ ਜੂਝ ਰਹੇ ਸਨ ਅਤੇ ਉਨ੍ਹਾਂ ਵਿੱਚ ਹਿੰਦੂਆਂ ਵਰਗੀ ਕੱਟੜਤਾ ਵੀ ਨਹੀਂ ਸੀ ਅਤੇ ਰਣਜੀਤ ਸਿੰਘ ਵਰਗੇ ਮਹਾਂਬਲੀ ਤੋਂ ਬਾਅਦ ਉਨ੍ਹਾਂ ਦਾ ਕੋਈ ਸਰਪ੍ਰਸਤ ਵੀ ਉਹੋ ਜਿਹਾ ਨਹੀਂ ਰਿਹਾ ਸੀ, ਇਸ ਲਈ ਅੰਗਰੇਜ਼ਾਂ ਦੇ ਕੰਮ-ਕਾਜ ਤੇ ਵਿਹਾਰ ਦਾ ਬਹੁਤਾ ਵਿਰੋਧ ਹੋਣ ਦੀ ਸੰਭਾਵਨਾ ਨਹੀਂ ਸੀ। ਇਸ ਲਈ ਅੰਗਰੇਜ਼ਾਂ ਨੂੰ ਲੋਕਾਂ ਦੀਆਂ ਅੰਤਰੀਵ ਮਨ ਵਿਚ ਪਈਆਂ ਰੂੜ੍ਹੀਆਂ ਤੇ ਉਨ੍ਹਾਂ ਤੋਂ ਬਣਦੇ ਵਿਹਾਰ ਨੂੰ ਸਮਝਣ ਦਾ ਲਗਦੇ ਹੱਥ ਹੀ ਮੌਕਾ ਮਿਲ ਗਿਆ।

ਲੋਕਧਾਰਾ ਦੇ ਅਧਿਐਨ ਦਾ ਰੁਝਾਨ ਭਾਰਤ ਵਿੱਚ 1872 ਵਿਚ ਬੰਬਈ ਤੋਂ ਇੰਡੀਅਨ ਐਂਟੀਕਅਰੀਜ਼ ਨਾਲ ਸ਼ੁਰੂ ਹੋਇਆ ਜਿਸ ਦਾ ਸੰਪਾਦਕ ਜੇਮਜ਼ ਬਰਗਸ ਸੀ। ਇਸ ਵਿਚ ਵਾਰਤਾ ਬ੍ਰਿਤਾਂਤ ਅਤੇ ਪ੍ਰਚੱਲਤ ਰੀਤੀ ਰਿਵਾਜਾਂ, ਕਲਾ, ਮਿਥਾਂ, ਦਿਨ-ਤਿਉਹਾਰ ਅਤੇ ਮੇਲਿਆਂ ਆਦਿ ਦਾ ਵਿਸ਼ਲੇਸ਼ਣ ਹੁੰਦਾ ਸੀ। ਜਿੱਥੇ ਕਿਧਰੇ ਵੀ ਲੋਕਾਂ ਦਾ ਇਕੱਠ ਹੁੰਦਾ, ਅੰਗਰੇਜ਼ ਉੱਥੇ ਪਹੁੰਚ ਜਾਂਦੇ ਤੇ ਆਪਣੇ ਸੂਚਕਾਂ ਦੀ ਭਾਲ ਕਰਦੇ ਰਹਿੰਦੇ। ਇਸ ਨਾਲ ਇਕ ਤਾਂ ਉਨ੍ਹਾਂ ਆਮ ਲੋਕਾਂ ਨੂੰ ਸਮਝ ਲਿਆ ਤੇ ਦੂਸਰਾ ਇਸ ਤਰੀਕੇ ਨਾਲ ਉਹ ਸਾਧਾਰਨ ਲੋਕਾਂ ਦੇ ਕਰੀਬ ਵੀ ਚਲੇ ਗਏ।

ਲੋਕਧਾਰਾ ਦੇ ਇਸ ਇਕੱਤਰੀਕਰਨ ਦੇ ਕਾਰਜ ਵਿੱਚ ਕੁਝ ਲੋਕ ਤਾਂ ਨਿੱਠ ਕੇ ਜੁੜ ਗਏ ਜਿਨ੍ਹਾਂ ਵਿੱਚੋਂ ਫਲੋਰਾ ਐਨੀ ਸਟੀਲ, ਚਾਰਲਸ ਸਵਿਨਰਟਨ, ਰਿਚਰਡ ਕਾਰਨੈਕ ਟੈਂਪਲ, ਐਚ.

ਏ. ਰੋਜ਼, ਡੈਨਜ਼ਿਲ ਇਬਟਸਨ, ਸੀ. ਐਫ. ਓਸਬੋਰਨ ਮੈਕਲਾਊਡ ਵਰਗੇ ਵਿਦਵਾਨ ਅਫ਼ਸਰ ਤੇ ਪਾਦਰੀ ਸਨ। ਵੱਖ-ਵੱਖ ਸਮਿਆਂ ਵਿੱਚ ਇਨ੍ਹਾਂ ਵਿਦਵਾਨਾਂ ਵੱਲੋਂ ਲੋਕਧਾਰਾ ਨੂੰ ਇਕੱਤਰ ਤੇ ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕਰ ਕੇ ਲੋਕਾਂ ਦੀ ਨਜ਼ਰ ਕੀਤਾ। ਇਨ੍ਹਾਂ ਵਿੱਚੋਂ ਫਲੋਰਾ ਐਨੀ ਸਟੀਲ ਦੀ ਪੁਸਤਕ **ਟੇਲਜ਼ ਆਫ਼ ਦਾ ਪੰਜਾਬ**, ਚਾਰਲਸ ਸਵਿਨਰਟਨ ਦੀ **ਰੋਮਾਂਟਿਕ ਟੇਲਜ਼ ਫਰਾਮ ਪੰਜਾਬ ਅਤੇ ਪੰਜਾਬ ਹੀਰੋ ਰਾਜਾ ਰਸਾਲੂ**, ਰਿਚਰਡ ਕਾਰਨੈਕ ਟੈਂਪਲ ਦੀ **ਏ ਡਿਸਰਟੇਸ਼ਨ ਔਨ ਦਾ ਪਰਾਪਰ ਨੇਮਜ਼ ਆਫ਼ ਪੰਜਾਬੀ ਵਿਦ ਸਪੈਸ਼ਲ ਰੈਫਰੈਂਸ ਟੂ ਦਾ ਪਰਾਪਰ ਨੇਮਜ਼ ਆਫ ਵਿਲੇਜਰਜ਼ ਇਨ ਦਾ ਈਸਟਰਨ ਪੰਜਾਬ** (1883) **ਲੀਜੇਂਡਜ਼ ਆਫ਼ ਪੰਜਾਬ** ਤਿੰਨ ਜਿਲਦਾਂ 1884, 1885 ਅਤੇ 1900, ਡੈਨਜ਼ਿਲ ਚਾਰਲਸ ਇਬਟਸਨ ਦਾ **ਏ ਗਲਾਸਰੀ ਆਫ਼ ਟਰਾਈਬਜ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪਰੋਵਿੰਨਸ** (ਜਿਹੜਾ ਕਿ 1883, 1892 ਤੇ 1900 ਦੀਆਂ ਜਨਗਣਨਾਵਾਂ ਦੇ ਆਧਾਰ 'ਤੇ ਹੈ), ਸੀ. ਐਫ. ਓਸਬੋਰਨ **ਪੰਜਾਬੀ ਲਿਰਕਸ ਐਂਡ ਪ੍ਰੋਵਰਬਜ਼** (1905) ਆਦਿ ਰਚਨਾਵਾਂ ਹਨ।

ਇਸ ਸਾਰੇ ਕਾਰਜ ਨੂੰ ਇਕੱਤਰ ਕਰਨ ਦੀਆਂ ਹਰੇਕ ਵਿਦਵਾਨਾਂ ਦੀਆਂ ਆਪਣੀਆਂ ਆਪਣੀਆਂ ਵਿਧੀਆਂ ਰਹੀਆਂ ਹਨ। ਅੰਗਰੇਜ਼ਾਂ ਨੇ ਇਕੱਤਰੀਕਰਣ ਲਈ ਪਿਆਰ, ਲਾਲਚ ਤੇ ਹਰ ਤਰ੍ਹਾਂ ਦੇ ਹੱਥਕੰਡਿਆਂ ਦੀ ਵਰਤੋਂ ਕੀਤੀ ਅਤੇ ਉਨ੍ਹਾਂ ਨੇ ਸਥਾਨਕ ਲੋਕਾਂ, ਪੇਸ਼ਾਵਰ ਗਾਇਕਾਂ, ਭੰਡਾਂ, ਮਰਾਸੀਆਂ, ਸਾਧਾਰਨ ਸਿੱਖਿਅਤ ਲੋਕਾਂ, ਮੁਨਸ਼ੀਆਂ, ਨੌਕਰ-ਨੌਕਰਾਣੀਆਂ ਤੇ ਅਧਿਆਪਕਾਂ ਆਦਿ ਕੋਲੋਂ ਕੰਮ ਲਿਆ। ਉਹ ਇਸ ਗੱਲ ਨੂੰ ਮੰਨਦੇ ਹਨ ਕਿ ਪੰਜਾਬ ਅੰਦਰ ਲੋਕਧਾਰਾ ਦਾ ਅਥਾਹ ਖ਼ਜ਼ਾਨਾ ਪਿਆ ਹੈ ਜਿਸ ਨੂੰ ਸੰਭਾਲਣ ਦੀ ਬੜੀ ਲੋੜ ਹੈ, ਪਰ ਸਥਾਨਕ ਲੋਕਾਂ ਵੱਲੋਂ ਇਸ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾ ਰਿਹਾ। ਭਾਵੇਂ ਕਿ ਅਜਿਹਾ ਖੇਤਰੀ ਕਾਰਜ ਨਿੱਜੀ ਹੁੰਦਾ ਹੈ ਅਤੇ ਸਮੇਂ ਸਥਾਨ ਤੇ ਸੂਚਕ ਦੇ ਅਨੁਸਾਰ ਬਹੁਤ ਕੁਝ ਬਦਲ ਜਾਂਦਾ ਹੈ ਪਰ ਉਨ੍ਹਾਂ ਵੱਲੋਂ ਕੀਤੇ ਕਾਰਜ ਦੇ ਸਮੇਂ ਆਧੁਨਿਕ ਸਹੂਲਤਾਂ ਜਿਵੇਂ ਰਿਕਾਰਡਿੰਗ ਮਸ਼ੀਨ, ਕੈਮਰਾ, ਬੈਟਰੀ ਆਦਿ ਨਹੀਂ ਸਨ ਅਤੇ ਸਾਰਾ ਕੁਝ ਸੂਚਕ ਪਾਸੋਂ ਸੁਣ ਕੇ ਹੱਥੀਂ ਨੋਟ ਕਰਨਾ ਪੈਂਦਾ ਸੀ। ਇਸ ਲਈ ਭਾਵੇਂ ਟੈਂਪਲ ਵਰਗਿਆਂ ਨੇ ਪਹਿਲਾਂ ਫ਼ਾਰਸੀ ਵਿਚ ਅਤੇ ਫਿਰ ਰੋਮਨ ਅੱਖਰਾਂ ਵਿਚ ਲਿਖਵਾਇਆ ਅਤੇ ਫਿਰ ਉਸ ਨੂੰ ਅੰਗਰੇਜ਼ੀ ਵਿਚ ਅਨੁਵਾਦ ਕੀਤਾ। ਟੈਂਪਲ ਦੀ ਖ਼ੂਬੀ ਇਸੇ ਗੱਲ ਵਿਚ ਹੈ ਕਿ ਉਸ ਨੇ ਰੋਮਨ ਅੱਖਰਾਂ ਵਿਚ ਵੀ ਲਿਖਤ ਨੂੰ ਪੇਸ਼ ਕੀਤਾ। ਬਹੁਤਿਆਂ ਨੇ ਸੂਚਕਾਂ ਪਾਸੋਂ ਸੁਣ ਕੇ ਸਿੱਧਾ ਹੀ ਅੰਗਰੇਜ਼ੀ ਵਿਚ ਅਨੁਵਾਦ ਕਰ ਦਿੱਤਾ। ਇਸ ਨਾਲ ਮੂਲ ਪਾਠ ਵਿੱਚ ਤਬਦੀਲੀ ਕਰ ਲਏ ਜਾਣ ਦਾ ਡਰ ਬਣ ਗਿਆ। ਦੂਸਰਾ ਪੰਜਾਬੀ ਭਾਸ਼ਾ ਵਿਚ ਸ਼ਬਦ ਭੰਡਾਰ ਘੱਟ ਹੋਣ ਦਾ ਸਹਿਮ ਵੀ ਲੱਗਦਾ ਹੈ। ਨਾਲ ਹੀ ਸਾਹਿਤ ਦੇ ਕਈ ਰੂਪਾਂ ਦੇ ਗੁੰਮ ਹੋਣ ਦਾ ਡਰ ਵੀ ਮਹਿਸੂਸ ਹੁੰਦਾ ਹੈ। ਅੰਗਰੇਜ਼ੀ ਵਿਚ ਸਿੱਧਾ ਅਨੁਵਾਦ ਛਾਪਣ ਵਾਲਿਆਂ ਵਿੱਚ ਐਫ. ਏ. ਸਟੀਲ, ਚਾਰਲਸ ਸਵਿਨਰਟਨ, ਸੀ. ਐਫ ਓਸਬੋਰਨ ਪ੍ਰਮੁੱਖ ਹਨ। ਪਰ ਇਕ ਗੱਲ ਸਪੱਸ਼ਟ ਹੈ ਕਿ ਉਨ੍ਹਾਂ ਵੱਲੋਂ ਕੀਤਾ ਗਿਆ ਇਕੱਤਰੀਕਰਣ ਨਿੱਠ ਕੇ ਪਿਆਰ ਤੇ ਜ਼ਿੰਮੇਵਾਰੀ ਨਾਲ ਨਿਭਾਇਆ ਗਿਆ ਕਾਰਜ ਹੈ ਜਿਹੜਾ ਸਾਡੇ ਆਧੁਨਿਕ ਲੋਕਧਾਰਾਈ ਅਧਿਐਨ ਤੇ ਖੋਜਣ ਲਈ ਠੋਸ ਅਧਾਰ ਦਾ ਰੂਪ ਅਖ਼ਤਿਆਰ ਕਰਦਾ ਹੈ।

ਇਕੱਤਰੀਕਰਣ ਤੋਂ ਬਾਅਦ ਦੂਸਰਾ ਪ੍ਰਮੁੱਖ ਕਾਰਜ ਸੰਪਾਦਨਾ ਦਾ ਹੁੰਦਾ ਹੈ। ਜਿਸ ਰਾਹੀਂ ਉਹ ਕਾਰਜ ਪਾਠਕਾਂ ਤੱਕ ਅੱਪੜਦਾ ਹੈ। ਇਹ ਕਾਰਜ ਭਾਵੇਂ ਬੋਝਲ ਤੇ ਸਮਾਂ-ਖਪਾਊ ਹੁੰਦਾ ਹੈ ਪਰ ਅੰਗਰੇਜ਼ਾਂ ਨੇ ਇਸ ਨੂੰ ਵੀ ਨਿਰੰਤਰ ਜਾਰੀ ਰੱਖਿਆ ਅਤੇ ਹਰ ਸਾਲ ਕੁਝ ਨਾ ਕੁਝ ਸੰਪਾਦਤ

ਤੇ ਪ੍ਰਕਾਸ਼ਤ ਕਰ ਕੇ ਲੋਕਾਂ ਨੂੰ ਦਿੱਤਾ। ਅਜਿਹਾ ਕਰਨਾ ਉਨ੍ਹਾਂ ਦੀ ਰਾਜਨੀਤਕ ਤੇ ਪ੍ਰਸ਼ਾਸਨਿਕ ਮਜਬੂਰੀ ਵੀ ਹੋ ਸਕਦੀ ਹੈ ਪਰ ਇਸ ਕਾਰਜ ਨੂੰ ਵੇਖ ਕੇ ਉਨ੍ਹਾਂ ਦੀ ਦੂਰ ਅੰਦੇਸ਼ੀ, ਨਿਰਣਾਇਕ ਸ਼ਕਤੀ, ਵਿਸ਼ੇ ਦੀ ਪਕੜ, ਵਿਸ਼ੇ ਦੀ ਚੋਣ ਤੇ ਨਿੱਜੀ ਯੋਗਤਾ ਵੀ ਝਲਕਾਰੇ ਮਾਰਦੀ ਹੈ। **ਇੰਡੀਅਨ ਐਂਟੀਕੁਅਰੀਜ਼ ਤੇ ਪੰਜਾਬ ਨੋਟਸ ਐਂਡ ਕੁਆਰੀਜ਼** ਵਿਚ ਜਿਥੇ ਉਨ੍ਹਾਂ ਨੇ ਆਪ ਆਪਣੀ ਯੋਗਤਾ ਦਾ ਇਸ ਖੇਤਰ ਵਿਚ ਪ੍ਰਗਟਾਵਾ ਕੀਤਾ ਉਥੇ ਦੂਸਰੇ ਸਥਾਨਕ ਲੇਖਕਾਂ ਤੇ ਲੋਕਾਂ ਨੂੰ ਇਸ ਕਾਰਜ ਵੱਲ ਰੁਚਿਤ ਤੇ ਉਤਸ਼ਾਹਿਤ ਵੀ ਕੀਤਾ। ਟੈਂਪਲ ਰਚਿਤ **ਪੰਜਾਬ ਦੀਆਂ ਦੰਤਕਥਾਵਾਂ** ਦੀ ਤੀਸਰੀ ਜਿਲਦ ਦੇ ਪਛੜਨ ਦਾ ਕਾਰਨ ਵੀ ਉਸ ਦਾ ਸੰਪਾਦਨਾ ਦੇ ਖੇਤਰ ਵਿਚ ਰੁੱਝਿਆ ਹੋਣਾ ਸੀ। ਅੰਗਰੇਜ਼ ਵਿਦਵਾਨਾਂ ਨੇ ਸੰਪਾਦਨ ਸਮੇਂ ਆਪਣੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਬਹੁਤ ਕੁਝ ਆਪਣੇ ਵੱਲੋਂ ਵੀ ਜੋੜ ਦਿੱਤਾ। ਜਿਵੇਂ ਸਵਿਨਰਟਨ ਨੇ ਹੀਰ ਨੂੰ ਈਸਾ ਦਾ ਸ਼ਰਧਾਲੂ ਵੱਜੋਂ ਪੇਸ਼ ਕਰਨਾ ਇਸ ਦੀ ਇਕ ਉਦਾਹਰਣ ਹੈ। ਸੰਪਾਦਨਾ ਦੇ ਰਾਹੀਂ ਵੀ ਉਹ ਸੰਬੰਧਿਤ ਰਚਨਾ ਦੇ ਵਿਸ਼ੇ, ਉਸ ਦਾ ਇਤਿਹਾਸਕ ਪਿਛੋਕੜ ਅਤੇ ਖੇਤਰੀ ਜਾਣਕਾਰੀ ਹਾਸਲ ਕਰ ਲੈਂਦੇ ਸਨ।

ਮੂਲ ਪਾਠਾਂ ਅੱਗੇ ਦਿੱਤੀਆਂ ਗਈਆਂ ਭੂਮਿਕਾਵਾਂ, ਟਿੱਪਣੀਆਂ ਪਾਠਕਾਂ ਤੇ ਖੋਜਾਰਥੀਆਂ ਦੇ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਇਨ੍ਹਾਂ ਵਿੱਚ ਉਨ੍ਹਾਂ ਵੱਲੋਂ ਆਪਣੇ ਕਾਰਜ ਨੂੰ ਕਰਨ ਦੀ ਵਿਧੀ ਤੇ ਇਸ ਕੰਮ ਦੀ ਸਾਰਥਕਤਾ ਬਾਰੇ ਚਾਨਣਾ ਪਾਇਆ ਗਿਆ ਹੈ। ਉਨ੍ਹਾਂ ਵੱਲੋਂ ਦਿੱਤੇ ਨੋਟਸ ਜਾਣਕਾਰੀ ਭਰਪੂਰ, ਵਿਆਖਿਆਤਮਕ, ਸਾਰਪੂਰਨ ਤੇ ਸੂਚਨਾ ਭਰਪੂਰ ਹਨ। ਉਨ੍ਹਾਂ ਦੀ ਤਿਆਰ ਕੀਤੀ ਸਾਹਿਤਕ ਰਚਨਾ ਦੀ ਵਿਆਖਿਆ ਅਤੇ ਅੰਤਿਕਾ ਤੋਂ ਵਿਦਵਾਨ ਖੋਜਾਰਥੀ ਅਤੇ ਪਾਠਕ ਲਾਭ ਪ੍ਰਾਪਤ ਕਰ ਸਕਦੇ ਹਨ।

ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਤੇ ਅਧਿਐਨ ਰਾਹੀਂ ਅੰਗਰੇਜ਼ ਪੰਜਾਬੀ ਲੋਕਮਨ ਤੇ ਲੋਕ ਮਾਨਸਿਕਤਾ ਨੂੰ ਕਿਹੜੇ-ਕਿਹੜੇ ਮਾਪਦੰਡਾਂ ਰਾਹੀਂ ਸਮਝਣ ਦਾ ਯਤਨ ਕਰਦੇ ਰਹੇ ਹਨ, ਇਹ ਪ੍ਰਸ਼ਨ ਮੇਰੇ ਦਿਮਾਗ ਵਿਚ ਬਾਰ-ਬਾਰ ਉੱਠਦਾ ਰਿਹਾ, ਕਿਉਂਕਿ ਲੋਕਮਨ ਨੂੰ ਸਮਝਣ ਦਾ ਇਕ ਆਧਾਰ ਕਥਾਨਕ ਰੂੜ੍ਹੀਆਂ ਵੀ ਹੁੰਦੀਆਂ ਹਨ ਅਤੇ ਇਹ ਰੂੜ੍ਹੀਆਂ ਪੀੜ੍ਹੀਓ ਪੀੜ੍ਹੀ ਤੁਰਦੀ ਲੋਕ-ਮਾਨਸਿਕਤਾ ਨੂੰ ਵੀ ਨਿਰਧਾਰਿਤ ਕਰੀ ਜਾਂਦੀਆਂ ਹਨ। ਇਸ ਲਈ ਮੈਨੂੰ ਇਹ ਜਾਨਣ ਦੀ ਉਤਸੁਕਤਾ ਸੀ ਕਿ ਅੰਗਰੇਜ਼ਾਂ ਵੱਲੋਂ ਇਕੱਤਰ ਰਚਨਾਵਾਂ ਵਿਚ ਕਿਹੜੀਆਂ ਪ੍ਰਮੁੱਖ ਰੂੜ੍ਹੀਆਂ ਹਨ ਜਿਹੜੀਆਂ ਪੰਜਾਬੀਆਂ ਦੇ ਮਨਾਂ ਨੂੰ ਪ੍ਰਭਾਵਿਤ ਕਰਦੀਆਂ ਆ ਰਹੀਆਂ ਹਨ। ਇਨ੍ਹਾਂ ਰੂੜੀਆਂ ਦੇ ਆਧਾਰ ਤੇ ਹੀ ਸਾਡਾ ਸਮਾਜਕ ਤੇ ਸਭਿਆਚਾਰਕ ਬਿੰਬ ਇਨ੍ਹਾਂ ਰਚਨਾਵਾਂ ਵਿੱਚੋਂ ਵੇਖਿਆ ਜਾ ਸਕਦਾ ਹੈ।

ਵਿਸ਼ੇ ਦੀ ਚੋਣ ਤੋਂ ਬਾਅਦ ਇਸ ਸਮੱਗਰੀ ਦੇ ਇਕੱਤਰੀਕਰਨ ਅਤੇ ਨਿਰਧਾਰਿਤ ਕਰਨ ਦਾ ਮਸਲਾ ਬੜਾ ਗੰਭੀਰ ਸੀ ਕਿਉਂਕਿ ਇਕ ਤਾਂ ਇਹ ਸਾਹਿਤ ਪਹਿਲਾਂ ਹੀ ਕਿਸੇ ਵਿਸ਼ੇਸ਼ ਰੁਚੀ ਜਾਂ ਧਿਆਨ ਦਾ ਕੇਂਦਰ ਨਹੀਂ ਬਣ ਸਕਿਆ ਸੀ ਅਤੇ ਦੂਸਰਾ ਇਹ ਆਮ ਕਰ ਕੇ ਉਪਲੱਬਧ ਵੀ ਨਹੀਂ ਸੀ। ਕੁਝ ਕੁ ਸੂਚੀਆਂ ਸਾਨੂੰ ਉਪਲੱਬਧ ਸਨ, ਜਿਨ੍ਹਾਂ ਵਿੱਚ ਇਨ੍ਹਾਂ ਕੁਝ ਕੁ ਪੁਸਤਕਾਂ ਜਾਂ ਰਸਾਲਿਆਂ ਦੇ ਨਾਂ ਦਿੱਤੇ ਹੋਏ ਸਨ। ਮੈਂ ਇਕ ਲੋਕਧਾਰਾ ਦੇ ਇਕ ਪ੍ਰਮੁੱਖ ਵਿਦਵਾਨ ਨੂੰ ਟੈਲੀਫ਼ੋਨ ਰਾਹੀਂ "ਪੰਜਾਬ ਨੋਟਸ ਐਂਡ ਕੁਅਰੀਜ਼" ਦੇ ਉਪਲੱਬਧ ਹੋਣ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ, "ਮੈਂ ਤਾਂ ਅੱਜ ਤੱਕ ਵੇਖਿਆ ਨਹੀਂ, ਸਿਰਫ਼ ਨਾਂ ਹੀ ਸੁਣਿਆ ਹੈ।" ਮੇਰਾ ਮਨ ਨਿਰਾਸ਼ ਵੀ ਹੋਇਆ ਅਤੇ ਦੁਖੀ ਵੀ। ਪਰ ਮੇਰਾ ਹੌਸਲਾ ਅਜੇ ਵੀ ਕਾਇਮ ਸੀ।

ਇਸੇ ਸਮੇਂ ਦੌਰਾਨ ਮੈਨੂੰ ਇੰਗਲੈਂਡ ਜਾਣ ਦਾ ਮੌਕਾ ਮਿਲਿਆ। ਮੇਰਾ ਵੀਜ਼ਾ ਛੇ ਮਹੀਨੇ

ਦਾ ਸੀ ਅਤੇ ਕੰਮ ਸਿਰਫ਼ ਇਕ ਹਫ਼ਤੇ ਦਾ। ਮੈਂ ਸਾਰਿਆਂ ਕੰਮਾਂ ਤੋਂ ਵਿਹਲਾ ਹੋ ਕੇ ਆਪਣੇ ਇਕ ਮਿੱਤਰ ਨੂੰ ਆਪਣਾ ਇਹ ਮਕਸਦ ਵੀ ਦੱਸ ਦਿੱਤਾ। ਉਹ ਇਕ ਪਾਦਰੀ ਸੀ ਅਤੇ ਉਸ ਦਾ ਨਾਂ ਵਿਲੀਅਮ ਬੁਕਰ ਸੀ। ਉਸ ਸੁਹਿਰਦ ਅੰਗਰੇਜ਼ ਪਾਦਰੀ ਨੇ ਮੈਨੂੰ ਔਕਸਫੋਰਡ ਦੀ ਪ੍ਰਮੁੱਖ ਲਾਇਬ੍ਰੇਰੀ ਬੋਡਲੀਅਨ ਲਾਇਬ੍ਰੇਰੀ ਦੀ ਮੈਂਬਰਸ਼ਿਪ ਲੈ ਦਿੱਤੀ। ਏਡੀ ਵੱਡੀ ਲਾਇਬ੍ਰੇਰੀ ਵਿਚ ਉਥੋਂ ਦੀ ਵਿਵਸਥਾ ਅਨੁਸਾਰ ਕੰਮ ਕਰ ਲੈਣਾ ਮੇਰੇ ਵੱਸ ਵਿਚ ਨਹੀਂ ਸੀ। ਸਾਰਾ ਕੁਝ ਕੰਪਿਊਟਰੀਕ੍ਰਿਤ ਸੀ। ਮੈਂ ਕਿਸੇ ਨੂੰ ਬੇਨਤੀ ਕੀਤੀ ਤੇ ਉਸ ਨੇ ਮੈਨੂੰ ਕਿਤਾਬਾਂ ਲੱਭਣ ਬਾਰੇ ਕੰਪਿਊਟਰ ਸਿਖਾ ਦਿੱਤਾ। ਮੇਰਾ ਕੰਮ ਥੋੜ੍ਹਾ ਚੱਲ ਪਿਆ। ਹੌਲੀ-ਹੌਲੀ ਮੈਨੂੰ ਕਿਤਾਬਾਂ ਲੱਭਦੀਆਂ ਗਈਆਂ ਅਤੇ ਮੇਰਾ ਉਤਸ਼ਾਹ ਬਣਦਾ ਚਲਾ ਗਿਆ। ਇਥੋਂ ਤੱਕ ਕਿ ਮੈਨੂੰ ਟੈਂਪਲ ਦੀਆਂ ਅਣਛਪੀਆਂ ਇਕੱਤਰ ਕੀਤੀਆਂ ਕਥਾਵਾਂ ਦੀ ਸੂਚੀ ਵੀ ਮਿਲ ਗਈ। ਇਹ ਸਾਰਾ ਕੁਝ ਮੈਨੂੰ ਇੰਡੀਅਨ ਇੰਸਟੀਚਿਊਟ ਲਾਇਬ੍ਰੇਰੀ ਔਕਸਫੋਰਡ ਵਿੱਚੋਂ ਲੱਭਾ। ਹੁਣ ਮੇਰਾ ਦਿਲ ਕਰਦਾ ਸੀ ਕਿ ਕਿਧਰੇ ਇਨ੍ਹਾਂ ਦਾ ਮੂਲ ਪਾਠ ਵੀ ਲੱਭ ਪਵੇ। ਮੈਂ ਲਾਇਬ੍ਰੇਰੀਅਨ ਕੋਲੋਂ ਸਹਾਇਤਾ ਮੰਗੀ, ਉਸ ਨੇ ਬੜੀ ਮਿਹਨਤ ਕਰ ਕੇ ਮੈਨੂੰ ਡਿਬਰੈਟਸ ਵਿੱਚੋਂ ਟੈਂਪਲ ਦੇ ਕਿਸੇ ਜਿਉਂਦੇ ਵਾਰਿਸ ਦਾ ਪਤਾ ਲੱਭ ਕੇ ਦਿੱਤਾ। ਖੁਸ਼ੀ-ਖੁਸ਼ੀ ਉਸ ਨੂੰ ਪੱਤਰ ਲਿਖਿਆ ਪਰ ਦੋ ਦਿਨ ਬਾਅਦ ਉਸ ਦਾ ਜੁਆਬ ਆਇਆ ਕਿ, '"ਮੈਂ ਤੁਹਾਡੀ ਇਸ ਮਸਲੇ ਵਿਚ ਕੋਈ ਸਹਾਇਤਾ ਨਹੀਂ ਕਰ ਸਕਦਾ।" ਇਸ ਪੱਤਰ ਨੂੰ ਪਿੱਛੇ ਛਾਪਿਆ ਗਿਆ ਹੈ। ਪਰ ਹੁਣ ਮੇਰੇ ਕੋਲ ਕੁਝ ਕੰਮ ਕਰਨ ਜੋਗੀ ਸਮੱਗਰੀ ਤੇ ਉਤਸ਼ਾਹ ਉਪਲਬਧ ਸੀ। ਮੈਂ ਇੰਗਲੈਂਡ ਦੀਆਂ ਕਈ ਲਾਇਬ੍ਰੇਰੀਆਂ ਫੋਲੀਆਂ, ਜਿਨ੍ਹਾਂ ਵਿਚ ਬੋਡਲੀਅਨ ਲਾਇਬ੍ਰੇਰੀ ਔਕਸਫੋਰਡ, ਇੰਡੀਅਨ ਇੰਸਟੀਚਿਊਟ ਲਾਇਬ੍ਰੇਰੀ ਔਕਸਫੋਰਡ, ਸੋਸ਼ਲ ਐਂਡ ਐਨਥਰੋਪਾਲੋਜੀਕਲ ਲਾਇਬ੍ਰੇਰੀ ਔਕਸਫੋਰਡ, ਕਾਉਂਸਲ ਲਾਇਬ੍ਰੇਰੀ, ਲੰਡਨ ਯੂਨੀਵਰਸਿਟੀ ਆਦਿ ਪ੍ਰਮੁੱਖ ਹਨ। ਇਸੇ ਸਮੇਂ ਦੌਰਾਨ ਮੈਨੂੰ ਇੰਟਰਨੈਟ ਦੀ ਵਰਤੋਂ ਵੀ ਆ ਗਈ ਅਤੇ ਮੈਂ ਬਹੁਤ ਸਾਰੇ ਵਿਦਵਾਨਾਂ ਨਾਲ ਰਾਬਤਾ ਕੀਤਾ ਪਰ ਸਾਰਿਆਂ ਵਾਸਤੇ ਇਹ ਵਿਸ਼ਾ ਅਣਛੋਹਿਆ ਹੀ ਸੀ।

ਚਾਰ ਮਹੀਨੇ ਦੀ ਯਾਤਰਾ ਮਗਰੋਂ ਮੈਂ ਵਾਪਿਸ ਇੰਡੀਆ ਆ ਗਿਆ ਅਤੇ ਫਿਰ ਆਪਣੇ ਕੰਮ ਵਿੱਚ ਜੁੱਟ ਗਿਆ। ਮੈਂ ਚੰਡੀਗੜ੍ਹ ਯੂਨੀਵਰਸਿਟੀ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਬ੍ਰਦਰਹੁਡ ਲਾਇਬ੍ਰੇਰੀ ਦਿੱਲੀ, ਬ੍ਰਿਟਿਸ਼ ਕਾਊਂਸਲ ਲਾਇਬ੍ਰੇਰੀ ਦਿੱਲੀ, ਇੰਡੀਅਨ ਸੋਸ਼ਲ ਇੰਸਟੀਚਿਊਟ ਦਿੱਲੀ ਵਿੱਚੋਂ ਕੁਝ ਸਾਮੱਗਰੀ ਪ੍ਰਾਪਤ ਕੀਤੀ। ਪੰਜਾਬ ਨੋਟਸ ਐਂਡ ਕੁਆਰੀਜ਼ ਦੀਆਂ ਜਿਲਦਾਂ ਅਖ਼ੀਰ ਮੈਨੂੰ ਖਾਲਸਾ ਕਾਲਜ ਅੰਮ੍ਰਿਤਸਰ ਦੀ ਸਿੱਖ ਇਤਿਹਾਸ ਲਾਇਬ੍ਰੇਰੀ ਵਿੱਚੋਂ ਪ੍ਰਾਪਤ ਹੋਈਆਂ ਪਰ ਉਨ੍ਹਾਂ ਦੀ ਹਾਲਤ ਇੰਨੀ ਖਸਤਾ ਸੀ ਕਿ ਪੇਪਰ ਨੂੰ ਹੱਥ ਲਗਾਉਂਦਿਆਂ ਹੀ ਉਹ ਭੁਰ ਕੇ ਥੱਲੇ ਡਿੱਗ ਪੈਂਦਾ ਸੀ। ਇਸ ਬਾਰੇ ਕੁਝ ਨਹੀਂ ਕੀਤਾ ਜਾ ਸਕਦਾ। ਉਸ ਵਿੱਚੋਂ ਕੁਝ ਕੁ ਸਮੱਗਰੀ ਹੀ ਪ੍ਰਾਪਤ ਕਰ ਸਕਿਆ। ਇਸ ਸਮੱਗਰੀ ਨੂੰ ਮੈਂ ਆਪਣੇ ਨਿਗਰਾਨ ਡਾ. ਕਰਮਜੀਤ ਸਿੰਘ ਨਾਲ ਬੈਠ ਕੇ ਵਿਚਾਰਿਆ ਤੇ ਇਸ ਕੰਮ ਦੀ ਰੂਪ ਰੇਖਾ ਤਿਆਰ ਕੀਤੀ ਅਤੇ ਅੰਗਰੇਜ਼ਾਂ ਦੇ ਪੰਜਾਬੀ ਲੋਕਧਾਰਾ ਦੇ ਸੰਗ੍ਰਹਿ ਸੰਪਾਦਨ ਤੇ ਮੁਲਾਂਕਣ ਨੂੰ ਵਧੇਰੇ ਡੂੰਘਿਆਈ ਤੇ ਆਲੋਚਨਾਤਮਕ ਨਜ਼ਰੀਏ ਤੋਂ ਪਰਖਣ ਲਈ ਇਸ ਸਮੱਗਰੀ ਨੂੰ ਅਸੀਂ ਛੇ ਅਧਿਆਵਾਂ ਵਿੱਚ ਵੰਡ ਲਿਆ ਹੈ। ਇਸ ਵਿੱਚ ਜ਼ਿਆਦਾ ਸਮੱਗਰੀ ਅੰਗਰੇਜ਼ੀ ਭਾਸ਼ਾ ਵਿੱਚ ਸੀ। ਇਸ ਨੂੰ ਪਹਿਲਾਂ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ ਅਤੇ ਇਨ੍ਹਾਂ ਵਿਚਲੀਆਂ ਕਹਾਣੀਆਂ ਨੂੰ ਅਧਿਐਨ ਦਾ ਅਧਾਰ ਬਣਾਇਆ। ਇਸ ਕਰਕੇ ਬਹੁਤੀ ਥਾਈਂ ਪੰਨਾ ਨੰਬਰ ਵੀ ਨਹੀਂ ਦੇ ਸਕੇ ਇਸ ਲਈ ਪੁਸਤਕ ਤੇ ਕਹਾਣੀ ਦਾ ਨਾਂ ਹੀ ਦਿੱਤਾ ਗਿਆ ਹੈ।

ਪਹਿਲੇ ਅਧਿਆਏ ਵਿੱਚ ਲੋਕਧਾਰਾ ਤੇ ਪੰਜਾਬੀ ਲੋਕਧਾਰਾ ਨੂੰ ਸਿਧਾਂਤਕ ਆਧਾਰ 'ਤੇ ਸਮਝਣ ਦਾ ਯਤਨ ਕੀਤਾ ਗਿਆ ਹੈ ਅਤੇ ਲੋਕਧਾਰਾ ਦਾ ਅਧਿਐਨ ਕਿਉਂ ਜ਼ਰੂਰੀ ਹੈ? ਇਸ ਪ੍ਰਸ਼ਨ ਦਾ ਉੱਤਰ ਖੋਜ ਕਾਰਜ ਦੀ ਸੀਮਾ ਵਿੱਚ ਰਹਿ ਕੇ ਲੱਭਣ ਦਾ ਯਤਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਲੋਕਧਾਰਾ ਦੀ ਪਰਿਭਾਸ਼ਾ ਤੇ ਵਰਗੀਕਰਨ ਕਰਦਿਆਂ ਸਾਹਿਤ ਤੇ ਲੋਕਧਾਰਾ ਦਾ ਰਿਸ਼ਤਾ ਵੀ ਜੋੜਨ ਦਾ ਯਤਨ ਕੀਤਾ ਗਿਆ ਹੈ।

ਦੂਸਰੇ ਅਧਿਆਇ ਵਿੱਚ ਵੱਖ-ਵੱਖ ਸਥਾਨਾਂ ਤੋਂ ਪ੍ਰਾਪਤ ਕੀਤੀ ਸਮੱਗਰੀ ਦਾ ਇਤਿਹਾਸਕ ਪਰਿਪੇਖ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਦੁਰਲੱਭ ਪੁਸਤਕਾਂ ਦੀਆਂ ਕੁਝ ਵੰਨਗੀਆਂ ਨੂੰ ਮੂਲ ਰੂਪ ਵਿੱਚ ਅੰਤਿਕਾ ਵਿੱਚ ਦੇ ਦਿੱਤਾ ਗਿਆ ਹੈ।

ਤੀਸਰੇ ਅਧਿਆਇ ਵਿੱਚ ਪੰਜਾਬ ਦੀ ਭੂਗੋਲਿਕ ਤੇ ਰਾਜਨੀਤਕ ਸਥਿਤੀ ਨੂੰ ਪੇਸ਼ ਕਰਦਿਆਂ ਅੰਗਰੇਜ਼ਾਂ ਦੇ ਪੰਜਾਬ ਆਗਮਨ ਤੇ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਅੰਗਰੇਜ਼ਾਂ ਦੇ ਕੰਮ ਕਰਨ ਦੀਆਂ ਵੱਖ-ਵੱਖ ਵਿਧੀਆਂ ਰਾਹੀਂ ਇਕੱਤਰੀਕਰਨ ਸੰਪਾਦਕ ਤੇ ਮੁਲਾਂਕਣ ਬਾਰੇ ਚਰਚਾ ਕੀਤੀ ਗਈ ਹੈ।

ਚੌਥੇ ਅਧਿਆਇ ਵਿੱਚ ਪੰਜਾਬੀ ਲੋਕਧਾਰਾ ਦੇ ਅਧਿਐਨ ਤੇ ਸੰਪਾਦਨ ਵਿੱਚ ਆਰ. ਸੀ. ਟੈਂਪਲ ਦੇ ਯੋਗਦਾਨ ਨੂੰ ਵਿਚਾਰਿਆ ਗਿਆ ਹੈ ਅਤੇ ਨਾਲ ਹੀ ਉਸ ਦੀਆਂ ਪ੍ਰਮੁੱਖ ਰਚਨਾਵਾਂ "ਪੰਜਾਬ ਦੀਆਂ ਦੰਤਕਥਾਵਾਂ" ਵਿੱਚ ਆਈਆਂ ਪ੍ਰਮੁੱਖ ਕਥਾਨਕ ਰੂੜ੍ਹੀਆਂ ਨੂੰ ਵਿਸ਼ਵਾਸ਼ਪਰਕ, ਚਮਤਕਾਰੀ ਅਤੇ ਸੰਸਾਰਕ ਵਰਗਾਂ ਅਧੀਨ ਵਿਚਾਰਿਆ ਗਿਆ ਹੈ।

ਪੰਜਵੇਂ ਅਧਿਆਇ ਵਿੱਚ ਪਾਦਰੀ ਚਾਰਲਸ ਸਵਿਨਰਟਨ ਦੇ ਪੰਜਾਬੀ ਲੋਕਧਾਰਾ ਬਾਰੇ ਕੀਤੇ ਕੰਮ ਨੂੰ ਪੇਸ਼ ਕਰਦਿਆਂ ਉਸ ਦੀਆਂ ਪੁਸਤਕਾਂ, ਲੇਖ ਅਤੇ ਹੋਰ ਉਪਲਬਧ ਸਮੱਗਰੀ ਨੂੰ ਵਿਚਾਰਿਆ ਗਿਆ ਹੈ, ਕਿਉਂਕਿ ਰਾਜਾ ਰਸਾਲੂ ਦੀਆਂ ਕਹਾਣੀਆਂ ਬਾਰੇ ਪਹਿਲਾਂ ਗੱਲ ਕਰ ਆਏ ਸਾਂ। ਇਸ ਲਈ ਬਾਕੀ ਦੀਆਂ ਕਹਾਣੀਆਂ ਵਿਚਲੀਆਂ ਕਥਾਨਕ ਰੂੜ੍ਹੀਆਂ ਦਾ ਅਧਿਐਨ ਕੀਤਾ ਗਿਆ ਹੈ।

ਛੇਵੇਂ ਅਧਿਆਇ ਵਿੱਚ ਐਫ. ਏ. ਸਟੀਲ ਦੇ ਪੰਜਾਬੀ ਲੋਕਧਾਰਾ ਬਾਰੇ ਕੀਤੇ ਕੰਮ ਨੂੰ ਪੇਸ਼ ਕਰਦਿਆਂ ਉਸ ਦੀ ਪੁਸਤਕ "ਟੇਲਜ਼ ਆਫ਼ ਦਾ ਪੰਜਾਬ" ਵਿਚਲੀਆਂ ਕਥਾਨਕ ਰੂੜ੍ਹੀਆਂ ਨੂੰ ਵੀ ਵਿਚਾਰਿਆ ਗਿਆ ਹੈ ਅਤੇ ਸਟੀਲ ਦੇ ਕੰਮ ਕਰਨ ਦੇ ਢੰਗ ਤਰੀਕੇ ਅਤੇ ਪੰਜਾਬੀ ਮਾਨਸਿਕਤਾ ਨੂੰ ਸਮਝਣ ਦੇ ਨਜ਼ਰੀਏ ਨੂੰ ਵੀ ਕਹਾਣੀਆਂ ਰਾਹੀਂ ਵੇਖਿਆ ਗਿਆ ਹੈ।

ਅਖ਼ੀਰ ਇਹ ਗੱਲ ਸਪੱਸ਼ਟ ਹੋਈ ਹੈ ਕਿ ਅੰਗਰੇਜ਼ਾਂ ਦੀ ਪੰਜਾਬੀ ਲੋਕਧਾਰਾ ਨੂੰ ਦਿੱਤੀ ਅਮੁੱਲ ਦੇਣ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ ਸਗੋਂ ਉਨ੍ਹਾਂ ਵੱਲੋਂ ਇਕੱਤਰ ਸਮੱਗਰੀ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਕਿਸੇ ਸੰਸਥਾ ਜਾਂ ਅਦਾਰੇ ਨੂੰ ਇਹ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਕਿ ਉਹ ਅਜੇ ਹੋਰ ਵੀ ਅਪ੍ਰਾਪਤ ਰਚਨਾਵਾਂ, ਮੂਲ ਪਾਠਾਂ ਜਾਂ ਹੋਰ ਸਮੱਗਰੀ ਨੂੰ ਇਕੱਤਰ ਕਰ ਕੇ ਅਧਿਐਨ ਤੇ ਵਿਸ਼ਲੇਸ਼ਣ ਕਰਵਾਏ। ਇਸ ਸਾਰੇ ਵਿੱਚੋਂ ਜਿੱਥੇ ਕੁਝ ਨੁਕਤੇ ਉੱਭਰੇ ਹਨ, ਉਥੇ ਪਾਠਕਾਂ ਦੇ ਮਨ ਅੰਦਰ ਜਗਿਆਸਾ ਵੀ ਪੈਦਾ ਹੋ ਸਕਦੀ ਹੈ ਕਿਉਂਕਿ ਕੋਈ ਵੀ ਖੋਜ ਕਾਰਜ ਆਪਣੇ ਆਪ ਵਿੱਚ ਅੰਤਿਮ ਨਹੀਂ ਹੋ ਸਕਦਾ ਪਰ ਆਪਣੀ ਸੁਹਿਰਦਤਾ, ਨਿਸ਼ਠਾ, ਲਗਨ ਤੇ ਮਿਹਨਤ ਨਾਲ ਮੈਂ ਆਪਣੇ ਕਾਰਜ ਤੋਂ ਇਕ ਹੱਦ ਤੱਕ ਸੰਤੁਸ਼ਟ ਹਾਂ।

ਮੇਰੇ ਨਿਗਰਾਨ ਡਾ. ਕਰਮਜੀਤ ਸਿੰਘ ਜਿਨ੍ਹਾਂ ਨੇ ਇਸ ਕਾਰਜ ਦੀ ਰੂਪ-ਰੇਖਾ ਤਿਆਰ

ਕਰਨ ਤੋਂ ਲੈ ਕੇ ਅੰਤਿਮ ਪੜਾਅ ਤੱਕ ਮੇਰਾ ਇਤਨਾ ਸਾਥ ਦਿੱਤਾ ਅਤੇ ਯੋਗ ਅਗਵਾਈ ਕੀਤੀ ਕਿ ਮੇਰੇ ਹੌਸਲੇ ਨੂੰ ਥੱਲੇ ਨਹੀਂ ਡਿੱਗਣ ਦਿੱਤਾ ਉਨ੍ਹਾਂ ਦਾ ਜਿਹੜਾ ਸਤਿਕਾਰ ਮੇਰੇ ਦਿਲ ਵਿੱਚ ਹੈ, ਉਸ ਲਈ ਮੇਰੇ ਕੋਲ ਸ਼ਬਦ ਨਹੀਂ ਹਨ। ਹੋਰ ਵੀ ਅਜਿਹੀਆਂ ਸ਼ਖਸੀਅਤਾਂ ਹਨ, ਜਿਨ੍ਹਾਂ ਵਿੱਚ ਸਤਿਕਾਰ ਯੋਗ ਭਾਬੀ ਜੀ ਮਿਸਜ਼ ਹਰਬੰਸ ਗਿੱਲ, ਜਿਨ੍ਹਾਂ ਨੇ ਮੈਨੂੰ ਇੰਗਲੈਂਡ ਸੱਦਿਆ ਤੇ ਮੇਰੀ ਹਰ ਤਰ੍ਹਾਂ ਦੀ ਮਦਦ ਕੀਤੀ। ਮੇਰੀ ਪਤਨੀ ਅੰਸ਼ੂ ਗਿੱਲ, ਪੁੱਤਰ ਜੇਕਬ ਸੈਮੂਅਲ ਗਿੱਲ ਅਤੇ ਸੈਮੂਅਲ ਜੇਸਨ ਗਿੱਲ ਜਿਨ੍ਹਾਂ ਕੋਲੋਂ ਮੈਂ ਹਮੇਸ਼ਾ ਉਨ੍ਹਾਂ ਦਾ ਸਮਾਂ ਚੁਰਾਉਂਦਾ ਰਿਹਾ ਅਤੇ ਆਪਣੇ ਪੜ੍ਹਨ ਵਾਲੇ ਕਮਰੇ ਵਿੱਚ ਵੀ ਉਨ੍ਹਾਂ ਦਾ ਆਉਣਾ ਬੰਦ ਕਰੀ ਰੱਖਿਆ। ਉਨ੍ਹਾਂ ਦੇ ਸਹਿਯੋਗ ਤੇ ਪਿਆਰ ਲਈ ਮੈਂ ਹਮੇਸ਼ਾ ਰਿਣੀ ਰਹਾਂਗਾ। ਮੇਰੇ ਮਾਤਾ-ਪਿਤਾ ਸ੍ਰੀਮਤੀ ਤੇ ਸ੍ਰੀ ਪਾਰੀ ਗਿੱਲ ਜੀ ਅਤੇ ਸ੍ਰੀਮਤੀ ਵਿਦਿਆ ਗਿੱਲ ਜਿਹੜੇ ਹਰ ਰੋਜ਼ ਮੇਰੇ ਕੰਮ ਦੀ ਤੋਰ ਬਾਰੇ ਪੁੱਛਦੇ ਰਹੇ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਬੇਰਿੰਗ ਕਾਲਜ ਦੇ ਲਾਇਬ੍ਰੇਰੀ ਸਟਾਫ਼, ਪ੍ਰਿੰਸੀਪਲ ਤੇ ਵਿਦਿਆਰਥੀਆਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਭਰਪੂਰ ਸਹਿਯੋਗ ਤੇ ਉਤਸ਼ਾਹ ਦਿੱਤਾ।

ਮੇਰੀ ਇਹ ਕੋਸ਼ਿਸ਼ ਰਹੀ ਹੈ ਕਿ ਇਕੱਤਰ ਕੀਤੀ ਗਈ ਸਮੱਗਰੀ ਨੂੰ ਸੰਜੋ ਕੇ ਨਵੇਂ ਸਿਰਿਉਂ ਅੰਗਰੇਜ਼ਾਂ ਦੀ ਪੰਜਾਬੀ ਲੋਕਧਾਰਾ ਦੇ ਅਧਿਐਨ ਨੂੰ ਦੇਣ ਸੰਬੰਧੀ ਇਕ ਥੀਸਿਸ ਉਸਾਰਿਆ ਜਾਵੇ। ਪਰ ਮੈਂ ਇਸ ਵਿੱਚ ਕਿੰਨਾ ਕੁ ਕਾਮਯਬ ਹੋਇਆ ਹਾਂ, ਇਸ ਦਾ ਨਿਰਣਾ ਵਿਦਵਾਨ ਪਾਠਕ ਹੀ ਕਰ ਸਕਦੇ ਹਨ।

**-ਸੈਮੂਅਲ ਗਿੱਲ**
ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,
ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ (ਗੁਰਦਾਸਪੁਰ)

## ਅਧਿਆਇ ਪਹਿਲਾ

# ਲੋਕ, ਲੋਕਧਾਰਾ ਤੇ ਪੰਜਾਬੀ ਲੋਕਧਾਰਾ ਲੋਕ ਕੌਣ ਹਨ ?

'ਲੋਕ' ਸ਼ਬਦ ਵੇਖਣ ਨੂੰ ਜਿੰਨਾ ਸਰਲ ਲਗਦਾ ਹੈ, ਲੋਕਧਾਰਾ ਦੇ ਸੰਦਰਭ ਵਿੱਚ ਇਸ ਦੀ ਵਿਆਖਿਆ ਕਰਨੀ ਉਤਨੀ ਹੀ ਕਠਿਨ ਹੈ। 'ਲੋਕ' ਸ਼ਬਦ ਆਮ ਵਰਤੋਂ ਵਿੱਚ 'ਜਨਸਾਧਾਰਣ' ਜਾਂ 'ਜਨਤਾ' ਦਾ ਸੰਕੇਤਕ ਹੈ ਪਰ ਲੋਕਧਾਰਾ ਤੇ ਲੋਕਧਾਰਾ-ਵਿਗਿਆਨ ਵਿੱਚ 'ਲੋਕ' ਇਕ ਨਿਸ਼ਚਿਤ ਸੰਕਲਪ ਵਜੋਂ ਵਰਤਿਆ ਜਾਂਦਾ ਹੈ। ਇਸ ਸੰਕਲਪ ਨੂੰ ਸਮਾਜ ਦੇ 'ਨਿਮਨ ਵਰਗ', 'ਨੀਵੇਂ ਤਬਕੇ' ਜਾਂ ਅਸੱਭਿਅਕ ਲੋਕਾਂ ਵਜੋਂ ਸਮਝਿਆ ਗਿਆ ਹੈ। "ਫੋਕ ਦਾ ਅਰਥ ਪੱਛਮੀ ਵਿਦਵਾਨ ਉਸ ਅਸੱਭਿਆ ਜਨ ਸਮੂਹ ਤੋਂ ਲਾਉਂਦੇ ਹਨ, ਜੋ ਪੁਰਾਣੇ ਵਿਚਾਰਾਂ ਦਾ ਧਾਰਨੀ ਹੋਵੇ, ਪਿੰਡਾਂ ਵਿੱਚ ਰਹਿਣ ਵਾਲੇ ਅਨਪੜ੍ਹ ਜਾਂ ਬਹੁਤ ਘੱਟ ਪੜ੍ਹੇ-ਲਿਖੇ, ਸਭਿਅਤਾ ਤੋਂ ਅਣਜਾਣ ਅਤੇ ਸਮਾਜ ਦੇ ਨੀਵੇਂ ਵਰਗ ਨਾਲ ਸੰਬੰਧਿਤ ਹੋਵੇ।"[1] ਇਸ ਤਰ੍ਹਾਂ ਪੇਂਡੂ ਸਭਿਅਤਾ ਤੇ ਸਭਿਆਚਾਰ ਨੂੰ ਜਿੱਥੇ ਸ਼ਹਿਰ ਦੇ ਵਿਰੋਧ ਵਿੱਚ ਖੜਾ ਕਰ ਕੇ ਪੇਸ਼ ਕੀਤਾ ਗਿਆ, ਉਥੇ ਉਸ ਨੂੰ ਸ਼ਹਿਰੀ ਸਭਿਅਤਾ ਦੇ ਮੁਕਾਬਲੇ ਘੱਟ ਵਿਕਸਿਤ ਵੀ ਦੱਸਿਆ ਗਿਆ ਹੈ। ਪੇਂਡੂ ਲੋਕ ਕਿਉਂਕਿ ਆਪਣੇ ਰੁਜ਼ਗਾਰ ਕਰਕੇ ਖੇਤੀਬਾੜੀ ਨਾਲ ਜੁੜਦੇ ਰਹੇ, ਅਤੇ ਘੱਟ ਸਾਧਨਾਂ ਕਰ ਕੇ ਉਹਨਾਂ ਦਾ ਵਾਹ ਪ੍ਰਮਾਤਮਾ ਤੇ ਵਿਸ਼ਵਾਸ ਨਾਲ ਜੁੜਿਆ ਰਿਹਾ। ਇਹ ਲੋਕ ਆਪਣੀਆਂ ਕਦਰਾਂ-ਕੀਮਤਾਂ ਕਰ ਕੇ ਰੂੜੀਵਾਦੀ ਰਹੇ, ਅਨਪੜ੍ਹ ਤੇ ਸਨਅਤੀ ਵਿਵਸਥਾ ਤੋਂ ਪਰ੍ਹੇ ਰਹਿਣ ਕਰ ਕੇ ਇਨ੍ਹਾਂ ਨਾਲ ਹੀ 'ਲੋਕ' ਸ਼ਬਦ ਦਾ ਸੰਕਲਪ ਜੋੜ ਦਿੱਤਾ ਗਿਆ। ਇਸ ਤਰ੍ਹਾਂ ਆਧੁਨਿਕ ਜੀਵਨ ਜਿਊਣ ਵਾਲੀ ਪੜ੍ਹੀ-ਲਿਖੀ ਸ਼ਹਿਰੀ ਜਨਤਾ, ਜਿਸ ਦੇ ਨਾਲ ਪੇਂਡੂ ਦਾ ਦਵੈਤ ਕਰ ਦਿੱਤਾ ਗਿਆ, ਨੂੰ 'ਲੋਕ' ਵਿੱਚ ਸ਼ੁਮਾਰ ਨਹੀਂ ਕੀਤਾ ਗਿਆ। ਇਸ ਲਈ ਲੋਕ ਦਾ ਸੰਕਲਪ ਮੱਧ ਯੁਗੀਨ ਭਾਵਨਾਵਾਂ ਵਾਲੀ ਕਿਸਾਨੀ ਤੱਕ ਸੀਮਤ ਹੋ ਕੇ ਰਹਿ ਗਿਆ। 'ਲੋਕ' ਬਾਰੇ ਲਗਭਗ ਇਹੋ ਧਾਰਨਾ ਅੱਜ ਤੱਕ ਚੱਲੀ ਆ ਰਹੀ ਹੈ।"[2]

"ਸਟੈਂਡਰਡ ਡਿਕਸ਼ਨਰੀ ਆਫ਼ ਫੋਕਲੋਰ" ਵਿੱਚ "ਲੋਕ ਤੋਂ ਭਾਵ ਉਸ ਲੋਕ ਸਮੂਹ ਤੋਂ ਹੈ, ਜਿਨ੍ਹਾਂ ਵਿੱਚ ਸੰਸਕ੍ਰਿਤਕ, ਆਰਥਿਕ ਅਤੇ ਗਿਆਨ ਦੇ ਆਧਾਰ ਵਿੱਚ ਫ਼ਰਕ ਬਹੁਤ ਘੱਟ ਰਹਿ ਜਾਂਦਾ ਹੈ।"[3]

ਇਸ ਤਰ੍ਹਾਂ 'ਫੋਕ' ਤੋਂ ਭਾਵ ਉਸ ਸਮੂਹ ਤੋਂ ਲੈਣਾ ਚਾਹੀਦਾ ਹੈ ਜਿਸ ਦੇ ਤਹਿਤ ਸਾਂਸਕ੍ਰਿਤਕ, ਆਰਥਿਕ ਤੇ ਗਿਆਨ ਦੇ ਆਧਾਰ 'ਤੇ ਭਿੰਨਤਾ ਬਹੁਤ ਘਟ ਜਾਂਦੀ ਹੈ।

ਲੋਕਯਾਨ ਵਿਗਿਆਨੀਆਂ ਵਿੱਚੋਂ ਹੀ ਅਮਰੀਕੀ ਵਿਦਵਾਨ ਐਲਨ ਡੰਡੀਜ਼ ਦਾ ਮੱਤ ਹੈ ਕਿ "ਕੋਈ ਵੀ ਸਮੂਹ ਜਿਸ ਵਿੱਚ ਦੋ ਤੋਂ ਵੱਧ ਬੰਦੇ ਹੋਣ ਅਤੇ ਜਿਨ੍ਹਾਂ ਵਿੱਚ ਭਾਸ਼ਾ, ਕਿੱਤੇ ਜਾਂ ਧਰਮ ਆਦਿ ਵਿੱਚ ਕਿਸੇ ਦੀ ਵੀ ਸਾਂਝ ਹੋਵੇ ਅਤੇ ਇਨ੍ਹਾਂ ਵਿਚਲੀ ਸਾਂਝੀ ਪਰੰਪਰਾ ਦੀ ਸਾਂਝ

ਇਨ੍ਹਾਂ ਨੂੰ ਇਕ ਸਮੂਹ ਭਾਵਨਾ ਵਿੱਚ ਬੰਨ੍ਹੀ ਰੱਖੇ, ਉਹ ਸਮੂਹ 'ਲੋਕ' ਅਖਵਾਉਂਦਾ ਹੈ।"[4] ਉਹ ਦਸਦਾ ਹੈ ਕਿ ਸਿਧਾਂਤਕ ਤੌਰ ਤੇ ਕਿਸੇ ਸਮੂਹ ਵਿੱਚ ਘੱਟੋ-ਘੱਟ ਦੋ ਆਦਮੀ ਹੋਣੇ ਚਾਹੀਦੇ ਹਨ ਪਰ ਆਮ ਕਰ ਕੇ ਸਮੂਹ ਵਿੱਚ ਸਾਰੇ ਵਿਅਕਤੀਗਤ ਤੌਰ ਤੇ ਵਿਚਰਦੇ ਹਨ ਅਤੇ ਇਕ ਦੂਸਰੇ ਨੂੰ ਜਾਣਦੇ ਨਹੀਂ ਪਰ ਉਹ ਇਹ ਜਾਣਦੇ ਹਨ ਕਿ ਇਸ ਸਮੂਹ ਦੀਆਂ ਰੀਤਾਂ ਕੀ ਹਨ, ਜਿਹੜੀਆਂ ਉਸ ਸਮੂਹ ਲਈ ਜ਼ਰੂਰੀ ਹਨ। ਦੋ ਆਦਮੀਆਂ ਤੋਂ ਭਾਵ ਅਸੀਂ ਲੈ ਸਕਦੇ ਹਾਂ ਕਿ ਇਕੱਲਾ ਆਦਮੀ ਕੀ ਕਰੇਗਾ ਜਦੋਂ ਤੱਕ ਦੋ ਕੋਈ ਦੂਸਰਾ ਉਸ ਦੀ ਗੱਲ ਸੁਣਨ ਲਈ ਨਹੀਂ ਹੋਵੇਗਾ। ਸਮਾਜ ਦੀ ਮੁੱਢਲੀ ਇਕਾਈ ਪਰਿਵਾਰ ਹੈ, ਉਹ ਵੀ ਦੋ ਵਿਅਕਤੀਆਂ ਦੇ ਸੁਮੇਲ ਤੋਂ ਹੀ ਬਣਦਾ ਹੈ। ਇਸ ਤਰ੍ਹਾਂ ਸਮੂਹ ਵਿੱਚ ਘੱਟੋ-ਘੱਟ ਦੋ ਵਿਅਕਤੀਆਂ ਦਾ ਹੋਣਾ ਜ਼ਰੂਰੀ ਹੈ। ਡਾ. ਨਾਹਰ ਸਿੰਘ ਅਨੁਸਾਰ, 'ਲੋਕ' ਦਾ ਅਰਥ ਸਮੂਹਕ ਭਾਵਨਾ ਵਿੱਚ ਬੱਝੀ ਭਾਸ਼ਾਈ, ਖੇਤਰੀ, ਨਸਲੀ, ਕਿੱਤਾਗਤ ਅਤੇ ਧਾਰਮਿਕ ਆਧਾਰ ਤੇ ਬਣਿਆ ਅਜਿਹਾ ਗੁੱਟ ਹੈ, ਜਿਸ ਕੋਲ ਆਪਣੀ ਸਾਂਝੀ ਰਵਾਇਤ ਹੈ। ਇਹ ਗੁੱਟ ਸ਼ਹਿਰੀਆਂ ਦਾ ਵੀ ਹੋ ਸਕਦਾ ਹੈ ਤੇ ਪੇਂਡੂਆਂ ਦਾ ਵੀ। ਪੜ੍ਹੇ-ਲਿਖੇ ਬੁੱਧੀਜੀਵੀਆਂ ਦਾ ਵੀ ਤੇ ਅਨਪੜ੍ਹ ਵਾਗੀਆਂ ਤੇ ਹਲਵਾਹਕਾਂ ਦਾ ਵੀ, ਧਨੀਆਂ ਦਾ ਵੀ ਤੇ ਝੁੱਗੀਆਂ ਵਿੱਚ ਵੱਸਦੇ ਮਜ਼ਦੂਰਾਂ ਦਾ ਵੀ। 'ਲੋਕ' ਦੇ ਦਾਇਰੇ ਦਾ ਅਧਾਰ ਭੂਗੋਲਿਕ/ਸਾਂਸਕ੍ਰਿਤਕ ਵੰਡ ਹੈ।"[5] ਐਲਨ ਡੰਡੀਜ਼ ਵੀ ਆਪਣੀ 'ਲੋਕ' ਦੀ ਧਾਰਨਾ ਨੂੰ ਸਪੱਸ਼ਟ ਕਰਦਿਆਂ ਲਿਖਦਾ ਹੈ ਕਿ "ਲੋਕ ਦੀ ਛੋਟੀ ਤੋਂ ਛੋਟੀ ਇਕਾਈ ਪਰਿਵਾਰ ਹੈ ਅਤੇ ਵੱਡੀ ਤੋਂ ਵੱਡੀ ਇਕਾਈ ਸਮੁੱਚੀ ਕੌਮੀਅਤ ਵੀ ਹੋ ਸਕਦੀ ਹੈ। ਪਰ ਸ਼ਰਤ ਇਹ ਹੈ ਕਿ ਉਸ ਦੀਆਂ ਆਪਣੀਆਂ ਸਾਂਝੀਆਂ ਰਵਾਇਤਾਂ ਹੋਣ ਜੋ ਦਾਇਰੇ ਦੇ ਅੰਦਰ-ਅੰਦਰ ਪ੍ਰਵਾਨਿਤ ਹੋਣ।"[6]

ਅੱਜ ਦੇ ਲੋਕਧਾਰਾ ਸ਼ਾਸਤਰੀਆਂ ਦੀ ਨਜ਼ਰ ਵਿੱਚ ਲੋਕ ਅਨਪੜ੍ਹ, ਪੇਂਡੂ, ਅਸਭਿਅਕ, ਪੁਰਾਣੀਆਂ ਕਦਰਾਂ-ਕੀਮਤਾਂ ਦੇ ਧਾਰਨੀ ਕਿਸਾਨ ਜਾਂ ਕਾਮੇ ਹਨ ਅਤੇ ਇਨ੍ਹਾਂ ਦੀਆਂ ਸਾਰੀਆਂ ਰੀਤਾਂ, ਰਸਮਾਂ, ਰਿਵਾਜ, ਅੰਧ-ਵਿਸ਼ਵਾਸ ਆਦਿ ਲੋਕਧਾਰਾ ਦੇ ਅੰਤਰਗਤ ਅਧਿਐਨ ਦਾ ਵਿਸ਼ਾ ਬਣਦੇ ਹਨ। ਕਈ ਵਾਰ ਕਿਸੇ ਖ਼ਾਸ ਸਮੇਂ ਲਈ ਵੀ ਲੋਕ ਆਪਸ ਵਿੱਚ ਜੁੜਦੇ ਹਨ। ਕਿਸੇ ਕੰਮ, ਸਮਾਗਮ ਜਾਂ ਕਿਸੇ ਹੋਰ ਸਾਂਝੇ ਮਕਸਦ ਲਈ। ਅਜਿਹੇ ਮੌਕੇ ਤੇ ਇਨ੍ਹਾਂ ਲੋਕਾਂ ਵਿੱਚ ਸਾਂਝੀ ਲੋਕਧਾਰਾਈ ਭਾਵਨਾ ਵੇਖੀ ਜਾ ਸਕਦੀ ਹੈ। ਅਜਿਹੇ ਮੌਕੇ ਤੇ ਇਕੱਠੇ ਹੋਏ ਲੋਕਾਂ ਨੂੰ 'ਥੋੜ੍ਹ ਚਿਰਾ ਲੋਕ' ਕਹਿ ਸਕਦੇ ਹਾਂ। ਜਦੋਂ ਜਦੋਂ ਨਵੇਂ ਲੋਕ ਆਣ ਕੇ ਜੁੜਦੇ ਹਨ, ਨਵੀਂ ਲੋਕਧਾਰਾ ਜੁੜਦੀ ਰਹਿੰਦੀ ਹੈ। ਹਰ ਖੇਤਰ ਦੇ ਲੋਕਾਂ ਦੀ ਲੋਕਧਾਰਾ ਵੱਖਰੀ ਹੁੰਦੀ ਹੈ। ਨਵੇਂ-ਨਵੇਂ ਕਿੱਤੇ ਨਵੇਂ ਦਾਇਰਿਆਂ ਨੂੰ ਜਨਮ ਦਿੰਦੇ ਹਨ ਜਿਵੇਂ ਸਾਹਿਤਕਾਰ, ਡਰਾਈਵਰ, ਕਾਲਜੀਏਟ, ਬੁੱਧੀਜੀਵੀ, ਰਾਜਨੀਤਕ ਪਾਰਟੀਆਂ ਆਦਿ ਇਹ ਸਾਰੇ ਆਪਣੀ-ਆਪਣੀ ਲੋਕਧਾਰਾ ਸਿਰਜ ਰਹੇ ਹੁੰਦੇ ਹਨ। "ਇਸੇ ਸਮਾਜਕ ਪਰਿਵਰਤਨ ਦੇ ਨਾਲ-ਨਾਲ ਪੰਜਾਬ ਵਿੱਚ ਚਰਖਾ ਕੱਤਦੀਆਂ ਸੁਆਣੀਆਂ ਦੇ ਤ੍ਰਿੰਝਣ, ਤੀਆਂ ਦੇ ਗਿੱਧਿਆਂ ਦੀਆਂ ਰੌਣਕਾਂ, ਮੇਲਿਆਂ ਮੁਸਾਹਵਿਆਂ ਤੇ ਬੋਲੀਆਂ ਪਾਉਣ ਵਾਲੇ ਗੱਭਰੂਆਂ, ਸਾਧਾਂ-ਸੰਤਾਂ ਦੀਆਂ ਧੂਣੀਆਂ ਦੁਆਲੇ ਬਾਤਾਂ ਸੁਣਦੇ ਸ਼ਰਧਾਲੂਆਂ, ਚਰਾਦਾਂ ਵਿੱਚ ਵੱਗ ਚਾਰਦੇ ਪਾਲੀਆਂ, ਹਾਲੀਆਂ, ਦੋਹੇ ਗਾਉਣ ਵਾਲੇ ਬਜ਼ੁਰਗਾਂ ਤੇ ਪੇਸ਼ਾਵਰ ਮਰਾਸਣਾਂ ਦੇ ਦਾਇਰੇ ਹੌਲੀ-ਹੌਲੀ ਮਿਟ ਰਹੇ ਹਨ।"[7]

ਐਲਨ ਡੰਡੀਜ਼ ਆਖਦਾ ਹੈ ਕਿ "ਪ੍ਰਸ਼ਨ ਹੈ 'ਲੋਕ ਕੌਣ ਹਨ? ਲੋਕ ਦੇ ਮੈਂਬਰ ਕਿਸੇ ਪਰਿਵਾਰ, ਧਰਮ, ਕਿੱਤੇ ਜਾਂ ਜਾਤੀ ਸਮੂਹ ਨਾਲ ਸੀਮਿਤ ਨਹੀਂ ਹਨ।"[8] ਦਾਇਰੇ ਜਾਂ ਸਮੂਹ ਬਣਦੇ ਤੇ ਟੁੱਟਦੇ ਰਹਿੰਦੇ ਹਨ ਪਰ ਇਸ ਨਾਲ ਲੋਕਧਾਰਾ ਦੇ ਖ਼ਤਮ ਹੋ ਜਾਣ ਦਾ ਡਰ ਨਹੀਂ

ਕਿਉਂਕਿ ਨਵੇਂ-ਨਵੇਂ ਲੋਕ ਆ ਕੇ ਜੁੜਦੇ ਰਹਿੰਦੇ ਹਨ, ਜਿਨ੍ਹਾਂ ਦੇ ਕੋਲ ਆਪਣੀ ਲੋਕਧਾਰਾ ਹੁੰਦੀ ਹੈ। ਕਈ ਵਾਰ ਇਹ ਭੁਲੇਖਾ ਰਹਿੰਦਾ ਹੈ ਕਿ ਜਨਤਕ ਸੰਚਾਰ ਦੇ ਸਾਧਨਾਂ ਨਾਲ ਲੋਕਧਾਰਾ ਦੀ ਲੋੜ ਨਹੀਂ ਪਵੇਗੀ ਪਰ ਅਜਿਹਾ ਨਹੀਂ ਸਗੋਂ ਸੰਚਾਰ ਸਾਧਨ ਜਿੰਨੀ ਤੇਜ਼ੀ ਨਾਲ ਵਿਕਾਸ ਕਰਦੇ ਹਨ, ਲੋਕਧਾਰਾ ਦੇ ਵੱਖ-ਵੱਖ ਪਹਿਲੂਆਂ ਤੇ ਓਨੀ ਹੀ ਤੇਜ਼ੀ ਨਾਲ ਚਾਨਣਾ ਪਾਇਆ ਜਾ ਰਿਹਾ ਹੈ। ਸੰਚਾਰ ਦੇ ਸਾਧਨਾਂ ਦਾ ਤੇਜ਼ੀ ਨਾਲ ਹੁੰਦਾ ਵਿਕਾਸ ਜਿੱਥੇ ਹਰ ਚੀਜ਼ ਨੂੰ ਪ੍ਰਭਾਵਿਤ ਕਰਦਾ ਹੈ, ਉਥੇ ਲੋਕਧਾਰਾ ਦੀ ਪੇਸ਼ਕਾਰੀ ਵੱਲ ਵੀ ਇਨ੍ਹਾਂ ਦਾ ਧਿਆਨ ਜਾ ਰਿਹਾ ਹੈ।

ਇਹ ਠੀਕ ਹੈ ਕਿ 'ਲੋਕ' (Folk) ਦੀ ਧਾਰਨਾ ਪੱਛਮ ਤੋਂ ਆਈ ਹੈ ਪਰ ਅਜਿਹੀ ਗੱਲ ਨਹੀਂ। ਭਾਰਤੀ ਸੰਸਕ੍ਰਿਤੀ ਤੇ ਸਭਿਅਤਾ ਪ੍ਰਾਚੀਨਤਮ ਹੈ ਅਤੇ ਇਥੇ 'ਲੋਕ' ਸ਼ਬਦ ਵਿਦਮਾਨ ਰਿਹਾ ਹੈ। ਇਥੋਂ ਤੱਕ ਕਿ ਰਿਗਵੇਦ ਵਿੱਚ 'ਲੋਕ' ਸ਼ਬਦ ਲਈ 'ਜਨ' ਸ਼ਬਦ ਵਰਤਿਆ ਗਿਆ ਹੈ। ਉਪਨਿਸ਼ਦਾਂ ਵਿੱਚ ਸ਼ਬਦ 'ਲੋਕ' ਮਿਲਦਾ ਹੈ। 'ਲੋਕ' 'ਪਰਲੋਕ' ਦਾ ਸੰਕਲਪ ਵੀ ਮਿਲਦਾ ਹੈ। ਮਹਾਂਭਾਰਤ ਵਿੱਚ 'ਲੋਕ ਯਾਤਰਾ' ਦਾ ਵਰਣਨ ਹੈ। ਗੁਰਸ਼ਬਦ ਰਤਨਾਕਰ ਰਚਿਤ ਭਾਈ ਕਾਨ੍ਹ ਸਿੰਘ ਦੇ ਲੋਕ ਸ਼ਬਦੀ ਅਰਥ ਦੇਖਣਾ, ਬੋਲਣਾ, ਚਮਕਣਾ ਪ੍ਰਕਾਸ਼ਿਤ ਕਰਨਾ ਹੈ।[9]

ਸੰਸਕ੍ਰਿਤੀ ਸ਼ਬਦਾਰਥ ਕੌਸਤਭ ਅਨੁਸਾਰ 'ਲੋਕ' ਸ਼ਬਦ ਦੇ ਅਰਥ ਸੰਸਾਰ, ਭਵਨ, ਮਾਨਵ, ਗੁਣ, ਸਮੂਹ, ਸਮੁਦਾਇ, ਪ੍ਰਦੇਸ਼, ਪ੍ਰਾਂਤ, ਪ੍ਰਾਣੀ, ਸਮਾਜ, ਸਾਧਾਰਨ ਚਲਣ ਜਾਂ ਪ੍ਰਥਾ, ਸਾਧਾਰਨ ਜਾਂ ਲੌਕਿਕ ਵਿਹਾਰ ਆਦਿ ਹਨ।[10]

ਭਿੰਨ-ਭਿੰਨ ਕੋਸ਼ਾਂ ਵਿੱਚ ਆਮ ਤੌਰ ਤੇ 'ਲੋਕ' ਸ਼ਬਦ ਦੇ ਅਰਥਾਂ ਵਿੱਚ ਪ੍ਰਮੁੱਖ ਰੂਪ ਵਿੱਚ ਪ੍ਰਯੁਕਤ ਹੋਇਆ ਹੈ। ਇਸ ਦਾ ਪਹਿਲਾ ਅਰਥ 'ਜਗਤ' ਹੈ ਜੋ ਕਿ ਇਹ ਲੋਕ ਪਰਲੋਕ, ਮਾਤਲੋਕ, ਤਰੈਲੋਕ, ਪਾਤਾਲ ਲੋਕ ਆਦਿ ਸ਼ਬਦਾਂ ਵਿੱਚ ਸਪੱਸ਼ਟ ਹੁੰਦਾ ਹੈ ਅਤੇ ਦੂਜਾ ਜਿਸ ਨੂੰ ਅੰਗਰੇਜ਼ੀ ਵਿੱਚ ਵਰਲਡ (world) ਕਿਹਾ ਜਾਂਦਾ ਹੈ। ਲੋਕ ਸ਼ਬਦ ਦਾ ਦੂਸਰਾ ਅਰਥ ਜਨਸਾਧਾਰਨ ਹੈ। ਲੋਕ ਸਮਾਜ ਦਾ ਉਹ ਵਰਗ ਹੈ ਜੋ ਉੱਚ ਕੁਲੀਨ ਸੰਸਕਾਰ, ਕਲਾਸਿਕਤਾ ਅਤੇ ਪੰਡਤਾਊਪੁਣੇ ਦੀ ਚੇਤੰਨਤਾ ਦੇ ਨਾਲ-ਨਾਲ ਪੰਡਤਾਊਪੁਣੇ ਦੇ ਹੰਕਾਰ ਤੋਂ ਰਹਿਤ ਹੈ ਅਤੇ ਜੋ ਕਿ ਪਰੰਵਰਾ ਦੇ ਪ੍ਰਵਾਹ ਵਿੱਚ ਜਿਉਂਦਾ ਰਹਿੰਦਾ ਹੈ।[11]

ਇਨ੍ਹਾਂ ਵਿਦਵਾਨਾਂ ਦੀਆਂ ਰਾਵਾਂ ਜਾਂ ਵਿਚਾਰਾਂ ਨਾਲ ਕਿਸੇ ਹੱਦ ਤੱਕ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਇਕ ਪਾਸੇ ਤਾਂ 'ਲੋਕ' ਸਮਾਜ ਵਿੱਚ ਵਿਚਰਨ ਵਾਲਿਆਂ ਨੂੰ ਕਿਹਾ ਗਿਆ ਹੈ, ਸਭਿਆ ਹੋਵੇ ਜਾਂ ਅਸਭਿਆ ਅਤੇ ਨਾਲ ਹੀ ਪੇਂਡੂ, ਗਵਾਰ, ਅਨਪੜ੍ਹ, ਗ਼ੈਰ ਮਜ਼ਬੀ, ਸ਼ਹਿਰੀ ਸਭਿਅਤਾ ਤੋਂ ਅਣਭਿੱਜ। ਪਰ ਸਮੁੱਚੀ ਜਨਤਾ ਜਿਹੜੀ ਸ਼ਹਿਰਾਂ ਵਿੱਚ ਵਿਚਰਦੀ ਹੈ ਉਹ ਸਭਿਅ ਹੈ? ਜਾਂ ਸਾਰੀ ਪੇਂਡੂ ਜਨਤਾ ਅਸਭਿਆ? ਇਹ ਠੀਕ ਹੈ ਕਿ ਉਨ੍ਹਾਂ ਦਾ ਜੀਵਨ ਬੜਾ ਸਰਲ ਤੇ ਸਪੱਸ਼ਟ ਹੈ। ਡਾ. ਵਾਸੂਦੇਵ ਸ਼ਰਨ ਅਗਰਵਾਲ ਨੇ 'ਲੋਕ' ਪਦ ਦੀ ਵਿਆਖਿਆ ਬਹੁਤ ਹੀ ਵਿਆਪਕ ਧਰਾਤਲ 'ਤੇ ਕੀਤੀ ਹੈ:

"ਲੋਕ ਸਾਡੇ ਜੀਵਨ ਦਾ ਸਮੁੰਦਰ ਹੈ, ਉਹਦੇ ਵਿੱਚ ਭੂਤ, ਭਵਿੱਖ, ਵਰਤਮਾਨ ਸਾਰਾ ਕੁਝ ਇਕੱਠਾ ਰਹਿੰਦਾ ਹੈ। ਉਹ ਰਾਸ਼ਟਰ ਦਾ ਅਮਰ ਸਰੂਪ ਹੈ।"[12]

ਡਾ. ਨਾਹਰ ਸਿੰਘ ਨੇ ਹੇਠ ਲਿਖੇ ਇਕ ਤੋਂ ਵਧੀਕ ਤੱਤਾਂ ਦੀ ਸਾਂਝ ਦੇ ਆਧਾਰ ਤੇ ਨਿਰਣਾ ਕੀਤਾ ਹੈ। ਇਹ ਤੱਤ ਇਸ ਪ੍ਰਕਾਰ ਹਨ :

(ੳ) ਭੂਗੋਲਿਕ ਜਾਂ ਭਾਸ਼ਾਈ

(ਅ) ਧਰਮ ਜਾਂ ਫਿਰਕਾ

(ੲ) ਜਾਤ ਜਾਂ ਕਿੱਤਾ

(ਸ) ਲਿੰਗ ਜਾਂ ਉਮਰ

(ਹ) ਨਿਭਾਓ ਸੰਦਰਭ ਜਾਂ ਸਮਾਜਕ ਮੌਕਾ [13]

ਲੋਕ (folk) ਜਨਤਾ (masses) ਤੇ ਚੇਤੰਨ ਲੋਕ (people)

ਬਹੁਤੀ ਵਾਰੀ ਵਿਦਵਾਨ 'ਲੋਕ' (folk) ਅਤੇ 'ਜਨਤਾ' (Masses) ਵਿੱਚ ਅੰਤਰ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਲੋਕਧਾਰਾ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਵਿੱਚ ਨਿਖੇੜ ਕਰਨਾ ਅਤਿਅੰਤ ਜ਼ਰੂਰੀ ਹੈ। ਇਨ੍ਹਾਂ ਦੇ ਅਰਥਾਂ ਨੂੰ ਆਪਸ ਵਿੱਚ ਰਲਗੱਡ ਨਹੀਂ ਕੀਤਾ ਜਾ ਸਕਦਾ। ਲੋਕ ਲਹਿਰ ਲੋਕਤੰਤਰ ਵਿੱਚ 'ਲੋਕ' ਦੇ ਜੋ ਅਰਥ ਹਨ, ਉਹ ਲੋਕ ਸਾਹਿਤ, ਲੋਕ ਸੰਗੀਤ, ਲੋਕ ਕਲਾ ਵਿਚਲੇ 'ਲੋਕ' ਤੋਂ ਬਹੁਤ ਭਿੰਨ ਹਨ। ਡਾ. ਥਿੰਦ ਅਨੁਸਾਰ "ਲੋਕਯਾਨ ਦੇ ਸੰਦਰਭ ਵਿੱਚ ਜਦ ਵੀ 'ਲੋਕ' ਸ਼ਬਦ ਦੀ ਵਰਤੋਂ ਕੀਤੀ ਜਾਵੇਗੀ ਤਾਂ ਇਸ ਤੋਂ ਭਾਵ ਨਸਲ, ਧਰਮ ਜਾਂ ਭਾਸ਼ਾ ਦੁਆਰਾ ਜੁੜੇ ਹੋਏ ਅਜਿਹੇ ਕੋੜਮੇ ਜਾਂ ਮੰਡਲੀ ਤੋਂ ਲਿਆ ਜਾਵੇਗਾ, ਜਿਸ ਦੀ ਕੋਈ ਨਾ ਕੋਈ ਪਰੰਪਰਾ ਹੈ। [14]

ਡਾ. ਵਣਜਾਰਾ ਬੇਦੀ ਨੇ 'ਲੋਕ' (folk) ਅਤੇ 'ਲੋਕ' (people) ਦਾ ਨਿਖੇੜਾ ਵਿਭਿੰਨ ਚੇਤਨਾਵਾਂ ਦੇ ਆਧਾਰ 'ਤੇ ਕੀਤਾ ਹੈ। ਲੋਕ (people) ਸਮਾਜਕ ਤੇ ਰਾਜਨੀਤਕ ਚੇਤਨਾ ਨਾਲ ਸੰਬੰਧਤ ਸ਼ਬਦ ਹੈ, ਜਿਹੜਾ ਨਵੇਂ ਬੋਧ ਨਾਲ ਜੁੜਿਆ ਹੁੰਦਾ ਹੈ ਤੇ ਫੋਕ ਸ਼ਬਦ ਲੋਕ ਮਨ ਦੀ ਉਸ ਚੇਤਨਾ ਨਾਲ ਸੰਬੰਧਤ ਹੈ, ਜੋ ਮਨੁੱਖੀ ਅਵਚੇਤਨ ਵਿੱਚੋਂ ਉੱਭਰਦੀ ਹੈ। ਇਹ ਪਰੰਪਰਾ ਨਾਲ ਜੁੜੀ ਹੁੰਦੀ ਹੈ। [15]

ਇਸ ਤਰ੍ਹਾਂ ਸ਼ਬਦ ਦਾ ਉਚਾਰਣ ਇਕ ਹੋਣ ਅਤੇ ਲਿਖਤੀ ਰੂਪ ਵੀ ਸਮਾਨ ਹੋਣ ਦੇ ਬਾਵਜੂਦ ਇਨ੍ਹਾਂ ਦੇ ਅਰਥਾਂ ਵਿੱਚ ਢੇਰ ਅੰਤਰ ਹੈ।

## ਲੋਕਧਾਰਾ

ਮਨੁੱਖ ਆਦਿ ਕਾਲ ਤੋਂ ਹੀ ਆਪਣੇ ਆਲੇ-ਦੁਆਲੇ ਨੂੰ ਪ੍ਰਭਾਵਿਤ ਕਰਦਾ ਤੇ ਕੁਦਰਤੀ ਵਰਤਾਰੇ ਨੂੰ ਸਮਝਣ ਦਾ ਯਤਨ ਕਰਦਾ ਰਿਹਾ ਹੈ। ਆਦਿਮ ਮਨੁੱਖ ਦੇ ਜੀਵਨ ਦੀ ਹੋਂਦ ਅਤੇ ਜੀਵਨ ਦਾ ਵਿਕਾਸ ਪ੍ਰਕਿਰਤੀ ਉੱਤੇ ਹੀ ਨਿਰਭਰ ਸੀ। ਪ੍ਰਾਕਿਰਤਕ ਚੌਗਿਰਦੇ ਵਿੱਚੋਂ ਉਸ ਨੇ ਬਹੁਤ ਕੁਝ ਗ੍ਰਹਿਣ ਕੀਤਾ ਹੈ। ਕੁਦਰਤ ਦੇ ਪ੍ਰਭਾਵਾਂ ਨੂੰ ਹੀ ਉਸ ਨੇ ਚੰਗਾ ਪ੍ਰਭਾਵ ਤੇ ਮਾੜਾ ਪ੍ਰਭਾਵ ਕਰ ਕੇ ਜਾਣਿਆ। ਇਹ ਇਨ੍ਹਾਂ ਪ੍ਰਭਾਵਾਂ ਨੂੰ ਕਿਸੇ ਗ਼ੈਬੀ ਸ਼ਕਤੀ ਜਾਂ ਚਮਤਕਾਰਾਂ ਨਾਲ ਜੋੜਦਾ ਰਿਹਾ ਹੈ ਅਤੇ ਇਸ ਦੇ ਚੰਗੇ ਪ੍ਰਭਾਵਾਂ ਨੂੰ ਪ੍ਰਾਪਤ ਕਰਨ ਲਈ ਅਤੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਉਹ ਕੁਦਰਤ ਨੂੰ ਕਾਬੂ ਕਰਨ ਜਾਂ ਪ੍ਰਸੰਨ ਕਰਨ ਦਾ ਯਤਨ ਵੀ ਕਰਦਾ ਰਿਹਾ ਹੈ। ਇਨ੍ਹਾਂ ਪ੍ਰਸੰਨ ਕਰਨ ਜਾਂ ਕਾਬੂ ਕਰਨ ਦੀਆਂ ਵਿਧੀਆਂ ਅਤੇ ਇਨ੍ਹਾਂ ਦੀ ਵਿਆਖਿਆ ਜਦੋਂ ਸਰਬ-ਪ੍ਰਵਾਨਿਤ ਅਤੇ ਆਮ ਕਰ ਕੇ ਲੋਕਾਂ ਵੱਲੋਂ ਮੰਨ ਲਈਆਂ ਜਾਂਦੀਆਂ ਹਨ ਤਾਂ ਇਹ ਮਿਥਾਂ ਜਾਂ ਧਾਰਮਿਕ ਵਿਸ਼ਵਾਸਾਂ ਵਿੱਚ ਪਰਵਰਤਿਤ ਹੋ ਜਾਂਦੀਆਂ ਹਨ। ਮਨੁੱਖ ਆਪਣੀ ਜ਼ਿੰਦਗੀ ਵਿੱਚ ਇਸ ਕੁਦਰਤੀ ਅਤੇ ਭੌਤਿਕ ਵਰਤਾਰੇ ਅਨੁਸਾਰ ਬਦਲਦਾ ਰਹਿੰਦਾ ਹੈ। ਮਨੁੱਖ ਤੇ ਕੁਦਰਤ ਦੇ ਇਸ ਦਵੰਦਾਤਮਕ ਰਿਸ਼ਤੇ ਵਿੱਚੋਂ ਮਨੁੱਖੀ ਸਮਾਜ, ਭਾਸ਼ਾ, ਸੱਭਿਅਤਾ ਅਤੇ ਸੰਸਕ੍ਰਿਤੀ ਦਾ ਵਿਕਾਸ ਹੁੰਦਾ ਹੈ ਅਤੇ ਮਨੁੱਖ ਦੀ ਸਮਾਜਕ ਹੋਂਦ ਵਿੱਚੋਂ ਹੀ ਮਨੁੱਖੀ ਚੇਤਨਾ ਪੈਦਾ ਹੁੰਦੀ ਹੈ। ਸਭਿਅਤਾ ਤੇ ਇਸ ਦੇ ਸੰਬੰਧਾਂ ਵਿੱਚੋਂ ਪੈਦਾ ਹੋਈ ਸੰਸਕ੍ਰਿਤੀ ਦੇ ਆਪਸੀ ਦਵੰਦਾਤਮਕ ਰਿਸ਼ਤੇ ਨੂੰ ਸਮਝਣ ਨਾਲ

ਹੀ ਕਲਾ, ਸਾਹਿਤ ਜਾਂ ਕਿਸੇ ਕਲਾ-ਕ੍ਰਿਤੀ ਦਾ ਦਾਰਸ਼ਨਿਕ, ਵਿਗਿਆਨਕ ਤੇ ਬਾਹਰਮੁਖੀ ਮੁੱਲਾਂਕਣ ਕੀਤਾ ਜਾ ਸਕਦਾ ਹੈ।[16]

ਮਨੁੱਖ ਸਭਿਆਚਾਰਕ ਤੌਰ ਤੇ ਸਭਿਅਤਾ ਵਿੱਚ ਰਹਿਣ ਕਰ ਕੇ ਪੁਰਾਣੇ ਵਿਸ਼ਵਾਸਾਂ ਅਤੇ ਰੀਤੀ ਰਿਵਾਜਾਂ ਨਾਲ ਜੁੜਿਆ ਰਹਿੰਦਾ ਹੈ ਅਤੇ ਮਨੁੱਖ ਇਨ੍ਹਾਂ ਪੂਰਵਜਾਂ ਤੋਂ ਪ੍ਰਾਪਤ ਕੀਤੀ ਜਾਇਦਾਦ, ਜਿਸ ਨੂੰ ਯਾਦਾਂ ਵਿੱਚ ਸੰਭਾਲਿਆ ਹੁੰਦਾ ਹੈ ਆਪਣੀ ਪੀੜ੍ਹੀ ਨੂੰ ਦਿੰਦਾ ਹੈ ਅਤੇ ਉਹ ਅੱਗੋਂ ਆਪਣੀ ਪੀੜ੍ਹੀ ਨੂੰ, ਇਸ ਤਰ੍ਹਾਂ ਇਹ ਸਿਲਸਿਲਾ ਪੀੜ੍ਹੀਓ ਪੀੜ੍ਹੀ ਤੁਰਿਆ ਰਹਿੰਦਾ ਹੈ। ਇਹ ਸਾਰਾ ਕੁਝ ਵੱਡਿਆਂ ਤੋਂ ਛੋਟਿਆਂ ਵੱਲੋਂ ਗ੍ਰਹਿਣ ਕੀਤਾ ਜਾਂਦਾ ਹੈ ਜੋ ਕਿ ਆਮ ਜ਼ਿੰਦਗੀ ਵਿੱਚ ਗਿਆਨ ਤੇ ਵਿਸ਼ਵਾਸ ਨਾਲ ਹੀ ਆਉਂਦਾ ਹੈ। ਇਹ ਸਕੂਲਾਂ ਤੇ ਕਿਤਾਬਾਂ ਤੋਂ ਅੱਡ ਹੀ ਹੁੰਦਾ ਹੈ ਅਤੇ ਲੋਕਾਂ ਦੇ ਮਨਾਂ ਵਿੱਚ ਵਸਿਆ ਹੁੰਦਾ ਹੈ। ਡਾ. ਜੋਗਿੰਦਰ ਸਿੰਘ ਕੈਰੋਂ ਆਪਣੇ ਲੇਖ 'ਪੰਜਾਬ ਦੀ ਲੋਕਧਾਰਾ ਤੇ ਮਾਨਵੀ ਚੇਤਨਾ' ਵਿੱਚ ਲਿਖਦਾ ਹੈ ਕਿ ਲੋਕਾਂ ਦੇ ਇਸ ਵਿਸ਼ਾਲ ਸਮੂਹ ਦੇ ਪਿੱਛੇ ਇਕ ਅਜਿਹਾ ਕਾਰਜਸ਼ੀਲ ਰਹਿੰਦਾ ਹੈ, ਜਿਹੜਾ ਬਲਵਾਨ ਵਿਚਾਰ ਉਤਪੰਨ ਕਰਦਾ ਹੈ। ਉਸ ਵਿਚਾਰ ਨੂੰ ਜੇਕਰ ਲੋਕ ਪ੍ਰਵਾਨਗੀ ਨਹੀਂ ਮਿਲਦੀ ਤਾਂ ਕੋਈ ਹੋਰ ਬਲਵਾਨ ਸੋਚ ਉਸ ਵਿੱਚ ਵਾਧਾ-ਘਾਟਾ ਕਰਕੇ ਉਸ ਨੂੰ ਵੱਖਰੇ ਅੰਦਾਜ਼ ਵਿੱਚ ਪੇਸ਼ ਕਰਦੀ ਹੈ। ਇੰਜ ਉਹ ਵਿਚਾਰ ਸਮੂਹਕ ਸੋਚ ਦੀ ਟਕਸਾਲ ਉੱਪਰ ਓਨੀ ਦੇਰ ਘੜਿਆ ਜਾਂਦਾ ਰਹਿੰਦਾ ਹੈ, ਜਿੰਨੀ ਦੇਰ ਉਨ੍ਹਾਂ ਵਿੱਚ ਕਲਾਤਮਕ ਸੱਚ ਦੀ ਚਮਕ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਦੀ ਸ਼ਹਾਦਤ ਪ੍ਰਤੱਖ ਨਜ਼ਰ ਨਹੀਂ ਆਉਣ ਲੱਗਦੀ। ਇਹ ਸਾਰਾ ਕਾਰਜ ਲੋਕ ਸਮੂਹ ਦੀ ਚੇਤਨਾ ਵਿੱਚ ਆਪ-ਮੁਹਾਰਾ ਚੱਲਦਾ ਰਹਿੰਦਾ ਹੈ।[17]

ਇਸ ਤਰ੍ਹਾਂ ਇਹ ਸਾਰਾ ਕੁਝ ਲੋਕ ਸਮੂਹ ਦੀ ਚੇਤਨਾ ਵਿੱਚ ਆਪ-ਮੁਹਾਰਾ ਚੱਲਦਾ ਰਹਿਣ ਵਾਲਾ ਪ੍ਰਵਾਹ ਹੈ ਅਤੇ ਇਹ ਪ੍ਰਵਾਹ ਲੋਕ ਮਨ ਤੋਂ ਲੋਕ ਮਨ ਨੂੰ ਦਿੱਤਾ ਜਾਂਦਾ ਰਿਹਾ ਹੈ। ਚੇਤਨਾ ਦਾ ਸੰਬੰਧ ਕਿਉਂਕਿ ਵਿਚਾਰ, ਸੋਚ ਅਤੇ ਸਮੱਸਿਆਵਾਂ ਦੇ ਸਮਾਧਾਨ ਨਾਲ ਹੈ ਅਤੇ ਮਨੁੱਖ ਆਪਣੇ ਆਲੇ-ਦੁਆਲੇ ਤੋਂ ਨਿਰੰਤਰ ਸਿੱਖਦਾ ਰਹਿੰਦਾ ਹੈ ਅਤੇ ਇਸ ਮਾਨਸਿਕ ਪ੍ਰਤੀਕਿਰਿਆ ਵਿੱਚ ਤਬਦੀਲੀ ਆਉਂਦੀ ਰਹਿੰਦੀ ਹੈ। ਇਸ ਵਾਪਰਦੀ ਤਬਦੀਲੀ ਦੇ ਵਿੱਚੋਂ ਹੀ ਮਨੁੱਖੀ ਦਿਮਾਗ਼ ਅਤੇ ਸਮਾਜਕ ਇਤਿਹਾਸ ਵੇਖਿਆ ਜਾ ਸਕਦਾ ਹੈ। ਮਨੁੱਖੀ ਸੁਭਾਅ ਕਿਉਂਕਿ ਅਗਾਂਹਵਧੂ ਤੇ ਪਿਛਾਂਹ ਖਿੱਚੂ ਵੀ ਹੈ ਅਤੇ ਸਭਿਆਚਾਰ ਨਾਲ ਬੜੀ ਸ਼ਿੱਦਤ ਨਾਲ ਜੁੜਿਆ ਹੋਇਆ ਹੈ। ਇਸ ਲਈ ਉਸ ਦੇ ਸਭਿਆਚਾਰ ਵਿੱਚ ਰਹਿੰਦਿਆਂ ਵਿਸ਼ਵਾਸਾਂ, ਰੀਤੀ ਰਿਵਾਜਾਂ ਆਦਿ ਵਿੱਚ ਤਬਦੀਲੀ ਆਉਂਦੀ ਰਹਿੰਦੀ ਹੈ ਅਤੇ ਕਈ ਵਾਰੀ ਪਹਿਲੀ ਪੱਧਰ ਤੇ ਹੀ ਤਬਦੀਲੀ ਨੂੰ ਲੋਕ-ਪ੍ਰਵਾਨਗੀ ਮਿਲ ਜਾਂਦੀ ਹੈ। ਇਹ ਲਗਭਗ ਹਰ ਮਨੁੱਖੀ ਸਮਾਜ ਵਿੱਚ ਵਾਪਰਦਾ ਹੈ, ਭਾਵੇਂ ਉਹ ਵਿਕਸਿਤ ਸਮਾਜ ਹੈ ਜਾਂ ਅਵਿਕਸਿਤ। ਕਿਉਂਕਿ ਮਨੁੱਖੀ ਮਨ ਜੋ ਕੁਝ ਆਪਣੇ ਵਿਰਸੇ ਵਿੱਚੋਂ ਲਵੇਗਾ ਅਤੇ ਕੁਝ ਆਪਣੇ ਅਨੁਭਵ ਵਿੱਚੋਂ ਵੀ ਅਤੇ ਉਹੀ ਆਪਣੇ ਆਉਣ ਵਾਲਿਆਂ ਨੂੰ ਦੇਵੇਗਾ ਅਤੇ ਉਹ ਵੀ ਇਸੇ ਪ੍ਰਕਿਰਿਆ ਵਿੱਚੋਂ ਗੁਜ਼ਰਨਗੇ। ਇਸ ਤਰ੍ਹਾਂ ਇਸ ਪ੍ਰਵਾਹ ਵਿੱਚ ਖੜੋਤ ਨਹੀਂ ਆ ਸਕਦੀ ਸਗੋਂ ਇਕ ਨਿਰੰਤਰ ਗਤੀਸ਼ੀਲ ਪ੍ਰਵਾਹ ਵਾਂਗ ਚੱਲਦਾ ਰਹੇਗਾ। ਵਿਲੀਅਮ ਬਾਰਨਸ ਆਪਣੀ ਪੁਸਤਕ 'ਲੋਕਧਾਰਾ' ਵਿੱਚ ਲਿਖਦਾ ਹੈ ਕਿ ਲੋਕਧਾਰਾ ਜ਼ਿੰਦਗੀ ਦੇ ਦੋ ਪੱਧਰ ਤੇ ਹੁੰਦੀ ਹੈ : ਇਕ ਬੜਾ ਸਮਝਦਾਰੀ ਭਰਿਆ ਅਤੇ ਦੂਸਰਾ ਬਚਪਨਾ। ਧਾਰਾ ਦਾ ਜ਼ਿਆਦਾ ਕੁਝ ਬੱਚੇ ਆਪਣੇ ਵੱਡਿਆਂ ਤੋਂ ਹੀ ਸਿੱਖਦੇ ਹਨ। ਉਹ ਵੀ ਆਪਣੇ ਬਚਪਨ ਤੋਂ ਪਹਿਲਾਂ ਨਹੀਂ, ਸਗੋਂ ਬਾਅਦ ਵਿੱਚ। ਧਾਰਾ ਦਾ ਇਹ ਪ੍ਰਵਾਹ ਜ਼ਿੰਦਗੀ ਵਿੱਚ ਨਿਰੰਤਰ ਚੱਲਦਾ

ਰਹਿੰਦਾ ਹੈ, ਜਿਸ ਦੇ ਤਹਿਤ ਲੜਕਾ/ਲੜਕੀ ਇਸ ਧਾਰਾ ਨੂੰ ਦੂਸਰਿਆਂ ਤੋਂ ਸਿੱਖਦਾ ਤੇ ਵੰਡਦਾ ਰਹਿੰਦਾ ਹੈ।[18] ਇਸ ਤਰ੍ਹਾਂ ਬਚਪਨ ਵਿੱਚ ਸਿੱਖੀ ਧਾਰਾ ਸਾਰੀ ਜ਼ਿੰਦਗੀ ਨਾਲ ਰਹਿੰਦੀ ਹੈ ਅਤੇ ਸਾਰੇ ਰੀਤੀ ਰਿਵਾਜ, ਵਿਸ਼ਵਾਸ ਅਤੇ ਸਮੇਂ ਦਾ ਉਤਰਾਅ-ਚੜ੍ਹਾਅ ਜਿਹੜੇ ਸਾਡੇ ਬਜ਼ੁਰਗਾਂ ਵੇਖੇ, ਹਮੇਸ਼ਾ ਨਾਲ ਜੁੜੇ ਰਹਿੰਦੇ ਹਨ। ਜਿਸ ਤੋਂ ਸਮਾਜਕ ਵਰਤਾਰਾ ਬਣਦਾ ਹੈ। "ਲੋਕਯਾਨ ਹਰੇਕ ਭੂਗੋਲਿਕ ਖਿੱਤੇ ਦੇ ਸਮਾਜਕ-ਸਮੂੰਚ ਦਾ ਇਤਿਹਾਸਕ ਪਰਿਪੇਖ ਵਿਚ ਰਚਿਆ ਗਿਆ ਮਨੁੱਖੀ ਜੀਵਨ ਦਾ ਉਹ ਪ੍ਰਗਟਾ ਮਾਧਿਅਮ ਹੈ, ਜਿਸਦੇ ਰਾਹੀਂ ਉਹ ਸਮੁੱਚੇ ਸਮਾਜਕ ਮਨੁੱਖੀ ਵਰਤਾਰੇ, ਕੁਦਰਤ ਤੋਂ ਪ੍ਰਾਪਤ ਅਨੁਭਵ ਪ੍ਰਤੀ ਸਮੁੱਚਤਾ ਨੂੰ ਪ੍ਰਗਟਾਉਂਦਾ ਹੈ।"[19]

ਲੋਕਧਾਰਾ ਮਾਨਵ ਜੀਵਨ ਦਾ ਸਹਿਜ ਪ੍ਰਗਟਾਵਾ ਹੈ ਅਤੇ ਆਲੇ-ਦੁਆਲੇ ਦੇ ਪਾਸਾਰ ਵਿੱਚੋਂ ਗ੍ਰਹਿਣ ਹੁੰਦਾ ਹੈ। ਇਹ ਮਾਨਵੀ ਸਮਾਜ ਦੀ ਪ੍ਰਪੱਕ ਜੀਵਨ ਵਿਧੀ ਨੂੰ ਚਲਾਉਂਦਾ ਹੈ ਅਤੇ ਲੋਕਧਾਰਾ ਵਿੱਚ ਪਈ ਸਮੱਗਰੀ ਰਾਹੀਂ ਮਨੁੱਖ ਦੀ ਵਿਲੱਖਣਤਾ ਨੂੰ ਵੀ ਪੇਸ਼ ਕਰਦਾ ਹੈ। ਇਸ ਬਾਰੇ ਡਾ. ਜਗਬੀਰ ਸਿੰਘ ਲਿਖਦਾ ਹੈ, "ਲੋਕਧਾਰਾ ਮਨੁੱਖ ਦੇ ਸਭਿਆਚਾਰਕ ਵਰਤਾਰੇ ਦਾ ਉਹ ਮਹੱਤਵਪੂਰਨ ਪਾਸਾਰ ਹੈ, ਜੋ ਕਿਸੇ ਲੋਕ ਸਮੂਹ ਦੀ ਸਿਰਜਣਾਤਮਕ ਯੋਗਤਾ ਰਾਹੀਂ ਹੋਂਦ ਵਿੱਚ ਆਉਂਦਾ ਹੈ ਅਤੇ ਲੋਕ ਜੀਵਨ ਵਿਚ ਪਰੰਪਰਾ ਬਣ ਕੇ ਪ੍ਰਚੱਲਤ ਹੁੰਦਾ ਹੈ। ਇਹ ਕਿਸੇ ਮਾਨਵੀ ਸਮਾਜ ਦੀ ਪ੍ਰਪੱਕ ਜੀਵਨ ਵਿਧੀ ਦੇ ਸਮੁੱਚੇ ਵਿਸਤਾਰ ਦਾ ਲਖਾਇਕ ਮੰਨਿਆ ਗਿਆ ਹੈ। ਸਮੇਂ ਅਤੇ ਸਥਾਨ ਵਿੱਚ ਖਿਲਰੇ ਹੋਏ ਵੱਖ-ਵੱਖ ਮਨੁੱਖੀ ਭਾਈਚਾਰਿਆਂ ਦੀ ਵਿਲੱਖਣਤਾ ਅਤੇ ਸਵੈ-ਪਛਾਣ ਨੂੰ ਨਿਰਧਾਰਿਤ ਕਰਨ ਵਿੱਚ ਲੋਕਧਾਰਾਈ ਵਿਰਸੇ ਅਤੇ ਪਰੰਪਰਾ ਦਾ ਵਿਸ਼ੇਸ਼ ਤੌਰ ਤੇ ਵਰਣਨਯੋਗ ਮਹੱਤਵ ਹੈ।[20] ਕਿਉਂਕਿ ਆਦਿ ਮਨੁੱਖ ਦਾ ਕੁਦਰਤ ਤੇ ਕੁਦਰਤ ਦੀਆਂ ਚਮਤਕਾਰੀ ਸ਼ਕਤੀਆਂ ਨਾਲ ਵਾਹ ਰਿਹਾ ਹੈ ਅਤੇ ਇਸੇ ਵਿੱਚੋਂ ਹੀ ਡਰ ਤੇ ਪੂਜਾ ਦੀ ਭਾਵਨਾ ਪੈਦਾ ਹੋਈ ਹੈ। ਇਸ ਕਾਰਣ ਲੋਕਧਾਰਾ ਦੀ ਜ਼ਿਆਦਾ ਸਮੱਗਰੀ ਧਾਰਮਿਕ ਵਿਸ਼ਵਾਸਾਂ,ਰਿਵਾਜਾਂ ਆਦਿ ਵਿੱਚ ਪਈ ਮਿਲਦੀ ਹੈ। ਜਿਹੜੀ ਅਸਭਿਅਕ ਜਾਂ ਜ਼ਾਲਮ ਲੋਕਾਂ ਕੋਲੋਂ ਪ੍ਰਾਪਤ ਹੁੰਦੀ ਹੈ। ਲੋਕਧਾਰਾ ਸ਼ਾਸਤਰੀਆਂ ਨੂੰ ਧਰਮ ਦੇ ਸੰਬੰਧ ਵਿੱਚ ਕੁਝ ਕਰਨ ਦੀ ਜ਼ਰੂਰਤ ਨਹੀਂ ਪਰ ਇਹ ਜ਼ਰੂਰ ਪਤਾ ਲੱਗ ਸਕਦਾ ਹੈ ਕਿ ਧਰਮ ਤੇ ਕਾਨੂੰਨ ਕੀ ਹੈ? ਅਤੇ ਧਰਮ ਦੀ ਇਕ ਪੱਧਰ ਤਾਂ ਗ਼ੈਰ-ਮਤਲਬ, ਅੰਧ-ਵਿਸ਼ਵਾਸ ਅਤੇ ਅਮਲ ਕੀ ਹੈ? ਲੋਕਧਾਰਾ ਵਿੱਚ ਇਨ੍ਹਾਂ ਵਿਸ਼ਵਾਸਾਂ ਅਤੇ ਰਿਵਾਜਾਂ ਦਾ ਅਧਿਐਨ ਕੀਤਾ ਜਾਂਦਾ ਹੈ। ਜਾਰਜ ਲਾਰੈਂਸ ਗੋਮੇ ਇਸ ਬਾਰੇ ਆਖਦਾ ਹੈ ਕਿ "ਲੋਕਧਾਰਾ ਸ਼ਾਸਤਰੀਆਂ ਵੱਲੋਂ ਘੱਟ ਵਿਕਸਿਤ ਲੋਕਾਂ ਜਾਂ ਅਸਭਿਅਕ ਲੋਕਾਂ ਦੇ ਵਿਸ਼ਵਾਸ ਤੇ ਰਿਵਾਜਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਕਾਰਨ ਨਹੀਂ ਕਿ ਉਨ੍ਹਾਂ ਦਾ ਬੋਲਬਾਲਾ ਜਾਂ ਉਹ ਪ੍ਰਚੱਲਤ ਹਨ ਸਗੋਂ ਇਸ ਕਰ ਕੇ ਕਿ ਉਨ੍ਹਾਂ ਦਾ ਸਮਝੌਤਾ 'ਲੋਕ' ਅਤੇ ਕਿਸੇ ਵਿਕਸਿਤ ਸਭਿਆਚਾਰ ਦੀ ਘੱਟ ਵਿਕਸਤ ਸਮਾਜ ਦੇ ਰਿਵਾਜਾਂ ਤੇ ਅੰਧਵਿਸ਼ਵਾਸਾਂ ਨਾਲ ਹੈ।[21]

ਲੋਕਧਾਰਾ ਸ਼ਾਸਤਰੀ ਜਾਂ ਵਿਗਿਆਨੀ ਆਪਣਾ ਕੰਮ ਘੱਟ ਵਿਕਸਤ ਲੋਕਾਂ ਨਾਲ ਹੀ ਸ਼ੁਰੂ ਕਰਦਾ ਹੈ। ਉਨ੍ਹਾਂ ਲੋਕਾਂ ਦੀਆਂ ਰੀਤਾਂ, ਰਸਮਾਂ ਅਤੇ ਰਿਵਾਜਾਂ ਦਾ ਅਧਿਐਨ ਕਰੇਗਾ ਅਤੇ ਉਨ੍ਹਾਂ ਦਾ ਮੁਕਾਬਲਾ ਵਿਕਸਤ ਦੇਸ਼ਾਂ ਦੀਆਂ ਰੀਤਾਂ, ਰਸਮਾਂ ਅਤੇ ਰਿਵਾਜਾਂ ਨਾਲ ਕਰਦਾ ਜਾਏਗਾ। ਇਉਂ ਇਸ ਗੱਲ ਦਾ ਸਹਿਜੇ ਹੀ ਪਤਾ ਲੱਗੇਗਾ ਕਿ ਅਵਿਕਸਿਤ ਤੋਂ ਵਿਕਸਤ ਤੱਕ ਦੇ ਸਫ਼ਰ ਵਿੱਚ ਕਿਹੜੇ-ਕਿੜੇ ਮਾਨਸਿਕ ਪੜਾਵਾਂ ਦਾ ਦੌਰ ਲੰਘਿਆ। 'ਲੋਕ' ਦੀ ਮਾਨਸਿਕਤਾ ਦਾ ਵਿਕਾਸ ਕਿਸ ਤਰ੍ਹਾਂ ਹੋਇਆ? ਪੁਰਾਤੱਤਵ ਵਿਗਿਆਨੀਆਂ ਦੀ ਨਵੀਨ ਖੋਜ ਨੇ ਤਾਂ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਪੂਰਵ ਇਤਿਹਾਸਕ ਕਾਲ ਵਿੱਚ ਲੋਕਧਾਰਾ ਦੇ ਚਿੰਨ੍ਹ ਬਰਾਬਰ ਮੌਜੂਦ

ਸਨ ਅਤੇ ਸੱਚ ਹੀ ਹੈ ਕਿ ਆਦਮ ਮਨੁੱਖ ਦੇ ਜੀਵਨ ਦੀ ਹੋਂਦ ਅਤੇ ਜੀਵਨ ਦਾ ਵਿਕਾਸ ਪ੍ਰਕਿਰਤੀ ਉੱਤੇ ਹੀ ਨਿਰਭਰ ਹੁੰਦਾ ਸੀ। ਜੀ. ਐਲ. ਗੋਮੇ ਦੱਸਦਾ ਹੈ ਕਿ "ਇਸ ਸਮੱਗਰੀ ਨੂੰ ਇਕੱਠਾ ਕਰਨਾ ਅਤੇ ਇਸ ਦੀ ਵੰਡ ਕਰਨਾ ਬੜਾ ਮਹੱਤਵਪੂਰਨ ਹੈ, ਇਸ ਨੂੰ ਜ਼ਰੂਰ ਮਾਨਤਾ ਦੇਣੀ ਪਵੇਗੀ। ਲੋਕਧਾਰਾ ਇਕ ਯੋਗ ਸਾਧਨ ਹੈ, ਜਿਹੜਾ ਕਿਸੇ ਦੇਸ਼ ਦੇ ਇਤਿਹਾਸ ਵਿੱਚ ਭੂਤਕਾਲ ਦੇ ਪਰਾ-ਇਤਿਾਸ ਵਿੱਚ ਪ੍ਰਵੇਸ਼ ਕਰਨ ਦਾ ਸਾਧਨ ਹੈ ਅਤੇ ਇਹ ਵੀ ਸਹੀ ਹੈ ਕਿ ਇਹ ਇਕੋ ਇਕ ਸਾਧਨ ਹੈ, ਜਿਸ ਰਾਹੀਂ ਮਨੁੱਖੀ ਦਿਮਾਗ਼ ਦੇ ਵਿਕਾਸ ਨੂੰ ਵੇਖਿਆ ਜਾ ਸਕਦਾ ਹੈ।[22] ਲੋਕਧਾਰਾ ਵਿੱਚੋਂ ਜਿੱਥੇ ਭੂਤਕਾਲ ਨੂੰ ਵੇਖਿਆ ਜਾਂਦਾ ਹੈ ਉਥੇ ਵਰਤਮਾਨ ਸਮੇਂ ਵਿੱਚ ਵਾਪਰਦੀਆਂ ਘਟਨਾਵਾਂ ਆਉਣ ਵਾਲੇ ਕੱਲ੍ਹ ਦੇ ਲੋਕਾਂ ਲਈ ਉਪਯੋਗੀ ਹੁੰਦੀਆਂ ਹਨ। ਇਸੇ ਕਰ ਕੇ ਅਮਰਜੀਤ ਸਿੰਘ ਢਿੱਲੋਂ ਆਖਦਾ ਹੈ, "ਅੱਜ ਦੇ ਲੋਕ ਮਨ ਦੀ ਸਿਰਜਣਾ ਕੱਲ੍ਹ (ਕੱਲ੍ਹ ਜੇਕਰ 50 ਸਾਲ ਦਾ ਹੋਵੇ) ਦੀ ਲੋਕਧਾਰਾ ਹੈ।"[23] ਅਸੀਂ ਤਾਂ ਸਮਕਾਲੀ ਸਮੇਂ ਵਿਚ ਲੋਕਧਾਰਾ ਦੀ ਨਿਭਾਈ ਭੂਮਿਕਾ ਨੂੰ ਅੱਖੀਉਂ ਓਹਲੇ ਨਹੀਂ ਕਰ ਸਕਦੇ। ਜਿਵੇਂ ਰੂਸੀ ਲੋਕਧਾਰਾ ਸ਼ਾਸਤਰੀ ਇਸ ਬਾਰੇ ਆਖਦੇ ਹਨ "ਲੋਕਧਾਰਾ ਪਿਛਲੇ ਸਮੇਂ (ਭੂਤਕਾਲ) ਦੀ ਗੂੰਜ ਹੈ ਅਤੇ ਵਰਤਮਾਨ ਸਮੇਂ ਦੀ ਸ਼ਕਤੀਸ਼ਾਲੀ ਆਵਾਜ਼। ਜੇਕਰ ਅਸੀਂ ਇਸ ਨੂੰ ਜਿਊਂਦਾ ਭੂਤਕਾਲ ਕਹਿ ਦੇਈਏ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਅਸੀਂ ਲੋਕਧਾਰਾ ਦੀ ਸਮਕਾਲੀ ਸਮੇਂ ਵਿੱਚ ਨਿਭਾਈ ਭੂਮਿਕਾ ਨੂੰ ਅੱਖੀਉਂ ਉਹਲੇ ਕਰ ਦਿਆਂਗੇ ਅਤੇ ਸਾਨੂੰ ਇਸ ਦੇ ਸਮਾਜਕ ਕਾਰਜ ਦੀ ਪੂਰੀ ਜਾਣਕਾਰੀ ਨਹੀਂ ਮਿਲ ਸਕੇਗੀ।"[24]

ਲੋਕਧਾਰਾ ਮੁੱਖ ਰੂਪ ਵਿੱਚ ਮੌਖਿਕ ਪਰੰਪਰਾ ਹੈ ਅਤੇ ਲੋਕਧਾਰਾ ਵਿੱਚ ਲਿਖਤ ਸਾਹਿਤ ਨਾਲੋਂ ਮੌਖਿਕ ਸਾਹਿਤ ਦਾ ਯੋਗਦਾਨ ਵਧੇਰੇ ਹੈ ਕਿਉਂਕਿ ਮੌਖਿਕ ਪਰੰਪਰਾ ਰਾਹੀਂ ਕੋਈ ਕਿਰਤ ਪੀੜ੍ਹੀਓ ਪੀੜ੍ਹੀ ਚੱਲਦੀ ਹੈ ਅਤੇ ਪਰਿਵਰਤਿਤ ਹੁੰਦੀ ਹੁੰਦੀ ਸਾਡੇ ਤੱਕ ਪਹੁੰਚਦੀ ਹੈ। ਲੋਕਧਾਰਾ ਦੇ ਪੁਰਾਣੇ ਨਾਵਾਂ ਵਿੱਚੋਂ ਇਕ ਨਾਂ ਇਸ ਦਾ 'ਲੋਕਾਂ ਦਾ ਸਾਹਿਤ' ਅਤੇ 'ਲੋਕਾਂ ਦਾ ਕਾਵਿ' ਵੀ ਰਿਹਾ ਹੈ। ਕਿਉਂਕਿ ਮੌਖਿਕ ਕਿਰਤਾਂ (ਲੋਕ ਗੀਤ, ਲੋਕ ਕਹਾਣੀ, ਕਹਾਵਤਾਂ, ਮੁਹਾਵਰੇ, ਬੁਝਾਰਤਾਂ ਅਤੇ ਹੋਰ) ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਮੌਖਿਕ ਸਾਹਿਤ ਕਿਉਂਕਿ ਹੁੰਦਾ ਹੀ ਮੌਖਿਕ ਹੈ ਅਤੇ ਇਕ ਵਿਅਕਤੀ ਜਦੋਂ ਦੂਸਰੇ ਨੂੰ ਆਪਣੀ ਗੱਲ ਦੱਸਦਾ ਹੈ ਤਾਂ ਕੁਦਰਤੀ ਤੌਰ ਤੇ ਉਸ ਵਿਚ ਤਬਦੀਲੀ ਆ ਜਾਂਦੀ ਹੈ ਅਤੇ ਉਹੀ ਗੱਲ ਜਦੋਂ ਉਪਭਾਸ਼ਾ ਵਿੱਚ ਪਹੁੰਚਦੀ ਹੈ ਤਾਂ ਭਾਸ਼ਾਈ ਤਬਦੀਲੀ ਵੀ ਆ ਜਾਂਦੀ ਹੈ। ਇਸੇ ਕਰ ਕੇ ਲੋਕ ਸਾਹਿਤ ਵਿੱਚ ਖੜੋਤ ਨਹੀਂ ਆ ਸਕਦੀ ਪਰ ਜਦੋਂ ਕੋਈ ਰਚਨਾ ਲਿਖਤ ਵਿਚ ਆ ਜਾਵੇ ਤਾਂ ਫਿਰ ਉਸ ਵਿਚ ਤਬਦੀਲੀ ਦੀ ਗੁੰਜਾਇਸ਼ ਘੱਟ ਜਾਂਦੀ ਹੈ। ਪੀ. ਐਨ. ਸੈਕੁਲਿਨ ਅਨੁਸਾਰ ਵੀ ਮੌਖਿਕ ਕਾਵਿ ਹਰ ਯੁੱਗ ਵਿੱਚ ਹੁੰਦਾ ਹੈ।[25] ਐਸ. ਡਾਰਸਨ ਆਪਣੀ ਪੁਸਤਕ ਫੋਕਲੋਰ ਐਂਡ ਫੇਕਲੋਰ ਵਿੱਚ ਮੌਖਿਕ ਤਰੀਕੇ ਤੋਂ ਲੋਕਧਾਰਾ ਤੱਕ ਦਾ ਸਫ਼ਰ ਦੱਸਦਾ ਹੈ। ਲੋਕਧਾਰਾ ਮੌਖਿਕ ਸਾਹਿਤ ਅਤੇ ਮੌਖਿਕ ਇਤਿਹਾਸ ਵਿੱਚ ਪਰੰਪਰਾ ਸ਼ਬਦ ਨਾਲ ਵਾਧਾ ਕਰ ਕੇ ਇਸ ਦਾ ਸੰਬੰਧ ਦੱਸ ਸਕਦੀ ਹੈ। ਜਿਵੇਂ-

ਮੌਖਿਕ ਸਾਹਿਤ
ਅਪਰੰਪਰਾਗਤ ਮੌਖਿਕ ਸਾਹਿਤ
ਮੌਖਿਕ ਸਾਹਿਤਕ ਪਰੰਪਰਾ
ਮੌਖਿਕ ਪਰੰਪਰਾ

ਮੌਖਿਕ ਇਤਿਹਾਸ

ਮੌਖਿਕ ਪਰੰਪਰਾਗਤ ਇਹਿਤਾਸ
ਗੈਰ ਪਰੰਪਰਾਗਤ ਇਤਿਹਾਸ
ਮੌਖਿਕ ਇਤਿਹਾਸ ਪਰੰਪਰਾ
ਲੋਕਧਾਰਾ [26]

ਜੇ. ਰਸਲਰੀਐਵਲ, ਜਾਰਜ ਡਬਲਿਊ ਬਾਸਵੈਲ ਆਪਣੀ ਪੁਸਤਕ "ਫੰਡਾਮੈਂਟਲਸ ਆਫ ਫੋਕਲੋਰ" ਦੀ ਭੂਮਿਕਾ ਵਿਚ ਦੱਸਦਾ ਹੈ ਕਿ "ਲੋਕਧਾਰਾ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ, ਕਾਰਜ, ਵਿਗਿਆਨ, ਭਾਸ਼ਾ ਵਿਗਿਆਨ ਅਤੇ ਸਾਹਿਤ।

ਕਾਰਜ ਵਿੱਚ ਨਕਲ, ਸਰੀਰਕ ਹਿਲਜੁੱਲ ਦੀ ਕਲਾਤਮਕ ਪੇਸ਼ਕਾਰੀ, ਸੰਕੇਤਕ ਭਾਸ਼ਾ, ਸਰੀਰਕ ਭਾਸ਼ਾ, ਵਿਹਾਰਕ ਮਜ਼ਾਕ, ਖੇਡਾਂ ਅਤੇ ਹੋਰ ਮਨੋਰੰਜਨ ਰਿਵਾਜ, ਸੁਆਂਗ, ਧਾਰਮਿਕ ਅਤੇ ਦੂਸਰੀਆਂ ਰਸਮਾਂ, ਨਾਚ ਅਤੇ ਸਾਜ਼ਾਂ ਦਾ ਸੰਗੀਤ ਸ਼ਾਮਿਲ ਹਨ ਪਰ ਇਸ ਦਾ ਇਹ ਅਰਥ ਨਹੀਂ ਕਿ ਇਸ ਵਿੱਚ ਭਾਸ਼ਾ ਵਿਗਿਆਨ ਅਤੇ ਵਿਗਿਆਨ ਦੀ ਦਖ਼ਲ-ਅੰਦਾਜ਼ੀ ਨਹੀਂ। ਵਿਗਿਆਨ ਵਿੱਚ ਸਾਰੇ ਵਿਸ਼ਵਾਸ, ਵਿਚਾਰ ਅਤੇ ਲੋਕ ਦਰਸ਼ਨ, ਮਿੱਥ, ਬੁੱਧੀ, ਭੂਤਾਂ ਦੀਆਂ ਕਹਾਣੀਆਂ, ਅਗੰਮਵਾਕ, ਸਰਾਪ ਅਤੇ ਇਲਾਜ ਸ਼ਾਮਲ ਹਨ। ਭਾਸ਼ਾ ਵਿਗਿਆਨਕ ਲੋਕਧਾਰਾ ਵਿੱਚ ਭਾਸ਼ਾ, ਭਾਵ ਅੰਸ਼, ਉਪਭਾਸ਼ਾ, ਵਾਕ, ਉਪਵਾਕ, ਵਾਕ ਅੰਸ਼, ਖੁਸ਼ੀ, ਆਇਤ, ਵਿਚਾਰ, ਮਜ਼ਾਕ, ਝੂਠ (incantations), ਦਇਆ, ਸ੍ਰਾਪ, ਕਹਾਵਤਾਂ ਅਤੇ ਬੁਝਾਰਤਾਂ ਆਉਂਦੀਆਂ ਹਨ। ਇਹ ਸਾਰਾ ਕੁਝ ਚੌਥੇ ਪੱਖ ਸਾਹਿਤ ਵਿਚ ਵੇਖਣ ਨੂੰ ਮਿਲਦਾ ਹੈ। ਲੋਕ-ਸਾਹਿਤ ਵਿੱਚ ਕਹਾਣੀ, ਦੰਤ-ਕਥਾ, ਮਹਾਂਕਾਵਿ, ਨਾਟਕਾਂ, ਵਾਰਾਂ ਅਤੇ ਗੀਤ ਆਉਂਦੇ ਹਨ ਪਰ ਇਹ ਦੂਸਰਿਆਂ ਤੇ ਅਧਾਰਿਤ ਹੈ। ਲੋਕਧਾਰਾ ਦੀ ਵਧੀਆ ਪੇਸ਼ਕਾਰੀ ਉਹੀ ਸਾਹਿਤਕ ਵੰਨਗੀਆਂ ਹਨ, ਜਿਸ ਵਿੱਚ ਉਪਰੋਕਤ ਸਮੱਗਰੀ ਸ਼ਾਮਲ ਹੋਵੇ। ਸਮੱਗਰੀ ਉਹ ਭਾਵੇਂ ਗੀਤ, ਕਾਵਿ, ਮਹਾਂਕਾਵਿ ਜਾਂ ਲੋਕ ਕਹਾਣੀ ਹੋਵੇ। [27] ਇਸ ਤਰ੍ਹਾਂ ਇਸ ਚਾਰ ਕਿਸਮ ਦੀ ਵੰਡ ਵਿੱਚ ਪਹਿਲੀਆਂ ਤਿੰਨਾਂ ਨੂੰ ਸਾਹਿਤ ਦੁਆਰਾ ਵੇਖਿਆ ਜਾ ਸਕਦਾ ਹੈ। ਲੋਕਧਾਰਾ ਵਿੱਚ ਕੀ ਕੁਝ ਸ਼ਾਮਲ ਹੈ, ਇਸ ਬਾਰੇ ਇਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸਜ਼ ਵਿੱਚ ਲਿਖਿਆ ਗਿਆ ਹੈ ਕਿ ਲੋਕਧਾਰਾ ਵਿੱਚ ਲੋਕ ਕਲਾ, ਲੋਕ ਸ਼ਿਲਪ, ਲੋਕ ਸੰਦ੍ਹਾਂ, ਲੋਕ ਪਹਿਰਾਵਾ, ਲੋਕ ਰਿਵਾਜ, ਲੋਕ ਵਿਸ਼ਵਾਸ, ਲੋਕ ਚਕਿਤਸਾ, ਲੋਕ ਖਾਣੇ, ਲੋਕ ਸੰਗੀਤ, ਲੋਕ ਨਾਚ, ਲੋਕ ਖੇਡਾਂ, ਲੋਕ ਸਰੀਰਕ ਮੁਦਰਾਵਾਂ, ਲੋਕ ਭਾਸ਼ਾ ਅਤੇ ਮੌਖਿਕ ਸਾਹਿਤ ਜਿਸ ਨੂੰ ਵਧੀਆ ਤਰੀਕੇ ਨਾਲ ਮੌਖਿਕ ਕਲਾ ਕਿਹਾ ਜਾ ਸਕਦਾ ਹੈ, ਜਿਸ ਵਿੱਚ ਲੋਕ ਕਹਾਣੀ, ਦੰਤ ਕਥਾਵਾਂ, ਮਿਥਾਂ,ਕਹਾਵਤਾਂ, ਬੁਝਾਰਤਾਂ ਅਤੇ ਕਵਿਤਾ, ਜਿਹੜੀ ਲੋਕਧਾਰਾ ਸ਼ਾਸਤਰੀਆਂ ਅਤੇ ਸਮਾਜ ਵਿਗਿਆਨ ਰਾਹੀਂ ਲੋਕਧਾਰਾਂ ਦਾ ਅਧਿਐਨ ਕਰਨ ਵਿੱਚ ਸਹਾਇਕ ਹੈ, ਆਦਿ ਸਭ ਕੁਝ ਸ਼ਾਮਲ ਹੁੰਦਾ ਹੈ। [28] ਲੋਕਧਾਰਾ ਨੂੰ ਹੋਰ ਵਧੀਆ ਤਰੀਕੇ ਨਾਲ ਸਮਝਣ ਲਈ ਇਸ ਦਾ ਵਰਗੀਕਰਨ ਵੇਖ ਸਕਦੇ ਹਾਂ, ਜਿਹੜਾ ਕਿ ਵੱਖ-ਵੱਖ ਵਿਦਵਾਨਾਂ ਵੱਲੋਂ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਸੋਫੀਆ ਬਰਨ ਅਤੇ ਜਾਰਜ ਲਾਰੈਂਸ ਗੋਮੇ ਦਾ ਵਰਗੀਕਰਨ ਵੇਖਣਯੋਗ ਹੈ। ਸੋਫ਼ੀਆ ਬਰਨ ਨੇ ਲੋਕਧਾਰਾ ਨੂੰ ਤਿੰਨਾਂ ਭਾਗਾਂ ਵਿੱਚ ਵੰਡਿਆ ਹੈ :

**I. ਉਹ ਵਿਸ਼ਵਾਸ ਤੇ ਵਿਹਾਰ ਜਿਨ੍ਹਾਂ ਦਾ ਸੰਬੰਧ ਹੇਠ ਲਿਖੀਆਂ ਚੀਜ਼ਾਂ ਨਾਲ ਹੈ:**

1. ਧਰਤੀ ਤੇ ਆਕਾਸ਼
2. ਬਨਸਪਤੀ ਜਗਤ

3. ਪਸ਼ੂ ਜਗਤ
4. ਮਾਨਵ
5. ਮਨੁੱਖ ਵੱਲੋਂ ਬਣਾਈਆਂ ਚੀਜ਼ਾਂ
6. ਆਤਮਾ ਤੇ ਪੁਨਰ ਜਨਮ
7. ਪਰਮ ਮਨੁੱਖ (ਦੇਵੀ ਅਤੇ ਦੇਵਤਾ)
8. ਸ਼ਗਨ, ਅਪਸ਼ਗਨ, ਭਵਿੱਖਬਾਣੀ ਆਦਿ
9. ਜਾਦੂ, ਟੂਣਾ, ਟੋਟਕਾ
10. ਰੋਗ, ਬਿਮਾਰੀ ਅਤੇ ਜੋਕ ਵਾਂਗ ਲਹੂ ਚੂਸਣਾ

**II. ਰੀਤੀ ਰਿਵਾਜ**

1. ਸਮਾਜਕ ਤੇ ਰਾਜਨੀਤਕ ਸੰਸਥਾਵਾਂ
2. ਵਿਅਕਤੀਗਤ ਜੀਵਨ ਦਾ ਵਿਧੀ-ਵਿਧਾਨ
3. ਕੰਮ, ਧੰਦਾ, ਪੇਸ਼ਾ ਅਤੇ ਉਦਯੋਗ
4. ਸਾਲ ਵਿੱਚ ਹੋਣ ਵਾਲੇ ਵਰਤ ਤੇ ਤਿਉਹਾਰ
5. ਖੇਡਾਂ ਤੇ ਮਨੋਰੰਜਨ ਦੇ ਸਾਧਨ।

3. ਲੋਕ ਕਥਾ, ਗੀਤ ਤੇ ਕਹਾਵਤਾਂ

1. ਲੋਕ ਕਥਾ-1. ਸੱਚੀ ਕਥਾ 2. ਮਨੋਰੰਜਨ ਕਥਾ
2. ਲੋਕ-ਗੀਤ ਤੇ ਲੋਕ-ਗਾਥਾ
3. ਲੋਕੋਕਤੀਆਂ ਤੇ ਬੁਝਾਰਤਾਂ
4. ਲੋਕੋਕਤੀਆਂ ਅਤੇ ਸਥਾਨਕ ਕਹਾਵਤਾਂ [29]

ਜਾਰਜ ਲਾਰੈਂਸ ਗੋਮੇ ਵੱਲੋਂ ਕੀਤਾ ਗਿਆ ਵਰਗੀਕਰਣ ਇਸ ਪ੍ਰਕਾਰ ਹੈ- ਉਸ ਨੇ ਲੋਕਧਾਰਾ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਹੈ,

**I. ਅੰਧ ਵਿਸ਼ਵਾਸ, ਵਿਸ਼ਵਾਸ ਅਤੇ ਵਿਹਾਰ**

1. ਮਹਾਨ ਕੁਦਰਤੀ ਵਸਤੂਆਂ ਨਾਲ ਸੰਬੰਧਤ ਅੰਧ-ਵਿਸ਼ਵਾਸ
2. ਰੁੱਖਾਂ ਅਤੇ ਪੌਦਿਆਂ ਸੰਬੰਧੀ ਅੰਧ-ਵਿਸ਼ਵਾਸ
3. ਪਸ਼ੂਆਂ ਨਾਲ ਸੰਬੰਧਿਤ ਅੰਧ-ਵਿਸ਼ਵਾਸ
4. Godlindom ਅਧਿਕਸ਼ਕਤੀ ਨਾਲ ਸੰਬੰਧਿਤ ਅੰਧ ਵਿਸ਼ਵਾਸ
5. ਜਾਦੂਗਰੀ ਅਤੇ ਟੂਣਾ ਟੋਟਕਾ
6. ਜੋਕ ਵਾਂਗ ਖ਼ੂਨ ਚੂਸਣਾ
7. ਜਾਦੂ ਅਤੇ ਭਵਿੱਖਬਾਣੀ
8. ਆਉਣ ਵਾਲੀ ਜ਼ਿੰਦਗੀ ਨਾਲ ਸੰਬੰਧਤ ਵਿਸ਼ਵਾਸ
9. ਆਮ ਅੰਧ-ਵਿਸ਼ਵਾਸ

**II. ਪਰੰਪਰਾਗਤ ਰੀਤੀ ਰਿਵਾਜ**

1. ਤਿਉਹਾਰ ਦੇ ਰੀਤੀ ਰਿਵਾਜ
2. ਰਸਮੀ ਰੀਤੀ-ਰਿਵਾਜ
3. ਖੇਡਾਂ

4. ਸਥਾਨਕ ਰੀਤੀ-ਰਿਵਾਜ

**III. ਪਰੰਪਰਾਗਤ ਬ੍ਰਿਤਾਂਤ**

1. ਨਰਸਰੀ ਕਹਾਣੀਆਂ ਅਤੇ ਪਰੀ ਕਹਾਣੀਆਂ ਨਾਇਕ ਕਹਾਣੀ, ਮਜ਼ਾਕ ਮਨਘੜਤ ਕਹਾਣੀ ਅਤੇ ਖਿਮਾਂ ਜਾਚਨਾ

2. ਸਿਰਜਨਾ ਜਾਂ ਉਤਪਤੀ, ਹੜ੍ਹ, ਅੱਗ ਅਤੇ ਕਿਆਮਤ ਸੰਬੰਧੀ ਮਿਥਾਂ

3. ਲੋਕ ਗਾਥਾ ਅਤੇ ਗੀਤ

4. ਸਥਾਨਕ ਦੰਤ ਕਥਾਵਾਂ ਅਤੇ ਗੀਤਾਂ

**IV. ਲੋਕ ਕਹਾਵਤਾਂ**

1. ਛਣਕਾਉਣਾ, ਨਰਸਰੀ, ਕਵਿਤਾਵਾਂ, ਬੁਝਾਰਤਾਂ ਆਦਿ

2. ਲੋਕੋਕਤੀਆਂ

3. ਛੋਟੇ ਨਾਮ ਅਤੇ ਸਥਾਨਕ ਕਵਿਤਾਵਾਂ

ਇਸ ਤਰ੍ਹਾਂ ਹੋਰ ਵਿਦਵਾਨਾਂ ਜਿਨ੍ਹਾਂ ਵਿੱਚ ਪ੍ਰੋ. ਕਰੇਪ ਨੇ

1. ਲੋਕ ਸਾਹਿਤ 2. ਲੋਕ-ਵਿਸ਼ਵਾਸ 3. ਜਾਦੂ-ਟੂਣਾ 4. ਰੀਤੀ ਰਿਵਾਜਾਂ ਅਤੇ ਵਿਧੀ-ਵਿਧਾਨ ਵਿੱਚ ਵੰਡਿਆ ਹੈ।[30]

ਇਸ ਤਰ੍ਹਾਂ ਇਨ੍ਹਾਂ ਸਾਰੀਆਂ ਰਾਵਾਂ ਅਤੇ ਵਿਚਾਰਾਂ ਦੇ ਅਧਿਐਨ ਉਪਰੰਤ ਅਸੀਂ ਲੋਕਧਾਰਾ ਬਾਰੇ ਗਿਆਨ ਪ੍ਰਾਪਤ ਕਰਦੇ ਹਾਂ ਕਿ ਇਹ ਆਦਿ ਕਾਲ ਤੋਂ ਮਨੁੱਖ ਦੇ ਕੁਦਰਤ ਦੇ ਦਵੰਦਾਤਮਕ ਰਿਸ਼ਤੇ ਵਿੱਚੋਂ ਪੈਦਾ ਹੋਈ ਹੈ ਅਤੇ ਮਨੁੱਖ ਨੂੰ ਸਦਾ ਤੋਂ ਹੀ ਪ੍ਰਭਾਵਿਤ ਕਰਦੀ ਰਹੀ ਹੈ। ਇਹ ਪੀੜ੍ਹੀਓ ਪੀੜ੍ਹੀ ਪਰੰਪਰਾਗਤ ਰੂਪ ਅੱਗੇ ਤੁਰਦੀ ਰਹਿੰਦਾ ਹੈ। ਇਸੇ ਵਿੱਚ ਸਾਡਾ ਭੂਤਕਾਲ, ਵਰਤਮਾਨ ਅਤੇ ਭਵਿੱਖ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਲੋਕਧਾਰਾ ਮਨੁੱਖ ਦਾ ਅਹਿਮ ਹਿੱਸਾ ਹੈ।

## ਲੋਕਧਾਰਾ ਦੀ ਪਰਿਭਾਸ਼ਾ

ਭਾਵੇਂ ਕਿ ਲੋਕਧਾਰਾ ਮਨੁੱਖਤਾ ਜਿੰਨੀ ਹੀ ਪੁਰਾਣੀ ਹੈ ਪਰ ਪੰਜਾਬੀ ਦੇ ਇਸ ਸਮਾਂਨਤਰ ਸ਼ਬਦ (Folklore) ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ। ਇਸ ਸ਼ਬਦ ਦਾ ਨਿਰਮਾਣ ਵਿਲੀਅਮ ਟਾਮਸ ਨੇ 1846 ਵਿੱਚ ਕੀਤਾ। ਇਸ ਤੋਂ ਪਹਿਲਾਂ ਇਸ ਸ਼ਬਦ ਲਈ ਬਹੁਤ ਸਾਰੇ ਸ਼ਬਦ ਜਿਵੇਂ ਪੁਰਾਤਤਵ ਸਮੱਗਰੀ, ਲੋਕਪ੍ਰਿਯ ਪਰੰਪਰਾ (popular antiquity) ਜਾਂ ਲੋਕਪ੍ਰਿਯਾ ਸਾਹਿਤ (popular literature) ਸ਼ਬਦਾਂ ਦਾ ਪ੍ਰਯੋਗ ਹੁੰਦਾ ਰਿਹਾ। ਇਸ ਸ਼ਬਦ ਦਾ ਪ੍ਰਯੋਗ 1846 ਵਿੱਚ ਵਿਲੀਅਮ ਟਾਮਸ ਨੇ ਇਮਰੋਜ ਮਾਰਟਿਨ ਦੇ ਪੱਤਰ 'ਦਾ ਐਨਥਨੀਅਮ' (The Antheneum) ਵਿਚ ਕਲਪੀ ਨਾਂ ਹੇਠ ਕੀਤਾ। ਉਸ ਨੇ ਇਹ ਸ਼ਬਦ ਪ੍ਰਾਚੀਨ ਵਸਤਾਂ ਜਾਂ ਲੋਕਪ੍ਰਿਯ ਸਾਹਿਤ ਲਈ ਵਰਤਿਆ। ਟਾਮਸ ਦੇ ਫੋਕਲੋਰ ਅਧੀਨ ਰੀਤੀ, ਪ੍ਰਥਾ, ਵਿਧੀ ਵਿਧਾਨ, ਅੰਧ-ਵਿਸ਼ਵਾਸ, ਲੋਕ-ਗਾਥਾ ਅਤੇ ਲਕੋਕਤੀਆਂ ਆਦਿ ਸ਼ਾਮਲ ਸਨ।[31] ਟਾਮਸ ਨੇ ਸੰਪਾਦਕ ਨੂੰ ਇਹ ਵੀ ਲਿਖਿਆ ਕਿ ਜਿਨ੍ਹਾਂ ਲੋਕਾਂ ਨੇ ਪੁਰਾਣੇ ਰੀਤੀ ਰਿਵਾਜ, ਪ੍ਰਥਾਵਾਂ ਅਤੇ ਲੋਕ ਵਿਸ਼ਵਾਸ ਦਾ ਅਧਿਐਨ ਕੀਤਾ ਹੈ। ਉਹ ਦੋ ਨਿਰਣਿਆਂ ਤੇ ਜ਼ਰੂਰ ਪਹੁੰਚ ਗਏ ਹੋਣਗੇ।

1. ਇਹ ਸਮੱਗਰੀ ਕਿੰਨੀ ਮੁੱਲਵਾਨ ਹੈ ਉਹ ਜਾਂ ਤਾਂ ਨਸ਼ਟ ਹੋ ਰਹੀ ਹੈ ਜਾਂ ਹੋ ਗਈ ਹੈ।

2. ਅੱਜ ਦੇ ਸਮੇਂ ਵਿੱਚ ਵੀ ਯਤਨ ਕਰ ਕੇ ਇਸ ਸਮੱਗਰੀ ਨੂੰ ਬਚਾਇਆ ਜਾ ਸਕਦਾ ਹੈ।

ਇਸ ਤੋਂ ਪਤਾ ਲੱਗਦਾ ਹੈ ਕਿ ਫੋਕਲੋਰ ਦੀ ਕੀਮਤੀ ਸਮੱਗਰੀ ਦੇ ਨਸ਼ਟ ਹੋਣ ਦਾ ਆਰੰਭ ਹੋ

ਗਿਆ ਸੀ।[32]

ਫੋਕਲੋਰ ਸ਼ਬਦ ਦੇ ਸਮਾਨ ਅਰਥੀ ਸ਼ਬਦਾਂ ਵਿੱਚ ਡਾ. ਥਿੰਦ ਵੱਲੋਂ 'ਲੋਕਯਾਨ' ਸੁਹਿੰਦਰ ਸਿੰਘ ਬੇਦੀ ਤੇ ਹਰਭਜਨ ਸਿੰਘ 'ਲੋਕਧਾਰਾ' 'ਲੋਕ ਵੇਦ' ਪਾਕਿਸਤਾਨੀ ਵਿਦਵਾਨ 'ਲੋਕ ਵਿਰਸਾ' ਆਦਿ ਵਰਤਦੇ ਹਨ। ਲੋਕ ਸ਼ਬਦ (folk) ਦਾ ਸਮਾਨਾਰਥਕ ਹੈ ਅਤੇ ਯਾਨ, ਧਾਰਾ, ਵਿਰਸਾ, ਵੇਦ (lore) ਆਦਿ। ਡਾ. ਬਾਕਰ ਨੇ ਲੋਕ ਸ਼ਬਦ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ 'ਫੋਕ' ਸ਼ਬਦ ਨਾਲ ਸਭਿਅਤਾ ਤੋਂ ਦੂਰ ਰਹਿਣ ਵਾਲੀ ਕਿਸੇ ਪੂਰੀ ਜਾਤੀ ਦਾ ਗਿਆਨ ਹੁੰਦਾ ਹੈ। ਇਸ ਦੇ ਅਰਥਾਂ ਵਿੱਚ ਰਾਸ਼ਟਰ, ਜਾਤੀ, ਜਨ-ਸਮੂਹ ਜਾਂ ਵਰਗ ਵਿਸ਼ੇਸ਼ ਦੇ ਲੋਕ ਆਉਂਦੇ ਹਨ। 'ਫੋਕ' ਦੀ ਧਾਰਨਾ ਲੋਕ ( masses) ਅਤੇ ਲੋਕ (people) ਤੋਂ ਵੱਖਰੀ ਹੈ। ਲੋਕ-ਲਹਿਰ, ਲੋਕਤੰਤਰ ਵਿਚਲੇ 'ਲੋਕ' ਦੇ ਅਰਥਾਂ ਨਾਲੋਂ 'ਫੋਕਲੋਰ' ਵਿਚਲੇ ਅਰਥ ਲੋਕ-ਸਾਹਿਤ, ਲੋਕ-ਸੰਗੀਤ ਅਤੇ ਲੋਕ-ਕਲਾ ਵਾਲੇ ਅਰਥਾਂ ਨਾਲੋਂ ਅੱਡਰੇ ਹਨ। ਐਨਸਾਈਕਲੋਪੀਡੀਆ ਬ੍ਰਿਟੇਨਿਕਾ ਅਨੁਸਾਰ 'ਫੋਕਲੋਰ' ਦੇ ਸੰਦਰਭ ਵਿੱਚ ਫੋਕ ਦੇ ਭਾਵ ਆਮ ਤੌਰ 'ਤੇ ਅਸਭਿਆ ਜਾਤੀਆਂ ਦੇ ਕਬੀਲੇ, ਜਨ-ਸਮੂਹ ਦੀਆਂ ਨੀਵੀਆਂ ਜਾਤੀਆਂ ਤੇ ਗੁੱਟ ਹਨ ਜੋ ਸਭਿਅਤਾ ਤੋਂ ਹਟ ਕੇ ਪੁਰਾਣੀ ਵਿਚਾਰਧਾਰਾ ਦੇ ਧਾਰਨੀ ਹੋਣ।[33]

ਦੂਸਰਾ ਸ਼ਬਦ 'ਲੋਰ' (lore) ਹੈ ਜੋ (lar) ਲਰ ਤੋਂ ਐਂਗਲੋ ਸੈਕਸ਼ਨ ਸ਼ਬਦ ਨਿਕਲਿਆ ਹੈ। ਜਿਸ ਦਾ ਭਾਵ ਹੈ 'ਜਿਹੜਾ ਸਿੱਖਿਆ ਜਾਵੇ'। ਇਸ ਤਰ੍ਹਾਂ ਇਸ ਦੇ ਕੋਸ਼ੀ ਅਰਥ 'ਵਿਦਿਆ', 'ਗਿਆਨ', 'ਸਿਧਾਂਤ' ਦੇ ਹਨ. ਡਾ. ਥਿੰਦ ਨੇ ਬੋਧੀ ਸੰਪਰਦਾਵਾਂ ਮਹਾਯਾਨ, ਹੀਨ ਯਾਨ ਅਤੇ ਸ੍ਰਾਵਕਯਾਨ ਆਦਿ ਵਿਚ 'ਯਾਨ' ਸ਼ਬਦ ਤੋਂ ਲੈ ਕੇ ਲੋਰ ਦੇ ਸਮਾਨਅਰਥੀ ਬਣਾਇਆ ਹੈ। 'ਯਾਨ' ਤੋਂ ਭਾਵ 'ਜਾਣਾ' ਜਾਂ ਸਵਾਰੀ ਸਾਧਨ ਜਾਂ ਵਾਹਕ ਵੀ ਹੈ। ਬੁੱਧ ਸੰਪਰਦਾਵਾਂ ਵੀ ਉਸ ਵਾਹਨ ਦੀਆਂ ਸੂਚਕ ਹਨ, ਜਿਨ੍ਹਾਂ ਰਾਹੀਂ ਬੋਧੀ ਸਾਧਕ ਆਪਣੇ ਲਕਸ਼ ਤੱਕ ਪੁਜਦੇ ਹਨ। ਇਸ ਧਾਰਨਾ ਅਨੁਸਾਰ 'ਲੋਕਯਾਨ' ਉਹ ਸਾਂਸਕ੍ਰਿਤਕ ਵਾਹਨ ਹੈ ਜਿਸ ਉੱਤੇ ਚੜ੍ਹ ਕੇ ਲੋਕ ਆਪਣੇ ਜੀਵਨ ਦੀ ਮਾਨਸਿਕ, ਸਮਾਜਕ ਤੇ ਸਾਂਸਕ੍ਰਿਤਕ ਯਾਤਰਾ ਕਰਦੇ ਹਨ।[34]

ਲੋਰ ਵਾਂਗ 'ਯਾਨ' ਸ਼ਬਦ ਦੀ ਗਤੀਸ਼ੀਲਤਾ ਦਾ ਲਖਾਇਕ ਹੈ। ਲੋਕਯਾਨ ਤੇ ਫੋਕਲੋਰ ਦੋਨੋਂ ਹੀ ਲੋਕ ਗਿਆਨ ਦੀ ਢੁਕਵੀਂ ਪ੍ਰਤੀਨਿਧਤਾ ਕਰਦੇ ਹਨ। ਲੋਕ ਜੀਵਨ ਦਾ ਪ੍ਰਵਾਹ ਅਮੁੱਕ ਹੈ ਅਤੇ 'ਲੋਕ' ਜੀਵਨ ਦਾ ਮਹਾਂਸਾਗਰ ਹੈ ਜਿਸ ਦੇ 'ਯਾਨ' ਵਿੱਚ ਭੂਤ ਤੇ ਵਰਤਮਾਨ ਸੰਚਿਤ ਹਨ। ਮਾਨਵਤਾ ਦੇ ਹਰੇਕ ਸੁੰਦਰ ਅਨੁਭਵ ਨੂੰ ਲੋਕਾਂ ਨੇ ਸੁਰੱਖਿਅਤ ਰੱਖਿਆ ਹੋਇਆ ਹੈ। ਮਨੁੱਖ ਦਾ ਸਾਰਾ ਕਿੱਤਾਗਤ ਗਿਆਨ, ਵਿਗਿਆਨ, ਹੁਨਰ, ਸਾਹਿਤ ਦੇ ਵਿਵਿਧ ਰੂਪ ਕਲਾ ਦੀਆਂ ਵਿਭਿੰਨ ਵੰਨਗੀਆਂ, ਪੰਜ ਹਜ਼ਾਰ ਤੋਂ ਵੱਧ ਮਾਨਵੀ ਭਾਸ਼ਾਵਾਂ, ਹੁਲਾਸ ਪ੍ਰਦਾਨ ਕਰਨ ਵਾਲੀਆਂ ਮਨੋਰੰਜਨੀ ਕਲਾਵਾਂ, ਜਿਵੇਂ ਨਾਚ, ਬਾਤਾਂ, ਕਥਾਵਾਂ, ਸੁਰ ਸੰਗੀਤ, ਮਰਿਯਾਦਾ, ਆਚਾਰੀ, ਸਿਸ਼ਟਤਾ ਅਤੇ ਵਿਲਾਸੀ ਸੰਬੰਧਾਂ ਦੀ ਕਾਮੁਕਤਾ ਆਦਿਕ ਬੜੇ ਨਿਸੰਗ ਰੂਪ ਵਿੱਚ ਲੋਕ ਸ਼ਬਦ ਨਾਲ ਜੁੜਿਆ ਹੋਇਆ ਹੈ।[35]

ਫੋਕਲੋਰ ਲਈ ਵਰਤਿਆ ਜਾਂਦਾ ਸ਼ਬਦ ਲੋਕਧਾਰਾ ਵਣਜਾਰਾ ਬੇਦੀ ਨੇ ਵਰਤਿਆ ਸੀ। ਇਸ ਸ਼ਬਦ ਦੀ ਬਣਤਰ ਤੇ ਸੁਭਾਅ ਪੰਜਾਬੀ ਉਚਾਰਣ ਦੇ ਅਨੁਕੂਲ ਹੈ। ਇਸ ਸ਼ਬਦ ਦੀ ਵੀ ਬਰਾਬਰ ਮਾਨਤਾ ਹੈ। ਸ਼ਬਦ ਲੋਕਧਾਰਾ ਨੂੰ ਫੋਕਲੋਰ ਦਾ ਪਰਿਆਇ ਨਿਸ਼ਚਿਤ ਕਰਦੇ ਸਮੇਂ ਡਾ. ਬੇਦੀ ਦਾ ਕਥਨ ਹੈ ਕਿ 1950 ਵਿੱਚ ਜਦੋਂ ਮੈਂ ਫੋਕਲੋਰ ਨੂੰ ਆਪਣੇ ਅਧਿਐਨ ਦਾ ਵਿਸ਼ਾ ਚੁਣਿਆ ਤਾਂ ਅਨੇਕ ਸਮੱਸਿਆਵਾਂ ਦੇ ਨਾਲ-ਨਾਲ ਇਕ ਸਮੱਸਿਆ 'ਫੋਕਲੋਰ' ਦੇ ਪੰਜਾਬੀ ਪਰਿਆਇ ਦੀ

ਉਤਪੰਨ ਹੋਈ। ਫੋਕਲੋਰ ਦੇ ਸਾਰੇ ਡਿਸਪਲਨਾਂ (ਅਨੁਸਾਸ਼ਨਾਂ) ਨੂੰ ਵਿਚਾਰਨ ਅਤੇ ਉਸਦੇ ਬਹੁ-ਬਿਧ ਰੂਪਾਂ ਦੇ ਚਰਿੱਤਰ ਨੂੰ ਸਮਝਣ ਮਗਰੋਂ ਮੈਂ 'ਲੋਕਧਾਰਾ' ਸ਼ਬਦ ਸਿਰਜਿਆ। ਉਦੋਂ ਫੋਕਲੋਰ ਦੇ ਤਿੰਨ ਵਿਸ਼ੇਸ਼ ਤੱਤ ਮੇਰੀ ਦ੍ਰਿਸ਼ਟੀਗੋਚਰ ਸਨ। ਲੋਕ-ਸਭਿਆਚਾਰ, ਪਰੰਪਰਾ ਤੇ ਲੋਕ-ਮਨ। ਫੋਕਲੋਰ ਲੋਕਾਂ ਦੀ ਸਮੱਗਰੀ ਹੈ, ਲੋਕ ਮਨ ਦੀ ਅਭਿਵਿਅਕਤੀ ਹੈ ਅਤੇ ਇਸ ਦਾ ਨਿਰਮਾਣ ਲੋਕਾਂ ਦੀ ਸਮੂਹਕ ਚੇਤਨਾ ਤੋਂ ਹੋਇਆ। ਇਸ ਲਈ ਲੋਕ ਸ਼ਬਦ ਨੂੰ ਨਵਾਂ ਸ਼ਬਦ ਘੜਨ ਲਈ ਇਕ ਜੁਜ਼ ਬਣਾਉਣਾ ਜ਼ਰੂਰੀ ਸੀ। 'ਧਾਰਾ' ਸ਼ਬਦ ਮੈਨੂੰ ਲੋਕ ਮਨ ਅਤੇ ਪਰੰਪਰਾ ਦੇ ਅਸੀਮ ਪ੍ਰਵਾਹ ਦਾ ਬੋਧਿਕ ਜਾਪਿਆ। ਹਰ ਧਾਰਾ ਪਿੱਛੇ ਇਕ ਲੰਮਾ ਇਤਿਹਾਸ ਤੇ ਪਰੰਪਰਾ ਦਾ ਪਾਸਾਰ ਹੈ। ਯੁੱਗ ਦੀ ਯਾਤਰਾ ਹੈ ਜੋ ਆਪਣੇ ਨਾਲ ਜੀਵਨ ਦੀ ਹਰ ਜੀਵੰਤ ਸਮੱਗਰੀ ਸਮੇਟਦੀ ਜਾ ਰਹੀ ਹੈ। ਇਹ ਜਗਦੀ ਜੋਤ ਜੋ ਕਦੇ ਵਿਸਮਦੀ ਨਹੀਂ. 'ਧਾਰਾ' ਦਾ ਇਹੋ ਸੰਕਲਪ ਮੇਰੇ ਮਨ ਵਿਚ ਸੀ।[36]

"ਲੋਕਧਾਰਾ" ਸ਼ਬਦ ਪੰਜਾਬੀ ਸੁਭਾਅ ਦੇ ਅੰਦਰੂਨੀ ਬਣਤਰ ਨੂੰ ਵਿਅਕਤ ਕਰਨ ਲਈ ਨਿੱਗਰ ਹੈ, ਪਰ ਨਾਲ ਹੀ ਲੋਕਯਾਨ ਸ਼ਬਦ ਵੀ ਵਰਤ ਲਿਆ ਜਾਂਦਾ ਹੈ, ਜਿਸ ਉੱਪਰ ਹੁਣ ਕੋਈ ਵੀ ਆਪੱਤੀ ਨਹੀਂ ਕੀਤੀ ਜਾਂਦੀ। ਫੋਕਲੋਰ ਲਈ ਕਿਸੇ ਇਕ ਨਿਸ਼ਚਿਤ ਸ਼ਬਦ ਦੀ ਵਰਤੋਂ ਕਰਨਾ ਸਿਰਫ਼ ਪੰਜਾਬ ਜਾਂ ਭਾਰਤ ਦਾ ਹੀ ਮਸਲਾ ਨਹੀਂ ਸਗੋਂ ਸਾਰੀ ਲੋਕਧਾਰਾ ਵਿੱਚ ਇਹ ਵਾਦ-ਵਿਵਾਦ ਦਾ ਵਿਸ਼ਾ ਹੈ। ਹਰੇਕ ਭਾਸ਼ਾ ਜਗਤ ਵਿੱਚ ਇਸ ਲਈ ਇਕ ਤੋਂ ਵਧੇਰੇ ਸ਼ਬਦ ਵਰਤੇ ਗਏ ਹਨ। ਦੁਨੀਆਂ ਭਰ ਵਿੱਚ ਜਿੰਨੇ ਵੀ ਲੋਕ ਇਸ ਖੇਤਰ ਨਾਲ ਜੁੜੇ ਹਨ, ਉਨ੍ਹਾਂ ਨੇ ਇਸ ਦੀ ਪਰਿਭਾਸ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਵੀ ਇਕ ਕਾਰਨ ਹੈ ਕਿ ਕੋਈ ਵੀ ਸਰਵ-ਪ੍ਰਵਾਨਤ ਪਰਿਭਾਸ਼ਾ ਜਿਹੜੀ ਲੋਕਧਾਰਾ ਦੇ ਅਰਥਾਂ ਨੂੰ ਸਹੀ ਤਰੀਕੇ ਨਾਲ ਸੰਚਾਰਿਤ ਕਰ ਸਕੇ, ਹੋਂਦ ਵਿੱਚ ਨਹੀਂ ਆਈ। ਲੋਕਧਾਰਾ ਦਾ ਖੇਤਰ ਵੀ ਇਤਨਾ ਵਿਸ਼ਾਲ ਹੈ ਕਿ ਇਕ ਪਰਿਭਾਸ਼ਾ ਵਿੱਚ ਇਸ ਨੂੰ ਸਮੋਣਾ ਮੁਸ਼ਕਲ ਕਾਰਜ ਹੈ। ਲੋਕਧਾਰਾ ਕਿਉਂਕਿ ਕੋਈ ਸੰਕਲਪ ਨਹੀਂ ਸਗੋਂ ਵਰਤਾਰਾ ਹੈ। ਇਸ ਲਈ ਇਸ ਨੂੰ ਕਿਸੇ ਇਕ ਪਰਿਭਾਸ਼ਾ ਵਿੱਚ ਬੰਨ੍ਹਣਾ ਕਠਿਨ ਕਾਰਜ ਹੈ। ਇਸ ਕਰ ਕੇ ਇਸ ਦੀ ਕੋਈ ਵੀ ਅਜਿਹੀ ਪਰਿਭਾਸ਼ਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਇਥੇ ਅਸੀਂ ਕੁਝ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪਰਿਭਾਸ਼ਾਵਾਂ ਵੇਖਾਂਗੇ। ਐਲਨ ਡੰਡੀਜ਼ ਦੀ ਪੁਸਤਕ ਦਾ ਸਟੱਡੀਜ਼ ਆਫ ਫੋਕਲੋਰ ਵਿੱਚ ਆਰਚਰ ਟੇਲਰ ਦੀ ਪਰਿਭਾਸ਼ਾ ਬੜੀ ਵਧੀਆ ਹੈ।

ਲੋਕਧਾਰਾ ਉਹ ਸਮੱਗਰੀ ਹੈ ਜਿਹੜੀ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤੱਕ ਚੱਲਦੀ ਹੈ। ਉਹ ਜਾਂ ਤਾਂ ਮੂੰਹ ਦੇ ਸ਼ਬਦਾਂ ਰਾਹੀਂ ਜਾਂ ਫ਼ਿਰ ਰੀਤਾਂ ਰਿਵਾਜਾਂ ਅਤੇ ਅਮਲਾਂ ਰਾਹੀਂ ਪਹੁੰਚਦੀ ਹੈ। ਇਹ ਲੋਕ ਗੀਤ, ਲੋਕ ਕਹਾਣੀਆਂ, ਬੁਝਾਰਤਾਂ, ਕਹਾਵਤਾਂ ਜਾਂ ਦੂਸਰੀ ਸਮੱਗਰੀ, ਜਿਹੜੀ ਸ਼ਬਦਾਂ ਰਾਹੀਂ ਸੰਭਾਲੀ ਹੁੰਦੀ ਹੈ। ਇਹ ਪੁਰਾਤਨ ਸੰਦ ਜਾਂ ਪਦਾਰਥਕ ਵਸਤਾਂ ਜਿਵੇਂ ਵਾੜ ਜਾਂ ਗੰਢ, ਈਸਟਰ ਦਾ ਆਂਡਾ ਜਾਂ ਬੰਦ, ਪੁਰਾਤਨ ਗਹਿਣੇ ਜਿਵੇਂ walls of tray, ਪੁਰਾਤਨ ਨਿਸ਼ਾਨ ਜਿਵੇਂ ਸਵਾਸਥਿਕਾ, ਇਹ ਪੁਰਾਤਨ ਤਰੀਕਾਵੀ ਮੁਸ਼ਕਲਾਂ ਤੋਂ ਬਚਾਉਣ ਦਾ ਜਿਵੇਂ ਮੋਢਿਆਂ ਤੋਂ ਲੂਣ ਸੁੱਟਣਾ ਅਤੇ ਲੱਕੜੀ ਨੂੰ ਛੂਹਣਾ knowing on wood ਇਹ ਪੁਰਾਤਨ ਵਿਸ਼ਵਾਸ ਵੀ ਜਿਵੇਂ ਕਿ ਵਿਚਾਰ ਹੈ ਕਿ ਜੜ੍ਹੀ ਬੂਟੀ ਅੱਖਾਂ ਦੀ ਬਿਮਾਰੀ ailment of eye ਲਈ ਚੰਗਾ ਹੈ। ਇਹ ਸਾਰਾ ਕੁਝ ਲੋਕਧਾਰਾ ਹੈ।[37]

ਮੈਕਐਡਵਰਡ ਲੰਚ ਅਨੁਸਾਰ "ਲੋਕਧਾਰਾ ਪ੍ਰਥਾਵਾਂ, ਵਿਸ਼ਵਾਸਾਂ, ਪਰੰਪਰਾਵਾਂ, ਲੋਕ-ਕਥਾਵਾਂ, ਜਾਦੂਗਰੀ ਦਾ ਵਤੀਰਾ, ਲਕੋਕਤੀਆਂ ਅਤੇ ਹੋਰ ਲੋਕ ਗੀਤਾਂ ਨੂੰ ਸਮਝਣਾ ਹੈ। ਸੰਖੇਪ ਰੂਪ ਵਿੱਚ ਲੋਕਧਾਰਾ ਅਸਿਖਿਅਤ ਅਤੇ ਇਕ ਸਮਾਨ ਜਨਤਾ ਜੋ ਆਪਸ ਵਿੱਚ ਇਕ ਸਾਧਾਰਣ

ਸਰੀਰਕ ਸੰਬੰਧਾਂ ਵਿੱਚ ਬੱਝੀ ਹੋਈ ਹੈ-ਦੀ ਗਿਆਨ ਰਾਸ਼ੀ ਹੈ। [38]

ਡਾ. ਪਿਆਰ ਸਿੰਘ ਅਨੁਸਾਰ "ਲੋਕਯਾਨ ਕਿਸੇ ਵੀ ਜਾਤੀ ਦੀ ਸੰਸਕ੍ਰਿਤੀ ਦਾ ਉਹ ਅੰਗ ਕਿਹਾ ਜਾ ਸਕਦਾ ਹੈ, ਜਿਸ ਵਿੱਚ ਇਸ ਦੇ ਘੜਨਹਾਰਿਆਂ ਦਾ ਅਲਿਖਤ ਇਤਿਹਾਸ ਉਨ੍ਹਾਂ ਦੀਆਂ ਆਸ਼ਾਵਾਂ, ਨਿਰਾਸ਼ਾਵਾਂ, ਰੁਚੀਆਂ, ਅਰੁਚੀਆਂ, ਵਿਸ਼ਵਾਸਾਂ, ਭਰਮਾਂ, ਪ੍ਰਾਪਤੀਆਂ, ਅਪ੍ਰਾਪਤੀਆਂ, ਰੜਕਾਂ-ਅਰੜਕਾਂ, ਘੋਲ਼, ਸੰਘਰਸ਼ਾਂ ਤੇ ਜ਼ਿੰਦਗੀ ਸੰਬੰਧੀ ਕਦਰਾਂ-ਕੀਮਤਾਂ ਦੀ ਕਹਾਣੀ ਪ੍ਰਤੀਬਿੰਬਤ ਹੁੰਦੀ ਹੈ।"

ਡਾ. ਵਣਜਾਰਾ ਬੇਦੀ ਅਨੁਸਾਰ, "ਮਨੁੱਖ ਦੇ ਜੀਵਨ ਸਾਹਿਤ ਕਲਾ ਤੇ ਧਰਮ ਵਿੱਚ ਇਕ ਪ੍ਰਬਲ ਪ੍ਰਵਾਹ ਵਾਂਗ ਸਮਾਈ ਹੋਈ ਹੈ। ਜੀਵਨ ਦੇ ਵਿਕਾਸ ਵਿੱਚ ਲੋਕਧਾਰਾ ਨੇ ਭਰਪੂਰ ਤੇ ਮਹੱਤਵਪੂਰਨ ਹਿੱਸਾ ਪਾਇਆ ਹੈ। ਕਲਾ ਸਾਹਿਤ ਨ੍ਰਿਤ ਨਾਟ ਧਰਮ ਵਿਗਿਆਨ ਆਦਿ ਲੋਕਧਾਰਾ ਦੇ ਤੱਤਾਂ ਤੋਂ ਉੱਭਰੇ ਤੇ ਵਿਕਸਿਤ ਹੋਏ ਹਨ। ਇਹ ਇਕ ਚੂਲ਼ ਹੈ, ਜਿਸ ਦੇ ਦੁਆਲੇ ਮਨੁੱਖੀ ਜੀਵਨ ਘੁੰਮਦਾ, ਰੇੜਕੇ ਵਿੱਚ ਪਿਆ, ਜ਼ਿੰਦਗੀ ਵਿੱਚੋਂ ਮੱਖਣ ਨਿਤਾਰ ਰਿਹਾ ਹੈ।"

ਡਾ. ਕਰਨੈਲ ਸਿੰਘ ਥਿੰਦ ਅਨੁਸਾਰ, "ਪਰੰਪਰਾਗਤ ਰੂਪ ਵਿੱਚ ਪ੍ਰਾਪਤ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਨਾਲ ਭਰਪੂਰ ਲੋਕ-ਸਮੂਹ ਦਾ ਉਹ ਗਿਆਨ ਜਿਸ ਵਿੱਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ ਸਮੂਹ ਪ੍ਰਵਾਨਗੀ ਦੇ ਕੇ ਪੀੜ੍ਹੀਓ ਪੀੜ੍ਹੀ ਅੱਗੇ ਤੋਰੇ ਲੋਕਯਾਨ ਹੈ। ਇਸ ਵਿੱਚ ਕਲਾ, ਸਾਹਿਤ, ਭਾਸ਼ਾ, ਅਨੁਸ਼ਠਾਨ, ਵਿਸ਼ਵਾਸ, ਕਿੱਤੇ ਤੇ ਮਨੋਰੰਜਨ ਆਦਿ ਲੋਕ-ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਤ ਸਮੱਗਰੀ ਸ਼ਾਮਲ ਹੋ ਸਕਦੀ ਹੈ।"

ਇਸ ਤਰ੍ਹਾਂ ਲੋਕਧਾਰਾ ਕਿਸੇ ਜਾਤੀ ਜਾਂ ਕੌਮ ਦਾ ਉਹ ਅਲਿਖਤ ਸਾਹਿਤ ਹੁੰਦਾ ਹੈ ਜਿਹੜਾ ਪੀੜ੍ਹੀਓ ਪੀੜ੍ਹੀ ਤੁਰਦਾ ਹੋਇਆ ਲੋਕ ਸਮੂਹ ਦੀ ਮਾਨਸਿਕਤਾ ਨੂੰ ਪੇਸ਼ ਕਰਦਾ ਹੈ। ਇਸ ਵਿੱਚ ਵਿਅਕਤੀ ਦੇ ਬਣਨ, ਵਿਗਸਣ, ਨਿਖਰਨ ਤੇ ਵਿਕਾਸ ਕਰਨ ਦੇ ਪੜਾਵਾਂ ਵਿੱਚ ਉਸ ਦੇ ਵਿਸ਼ਵਾਸ, ਕਲਾ, ਧਰਮ, ਵਿਗਿਆਨ, ਸਾਹਿਤ, ਭਾਸ਼ਾ, ਅਨੁਸ਼ਠਾਨ, ਕਿੱਤੇ, ਮਨੋਰੰਜਨ ਆਦਿ ਬਾਰੇ ਸਮੱਗਰੀ ਸ਼ਾਮਲ ਹੁੰਦੀ ਹੈ।

## ਪੰਜਾਬੀ ਲੋਕਧਾਰਾ

ਪੰਜਾਬ ਜਿਸ ਨੂੰ ਪੰਜਾਂ ਦਰਿਆਵਾਂ ਦੀ ਧਰਤੀ ਕਿਹਾ ਗਿਆ। ਵੈਦਿਕ ਕਾਲ ਵਿੱਚ ਇਹ 'ਸਪਤ ਸਿੰਧੂ' ਦੇ ਨਾਂ ਨਾਲ ਮਸ਼ਹੂਰ ਸੀ ਕਿਉਂਕਿ ਇਸ ਵਿੱਚ ਸੱਤ ਦਰਿਆ ਵਗਦੇ ਸਨ। ਪੰਜਾਬ ਦੇ ਅਤੀਤ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਸਮੇਂ ਪੰਜਾਬ ਦੇ ਉੱਤਰ ਵੱਲ ਹਿਮਾਲਾ ਪਰਬਤ ਦੀਆਂ ਚੋਟੀਆਂ, ਪੱਛਮ ਵੱਲ ਸੁਲੇਮਾਨ ਅਤੇ ਕਿਠਾੜ ਦੇ ਪਹਾੜੀ ਸਿਲਸਿਲੇ, ਪੂਰਬ ਵੱਲ ਜਮਨਾ ਦਰਿਆ ਅਤੇ ਦੱਖਣ ਵੱਲ ਸਿੰਧ ਤੇ ਰਾਜਪੂਤਾਨਾ ਦੇ ਮਾਰੂਥਲਾਂ ਵਿੱਚ ਘਿਰਿਆ ਹੋਇਆ ਸੀ। [39] ਵੈਦਿਕ ਆਰੀਆ ਤੋਂ ਪਹਿਲਾਂ ਹੀ ਇਥੇ ਸਿੰਧ ਘਾਟੀ ਦੀ ਸਭਿਅਤਾ ਵਿਕਸਿਤ ਹੋ ਚੁੱਕੀ ਸੀ ਅਤੇ ਇਥੇ ਆਰੀਆ ਸਭਿਆਚਾਰ ਵਿਕਸਿਤ ਹੋਇਆ ਸੀ। ਆਰੀਆ ਸਭਿਅਤਾ ਤੋਂ ਪਹਿਲਾਂ ਪੂਰਵ ਇਤਿਹਾਸਕ ਸਭਿਅਤਾ ਦੇ ਲੋਕ ਕਿਹੜੀ ਜਾਤੀ ਦੇ ਸਨ, ਇਹ ਪਤਾ ਨਹੀਂ ਪਰ ਕੁਝ ਇਤਿਹਾਸਕਾਰਾਂ ਦੀ ਰਾਇ ਵਿੱਚ ਇਹ ਦਰਾਵੜ ਜਾਤੀ ਦੇ ਲੋਕ ਸਨ ਅਤੇ ਇਹ ਸਾਰੇ ਭਾਰਤ ਵਿੱਚ ਫੈਲੇ ਹੋਏ ਸਨ ਪਰ ਇਹ ਕੁਦਰਤੀ ਹੈ ਕਿ ਪੂਰਵ ਆਰੀਆ ਸਭਿਅਤਾ ਦਾ ਵੈਦਿਕ ਆਰੀਆ ਸਭਿਅਤਾ ਤੇ ਬਹੁਤ ਅਸਰ ਪਿਆ। ਮਹਿੰਜੋਦੜੋ ਤੇ ਹੜੱਪਾ ਦੀਆਂ

ਖੁਦਾਈਆਂ ਵਿੱਚੋ ਲੱਭੇ ਪੁਰਾਤੱਤਾਂ ਦੇ ਆਧਾਰ ਤੇ ਇਸ ਨੂੰ ਤਾਂਬੇ ਦਾ ਯੁੱਗ ਵੀ ਕਿਹਾ ਜਾਂਦਾ ਰਿਹਾ ਹੈ। ਅਸੀਂ ਜਾਣਦੇ ਹਾਂ ਕਿ ਭੂਗੋਲਿਕ ਵਾਤਾਵਰਣ ਦਾ ਮਨੁੱਖੀ ਸਮਾਜ ਦੇ ਜੀਵਨ ਉੱਤੇ ਅਸਰ ਪੈਂਦਾ ਹੈ। ਲੋਕਾਂ ਦਾ ਰਹਿਣ-ਸਹਿਣ, ਕੰਮ-ਧੰਦੇ, ਆਰਥਿਕਤਾ ਆਦਿ ਮਿਲ ਕੇ ਉਸ ਦੀ ਜੀਵਨ ਸ਼ੈਲੀ ਨੂੰ ਨਿਰਧਾਰਤ ਕਰਦੇ ਹਨ। ਮਹਿੰਜੋਦੜੋ ਦੀ ਸਭਿਅਤਾ ਦੇ ਲੋਕ ਸ਼ਹਿਰੀ ਸਭਿਅਤਾ ਵਿੱਚ ਸਨ। ਪੱਕੇ ਮਕਾਨਾਂ, ਤਾਂਬੇ, ਕੰਹਿ, ਚੀਕਣੀ ਮਿੱਟੀ ਦੇ ਬਰਤਨ ਵਰਤਦੇ ਸਨ। ਕਣਕ ਤੇ ਬਾਜਰਾ ਖਾਂਦੇ ਸਨ। ਵਾਹੀ ਕਰਦੇ, ਭੇਡਾਂ ਬੱਕਰੀਆਂ ਪਾਲਦੇ ਸਨ। ਖੁਦਾਈ ਦੇ ਮਿਲੇ ਨਮੂਨਿਆ ਤੋਂ ਪਤਾ ਲੱਗਦਾ ਹੈ ਕਿ ਇਹ ਲੋਕ ਵਪਾਰ ਵੀ ਕਰਦੇ ਸਨ। ਪੂਰਵ ਇਤਿਹਾਸਕ ਕਾਲ ਵਿੱਚ ਜਾਂਗਲੀ ਜੀਵਨ ਸੀ। ਲੋਕ ਸ਼ਿਕਾਰ ਦੀ ਅਵਸਥਾ ਵਿੱਚ ਰਹਿੰਦੇ ਸਨ। ਸਭਿਅਤਾ ਦੇ ਵਿਕਾਸ ਦੀਆਂ ਤਿੰਨ ਪੜਾਵਾਂ ਅਵਸਥਾਵਾਂ ਸਾਡੇ ਲਈ ਓਪਰੀਆਂ ਨਹੀਂ : 1. ਸ਼ਿਕਾਰ ਦੀ ਅਵਸਥਾ 2. ਖੇਤੀਬਾੜੀ ਦੀ ਅਵਸਥਾ 3. ਵਪਾਰ ਦੀ ਅਵਸਥਾ। ਆਦਿ ਵਾਸੀਆਂ ਦੀ ਸਭਿਅਤਾ ਆਰੀਆਂ ਦੇ ਲਗਭਗ ਹਮਲਿਆਂ ਨਾਲ ਬਰਬਾਦ ਹੁੰਦੀ ਰਹੀ ਜਾਂ ਫਿਰ ਕੁਦਰਤੀ ਆਫਤਾਂ, ਹੜ੍ਹਾਂ ਆਦਿ ਨੇ ਇਸ ਨੂੰ ਮਲੀਆਮੇਟ ਕਰ ਦਿੱਤਾ। ਇਤਿਹਾਸਕਾਰਾਂ ਵਿੱਚ ਮਤਭੇਦ ਹੋ ਸਕਦੇ ਹਨ। ਇਹ ਗੱਲ ਪ੍ਰਤੱਖ ਹੈ ਕਿ ਪੰਜਾਬ ਦੀ ਧਰਤੀ ਤੇ ਅਨੇਕਾਂ ਹਮਲੇ ਹੋਏ। ਇਹ ਲੋਕ ਕਈ ਵਾਰ ਵਸੇ ਤੇ ਕਈ ਵਾਰ ਉੱਜੜੇ। ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ। ਜਾਂ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਆਦਿ ਵਰਗੇ ਬੋਲ ਪੰਜਾਬ ਵਿੱਚ ਲਗਾਤਾਰ ਗੂੰਜਦੇ ਰਹੇ। "ਇਸੇ ਭੂਗੋਲਿਕ ਇਤਿਹਾਸਕ ਸਥਿਤੀ ਸਦਕਾ ਇਕ ਪਾਸੇ ਤਾਂ ਪੰਜਾਬ ਦੇ ਲੋਕਾਂ ਦੀ ਸੰਘਰਸ਼ ਦੀ ਬਿਰਤੀ ਤਿੱਖੀ ਹੋਈ ਅਤੇ ਦੂਜੇ ਪਾਸੇ ਇਨ੍ਹਾਂ ਦੇ ਦ੍ਰਿਸ਼ਟੀਕੋਣ ਤੇ ਇਨ੍ਹਾਂ ਦੀ ਪਹੁੰਚ ਵਿੱਚ ਵਿਸ਼ਾਲਤਾ ਆਈ।"[40] ਕਿਉਂਕਿ ਇਨ੍ਹਾਂ ਹਮਲਾਵਰਾਂ ਦੇ ਨਾਲ ਵਪਾਰੀ, ਯਾਤਰੂ, ਕਬੀਲੇ, ਕਾਰੀਗਰ, ਧਾਰਮਿਕ ਵਿਅਕਤੀ ਅਤੇ ਹੋਰ ਵੀ ਆਉਂਦੇ ਰਹੇ ਅਤੇ ਇਨ੍ਹਾਂ ਹਮਲਿਆਂ ਦਾ ਪੰਜਾਬ ਦੇ ਇਤਿਹਾਸ ਤੇ ਸਭਿਆਚਾਰ ਤੇ ਡੂੰਘਾ ਅਸਰ ਪਿਆ। ਇਨ੍ਹਾਂ ਪਰਿਵਰਤਨਾਂ ਕਰ ਕੇ ਜਾਤੀ ਦੇ ਸੁਭਾਅ, ਵਿਚਾਰ, ਰੀਤੀ ਰਿਵਾਜ, ਵਿਸ਼ਵਾਸਾਂ ਆਦਿ ਭਾਸ਼ਾ, ਕਲਾ, ਧਰਮ, ਰੁਚੀਆਂ ਆਦਿ ਵਿੱਚ ਤਬਦੀਲੀ ਕਾਰਨ ਪੰਜਾਬ ਦੀ ਸਮੁੱਚੀ ਲੋਕਧਾਰਾ ਤੇ ਵੀ ਅਸਰ ਪਿਆ।

ਮਨੁੱਖ ਤੇ ਪ੍ਰਕਿਰਤੀ ਦਾ ਸੰਬੰਧ ਵੀ ਅਟੁੱਟਵਾਂ ਹੈ ਕਿਉਂਕਿ ਮਨੁੱਖ ਵੀ ਦੂਸਰੇ ਹੋਰ ਜੀਵਾਂ ਵਾਂਗ ਹੀ ਇਕ ਜੀਵ ਹੈ ਪਰ ਹੈ ਚੇਤੰਨ ਜੀਵ। ਮਨੁੱਖ ਉਸੇ ਤਰ੍ਹਾਂ ਹੀ ਪ੍ਰਕਿਰਤੀ ਦੀ ਉਪਜ ਹੈ ਜਿਵੇਂ ਹੋਰ ਜੀਵ ਜੰਤੂ ਪਰ ਮਨੁੱਖ ਚੇਤੰਨ ਜੀਵ ਹੋਣ ਕਰ ਕੇ ਪ੍ਰਕਿਰਤੀ ਦੀ ਗੋਦ ਵਿੱਚ ਕੇਵਲ ਪਲਦਾ ਹੀ ਨਹੀਂ, ਉਸ ਨੂੰ ਆਪਣੇ ਵਸੀਕਾਰ ਵਿੱਚ ਲਿਆਉਣ ਦਾ ਯਤਨ ਵੀ ਕਰਦਾ ਹੈ। ਪ੍ਰਕਿਰਤੀ ਉੱਤੇ ਕਾਬੂ ਪਾਉਣਾ ਆਧੁਨਿਕ ਵਿਗਿਆਨਕ ਯੁੱਗ ਦੇ ਮਨੁੱਖ ਦੀ ਹੀ ਨਹੀਂ, ਆਦਿ ਮਨੁੱਖ ਦੇ ਚੇਸ਼ਟਾ ਵੀ ਰਹੀ ਹੈ। ਆਦਿਮ ਮਨੁੱਖ ਮੁੱਢਲੀ ਅਵਸਥਾ ਵਿੱਚ ਪ੍ਰਕਿਰਤੀ ਉੱਤੇ ਕਾਬੂ ਪਾਉਣ ਲਈ ਜੋ ਜਾਦੂ ਅਤੇ ਟੂਣੇ-ਟੱਪੇ ਕਰਦਾ ਰਿਹਾ, ਉਨ੍ਹਾਂ ਵਿੱਚੋਂ ਕੁਝ ਮਗਰੋਂ ਰੀਤਾਂ ਰਸਮਾਂ ਦਾ ਰੂਪ ਧਾਰ ਕੇ ਧਾਰਮਿਕ ਤੇ ਸਮਾਜਕ ਜੀਵਨ ਦਾ ਅੰਗ ਬਣ ਗਏ।[41]

ਪੰਜਾਬ ਦੀ ਸਾਰੀ ਪ੍ਰਾਕ੍ਰਿਤਕ ਦ੍ਰਿਸ਼ਾਵਲੀ ਜਿਸ ਵਿੱਚ ਪਹਾੜਾਂ, ਮੈਦਾਨਾਂ, ਥਲਾਂ, ਸਾਗਰਾਂ, ਨਦੀਆਂ, ਨਾਲੇ, ਰੁੱਖਾਂ, ਬੂਟਿਆਂ, ਪਸ਼ੂਆਂ, ਪੰਛੀਆਂ, ਖੇਤਾਂ, ਫ਼ਸਲਾਂ, ਰੁੱਤਾਂ, ਗੀਤਾਂ, ਰਸਮਾਂ, ਰਿਵਾਜਾਂ, ਵਿਸ਼ਵਾਸ, ਭਰਮਾਂ, ਜਾਦੂ, ਟੂਣਿਆਂ, ਗ੍ਰੰਥਾਂ, ਵੇਦਾਂ, ਲੋਕ-ਕਹਾਣੀਆਂ, ਪ੍ਰੇਮ, ਕੁਰਬਾਨੀ, ਢੋਲੇ, ਮੱਝਾਂ, ਗਾਵਾਂ, ਗੱਲ ਕੀ ਹਰ ਚੀਜ਼ ਆਪਣੇ-ਆਪ ਵਿੱਚ ਲੋਕਧਾਰਾ ਨੂੰ ਸਮੋ ਕੇ ਬੈਠੀ ਹੈ। ਇਥੋਂ ਤੱਕ ਕਿ ਸੂਰਜ, ਚੰਨ, ਸਿਤਾਰੇ,ਬੱਦਲ ਆਦਿ ਵੀ ਉਸ ਨੂੰ ਖਿੱਚ ਪਾਉਂਦੇ ਨੇ ਤੇ ਖਿੱਚ ਦਾ

ਕਾਰਨ ਰਹੇ ਹਨ।

ਜਦੋਂ ਅਸੀਂ ਪੰਜਾਬੀ ਲੋਕਧਾਰਾ ਅਤੇ ਪੰਜਾਬੀ ਸਭਿਆਚਾਰ ਦੇ ਸੰਦਰਭ ਵਿੱਚ ਗੱਲ ਕਰਦੇ ਹਾਂ ਤਾਂ ਸਾਡਾ ਭਾਵ ਰਾਜਨੀਤਕ ਤੇ ਇਤਿਹਾਸਕ ਕਾਰਨਾਂ ਦੇ ਸਿੱਟੇ ਵਜੋਂ ਵਜੂਦ ਵਿੱਚ ਆਏ ਕੇਵਲ ਅਜੋਕੇ ਪੰਜਾਬ ਤੋਂ ਨਹੀਂ ਹੁੰਦਾ। ਸਾਡਾ ਸੰਕੇਤ ਵੈਦਿਕ ਆਰੀਆ ਦੇ ਪੰਜਾਬ ਤੋਂ ਲੈ ਕੇ ਅਜੋਕੇ ਪੰਜਾਬ ਤੱਕ ਦੇ ਨਿਰੰਤਰ ਇਤਿਹਾਸਕ ਪਰੰਪਰਾ ਪ੍ਰਵਾਹ ਵੱਲ ਹੁੰਦਾ ਹੈ। ਅੱਜ ਦੇ ਪੰਜਾਬੀ ਲੋਕਾਂ ਦੀ ਰਹਿਣੀ-ਬਹਿਣੀ, ਖਾਣ-ਪੀਣ, ਵੇਸ਼-ਭੂਸ਼ਾ, ਵਿਚਾਰਧਾਰਾ, ਨੀਤੀ, ਵਿਸ਼ਵਾਸ, ਮਨੋਰੰਜਨ ਤੇ ਰੁਝੇਵੇਂ, ਗਿਆਨ ਤੇ ਸੱਭਿਆਚਾਰ, ਜੀਵਨ ਜਾਚ ਤੇ ਸੁਹਜ ਸੁਆਦ ਉਹ ਨਹੀਂ ਜੋ ਮੱਧਕਾਲ ਵਿੱਚ ਉਸ ਸਮੇਂ ਸੀ, ਜਿਸ ਸਮੇਂ ਆਧੁਨਿਕ ਪੰਜਾਬੀ ਭਾਸ਼ਾ ਨੇ ਜਨਮ ਲਿਆ। ਇਸੇ ਹੀ ਤਰ੍ਹਾਂ ਸਮਾਜਕ ਵਿਕਾਸ ਦੇ ਮੱਧਕਾਲੀਨ ਪੜ੍ਹਾਅ ਉੱਤੇ ਪੰਜਾਬੀਆਂ ਦੀ ਜੀਵਨ-ਜਾਚ, ਰਹਿਣੀ-ਬਹਿਣੀ ਅਤੇ ਨੀਤੀ-ਵਿਸ਼ਵਾਸ ਉਹ ਨਹੀਂ ਸਨ ਜੋ ਵੈਦਿਕ ਕਾਲ ਵਿੱਚ ਸਨ। ਪੰਜਾਬ ਦੇ ਸਮਾਜਕ ਸੱਭਿਆਚਾਰਕ ਵਿਕਾਸ ਦੇ ਇਤਿਹਾਸ ਦਾ ਸਭ ਤੋਂ ਪੁਰਾਣਾ ਸਾਹਿਤਕ ਅਭਿਲੇਖ ਰਿਗਵੇਦ ਹੈ।[42]

ਪੰਜਾਬ ਦੀ ਬਹੁਤੀ ਵਸੋਂ ਪਿੰਡਾਂ ਵਿੱਚ ਹੋਣ ਕਾਰਨ ਅਤੇ ਉਪਰੋਕਤ ਵਰਤਾਰੇ ਤੋਂ ਸਿੱਧ ਹੈ ਕਿ ਇਨ੍ਹਾਂ ਦੇ ਜੀਵਨ ਦਾ ਮੁੱਖ ਸਾਧਨ ਖੇਤੀਬਾੜੀ ਰਿਹਾ ਹੈ। ਖੇਤੀਬਾੜੀ ਪ੍ਰਮਾਤਮਾ ਅਤੇ ਕੁਦਰਤ 'ਤੇ ਨਿਰਭਰ ਹੋਣ ਕਾਰਨ ਇਨ੍ਹਾਂ ਦੀ ਧਾਰਮਿਕ ਸੰਸਕ੍ਰਿਤੀ ਦਾ ਮੁੱਖ ਸਿਧਾਂਤ ਅਲੌਕਿਕ ਸ਼ਕਤੀਆਂ ਤੇ ਪੰਰਪਰਾ ਵਿੱਚ ਵਿਸ਼ਵਾਸ ਰਿਹਾ ਹੈ। ਇਸੇ ਕਾਰਨ ਉਹ ਪਦਾਰਥਕ ਪ੍ਰਗਤੀ ਨਾਲੋਂ ਪਰਲੋਕ ਸਵਾਰਨ ਦੇ ਚੱਕਰ ਵਿੱਚ ਰਹੇ ਹਨ। ਪੰਜਾਬ ਵਿੱਚ ਤਿੰਨ ਪ੍ਰਮੁੱਖ ਧਰਮ ਹਿੰਦੂ, ਸਿੱਖ ਤੇ ਮੁਸਲਮਾਨ ਰਹੇ ਹਨ। ਡਾ. ਟੀ. ਆਰ. ਵਿਨੋਦ ਇਸ ਪੇਂਡੂ ਸੰਸਕ੍ਰਿਤੀ ਦੀਆਂ ਚਾਰ ਮੁੱਖ ਧਾਰਾਵਾਂ ਮੰਨਦਾ ਹੈ। ਸਵੈ-ਨਿਰਭਰ ਪਿੰਡ, ਜਾਤ-ਪਾਤ, ਪੁਰਸ਼-ਪ੍ਰਧਾਨ ਸੰਯੁਕਤ ਪਰਿਵਾਰ ਅਤੇ ਧਰਮ।[43]

ਸਿੰਧ ਘਾਟੀ ਦੀ ਸਭਿਅਤਾ ਤੋਂ ਲੈ ਕੇ ਅੱਜ ਤੱਕ ਜਿਨ੍ਹਾਂ ਪੜ੍ਹਾਵਾਂ ਵਿੱਚੋਂ ਵੀ ਪੰਜਾਬੀ ਸੰਸਕ੍ਰਿਤੀ ਲੰਘੀ ਹੈ, ਉਨ੍ਹਾਂ ਪੜ੍ਹਾਵਾਂ ਉੱਪਰ ਉਸ ਵਿੱਚ ਬਹੁਤ ਕੁਝ ਜੁੜਦਾ ਰਿਹਾ ਹੈ ਤੇ ਬਹੁਤ ਕੁਝ ਭੂਤਕਾਲ ਵਿੱਚ ਸਮਾ ਜਾਂਦਾ ਰਿਹਾ ਹੈ। ਇਸ ਸਭ ਕੁਝ ਸਿੱਟੇ ਵਜੋਂ ਹੀ ਸਾਡਾ ਅਜੋਕਾ ਪੰਜਾਬੀ ਸਭਿਆਚਾਰ ਤੇ ਲੋਕਧਾਰਾ ਸਾਹਮਣੇ ਆਉਂਦੇ ਹਨ। ਇਹੀ ਕਾਰਣ ਹੈ ਕਿ ਇਨ੍ਹਾਂ ਵਿੱਚ ਆਦਿ ਵਾਸੀ ਕਬੀਲਾਈ ਤੱਤਾਂ ਤੋਂ ਲੈ ਕੇ ਅਜੋਕੇ ਯੁੱਗ ਦੇ ਤੱਤ ਵੀ ਇਸ ਵਿੱਚ ਸ਼ਾਮਲ ਵਿਖਾਈ ਦਿੰਦੇ ਹਨ। ਜੇ ਏਥੇ ਅਸੀਂ ਕੇਵਲ ਲੋਕ ਰੂੜ੍ਹੀਆਂ ਦੀ ਹੀ ਗੱਲ ਕਰੀਏ ਤਾਂ ਸਾਨੂੰ ਸਿੰਧ ਘਾਟੀ ਦੀ ਸਭਿਅਤਾ ਤੋਂ ਲੈ ਕੇ ਯੂਨਾਨੀ ਪੁਰਾਣ ਕਥਾਵਾਂ ਦੇ ਮਹਾਕਾਵਿ (ਰਮਾਇਣ ਤੇ ਮਹਾਂਭਾਰਤ) ਜਾਤਕ ਕਥਾਵਾਂ ਪੰਚਤੰਤਰ ਤੇ ਹੋਰ ਅਨੇਕਾਂ ਸਰੋਤ ਸਾਡੇ ਸਾਹਮਣੇ ਆਉਂਦੇ ਹਨ। ਇਥੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਲੋਕਧਾਰਾ ਦਾ ਵਿਕਾਸ ਬਿਨਾਂ ਰੋਕ-ਟੋਕ ਦੇ ਨਹੀਂ ਹੋਇਆ ਸਗੋਂ ਬਾਹਰੀ ਹਮਲਾਵਰਾਂ ਨੇ ਸੰਸਕ੍ਰਿਤੀ ਦੇ ਨਾਲ-ਨਾਲ ਪੰਜਾਬੀ ਲੋਕਧਾਰਾ ਨੂੰ ਪ੍ਰਭਾਵਤ ਕੀਤਾ ਹੈ। ਇਸੇ ਲਈ ਇਨ੍ਹਾਂ ਬਾਹਰੀ ਪ੍ਰਭਾਵਾਂ ਵਿੱਚੋਂ ਅਨੇਕਾਂ ਸਾਂਸਕ੍ਰਿਤਕ ਤੱਤ ਤੇ ਲੋਕ-ਤੱਤਾਂ ਨੂੰ ਸ਼ਾਮਲ ਕਰ ਕੇ ਹੀ ਅਸੀਂ ਪੰਜਾਬੀ ਲੋਕਧਾਰਾ ਦੀ ਨਿਰਖ-ਪਰਖ ਸਹੀ ਰੂਪ ਵਿੱਚ ਕਰ ਸਕਾਂਗੇ।

## ਲੋਕਧਾਰਾ ਤੇ ਸਾਹਿਤ

ਲੋਕਧਾਰਾ ਤੇ ਸਾਹਿਤ ਦਾ ਆਪਸੀ ਸੰਬੰਧ ਬੜੇ ਨੇੜੇ ਦਾ ਹੈ ਕਿਉਂਕਿ ਲੋਕਧਾਰਾ ਦਾ ਖੇਤਰ ਇਤਨਾ ਵਿਸ਼ਾਲ ਹੈ ਕਿ ਵਿਸ਼ਿਸ਼ਟ ਸਾਹਿਤ ਦਾ ਹਰ ਪੱਖ ਇਸ ਦੇ ਪ੍ਰਭਾਵ ਹੇਠ ਹੈ ਅਤੇ

ਲੋਕਧਾਰਾ ਇਸ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਅਤੇ ਸੰਭਾਵਨਾ ਸਮੋ ਕੇ ਬੈਠੀ ਹੈ। ਦੋਵਾਂ ਦਾ ਅੰਤਰ ਨਿਖੇੜ ਕਰਨ ਲੱਗਿਆਂ ਦੋਵਾਂ ਨੂੰ ਆਪਸ ਵਿੱਚ ਰਲਗੱਡ ਕਰ ਲਿਆ ਜਾਂਦਾ ਹੈ ਅਤੇ ਲੋਕਧਾਰਾ ਦੀ ਬਹੁਤ ਸਾਰੀ ਸਮੱਗਰੀ ਨੂੰ ਵਿਸ਼ਿਸ਼ਟ ਸਾਹਿਤ ਵਿੱਚ ਅਤੇ ਵਿਸ਼ਿਸ਼ਟ ਸਾਹਿਤ ਦੀ ਬਹੁਤ ਸਾਰੀ ਸਮੱਗਰੀ ਨੂੰ ਲੋਕਧਾਰਾ ਦੇ ਵਰਗ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ। ਵਰਤਮਾਨ ਯੁੱਗ ਤੱਕ ਲੋਕਧਾਰਾ ਨੂੰ ਸਾਹਿਤ ਦਾ ਅੰਗ ਕਰ ਕੇ ਸਮਝਿਆ ਜਾਂਦਾ ਰਿਹਾ ਹੈ। ਇਸ ਲਈ ਲੋਕਧਾਰਾ ਤੇ ਸਾਹਿਤ ਦੇ ਆਪਸੀ ਰਿਸ਼ਤੇ ਸਾਂਝ ਅਤੇ ਨਿਖੇੜ ਬਿੰਦੂ ਨਿਰਧਾਰਿਤ ਕਰਨ ਤੋਂ ਪਹਿਲਾਂ ਅਸੀਂ ਪਰਿਭਾਸ਼ਾਵਾਂ ਵੇਖਦੇ ਹਾਂ। ਲੋਕਧਾਰਾ ਦੀ ਪਰਿਭਾਸ਼ਾ ਅਸੀਂ ਉੱਪਰ ਨਿਸ਼ਚਿਤ ਕਰ ਆਏ ਹਾਂ। ਇਥੇ ਸਿਰਫ਼ ਕੁਝ ਸ਼ਬਦਾਂ ਵਿੱਚ ਸਾਹਿਤ ਬਾਰੇ ਜਾਣ ਕੇ ਇਸ ਦੇ ਲੋਕਧਾਰਾ ਨਾਲ ਪਰਸਪਰ ਸੰਬੰਧਾਂ ਨੂੰ ਵੇਖ ਸਕਾਂਗੇ। ਸਾਹਿਤ ਇਕ ਕੋਮਲ ਹੁਨਰ ਹੈ, ਇਸ ਦੀ ਅਭਿਵਿਅੰਜਨਾ ਸ਼ਬਦਾਂ ਅਨੁਸਾਰ ਹੁੰਦੀ ਹੈ। ਇਹ ਸ਼ਬਦ ਲੇਖਕ ਦੁਆਰਾ ਪਦ ਜਾਂ ਗਦ ਦਾ ਰੂਪ ਧਾਰ ਕੇ ਸੁਹਜ ਸੁਆਦ ਦਿੰਦੇ ਹੋਏ ਮਨੁੱਖੀ ਭਾਵਾਂ ਨੂੰ ਹਲੂਣਾ ਦੇਣ ਦੀ ਸ਼ਕਤੀ ਰੱਖਦੇ ਹਨ। ਪਾਠਕ ਦੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਉਸ ਦੇ ਮਨ ਉੱਪਰ ਸੁੰਦਰਤਾ ਦਾ ਪ੍ਰਭਾਵ ਵੀ ਪਾਉਂਦੇ ਹਨ। ਲੇਖਕ ਕੀ ਸ਼ਖ਼ਸੀਅਤ ਅਜਿਹੀ ਰਚਨਾ ਵਿੱਚੋਂ ਪੂਰੀ ਤਰ੍ਹਾਂ ਪ੍ਰਤਿਬਿੰਬਤ ਹੁੰਦੀ ਹੈ।[44]

ਡਾ. ਕਰਨੈਲ ਸਿੰਘ ਥਿੰਦ ਅਨੁਸਾਰ, "ਪਰੰਪਰਾਗਤ ਰੂਪ ਵਿੱਚ ਪ੍ਰਾਪਤ ਲੋਕ-ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰਪੂਰ ਅਤੇ ਪ੍ਰਾਚੀਨ ਸਭਿਆਚਾਰ ਦੇ ਅਵਸ਼ੇਸ਼ਾਂ ਨਾਲ ਭਰਪੂਰ ਲੋਕ ਸਮੂਹ ਦਾ ਉਹ ਗਿਆਨ ਜਿਸ ਵਿੱਚ ਲੋਕਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ ਸਮੂਹ ਪ੍ਰਵਾਨਗੀ ਦੇ ਕੇ ਪੀੜ੍ਹੀਓ ਪੀੜ੍ਹੀ ਅੱਗੇ ਤੋਰੇ, ਲੋਕਯਾਨ ਹੈ।"[45]

ਇਸ ਤਰ੍ਹਾਂ ਸਾਹਿਤ ਕੋਮਲ ਹੁਨਰ ਵੀ ਹੈ ਅਤੇ ਇਸ ਦੀ ਅਭਿਵਿਅੰਨਾ ਸ਼ਬਦਾਂ ਦੁਆਰਾ ਹੁੰਦੀ ਹੈ ਜਦਕਿ ਲੋਕਧਾਰਾ ਪਰੰਪਰਾਗਤ ਅਤੇ ਮੌਖਿਕ ਪਰੰਪਰਾ 'ਚੋਂ ਉਪਜਦਾ ਪੀੜ੍ਹੀਓ ਪੀੜ੍ਹੀ ਅੱਗੇ ਤੁਰਦੀ ਹੈ। ਲੋਕਧਾਰਾ ਤੇ ਸਾਹਿਤ ਨੇ ਕਈ ਸਦੀਆਂ ਇਕੱਠਿਆਂ ਸਫ਼ਰ ਤੈਅ ਕੀਤਾ ਹੈ। ਲੋਕਧਾਰਾ ਤੇ ਸਭਿਆਚਾਰ ਤੇ ਸਭਿਆਚਾਰ ਦਾ ਸਾਹਿਤ ਤੇ ਪ੍ਰਭਾਵ ਵੇਖਿਆ ਜਾ ਸਕਦਾ ਹੈ। ਸਾਹਿਤ ਕਿੰਨਾ ਵੀ ਉੱਚ ਪਾਏ ਦਾ ਹੋਵੇ, ਲੋਕਧਾਰਾ ਦੇ ਕਿਸੇ ਨਾ ਕਿਸੇ ਪੱਖ ਨੂੰ ਜ਼ਰੂਰ ਛੋਹੇਗਾ ਅਤੇ ਇਹ ਪਾਠਕ/ਸਰੋਤੇ ਦੇ ਮਨ ਨੂੰ ਵੱਖਰਾ ਸੁਹਜ ਪ੍ਰਦਾਨ ਕਰੇਗਾ। ਸਾਹਿਤ ਦੇ ਅੱਗੋਂ ਵੱਖ-ਵੱਖ ਰੂਪ ਜਿਨ੍ਹਾਂ ਵਿੱਚ ਕਾਵਿ ਤੇ ਵਾਰਤਕ ਹੈ, ਕਾਵਿ ਵਿੱਚ ਮਹਾਂਕਾਵਿ, ਕਿੱਸਾ, ਵਾਰ, ਗੀਤ, ਗ਼ਜ਼ਲ, ਰੁਬਾਈ, ਜੰਗਨਾਮਾ ਆਦਿ ਹਨ ਅਤੇ ਗੱਦ ਵਿੱਚ ਸਾਖੀਆਂ, ਜਨਮਸਾਖੀਆਂ, ਨਾਵਲ, ਕਹਾਣੀ ਤੇ ਮੱਧਕਾਲੀਨ ਵਾਰਤਾਲਾਪਾਂ ਤੋਂ ਇਲਾਵਾ ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਨਿਬੰਧ ਆਦਿ ਆਧੁਨਿਕ ਵਾਰਤਕ ਰੂਪ ਵਿੱਚ ਸ਼ਾਮਲ ਹਨ। ਸਾਹਿਤ ਦੇ ਇਨ੍ਹਾਂ ਵੱਖ-ਵੱਖ ਰੂਪਾਂ ਦਾ ਆਧਾਰ ਕਾਫ਼ੀ ਹੱਦ ਤੱਕ ਲੋਕਧਾਰਾ ਹੀ ਹੁੰਦਾ ਹੈ ਕਿਉਂਕਿ ਸਾਹਿਤ ਨੇ ਸਮਾਜ ਵਿੱਚੋਂ ਪਾਤਰ, ਘਟਨਾਵਾਂ ਆਦਿ ਲੈਣੀਆਂ ਹੁੰਦੀਆਂ ਹਨ ਅਤੇ ਸਮਾਜ ਜਾਂ ਸਭਿਆਚਾਰ ਤੇ ਲੋਕਧਾਰਾ ਦੀ ਗਹਿਰੀ ਛਾਪ ਲੱਗੀ ਰਹਿੰਦੀ ਹੈ, ਜਿਹੜੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਾਹਿਤ ਵਿੱਚ ਆ ਜਾਂਦੀ ਹੈ। ਕਿਉਂਕਿ ਲੋਕਧਾਰਾ ਲੋਕ ਸਮੂਹ ਦੀ ਤਰਜ਼ਮਾਨੀ ਕਰਦੀ ਹੈ ਅਤੇ ਸਾਹਿਤ ਵਿਅਕਤੀਗਤ ਰਚਨਾ ਹੁੰਦੀ ਹੈ। ਇਸ ਲਈ ਸਾਹਿਤ ਵਿੱਚ ਵਿਅਕਤੀ ਨਾਲੋਂ ਲੋਕ ਸਮੂਹ ਇਕ ਧਾਰਾ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ ਅਤੇ ਲੋਕ ਜ਼ੁਬਾਨ ਤੇ ਪ੍ਰਚੱਲਿਤ ਹੋ ਜਾਂਦਾ ਹੈ। ਸਮੇਂ ਦੀ ਤਬਦੀਲੀ ਨਾਲ ਲੋਕਧਾਰਾ ਵਿੱਚ ਤਬਦੀਲੀ ਦੀ ਗੁੰਜਾਇਸ਼ ਰਹਿੰਦੀ ਹੈ ਅਤੇ ਲੋੜ ਤੇ ਸਮੇਂ ਅਨੁਸਾਰ ਇਸ ਵਿੱਚ ਤਬਦੀਲੀ ਆਉਂਦੀ ਵੀ ਹੈ ਪਰ ਸਾਹਿਤ ਵਿੱਚ ਤਬਦੀਲੀ ਵੱਖਰੀ ਭਾਂਤ ਦੀ ਹੁੰਦੀ ਹੈ।

ਲੋਕਯਾਨ ਮਨੁੱਖੀ ਵਿਕਾਸ ਦੇ ਨਾਲ-ਨਾਲ ਤਬਦੀਲ ਹੁੰਦਾ ਰਹਿੰਦਾ ਹੈ ਅਰਥਾਤ ਆਪਣੇ ਆਪ ਨੂੰ ਪ੍ਰਸਥਿਤੀਆਂ ਅਨੁਕੂਲ ਢਾਲਦਾ ਰਹਿੰਦਾ ਹੈ ਜਦੋਂਕਿ ਸਾਹਿਤ ਨਵੀਨ ਪਰਿਸਥਿਤੀਆਂ ਵਿੱਚ ਆਪਣੇ ਪ੍ਰਗਟਾ ਦੇ ਨਵੇਂ ਰੂਪ ਸਿਰਜਦਾ ਹੈ।[46]

ਲੋਕਧਾਰਾ ਵਿੱਚ ਤਬਦੀਲੀ ਵੀ ਸਮੂਹਿਕ ਤੌਰ 'ਤੇ ਵਾਪਰਦੀ ਹੈ ਅਤੇ ਪ੍ਰਵਾਨ ਵੀ ਕਰ ਲਈ ਜਾਂਦੀ ਹੈ ਜਦੋਂਕਿ ਸਾਹਿਤ ਵਿੱਚ ਵੀ ਰੂਪ ਪੱਧਰ ਤੇ ਵਿਸ਼ੇ ਪੱਧਰ ਤੇ ਨਵੇਂ-ਨਵੇਂ ਤਜ਼ਰਬੇ ਕੀਤੇ ਜਾ ਰਹੇ ਹਨ। ਇਤਿਹਾਸ ਤੇ ਸਭਿਆਚਾਰਾਂ ਦਾ ਅਦਾਨ-ਪ੍ਰਦਾਨ ਦੋਵਾਂ ਨੂੰ ਹੀ ਪ੍ਰਭਾਵਿਤ ਕਰਦਾ ਰਿਹਾ ਹੈ ਪਰ ਸਾਹਿਤ ਅਤੇ ਲੋਕਧਾਰਾ ਮਨੁੱਖੀ ਮਨ ਦੀ ਸਥਿਤੀ ਨੂੰ ਪੇਸ਼ ਕਰਨ ਵਿੱਚ ਸ਼ਾਬਦਿਕ ਤੇ ਮੌਖਿਕ ਕਲਾ ਦਾ ਉੱਤਮ ਨਮੂਨਾ ਹਨ ਕਿਉਂਕਿ ਦੋਵਾਂ ਦਾ ਪ੍ਰੇਰਨਾ ਸਰੋਤ ਮਨੁੱਖ ਹੈ ਅਤੇ ਮਨੁੱਖੀ ਮਨ ਦੇ ਜਜ਼ਬੇ ਤੇ ਅਨੁਭਵ ਇਸ ਦੇ ਆਧਾਰ ਬਣਦੇ ਹਨ। ਸਾਹਿਤ ਦੇ ਵੱਖ-ਵੱਖ ਰੂਪਾਂ ਦੇ ਨਿਰਮਾਣ ਵਿੱਚ ਲੋਕਧਾਰਾ ਦੀ ਸਮੱਗਰੀ ਦਾ ਵੱਡਾ ਹੱਥ ਹੁੰਦਾ ਹੈ। ਸਾਹਿਤਕਾਰ ਸੁਚੇਤ ਜਾਂ ਅਚੇਤ ਰੂਪ ਵਿੱਚ ਆਪਣੀ ਰਚਨਾ ਕਰਨ ਲੱਗਿਆਂ ਲੋਕਧਾਰਾ ਦੀ ਸਮੱਗਰੀ ਵਰਤ ਰਿਹਾ ਹੁੰਦਾ ਹੈ। ਅਨੇਕਾਂ ਲੋਕ-ਕਥਾਵਾਂ, ਲੋਕ-ਰੂੜ੍ਹੀਆਂ ਅਤੇ ਮਿਥਿਹਾਸਕ ਤੱਤਾਂ ਦੀ ਵਰਤੋਂ ਕਰ ਕੇ ਅਜੋਕੇ ਸਮੇਂ ਦੇ ਸਾਹਿਤਕਾਰ ਸਮਕਾਲੀ ਸਮੱਸਿਆਵਾਂ ਨੂੰ ਨਵੇਂ ਅਰਥ ਦੇ ਰਹੇ ਹਨ। ਇਸ ਤਰ੍ਹਾਂ ਮਨੁੱਖ ਦੀਆਂ ਵੱਡੀਆਂ ਪ੍ਰਾਪਤੀਆਂ ਵਿੱਚ ਲੋਕਧਾਰਾ ਦਾ ਵੀ ਯੋਗਦਾਨ ਹੈ।

ਲੋਕਧਾਰਾ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਲੋਕ ਮਾਨਸ ਦੀ ਅਭਿਵਿਅਕਤੀ ਦੁਆਰਾ ਜਿਹੜੇ ਤੱਤ ਉਪਲਬਧ ਹੁੰਦੇ ਹਨ ਉਹ ਲੋਕ ਤੱਤ ਹਨ। ਵਿਸ਼ਿਸ਼ਟ ਸਾਹਿਤ ਵਿੱਚ ਵਿਦਮਾਨ ਅਜਿਹੇ ਲੋਕ ਤੱਤਾਂ ਦਾ ਉਲੇਖ ਇਸ ਪ੍ਰਕਾਰ ਕੀਤਾ ਗਿਆ ਹੈ :

(ੳ) ਲੋਕ ਸਾਹਿਤ ਦੇ ਤੱਤ
(ਅ) ਲੋਕ ਕਲਾ ਦੇ ਤੱਤ
(ੲ) ਅਨੁਸ਼ਠਾਨਾਂ ਦੇ ਤੱਤ
(ਸ) ਲੋਕ ਵਿਸ਼ਵਾਸਾਂ ਦੇ ਤੱਤ
(ਹ) ਲੋਕ ਮਨੋਰੰਜਨ, ਲੋਕ ਧੰਦਿਆਂ ਅਤੇ ਲੋਕ-ਬੋਲੀ ਦੇ ਤੱਤ ਆਦਿ।[47]

ਲੋਕ ਸਾਹਿਤ ਦੇ ਤੱਤਾਂ ਵਿੱਚ ਲੋਕ ਕਾਵਿ ਭੇਦ, ਲੋਕ-ਗੀਤ ਸ਼ੈਲੀਆਂ, ਲੋਕ ਛੰਦ, ਲੋਕ ਪ੍ਰਚੱਲਿਤ ਕਥਾ ਰੂਪ, ਲੋਕ-ਗੀਤ ਅਤੇ ਲੋਕ-ਕਥਾਵਾਂ, ਕਥਾਨਕ ਰੂੜ੍ਹੀਆਂ, ਲਘੂ ਧਾਰਵਾਂ ਜਿਵੇਂ ਅਖਾਣ, ਮੁਹਾਵਰੇ ਅਤੇ ਬੁਝਾਰਤਾਂ ਸ਼ਾਮਲ ਹਨ। ਲੋਕ ਕਲਾ ਵਿੱਚ ਲੋਕ ਚਿੱਤਰਕਾਰੀ, ਲੋਕ ਨ੍ਰਿਤ, ਲੋਕ ਮੂਰਤੀਕਾਰੀ ਅਤੇ ਲੋਕ ਸੰਗੀਤ ਆਦਿ ਤੱਤ ਪਾਏ ਜਾਂਦੇ ਹਨ। ਅਨੁਸ਼ਠਾਨ ਵਿੱਚ ਸਾਰੇ ਵਿਸ਼ਵਾਸ, ਰਸਮਾਂ (ਜਨਮ ਤੋਂ ਮਰਨ ਤੱਕ) ਮੇਲੇ, ਤਿਉਹਾਰ, ਵਰਤ,ਪੂਜਾ ਵਿਧੀਆਂ ਆਦਿ ਆਉਂਦੇ ਹਨ।

ਲੋਕ-ਵਿਸ਼ਵਾਸ ਅਧੀਨ ਜਾਦੂ-ਟੂਣੇ, ਟੋਟਕੇ, ਜੰਤਰ-ਮੰਤਰ, ਧਾਗੇ-ਤਵੀਤ, ਸ਼ਗਨ-ਅਪਸ਼ਗਨ, ਪਰਾਸਰੀਰਕ ਸ਼ਕਤੀਆਂ ਦਾ ਉਲੇਖ ਵੀ ਇਸ ਅਧੀਨ ਹੁੰਦਾ ਹੈ। ਭਿੰਨ-ਭਿੰਨ ਜਾਤੀਆਂ ਤੇ ਉਨ੍ਹਾਂ ਦੇ ਧੰਦਿਆਂ ਦਾ ਜ਼ਿਕਰ ਤਰਖਾਣ, ਲੁਹਾਰ, ਘੁਮਿਆਰ, ਸੁਨਿਆਰ ਆਦਿ ਅਨੇਕਾਂ ਲੋਕ ਹੁੰਦੇ ਹਨ। ਲੋਕ ਮਨੋਰੰਜਨ ਵਿੱਚ ਸਾਰੀਆਂ ਲੋਕ ਖੇਡਾਂ ਅਤੇ ਲੋਕ ਬੋਲੀਆਂ ਵਿੱਚ ਸਾਰੀਆਂ ਬੋਲੀਆਂ ਤੇ ਉਪਬੋਲੀਆਂ ਸ਼ਾਮਲ ਹਨ।

ਇਹ ਉਹ ਸਾਰੀ ਸਮੱਗਰੀ ਹੈ, ਜਿਸ ਨੂੰ ਸਾਹਿਤਕਾਰ ਆਪਣੀ ਰਚਨਾ ਦਾ ਆਧਾਰ ਬਣਾਉਂਦਾ ਹੈ। ਇਸ ਤੋਂ ਵੀ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਲੋਕਧਾਰਾ ਤੇ ਸਾਹਿਤ ਦਾ ਰਿਸ਼ਤਾ

ਕਿੰਨਾ ਨੇੜੇ ਦਾ ਹੈ। ਦੋਵਾਂ ਦਾ ਇਕ-ਦੂਸਰੇ ਬਿਨਾਂ ਸਰਦਾ ਨਹੀਂ ਅਤੇ ਇਹ ਇਕ ਦੂਸਰੇ ਦੇ ਪੂਰਕ ਹਨ।

ਲੋਕਧਾਰਾ ਦੀ ਸਮੱਗਰੀ ਨੂੰ ਸਾਹਿਤ ਵਿੱਚ ਵਰਤਣ ਬਾਰੇ ਵੀ ਅਲੱਗ-ਅਲੱਗ ਵਿਦਵਾਨਾਂ ਨੇ ਅਲੱਗ-ਅਲੱਗ ਵਿਚਾਰ/ਸੁਝਾਓ ਪੇਸ਼ ਕੀਤੇ ਹਨ। ਬੈਨਿਟ ਦੇ ਦੱਸੇ ਢੰਗਾਂ ਵਿੱਚ ਸੋਧ ਕਰ ਕੇ ਡਾ. ਥਿੰਦ ਨੇ ਆਪਣੀਆਂ ਲੋੜਾਂ ਦੇ ਅਨੁਕੂਲ ਸਾਹਿਤ ਦੀ ਸਿਰਜਨਾ ਦੇ ਲੋਕਧਾਰਾਈ ਸਿਧਾਂਤ ਇਸ ਤਰ੍ਹਾਂ ਪੇਸ਼ ਕੀਤੇ ਹਨ:

(ੳ) ਲੋਕਯਾਨਿਕ ਸਮੱਗਰੀ ਦਾ ਸਾਹਿਤ ਰਚਨਾਵਾਂ ਲਈ ਸਿੱਧੇ ਰੂਪ ਵਿੱਚ ਪ੍ਰਯੋਗ

(ਅ) ਲੋਕਯਾਨਿਕ ਸਮੱਗਰੀ ਦੀ ਬਦਲਵੇਂ ਰੂਪ ਵਿੱਚ ਵਰਤੋਂ

(ੲ) ਲੋਕਯਾਨਿਕ ਸਮੱਗਰੀ ਦਾ ਸੰਕੇਤ ਅਥਵਾ ਪ੍ਰਤੀਕ ਰੂਪ ਵਿੱਚ ਉਲੇਖ

(ਸ) ਲੋਕ-ਰੂੜ੍ਹੀਆਂ ਦੀ ਵਰਤੋਂ।[48]

ਇਨ੍ਹਾਂ ਸਿਧਾਂਤਾਂ ਤੋਂ ਵੀ ਇਕ ਗੱਲ ਸਪੱਸ਼ਟ ਹੈ ਕਿ ਲੋਕਧਾਰਾ ਦੀ ਸਮੱਗਰੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਲੋਕ ਸਾਹਿਤ ਦਾ ਅੰਗ ਬਣਦੀ ਰਹੀ ਹੈ ਅਤੇ ਬਣ ਰਹੀ ਹੈ ਅਤੇ ਬਣਦੀ ਰਹੇਗੀ। ਗੁਰਮਤਿ ਕਾਵਿ, ਸੂਫ਼ੀ ਕਾਵਿ, ਕਿੱਸਾ-ਕਾਵਿ, ਕਵਿਤਾ, ਗੀਤ ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਲੋਕਧਾਰਾ ਦੀ ਸਮੱਗਰੀ ਦਾ ਇਸਤੇਮਾਲ ਕਰ ਰਹੇ ਹਨ ਕਿਉਂਕਿ ਸਾਹਿਤ ਲੋਕਧਾਰਾ ਦੇ ਮੂਲ ਬਿੰਦੂਆਂ ਤੇ ਟਿਕਿਆ ਹੋਇਆ ਹੈ ਅਤੇ ਲੋਕਧਾਰਾ ਦੀਆਂ ਜੜ੍ਹਾਂ ਬੜੀਆਂ ਡੂੰਘੀਆਂ ਤੇ ਵਿਸ਼ਾਲ ਹਨ। ਸਾਹਿਤਕਾਰ ਇਨ੍ਹਾਂ ਵਿੱਚੋਂ ਮੁੱਦੇ ਲੈ ਕੇ ਉਨ੍ਹਾਂ ਨੂੰ ਅਜੋਕੇ ਸਮੇਂ ਦੀਆਂ ਧਾਰਨਾਵਾਂ ਰਾਹੀਂ ਪੇਸ਼ ਕਰਨ ਦਾ ਯਤਨ ਕਰਦਾ ਹੈ। ਇਹ ਵੀ ਇਕ ਕਾਰਨ ਹੈ ਕਿ ਲੋਕਧਾਰਾ ਵਿੱਚ ਇਤਿਹਾਸਕ ਯੁੱਗ ਵਿੱਚ ਪਹੁੰਚਦਿਆਂ ਤਬਦੀਲੀ ਆ ਜਾਂਦੀ ਹੈ ਜਿਵੇਂ ਮੱਧਕਾਲ ਵਿੱਚ ਸਾਹਿਤ ਰੂਪਾਂ ਨਾਲੋਂ ਆਧੁਨਕ ਸਾਹਿਤ ਰੂਪਾਂ ਵਿੱਚ ਵਿਸ਼ਾ, ਰੂਪ ਤੇ ਸ਼ੈਲੀ ਪੱਖੋਂ ਤਬਦੀਲੀ ਆ ਗਈ ਹੈ। ਵਿਗਿਆਨਕ ਸੋਚ ਕਾਰਨ ਲੋਕਧਾਰਾ ਵਿੱਚ ਪਾਏ ਜਾਂਦੇ ਵਿਸ਼ਵਾਸਾਂ, ਅੰਧ-ਵਿਸ਼ਵਾਸਾਂ ਨੂੰ ਨਵੀਂ ਦਿਸ਼ਾ ਵਿੱਚ ਪੇਸ਼ ਕਰਨ ਦਾ ਉਪਰਾਲਾ ਹੁੰਦਾ ਰਹਿੰਦਾ ਹੈ। ਡਾ. ਵਣਜਾਰਾ ਬੇਦੀ ਸਿਰਜਣ ਪ੍ਰਕਿਰਿਆ, ਸਮੂਹਿਕ ਚੇਤਨਾ, ਵਿਅਕਤੀਗਤ ਚੇਤਨਾ ਤੇ ਯੁੱਗ ਯਾਤਰਾ ਨੂੰ ਸਾਹਿਤ ਤੇ ਲੋਕਧਾਰਾ ਦੇ ਨਿਖੇੜ ਬਿੰਦੂ ਦੱਸਦਾ ਹੈ।

ਲੋਕਧਾਰਾ ਤੋਂ ਵਿਸ਼ਿਸ਼ਟ ਸਾਹਿਤ ਵਿੱਚ ਆਉਂਦਿਆਂ ਲੋਕ ਸਾਹਿਤ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਕਿਉਂਕਿ ਲੋਕਧਾਰਾ ਦੀ ਜ਼ਿਆਦਾ ਸਮੱਗਰੀ ਪਰੰਪਰਾਗਤ ਅਤੇ ਮੌਖਿਕ ਹੈ ਅਤੇ ਮੌਖਿਕ ਅਭਿਵਿਅਕਤੀ ਦਾ ਸੰਚਾਰ ਅਲਿਖਤ ਰੂਪ ਵਿੱਚ ਹੁੰਦਾ ਹੈ ਅਤੇ ਸਾਹਿਤ ਦਾ ਪਾਸਾਰ ਲਿਖਿਤ ਰੂਪ ਵਿੱਚ। ਦੋਵਾਂ ਦਾ ਆਪਸ ਵਿੱਚ ਰਿਸ਼ਤਾ ਵੀ ਹੈ ਅਤੇ ਦੋਵੇਂ ਇਕ ਦੂਸਰੇ ਦਾ ਅਸਰ ਵੀ ਕਬੂਲਦੇ ਹਨ।

ਇਸ ਤਰ੍ਹਾਂ ਲੋਕਧਾਰਾ ਹਰ ਯੁੱਗ ਅਤੇ ਹਰ ਭਾਸ਼ਾ ਦੇ ਸਾਹਿਤ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਭਾਵਿਤ ਕਰਦੀ ਰਹੀ ਹੈ। ਦੁਨੀਆਂ ਦਾ ਕੋਈ ਵੀ ਸਾਹਿਤ ਇਸ ਤੋਂ ਅਣਭਿੱਜ ਨਹੀਂ ਰਿਹਾ। ਸੰਸਾਰ ਦੀਆਂ ਸਾਰੀਆਂ ਪ੍ਰਮੁੱਖ ਰਚਨਾਵਾਂ ਵਿੱਚ ਲੋਕਧਾਰਾ ਦੇ ਅੰਸ਼ ਮਿਲਦੇ ਹਨ। ਇਸ ਲਈ ਇਹ ਦੋਵੇਂ ਅਲੱਗ ਹੋ ਕੇ ਵੀ ਇਕ ਦੂਸਰੇ ਦੇ ਨੇੜੇ ਹਨ ਅਤੇ ਇਕ ਦੂਸਰੇ ਦੇ ਪੂਰਕ ਹਨ। ਇਸ ਲਈ ਸਾਹਿਤ ਨੂੰ ਲੋਕਧਾਰਾ ਤੋਂ ਅਲੱਗ ਕਰ ਕੇ ਵੇਖਿਆ ਜਾਣਾ ਸਾਹਿਤ ਨਾਲ ਹੀ ਨਾ-ਇਨਸਾਫ਼ੀ ਹੋਵੇਗੀ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸਾਹਿਤ ਤੇ ਲੋਕਧਾਰਾ ਦਾ ਪਰਸਪਰ ਸੰਬੰਧ

ਦਵੰਦਆਤਮਕ ਹੈ। ਇਹ ਇਕ ਦੂਸਰੇ ਨੂੰ ਪ੍ਰਭਾਵਿਤ ਵੀ ਕਰਦੇ ਹਨ ਤੇ ਇਕ ਦੂਸਰੇ ਨੂੰ ਨਕਾਰਦੇ ਵੀ ਹਨ। ਇਸੇ ਕਰ ਕੇ ਇਨ੍ਹਾਂ ਦਾ ਇਹ ਰਿਸ਼ਤਾ ਬੜਾ ਗੁੰਝਲਦਾਰ ਹੈ, ਜਿਸ ਨੂੰ ਸਮਝੇ ਬਗ਼ੈਰ ਨਾ ਤਾਂ ਲੋਕਧਾਰਾ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ਤੇ ਨਾਲ ਹੀ ਸਾਹਿਤ ਨੂੰ।

## ਲੋਕਧਾਰਾ ਅਧਿਐਨ ਵਿਧੀ

ਭਾਵੇਂ ਲੋਕਧਾਰਾ ਮਨੁੱਖਤਾ ਜਿੰਨੀ ਹੀ ਪੁਰਾਣੀ ਹੈ ਪਰ ਇਸ ਦਾ ਅਧਿਐਨ ਬਹੁਤ ਪੁਰਾਣਾ ਨਹੀਂ। ਮਨੁੱਖ ਦੀ ਦਿਲਚਸਪੀ ਇਸ ਵਿੱਚ ਢੇਰ ਚਿਰਾਂ ਤੋਂ ਰਹੀ ਹੈ। ਅੱਜ ਦੇ ਸਮੇਂ ਵਿੱਚ ਜਦੋਂ ਖੋਜ, ਪੜ੍ਹਨ-ਪੜ੍ਹਾਉਣ, ਸਮਝਣ--ਸਮਝਾਉਣ ਦੇ ਢੰਗ ਤਰੀਕੇ ਬਦਲ ਗਏ ਹਨ ਅਤੇ ਲੋਕਧਾਰਾ ਦੇ ਅਧਿਐਨ ਵਿੱਚ ਵੀ ਨਵੇਂ ਮੋੜ ਤੇ ਬਦਲਾਅ ਆ ਰਹੇ ਹਨ। ਇਸ ਦਾ ਦੂਸਰਾ ਕਾਰਨ ਇਹ ਹੈ ਕਿ ਮਨੁੱਖ ਆਦਿ ਕਾਲ ਤੋਂ ਹੀ ਆਪਣੇ ਆਪ ਨੂੰ ਅਤੇ ਆਲੇ-ਦੁਆਲੇ ਨੂੰ ਸਮਝਣ ਦਾ ਯਤਨ ਵੀ ਕਰਦਾ ਰਿਹਾ ਹੈ ਅਤੇ ਇਹ ਜਾਣਨ ਦੀ ਬਿਰਤੀ ਸਦਕਾ ਹੀ ਉਸ ਨੇ ਉੱਨਤੀ ਵੀ ਕੀਤੀ ਹੈ ਭਾਵੇਂ ਇਸ ਨੂੰ ਅਨੇਕਾਂ ਮੁਸ਼ਕਲਾਂ ਦੇ ਵਿੱਚੋਂ ਦੀ ਗੁਜ਼ਰਨਾ ਪਿਆ, ਪਰ ਆਪਣੇ ਇਸ ਖੋਜ ਪੰਧ ਵਿੱਚ ਉਹ ਅੱਗੇ ਤੋਂ ਅੱਗੇ ਵਧਦਾ ਰਿਹਾ ਹੈ। ਲੋਕਧਾਰਾ ਦੇ ਅਧਿਐਨ ਬਾਰੇ ਅਨੇਕਾਂ ਪ੍ਰਸ਼ਨ ਪੈਦਾ ਹੁੰਦੇ ਰਹੇ ਹਨ। ਇਹ ਖੇਤਰ ਅਧਿਐਨ ਲਈ ਨਵਾਂ ਹੈ ਅਤੇ ਇਸ ਦੇ ਅਧਿਐਨ ਦੇ ਆਨੰਦ ਦਾ ਸੁਆਦ ਕਈ ਵਿਦਵਾਨਾਂ ਨੂੰ ਆਪੇ ਵੱਲ ਆਕਰਸ਼ਿਤ ਕਰਦਾ ਹੈ। ਭਾਵੇਂ ਬਹੁਤ ਸਾਰੇ ਵਿਦਵਾਨ ਇਸ ਖੇਤਰ ਵਿੱਚ ਆ ਰਹੇ ਹਨ ਪਰ ਕਿਉਂਕਿ ਇਹ ਖੇਤਰ ਬਹੁਤ ਵਿਸ਼ਾਲ ਹੈ, ਇਸ ਕਾਰਨ ਅਜੇ ਇਸ ਅੰਦਰ ਬਹੁਤ ਸਾਰੀਆਂ ਸੰਭਾਵਨਾਵਾਂ ਪਈਆਂ ਹਨ, ਜਿਨ੍ਹਾਂ ਨੂੰ ਮਾਹਰਨਾ ਨੁਕਤੇ ਤੋਂ ਵਿਚਾਰਨਾ ਅਤਿਅੰਤ ਜ਼ਰੂਰੀ ਹੈ। ਲੋਕਧਾਰਾ ਦੀ ਸਮੱਗਰੀ ਨੂੰ ਇਕੱਤਰ ਕਰਨਾ ਅਤੇ ਵਿਗਿਆਨਕ ਤਰੀਕੇ ਨਾਲ ਸੰਭਾਲਣਾ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਸੇ ਸਮੱਗਰੀ ਤੋਂ ਵੀ ਇਸ ਦੇ ਅਧਿਐਨ ਦੇ ਵੱਖ-ਵੱਖ ਢੰਗ ਤਰੀਕੇ ਵਿਧੀਆਂ ਨਿਰਧਾਰਿਤ ਕੀਤੀਆਂ ਜਾਣਗੀਆਂ ਤਾਂ ਕਿ ਮਨੁੱਖੀ ਵਿਕਾਸ ਦੇ ਵਿਕਾਸ ਪੜਾਵਾਂ ਬਾਰੇ ਪਤਾ ਲੱਗ ਸਕੇ। ਮਨੁੱਖ ਦੀ ਪ੍ਰਕਿਰਤਕ ਜੀਵ ਤੋਂ ਸਭਿਆਚਾਰਕ ਮਾਨਵ ਦੀ ਸਿਰਜਨਾ ਸਮੇਂ ਭਾਸ਼ਾ ਤੇ ਇਹੀ ਲੋਕਧਾਰਾ ਤੇ ਉਸ ਦੇ ਲਹੂ ਵਿੱਚ ਘੁਲ--ਮਿਲ ਜਾਂਦੇ ਹਨ।[49] ਭਾਸ਼ਾ ਸਮੁੱਚੇ ਅਮਲ ਵਿੱਚ ਪ੍ਰਗਟਾ ਮਾਧਿਅਮ ਵਜੋਂ ਕਾਰਜਸ਼ੀਲ ਵੀ ਰਹਿੰਦੇ ਹਨ। ਸ਼ੰਕਰ ਸੇਨ ਗੁਪਤਾ ਤਾਂ ਲੋਕਧਾਰਾ ਦੇ ਅਧਿਐਨ ਦੇ ਦੋ ਮੰਤਵ ਦੱਸਦਾ ਹੈ। "ਲੋਕਯਾਨ ਦੇ ਵਿਭਿੰਨ ਕਾਰਜਾਂ ਨੂੰ ਬਿਲਕੁਲ ਹੀ ਸਰਲ ਢੰਗ ਨਾਲ ਪੇਸ਼ ਕਰਦਿਆਂ ਅਸੀਂ ਕਹਿ ਸਕਦੇ ਹਾਂ ਕਿ ਲੋਕਯਾਨ ਅਧਿਐਨ ਦੇ ਦੋ ਮੰਤਵ ਹਨ : 1. ਲੋਕ ਸਭਿਆਚਾਰ ਦਾ ਸੰਚਾਰ ਅਤੇ 2. ਇਸ ਨੂੰ ਕਿੱਤੇ ਦੇ ਤੌਰ ਤੇ ਅਪਨਾਉਣ ਵਾਲਿਆਂ ਲਈ ਯੋਗ ਸਿੱਖਿਆ ਦਾ ਪ੍ਰਬੰਧ। ਲੋਕ-ਸਭਿਆਚਾਰ ਦੇ ਸੰਚਾਰ ਵਿੱਚ ਅਸੀਂ ਇਹ ਵੀ ਸ਼ਾਮਲ ਕਰਦੇ ਹਾਂ ਕਿ ਇਸ ਦੀਆਂ ਖੋਜ-ਵਿਧੀਆਂ ਦਾ ਪ੍ਰਸਾਰ ਕੀਤਾ ਜਾਵੇ ਅਤੇ ਸਿਧਾਂਤਕ ਸੰਕਲਪਾਂ ਦੇ ਵੱਖ-ਵੱਖ ਸਿੱਧਾਂਤਾਂ ਬਾਰੇ ਜਾਣਕਾਰੀ ਦਿੱਤੀ ਜਾਵੇ। ਇਸ ਤਰ੍ਹਾਂ ਕਿੱਤਈ ਵਰਗ ਨੂੰ ਦੋ ਭੂਮਿਕਾਵਾਂ ਅਦਾ ਕਰਨ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ। 3. ਲੋਕ ਸੱਭਿਆਚਾਰ ਦੇ ਪ੍ਰਸਾਰਕ ਅਤੇ ਖੋਜੀ। [50] ਸਭਿਆਚਾਰ ਦਾ ਸਾਡੇ ਲੋਕਧਾਰਾ ਦੇ ਕਾਰਜ ਵਿੱਚ ਵਿਸ਼ੇਸ਼ ਯੋਗਦਾਨ ਰਿਹਾ ਹੈ। ਲੋਕਧਾਰਾ ਤੇ ਭਾਸ਼ਾ ਇਸੇ ਅਮਲ ਵਿੱਚੋਂ ਸਹਿਜ ਰੂਪ ਵਿੱਚ ਇਸ ਸਾਰੇ ਦੇ ਪ੍ਰਗਟਾ ਮਾਧਿਅਮ ਵਜੋਂ ਕਾਰਜ ਕਰਦੇ ਹਨ। ਲੋਕਧਾਰਾ ਦਾ ਧਿਰ ਅੰਗ, ਲੋਕ ਸਾਹਿਤ, ਭਾਸ਼ਣ ਚਿੰਨ੍ਹਾਂ ਰਾਹੀਂ ਅਰਥ ਸੰਚਾਰ ਕਰਦਾ ਹੈ ਅਤੇ ਦੂਸਰੇ ਅੰਗ ਲੋਕ ਕਲਾਵਾਂ, ਲੋਕ ਨਾਚ, ਲੋਕ ਸੰਗੀਤ, ਭਾਸ਼ਣ ਚਿੰਨ੍ਹਾਂ

ਰਾਹੀਂ ਅਰਥ ਸੰਚਾਰ ਕਰਦਾ ਹੈ ਅਤੇ ਦੂਸਰੇ ਅੰਗ ਲੋਕ ਕਲਾਵਾਂ, ਲੋਕ ਨਾਚ, ਲੋਕ ਸੰਗੀਤ, ਲੋਕ ਚਿੱਤਰਕਾਰੀ, ਗੀਤਾਂ ਰਸਮਾਂ, ਪੂਜਾ ਵਿਧੀਆਂ, ਲੋਕ ਵਿਸ਼ਵਾਸਾਂ, ਤਿਉਹਾਰਾਂ ਤੇ ਪੁਰਬਾਂ ਆਦਿ ਵਿੱਚ ਗ਼ੈਰ-ਭਾਸ਼ਾਈ ਪ੍ਰਗਟਾ ਮਾਧਿਅਮ ਦੀ ਵਰਤੋਂ ਹੁੰਦੀ ਹੈ। ਇਹ ਗੱਲ ਤਾਂ ਸਪੱਸ਼ਟ ਹੈ ਕਿ ਮਨੁੱਖ ਜਾਤੀ ਦੀ ਭਾਸ਼ਾ ਦੀ ਉਤਪਤੀ ਅਤੇ ਭਾਸ਼ਾ ਪ੍ਰਤੀ ਚੇਤਨਤਾ ਬਹੁਤੇ ਸਭਿਆਚਾਰਾਂ ਵਿੱਚ ਇਕੋ ਸਮੇਂ ਹੋ ਜਾਂਦੀ ਹੈ। ਪਰ ਲੋਕਧਾਰਾ ਬਾਰੇ ਲੋਕਧਾਰਾ ਵਿਗਿਆਨ ਪੱਛੜ ਕੇ ਆਇਆ ਹੈ। "ਵਿਭਿੰਨ ਸਭਿਆਚਾਰਾਂ ਦੀ ਇਤਿਹਾਸਕ ਗਿਆਨ-ਸੰਜਮ ਵਜੋਂ ਪਛਾਣ ਉਨ੍ਹੀਵੀਂ-ਵੀਹਵੀਂ ਸਦੀ ਵਿੱਚ ਜਾ ਕੇ ਹੋਈ।" [51] ਇਸ ਬਾਰੇ ਚੇਤੰਨਤਾ ਦਾ ਅਭਾਵ ਰਿਹਾ ਹੈ ਕਿਉਂਕਿ ਲੋਕਧਾਰਾ ਜੀਵਨ ਵਿੱਚ ਤਾਂ ਸੀ ਪਰ ਉਹ ਜ਼ਿਆਦਾ ਲੋਕ ਮਨ ਦਾ ਚਿੰਤਨ ਬਣ ਕੇ ਰਹੀ ਹੈ। ਡਾ. ਬੇਦੀ ਦਾ ਹੀ ਮੱਤ ਇਸ ਬਾਰੇ ਬੜਾ ਕਾਰਗਰ ਸਾਬਤ ਹੋ ਸਕਦਾ ਹੈ ਕਿ "ਲੋਕਧਾਰਾ ਵਿੱਚ ਪੇਸ਼ ਹੋ ਰਹੇ ਮਨੁੱਖੀ ਸੱਚ ਤੇ ਇਸ ਦੀ ਪੇਸ਼ਕਾਰੀ ਦੀ ਜੁਗਤ ਨੂੰ ਲੱਭਣ ਤੇ ਪਛਾਣਨ ਦੀ ਲੋੜ ਉਦੋਂ ਹੀ ਮਹਿਸੂਸ ਹੋਈ, ਜਦੋਂ ਆਧੁਨਿਕ ਗਿਆਨ ਤੇ ਵਿਗਿਆਨ ਨੇ ਲੋਕਧਾਰਾ ਚਿੰਤਨ ਨੂੰ ਵਿਸ਼ਵਾਸ ਦੀ ਪੱਧਰ ਤੇ ਵੰਗਾਰ ਪੇਸ਼ ਕੀਤੀ। ਇਹ ਵੀ ਉਦੋਂ ਹੀ ਸੰਭਵ ਹੋਇਆ, ਜਦੋਂ ਆਧੁਨਿਕ ਜੀਵਨ ਵਿੱਚ ਲੋਕਧਾਰਾ ਦੀ ਸਾਰਥਕਤਾ ਤੇ ਨਿਰੰਤਰਤਾ ਦਾ ਸਵਾਲ ਖੜਾ ਹੋ ਗਿਆ।" [52]

ਅੱਜ ਵਿਗਿਆਨੀਆਂ ਨੇ ਲੋਕਧਾਰਾ ਨੂੰ ਇਕ ਸੁਤੰਤਰ ਗਿਆਨ ਪ੍ਰਣਾਲੀ ਵਜੋਂ ਸਥਾਪਤ ਕਰ ਲਿਆ ਹੈ ਅਤੇ ਇਹ ਵਿਗਿਆਨੀ ਲੋਕਧਾਰਾ ਦੀ ਸਮੱਗਰੀ ਇਕੱਤਰ ਕਰਨ, ਵਿਸ਼ਲੇਸ਼ਣ ਕਰਨ ਅਤੇ ਉਸ ਦਾ ਅਧਿਐਨ ਕਰਨ ਵਿੱਚ ਜੁੱਟੇ ਹੋਏ ਹਨ। ਲੋਕਧਾਰਾ ਦੇ ਅਧਿਐਨ ਕਰਨ ਦੇ ਵੱਖ-ਵੱਖ ਢੰਗ ਤਰੀਕੇ ਹਨ। ਅੱਜ ਲੋਕਧਾਰਾ ਦੀ ਪ੍ਰਾਪਤ ਸਮੱਗਰੀ ਨੂੰ ਹਰ ਪੱਧਰ ਤੇ ਹਰ ਦ੍ਰਿਸ਼ਟੀਕੋਣ ਤੋਂ ਪਰਖਣ ਦੀ ਜ਼ਰੂਰਤ ਮਹਿਸੂਸ ਹੋ ਰਹੀ ਹੈ। ਸਾਹਿਤ ਸ਼ਾਸਤਰੀ ਲੋਕਧਾਰਾ ਨੂੰ ਸਾਹਿਤ ਵਜੋਂ ਮੰਨਦੇ ਹਨ ਅਤੇ ਇਸ ਨੂੰ ਆਪਣੇ ਅਧਿਆਨ ਦੀ ਸਮੱਗਰੀ ਸਮਝ ਰਹੇ ਹਨ। ਇਤਿਹਾਸਕਾਰ ਇਸ ਦੀ ਇਤਿਹਾਸਕ ਪੱਧਰ ਤੇ ਕਿਹੜੀਆਂ ਘਟਨਾਵਾਂ ਜਾਂ ਪਾਤਰ ਆਪਣੀ ਭੂਮਿਕਾ ਨਿਭਾਉਂਦੇ ਰਹੇ ਹਨ। ਇਤਿਹਾਸਕ ਪੱਧਰ ਤੇ ਸੋਚਦੇ ਹਨ, ਮਾਨਵ-ਵਿਗਿਆਨੀ (anthropologist) ਲੋਕਧਾਰਾ (autobiographical discription) ਸਵੈ-ਜੀਵਨੀ ਆਤਮਕ ਵਿਆਖਿਆ ਭਾਲਦੇ ਹਨ। ਜਾਤੀ ਵਿਗਿਆਨੀ ਸਭਿਆਚਾਰਕ ਤੌਰ 'ਤੇ ਅਧਿਐਨ ਵਿਚ ਜੁੱਟੇ ਹਨ। ਮਨੋਵਿਗਿਆਨੀ ਮਨੁੱਖੀ ਮਨ ਦੀਆਂ ਪਰਤਾਂ ਉਧੇੜਨ ਵਿੱਚ ਜੁੱਟੇ ਹਨ ਅਤੇ ਵੇਖ ਰਹੇ ਹਨ ਕਿ ਵਿਅਕਤੀਗਤ ਅਤੇ ਸਮੂਹਕ ਮਾਨਸਿਕ ਵਿਕਾਸ ਕਿਹੜੇ ਪੜ੍ਹਾਵਾਂ ਵਿੱਚੋਂ ਹੋ ਕੇ ਗੁਜ਼ਰਿਆ ਹੈ। ਭਾਸ਼ਾ ਵਿਗਿਆਨੀ, ਭਾਸ਼ਾ ਦੇ ਪੱਧਰ ਤੇ ਇਸ ਦਾ ਵਿਸ਼ਲੇਸ਼ਣ ਕਰ ਰਹੇ ਹਨ। ਹਰ ਕੋਈ ਆਪਣੇ ਵਿਚਾਰਾਂ ਤੇ ਸ਼ੌਕਾਂ, ਲੋੜਾਂ ਤਹਿਤ ਇਸ ਦਾ ਅਧਿਐਨ ਕਰ ਰਿਹਾ ਹੈ ਤਾਂ ਕਿ ਲੋਕਧਾਰਾ ਨੂੰ ਸਮਝਿਆ ਅਤੇ ਵਰਤਿਆ ਜਾ ਸਕੇ। ਇਸ ਤਰ੍ਹਾਂ ਬਹੁਤ ਸਾਰੀਆਂ ਵਿਧੀਆਂ ਵੱਖ-ਵੱਖ ਲੋਕਾਂ, ਦੇਸ਼ਾਂ, ਵਿਦਵਾਨਾਂ, ਅਰਥ ਵਿਗਿਆਨੀਆਂ, ਸਮਾਜ ਵਿਗਿਆਨੀਆਂ ਵੱਲੋਂ ਵਰਤੀਆਂ ਜਾ ਰਹੀਆਂ ਹਨ ਕਿਉਂਕਿ ਹਰ ਇਕ ਦਾ ਘੇਰਾ, ਖੇਤਰ ਦਿਲਚਸਪੀ, ਲੋੜਾਂ, ਸੰਦਾਂ ਅਤੇ ਮਾਨਸਿਕ ਦਸ਼ਾ ਵੱਖਰੀ-ਵੱਖਰੀ ਹੋ ਸਕਦੀ ਹੈ।

ਇਹ ਵੀ ਗੱਲ ਕਰਨੀ ਬਣਦੀ ਹੈ ਕਿ ਲੋਕਧਾਰਾ ਦਾ ਜ਼ਿਆਦਾ ਹਿੱਸਾ ਮੌਖਿਕ ਰੂਪ ਵਿੱਚ ਮਿਲਦਾ ਹੈ ਅਤੇ ਇਸ ਦਾ ਥੋੜ੍ਹਾ ਹਿੱਸਾ ਹੀ ਵਿਗਿਆਨੀਆਂ ਨੇ ਆਪਣੇ ਸਮੂਹਕ ਵਿਅਕਤੀਗਤ ਅਤੇ ਸੰਸਥਾਗਤ ਤੌਰ ਤੇ ਇਕੱਤਰ ਕੀਤਾ ਹੈ। ਇਸ ਲਈ ਇਹ ਗੱਲ ਸਪੱਸ਼ਟ ਹੈ ਕਿ ਲੋਕਧਾਰਾ ਦਾ ਅਧਿਐਨ ਮੌਖਿਕ ਸਮੱਗਰੀ ਦਾ ਅਤੇ ਲਿਖਤ ਸਮੱਗਰੀ ਦੋਵਾਂ ਦਾ ਹੋ ਸਕਦਾ ਹੈ ਕਿਉਂਕਿ

ਲਿਖਤ ਭਾਸ਼ਾ ਦੀ ਖੋਜ ਬੜੀ ਦੇਰ ਬਾਅਦ ਜਾ ਕੇ ਹੋਈ ਹੈ। ਪਰੰਤੂ ਆਦਿ ਕਾਲ ਤੋਂ ਸਾਰਾ ਸੰਚਾਰ ਮੌਖਿਕ ਰੂਪ ਵਿੱਚ ਹੀ ਕੀਤਾ ਜਾ ਰਿਹਾ ਹੈ। ਹੁਣ ਅਸੀਂ ਵੇਖ ਸਕਦੇ ਹਾਂ ਕਿ ਮੌਖਿਕ ਤੇ ਲਿਖਤ ਸਾਹਿਤ ਦੀਆਂ ਆਪਣੀਆਂ-ਆਪਣੀਆਂ ਸਮੱਸਿਆਵਾਂ ਹਨ। ਪਰੰਪਰਾਂ ਵੀ ਲੋਕਧਾਰਾ ਦਾ ਖ਼ਾਸ ਧੁਰਾ ਹੈ ਕਿਉਂਕਿ ਮਨੁੱਖ ਜਾਤੀ ਦੀਆਂ ਬਹੁਤ ਸਾਰੀਆਂ ਕ੍ਰਿਆਵਾਂ, ਆਦਤਾਂ ਅਤੇ ਹੋਰ ਮੁਦਰਾਵਾਂ ਪਰੰਪਰਾਗਤ ਤੌਰ ਤੇ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤੱਕ ਪਹੁੰਚਦੀਆਂ ਰਹਿੰਦੀਆਂ ਹਨ। ਸਭਿਆ ਲੋਕਾਂ ਨਾਲੋਂ ਅਨਪੜ੍ਹ ਅਤੇ ਸਰਲ ਸਾਧਾਰਨ ਵਰਗ ਤੋਂ ਨਿਰੋਲ ਪਰੰਪਰਾ ਦੀ ਪ੍ਰਾਪਤੀ ਵਧੇਰੇ ਸੌਖੀ ਹੁੰਦੀ ਹੈ। ਇਹ ਸਾਰਾ ਕੁਝ ਜਟਿਲਤਾ ਵਿੱਚ ਨਹੀਂ ਸਰਲਤਾ ਵਿੱਚ ਹੁੰਦਾ ਹੈ ਕਿਉਂਕਿ ਜਿੱਥੇ ਲੋਕੀਂ ਅਫਵਾਹਾਂ, ਕਹਾਣੀਆਂ, ਗੱਲਾਂ, ਤੁਕਬੰਦੀਆਂ ਆਦਿ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਨੂੰ ਸੁਣਾਉਂਦੇ ਤੇ ਪਹੁੰਚਾਉਂਦੇ ਰਹਿੰਦੇ ਹਨ, ਉਥੇ ਪਤਾ ਲੱਗ ਜਾਂਦਾ ਹੈ ਕਿ ਇਹ ਸਾਰਾ ਕੁਝ ਪਰੰਪਰਾਗਤ ਹੈ। ਕਿਸੇ ਵੀ ਸਾਹਿਤਕ ਕਿਰਤ ਦਾ ਅਧਿਐਨ ਕਰਨ ਲਈ ਕਿਰਤ ਦਾ ਮੂਲ ਪਾਠ (text), ਮੂਲ ਪਾਠ ਦੀ ਬੁਣਤੀ (texture) ਅਤੇ ਸਿਰਜਨਾਤਮਕ ਪ੍ਰਸੰਗ (context) ਹੁੰਦਾ ਹੈ। ਇਹ ਤਿੰਨੋਂ ਹੀ ਕਿਸੇ ਸਾਹਿਤਕ ਕਿਰਤ ਦਾ ਅਧਿਐਨ ਕਰਨ ਅਤੇ ਵਿਸ਼ਲੇਸ਼ਣ ਕਰਨ ਲਈ ਮੂਲ ਅਧਾਰ ਬਣਦੇ ਹਨ। ਹਰ ਸੂਝਵਾਨ ਤੇ ਸਿਆਣਾ ਵਿਦਵਾਨ ਆਪਣੀ ਅਧਿਐਨ ਵਿਧੀ ਦਾ ਅਧਾਰ ਇਨ੍ਹਾਂ ਹੀ ਕੇਂਦਰੀ ਬਿੰਦੂਆਂ ਨੂੰ ਬਣਾਉਂਦਾ ਹੈ ਭਾਵੇਂ ਉਹ ਕਿਸੇ ਵੀ ਅਧਿਐਨ ਵਿਧੀ ਦੀ ਵਰਤੋਂ ਕਰ ਰਿਹਾ ਹੋਵੇ। ਭਾਵੇਂ ਲੋਕਧਾਰਾ ਦੇ ਅਧਿਐਨ ਦੀਆਂ ਅਨੇਕਾਂ ਵਿਧੀਆਂ ਹੋ ਸਕਦੀਆਂ ਹਨ ਪਰ ਮੌਖਿਕ ਤੇ ਪਰੰਪਰਾਗਤ ਕਿਰਤਾਂ ਬਾਰੇ ਇਕ ਬੁਨਿਆਦੀ ਸਵਾਲ ਤਾਂ ਪੈਦਾ ਹੁੰਦਾ ਹੈ ਕਿ ਇਹ ਰਚਨਾ ਕਿੱਥੇ ਅਤੇ ਕਿਵੇਂ ਪੈਦਾ ਹੋਈ, ਠੋਸ ਨਿਰਣਾ ਤਾਂ ਕੱਢਣਾ ਬਹੁਤੀ ਵਾਰੀ ਮੁਸ਼ਕਲ ਹੋ ਜਾਂਦਾ ਹੈ ਪਰ ਗਹਿਨ ਅਧਿਐਨ ਦੁਆਰਾ ਇਸ ਦੇ ਨੇੜੇ-ਤੇੜੇ ਪਹੁੰਚਿਆ ਜਾ ਸਕਦਾ ਹੈ। ਐਲਨ ਡੰਡੀਜ਼ ਨੇ ਆਪਣੇ ਇਕ ਲੇਖ Ways of Studing Folklore ਵਿੱਚ ਕੁਝ ਵਿਧੀਆਂ ਦਾ ਜ਼ਿਕਰ ਕੀਤਾ ਹੈ। ਉਹ ਇਸ ਪ੍ਰਕਾਰ ਹਨ:

**1. ਤੁਲਨਾਤਮਕ ਵਿਧੀ (Comparative Method) :** ਇਸ ਵਿਧੀ ਰਾਹੀਂ ਇਕ ਹੀ ਕਿਰਤ, ਕਹਾਣੀ, ਗਾਥਾ ਕਾਵਿ ਆਦਿ ਦੇ ਵੱਖ-ਵੱਖ ਰੂਪਾਂ ਨੂੰ ਇਕੱਤਰ ਕਰਨਾ ਪਵੇਗਾ। ਕਈ ਵਾਰੀ ਕਿਸੇ ਇਕ ਭੂ-ਖੰਡ ਦੀ ਭਾਸ਼ਾ ਵਿੱਚ ਵੀ ਇਲਾਕਾਈ ਭਿੰਨਤਾਵਾਂ ਹੋ ਸਕਦੀਆਂ ਹਨ ਅਤੇ ਥੋੜ੍ਹੇ ਬਹੁਤੇ ਫ਼ਰਕ ਨਾਲ ਉਨ੍ਹਾਂ ਰਚਨਾਵਾਂ ਦਾ ਵਿਸ਼ਾ ਸਮਾਨ ਹੋ ਸਕਦਾ ਹੈ। ਇਸ ਲਈ ਵੀ ਬੜੀ ਸਖ਼ਤ ਮਿਹਨਤ ਦੀ ਜ਼ਰੂਰਤ ਹੈ ਕਿਉਂਕਿ ਇਸ ਵਿਧੀ ਰਾਹੀਂ ਨਾ ਸਿਰਫ਼ ਆਪਣੇ ਆਲੇ-ਦੁਆਲੇ ਹੀ ਸਗੋਂ ਅੰਤਰ-ਰਾਸ਼ਟਰੀ ਪੱਧਰ ਤੇ ਵੀ ਜਾਣਾ ਪੈ ਸਕਦਾ ਹੈ ਤੇ ਇਨ੍ਹਾਂ ਬਾਰੇ ਸੰਗ੍ਰਹਿ ਘਰਾਂ ਵਿੱਚ ਪਈ ਸਮੱਗਰੀ ਨੂੰ ਦੂਸਰਿਆਂ ਦੇਸ਼ਾਂ ਵਿੱਚ ਅਧਿਐਨ ਲਈ ਭੇਜਿਆ ਜਾਣਾ ਚਾਹੀਦਾ ਹੈ। ਤੁਲਨਾਤਮਕ ਵਿਧੀ ਅਨੁਸਾਰ ਵੇਖਿਆ ਜਾ ਸਕਦਾ ਹੈ ਕਿ ਕਿਵੇਂ ਕੋਈ ਸੰਸਥਾਗਤ ਜਾਂ ਵਿਅਕਤੀਗਤ ਤੌਰ ਤੇ ਇਕੱਤਰ ਕੀਤੀ ਸਮੱਗਰੀ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਪੂਰੀ ਉਤਰਦੀ ਹੈ। ਕਿਸੇ ਰਚਨਾ ਵਿੱਚ ਕਿਸੇ ਖਿੱਤੇ ਦੇ ਕਿਹੜੇ-ਕਿਹੜੇ ਗੁਣ ਹਨ, ਵਿਗਿਆਨੀਆਂ ਕੋਲ ਅੰਕੜੇ ਹੋਣੇ ਚਾਹੀਦੇ ਹਨ।

ਐਲਨ ਡੰਡੀਜ਼ ਤਾਂ ਅੰਤਰ-ਰਾਸ਼ਟਰੀ ਤੁਲਨਾਤਮਕ ਅਧਿਐਨ ਵਿਧੀ ਨੂੰ ਦੁਨੀਆਂ ਦੀ ਸਭ ਤੋਂ ਪਰੰਪਰਾਗਤ ਵਿਧੀ ਦੱਸਦਾ ਹੈ। ਪਰ ਇਸ ਦੀਆਂ ਕੁਝ ਖ਼ਾਮੀਆਂ ਵਿੱਚੋਂ ਵੀ ਦੱਸਦਾ ਹੈ ਕਿ ਲੋਕਧਾਰਾ ਦਾ ਅਧਿਐਨ ਕਰਦਿਆਂ ਅਸੀਂ ਲੋਕ ਨੂੰ ਅੱਖੋਂ ਓਹਲੇ ਕਰ ਦਿੰਦੇ ਹਾਂ ਅਤੇ ਦੂਸਰਾ ਬਹੁਤ ਸਾਰੀਆਂ ਕਿਸੇ ਰਚਨਾ ਦੀਆਂ ਪਰਤਾਂ ਵਿੱਚੋਂ ਸਭ ਤੋਂ ਪੁਰਾਣੀ ਕਿਹੜੀ ਹੈ, ਨਿਰਣਾ

ਕਰਨਾ ਵੀ ਮੁਸ਼ਕਲ ਹੋ ਜਾਂਦਾ ਹੈ।

**ਮਾਨਵ ਵਿਗਿਆਨੀ ਵਿਧੀ (Anthropological oriented method)**- ਲੋਕਧਾਰਾ ਦੇ ਅਧਿਐਨ ਦੀ ਇਸ ਵਿਧੀ ਵਿੱਚ ਲੋਕ ਅਤੇ ਧਾਰਾ ਦੋਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਰਾਹੀਂ ਵੇਖਿਆ ਜਾਂਦਾ ਹੈ ਕਿ ਕਿਸੇ ਲੋਕ ਵੰਨਗੀ ਦਾ ਕੀ ਅਰਥ ਹੈ ਅਤੇ ਇਸ ਦਾ ਸਮਾਜ ਅਤੇ ਮਨੁੱਖ ਨਾਲ ਕਿਸ ਤਰ੍ਹਾਂ ਦਾ ਰਿਸ਼ਤਾ ਹੈ। ਇਸ ਰਾਹੀਂ ਕਿਸੇ ਇਕੱਲੀ ਕਹਾਣੀ ਨੂੰ ਅੰਤਰਰਾਸ਼ਟਰੀ ਪੱਧਰ ਤੇ ਵੰਡ ਕੇ ਨਹੀਂ ਸਗੋਂ ਉਸ ਦਾ ਲੋਕਧਾਰਾ ਅੰਦਰ ਕਿਸੇ ਸਭਿਆਚਾਰ ਦਾ ਅੰਦਰੂਨੀ ਅਧਿਐਨ ਹੈ। ਮਾਨਵ-ਵਿਗਿਆਨੀ ਮੰਨਦੇ ਹਨ ਕਿ ਲੋਕਧਾਰਾ ਦਾ ਪਰਛਾਵਾਂ ਸਭਿਆਚਾਰ 'ਤੇ ਪੈਂਦਾ ਹੈ ਅਤੇ ਸਭਿਆਚਾਰ ਵਿੱਚ ਰਹਿਣ ਵਾਲੇ ਸਾਰੇ ਮਾਨਵ ਇਸ ਤੋਂ ਪ੍ਰਭਾਵਿਤ ਹੁੰਦੇ ਹਨ ਤੇ ਲੋਕਧਾਰਾ ਵਿੱਚ ਸਭਿਆਚਾਰਕ ਰੂੜ੍ਹੀਆਂ ਮੌਜੂਦ ਹੁੰਦੀਆਂ ਹਨ। ਇਸ ਕਾਰਨ ਇਸ ਰਾਹੀਂ ਕਿਸੇ ਜਾਤੀ/ਨਸਲ ਦੇ ਲੋਕਾਂ ਦਾ ਇਤਿਹਾਸ ਵੇਖਿਆ ਜਾ ਸਕਦਾ ਹੈ। ਇਸ ਵਿੱਚ ਸਾਫ਼ ਨਜ਼ਰ ਆਉਂਦਾ ਹੈ ਕਿ 'ਧਾਰਾ' ਲੋਕ ਬਾਰੇ ਕੀ ਦੱਸਦੀ ਹੈ। ਜਿਹੜੀ ਵੀ ਅਧਿਐਨ ਵਿਧੀ ਸਭਿਆਚਾਰ ਤੇ ਆਪਣਾ ਅਸਰ ਛੱਡੇਗੀ ਜਾਂ ਪ੍ਰਭਾਵ ਪਾਵੇਗੀ। ਉਹ 'ਲੋਕ' ਬਾਰੇ ਵੀ ਜ਼ਿਆਦਾ ਗੱਲ ਕਰੇਗੀ ਅਤੇ 'ਧਾਰਾ' ਉਨ੍ਹਾਂ ਲਈ ਸਿਰਫ਼ 'ਲੋਕ' ਨੂੰ ਵਧੀਆ ਤਰੀਕੇ ਨਾਲ ਸਮਝਣ ਦਾ ਇਕ ਸਾਧਨ ਰਹੇਗੀ।

**ਇਤਿਹਾਸਕ ਭੂਗੋਲਿਕ ਵਿਧੀ (Historic geographic method)**-ਕਿਸੇ ਵੀ ਕਿਰਤ ਵਿੱਚ ਉਸ ਦਾ ਇਤਿਹਾਸ ਅਤੇ ਭੂਗੋਲ ਛੁਪਿਆ ਹੁੰਦਾ ਹੈ ਅਤੇ ਕਿਸੇ ਵੀ ਲੋਕ-ਸਾਹਿਤ ਰੂਪ ਅਤੇ ਖ਼ਾਸ ਕਰ ਕੇ ਵਾਰਤਕ ਬਿਰਤਾਂਤ ਦੇ ਅਨੇਕਾਂ ਰੂਪਾਂਤਰਣ ਹੁੰਦੇ ਹਨ। ਇਨ੍ਹਾਂ ਅਲੱਗ-ਅਲੱਗ ਰੂਪਾਂਤਰਣਾਂ ਦੇ ਅਧਿਐਨ ਰਾਹੀਂ ਉਸ ਇਤਿਹਾਸਕ ਸਮੇਂ ਅਤੇ ਭੂਗੋਲਿਕ ਸਥਾਨ ਦੀ ਪਛਾਣ ਕਰ ਸਕਦੇ ਹਾਂ। ਜਿਥੇ ਕਿਤੇ ਇਸ ਸਾਹਿਤ ਰੂਪ ਦੀ ਸਿਰਜਨਾ ਹੋਈ ਹੁੰਦੀ ਹੈ, ਜਿਹੜੀ ਕਿ ਵੱਖ-ਵੱਖ ਸਭਿਆਚਾਰਾਂ ਰਾਹੀਂ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਪਹੁੰਚ ਜਾਂਦੀ ਹੈ। ਇਸ ਵਿਧੀ ਦਾ ਬਹੁਤ ਵਿਰੋਧ ਵੀ ਹੁੰਦਾ ਰਿਹਾ ਕਿਉਂਕਿ ਇਸ ਰਾਹੀਂ ਸਿਰਫ ਨਕਸ਼ਿਆਂ ਗਰਾਫਾਂ ਅਤੇ ਅੰਕੜਿਆਂ ਦੇ ਚੱਕਰ ਵਿੱਚ ਹੀ ਆਦਮੀ ਪਿਆ ਰਹਿੰਦਾ ਹੈ। ਇਸ ਵਿਧੀ ਵਿੱਚ ਸਮੇਂ ਅਤੇ ਸਥਾਨ ਨੂੰ ਮਾਨਤਾ ਦਿੱਤੀ ਜਾਂਦੀ ਹੈ। ਡਾ. ਜੁਗਿੰਦਰ ਸਿੰਘ ਕੈਰੋਂ ਨੇ ਆਪਣੇ ਖੋਜ ਦਰਪਣ ਦੇ ਲੇਖ 'ਲੋਕਧਾਰਾ ਅਧਿਐਨ ਇਤਿਹਾਸਕ ਪਰਿਪੇਖ' ਵਿੱਚ ਲੋਕਧਾਰਾ ਅਧਿਐਨ ਵਿੱਚ ਕਾਰਜਸ਼ੀਲ ਵੱਖ-ਵੱਖ ਸਕੂਲ ਅਤੇ ਵਿਧੀਆਂ ਦੇ ਤਹਿਤ ਚਾਰ ਸਕੂਲਾਂ ਦਾ ਵਰਣਨ ਕੀਤਾ ਹੈ। ਇਹ ਹਨ : 1. ਇੰਡੀਕ ਸਕੂਲ 2. ਮਾਨਵ ਵਿਗਿਆਨ 3. ਫਿਨਿੱਸ ਸਕੂਲ 4. ਭਾਸ਼ਾ ਵਿਗਿਆਨਕ।[53]

ਇੰਡੀਕ ਸਕੂਲ ਨੇ ਹਿੰਦੂ ਮਾਇਥਾਲੋਜੀ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਇਆ। ਇਸ ਸਕੂਲ ਨਾਲ ਸੰਬੰਧਤ ਵਿਗਿਆਨੀਆਂ ਦਾ ਪਿਛੋਕੜ ਭਾਸ਼ਾ ਵਿਗਿਆਨ ਅਤੇ ਮਾਨਵ ਵਿਗਿਆਨ ਸੀ। ਇਨ੍ਹਾਂ ਨੇ ਸੰਸਕ੍ਰਿਤ ਦੇ ਸੋਮਿਆਂ ਵਿੱਚੋਂ ਉਨ੍ਹਾਂ ਰੂੜ੍ਹੀਆਂ ਤੇ ਵਾਕੰਸ਼ਾਂ ਨੂੰ ਖੋਜਿਆ। ਜਿਹੜੇ ਸਮੇਂ ਅਤੇ ਸਥਾਨ ਦੇ ਬਦਲਣ ਨਾਲ ਆਪਣੇ ਅਰਥ ਬਦਲ ਲੈਂਦੇ ਹਨ, ਬਲੂਮਫੀਲਡ ਇਸ ਦਾ ਪ੍ਰਮੁੱਖ ਵਿਦਵਾਨ ਸੀ। ਹਿੰਦੀ ਵਿੱਚ ਡਾ. ਸਤੇਂਦ੍ਰ ਅਜਿਹੀ ਖੋਜ ਦੀ ਹਾਮੀ ਭਰਦੇ ਹਨ ਕਿ ਸੋਲਰ ਮਾਇਥਾਲੋਜੀ ਤੋਂ ਪੁਰਾਣ ਕਥਾਵਾਂ/ਦੇਵੀ ਕਥਾਵਾਂ ਤੋਂ ਸਾਧਾਰਨ ਲੋਕ ਕਹਾਣੀਆਂ ਦਾ ਜਨਮ ਹੋਇਆ।

ਦੂਜਾ ਸਕੂਲ ਮਾਨਵ ਵਿਗਿਆਨੀ ਸੀ, ਇੰਡੀਕ ਸਕੂਲ ਨਾਲ ਸੰਬੰਧਿਤ ਵਿਦਵਾਨਾਂ ਵਾਂਗ ਇਸ ਸਕੂਲ ਦੇ ਵਿਦਵਾਨ ਵੀ ਭਾਸ਼ਾ ਵਿਗਿਆਨ ਵਿੱਚ ਦਿਲਚਸਪੀ ਰੱਖਦੇ ਸਨ। ਇਨ੍ਹਾਂ

ਨੇ ਮੌਖਿਕ ਤੇ ਲਿਖਤ ਭਾਸ਼ਾ ਦਾ ਅਧਿਐਨ ਕੀਤਾ ਅਤੇ ਸੰਸਾਰ ਪੱਧਰ ਉੱਤੇ ਸਭਿਆਚਾਰਕ ਪੈਟਰਨਾਂ ਨੂੰ ਲੱਭਣ ਲਈ ਲੋਕਧਾਰਾ ਦੀ ਸਮੱਗਰੀ ਨੂੰ ਆਧਾਰ ਬਣਾਇਆ। ਲੈਵੀ ਸਤ੍ਰਾਸ ਅਜਿਹੀ ਵਿਧੀ ਦਾ ਵਿਦਵਾਨ ਹੈ।

ਫਿਨਿਸ ਸਕੂਲ ਨਾਲ ਸੰਬੰਧਿਤ ਵਿਦਵਾਨ ਐਰਨੇ ਥੋਮਪਸਨ (Aarnel Thomposon) ਹਨ ਇਹ ਸਕੂਲ ਉਨ੍ਹਾਂ ਦੇ ਨਾਵਾਂ ਨਾਲ ਹੀ ਪ੍ਰਚੱਲਿਤ ਹੈ। ਇਹ ਵਿਦਵਾਨ ਕਿਸੇ ਕਥਾ ਕਹਾਣੀ ਵਿਚਲੇ ਇਕ ਤੋਂ ਵੱਧ ਰੂਪਾਂਤਰਣਾਂ ਨੂੰ ਲੱਭਣ ਵਿੱਚ ਦਿਲਚਸਪੀ ਰੱਖਦੇ ਹਨ। ਇਨ੍ਹਾਂ ਵਿਦਵਾਨਾਂ ਨੇ ਹੀ ਇਤਿਹਾਸਕ ਭੂਗੋਲਿਕ ਵਿਧੀ ਦਾ ਨਿਰਮਾਣ ਕੀਤਾ। ਇਸ ਵਿਧੀ ਨਾਲ ਸੰਬੰਧਿਤ ਵਿਦਵਾਨ ਅਰਨੀ ਐਂਟੀ ਨੇ ਸੰਸਾਰ ਪ੍ਰਸਿੱਧ ਫੋਕਲੋਰ ਟਾਈਪ ਇੰਡੈਕਸ ਤਿਆਰ ਕੀਤਾ, ਜਿਸ ਨੂੰ ਬਾਅਦ ਵਿੱਚ ਸਟਿਥ ਥਾਮਸਨ ਨੇ ਸੁਧਾਰਿਆ ਅਤੇ ਇਨ੍ਹਾਂ ਨੇ ਸਾਰੇ ਸੰਸਾਰ ਦੀਆਂ ਲੋਕ-ਕਹਾਣੀਆਂ ਦਾ ਮੋਟਿਫ਼ ਇੰਡੈਕਸ ਤਿਆਰ ਕੀਤਾ ਅਤੇ ਆਪਣੀ ਪੁਸਤਕ 'ਫੋਕਟੇਲ' ਰਾਹੀਂ ਇਹ ਧਾਰਨਾ ਸਿੱਧ ਕੀਤੀ ਕਿ ਲੋਕ-ਕਹਾਣੀਆਂ ਦਾ ਮੂਲ ਦੇਸ਼ ਭਾਰਤ ਹੈ ਅਤੇ ਇਥੋਂ ਹੀ ਇਹ ਫ਼ਾਰਸੀ, ਅਰਬੀ, ਹਿਬਰਿਊ ਅਤੇ ਇਤਾਲਵੀ ਵਿੱਚ ਹੁੰਦੀਆਂ ਹੋਈਆਂ ਪੱਛਮ ਦੀਆਂ ਬਾਕੀ ਜ਼ੁਬਾਨਾਂ ਵਿੱਚ ਪ੍ਰਵੇਸ਼ ਕਰ ਗਈਆਂ। ਭਾਸ਼ਾ ਵਿਗਿਆਨ ਦਾ ਸਕੂਲ 1900 ਤੋਂ ਬਾਅਦ ਤੇਜ਼ੀ ਨਾਲ ਕੰਮ ਕਰਦਾ ਰਿਹਾ। ਵਲਾਦੀਮੀਰ ਪਰੋਪ ਦੀਆਂ ਪਰੀ ਕਹਾਣੀਆਂ ਨਾਲ ਸੰਬੰਧਿਤ ਮਾਰਫੋਲੋਜੀ ਆਫ਼ ਫੋਕਟੇਲ' ਦੀ ਰਚਨਾ ਹੋਈ। ਭਾਸ਼ਾ ਦੇ ਪੱਧਰ ਤੇ ਸੰਰਚਨਾਤਮਕ, ਸ਼ਬਦ ਬਣਤਰ, ਸ਼ਬਦ ਧਾਤੂ ਵਿਧੀ ਅਨੁਸਾਰ ਕੰਮ ਕੀਤਾ। ਲੈਵੀ ਸਤ੍ਰਾਸ, ਆਰ. ਐਸ. ਵੋਲਕੋਵ, ਏ. ਆਈ. ਨਿੱਕੀਫਾਰੋਵ ਆਦਿ ਇਸ ਦੇ ਪ੍ਰਸਿੱਧ ਵਿਦਵਾਨ ਹਨ।[54]

ਪੰਜਾਬੀ ਦੇ ਕੁਝ ਵਿਦਵਾਨ ਤਾਂ ਲੋਕਧਾਰਾ ਦੇ ਅਧਿਐਨ ਵਿਧੀਆਂ ਬਾਰੇ ਗੱਲ ਕਰਦਿਆਂ ਵਿਗਿਆਨਕ ਜਾਂ ਭਾਸ਼ਾ ਵਿਗਿਆਨਕ ਧਾਰਨਾ ਅਪਣਾਉਂਦਿਆਂ ਹੋਇਆਂ ਇਕ ਵਿਧੀ ਦਾ ਜ਼ਿਕਰ ਕਰਦੇ ਹਨ, ਜਿਸ ਨੂੰ ਭਾਸ਼ਾ ਵਿਗਿਆਨਕ ਵਿਧੀ ਕਿਹਾ ਗਿਆ ਹੈ ਪਰ ਇਸ ਵਿਧੀ ਦਾ ਆਪਣਾ ਕੋਈ ਨਿਵੇਕਲਾ ਅਧਾਰ ਜਾਂ ਮੀਟਰ ਤਾਂ ਨਜ਼ਰੀਂ ਨਹੀਂ ਪਿਆ ਸਗੋਂ ਲੱਗਦਾ ਇਵੇਂ ਹੈ ਕਿ ਲੋਕ ਚੇਤਨਾ, ਲੋਕ ਗਿਆਨ ਵਿਸ਼ਵਾਸ ਅਤੇ ਲੋਕ ਜੀਵਨ ਸੰਬੰਧੀ ਜਾਣਨ ਲਈ ਹੀ ਇਸ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਵਿਦਵਾਨਾਂ ਨੇ ਲੋਕਧਾਰਾ ਨੂੰ ਸਭਿਆਚਾਰ ਦਾ ਅੰਗ ਮੰਨਦੇ ਹੋਏ ਇਸ ਰਾਹੀਂ ਸਭਿਆਚਾਰ ਦੀਆਂ ਗਹਿਰੀਆਂ ਪਰਤਾਂ, ਅਦਿੱਖ ਵਸਤਾਂ ਨੂੰ ਸਮਝਣ, ਜਾਨਣ ਤੇ ਸਭਿਆਚਾਰ ਵਿੱਚ ਵਾਪਰ ਰਹੀਆਂ ਤਬਦੀਲੀਆਂ ਦੇ ਮੂਲ ਅਧਾਰਾਂ ਨੂੰ ਸਮਝਣ ਲਈ ਲੋਕਧਾਰਾਈ ਵਿਧੀ ਸਹਾਇਕ ਸਿੱਧ ਹੋ ਸਕਦੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਅਸੀਂ ਸਾਹਿਤ ਵਿੱਚ ਪਸਰੇ ਸੰਸਾਰ, ਵਾਤਾਵਰਣ ਅਤੇ ਪੰਜਾਬੀ ਸੁਭਾਅ ਦੀਆਂ ਅਦਿੱਖ ਪਰਤਾਂ ਨੂੰ ਇਸ ਵਿਧੀ ਤੋਂ ਬਿਨਾਂ ਸਮਝ ਨਹੀਂ ਸਕਦੇ ਕਿਉਂਕਿ ਸਾਹਿਤ ਸਿਰਜਣਾ ਵਿੱਚ ਲੋਕਧਾਰਾ ਦੀ ਸਮੱਗਰੀ ਦੀ ਭਰਪੂਰ ਵਰਤੋਂ ਹੋਈ ਹੈ। ਪਰ ਫਿਰ ਵੀ ਪੰਜਾਬੀ ਵਿੱਚ ਇਨ੍ਹਾਂ ਵਿਧੀਆਂ ਬਾਰੇ ਚਰਚਾ ਕਰਦਿਆਂ ਡਾ. ਗੁਰਦੀਪ ਸਿੰਘ ਸੰਧੂ ਦਾ ਵਿਚਾਰ ਹੈ ਕਿ, "ਪੰਜਾਬੀ ਸਾਹਿਤ ਵਿੱਚ ਕਿਸੇ ਵੀ ਸਾਹਿਤਕ ਕਿਰਤ ਦਾ ਲੋਕਯਾਨਿਕ ਅਧਿਐਨ ਵਿਗਿਆਨਕ ਢੰਗ ਨਾਲ ਹੋਇਆ ਪ੍ਰਾਪਤ ਨਹੀਂ ਹੈ ਅਤੇ ਨਾ ਹੀ ਅਜਿਹਾ ਕੋਈ ਨਿਸ਼ਚਿਤ ਮਾਡਲ ਪ੍ਰਾਪਤ ਹੈ। ਜਿਤਨਾ ਵੀ ਇਸ ਖੇਤਰ ਵਿੱਚ ਹੁਣ ਤੱਕ ਖੋਜ ਕਾਰਜ ਹੋਇਆ ਹੈ। ਉਹ ਇਕ ਖ਼ਾਸ ਪੱਧਰ ਤੱਕ ਹੀ ਸੀਮਤ ਹੈ। ਉਹ ਲੋਕ ਸਾਹਿਤ ਵਿੱਚ ਲੋਕ ਤੱਤਾਂ ਦੀ ਪਛਾਣ ਤੱਕ ਹੀ ਸੀਮਿਤ ਹੈ ਅਰਥਾਤ ਹੁਣ ਤੱਕ ਦੀ ਹੋਈ ਖੋਜ ਵਿੱਚ ਲੋਕ ਤੱਤਾਂ ਦਾ ਅਧਿਐਨ ਤੇ ਨਿਸ਼ਾਨਦੇਹੀ ਹੀ ਹੋਈ ਹੈ।"[55]

ਪੰਜਾਬ ਵਿੱਚ ਲੋਕਧਾਰਾ ਨਾਲ ਸੰਬੰਧਿਤ ਵਿਦਵਾਨਾਂ ਵੱਲੋਂ ਇਸ ਦੇ ਅਧਿਐਨ ਲਈ ਜਿਹੜੀ ਵਿਧੀ ਅਪਣਾਈ ਗਈ ਮਾਲੂਮ ਹੁੰਦੀ ਹੈ, ਉਹ ਹੈ ਸਮਾਜ ਸ਼ਾਸਤਰੀ ਵਿਧੀ, ਜਿਸ ਨਾਲ ਇਨ੍ਹਾਂ ਲੋਕ ਕਿਰਤਾਂ ਨੂੰ ਲੈ ਕੇ ਉਨ੍ਹਾਂ ਦਾ ਅਧਿਐਨ ਕੀਤਾ ਗਿਆ ਲਗਦਾ ਹੈ ਅਤੇ ਸਾਹਿਤ ਵਿੱਚ ਪ੍ਰਸਤੁਤ ਸਮਾਜ ਨੂੰ ਅਤੇ ਸਮਾਜਕ ਜੀਵਨ ਨੂੰ ਚਿਤਰਣ ਦਾ ਯਤਨ ਕੀਤਾ ਗਿਆ ਹੈ ਕਿਉਂਕਿ ਸਮਾਜ ਵਿਗਿਆਨ ਦੂਸਰੇ ਵਿਗਿਆਨਾਂ ਜਿਵੇਂ ਰਾਜਨੀਤੀ, ਇਤਿਹਾਸ, ਅਰਥ ਸ਼ਾਸਤਰ, ਦਰਸ਼ਨ ਅਤੇ ਮਨੋਵਿਗਿਆਨ ਨਾਲ ਸਮਾਨਤਾ ਰੱਖਦਾ ਹੋਇਆ ਵੀ ਵਖਰੇਵਾਂ ਰੱਖਦਾ ਹੈ। ਸਾਹਿਤ ਦਾ ਸੰਬੰਧ ਵੀ ਵਿਅਕਤੀ ਦੇ ਸਮਾਜਕ ਜੀਵਨ ਅਤੇ ਸਮਾਜਕ ਕਾਰਜਾਂ, ਪ੍ਰਵਿਰਤੀਆਂ ਅਤੇ ਅੰਤਰ ਸੰਬੰਧਾਂ ਬਾਰੇ ਗਿਆਨ ਪ੍ਰਦਾਨ ਕਰਨਾ ਹੁੰਦਾ ਹੈ। ਇਸ ਲਈ ਇਹ ਵਿਧੀ ਲੋਕਧਾਰਾ ਨੂੰ ਸਮਝਣ ਸਮਝਾਉਣ ਲਈ ਵਰਤੀ ਜਾਂਦੀ ਰਹੀ ਹੈ।

ਲੋਕਧਾਰਾ ਦਾ ਖੇਤਰ ਬਹੁਤ ਵਿਸ਼ਾਲ ਹੋਣ ਕਾਰਨ ਨਿੱਤ ਨਵੀਂ ਸੰਸਥਾ, ਵਿਅਕਤੀਗਤ, ਸ਼ੌਕ ਰੱਖਣ ਵਾਲੇ, ਵਿਦਿਆਰਥੀ, ਖੋਜਾਰਥੀ ਵਿਦਵਾਨ ਇਸ ਖੇਤਰ ਵਿੱਚ ਜੁੜ ਰਹੇ ਹਨ। ਸਮੇਂ ਦੇ ਗੇੜ ਤੇ ਵਿਗਿਆਨਕ ਯੁੱਗ ਹੋਣ ਕਾਰਨ ਇਸ ਖੇਤਰ ਦੇ ਅਧਿਐਨ ਦਾ ਖੇਤਰ ਹੁਣ ਸੀਮਤ ਨਹੀਂ ਰਿਹਾ ਸਗੋਂ ਦਿਨ ਪ੍ਰਤੀ ਦਿਨ ਇਸ ਵਿੱਚ ਨਵੀਆਂ ਵਿਧੀਆਂ ਜੁੜਦੀਆਂ ਆ ਰਹੀਆਂ ਹਨ। ਅੱਜ ਇਹ ਅਨਪੜ੍ਹ, ਘੱਟ ਪੜ੍ਹਿਆ, ਅਸਭਿਅਕ ਲੋਕਾਂ ਦਾ ਵਿਰਸਾ ਨਹੀਂ ਰਿਹਾ ਸਗੋਂ ਮਨੁੱਖ ਜਾਤੀ ਦੇ ਵਿਕਾਸ ਦੀਆਂ ਪਰਤਾਂ ਦੀ ਪਹਿਚਾਣ ਕਰਨ ਦਾ ਵਧੀਆ ਤਰੀਕਾ ਵੀ ਹੈ। ਡਾ. ਕੈਰੋਂ ਨੇ ਆਪਣੇ ਇਕ ਲੇਖ ਵਿੱਚ ਇਨ੍ਹਾਂ ਵਿਧੀਆਂ ਬਾਰੇ ਗੱਲ ਕੀਤੀ ਹੈ।

"ਇਨ੍ਹਾਂ ਵਿੱਚ ਵਿਆਖਿਆਤਮਕ ਵਿਧੀਆਂ ਤੇ ਭਾਸ਼ਾ ਵਿਗਿਆਨਕ ਵਿਧੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਵਿਆਖਿਆਤਮਕ ਵਿਧੀਆਂ ਵਿੱਚ ਇਤਿਹਾਸਕ, ਭੂਗੋਲਿਕ, ਇਤਿਹਾਸਕ,ਪੁਨਰ ਸਿਰਜਣਾਤਮਕ, ਵਿਚਾਰਧਾਰਾਤਮਕ, ਮਨੋਵਿਸ਼ਲੇਸ਼ਣਾਤਮਕ, ਪ੍ਰਕਾਰਾਤਮਕ ਆਦਿ ਪਰੰਪਰਕ ਵਿਧੀਆਂ ਅਤੇ ਕਰਾਸ ਕਲਚਰਲ, ਮਾਸ ਕਲਚਰਲ, ਫੋਕ ਕਲਚਰਲ, ਹੈਮੀ ਸਫੀਅਰਿਕ ਅਤੇ ਪ੍ਰਸੰਗਾਤਮਕ ਆਧੁਨਿਕ ਵਿਧੀਆਂ ਹਨ।" [56]

ਸੋ ਇਸ ਤਰ੍ਹਾਂ ਲੋਕਧਾਰਾ ਦਾ ਅਧਿਐਨ ਦਿਨ ਪ੍ਰਤੀ ਦਿਨ ਤਰੱਕੀ ਦੀਆਂ ਨਵੀਆਂ ਬੁਲੰਦੀਆਂ ਛੋਹ ਰਿਹਾ ਹੈ। ਭਾਵੇਂ ਅੱਜ ਵੀ ਕੁਝ ਲੋਕ ਇਸ ਦੀ ਮਹੱਤਤਾ ਨੂੰ ਨਾ ਜਾਣਦੇ ਹੋਏ ਇਸ ਨੂੰ ਪੁਰਾਤਨ ਲੋਕਾਂ ਬਾਰੇ ਗੱਲਾਂ ਹੀ ਸਮਝ ਰਹੇ ਹਨ ਪਰ ਇਸ ਦੀ ਸਭਿਆਚਾਰਕ ਮਹੱਤਤਾ ਨੂੰ ਸਮਝ ਕੇ ਇਸ ਦੀ ਸੰਰਚਨਾ ਤੇ ਚਿਹਨ ਵਿਗਿਆਨਕ ਵਿਧੀਆਂ ਰਾਹੀਂ ਇਸ ਦੇ ਅਰਥਾਂ ਅਤੇ ਸਮਾਜਕ ਪ੍ਰਕਾਰਜ ਨੂੰ ਸਮਝਣ ਦੇ ਯਤਨ ਹੋ ਰਹੇ ਹਨ। ਅੱਜ ਅਸੀਂ ਕਿਸੇ ਨਾਲੋਂ ਪਿੱਛੇ ਨਹੀਂ ਸਗੋਂ ਇਸ ਖੋਜ ਵਿੱਚ ਬਰਾਬਰਤਾ ਨਾਲੋਂ ਅੱਗੇ ਲੰਘ ਚੁੱਕੇ ਹਾਂ। ਅੰਤ ਵਿੱਚ ਅਸੀਂ ਇਸ ਸਾਰੇ ਬਾਰੇ ਐਸ. ਐਸ. ਬੇਦੀ ਦੀ ਪੁਸਤਕ "ਲੋਕਧਾਰਾ ਤੇ ਸਾਹਿਤ" ਵਿੱਚ ਗੋਰਕੀ ਦੀ ਗੱਲ ਨਾਲ ਸਹਿਮਤ ਹੁੰਦੇ ਹਾਂ।

"ਸ਼ਬਦ ਕਲਾ ਦਾ ਮੁੱਢ ਲੋਕਧਾਰਾ ਤੋਂ ਬੱਝਿਆ। ਆਪਣੀ ਲੋਕਧਾਰਾ ਦਾ ਸੰਕਲਨ ਕਰੋ, ਖੋਜ ਕਰੋ। ਲੋਕਧਾਰਾ ਤੋਂ ਸਾਨੂੰ ਕਾਫ਼ੀ ਸਮੱਗਰੀ ਪ੍ਰਾਪਤ ਹੋਵੇਗੀ। ਅਤੀਤ ਨੂੰ ਜਿਤਨੀ ਚੰਗੀ ਤਰ੍ਹਾਂ ਅਸੀਂ ਸਮਝਾਂਗੇ, ਉਤਨੀ ਹੀ ਸੁਖੈਨਤਾ, ਡੂੰਘਾਈ ਤੇ ਆਨੰਦ ਨਾਲ ਅਸੀਂ ਵਰਤਮਾਨ ਦੀ ਸਾਰਥਕਤਾ ਨੂੰ ਸਮਝ ਸਕਾਂਗੇ। ਜਿਸ ਦੀ ਸਿਰਜਨਾ ਅਸੀਂ ਕਰ ਰਹੇ ਹਾਂ।" [57]

ਮਨੋਵਿਸ਼ਲੇਸ਼ਣਾਤਮਕ ਸਕੂਲ (Psycho-analitical school)

ਇਸ ਸਕੂਲ ਰਾਹੀਂ ਕਿਸੇ ਸੰਪ੍ਰਦਾਇ ਦੇ ਲੋਕ ਸਮੂਹ ਦਾ ਮਨੋਵਿਗਿਆਨਕ ਤੌਰ 'ਤੇ

ਅਧਿਐਨ ਕਰਦੇ ਹਾਂ। ਇਸ ਸਕੂਲ ਦੇ ਮੋਢੀ ਫਰਾਇਡ ਅਤੇ ਜੁੰਗ ਸਮਝੇ ਗਏ ਹਨ। ਇਸ ਸਕੂਲ ਦੇ ਵਿਦਵਾਨਾਂ ਦਾ ਮੱਤ ਹੈ ਕਿ :

ਲੋਕਧਾਰਾ ਦੇ ਇਕ ਵੱਡੇ ਖੇਤਰ ਮਿਥ ਕਥਾ, ਦੰਤ ਕਥਾ, ਲੋਕ ਕਹਾਣੀ, ਕਾਵਿ ਕਥਾਵਾਂ, ਅਖਾਣਾਂ ਤੇ ਲੋਕ ਗੀਤਾਂ ਵਿੱਚ ਅਜਿਹੇ ਤੱਤ ਮਿਲਦੇ ਹਨ, ਜਿਨ੍ਹਾਂ ਦੀ ਵਿਆਖਿਆ ਤੋਂ ਸਿੱਧ ਕੀਤਾ ਜਾ ਸਕਦਾ ਹੈ ਕਿ ਪ੍ਰਾਚੀਨ ਕਾਲ ਤੋਂ ਹੀ ਇਨ੍ਹਾਂ ਤੱਤਾਂ ਦੇ ਉਹਲੇ ਮਰਦ ਤੀਵੀਆਂ ਦੇ ਕਾਮੁਕ ਮਨੋਵੇਗ (sexual impulse) ਛੁਪੇ ਹੋਏ ਹਨ, ਇਸ ਅਧਿਐਨ ਲਈ ਉਨ੍ਹਾਂ ਕੁਝ ਪ੍ਰਤੀਕਾਂ ਨੂੰ ਵੀ ਨਿਰਧਾਰਿਤ ਕੀਤਾ ਜਿਵੇਂ ਅਗਨੀ ਜੋ ਕਿ ਇਸ ਪ੍ਰਕਿਰਿਆ ਦੀ ਪ੍ਰਤੀਕ ਹੈ, ਜਲ ਜਨਮ ਦਾ,ਚਾਕੂ, ਸਰਪ ਆਦਿ, ਪੁਰਸ਼ ਦੇ ਲਿੰਗ ਦਾ।[58] ਡੋਰਸਨ ਨੇ "ਫੋਕਲੋਰ ਐਂਡ ਫੋਕਲਾਇਫ਼" ਪੁਸਤਕ ਦੀ ਭੂਮਿਕਾ ਵਿੱਚ ਲੋਕਧਾਰਾ ਅਧਿਐਨ ਦੀਆਂ ਪ੍ਰਚੱਲਿਤ ਪ੍ਰਣਾਲੀਆਂ ਦਾ ਉਲੇਖ ਕੀਤਾ ਹੈ ਜੋ ਹੇਠ ਲਿਖੇ ਅਨੁਸਾਰ ਹੈ :

1. ਇਤਿਹਾਸਕ ਭੂਗੋਲਿਕ
2. ਇਤਿਹਾਸਕ ਪੁਨਰ ਸਿਰਜਣਾਤਮਕ
3. ਵਿਚਾਰਧਾਰਾਈ
4. ਪ੍ਰਕਾਰਜਾਤਮਕ
5. ਮਨੋਵਿਸ਼ਲੇਸ਼ਣ
6. ਸੰਰਚਨਾਤਮਕ
7. ਪਾਰਸੰਸਕ੍ਰਿਤਿਕ (cross cultural)
8. ਲੋਕ ਸਾਂਸਕ੍ਰਿਤਿਕ
9. ਜਨ ਸਾਂਸਕ੍ਰਿਤਿਕ (mass cultural)
10. ਹੈਮੀਸਫੈਰਿਕ (hemispheric)
11. ਸੰਦਰਭਮੂਲਕ (contextual)

ਭਾਵੇਂ ਲੋਕਧਾਰਾ ਸ਼ਾਸਤਰੀਆਂ ਨੇ ਉਪਰੋਕਤ ਅਨੇਕਾਂ ਵਿਧੀਆਂ ਦਾ ਵਰਣਨ ਕੀਤਾ ਹੈ ਪਰੰਤੂ ਅੱਜ ਅਸੀਂ ਉਹ ਪੜਾਅ ਉੱਪਰ ਪਹੁੰਚ ਚੁੱਕੇ ਹਾਂ ਜਿਥੇ ਕਿਸੇ ਇਕ ਵਿਧੀ ਦੀ ਬਜਾਏ ਸਾਰੀਆਂ ਵਿਧੀਆਂ ਦੀ ਸਹਾਇਤਾ ਲੈ ਕੇ ਇਸ ਸੰਸਲੇਸ਼ਣਾਤਮਕ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਦ੍ਰਿਸ਼ਟੀ ਤੋਂ ਜੇ ਪੰਜਾਬੀ ਵਿੱਚ ਲੋਕਧਾਰਾ ਅਧਿਐਨ ਦੀਆਂ ਵਿਧੀਆਂ ਦੀ ਗੱਲ ਕਰੀਏ ਤਾਂ ਪ੍ਰਮੁੱਖ ਤੌਰ 'ਤੇ ਭਾਵੇਂ ਦੋ ਹੀ ਵਿਧੀਆਂ ਸਾਹਮਣੇ ਆਉਂਦੀਆਂ ਹਨ।(ਸਮਾਜ ਸ਼ਾਸਤਰੀ; ਮਾਰਕਸਵਾਦੀ ਅਤੇ ਇਤਿਹਾਸਕ ਵਿਧੀ) ਅਤੇ ਭਾਸ਼ਾ ਵਿਗਿਆਨਕ ਵਿਧੀ, ਪਰੰਤੂ ਇਨ੍ਹਾਂ ਵਿਧੀਆਂ ਨੂੰ ਵੀ ਬਿਲਕੁਲ ਵੱਖਰੇ ਰੂਪ ਵਿੱਚ ਨਹੀਂ ਵਰਤਿਆ ਗਿਆ ਬਲਕਿ ਇਤਿਹਾਸਕ ਮਨੋਵਿਗਿਆਨਕ ਸਮਾਜ-ਸ਼ਾਸਤਰੀ, ਮਾਨਵ-ਵਿਗਿਆਨਕ ਅਤੇ ਹੋਰ ਦੂਸਰੀਆਂ ਵਿਧੀਆਂ ਦੀ ਸਹਾਇਤਾ ਨਾਲ ਪੰਜਾਬੀ ਲੋਕਧਾਰਾ ਨੂੰ ਡੂੰਘਾਈ ਤੱਕ ਸਮਝਣ ਦੇ ਯਤਨ ਕਰ ਰਹੇ ਹਾਂ, ਜਿਨ੍ਹਾਂ ਦੀ ਇਕ ਵੱਖਰੀ ਸਾਰਥਕਤਾ ਹੈ।

## ਲੋਕਧਾਰਾ ਅਧਿਐਨ ਕਿਉਂ?

ਲੋਕਧਾਰਾ ਅਜਿਹਾ ਵਿਸ਼ਾ ਹੈ ਜਿਹੜਾ ਮਨੁੱਖੀ ਮਨ ਤੇ ਚੇਤਨਾ ਨਾਲ ਸੰਬੰਧ ਰੱਖਦਾ ਹੈ। ਜਦੋਂ ਵੀ ਅਸੀਂ ਲੋਕਧਾਰਾ ਦਾ ਅਧਿਐਨ ਕਰਦੇ ਹਾਂ ਤਾਂ ਅਸਲ ਵਿੱਚ ਅਸੀਂ ਆਪਣੇ ਬਾਰੇ ਵੀ

ਜਾਣਨ ਦੀ ਕੋਸ਼ਿਸ਼ ਕਰਦੇ ਹਾਂ। ਆਦਿ ਕਾਲ ਤੋਂ ਹੀ ਮਨੁੱਖ ਦੀ ਬਿਰਤੀ ਆਪਣੇ-ਆਪ ਨੂੰ ਸਮਝਣ ਦੀ ਰਹੀ ਹੈ ਅਤੇ ਕਿਸੇ ਨਾ ਕਿਸੇ ਤਰੀਕੇ ਨਾਲ ਉਹ ਇਸ ਬਾਰੇ ਯਤਨ ਵੀ ਕਰਦਾ ਰਿਹਾ ਹੈ ਪਰ ਲੋਕਧਾਰਾ ਦੇ ਅਧਿਐਨ ਤੋਂ ਅਸੀਂ ਮਨੁੱਖ ਤੇ ਮਨੁੱਖ ਜਾਤੀ ਦੇ ਬਾਰੇ ਜਾਣ ਸਕਦੇ ਹਾਂ ਕਿਉਂਕਿ ਲੋਕਧਾਰਾ ਪੀੜ੍ਹੀਓ ਪੀੜ੍ਹੀ ਅੱਗੇ ਤੋਂ ਅੱਗੇ ਚਲਦੀ ਹੈ। ਉਸ ਵਿੱਚੋਂ ਹੀ ਇਤਿਹਾਸ, ਭਾਸ਼ਾ ਅਤੇ ਹੋਰ ਪੱਖਾਂ ਤੋਂ ਮਨੁੱਖ ਵਿੱਚ ਆਈ ਤਬਦੀਲੀ ਵੇਖੀ ਜਾ ਸਕਦੀ ਹੈ। ਲੋਕਧਾਰਾ ਨੂੰ ਵੇਖਿਆਂ ਵੀ ਮਨੁੱਖ ਦਾ ਅਕਸ ਨਜ਼ਰ ਆਉਂਦਾ ਹੈ। ਆਪਣੇ-ਆਪ ਨੂੰ ਜਾਣਨ ਦੀ ਇੱਛਾ ਰੱਖਣ ਵਾਲਾ ਤਾਂ ਹੀ ਜਾਣ ਸਕਦਾ ਹੈ , ਜੇਕਰ ਉਹ 'ਲੋਕ' ਅਤੇ ਉਨ੍ਹਾਂ ਦੀ ਧਾਰਾ ਦਾ ਗਿਆਨ ਹਾਸਲ ਕਰਦਾ ਹੈ, ਜਿਸ ਵਿੱਚ ਮਨੁੱਖੀ ਇਤਿਹਾਸ ਦੀਆਂ ਜੜ੍ਹਾਂ ਲੁਕੀਆਂ ਪਈਆਂ ਹਨ।

ਮਨੁੱਖ ਦੀਆਂ ਦੂਸਰੀਆਂ ਵਿਦਿਆਵਾਂ ਜਾਂ ਗਿਆਨਾਂ ਵਾਂਗ ਲੋਕਧਾਰਾ ਵੀ ਲੋਕਾਂ ਦੀ ਚੰਗੀ ਜਾਂ ਮਾੜੀ ਵਿਅਕਤੀਗਤ ਜਾਂ ਸਮਾਜੀ ਦਸ਼ਾ ਬਿਆਨ ਕਰਦੀ ਹੈ। ਲੋਕਧਾਰਾ ਵਿੱਚ ਸਾਰਾ ਗਿਆਨ ਸਮੋਇਆ ਹੋਣ ਕਾਰਨ ਦੂਸਰੇ ਗਿਆਨਾਂ ਵਾਲਾ ਵਿਅਕਤੀ ਜਿਵੇਂ ਇਤਿਹਾਸ, ਰਾਜਨੀਤੀ ਵਿਗਿਆਨ, ਦਰਸ਼ਨ, ਧਰਮ ਆਦਿ ਇਸ ਦੇ ਸਹਾਰੇ ਤੋਂ ਬਿਨਾਂ ਮਨੁੱਖ ਤੇ ਸਮਾਜ ਦਾ ਗਿਆਨ ਹਾਸਲ ਨਹੀਂ ਕਰ ਸਕਦਾ। ਲੋਕਧਾਰਾ ਦੇ ਅੰਤਰਗਤ ਮਨੁੱਖ ਦੀਆਂ ਚੰਗਿਆਈਆਂ ਤੇ ਬੁਰਾਈਆਂ ਜਿਸ ਤਰੀਕੇ ਦੀਆਂ ਉਸ ਨੇ ਸਮਾਜ ਵਿੱਚ ਰਹਿ ਕੇ ਗ੍ਰਹਿਣ ਕੀਤੀਆਂ ਹਨ, ਪ੍ਰਤੱਖ ਨਜ਼ਰ ਆਉਂਦੀਆਂ ਹਨ। ਲੋਕਧਾਰਾ ਵਿਅਕਤੀ ਦੇ ਜੀਵਨ ਦਾ ਅਨੁਭਵ ਵੀ ਹੈ। ਜਿਹੋ ਜਿਹਾ ਉਹ ਇਸ ਨੂੰ ਬਣਾਵੇਗਾ, ਇਹ ਉਹੋ ਜਿਹਾ ਬਣ ਜਾਵੇਗਾ।

ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ। ਅੱਜ ਅਸੀਂ ਕੋਈ ਵੀ ਚੀਜ਼ ਜਿਉਂ ਦੀ ਤਿਉਂ ਮੰਨਣ ਲਈ ਤਿਆਰ ਨਹੀਂ ਪਰ ਫਿਰ ਵੀ ਲੋਕਧਾਰਾ ਦਾ ਅਧਿਐਨ ਕਰਦਿਆਂ ਮਨੁੱਖੀ ਮਨ ਤੇ ਮਨੁੱਖੀ ਸੁਭਾਅ ਕਾਰਣ ਉਪਜੇ ਟੈਬੂ, ਜਾਦੂ ਆਦਿ ਉਸ ਦੀ ਸਿਆਣਪ, ਗਿਆਨਤਾ ਜਾਂ ਸਾਂਸਕ੍ਰਿਤਕ ਪ੍ਰਕਿਰਿਆ ਵਿੱਚੋਂ ਉਪਜੇ ਹਨ। ਵਿਅਕਤੀ ਬਹੁਤ ਕੁਝ ਵਿਅਕਤੀਗਤ ਤੌਰ 'ਤੇ ਜਾਂ ਸਮੂਹਕ ਤੌਰ ਤੇ ਸਿਰਜਦਾ ਹੈ ਪਰ ਲੋਕਧਾਰਾ ਇਨ੍ਹਾਂ ਦੋਹਾਂ ਦਾ ਹੀ ਆਦਰ ਕਰਦੀ ਹੈ। ਕਿਸੇ ਸਮੇਂ ਲੋਕਧਾਰਾ ਵਿਅਕਤੀ ਦੀ ਆਜ਼ਾਦੀ ਦੀ ਲੜਾਈ ਨੂੰ ਬਿਆਨ ਕਰਦੀ ਹੈ ਅਤੇ ਕਈ ਵਾਰ ਉਸ ਦੀਆਂ ਦੱਬੀਆਂ ਭਾਵਨਾਵਾਂ ਦੇ ਬਾਹਰ ਨਿਕਲਣ ਦਾ ਇਕ ਰਸਤਾ ਬਣਾਉਂਦੀ ਹੈ ਜਿਵੇਂ ਔਰਤ ਦਾ ਦਰਜਾ ਭਾਰਤੀ ਸਮਾਜ ਵਿੱਚ ਨਾ-ਬਰਾਬਰੀ ਵਾਲਾ ਰਿਹਾ ਹੈ ਅਤੇ ਉਸ ਨੂੰ ਹਮੇਸ਼ਾ ਪਰਦੇ ਦੀ ਚੀਜ਼ ਸਮਝ ਕੇ ਘਰ ਦੀ ਚਾਰਦੀਵਾਰੀ ਵਿੱਚ ਰੱਖਿਆ ਜਾਂਦਾ ਰਿਹਾ। ਘਰ ਵਿੱਚ ਰਹਿ ਕੇ ਜਾਂ ਕੁਆਰ-ਪੁਣੇ ਵਿੱਚ ਮਨ ਅੰਦਰ ਉੱਠਦੇ ਸਾਰੇ ਖ਼ਿਆਲ ਜਜ਼ਬਿਆਂ ਦੀ ਤਰਜਮਾਨੀ ਲੋਕ ਗੀਤਾਂ ਅਤੇ ਲੋਕ-ਕਹਾਣੀਆਂ ਰਾਹੀਂ ਕੀਤੀ ਗਈ ਹੈ। ਲੋਕਧਾਰਾ ਦਾ ਅਧਿਐਨ ਕਰਦਿਆਂ ਇਹ ਵੀ ਵੇਖਿਆ ਜਾ ਸਕਦਾ ਹੈ ਕਿ ਲੋਕਾਂ ਅੰਦਰ ਜਿਥੇ ਪਿਆਰ ਦਾ ਭਾਵ ਹੈ, ਉਥੇ ਨਾ-ਬਰਾਬਰੀ, ਵੰਡ, ਧਰਮ, ਜਾਤਾਂ ਨਸਲਾਂ ਦੇ ਆਧਾਰ 'ਤੇ ਪਾਈ ਜਾਂਦੀ ਰਹੀ ਹੈ।

ਲੋਕਧਾਰਾ ਦਾ ਅਧਿਐਨ ਕਰਦਿਆਂ ਅਸੀਂ ਜਾਣ ਸਕਦੇ ਹਾਂ ਕਿ ਇਹ 'ਧਾਰਾ' ਜਿਹੜੀ ਲੋਕਾਂ ਵੱਲੋਂ ਸਿਰਜੀ ਗਈ ਹੈ, ਆਪਣੇ ਸਮੇਂ ਵਿੱਚ ਉਨ੍ਹਾਂ ਲਈ ਕਿਤਨੀ ਉਪਯੋਗੀ ਸੀ। ਇਹ ਇਕੱਲੀ ਉਨ੍ਹਾਂ ਦਾ ਮਨਪ੍ਰਚਾਵਾ ਹੀ ਨਹੀਂ ਸੀ ਕਰਦੀ ਸਗੋਂ ਕਹਾਵਤਾਂ ਜਾਂ ਅਜਿਹੀਆਂ ਹੋਰ ਗੱਲਾਂ ਜੀਵਨ ਚਲਾਉਂਦੀਆਂ ਸਨ। ਲਕੋਕਤੀਆਂ ਤੇ ਮੁਹਾਵਰੇ ਜੀਵਨ ਦੇ ਅਨੁਭਵ ਤੇ ਤਜ਼ਰਬੇ ਕਾਰਨ ਸਦੀਆਂ ਬਾਅਦ ਪੈਦਾ ਹੁੰਦੇ ਹਨ ਪਰ ਇਹ ਗੱਲ ਜ਼ਰੂਰੀ ਨਹੀਂ ਕਿ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਅੱਜ ਦੇ ਯੁੱਗ ਵਿੱਚ ਵੀ ਓਨੀ ਹੀ ਮਾਨਤਾ ਜਾਂ ਮਹੱਤਤਾ ਪ੍ਰਦਾਨ ਹੋਵੇ ਪਰ ਸਾਡੇ ਲੋਕ-ਸਾਹਿਤ ਤੇ ਲੋਕ-

ਕਲਾਵਾਂ ਵਿੱਚ ਇਹ ਮੌਜੂਦ ਰਹਿੰਦੇ ਹਨ। ਲੋਕ-ਸਾਹਿਤ ਵਿੱਚ ਮਿਲਦੇ ਵਿਚਾਰ ਅਤੇ ਤਰੀਕੇ ਸਾਨੂੰ ਸਭਿਆਚਾਰਕ ਵਰਤਾਰਾ ਅਤੇ ਉਸ ਵਿੱਚ ਆਉਂਦੀ ਤਬਦੀਲੀ ਦਾ ਵੀ ਗਿਆਨ ਕਰਵਾਉਂਦੇ ਹਨ। ਲੋਕਧਾਰਾ ਪੁਰਾਣੀ ਨਹੀਂ, ਇਸ ਦੀ ਕੀਮਤ ਅੱਜ ਵੀ ਉਤਨੀ ਹੀ ਹੈ। "ਏ ਫੋਕਲੋਰ ਰੀਡਰ" ਵਿੱਚ 'ਕੈਨਥ ਐਂਡ ਮੈਰੀ ਕਲਾਰਕ' ਲਿਖਦੇ ਹਨ, "ਲੋਕਧਾਰਾ ਸ਼ਬਦ ਦੋਵੇਂ ਸਮੱਗਰੀ ਤੇ ਇਸ ਦਾ ਅਧਿਐਨ ਦੋਵਾਂ ਨੂੰ ਪੇਸ਼ ਕਰਦਾ ਹੈ ਅਤੇ ਕਿਸੇ ਚੀਜ਼ ਦੇ ਅਧਿਐਨ ਵੱਲ ਜ਼ਿਆਦਾ ਧਿਆਨ ਇਸ ਗੱਲ ਨਾਲੋਂ ਕਿ ਚੀਜ਼ ਹੈ" ਲੱਗ ਪਿਆ ਜਾਂਦਾ ਹੈ ਅਤੇ ਜੇਕਰ ਲੋਕਧਾਰਾ ਨਵੀਆਂ ਬੋਤਲਾਂ ਵਿੱਚ ਪੁਰਾਣੀ ਸ਼ਰਾਬ ਹੈ ਤਾਂ ਇਹ ਪੁਰਾਣੀਆਂ ਬੋਤਲਾਂ 'ਚ ਨਵੀਂ ਸ਼ਰਾਬ ਵੀ ਹੈ। ਇਹ ਸਿਰਫ਼ ਇਹ ਹੀ ਨਹੀਂ ਦੱਸਦੀ ਕਿ ਅਸੀਂ ਪਿੱਛੋਂ ਕਿੱਥੋਂ ਆਏ ਹਾਂ, ਸਗੋਂ ਇਹ ਵੀ ਇਥੋਂ ਅਸੀਂ ਕਿਧਰ ਜਾਣਾ ਹੈ।"[59] ਭਾਵ ਕਿ ਲੋਕਧਾਰਾ ਦਾ ਸੰਬੰਧ ਮਨੁੱਖ ਨਾਲੋਂ ਕਿਸੇ ਵੀ ਸੂਰਤ ਵਿੱਚ ਨਿਖੇੜਿਆ ਨਹੀਂ ਜਾ ਸਕਦਾ। ਅਜਿਹੀ ਧਾਰਾ ਵਿਅਕਤੀ ਨੂੰ ਆਨੰਦ ਤੇ ਗਿਆਨ ਪ੍ਰਦਾਨ ਕਰਦੀ ਹੈ।

ਸਾਹਿਤ ਜਾਂ ਇਤਿਹਾਸ ਨੂੰ ਜਾਣਨ ਲਈ ਲੋਕਧਾਰਾ ਦਾ ਗਿਆਨ ਜਿਥੇ ਜ਼ਰੂਰ ਹੈ, ਉਥੇ ਅਤਿਅੰਤ ਸਹਾਇਕ ਵੀ ਸਿੱਧ ਹੁੰਦਾ ਹੈ ਭਾਵੇਂ ਕਿ ਲੋਕਧਾਰਾ ਇਤਿਹਾਸ ਦਾ ਸਥਾਨ ਤਾਂ ਨਹੀਂ ਲੈ ਸਕਦੀ ਪਰ ਇਹ ਇਤਿਹਾਸ ਤੇ ਦੂਸਰੀਆਂ ਵਿਧਾਵਾਂ ਨੂੰ ਲੋੜੀਂਦਾ ਗਿਆਨ ਜ਼ਰੂਰ ਪ੍ਰਦਾਨ ਕਰ ਸਕਦੀ ਹੈ ਜਿਥੇ ਲੋਕ-ਕਾਵਿ ਵਿੱਚੋਂ ਰਿਸ਼ਤਿਆਂ ਦਾ ਨਿੱਘ ਤੇ ਪਿਆਰ ਦੇ ਅਹਿਸਾਸ ਨੂੰ ਪੇਸ਼ ਕੀਤਾ ਗਿਆ ਹੈ, ਉਥੇ ਲੋਕ ਵਾਰਾਂ ਵਿੱਚ ਡਰ, ਖ਼ੌਫ, ਤਾਕਤ, ਹੌਸਲਾ ਵੀ ਸਾਨੂੰ ਮਿਲਦਾ ਹੈ। ਲੋਕਧਾਰਾ ਤਾਂ ਸਾਡੇ ਭੂਤਕਾਲ ਨੂੰ ਜਿਊਂਦਿਆਂ ਰੱਖਣ ਅਤੇ ਮਨੁੱਖ ਨੂੰ ਸਮਝਣ ਦਾ ਯਤਨ ਕਰਾਉਂਦੀ ਹੈ। ਲੋਕ-ਸਾਹਿਤ ਵਿੱਚ ਮਿਲਦੇ ਨਾਇਕ ਅੱਜ ਵੀ ਸਾਡੇ ਨਾਇਕ ਹਨ। ਉਨ੍ਹਾਂ ਦੀ ਸ਼ਖਸੀਅਤ ਵਿੱਚ ਮਿਲਦੇ ਗੁਣ ਅੱਜ ਵੀ ਸਾਡੇ ਲਈ ਆਦਰਸ਼ ਹਨ। ਲੋਕ-ਸਾਹਿਤ ਦੇ ਵੱਖ-ਵੱਖ ਰੂਪਾਂ ਵਿੱਚ ਆਪਸੀ ਤਾਲਮੇਲ ਹੈ ਪਰ ਗੱਲ ਇਹ ਕਿ ਸਾਰਿਆਂ ਵਿੱਚ ਮਨੁੱਖੀ ਮਨ ਦੀਆਂ ਭਾਵਨਾਵਾਂ ਤੇ ਵਿਚਾਰਾਂ ਨੂੰ ਪੇਸ਼ ਕੀਤਾ ਗਿਆ ਹੈ।

ਇਸ ਤਰ੍ਹਾਂ ਲੋਕਧਾਰਾ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਕੋਲ ਸਮਾਂ ਹੁੰਦਾ ਹੈ ਕਿ ਉਹ ਸ੍ਰਿਸ਼ਟੀ ਸਿਰਜਣਾ, ਵਰਤਾਰੇ, ਇਤਿਹਾਸ ਅਤੇ ਹੋਰ ਵਤਾਰਿਆਂ ਬਾਰੇ ਜਾਣਕਾਰੀ ਰੱਖ ਸਕਦੇ ਹਨ, ਸਿੱਖ ਸਕਦੇ ਹਨ। ਮਨੁੱਖੀ ਮਨ ਅਤੇ ਚੇਤਨਾ ਦੇ ਵੱਖ-ਵੱਖ ਪੜਾਵਾਂ ਵਿੱਚੋਂ ਗੁਜ਼ਰ ਕੇ ਵਿਅਕਤੀ ਅੱਜ ਦੇ ਵਿਗਿਆਨਕ ਯੁੱਗ ਵਿੱਚ ਕਿਵੇਂ ਪਹੁੰਚਿਆ, ਕਿਹੜੀਆਂ ਔਖੀਆਂ ਘਾਟੀਆਂ ਨੂੰ ਪਾਰ ਕੀਤਾ, ਰਿਸ਼ਤਿਆਂ ਦੀਆਂ ਸਮੀਕਰਣਾਂ ਕਿਵੇਂ ਬਣਦੀਆਂ ਤੇ ਟੁਟੀਂਦੀਆਂ ਰਹੀਆਂ, ਕੁਦਰਤ ਨਾਲ ਮਨੁੱਖ ਦਾ ਵਾਹ ਕਿਵੇਂ ਪਿਆ, ਅਨੇਕਾਂ ਮਸਲਿਆਂ ਬਾਰੇ ਲੋਕਧਾਰਾ ਦਾ ਅਧਿਐਨ ਕਰਦਿਆਂ ਸਾਡੇ ਮਨ ਦੇ ਭੁਲੇਖਿਆਂ ਤੇ ਸ਼ੰਕਿਆਂ ਦੀ ਨਵਿਰਤੀ ਹੁੰਦੀ ਹੈ।

ਲੋਕਧਾਰਾ ਲੋਕਮਨ ਦਾ ਪ੍ਰਗਟਾ ਮਾਤਰ ਹੀ ਨਹੀਂ ਹੈ ਸਗੋਂ ਉਹ ਲੋਕ ਜੀਵਨ ਨੂੰ ਨਿਯਮਤ ਕਰਨ ਦਾ ਇਕ ਸਾਧਨ ਵੀ ਹੈ। ਇਸੇ ਲਈ ਸਮਾਜ ਸਦੀਆਂ ਬੱਧੀ ਇਸ ਅਨੁਸਾਰ ਆਪਣੀ ਕਾਰਜ ਪ੍ਰਣਾਲੀ ਨਿਰਧਾਰਿਤ ਕਰਦਾ ਹੈ। ਇਸ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਲੋਕਧਾਰਾ ਸਮਾਜ ਦੇ ਵਿਕਾਸ ਵਿੱਚ ਰੋੜਾ ਵੀ ਬਣ ਸਕਦੀ ਹੈ। ਜੇਕਰ ਲੋਕਧਾਰਾ ਸ਼ਾਸਤਰੀ ਇਸ ਤੱਥ ਨੂੰ ਧਿਆਨ ਵਿੱਚ ਨਹੀਂ ਰੱਖੇਗਾ ਤਾਂ ਉਹ ਵੀ ਲੋਕਧਾਰਾ ਵਾਂਗ ਯਥਾਸਥਿਤੀਵਾਦੀ ਬਣ ਕੇ ਰਹਿ ਜਾਵੇਗਾ। ਇਸ ਲਈ ਇਹ ਜ਼ਰੂਰੀ ਹੈ ਕਿ ਲੋਕਧਾਰਾ ਸ਼ਾਸਤਰੀ ਦਾ ਦ੍ਰਿਸ਼ਟੀਕੋਣ ਸਪੱਸ਼ਟ ਹੋਵੇ ਤਾਂ ਹੀ ਉਹ ਲੋਕਧਾਰਾ ਦੇ ਪਿਛਾਂਹ-ਖਿਚੂ ਤੇ ਅਗਾਂਹ-ਵਧੂ ਤੱਤਾਂ ਦਾ ਸਹੀ ਪਰਿਪੇਖ ਵਿੱਚ ਅਧਿਐਨ ਕਰ ਸਕੇਗਾ ਅਤੇ ਭਵਿੱਖ ਵਿੱਚ ਲੋਕਧਾਰਾ ਦੇ ਹਾਂ-ਮੁਖੀ ਕਿਰਦਾਰ ਨੂੰ ਰੇਖਾਂਕਿਤ ਕਰ ਸਕੇਗਾ।

# ਹਵਾਲੇ ਤੇ ਟਿੱਪਣੀਆਂ


1. ਇਨਸਾਈਕਲੋਪੀਡੀਆ ਬ੍ਰਿਟੈਨਿਕ, ਵਾਲੀਅਮ 7, 1994, ਪੰਨਾ 449.
2. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਪੰਨਾ 67.
3. ਦ ਸਟੈਂਡਰਡ ਡਿਕਸ਼ਨਰੀ ਆਫ ਫੋਕਲੋਰ ਮਾਈਥਾਲੋਜੀ ਐਂਡ ਲੀਜੰਡਸ, ਵਾਲੀਅਮ 3, ਪੰਨਾ 1083.
4. ਐਲਨ ਡੰਡੀਜ਼, ਐਸੇਜ ਇਨ ਫੋਕਲੋਰਿਸਟਿਕਸ, ਪੰਨਾ 7.
5. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਪੰਨਾ 68.
6. ਐਲਨ ਡੰਡੀਜ਼, ਐਸੇਜ ਇਨ ਫੋਕਲੋਰਿਸਟਿਕਸ, ਪੰਨਾ 7.
7. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਪੰਨਾ 69.
8. ਐਲਨ ਡੰਡੀਜ਼, ਐਸੇਜ ਇਨ ਫੋਕਲੋਰਿਸਟਿਕਸ, ਪੰਨਾ 17.
9. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 321.
10. ਦਵਾਰਕਾ ਦਾਸ ਸ਼ਰਮਾ (ਸੰਪਾ.), ਸੰਸਕ੍ਰਿਤ ਸ਼ਬਦਾਰਥ ਕੋਸ਼ਤਭ, ਪੰਨਾ 1002.
11. ਧੀਰੇਂਦਰ ਵਰਮਾ, ਹਿੰਦੀ ਸਾਹਿਤਯ ਕੋਸ਼, ਵਾਲੀਅਮ 1, ਪੰਨਾ 77.
12. ਸੰਮੇਲਨ ਪਤ੍ਰਿਕਾ (ਲੋਕ ਸੰਸਕ੍ਰਿਤੀ ਵਿਸ਼ੇਸ਼ ਅੰਕ), ਪੰਨਾ 65.
13. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਪੰਨਾ 71.
14. ਕਰਨੈਲ ਸਿੰਘ ਥਿੰਦ, ਲੋਕਯਾਨ ਅਧਿਐਨ, ਪ੍ਰਵੇਸ਼ਿਕਾ, ਪੰਨਾ 3.
15. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਪੰਨਾ 73.
16. ਗੁਰਦੀਪ ਸਿੰਘ ਲੋਕਯਾਨ ਤੇ ਸੱਸੀ ਕਾਵਿ, ਪੰਨਾ 1.
17. ਪੰਜਾਬ ਦੀ ਲੋਕਧਾਰਾ, ਛੇਵੀਂ ਪੰਜਾਬੀ ਵਿਕਾਸ ਕਾਨਫਰੰਸ, ਪੰਨਾ 148.
18. William Barnes, Folklore, 1996.
19. ਗੁਰਦੀਪ ਸਿੰਘ, ਲੋਕਯਾਨ ਤੇ ਸੱਸੀ ਕਾਵਿ, ਪੰਨਾ 2.
20. ਪੰਜਾਬ ਦੀ ਲੋਕਧਾਰਾ, ਛੇਵੀਂ ਪੰਜਾਬੀ ਵਿਕਾਸ ਕਾਨਫਰੰਸ, ਪੰਨਾ 9.
21. ਜਾਰਜ ਲਾਰਲੈਂਸ ਗੋਮੇ, ਦਾ ਹੈਂਡ ਬੁਕਆਫ ਫੋਕਲੋਰ, ਪੰਨਾ 4.
22. ਉਹੀ, ਪੰਨਾ 5.
23. ਪੰਜਾਬ ਦੀ ਲੋਕਧਾਰਾ, ਛੇਵੀਂ ਪੰਜਾਬੀ ਵਿਕਾਸ ਕਾਨਫਰੰਸ, ਪੰਨਾ 178.
24. ਰੂਸੀ ਲੋਕਧਾਰਾ, ਪੰਨਾ 15.
25. P. N. Sakulin, Historyof the New Russian Literatyure,
26. ਡਾਰਸਨ ਆਰ. ਐਮ., ਫੋਕਲੋਰ ਅਤੇ ਫੇਕਲੋਰ, ਪੰਨੇ 130-131.
27. ਜੇ. ਰਸਲ ਰੀਐਵਲ ਜਾਰਜ ਡਬਲਿਊ ਬਾਸਵੇਲ, ਫੰਡਾਮੈਂਟਲਜ਼ ਆਫ ਫੋਕਲੋਰ, ਪੰਨੇ 12-13.

28. ਇਨਸਾਈਕਲੋਪੀਡੀਆ ਆਫ ਸੋਸ਼ਲ ਸਾਇੰਸਸਜ਼, ਪੰਨੇ 496-497.
29. ਕਾਰਲੈਟੇ ਸੋਫੀਆ ਬਰਨ, ਦ ਹੈਂਡ ਬੁਕ ਆਫ ਫੋਕਲੋਰ, ਪੰਨਾ 4.
30. ਉਹੀ, ਪੰਨਾ 6.
31. ਐਲਨ ਡੰਡੀਜ਼, ਦ ਸਟੱਡੀ ਆਫ ਫੋਕਲੋਰ, ਪੰਨਾ 4.
32. ਉਹੀ, ਪੰਨਾ 5.
33. ਇਨਸਾਈਕਲੋਪੀਡੀਆ ਬ੍ਰਿਟੈਨਿਕਾ, ਵਾਲੀਅਮ-9, ਪੰਨਾ 446.
34. ਡਾ.ਕਰਨੈਲ ਸਿੰਘ ਥਿੰਦ, ਲੋਕਯਾਨ ਅਧਿਐਨ, ਪੰਨਾ 19.
35. ਆਤਮ ਹਮਰਾਹੀ, ਲੋਕਯਾਨਿਕ ਵਿਅੰਗਕਾਰੀ, ਪੰਨਾ 3.
36. ਸੋਹਿੰਦਰ ਸਿੰਘ ਬੇਦੀ, ਲੋਕਧਾਰਾ ਤੇ ਸਾਹਿਤ; ਪੰਨਾ 29.
27. "Folklore is the material that is handed on by traditions either by word of mouth or by custom or practice. Kt may be folksongs, folktales, riddles, proverbs or other materials preserved in words. It msy be traditional tools and physical objects like fences and knots, hot cross buns or easter eggs, traditional ornamentation like the walls of troy, or traditional symbols like swasthika. It may be traditional procedure like throwing salt over ones shoulder or knocking wood. It may be traditional beliefs like the notion that elder is good for ailaments of the eye. All of these are folklore".-ਦ ਸਟੱਡੀ ਆਫ ਫੋਕਲੋਰ, ਪੰਨਾ 34
38. "Folklore is the generic term to designate the customs beliefs, traditional tales. magical practices, proverbs, songs etc. of a homogeneous unsophisticated people."-ਮੇਰੀਆ ਲੀਚ ਡਿਕਸ਼ਨਰੀ, ਭਾਗ ਪਹਿਲਾ, ਪੰਨਾ 401
39. Bakhshish Singh Nijjar, Punjab under the Sultans, p. 3.
40. ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਪੰਨਾ 14.
41. ਕਰਨੈਲ ਸਿੰਘ ਥਿੰਦ (ਸੰਪਾ.). ਲੋਕਯਾਨ ਅਧਿਐਨ, ਪੰਨਾ 24.
42. ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਪੰਨਾ 24.
43. ਟੀ.ਆਰ. ਵਿਨੋਦ, ਸੰਸਕ੍ਰਿਤੀ : ਪੰਜਾਬੀ ਸੰਸਕ੍ਰਿਤੀ, ਪੰਨਾ 33.
44. ਕਰਨੈਲ ਸਿੰਘ ਥਿੰਦ (ਸੰਪਾ.), ਲੋਕਯਾਨ ਅਧਿਐਨ. ਪੰਨਾ 180.
45. ਗੁਰਦੀਪ ਸਿੰਘ ਸੰਧੂ, ਲੋਕਯਾਨ ਤੇ ਸੋਸ਼ੀ ਕਾਵਿ, ਪੰਨਾ 7.
46. ਉਹੀ, ਪੰਨਾ 11.
47. ਕਰਨੈਲ ਸਿੰਘ ਥਿੰਦ (ਸੰਪਾ.), ਲੋਕਯਾਨ ਅਧਿਐਨ, ਪੰਨਾ 180.
48. ਉਹੀ, ਪੰਨਾ 182.
49. ਲੋਕ ਵੇਦੀ ਡਾ. ਵਣਜਾਰਾ ਬੇਦੀ, (ਸੰਪਾ. ਦੇਵਿੰਦਰ ਸਿੰਘ), ਪੰਨਾ 87.
50. ਲੋਕਯਾਨਿਕ ਅਧਿਐਨ, ਪੰਨਾ 35.
51. ਲੋਕ ਵੇਦੀ ਡਾ. ਵਣਜਾਰਾ ਬੇਦੀ, ਪੰਨਾ 89.
52. ਉਹੀ, ਪੰਨਾ 90.
53. ਜੁਗਿੰਦਰ ਕੌਰ, "ਲੋਕਧਾਰਾ ਅਧਿਐਨ ਇਤਿਹਾਸਕ ਪਰਿਪੇਖ". ਖੋਜ ਦਰਪਣ (ਲੋਕਧਾਰਾ ਵਿਸ਼ੇਸ਼ ਅੰਕ),

54. ਉਹੀ।
55. ਗੁਰਦੀਪ ਸਿੰਘ ਸੰਧੂ, ਲੋਕਯਾਨ ਤੇ ਸੱਸੀ ਕਾਵਿ, ਪੰਨੇ 24-25.
56. ਖੋਜ ਦਰਪਣ (ਲੋਕਧਾਰਾ ਵਿਸ਼ੇਸ਼ ਅੰਕ), ਪੰਨਾ 111.
57. ਵਣਜਾਰਾ ਬੇਦੀ, ਲੋਕਧਾਰਾ ਤੇ ਸਾਹਿਤ, ਪੰਨਾ 10.
58. ਵਣਜਾਰਾ ਬੇਦੀ, ਪੰਜਾਬ ਦੀ ਲੋਕਧਾਰਾ (ਛੇਵੀਂ ਪੰਜਾਬੀ ਵਿਕਾਸ ਕਾਨਫਰੰਸ), ਪੰਨਾ 7.

# ਅਧਿਆਇ ਦੂਜਾ
# ਅੰਗਰੇਜ਼ਾਂ ਦਾ ਪੰਜਾਬ ਆਗਮਨ, ਖੇਤਰੀ ਕਾਰਜ ਅਤੇ ਖੋਜ ਵਿਉਂਤ

ਪੰਜਾਬ ਪੰਜਾਂ ਦਰਿਆਵਾਂ ਦੀ ਧਰਤੀ, ਜਿਸ ਨੂੰ ਵੱਖ-ਵੱਖ ਕਾਲਾਂ ਵਿੱਚ ਵੱਖ-ਵੱਖ ਨਾਂ ਦਿੱਤੇ ਗਏ। "ਰਿਗਵੇਦ ਦੇ ਸਮੇਂ ਵਿੱਚ ਜਦੋਂ ਇਸ ਦੀ ਸਭਿਅਤਾ ਸਿਖਰਾਂ ਤੇ ਸੀ, ਇਸ ਨੂੰ ਸਪਤ ਸਿਧੂ ਕਿਹਾ ਗਿਆ। ਯੂਨਾਨੀ ਇਤਿਹਾਸ ਲੇਖਕ ਇਸ ਨੂੰ ਮੈਸੋਪਟਾਮੀਆ, ਅਰਥਾਤ ਪੰਜ ਦਰਿਆਵਾਂ ਦੀ ਧਰਤੀ ਚੀਨੀ ਯਾਤਰੀ ਹਯੂਨਸਾਂਗ 'ਸੇਕਿਆ' ਕਨਿੰਘਮ ਅਨੁਸਾਰ ਕਈ ਸਦੀਆਂ ਤੱਕ ਇਸ ਦਾ ਨਾਂ 'ਤਕੀ' ਰਿਹਾ, ਮੱਧਕਾਲ ਵਿੱਚ 'ਲਾਹੌਰ ਰਾਜ' ਅਤੇ ਮੁਗ਼ਲ ਕਾਲ ਵਿੱਚ ਪੰਜਾਬ ਨਾਂ ਪ੍ਰਚੱਲਿਤ ਹੋਇਆ। ਇਸ ਦੇ ਉੱਤਰ ਵਿੱਚ ਹਿਮਾਲਿਆ ਪਰਬਤ, ਪੱਛਮ ਵਿੱਚ ਸੁਲੇਮਾਨ ਅਤੇ ਕਿਰਥਾਰ ਦੀਆਂ ਪਰਬਤ ਸ਼੍ਰੇਣੀਆਂ, ਪੂਰਬ ਵਿੱਚ ਯਮਨਾ ਨਦੀ ਅਤੇ ਦੱਖਣ ਵਿੱਚ ਸਿੰਧ ਤੇ ਰਾਜਸਥਾਨ ਹੈ। ਇਸੇ ਕਰਕੇ ਇਸ ਦਾ ਜਲਵਾਯੂ ਤੇ ਪੌਣ ਪਾਣੀ ਸਥਿਰ ਨਹੀਂ। ਗਰਮੀ, ਸਰਦੀ, ਮੌਨਸੂਨ ਅਤੇ ਬਸੰਤ ਇਥੇ ਹੁੰਦੀ ਹੈ। ਇਥੇ ਗਰਮੀ ਤੇ ਸਰਦੀ ਜ਼ੋਰਾਂ ਦੀ ਪੈਂਦੀ ਹੈ। ਇਨ੍ਹਾਂ ਦਾ ਅਸਰ ਵੀ ਉਨ੍ਹਾਂ ਦੇ ਚਰਿੱਤਰ ਨਿਰਮਾਣ ਤੇ ਹੁੰਦਾ ਹੈ। ਪੰਜਾਬ ਦੀ ਧਰਤੀ ਵੀ ਭਾਰਤ ਦੀ ਸਭ ਤੋਂ ਪ੍ਰਾਚੀਨ ਤੇ ਸਰਬੋਤਮ ਸੰਸਕ੍ਰਿਤੀ ਦੀ ਜਨਮਦਾਤੀ ਹੈ। ਰਿਗਵੇਦ ਪੰਜਾਬ ਦੀ ਧਰਤੀ ਤੇ ਰਚਿਆ ਗਿਆ ਰਮਾਇਣ ਤੇ ਮਹਾਂਭਾਰਤ ਦੇ ਪਾਤਰਾਂ ਦਾ ਸੰਬੰਧ ਇਸ ਨਾਲ ਜੁੜਦਾ ਹੈ। ਟੈਕਸਲਾ ਵਿਸ਼ਵ ਵਿਦਿਆਲੇ ਇਥੇ ਸਥਾਪਤ ਸੀ। ਭਾਰਤ ਦੇ ਰਾਜਨੀਤਕ ਇਤਿਹਾਸ ਦੇ ਨਿਰਮਾਣ ਵਿੱਚ ਪੰਜਾਬ ਦਾ ਕਾਫ਼ੀ ਯੋਗਦਾਨ ਹੈ। ਹਿੰਦੁਸਤਾਨ ਦਾ ਪ੍ਰਵੇਸ਼ ਦਵਾਰ ਹੋਣ ਕਾਰਨ ਸਾਰੇ ਹਮਲਾਵਰ ਇਸੇ ਰਸਤਿਓਂ ਭਾਰਤ ਆਏ ਜਿਨ੍ਹਾਂ ਵਿੱਚ ਦਰਾਵਿੜ, ਆਰੀਆ, ਇਰਾਨੀ, ਸ਼ਕ, ਹੂਣ, ਕੁਸ਼ਣ, ਮੰਗੋਲ ਤੇ ਮੁਗ਼ਲ ਆਦਿ ਪ੍ਰਮੁੱਖ ਹਨ। ਇਸ ਰਾਜਨੀਤਕ ਤੇ ਸਮਾਜਕ ਉਥਲ ਪੁਥਲ ਨੇ ਪੰਜਾਬੀਆਂ ਦੇ ਚਰਿਤਰ ਨਿਰਮਾਣ ਵਿੱਚ ਕੀ ਭੂਮਿਕਾ ਨਿਭਾਈ ਇਸ ਬਾਰੇ ਅਵਿਨਾਸ਼ ਚੰਦਰ ਅਰੋੜਾ ਲਿਖਦਾ ਹੈ : "ਪੰਜਾਬ ਦੀ ਭੂਗੋਲਿਕ ਸਥਿਤੀ ਤੇ ਰਾਜਨੀਤਕ ਉਥਲ ਪੁੱਥਲ ਦੇ ਕਾਰਨ ਪੰਜਾਬੀਆਂ ਦੇ ਚਰਿਤਰ ਦੇ ਵਿਸ਼ੇਸ਼ ਗੁਣ ਪੈਦਾ ਹੋ ਗਏ ਜਿਵੇਂ ਨਿਡਰਤਾ, ਸਾਹਸ, ਸਹਿਨਸ਼ੀਲਤਾ, ਸਹਾਨੁਭੂਤੀ ਅਤੇ ਆਤਮ-ਤਿਆਗ ਦੀ ਭਾਵਨਾ ਆਦਿ। ਪੰਜਾਬ ਵਿੱਚ ਵਿਭਿੰਨ ਜਾਤੀਆਂ ਤੇ ਵਿਭਿੰਨ ਸੰਸਕ੍ਰਿਤੀਆਂ ਦੇ ਮੇਲ ਕਾਰਨ ਪੰਜਾਬੀਆਂ ਦਾ ਦ੍ਰਿਸ਼ਟੀਕੋਣ ਵਿਸ਼ਾਲ ਹੋ ਗਿਆ ਤੇ ਉਸ ਦੀ ਸੰਸਕ੍ਰਿਤੀ ਨੇ ਵਿਸ਼ੇਸ਼ ਰੂਪ ਧਾਰਨ ਕਰ ਲਿਆ ਜਿਸ ਵਿੱਚ ਵਿਭਿੰਨ ਸ਼ੰਕਿਆਂ ਦੇ ਅੰਸ਼ ਮਿਲਦੇ ਹਨ।"[2]

ਸਿੱਖ ਧਰਮ ਦਾ ਉਥਾਨ ਵੀ ਇਸੇ ਧਰਤੀ ਤੇ ਹੋਇਆ ਅਤੇ ਦੁਨੀਆਂ ਦੇ ਕੋਨੇ-ਕੋਨੇ ਤੱਕ

ਫੈਲ ਗਿਆ। ਗੁਰੂ ਨਾਨਕ ਇਸ ਦੇ ਸੰਸਥਾਪਕ ਸਨ ਤੇ ਉਨ੍ਹਾਂ ਦੇ ਨੌਂ ਉਤਰਾਧਿਕਾਰੀ ਹੋਏ। ਸਿੱਖਾਂ ਦਾ ਬਲੀਦਾਨ ਤੇ ਸਾਹਸਪੂਰਨ ਸਫਲਤਾਵਾਂ ਕਰ ਕੇ ਪੰਜਾਬ ਦੇ ਅਧਿਕਤਰ ਪ੍ਰਦੇਸ਼ਾਂ ਵਿੱਚ ਬਾਰਾਂ ਸੁਤੰਤਰ ਸਿੱਖ ਰਾਜ ਸਥਾਪਤ ਹੋ ਗਏ ਜਿਨ੍ਹਾਂ ਨੂੰ ਬਾਰਾਂ ਮਿਸਲਾਂ ਕਿਹਾ ਗਿਆ। 1780 ਨੂੰ ਸ਼ੁਕਰਚੱਕੀਆ ਮਿਸਲ ਦੇ ਸੰਸਥਾਪਕ ਮਹਾਂ ਸਿੰਘ ਦੇ ਘਰ ਰਣਜੀਤ ਸਿੰਘ ਨੇ ਜਨਮ ਲਿਆ ਜੋ 1797 ਵਿੱਚ ਮਿਸਲ ਦਾ ਸਰਦਾਰ ਬਣਿਆ। ਉਹ ਬਚਪਨ ਵਿੱਚ ਹੀ ਸਾਰੇ ਪੰਜਾਬ ਨੂੰ ਆਪਣੇ ਅਧੀਨ ਕਰ ਲੈਣ ਦੇ ਸੁਪਨੇ ਵੇਖਣ ਲੱਗਾ। ਉਹ ਚੰਗਾ ਯੋਧਾ, ਦਾਰਸ਼ਨਿਕ, ਉੱਤਮ ਸੈਨਾ ਨਾਇਕ, ਨਿਪੁੰਨ ਸੰਗਠਨ ਕਰਤਾ ਬੁੱਧੀਮਾਨ ਰਾਜਨੀਤੀਵੇਤਾ, ਯੋਗ ਹਾਕਮ ਤੇ ਅੰਤਾਂ ਦਾ ਬਹਾਦਰ ਸੀ। ਉਸ ਦਾ ਰਾਜ ਸਭ ਲਈ ਬਰਾਬਰ ਤੇ ਸਤਿਕਾਰ ਵਾਲਾ ਸੀ। ਧਰਮ, ਜਾਤ ਆਦਿ ਤੇ ਵੰਡ ਨਹੀਂ ਸੀ ਸਗੋਂ ਸਭ ਧਰਮਾਂ ਦਾ ਵੀ ਬਰਾਬਰ ਦਾ ਸਤਿਕਾਰ ਕੀਤਾ ਜਾਂਦਾ ਸੀ। ਉਸ ਦੇ ਰਾਜ ਨੂੰ ਪੰਜਾਬੀ ਦਾ ਰਾਜ, ਸਿੱਖਾਂ ਦਾ ਰਾਜ ਕਰਕੇ ਵੀ ਜਾਣਿਆ ਜਾਂਦਾ ਸੀ। ਅਲੈਗਜ਼ੈਂਡਰ ਗਾਰਡਨਰ ਉਸ ਬਾਰੇ ਆਖਦਾ ਹੈ : "ਮਹਾਰਾਜਾ ਅਸਲ ਵਿੱਚ ਉਨ੍ਹਾਂ ਪਰੌਖੀਆਂ ਵਿੱਚੋਂ ਇਕ ਸੀ ਜਿਨ੍ਹਾਂ ਨੂੰ ਸੰਸਾਰ ਦੀ ਕਾਇਆ ਪਲਟ ਦੇਣ ਲਈ ਮੌਕੇ ਦੀ ਲੋੜ ਹੁੰਦੀ ਹੈ। ਰਣਜੀਤ ਸਿੰਘ ਨੇ ਸਿੱਖਾਂ ਦੀਆਂ ਅਜੋੜ ਸਰਦਾਰੀਆਂ ਤੋਂ ਇਕ ਵੱਡੀ ਤੇ ਤਾਕਤਵਰ ਕੌਮ ਬਣਾ ਦਿੱਤੀ ਅਤੇ ਜੇ ਕਿੱਧਰੇ ਹਿੰਦੋਸਤਾਨ ਵਿੱਚ ਅੰਗਰੇਜ਼ੀ ਸਾਮਰਾਜ ਦਾ ਜ਼ੋਰਦਾਰ ਚੜ੍ਹਾਅ ਤੇ ਸੰਗਠਨ ਨਾ ਹੁੰਦਾ ਤਾਂ ਉਹ ਆਪਣੀਆਂ ਜਿੱਤਾਂ ਨੂੰ ਦਿੱਲੀ ਤੱਕ ਜਾਂ ਉਸ ਤੋਂ ਵੀ ਪਰ੍ਹੇ ਤੱਕ ਪਹੁੰਚਾ ਦਿੰਦਾ।"[3] ਕੈਪਟਨ ਮਰੇ ਉਸ ਦੀ ਤੁਲਨਾ ਮੁਹੰਮਦ ਅਲੀ ਤੇ ਨੈਪੋਲੀਅਨ ਨਾਲ ਕਰਦਾ ਹੋਇਆ ਉਨ੍ਹਾਂ ਦੋਹਾਂ ਦੇ ਕਰੈਕਟਰ ਤੋਂ ਉੱਚਾ ਦੱਸਦਾ ਹੈ।[4]

ਇਸ ਅਕਲਮੰਦ, ਬਹਾਦਰ, ਦੂਰਅੰਦੇਸ਼ੀ ਤੇ ਲਾਸਾਨੀ ਸ਼ਖ਼ਸੀਅਤ ਦੇ ਮਾਲਕ ਨੇ 1799 ਤੋਂ ਲੱਗ ਕੇ 1834 ਤੱਕ ਅਨੇਕਾਂ ਲੜਾਈਆਂ ਲੜੀਆਂ ਤੇ ਛੋਟੀਆਂ-ਵੱਡੀਆਂ ਜਿੱਤਾਂ ਨਾਲ ਵਿਸ਼ਾਲ ਰਾਜ ਸਥਾਪਤ ਕਰ ਲਿਆ। ਉਸ ਦੇ ਰਾਜ ਦੀਆਂ ਹੱਦਾਂ ਉੱਤਰ ਵਿੱਚ ਲੱਦਾਖ ਅਤੇ ਇਸਨਾਰੂਦ ਨੂੰ ਉੱਤਰ ਪੱਛਮ ਵਿੱਚ ਸੁਲੇਮਾਨ ਪਹਾੜੀਆਂ ਨੂੰ, ਦੱਖਣ ਪੂਰਬ ਵਿੱਚ ਸਤਲੁਜ ਨਦੀ ਅਤੇ ਦੱਖਣ-ਪੱਛਮ ਵਿੱਚ ਸ਼ਿਕਾਰਪੁਰ ਨੂੰ ਛੂਹਣ ਲੱਗੀਆਂ। ਇਸ ਵਿਸ਼ਾਲ ਰਾਜ ਵਿੱਚ ਨਾਨਕ ਸ਼ਾਹੀ ਸਿੱਕਾ ਚੱਲਿਆ। ਲੰਮੇ ਸਮੇਂ ਤੋਂ ਅੰਗਰੇਜ਼ ਪੰਜਾਬ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖ ਰਿਹਾ ਸੀ। ਉਸ ਨੇ ਪੰਜਾਬ ਦੇ ਦੁਆਲੇ ਆਪਣੇ ਡੇਰੇ ਲਾ ਲਏ ਸਨ। ਇਸ ਬਾਰੇ ਗੁਰਚਰਨ ਸਿੰਘ ਤੇ ਐਸ.ਐਸ. ਗਾਂਧੀ ਲਿਖਦਾ ਹੈ : "ਮਹਾਰਾਜਾ ਦੇ ਜੀਂਦੇ ਜਾਗਦੇ ਹੀ ਅੰਗਰੇਜ਼ਾਂ ਨੇ ਪੰਜਾਬ ਦੇ ਚਾਰੇ ਪਾਸੇ ਲਾਗੇ-ਚਾਗੇ ਆਪਣਾ ਪ੍ਰਭਾਵ ਬਣ ਲਿਆ ਸੀ ਅਤੇ ਉਸ ਦੀ ਮੌਤ ਸਮੇਂ ਇਹ ਘੇਰਾ ਬੜਾ ਭਿਆਨਕ ਰੂਪ ਧਾਰਨ ਕਰ ਚੁੱਕਾ ਸੀ। ਸੱਚੀ ਗੱਲ ਤਾਂ ਇਹ ਹੈ ਕਿ ਅੰਗਰੇਜ਼ ਮੌਕੇ ਦੀ ਭਾਲ ਵਿੱਚ ਸੀ ਕਿ ਜਿਉਂ ਹੀ ਪੰਜਾਬ ਵਿੱਚ ਅਜਿਹੇ ਕਾਰਨ ਬਣੇ ਅੰਗਰੇਜ਼ਾਂ ਛਾਲ ਮਾਰੀ ਸਿੱਖਾਂ ਨਾਲ ਦੋ ਲੜਾਈਆਂ ਲੜੀਆਂ ਤੇ ਪੰਜਾਬ ਵਿੱਚ ਸਿਖ ਰਾਜ ਦਾ ਅੰਤ ਹੋ ਗਿਆ।"[5]

ਸਿੱਖਾਂ ਦੇ ਰਾਜ ਦੀ ਇਸ ਚੜ੍ਹਦੀ ਕਲਾ ਨੂੰ ਵੇਖ ਕੇ ਅੰਗਰੇਜ਼ਾਂ ਦਾ ਭੈਭੀਤ ਤੇ ਚਿੰਤਤ ਹੋਣ ਬਾਰੇ ਬਹੁਤ ਸਾਰੇ ਵਿਦਵਾਨ ਤੇ ਇਤਿਹਾਸਕਾਰਾਂ ਨੇ ਬਿਆਨ ਕੀਤਾ ਹੈ। ਉਹ ਦੱਸਦੇ ਹਨ ਕਿ ਹਿੰਦੋਸਤਾਨ ਦੇ ਬਹੁਤ ਵੱਡੇ ਹਿੱਸੇ ਤੇ ਕਬਜ਼ਾ ਕਰਨ ਤੋਂ ਬਾਅਦ ਪੰਜਾਬ ਹੀ ਉਨ੍ਹਾਂ ਦੀਆਂ ਅੱਖਾਂ ਵਿੱਚ ਰੜਕਦਾ ਸੀ। ਅੰਗਰੇਜ਼ਾਂ ਆਪਣੇ ਹਿੰਦੋਸਤਾਨੀ ਰਾਜ ਦਾ ਆਰੰਭ ਵੀ ਦੱਖਣ ਵਾਲੇ ਪਾਸਿਉਂ ਕੀਤਾ ਸੀ। ਇਸ ਲਿਹਾਜ਼ ਨਾਲ ਵੀ ਪੰਜਾਬ ਅਖ਼ੀਰ ਤੇ ਸੀ ਪਰ ਜਿਸ ਨੂੰ ਆਸਾਨੀ ਨਾਲ ਉਨ੍ਹਾਂ ਦੂਸਰੇ ਰਾਜਾਂ ਵਿੱਚ ਆਪਣੇ ਪੈਰ ਪਸਾਰੇ ਸਨ ਪੰਜਾਬ ਵਿੱਚ ਰਣਜੀਤ ਸਿੰਘ ਦਾ ਭੈ ਉਨ੍ਹਾਂ ਨੂੰ

ਭੈਭੀਤ ਕਰਦਾ ਸੀ। ਨਰਿੰਦਰਪਾਲ ਸਿੰਘ ਪੰਜਾਬ ਦਾ ਇਤਿਹਾਸ ਵਿੱਚ ਲਿਖਦਾ ਹੈ : "ਅੰਗਰੇਜ਼ੀ ਸਾਮਰਾਜ ਆਪਣੇ ਵੱਲੋਂ ਰਣਜੀਤ ਸਿੰਘ ਦੀ ਵਧਦੀ ਤਾਕਤ ਤੇ ਮਾਨਤਾ ਤੋਂ ਭੈ ਭੀਤ ਸੀ। ਹੁਣ ਤੱਕ ਉਹ ਭਾਰਤ ਦੇ ਵੱਡੇ ਭਾਗ ਉੱਤੇ ਕਬਜ਼ਾ ਕਰ ਚੁੱਕੇ ਸਨ ਤੇ ਜਿੱਥੇ ਪਿਛਲੇ ਪੰਜਾਹ ਸਾਲ ਵਿੱਚ ਉਨ੍ਹਾਂ ਇਕ ਰਾਜ ਪਿੱਛੇ ਦੂਜਾ ਦੇਸੀ ਰਾਜਾ ਤਬਾਹ ਤੇ ਬਰਬਾਦ ਤੇ ਮਿਟਦਾ ਵੇਖਿਆ ਸੀ। ਉਥੇ ਰਣਜੀਤ ਸਿੰਘ ਦਾ ਰਾਜ ਸਗੋਂ ਵਧ ਫੁੱਲ ਰਿਹਾ ਸੀ। ਇਹ ਹੀ ਨਹੀਂ ਫੌਜੀ ਸਿਆਣਪ ਤੇ ਰਾਜਨੀਤਕ ਸੂਝ ਵਿੱਚ ਯੁਵਕ ਰਣਜੀਤ ਸਿੰਘ ਪਰਪੱਕਤਾ ਨੇ ਉਨ੍ਹਾਂ ਨੂੰ ਡਰਾਇਆਤੇ 1809 ਦੀ ਸੰਧੀ ਨਾਲ ਵੀ ਉਨ੍ਹਾਂ ਦਾ ਤੌਖਲਾ ਦੂਰ ਨਾ ਹੋਇਆ।"[6]

ਰਣਜੀਤ ਸਿੰਘ ਦਾ ਰਾਜ ਸਭ ਦਾ ਸਾਂਝਾ ਰਾਜ ਸੀ। ਇਮਾਨਦਾਰੀ, ਨਿਆਂ, ਬਰਾਬਰਤਾ, ਧਰਮ ਨਿਰਪੱਖਤਾ, ਆਦਿ ਸਾਰੇ ਗੁਣ ਇਸ ਵਿੱਚ ਸ਼ਾਮਲ ਸਨ। ਰਣਜੀਤ ਸਿੰਘ ਦੀ ਸ਼ਖ਼ਸੀਅਤ ਲੋਕਾਂ ਲਈ ਖਿੱਚ ਦਾ ਕਾਰਨ ਸੀ। ਮਹਾਰਾਜਾ ਭਾਵੇਂ ਆਪ ਸਿੱਖ ਪੰਥ ਦਾ ਪੱਕਾ ਅਨੁਯਾਈ ਸੀ ਪਰ ਉਸ ਦੇ ਰਾਜ ਵਿੱਚ ਦੂਸਰੇ ਧਰਮਾਂ ਨੂੰ ਵੀ ਵਧਣ-ਫੁੱਲਣ ਦਾ ਮੌਕਾ ਦਿੱਤਾ ਗਿਆ। ਗੁਰਦੁਆਰਿਆਂ, ਮਸੀਤਾਂ ਤੇ ਮੰਦਰਾਂ ਦੇ ਨਾਂ ਤੇ ਜਾਗੀਰਾਂ ਲਵਾਈਆਂ ਗਈਆਂ। ਇਸ ਰਾਜ ਵਿੱਚ ਸਾਰੇ ਖੁਸ਼ਹਾਲ ਤੇ ਆਰਥਿਕ ਤੌਰ 'ਤੇ ਸੰਤੁਸ਼ਟ ਸਨ। ਅੰਗਰੇਜ਼ਾਂ ਅਤੇ ਸਿੱਖ ਸ਼ਾਸ਼ਕ ਰਣਜੀਤ ਸਿੰਘ ਦੇ ਸੰਬੰਧ ਦੀ ਸ਼ੁਰੂਆਤ 1800 ਈਸਵੀ ਵਿੱਚ ਹੋਈ। 1806 ਤੋਂ ਬਾਅਦ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਦੇ ਸਿੱਟੇ ਵਜੋਂ 1809 ਈਸਵੀ ਵਿੱਚ ਦੋਹਾਂ ਧਿਰਾਂ ਵਿਚਕਾਰ ਅੰਮ੍ਰਿਤਸਰ ਦੀ ਸੰਧੀ ਹੋ ਗਈ। ਇਸ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਸਤਲੁਜ ਦੇ ਉੱਤਰ-ਪੱਛਮ ਵਿੱਚ ਜਿੱਥੋਂ ਤੱਕ ਰਣਜੀਤ ਸਿੰਘ ਦੇ ਇਲਾਕੇ ਸਨ, ਉਨ੍ਹਾਂ ਵਿੱਚ ਦਖ਼ਲ ਨਾ ਦੇਣ ਦਾ ਵਚਨ ਕੀਤਾ ਅਤੇ ਇਸ ਤਰ੍ਹਾਂ ਸਤਲੁਜ ਦਰਿਆ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਪੂਰਬੀ ਸੀਮਾ ਬਣ ਗਈ ਅਤੇ ਮਹਾਰਾਜਾ ਹੁਣ ਸਤਲੁਜ ਦਰਿਆ ਦੇ ਪੂਰਬੀ ਪ੍ਰਦੇਸਾਂ ਦੀਆਂ ਸਿੱਖ ਰਿਆਸਤਾਂ ਤੇ ਹੋਰ ਇਲਾਕਿਆਂ ਵਿੱਚ ਕੋਈ ਦਖਲਅੰਦਾਜ਼ੀ ਨਹੀਂ ਕਰ ਸਕਦਾ ਸੀ। ਇਸ ਦੇ ਨਾਲ ਦੋਹਾਂ ਧਿਰਾਂ ਵਿੱਚ ਮਿੱਤਰਤਾਪੂਰਨ ਸੰਬੰਧ ਸਥਾਪਤ ਹੋ ਗਏ। ਇਸ ਸੰਧੀ ਬਾਰੇ ਅਲੱਗ-ਅਲੱਗ ਇਤਿਹਾਸਕਾਰਾਂ ਦੇ ਅਲੱਗ-ਅਲੱਗ ਵਿਚਾਰ ਹਨ। ਕੁਝ ਇਸ ਦੇ ਹੱਕ ਤੇ ਕੁਝ ਵਿਰੋਧ ਵਿੱਚ ਹਨ। ਡਾ. ਐਨ. ਕੇ. ਸਿਨਹਾ ਦੇ ਕਥਨ ਅਨੁਸਾਰ "ਰਣਜੀਤ ਸਿੰਘ ਨੂੰ ਇਕ ਰਾਜਨੀਤਕ ਹਾਰ ਹੋਈ, ਉਸ ਦੇ ਸਨਮਾਨ ਨੂੰ ਬਹੁਤ ਸੱਟ ਵੱਜੀ ਅਤੇ ਉਸ ਨੂੰ ਅਪਮਾਨਿਤ ਹੋਣਾ ਪਿਆ।"[7] ਕਿਉਂਕਿ ਮਹਾਰਾਜਾ ਚਾਹੁੰਦਾ ਸੀ ਕਿ ਸਾਰੀਆਂ ਸਿੱਖ ਰਿਆਸਤਾਂ ਉਸ ਦੇ ਥੱਲੇ ਆ ਜਾਣ ਪਰ ਮਾਲਵੇ ਦੇ ਅਧਿਕਾਰ ਖੇਤਰ ਉਪਰ ਉਸ ਦਾ ਅਧਿਕਾਰ ਜਾਂਦਾ ਰਿਹਾ ਸੀ। ਕਈ ਤਾਂ ਇਸ ਨੂੰ ਅੰਗਰੇਜ਼ਾਂ ਦੀ ਰਾਜਨੀਤਕ ਜਿੱਤ ਦੱਸਦੇ ਹਨ। ਡਾ. ਏ. ਸੀ. ਅਰੋੜਾ ਲਿਖਦਾ ਹੈ : "ਅੰਮ੍ਰਿਤਸਰ ਦੀ ਸੰਧੀ ਦੇ ਫਲਸਰੂਪ ਅੰਗਰੇਜ਼ ਲਾਹੌਰ ਰਾਜ ਦੇ ਸਿਰ ਤੇ ਆ ਬੈਠੇ। ਦਰਿਆ ਜਮੁਨਾ ਦੀ ਥਾਂ ਹੁਣ ਸਤਲੁਜ ਦਰਿਆ ਬ੍ਰਿਟਿਸ਼ ਰਾਜ ਦੀ ਸੀਮਾ ਬਣ ਗਈ। ਮੈਟਕਾਫ ਮਿਸ਼ਨ ਦੀ ਸਮਾਪਤੀ ਉਪਰੰਤ ਅਪਰੈਲ 1809 ਈ. ਵਿਚ ਅੰਗੇਰਜ਼ਾਂ ਨੇ ਲੁਧਿਆਣਾ ਵਿੱਚ ਸੈਨਿਕ ਚੌਂਕੀ ਕਾਇਮ ਕਰ ਲਈ ਅਤੇ 1810 ਈ. ਵਿੱਚ ਉਸ ਨੂੰ ਪੋਲਿਟੀਕਲ ਏਜੰਸੀ ਵਿੱਚ ਬਦਲ ਦਿੱਤਾ। ਡੇਵਿਡ ਅਖਤਰਲੋਨੀ ਨੂੰ ਲੁਧਿਆਣਾ ਵਿੱਚ ਗਵਰਨਰ-ਜਨਰਲ ਦਾ ਪੋਲਿਟੀਕਲ ਏਜੰਟ ਥਾਪਿਆ ਗਿਆ। ਉਸ ਰਾਹੀਂ ਬ੍ਰਿਟਿਸ਼ ਸਰਕਾਰ ਦੀ ਲਾਹੌਰ ਦਰਬਾਰ ਨਾਲ ਸਾਰੀ ਰਾਜਨੀਤਕ ਗੱਲਬਾਤ ਹੋਣ ਲੱਗੀ।"[8]

ਇਸ ਤਰ੍ਹਾਂ ਕਈ ਉਤਰਾਅ ਚੜ੍ਹਾਅ ਆਦਿ ਵਿੱਚੋਂ ਗੁਜ਼ਰਦਿਆਂ ਮਹਾਰਾਜਾ ਰਣਜੀਤ ਸਿੰਘ ਨੂੰ ਅੰਗਰੇਜ਼ਾਂ ਦੀਆਂ ਗੱਲਾਂ ਮੰਨਣੀਆਂ ਪਈਆਂ। ਪਰ ਉਸ ਦੀ ਇਸ ਤਰ੍ਹਾਂ ਅੰਗਰੇਜ਼ਾਂ ਅੱਗੇ

ਝੁਕਣ ਦੀ ਨੀਤੀ ਉਸ ਦੀ ਦੁਰਬਲਤਾ ਜਾਂ ਕਾਇਰਤਾ ਦੀ ਨਹੀਂ ਸਗੋਂ ਸਿਆਣਪ ਦੀ ਨਿਸ਼ਾਨੀ ਹੈ। ਇਸੇ ਸਿਆਣਪ ਕਾਰਨ ਉਹ ਆਪਣੇ ਜੀਵਨ ਕਾਲ ਵਿੱਚ ਆਪਣੇ ਰਾਜ ਨੂੰ ਕਾਇਮ ਰੱਖ ਸਕਿਆ। ਉਸ ਨੂੰ ਅੰਗਰੇਜ਼ਾਂ ਦੀ ਤਾਕਤ ਦਾ ਅਹਿਸਾਸ ਹੋ ਗਿਆ ਸੀ। ਇਸੇ ਕਰਕੇ ਉਹ ਆਪਣੇ ਪੈਰ ਫੂਕ-ਫੂਕ ਕੇ ਰੱਖ ਰਿਹਾ ਸੀ। 27 ਜੂਨ 1839 ਈਸਵੀ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਨਾਲ ਹੀ ਲਾਹੌਰ ਦਰਬਾਰ ਸਾਜ਼ਿਸ਼ਾਂ ਸੂਹਾਂ ਤੇ ਚਾਪਲੂਸੀਆਂ ਦਾ ਸ਼ਿਕਾਰ ਹੋ ਗਿਆ। ਅਸ਼ਾਂਤੀ ਤੇ ਅਰਾਜਕਤਾ ਫੈਲ ਗਈ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਸਾਜ਼ਿਸ਼ ਵਿੱਚ ਅੰਗਰੇਜ਼ਾਂ ਦਾ ਹੱਥ ਸੀ ਪਰ ਤਖ਼ਤ ਦੇ ਵਾਰਿਸ ਇਕ ਤੋਂ ਬਾਅਦ ਇਕ ਇਨ੍ਹਾਂ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦੇ ਗਏ ਸਮੇਂ ਦਾ ਲਾਭ ਉਠਾਉਣ ਦੀ ਤਾਕ ਵਿੱਚ ਬੈਠੇ ਅੰਗਰੇਜ਼ਾਂ ਨੇ ਪੰਜਾਬ ਵਿੱਚ ਕਬਜ਼ਾ ਕਰਨ ਦੀਆਂ ਸਾਜ਼ਿਸ਼ਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਯੋਜਨਾ ਵੀ ਬਣਾ ਲਈ ਸੀ ਅਤੇ ਉਪਰੋਂ ਆਦੇਸ਼ ਵੀ ਆ ਗਿਆ ਸੀ ਪਰ ਉਸੇ ਸਮੇਂ ਉਨ੍ਹਾਂ ਨੂੰ ਅਫਗਾਨਿਸਤਾਨ ਵਿੱਚ ਭਾਰੀ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ, ਜਿਸ ਕਰਕੇ ਉਸ ਨੂੰ ਮਹਾਰਾਜਾ ਸ਼ੇਰ ਸਿੰਘ ਦੀ ਸਹਾਇਤਾ ਦੀ ਲੋੜ ਪਈ ਅਤੇ ਉਨ੍ਹਾਂ ਨੂੰ ਪੰਜਾਬ ਨੂੰ ਹੜੱਪ ਕਰਨ ਦੀਆਂ ਯੋਜਨਾਵਾਂ ਕੁਝ ਸਮੇਂ ਲਈ ਅੱਗੇ ਪਾਉਣੀਆਂ ਪਈਆਂ। ਇਧਰ ਸਿੱਖਾਂ ਨੂੰ ਵੀ ਅੰਗਰੇਜ਼ਾਂ ਦੀਆਂ ਚਾਲਾਂ ਦਾ ਪਤਾ ਲੱਗ ਗਿਆ ਉਹ ਚੌਕੰਨੇ ਹੋ ਗਏ ਅਤੇ ਅੰਗਰੇਜ਼ਾਂ ਦੇ ਵਿਰੁੱਧ ਹੋ ਗਏ। ਅਫ਼ਗਾਨਿਸਤਾਨ ਵਿੱਚ ਅੰਗਰੇਜ਼ਾਂ ਦੀ ਹਾਰ ਹੋਈ ਅਤੇ ਉਨ੍ਹਾਂ ਦਾ ਜਾਨੀ ਤੇ ਮਾਲੀ ਨੁਕਸਾਨ ਬਹੁਤ ਜ਼ਿਆਦਾ ਹੋ ਗਿਆ। ਇਧਰ ਸਿੱਖ ਅੰਗਰੇਜ਼ਾਂ ਨਾਲ ਯੁੱਧ ਦੇ ਪੱਖ ਵਿੱਚ ਸਨ ਕਿਉਂਕਿ ਉਹ ਸਮਝਦੇ ਸਨ ਕਿ ਇਹ ਅਫ਼ਗਾਨਿਸਤਾਨ ਪਾਸੋਂ ਹਾਰੇ ਹਨ ਜਿਨ੍ਹਾਂ ਨੂੰ ਅਸੀਂ ਕਈ ਵਾਰ ਹਰਾਇਆ ਹੈ। ਪਰ ਅੰਗਰੇਜ਼ਾਂ ਸਿੰਧ ਤੇ ਕੈਥਲ ਤੇ ਕਬਜ਼ਾ ਕਰ ਲਿਆ। ਇਸ ਨਾਲ ਅੰਗਰੇਜ਼ਾਂ ਨੂੰ ਮੁੜ ਉਤਸ਼ਾਹ ਮਿਲਿਆ ਤੇ ਉਨ੍ਹਾਂ ਆਪਣੀਆਂ ਰਾਜਨੀਤਕ ਗਤੀਵਿਧੀਆਂ ਵਧਾ ਦਿੱਤੀਆਂ।

ਐਲਨਬਰਾ ਨੇ ਪੰਜਾਬ ਤੇ ਕਬਜ਼ਾ ਕਰਨ ਦੀ ਸਾਜ਼ਿਸ਼ ਤਿਆਰ ਕੀਤੀ ਅਤੇ ਸੈਨਿਕ ਤਿਆਰੀਆਂ ਵਿੱਚ ਰੁੱਝ ਗਿਆ। ਉਸ ਨੇ 15 ਫਰਵਰੀ 1844 ਈ. ਦੀ ਇਕ ਚਿੱਠੀ ਡਿਊਕ ਆਫ ਵਲਿੰਗਟਨ ਨੂੰ ਲਿਖੀ, "ਮੈਨੂੰ ਆਸ ਹੈ ਕਿ ਸਾਨੂੰ ਅਗਲੇ ਦਿਸੰਬਰ ਵਿੱਚ ਸਤਲੁਜ ਪਾਰ ਨਹੀਂ ਕਰਨਾ ਪਵੇਗਾ ਅਸੀਂ ਇੰਨੇ ਥੋੜ੍ਹੇ ਸਮੇਂ ਵਿੱਚ ਯੁੱਧ ਲਈ ਤਿਆਰ ਨਹੀਂ ਹੋ ਸਕਾਂਗੇ। ਸੈਨਾ ਨੂੰ ਲਗਾਤਾਰ ਪੰਜ ਵਰ੍ਹਿਆਂ ਤੱਕ ਯੁੱਧ ਲੜਨ ਪਿੱਛੋਂ ਕਾਫ਼ੀ ਤਿਆਰੀ ਦੀ ਲੋੜ ਹੈ। ਮੈਨੂੰ ਸੈਨਾ ਨੂੰ ਸ਼ਕਤੀਸ਼ਾਲੀ ਬਣਾਉਣ ਤੇ ਇਸ ਨੂੰ ਯੁੱਧ ਲਈ ਤਿਆਰ ਕਨ ਲਈ ਕਾਫ਼ੀ ਤਿਆਰੀ ਤੇ ਮਿਹਨਤ ਦੀ ਲੋੜ ਹੈ। ਮੈਂ ਸੈਨਾ ਨੂੰ ਸ਼ਕਤੀਸ਼ਾਲੀ ਬਣਾਉਣ ਤੇ ਇਸ ਨੂੰ ਯੁੱਧ ਲਈ ਤਿਆਰ ਕਰਨ ਲਈ ਚੁੱਪਚਾਪ ਯਤਨ ਕਰ ਰਿਹਾ ਹਾਂ।"[9] 1 ਜੁਲਾਈ 1844 ਵਿੱਚ ਐਲਨਬਰਾ ਨੂੰ ਵਾਪਸ ਇੰਗਲੈਂਡ ਬੁਲਾਇਆ ਗਿਆ ਤੇ ਉਸ ਦੀ ਜਗ੍ਹਾ ਹਾਰਡਿੰਗ ਨੂੰ ਗਵਰਨਰ ਜਨਰਲ ਦੀ ਪਦਵੀ 'ਤੇ ਨਿਯੁਕਤ ਕਰ ਦਿੱਤਾ। ਉਹ ਇਕ ਸੈਨਾ-ਨਾਇਕ ਸੀ ਅਤੇ ਗੱਦੀ 'ਤੇ ਬੈਠਦਿਆਂ ਹੀ ਉਸ ਨੇ ਸਿੱਖਾਂ ਨਾਲ ਯੁੱਧ ਕਰਨ ਦਾ ਫ਼ੈਸਲਾ ਕਰ ਲਿਆ ਅਤੇ ਉਨ੍ਹਾਂ ਯੁੱਧ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ। ਓਧਰ ਲੁਧਿਆਣੇ ਵਿੱਚ ਵੀ ਮੇਜਰ ਬਰਾਡਫੁਟ ਵੀ ਬ੍ਰਿਟਿਸ਼ ਏਜੰਟ ਨਿਯੁਕਤ ਹੋ ਗਿਆ। ਉਹ ਵੀ ਸਿੱਖਾਂ ਨਾਲ ਯੁੱਧ ਦੀ ਤਿਆਰੀ ਵਿੱਚ ਹੀ ਸੀ। ਮਾਰਚ 1845 ਈ. ਨੂੰ ਲਾਲ ਸਿੰਘ ਲਾਹੌਰ ਦਰਬਾਰ ਦੇ ਪ੍ਰਸ਼ਾਸਨਿਕ ਕੰਮਾਂ ਲਈ ਜਦੋਂ ਸਤਲੁਜ ਪਾਰ ਕਰਕੇ ਇਧਰ ਆਇਆ ਤਾਂ ਬਰਾਡਫੁਟ ਨੇ ਉਸ ਨੂੰ ਵਾਪਸ ਮੋੜ ਦਿੱਤਾ। ਉਸ ਦਾ ਪਿੱਛਾ ਕੀਤਾ ਤੇ ਇਸ ਝੜਪ ਵਿੱਚ ਇਕ ਸੈਨਿਕ ਮਾਰਿਆ ਗਿਆ। ਕਿਹਾ ਜਾਂਦਾ ਹੈ ਕਿ ਇਹ ਐਂਗਲੋ ਸਿੱਖ ਯੁੱਧ ਦੀ ਪਹਿਲੀ ਗੋਲੀ ਸੀ। 13

ਦਸੰਬਰ 1845 ਨੂੰ ਲਾਰਡ ਹਾਰਡਿੰਗ ਨੇ ਸਿੱਖ ਸੈਨਾ ਉੱਤੇ ਇਲਜ਼ਾਮ ਲਾਉਂਦਿਆਂ ਹੋਇਆਂ ਕਿ, ਉਸ ਨੇ ਅੰਗਰੇਜ਼ਾਂ ਦੇ ਇਲਾਕੇ ਉੱਤੇ ਹਮਲਾ ਕਰ ਦਿੱਤਾ ਹੈ, ਸਿੱਖਾਂ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। 18 ਦਸੰਬਰ 1845 ਈ. ਨੂੰ ਮੁੱਦਕੀ ਤੇ 21 ਦਸੰਬਰ 1845 ਈ. ਨੂੰ ਫਿਰੋਜ਼ਸ਼ਾਹ ਜਾਂ ਫਿਰੋਜ਼ਪੁਰ ਸ਼ਹਿਰ ਦੀ ਲੜਾਈ 21 ਜਨਵਰੀ 1846 ਈ. ਨੂੰ ਅਲੀਵਾਲ ਦੀ ਲੜਾਈ, 10 ਫਰਵਰੀ 1846 ਈ. ਸਭਰਾਓਂ ਦੀ ਲੜਾਈ ਹੋਈ। ਇਸ ਲੜਾਈ ਵਿੱਚ ਦੋਵਾਂ ਧਿਰਾਂ ਦਾ ਬਹੁਤ ਜਾਨੀ ਤੇ ਮਾਲੀ ਨੁਕਸਾਨ ਹੋਇਆ। ਸਿੱਖਾਂ ਵਿੱਚ ਗ਼ੱਦਾਰੀ ਹੋਈ ਤੇ ਸੈਨਾਪਤੀ ਅੰਗਰੇਜ਼ਾਂ ਨਾਲ ਮਿਲ ਗਿਆ। ਓਧਰ ਮੇਜਰ ਬਰਾਡਫੁੱਟ ਵੀ ਮਾਰਿਆ ਗਿਆ। ਘਨਿੰਗਮ ਲਿਖਦਾ ਹੈ ਕਿ "ਭਾਵੇਂ ਇਸ ਲੜਾਈ ਵਿੱਚ ਸਿੱਖਾਂ ਨੂੰ ਆਪਣੇ ਸੈਨਾਪਤੀਆਂ ਦੀ ਗ਼ੱਦਾਰੀ ਕਾਰਨ ਹਾਰ ਖਾਣੀ ਪਈ, ਤਾਂ ਵੀ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਬੜਾ ਭਾਰੀ ਨੁਕਸਾਨ ਪਹੁੰਚਾਇਆ। ਅੰਗਰੇਜ਼ਾਂ ਦੇ 320 ਸੈਨਿਕ ਮਾਰੇ ਗਏ ਅਤੇ 2083 ਘਾਇਲ ਹੋਏ।"[10] ਸਿੱਖਾਂ ਦੀ ਹਾਰ ਪਿੱਛੋਂ ਗਵਰਨਰ ਜਨਰਲ ਹਾਰਡਿੰਗ ਨੇ ਲਾਹੌਰ ਸਰਕਾਰ ਨਾਲ ਸੰਧੀ ਕਰ ਲਈ ਜਿਹੜੀ 9 ਮਾਰਚ 1846 ਨੂੰ ਹੋਈ ਇਸ ਨੂੰ ਅੰਮ੍ਰਿਤਸਰ ਦੀ ਸੰਧੀ ਕਿਹਾ ਗਿਆ। ਦੂਸਰੀ ਸੰਧੀ 11 ਮਾਰਚ 1846 ਈ. ਨੂੰ ਹੋਈ। ਫਿਰ 26 ਦਸੰਬਰ 1846 ਈ. ਨੂੰ ਭੈਰੋਵਾਲ ਦੀ ਸੰਧੀ ਹੋਈ। ਇਸ ਸੰਧੀ ਦੇ ਫਲਸਰੂਪ ਅੰਗਰੇਜ਼ ਵਾਸਤਵਿਕ ਰੂਪ ਵਿੱਚ ਪੰਜਾਬ ਦੇ ਮਾਲਕ ਬਣ ਗਏ। ਜਨਵਰੀ 1848 ਨੂੰ ਲਾਰਡ ਡਲਹੌਜ਼ੀ ਹਾਰਡਿੰਗ ਦੀ ਜਗ੍ਹਾ ਗਵਰਨਰ ਜਨਰਲ ਬਣਿਆ ਅਤੇ ਉਹ ਵੀ ਪੂਰੇ ਪੰਜਾਬ ਤੇ ਬ੍ਰਿਟਿਸ਼ ਰਾਜ ਦੀ ਸਥਾਪਤੀ ਚਾਹੁੰਦਾ ਸੀ। ਉਸ ਨੇ ਨਵੰਬਰ 1848 ਨੂੰ ਸਿੱਖਾਂ ਵਿਰੁੱਧ ਬਿਨਾਂ ਐਲਾਨੇ ਯੁੱਧ ਕਰ ਦਿੱਤਾ। ਇਸ ਵਿੱਚ ਰਾਮਨਗਰ, ਚਿਲਿਆਂਵਾਲਾਂ ਦੀ ਲੜਾਈ ਮੁਲਤਾਨ ਤੇ ਕਬਜ਼ਾ ਤੇ ਗੁਜਰਾਤ ਦੀ ਲੜਾਈ ਜਿਹੜੀ 21 ਫਰਵਰੀ 1846 ਈ. ਹੋਈ। ਇਸ ਨੂੰ ਫ਼ੈਸਲਾਕੁੰਨ ਲੜਾਈ ਮੰਨਿਆ ਗਿਆ ਹੈ। ਜਿਸ ਰਾਹੀਂ ਸਿੱਖਾਂ ਦੀ ਹਾਰ ਤੇ ਅੰਗਰੇਜ਼ਾਂ ਦੀ ਜਿੱਤ ਦਾ ਬਿਗਲ ਵੱਜ ਗਿਆ ਅਤੇ ਉਨ੍ਹਾਂ ਪੰਜਾਬ ਤੇ ਪੂਰਨ ਰੂਪ ਵਿੱਚ ਕਬਜ਼ਾ ਕਰ ਲਿਆ। ਇਸ ਤਰ੍ਹਾਂ ਅੰਗਰੇਜ਼ਾਂ ਦਾ ਆਗਮਨ ਪੰਜਾਬ ਵਿੱਚ ਹੋ ਗਿਆ ਅਤੇ ਉਨ੍ਹਾਂ ਆਪਣੀਆਂ ਨੀਤੀਆਂ ਅਨੁਸਾਰ ਪੰਜਾਬ ਦੇ ਲੋਕਾਂ ਨੂੰ ਚਲਾਉਣਾ ਸ਼ੁਰੂ ਕਰ ਦਿੱਤਾ।

ਇਨ੍ਹਾਂ ਅੰਗਰੇਜ਼ ਅਫ਼ਸਰਾਂ,ਵਿਦਵਾਨਾਂ, ਸਿਪਾਹੀਆਂ, ਉਨ੍ਹਾਂ ਦੀਆਂ ਪਤਨੀਆਂ ਤੇ ਪੁੱਤਰੀਆਂ ਵਿੱਚ ਬਹੁਤ ਸਾਰੇ ਅਜਿਹੇ ਸਨ, ਜਿਨ੍ਹਾਂ ਨੇ ਪੰਜਾਬ ਦੀ ਲੋਕਧਾਰਾ ਨੂੰ ਸਮਝਣ ਸੰਭਾਲਣ ਤੇ ਆਪਣੇ-ਆਪਣੇ ਮੰਤਵ ਅਨੁਸਾਰ ਵਰਤਣ ਲਈ ਇਕੱਤਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਖੇਤਰੀ ਕਾਰਜ ਆਰੰਭਿਆ। ਜਿਸ ਦੇ ਢੰਗ ਤਰੀਕਿਆਂ ਦਾ ਵਰਣਨ ਅੱਗੇ ਕੀਤਾ ਗਿਆ ਹੈ।

**ਖੇਤਰੀ ਕਾਰਜ**

ਮੁੱਢ ਕਦੀਮੀ ਮਨੁੱਖ ਜਿਹੜਾ ਜੰਗਲਾਂ ਦੀਆਂ ਗੁਫ਼ਾਵਾਂ ਵਿੱਚ ਰਹਿੰਦਾ ਸੀ ਅਤੇ ਆਪਣੇ ਜੀਵਨ ਦਾ ਨਿਰਬਾਹ ਕਰਨ ਲਈ ਜੰਗਲੀ ਜਾਨਵਰਾਂ ਨੂੰ ਮਾਰ ਕੇ ਆਪਣਾ ਭੋਜਨ ਬਣਾਉਂਦਾ ਸੀ। ਭੁੱਖ ਨੂੰ ਸ਼ਾਂਤ ਕਰਨ ਅਤੇ ਜੀਵਨ ਦੀਆਂ ਹੋਰ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਉਹ ਕਿਧਰੇ ਨਾ ਕਿਧਰੇ ਤੁਰਿਆ ਰਹਿੰਦਾ ਸੀ। ਮਨੁੱਖ ਹੀ ਨਹੀਂ ਸਾਰੇ ਜੀਵ ਜੰਤੂ ਅਜਿਹਾ ਕਰਦੇ ਹਨ ਪਰ ਮਨੁੱਖ ਇਸ ਬਾਰੇ ਜ਼ਿਆਦਾ ਸੁਚੇਤ ਸੀ ਕਿਉਂਕਿ ਉਸ ਦੀਆਂ ਲੋੜਾਂ ਸਰੀਰਕ ਹੀ ਨਹੀਂ, ਮਾਨਸਿਕ ਵੀ ਸਨ। ਇਨ੍ਹਾਂ ਅਵਸਥਾਵਾਂ ਵਿੱਚੋਂ ਗੁਜ਼ਰਦਿਆਂ ਉਸ ਨੇ ਇਕ ਸਭਿਅਤਾ ਤੇ ਸਭਿਆਚਾਰ ਦਾ ਨਿਰਮਾਣ ਵੀ ਕਰ ਲਿਆ। ਡਾ. ਕੇਸਰ ਸਿੰਘ ਕੇਸਰ ਇਸ ਬਾਰੇ ਆਖਦੇ ਹਨ,

"ਆਦਿ ਕਾਲੀਨ ਸ਼ਿਕਾਰੀ ਜੀਵਨ ਤੋਂ ਲੈ ਕੇ ਅੱਜ ਦੇ ਕੰਪਿਊਟਰ ਯੁੱਗ ਤੱਕ ਆਪਣੀਆਂ ਭੌਤਿਕ-ਆਤਿਮਕ ਭੁੱਖਾਂ ਨੂੰ ਤ੍ਰਿਪਤ ਕਰਦਿਆਂ-ਕਰਦਿਆਂ ਉਸ ਨੇ ਇਕ ਵਿਸ਼ਾਲ ਸਭਿਅਤਾ ਤੇ ਇਕ ਜਟਿਲ ਸਭਿਆਚਾਰ ਦੀ ਰਚਨਾ ਕਰ ਲਈ ਹੈ।"[11]

ਇਸ ਤਲਾਸ਼ ਦੀ ਬਿਰਤੀ ਨੇ ਉਸ ਨੂੰ ਉੱਦਮੀ ਬਣਾਇਆ ਅਤੇ ਉਸ ਵੱਲੋਂ ਅਪ੍ਰਾਪਤ ਵਸਤੂਆਂ ਦੀ ਪ੍ਰਾਪਤੀ ਲਈ ਯਤਨ ਆਰੰਭ ਹੋਏ। ਇਕ ਤਾਂ ਮਨੁੱਖ ਦੀ ਆਦਤ ਅਤੇ ਸੁਭਾਅ ਇਕੱਤਰੀਕਰਨ ਦਾ ਹੈ, ਜਿਸ ਦਾ ਪ੍ਰਮਾਣ ਸਾਨੂੰ ਬਾਈਬਲ ਦੇ ਪੁਰਾਣੇ ਨੇਮ ਵਿੱਚੋਂ ਨੂਹ ਦੀ ਕਹਾਣੀ ਨਾਲ ਮਿਲਦਾ ਹੈ। ਜਿਸ ਨੇ ਜਲ ਪਰਲੋ ਤੋਂ ਪਹਿਲਾਂ ਬਹੁਤ ਸਾਰੀਆਂ ਚੀਜ਼ਾਂ, ਜੀਵ-ਜੰਤੂ ਆਦਿ ਇਕੱਤਰ ਕਰ ਕੇ ਆਪਣੀ ਕਿਸ਼ਤੀ ਵਿੱਚ ਰੱਖ ਲਏ ਸਨ ਅਤੇ "ਸਭ ਜਾਨਦਾਰ ਸਰੀਰਾਂ ਵਿੱਚੋਂ ਜੋੜਾ-ਜੋੜਾ ਕਿਸ਼ਤੀ ਵਿੱਚ ਵਾੜ ਲਏ ਤਾਂ ਜੋ ਤੂੰ ਉਨ੍ਹਾਂ ਨੂੰ ਜਿਉਂਦਾ ਰੱਖ ਸਕੇ। ਉਹ ਨਰ ਨਾਰੀ ਹੋਣ। ਪੰਛੀਆਂ ਵਿੱਚ ਉਨ੍ਹਾਂ ਦੀ ਜਿਨਸ ਅਨੁਸਾਰ ਸਭਨਾਂ ਵਿੱਚੋਂ ਜੋੜਾ-ਜੋੜਾ ਤੇਰੇ ਨਾਲ ਆਉਣਗੇ ਤਾਂ ਜੋ ਉਹ ਜਿਉਂਦੇ ਰਹਿਣ।"[12]

ਲੋੜਾਂ ਦੀ ਪੂਰਤੀ ਦੇ ਨਾਲ-ਨਾਲ ਨਵੀਆਂ ਚੀਜ਼ਾਂ ਦੀ ਖੋਜ ਅਤੇ ਗੁਆਚਿਆਂ ਦੀ ਭਾਲ ਖੋਜੀ ਨੂੰ ਬੌਧਿਕ ਆਨੰਦ ਪ੍ਰਦਾਨ ਕਰਦੀਆਂ ਹਨ। ਵਿਹਲੇ ਸਮੇਂ ਨੂੰ ਗੁਜ਼ਾਰਨ ਲਈ ਵੀ ਵਿਅਕਤੀ ਕਈ ਚੀਜ਼ਾਂ ਜਿਵੇਂ ਸਿੱਕੇ, ਮੈਡਲ, ਟਿਕਟਾਂ, ਡੱਬੀਆਂ, ਸ਼ਰਾਬ ਦੇ ਲੇਬਲ, ਫੁੱਲ, ਤਿਤਲੀਆਂ, ਕਿਤਾਬਾਂ, ਆਟੋਗ੍ਰਾਫ਼, ਸੋਟੀਆਂ, ਪਾਈਪ, ਕਾਰਡ, ਖਿਡੌਣੇ, ਤਸਵੀਰਾਂ, ਸਾਹਿਤ ਅਤੇ ਅਖ਼ਬਾਰਾਂ ਆਦਿ ਇਕੱਤਰ ਕਰਨ ਵਾਲਿਆਂ ਦੀ ਹਾਲਤ ਪਾਗਲਪਨ ਜਾਂ ਜਨੂੰਨ ਤੱਕ ਪਹੁੰਚ ਜਾਂਦੀ ਹੈ। ਬੱਚਿਆਂ ਵਿੱਚ ਇਹ ਸ਼ੌਕ ਨਿੱਕਿਆਂ ਹੁੰਦਿਆਂ ਜਨਮ-ਦਿਨ ਜਾਂ ਖ਼ਾਸ ਪ੍ਰਾਪਤੀ ਤੇ ਇਨਾਮਾਂ ਨੂੰ ਇਕੱਤਰ ਕਰਨ ਨਾਲ ਵਿਕਸਤ ਹੁੰਦਾ ਹੈ। ਕਈਆਂ ਵਿੱਚ ਨਸ਼ਟ ਹੋ ਰਹੀਆਂ ਚੀਜ਼ਾਂ ਨੂੰ ਬਚਾਉਣ ਦੀ ਬਿਰਤੀ ਹੁੰਦੀ ਹੈ। ਜਿਵੇਂ ਸੁਸੰਨਾ ਜੋਹਨਸਨ ਅਤੇ ਟਿਮ ਬੈਡੋਹ ਦੀ ਪੁਸਤਕ ਦੀ ਭੂਮਿਕਾ ਵਿੱਚ ਦੱਸਿਆ ਹੈ ਕਿ, "ਇਕ ਛੋਟੀ ਲੜਕੀ ਨੂੰ ਮਿਲੇ ਜਿਸ ਕੋਲ 500 ਟੈਡੀਬੀਅਰ ਸਨ ਅਤੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਉਸ ਨੇ ਕੂੜੇ ਵਿੱਚੋਂ ਇਕੱਤਰ ਕੀਤੇ ਸਨ ਕਿਉਂਕਿ ਉਹ ਇਨ੍ਹਾਂ ਨੂੰ ਇਸ ਤਰ੍ਹਾਂ ਨਸ਼ਟ ਹੋਇਆ ਨਹੀਂ ਵੇਖ ਸਕਦੀ ਸੀ।"[13]

ਕੂੜਾ ਕਰਕਟ ਵਿੱਚੋਂ ਚੀਜ਼ਾਂ ਨੂੰ ਇਕੱਤਰ ਕਰ ਕੇ ਕਲਾ-ਕ੍ਰਿਤੀਆਂ ਬਣਾਉਣ ਦਾ ਰਿਵਾਜ ਵੀ ਪ੍ਰਚੱਲਤ ਹੋ ਰਿਹਾ ਹੈ। ਜਿਸ ਦੀ ਉਦਾਹਰਣ ਅਸੀਂ ਚੰਡੀਗੜ੍ਹ ਵਿੱਚ ਬਣਿਆ ਰੌਕ-ਗਾਰਡਨ ਨਾਲ ਦੇ ਸਕਦੇ ਹਾਂ। ਵੱਖ-ਵੱਖ ਲੋਕਾਂ ਕੋਲ ਨਿੱਜੀ ਪੱਧਰ ਤੇ ਅਜਿਹੀ ਬਹੁਤ ਸਾਰੀ ਸਮੱਗਰੀ ਪਈ ਹੈ, ਜਿਹੜੀ ਉਨ੍ਹਾਂ ਦੀ ਨਿੱਜੀ ਇਕੱਤਰੀਕਰਨ ਦੀ ਹਾਮੀ ਭਰਦੀ ਹੈ ਪਰ ਇਹ ਸਾਰਾ ਕੁਝ ਉਨ੍ਹਾਂ ਦੇ ਸ਼ੌਕ ਵਿੱਚੋਂ ਉਪਜਦਾ ਹੈ। ਪੋਸਟਰਾਂ, ਫਿਲਮਾਂ, ਕੈਸਟਾਂ ਅਤੇ ਮੂਰਤੀਆਂ ਦੇ ਇਕੱਤਰੀਕਰਨ ਦੀ ਗੱਲ ਤਾਂ ਆਮ ਪ੍ਰਚੱਲਤ ਹੋ ਰਹੀ ਹੈ। ਜੇਕਰ ਇਹ ਇਕੱਤਰੀਕਰਨ ਠੀਕ ਦਿਸ਼ਾ ਵਿੱਚ ਹੈ ਅਤੇ ਖੋਜੀ ਦਾ ਲਗਾਵ ਵੀ ਹੈ ਤਾਂ ਇਹ ਜਿੱਥੇ ਮਨੁੱਖੀ ਸੁਭਾਅ ਦੇ ਇਕ ਖੇਤਰ ਨੂੰ ਪੇਸ਼ ਕਰਦੀ ਹੈ, ਉਥੇ ਮਨੁੱਖ ਦੇ ਆਲੇ-ਦੁਆਲੇ ਕੀ-ਕੁਝ ਪਿਆ ਹੈ ਅਤੇ ਹੈਰਾਨ ਕਰਨ ਵਾਲੇ ਖੇਤਰਾਂ ਬਾਰੇ ਜਿਨ੍ਹਾਂ ਦਾ ਗਿਆਨ ਉਸ ਨੂੰ ਕਈ ਭਾਸ਼ਣਾਂ ਵਿੱਚੋਂ ਪ੍ਰਾਪਤ ਹੁੰਦਾ ਹੈ। ਨਿੱਜੀ ਪੱਧਰ ਤੇ ਕੀਤੇ ਇਕੱਤਰੀਕਰਨ ਵਿੱਚ ਉਸ ਨੂੰ ਮੁਹਾਰਤ ਹਾਸਿਲ ਹੁੰਦੀ ਹੈ ਅਤੇ ਉਹ ਆਪਣੇ ਕੰਮ ਦਾ ਆਪ ਮਾਸਟਰ ਹੁੰਦਾ ਹੈ। ਇਸ ਨੂੰ ਮਾਹਿਰ ਹੋਣ ਦਾ ਮਾਣ ਤੇ ਗੌਰਵ ਵੀ ਹੁੰਦਾ ਹੈ। ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਉਸ ਨੇ ਦਸੂਰਿਆਂ ਨਾਲੋਂ ਕੁਝ ਹਟ ਕੇ ਕੰਮ ਕੀਤਾ ਹੈ ਅਤੇ ਉਸ ਕੋਲ ਦੁਨੀਆਂ ਦਾ ਬੇਹਤਰੀਨ ਖਜ਼ਾਨਾ ਹੈ, ਜਿਹੜਾ ਹੋਰ ਕਿਸੇ ਦੂਸਰੇ ਕੋਲ ਨਹੀਂ। ਉਹ ਉਨ੍ਹਾਂ ਵਸਤਾਂ

ਦੇ ਇਤਿਹਾਸ ਬਾਰੇ (ਆਦਿ ਤੋਂ ਵਰਤਮਾਨ) ਤੱਕ ਜਾਨਣ ਦੀ ਕੋਸ਼ਿਸ਼ ਕਰੇਗਾ। ਉਨ੍ਹਾਂ ਦੀ ਸਾਂਭ-ਸੰਭਾਲ ਅਤੇ ਖ਼ੂਬਸੂਰਤੀ ਦਾ ਅਹਿਸਾਸ ਵੀ ਮਨ ਵਿੱਚ ਰੱਖੇਗਾ। ਕਈ ਵਾਰੀ ਤਾਂ ਦੂਸਰਿਆਂ ਦੀ ਸਹਾਇਤਾ ਜਾਂ ਨਿੱਜੀ ਤੌਰ 'ਤੇ ਪ੍ਰਦਰਸ਼ਨੀਆਂ ਦਾ ਪ੍ਰਬੰਧ ਕਰੇਗਾ ਤਾਂ ਕਿ ਆਪਣੀ ਇਸ ਖ਼ੁਸ਼ੀ ਨੂੰ ਦੂਸਰਿਆਂ ਨਾਲ ਸਾਂਝਾ ਕਰ ਸਕੇ। ਅਜਿਹੀਆਂ ਪ੍ਰਦਰਸ਼ਨੀਆਂ ਕਰ ਕੇ ਜਿੱਥੇ ਉਸ ਨੂੰ ਦੂਸਰਿਆਂ ਨਾਲ ਮਿਲਣ ਗਿਲਣ ਦਾ ਮੌਕਾ ਮਿਲੇਗਾ, ਉਥੇ ਉਨ੍ਹਾਂ ਚੀਜ਼ਾਂ ਬਾਰੇ ਦੂਸਰਿਆਂ ਦੇ ਵਿਚਾਰਾਂ ਤੋਂ ਵੀ ਜਾਣੂੰ ਹੋਵੇਗਾ। ਇਸ ਤਰ੍ਹਾਂ ਮਨੁੱਖੀ ਵਿਕਾਸ ਪੜਾਵਾਂ ਤੇ ਮਨੁੱਖੀ ਨਸਲ ਦੇ ਇਤਿਹਾਸ ਤੋਂ ਵੀ ਜਾਣੂ ਹੋਵੇਗਾ। ਅਜਿਹੇ ਕੰਮ ਤੁਹਾਨੂੰ ਸ਼ੌਕ ਦੇ ਨਾਲ-ਨਾਲ ਆਰਥਿਕ ਲਾਭ ਵੀ ਪ੍ਰਦਾਨ ਕਰ ਸਕਦੇ ਹਨ।

ਭਾਵੇਂ ਲੋਕਧਾਰਾ ਦਾ ਖੇਤਰ ਲੋਕਾਂ ਜਿੰਨਾ ਹੀ ਵਿਸ਼ਾਲ ਹੈ ਅਤੇ ਜੋ ਚੀਜ਼ ਵੀ ਲੋਕਾਂ ਦੇ ਜੀਵਨ ਨੂੰ ਛੋਂਹਦੀ ਹੈ, ਉਹ ਲੋਕਧਾਰਾ ਦਾ ਅੰਗ ਹੈ। ਜਸਵਿੰਦਰ ਸਿੰਘ ਨੇ ਲੋਕਧਾਰਾ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੈ, "ਲੋਕਯਾਨ ਦੇ ਸਮੁੱਚੇ ਖੇਤਰ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਇਕ ਵਿਚ ਲੋਕ-ਕਲਾਵਾਂ ਹਨ, ਜਿਨ੍ਹਾਂ ਵਿੱਚ ਅੱਗੋਂ ਲੋਕ-ਸਾਹਿਤ, ਲੋਕ-ਨ੍ਰਿਤ, ਲੋਕ-ਸੰਗੀਤ, ਲੋਕ-ਚਿੱਤਰਕਾਰੀ ਆਦਿ ਸ਼ਾਮਲ ਹਨ ਅਤੇ ਦੂਸਰੇ ਭਾਗ ਵਿੱਚ ਲੋਕ-ਵਿਸ਼ਵਾਸ, ਰੀਤੀ-ਰਿਵਾਜ਼, ਲੋਕ-ਖੇਡਾਂ, ਮੇਲੇ-ਤਿਉਹਾਰ ਆਦਿ ਰੱਖੇ ਜਾ ਸਕਦੇ ਹਨ।"[14]

ਖੋਜ ਭਾਵੇਂ ਆਪਣੇ-ਆਪ ਵਿੱਚ ਕਠਿਨ ਕਾਰਜ ਹੈ ਪਰ ਲੋਕਧਾਰਾ ਨਾਲ ਸੰਬੰਧਿਤ ਖੋਜ ਉਸ ਨਾਲੋਂ ਵੀ ਕਿਤੇ ਮੁਸ਼ਕਲ ਕਾਰਜ ਮੰਨਿਆ ਗਿਆ ਹੈ ਅਤੇ ਸਾਹਿਤ ਖੋਜ ਨਾਲੋਂ ਕਿਤੇ ਭਿੰਨ ਹੈ ਕਿਉਂਕਿ ਸਾਹਿਤ ਅਧਿਐਨ ਦੇ ਖੇਤਰ ਵਿੱਚ ਪਾਠ ਅਧਿਐਨ ਵਿੱਚ ਲਾਇਬ੍ਰੇਰੀਆਂ ਤੁਹਾਡੇ ਮਨੋਰਥ ਦੀ ਪੂਰਤੀ ਕਰਵਾ ਸਕਦੀਆਂ ਹਨ ਪਰ ਲੋਕਧਾਰਾ ਅਧਿਐਨ ਵਿੱਚ ਬਹੁਤ ਕੁਝ ਹੋਰ ਵੀ ਲੋੜੀਂਦਾ ਹੈ ਜਿਸ ਦਾ ਜ਼ਿਕਰ ਅਸੀਂ ਅੱਗੇ ਚੱਲ ਕੇ ਕਰਾਂਗੇ। ਪੰਜਾਬੀ ਵਿੱਚ ਖੋਜ ਦਾ ਸੰਬੰਧ ਪੁਰਾਣੇ ਸਮਿਆਂ ਵਿੱਚ ਡੰਗਰ ਗੁਆਚਣ ਅਤੇ ਫਿਰ ਖੋਜੀ ਨੂੰ ਸੱਦ ਕੇ ਖੁਰਾ ਨਾਪਣ ਤੇ ਦੋਸ਼ੀ ਤੱਕ ਪਹੁੰਚਣ ਤੋਂ ਵੀ ਲਿਆ ਜਾਂਦਾ ਰਿਹਾ ਹੈ। ਡਾ. ਪਿਆਰ ਸਿੰਘ ਤਾਂ ਖੋਜ ਦੀ ਪਰਿਭਾਸ਼ਾ ਇਸ ਪ੍ਰਕਾਰ ਕਰਦਾ ਹੈ :

"ਖੋਜ ਮਨੁੱਖੀ ਵਿਹਾਰ ਦੀ ਉਹ ਕ੍ਰਿਆ ਹੈ, ਜੋ ਖੋਜ ਸਮੱਗਰੀ ਤੇ ਇਕੱਤਰੀਕਰਨ, ਉਸ ਦੇ ਘੋਖਵੇਂ ਵਿਸ਼ਲੇਸ਼ਣ ਅਤੇ ਲੁਪਤ ਕਾਰਨਾ ਜਾਂ ਵਸਤਾਂ ਦੇ ਉਘਾੜਨ ਅਥਵਾ ਸੱਚਾਈਆਂ ਦੇ ਲੱਭਣ ਵਿੱਚ ਪ੍ਰਗਟ ਹੁੰਦੀ ਹੈ।"[15] ਪਰ ਸਾਹਿਤਕ ਤੇ ਖੇਤਰੀ ਖੋਜ ਦੀਆਂ ਆਪਣੀਆਂ-ਆਪਣੀਆਂ ਸੀਮਾਵਾਂ ਤੇ ਸੰਭਾਵਨਾਵਾਂ ਹਨ। ਸਾਹਿਤਕ ਖੋਜ ਵਿੱਚ ਸਾਹਿਤ ਦੇ ਵਿਸ਼ੇਸ਼ ਸੁਭਾਅ ਨਾਲ ਇਕ ਸੁਰ ਹੋਣਾ ਪੈਂਦਾ ਹੈ ਕਿਉਂਕਿ ਸਮੱਗਰੀ ਪਹਿਲਾਂ ਹੀ ਉਪਲਬਧ ਹੈ, ਇਸ ਲਈ ਇਸ ਖੋਜ ਦੇ ਸਿੱਟੇ ਉਸੇ ਦੇ ਆਧਾਰ ਤੇ ਨਿਸ਼ਚਿਤ ਹੁੰਦੇ ਹਨ। ਡਾ. ਹਰਭਜਨ ਸਿੰਘ ਇਸ ਬਾਰੇ ਆਖਦੇ ਹਨ :

"ਸਾਹਿਤ ਖੋਜ ਲਈ ਵਿਗਿਆਨਕ ਬਿਰਤੀ ਦੀ ਲੋੜ ਹੈ, ਪਰ ਇਹ ਵਿਗਿਆਨਕ ਨਹੀਂ,ਵਿਗਿਆਨ ਵਾਂਗ ਹੀ ਸਾਹਿਤਕ ਖੋਜ ਤੱਥ ਅਧਾਰਿਤ ਹੈ ਅਤੇ ਇਸ ਦੀ ਵਿਆਖਿਆ ਵੀ ਪ੍ਰਾਪਤ ਸਮੱਗਰੀ ਤੇ ਗਵਾਹੀ ਦੇ ਅਧਾਰ ਤੇ ਹੋਣੀ ਚਾਹੀਦੀ ਹੈ ਪਰ ਸਾਹਿਤਕ ਖੋਜ ਦੀ ਆਪਣੇ ਸਭਿਆਚਾਰਕ ਅਤੀਤ ਪ੍ਰਤੀ ਜ਼ਿੰਮੇਵਾਰੀ ਇਤਨੀ ਪੱਕੀ ਤੇ ਵੱਡੀ ਹੈ ਕਿ ਇਹ ਨਿਰੋਲ ਵਿਗਿਆਨ ਬਣਨ ਦਾ ਤਾਂ ਸੁਪਨਾ ਵੀ ਨਹੀਂ ਲੈ ਸਕਦੀ। ਸਾਹਿਤਕ ਖੋਜ ਦੇ ਤੱਥ ਸਭਿਆਚਾਰਕ ਤੇ ਮਾਨਵੀ ਹਨ ਅਤੇ ਇਹ ਇਸ ਨੂੰ ਵਿਗਿਆਨ ਤੋਂ ਵਖਰਿਆਉਂਦੇ ਹਨ। ਇਸੇ ਲਈ ਇਨ੍ਹਾਂ ਦੇ ਸਿੱਟੇ ਵਿਗਿਆਨਸ਼ਾਲਾ ਵਿੱਚ ਸਿੱਧ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਨਾਲ ਸੰਵਾਦ ਹੀ ਰਚਾਉਣਾ

ਪਵੇਗਾ ਅਤੇ ਉਸ ਦੇ ਅਧਾਰ ਤੇ ਹੀ ਤੱਤ ਪ੍ਰਾਪਤ ਹੋਣਗੇ।"[16]

ਇਸ ਤਰ੍ਹਾਂ ਸਾਹਿਤਕ ਖੋਜ ਵਿਗਿਆਨ ਨਹੀਂ ਸਗੋਂ ਜਿਹੜੀ ਸਮੱਗਰੀ ਪ੍ਰਾਪਤ ਹੈ। ਉਸ ਦੇ ਅਧਾਰ ਤੇ ਹੀ ਇਸ ਗੱਲ ਦਾ ਨਿਰਣਾ ਕੀਤਾ ਜਾਂਦਾ ਹੈ ਕਿ ਪ੍ਰਾਪਤ ਸਮੱਗਰੀ ਕਿਸੇ ਵਿਸ਼ੇ ਪ੍ਰਤੀ ਕਿੰਨੀ ਕੁ ਸਾਰਥਕ ਹੈ। ਇਸ ਦੀ ਜ਼ਿੰਮੇਵਾਰੀ ਅਤੀਤ ਪ੍ਰਤੀ ਹੀ ਨਹੀਂ ਸਗੋਂ ਭਵਿੱਖ ਪ੍ਰਤੀ ਵੀ ਹੈ। ਡਾ. ਕੇਸਰ ਨੇ ਵੱਖ-ਵੱਖ ਸਮਿਆਂ ਦੀਆਂ ਮਨੁੱਖੀ ਲੋੜਾਂ ਦੇ ਆਧਾਰ ਤੇ ਸਾਹਿਤਕ ਖੋਜ ਦੇ ਵੱਖ-ਵੱਖ ਰੂਪ ਤੇ ਰੂਪਾਕਾਰ ਨਿਰਧਾਰਤ ਕੀਤੇ ਹਨ :

1. ਤੱਥ-ਅਨੁਸੰਧਾਨ
2. ਸਿਧਾਂਤ-ਨਿਰੂਪਣ
3. ਸਾਹਿਤ-ਇਤਿਹਾਸ
4. ਸਾਹਿਤ-ਸਮੀਖਿਆ[17]

ਪਰ ਲੋਕਧਾਰਾ ਦੀ ਸਮੱਗਰੀ ਦਾ ਇਕੱਤਰੀਕਰਣ ਕਿਸੇ ਕਮਰੇ, ਲਾਇਬ੍ਰੇਰੀ ਵਿੱਚ ਬੈਠ ਕੇ ਨਹੀਂ, ਬਾਹਰ ਨਿਕਲ ਦੇ ਲੋਕਾਂ ਵਿੱਚ ਵਿਚਰ ਕੇ ਕੀਤਾ ਜਾ ਸਕਦਾ ਹੈ। ਇਸ ਦੀਆਂ ਆਪਣੀਆਂ ਔਕੜਾਂ ਹਨ, ਕਿਥੋਂ, ਕਿਵੇਂ ਅਤੇ ਕਿੱਦਾਂ ਇਸ ਸਮੱਗਰੀ ਨੂੰ ਪ੍ਰਾਪਤ ਕਰਨਾ ਹੈ ਕਿਉਂਕਿ ਖੇਤਰ ਬੜਾ ਵਿਸ਼ਾਲ ਹੈ ਅਤੇ ਲੋਕ-ਸਾਹਿਤ, ਲੋਕ-ਗੀਤ, ਲੋਕ-ਕਹਾਣੀਆਂ, ਬੀਰ-ਗਾਥਾਵਾਂ, ਮਿਥ-ਕਥਾਵਾਂ, ਬੁਝਾਰਤਾਂ, ਅਖਾਣ ਆਦਿ ਲੋਕ-ਸੰਸਕ੍ਰਿਤੀ, ਲੋਕ-ਕਲਾਵਾਂ, ਲੋਕ-ਵਿਸ਼ਵਾਸ, ਲੋਕ-ਧਰਮ, ਲੋਕ ਚਕਿਤਸਾ, ਲੋਕ ਨਾਟਕ, ਲੋਕ ਨ੍ਰਿਤ, ਲੋਕ-ਸੰਗੀਤ, ਲੋਕ-ਧਰਮ ਆਦਿ ਖੇਤਰ ਵਿੱਚੋਂ ਹਰ ਚੀਜ਼ ਲੋਕਧਾਰਾ ਦਾ ਮਸ ਰੱਖਣ ਵਾਲੇ ਨੂੰ ਆਕਰਸ਼ਿਤ ਕਰਦੀ ਹੈ। ਇਸ ਨਾਲ ਕਿਵੇਂ ਨਜਿੱਠਣਾ ਹੈ, ਇਸ ਬਾਰੇ ਡਾ. ਕੇਸਰ ਆਖਦੇ ਹਨ:

"ਖੇਤਰੀ ਕਾਰਜ ਦੀ ਬਹੁਤੀ ਲੋੜ ਪੁਰਾਣੀਆਂ ਸਾਹਿਤਕ ਰਚਨਾਵਾਂ ਦੀ ਖੋਜ, ਭਾਸ਼ਾ ਵਿਗਿਆਨ ਤੇ ਲੋਕ-ਸਾਹਿਤ ਨਾਲ ਸੰਬੰਧਿਤ ਕੁਝ ਵਿਸ਼ਿਆਂ ਦੀ ਖੋਜ ਤੇ ਸਾਹਿਤ ਦੇ ਪ੍ਰਭਾਵ ਦੀ ਖੋਜ ਪੜਤਾਲ ਵੇਲੇ ਪੈਂਦੀ ਹੈ। ਇਸੇ ਦੇ ਲਈ ਵਿਸ਼ੇਸ਼ ਸਿਖਲਾਈ ਦੀ ਲੋੜ ਹੈ. ਫੀਲਡ ਵਰਕ ਦੀ ਕਿਸਮ, ਇਸ ਦੀ ਪੱਧਰ ਤੇ ਇਸ ਵਿੱਚ ਆਉਣ ਵਾਲੀਆਂ ਔਕੜਾਂ ਦਾ ਨਿਰਭਰ ਇਸ ਗੱਲ ਉੱਤੇ ਹੈ ਕਿ ਖੋਜੀ ਜਿਸ ਵਿਸ਼ੇ ਤੇ ਕੰਮ ਕਰ ਰਿਹਾ ਹੈ ਤੇ ਜਿਸ ਕਿਸਮ ਦੀ ਖੋਜ ਵਿੱਚ ਰੁੱਝਾ ਹੋਇਆ ਹੈ, ਉਸ ਨਾਲ ਸੰਬੰਧਿਤ ਸਮਾਜਕ ਖੇਤਰ ਉੱਤੇ ਉਸ ਦਾ ਕਿੰਨਾ ਕੁ ਕਾਬੂ ਹੈ ਤੇ ਆਪ ਉਸ ਸਥਿਤੀ ਵਿੱਚ ਉਹ ਕਿੰਨਾ ਕੁ ਖੁੱਭ ਸਕਿਆ ਹੈ। ਖੋਜੀ ਦਾ ਵਿਸ਼ਾ ਉਸ ਨੂੰ ਖੋਜ ਲਈ ਮਿਲਿਆ ਸਮਾਂ, ਸਹਾਇਤਾ ਦੇ ਸਾਧਨ ਆਦਿ ਫੀਲਡ ਵਰਕ ਦੀ ਪ੍ਰਕਿਰਤੀ ਨੂੰ ਨਿਸ਼ਚਿਤ ਕਰਦੇ ਹਨ। ਪ੍ਰਾਪਤ ਸਮੱਗਰੀ ਤੋਂ ਉਹ ਇਸ ਹੱਦ ਤੱਕ ਵਿਆਪਕ ਨੇਮਾਂ ਦੀ ਸਥਾਪਨਾ ਕਰਨਾ ਚਾਹੁੰਦਾ ਹੈ, ਇਹ ਗੱਲ ਵੀ ਫੀਲਡ ਵਰਕ ਦੀ ਸੀਮਾ ਨੂੰ ਨਿਰਧਾਰਿਤ ਕਰਦੀ ਹੈ।"[18]

ਲੋਕਧਾਰਾ ਦੇ ਖੇਤਰ ਵਿੱਚ ਇਸ ਮਨਸ਼ੇ ਨਾਲ ਉੱਤਰਿਆ ਖੋਜੀ ਇਸ ਗੱਲ ਨੂੰ ਧਿਆਨ ਵਿੱਚ ਰੱਖ ਲਵੇ ਕਿ ਇਹ ਕਾਰਜ ਔਖੀ ਘਾਟੀ ਸਰ ਕਰਨ ਵਾਂਗ ਹੈ ਪਰ ਇਸ ਦਾ ਇਕੱਤਰੀਕਰਨ ਆਰੰਭ ਵਿੱਚ ਭਾਵੇਂ ਮੁਸ਼ਕਲ ਜਾਪੇ ਪਰ ਹੌਲੀ-ਹੌਲੀ ਬੌਧਿਕ ਆਨੰਦ ਜ਼ਰੂਰ ਪ੍ਰਦਾਨ ਕਰਦਾ ਹੈ। ਬਹੁਤ ਸਾਰੇ ਵਿਅਕਤੀਆਂ ਨਾਲ ਸੰਪਰਕ, ਮੁਲਾਕਾਤਾਂ, ਪ੍ਰਸ਼ਨ ਉੱਤਰ, ਗੱਲਬਾਤ, ਅਧਿਐਨ ਆਦਿ ਰੋਜ਼ ਦਾ ਹਿਸਾ ਬਣ ਜਾਂਦਾ ਹੈ। ਵਿਅਕਤੀਗਤ ਤੌਰ ਤੇ ਹੀ ਸੰਪਰਕ ਕਰ ਕੇ ਕਿਸੇ ਸਭਾ, ਸੁਸਾਇਟੀ ਜਾਂ ਸੰਗਠਨ ਦੀ ਸਹਾਇਤਾ ਲਈ ਜਾ ਸਕਦੀ ਹੈ ਪਰ ਸਾਡੀ ਇਹ ਬਦਕਿਸਮਤੀ ਹੈ ਕਿ ਸਾਡਾ ਬਹੁਤ ਸਾਰਾ ਅਜਿਹਾ ਖਜ਼ਾਨਾ ਜਿਹੜਾ ਬਹੁਤ ਮੁੱਲਵਾਨ ਸੀ ਅਤੇ ਜਿਹੜਾ ਉਨ੍ਹਾਂ

ਵਿਅਕਤੀਆਂ ਦੇ ਨਾਲ ਹੀ ਗੁੰਮ ਹੋ ਗਿਆ, ਅਸੀਂ ਸੰਭਾਲ ਨਹੀਂ ਸਕੇ। ਇਥੇ ਕਿਸੇ ਇਕ ਵਿਅਕਤੀ ਜਾਂ ਸੰਸਥਾ ਦਾ ਦੋਸ਼ ਨਹੀਂ, ਸਗੋਂ ਸਮੁੱਚਾ ਭਾਈਚਾਰਾ ਹੀ ਦੋਸ਼ੀ ਹੈ ਕਿਉਂਕਿ ਜ਼ਿਆਦਾਤਰ ਲੋਕਾਂ ਨੂੰ ਇਸ ਕੰਮ ਵਿੱਚ ਰੁਚੀ ਨਹੀਂ ਅਤੇ ਜਿਨ੍ਹਾਂ ਨੂੰ ਰੁਚੀ ਹੈ, ਉਹ ਸਾਧਨਾਂ ਦੀ ਘਾਟ ਕਾਰਨ ਕਰ ਨਹੀਂ ਪਾ ਰਹੇ। ਅਨੇਕਾਂ ਵਿਅਕਤੀ ਜਿਨ੍ਹਾਂ ਵਿੱਚ ਵਣਜਾਰਾ ਬੇਦੀ, ਡਾ. ਪਿਆਰ ਸਿੰਘ ਅਤੇ ਹੋਰ ਸਾਧਨਾਂ ਦੀ ਘਾਟ ਕਾਰਨ ਇਸ ਹੋਣੀ ਦਾ ਸ਼ਿਕਾਰ ਹੋ ਗਏ। ਸੰਸਥਾਵਾਂ ਜੇਕਰ ਸਾਹਮਣੇ ਆ ਜਾਣ ਜਾਂ ਸਰਕਾਰ ਇਸ ਕੰਮ ਦਾ ਜ਼ਿੰਮਾ ਲਵੇ, ਜਿਵੇਂ ਅਮਰੀਕਾ ਅਤੇ ਜਰਮਨੀ ਵਿੱਚ ਹੋਇਆ ਤਾਂ ਕੰਮ ਸੰਭਵ ਹੋ ਸਕਦਾ ਹੈ।

ਆਧੁਨਿਕ ਯੁੱਗ ਤੇ ਵਿਗਿਆਨਕ ਤਕਨੀਕਾਂ ਰਾਹੀਂ ਕੀਤਾ ਗਿਆ ਖੇਤਰੀ ਕਾਰਜ ਜ਼ਿਆਦਾ ਲਾਹੇਵੰਦ ਹੋ ਸਕਦਾ ਹੈ ਕਿਉਂਕਿ ਅੱਜਕੱਲ੍ਹ ਅਜਿਹੀਆਂ ਚੀਜ਼ਾਂ ਉਪਲਬਧ ਹਨ, ਜਿਨ੍ਹਾਂ ਵਿੱਚ ਨਾ ਤਾਂ ਜ਼ਿਆਦਾ ਮਿਹਨਤ ਅਤੇ ਨਾ ਹੀ ਜ਼ਿਆਦਾ ਸਮਾਂ ਨਸ਼ਟ ਹੁੰਦਾ ਹੈ। ਵੱਖ-ਵੱਖ ਕਿਸਮ ਦੇ ਕਾਰਜ ਲਈ ਅੱਡ-ਅੱਡ ਕਿਸਮ ਦੀਆਂ ਖੋਜ ਵਿਧੀਆਂ ਹਨ, ਜਿਨ੍ਹਾਂ ਦਾ ਪ੍ਰਯੋਗ ਉਸ ਕਾਰਜ ਨੂੰ ਸੁਖਾਲਾ ਬਣਾ ਦਿੰਦਾ ਹੈ। ਡਾ. ਕੇਸਰ ਨੇ ਆਪਣੀ ਪੁਸਤਕ ਵਿੱਚ ਫੀਲਡ ਵਰਕਰ ਲਈ ਕੁਝ ਅਜਿਹੀਆਂ ਵਿਧੀਆਂ ਦਾ ਜ਼ਿਕਰ ਕੀਤਾ ਹੈ, ਜਿਸ ਨੂੰ ਅਪਨਾਉਣਾ ਉਹ ਜ਼ਰੂਰੀ ਸਮਝਦਾ ਹੈ:

1. ਡੂੰਘੀ ਜਾਣ ਪਹਿਚਾਣ (observation)
2. ਮੁਲਾਕਾਤਾਂ (interviews)
3. ਨਮੂਨਾ ਲੈਣਾ (sampling)
4. ਨਿੱਜੀ ਚਿੱਠੀ ਪੱਤਰ (personal letters)
5. ਪ੍ਰਸ਼ਨ ਪੱਤਰ (questionaries)[19]

ਡਾ. ਬਿਕਰਮ ਸਿੰਘ ਘੁੰਮਣ ਦਾ ਲੇਖ ਜਿਹੜਾ ਬਲਬੀਰ ਸਿੰਘ ਪੂੰਨੀ ਦੀ ਸੰਪਾਦਿਤ ਪੁਸਤਕ **ਲੋਕਧਾਰਾ ਅਧਿਐਨ** ਵਿੱਚ 'ਲੋਕਧਾਰਾ-ਸਮੱਗਰੀ ਦਾ ਇਕੱਤਰੀਕਰਨ' ਛਪਿਆ, ਵਿਚ ਫੀਲਡ ਵਰਕਰ ਲਈ ਕੁਝ ਗੱਲਾਂ ਸੁਝਾਈਆਂ ਗਈਆਂ ਹਨ :

1. ਖੋਜੀ ਲਈ ਸਿੱਧਾਂਤਕ ਸਿੱਖਿਆ
2. ਪਿੰਡਾਂ ਦੀ ਚੋਣ
3. ਸੂਚਕ ਦੀ ਭਾਲ
4. ਰੀਕਾਰਡਿੰਗ
5. ਯੋਗ ਵਾਤਾਵਰਣ [20]

ਭਾਵੇਂ ਕਿ ਡਾ. ਘੁੰਮਣ ਦਾ ਲੇਖ 2001 ਵਿਚ ਛਪਿਆ ਹੈ ਪਰ ਫਿਰ ਵੀ ਅੱਜ ਦੇ ਵਿਗਿਆਨਕ ਯੁੱਗ ਵਿੱਚ ਉਪਲਬਧ ਉਨ੍ਹਾਂ ਤਕਨੀਕੀ ਯੰਤਰਾਂ ਦਾ ਜ਼ਿਕਰ ਨਹੀਂ ਮਿਲਦਾ ਜਿਵੇਂ ਡਿਜ਼ੀਟਲ ਰਿਕਾਰਡਿੰਗ, ਲੁਕਵੇਂ ਕੈਮਰੇ, ਡਿਸਕ ਰਿਕਾਰਡਿੰਗ, ਸੂਖ਼ਮ ਰਿਕਾਰਡਿੰਗ ਆਦਿ। ਜਿਨ੍ਹਾਂ ਦੀ ਸਹਾਇਤਾ ਨਾਲ ਇਸ ਕੰਮ ਨੂੰ ਵਧੀਆ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਇਕ ਗੱਲ ਦਾ ਜ਼ਿਕਰ ਉਨ੍ਹਾਂ ਨੇ ਜ਼ਰੂਰ ਕੀਤਾ ਹੈ ਕਿ ਉਨ੍ਹਾਂ ਨੇ ਲੋਕਧਾਰਾ ਨੂੰ ਇਕ ਪ੍ਰਦਰਸ਼ਨੀ ਕਲਾ ਦੇ ਹਾਵ-ਭਾਵ, ਹੱਥਾਂ ਦੀਆਂ ਕ੍ਰਿਆਵਾਂ, ਇਸ਼ਾਰੇ ਤੇ ਪ੍ਰਤਿਕਰਮਾਂ ਨੂੰ ਵੀਡੀਓ ਕੈਮਰੇ ਵਿੱਚ ਬੰਦ ਕਰ ਲਿਆ ਜਾਵੇ ਤਾਂ ਚੰਗਾ ਰਹੇਗਾ।

ਡਾ. ਪਿਆਰ ਸਿੰਘ ਨੇ ਆਪਣੀ ਪੁਸਤਕ "ਖੋਜ ਸਿਧਾਂਤ ਤੇ ਵਿਹਾਰ" ਵਿੱਚ ਲੋਕਯਾਨਿਕ

ਖੋਜ ਦੀਆਂ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਹੋਇਆਂ ਕੁਝ ਗੱਲਾਂ ਬੜੀਆਂ ਮਹੱਤਵਪੂਰਨ ਕਹੀਆਂ ਹਨ ਜਿਨ੍ਹਾਂ ਵਿੱਚ ਲੋਕਧਾਰਾ ਦਾ ਫੀਲਡ ਵਰਕ ਕਰਨ ਤੁਰਿਆ ਖੋਜੀ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖੇਗਾ ਤਾਂ ਉਸ ਦੇ ਹੱਥ ਕੁਝ ਪਵੇਗਾ ਕਿਉਂਕਿ ਇਹ ਕਾਰਜ ਤਾਂ ਸ਼ਿਕਾਰੀ ਵਰਗਾ ਹੁੰਦਾ ਹੈ, ਜਿਹੜਾ ਸਿਸਤ ਲਗਾ ਕੇ ਆਪਣੇ ਸ਼ਿਕਾਰ ਦੀ ਭਾਲ ਕਰਦਾ ਹੈ।

1. ਖੇਤਰ
2. ਲੋਕਯਾਨਿਕ ਖੇਤਰ ਦੀ ਖੋਜ
3. ਲੋਕਯਾਨ ਬਨਾਮ ਵਸ਼ਿਸ਼ਟ ਕ੍ਰਿਤੀਆਂ
4. ਖੋਜ ਦੀ ਵਿਉਂਤ
5. ਖੋਜ ਲਈ ਸਮਿੱਧ ਖਿੱਤੇ
6. ਸੂਚਕ ਦਾ ਮਿਲਵਰਤਨ
7. ਖੋਜਕਾਰ ਦੀ ਯੋਗਤਾ
8. ਸਹਾਇਕ ਸੰਦ ਤੇ ਉਨ੍ਹਾਂ ਦੀ ਵਰਤੋਂ

(ੳ) ਪ੍ਰਸ਼ਨਾਵਲੀ ਤੇ ਸਾਰਣੀ
(ਅ) ਕੈਮਰਾ
(ੲ) ਟੇਪ ਰਿਕਾਰਡਰ[21]

ਇਨ੍ਹਾਂ ਵਿਦਵਾਨਾਂ ਵੱਲੋਂ ਦੱਸੀਆਂ ਗਈਆਂ ਸਾਰੀਆਂ ਵਿਧੀਆਂ ਹੀ ਮਹੱਤਵਪੂਰਨ ਹਨ ਅਤੇ ਖੋਜਾਰਥੀ ਨੂੰ ਇਨ੍ਹਾਂ ਦਾ ਗਿਆਨ ਹੋਣਾ ਅਤਿਅੰਤ ਜ਼ਰੂਰੀ ਹੈ ਕਿਉਂਕਿ ਖੋਜਾਰਥੀ ਨੇ ਆਪਣੇ ਖੇਤਰ ਵਿੱਚ ਜਾ ਕੇ ਆਪਣਾ ਕੰਮ ਕਰਨਾ ਹੈ ਅਤੇ ਉਸ ਤੋਂ ਬਾਅਦ ਉਸ ਪ੍ਰਾਪਤ ਸਮੱਗਰੀ ਦਾ ਅਧਿਐਨ ਕਰਨਾ ਹੈ। ਇਨ੍ਹਾਂ ਵਿਧੀਆਂ ਨੂੰ ਵਿਚਾਰਨ ਉਪਰੰਤ ਕੁਝ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਨੂੰ ਪੇਸ਼ ਨਾ ਕਰ ਕੇ ਇਸ ਖੋਜ ਦਾ ਵੀ ਮੰਤਵ ਨਹੀਂ ਰਹੇਗਾ। ਭਾਵੇਂ ਸਮਾਜ-ਸ਼ਾਸਤਰ, ਸਭਿਆਚਾਰਕ, ਮਾਨਵ-ਵਿਗਿਆਨ ਅਤੇ ਸਮਾਜਕ-ਮਨੋਵਿਗਿਆਨ ਦਾ ਅਧਿਐਨ ਖੇਤਰ ਇਕੋ ਜਿਹਾ ਹੈ ਪਰ ਇਨ੍ਹਾਂ ਦੇ ਖੋਜ ਜਾਂ ਅਧਿਐਨ-ਵਿਧੀਆਂ ਵੱਖਰੀਆਂ-ਵੱਖਰੀਆਂ ਹਨ। ਇਨ੍ਹਾਂ ਵਿਧੀਆਂ ਵਿੱਚ ਵੀ ਕਾਫ਼ੀ ਸਮਾਨਤਾ ਮਿਲਦੀ ਹੈ ਪਰ ਲੋਕਧਾਰਾ ਦੇ ਅਧਿਐਨ ਲਈ ਵਰਤੀਆਂ ਜਾਣ ਵਾਲੀਆਂ ਵਿਧੀਆਂ ਤੇ ਉਨ੍ਹਾਂ ਦੀ ਵਰਤੋਂ ਦਾ ਢੰਗ-ਤਰੀਕਾ ਵੱਖਰਾ-ਵੱਖਰਾ ਹੈ। ਇਕ ਤਾਂ ਖੇਤਰ ਬੜਾ ਵਿਸ਼ਾਲ ਹੈ, ਜਿਸ ਵਿੱਚ ਇਤਨਾ ਕੁਝ ਸ਼ਾਮਿਲ ਹੈ ਕਿ ਸਾਰਾ ਕੁਝ ਰਲ ਜਾਣ ਦੀ ਸੰਭਾਵਨਾ ਵੀ ਹੁੰਦੀ ਹੈ। ਇਸ ਲਈ ਇਹ ਕਾਰਜ ਸੁਚੇਤ ਪੱਧਰ ਤੇ ਕਰਨਾ ਪਵੇਗਾ। ਇਸ ਲਈ ਕੋਈ ਇਕੱਲੀਕਾਰੀ ਵਿਧੀ ਨਿਰਧਾਰਿਤ ਕਰਨਾ ਕਠਿਨ ਹੈ। ਇਕ ਹੀ ਕੰਮ ਲਈ ਅਲੱਗ-ਅਲੱਗ ਵਿਧੀਆਂ ਵੀ ਵਰਤੀਆਂ ਜਾ ਸਕਦੀਆਂ ਹਨ। ਮਹੱਤਵਪੂਰਨ ਗੱਲ ਇਸ ਵਿੱਚ ਇਹ ਹੈ ਕਿ ਹਰ ਵਿਅਕਤੀ ਜਾਂ ਖੋਜੀ ਦਾ ਇਸ ਖੇਤਰ ਵਿੱਚ ਤਜ਼ਰਬਾ ਅਲੱਗ-ਅਲੱਗ ਅਤੇ ਨਿੱਜੀ ਹੁੰਦਾ ਹੈ। ਕਿਸੇ ਨੂੰ ਕੋਈ ਵਿਧੀ ਤੇ ਕਿਸੇ ਨੂੰ ਕੋਈ ਅਤੇ ਕਿਸੇ ਜਗ੍ਹਾ ਤੇ ਕੋਈ ਤੇ ਕਿਸੇ ਜਗ੍ਹਾ 'ਤੇ ਕੋਈ ਹੋਰ ਵਿਧੀ ਕਾਰਗਰ ਸਾਬਤ ਹੋ ਸਕਦੀ ਹੈ। "ਕੈਨਥ ਐਂਡ ਮੈਰੀ ਕਲਾਰਕ" ਵੱਲੋਂ ਸੰਪਾਦਿਤ ਪੁਸਤਕ ਏ ਫੋਕਲੋਰ ਰੀਡਰ ਵਿਚ ਮੈਕ ਐਡਵਰਡ ਲੰਚਦਾ ਲੇਖ "ਪਰਾਬਲਮਜ਼ ਆਫ਼ ਕੁਲੈਕਟਿੰਗ ਉਰਲ ਲਿਟਰੇਚਰ" ਵਿੱਚ ਦੱਸਿਆ ਹੈ ਕਿ ਖੇਤਰ ਵਿੱਚ ਕੰਮ ਕਰਦਿਆਂ ਬੜੀ ਸੂਝ ਤੋਂ ਕੰਮ ਲੈਣਾ ਪਵੇਗਾ ਕਿਉਂਕਿ ਸਾਰਾ ਸਭਿਆਚਾਰ ਉਸ ਦੇ ਸਾਹਮਣੇ ਹੈ ਤੇ ਉਸ ਨੂੰ ਚਾਰ ਗੱਲਾਂ ਦਾ ਧਿਆਨ ਰੱਖਣਾ ਪਵੇਗਾ"

1. ਉਹ ਸਮੱਗਰੀ ਨੂੰ ਇਕੱਤਰ ਕਰ ਕੇ ਮੌਖਿਕ ਸਾਹਿਤ ਵਜੋਂ ਪੇਸ਼ ਕਰੇ
2. ਉਹ ਉਸ ਸਮੱਗਰੀ ਦਾ ਨਿਕਾਸ ਸਥਾਨ ਜਾਂ ਸੋਮਾ ਖੋਜੇ
3. ਉਹ ਗਾਇਕ ਜਾਂ ਕਹਾਣੀਕਾਰ ਲੱਭੇ
4. ਉਹ ਉਹੀ ਇਕੱਤਰ ਕਰੇ ਜੋ ਜ਼ਰੂਰੀ ਹੈ, ਜਿਸ ਰਾਹੀਂ ਲੋਕ ਸੌਂਦਰਯ ਦਾ ਗਿਆਨ ਹੋਵੇ।[22]

ਇਨ੍ਹਾਂ ਸਾਰੀਆਂ ਗੱਲਾਂ ਨੂੰ ਅਧਿਐਨ ਕਰਨ ਅਤੇ ਧਿਆਨ ਵਿੱਚ ਰੱਖ ਕੇ ਉਨ੍ਹਾਂ ਵਿਧੀਆਂ ਦਾ ਜ਼ਿਕਰ ਕਰਾਂਗੇ। ਜਿਸ ਨੂੰ ਖੋਜਾਰਥੀ ਖੇਤਰ ਵਿੱਚ ਜਾਣ ਲੱਗਿਆਂ ਧਿਆਨ ਵਿੱਚ ਰੱਖੇ ਤਾਂ ਵਧੀਆ ਨਤੀਜੇ ਕੱਢੇ ਜਾ ਸਕਦੇ ਹਨ।

1. ਖੇਤਰ ਤੇ ਖੇਤਰ ਨਿਰਧਾਰਨ
2. ਖੋਜ ਦੀ ਵਿਉਂਤ
3. ਖੋਜਕਾਰ ਦੀ ਯੋਗਤਾ
4. ਸੂਚਕ ਦੀ ਭਾਲ ਅਤੇ ਮਿਲਵਰਤਨ
5. ਯੋਗ ਵਾਤਾਵਰਣ
6. ਸਹਾਇਕ ਸੰਦਾਂ ਦੀ ਵਰਤੋਂ

**1. ਖੇਤਰ ਤੇ ਖੇਤਰ ਨਿਰਧਾਰਨ :**

ਲੋਕਧਾਰਾ ਦਾ ਖੇਤਰ ਲੋਕਾਂ ਜਿੰਨਾ ਹੀ ਵਿਸ਼ਾਲ ਹੈ ਅਤੇ ਜਿਹੜੀ ਚੀਜ਼ ਲੋਕਾਂ ਦੇ ਸੰਪਰਕ ਵਿੱਚ ਆਉਂਦੀਹੈ, ਉਹ ਲੋਕਧਾਰਾ ਦਾ ਹਿਸਾ ਬਣ ਜਾਂਦੀ ਹੈ। ਇਨਸਾਈਕਲੋਪੀਡੀਆ ਬ੍ਰਿਟੈਨਿਕਾ ਵਿੱਚ ਲੋਕਧਾਰਾ ਦੇ ਅੰਤਰਗਤ ਲੋਕ ਕਲਾ, ਲੋਕ ਬੁਣਤਰ, ਲੋਕ ਸੰਦ, ਲੋਕ ਪਹਿਰਾਵਾ, ਲੋਕ ਰਿਵਾਜ, ਲੋਕ ਵਿਸ਼ਵਾਸ, ਲੋਕ ਚਕਿਤਸਾ, ਲੋਕ ਖਾਣੇ, ਲੋਕ ਸੰਗੀਤ, ਲੋਕ ਨਾਚ, ਲੋਕ ਖੇਡਾਂ, ਲੋਕ ਸਰੀਰਕ ਮੁਦ੍ਰਾਵਾਂ ਅਤੇ ਲੋਕ ਬੋਲੀ ਦੇ ਨਾਲ-ਨਾਲ ਮੌਖਿਕ ਸਾਹਿਤ ਜਿਸ ਦੇ ਅੰਤਰਗਤ ਲੋਕ ਕਹਾਣੀ, ਲੋਕ ਗਾਥਾ, ਮਿੱਥਾਂ, ਕਹਾਵਤਾਂ, ਬੁਝਾਰਤਾਂ ਅਤੇ ਲੋਕ-ਕਾਵਿ ਆਦਿ ਸ਼ਾਮਲ ਹੈ।"[23]

ਏਨੇ ਵਿਸ਼ਾਲ ਖੇਤਰ ਵਿੱਚੋਂ ਖੋਜਾਰਥੀ ਨੇ ਆਪਣੀ ਜ਼ਰੂਰਤ ਤੇ ਸ਼ੌਕ ਅਨੁਸਾਰ ਵਿਸ਼ਾ ਨਿਰਧਾਰਿਤ ਕਰਨਾ ਹੈ। ਲੋਕਧਾਰਾ ਦੇ ਖੇਤਰ ਵਿੱਚ ਕੰਮ ਕਰਨ ਲਈ ਉਨ੍ਹਾਂ ਖੇਤਰਾਂ ਦੀ ਚੋਣ ਕਰੇਗਾ, ਜਿਥੋਂ ਉਸ ਨੂੰ ਸਮੱਗਰੀ ਮਿਲਣ ਦੀ ਆਸ ਹੋਵੇ। ਲੋਕਧਾਰਾ ਨਾਲ ਸੰਬੰਧਿਤ ਸਮੱਗਰੀ ਜ਼ਿਆਦਾ ਕਰ ਕੇ ਉਨ੍ਹਾਂ ਖੇਤਰਾਂ ਵਿੱਚ ਹੀ ਹੈ, ਜਿਹੜੇ ਸਭਿਅਤਾ ਤੋਂ ਦੂਰ ਅਤੇ ਆਧੁਨਿਕ ਸਹੂਲਤਾਂ ਤੋਂ ਵਾਂਝੇ ਹਨ। ਡਾ. ਪਿਆਰ ਸਿੰਘ ਇਨ੍ਹਾਂ ਨੂੰ ਬੰਦ ਸਮਾਜ ਆਖਦਾ ਹੈ, ਉਹ ਦੱਸਦਾ ਹੈ ਕਿ "ਬੰਦ ਸਮਾਜ" ਤੋਂ ਮੇਰਾ ਭਾਵ ਉਹ ਲੋਕ ਹਨ, ਜਿਨ੍ਹਾਂ ਨੇ ਪੁਰਾਤਨਵਾਦੀ ਹੋਣ ਕਾਰਨ ਆਪਣੇ ਸੁਭਾਅ ਨਹੀਂ ਬਦਲੇ।"[24] ਮੀਡੀਏ ਦੇ ਪ੍ਰਭਾਵ ਸਦਕਾ ਭਾਵੇਂ ਪੇਂਡੂ ਸੰਸਕ੍ਰਿਤੀ ਖ਼ਤਮ ਹੋ ਰਹੀ ਹੈ ਅਤੇ ਆਧੁਨਿਕਤਾ ਦੇ ਨਾਂ ਹੇਠ ਉਹ ਸਾਰਾ ਕੁਝ ਸਭਿਆਚਾਰ ਵਿੱਚ ਸ਼ਾਮਲ ਹੋ ਰਿਹਾ ਹੈ ਜਿਸ ਤੋਂ ਪਹਿਲਾਂ ਸਮਾਜ ਕੰਨੀਂ ਕਤਰਾਉਂਦਾ ਰਿਹਾ ਹੈ। ਅੱਜ ਕੱਲ੍ਹ ਤਾਂ ਕਈ ਐਸੇ ਪਿੰਡ ਹਨ, ਜਿਨ੍ਹਾਂ ਵਿੱਚ ਪੁਰਾਣੇ ਪਿੰਡਾਂ ਦੀਆਂ ਝਲਕੀਆਂ ਨਜ਼ਰ ਨਹੀਂ ਆਉਂਦੀਆਂ ਭਾਵੇਂ ਕਿ ਹਰ ਪਿੰਡ ਵਿੱਚੋਂ ਹਰ ਤਰ੍ਹਾਂ ਦੀ ਸਮੱਗਰੀ ਮਿਲਣੀ ਮੁਸ਼ਕਲ ਹੈ ਅਤੇ ਨਾ ਹੀ ਕੋਈ ਪਿੰਡ ਸਮੁੱਚੇ ਇਲਾਕੇ ਦੀ ਪ੍ਰਤੀਨਿਧਤਾ ਕਰ ਸਕਦਾ ਹੈ। ਪਰ ਫਿਰ ਵੀ ਸ਼ਹਿਰੀ ਅਬਾਦੀ ਤੋਂ ਦੂਰ-ਦੁਰਾਡੇ ਵੱਸਦੇ ਪਿੰਡਾਂ ਵਿੱਚ ਅੱਜ ਵੀ ਕੁਝ ਲੋਕ ਜਿਉਂਦੇ ਹਨ, ਜਿਨ੍ਹਾਂ ਕੋਲੋਂ ਸਮੱਗਰੀ ਇਕੱਤਰ ਕੀਤੀ ਜਾ ਸਕਦੀ ਹੈ।

ਡਾ. ਘੁੰਮਣ ਆਪਣੇ ਲੇਖ ਵਿੱਚ ਪਿੰਡ ਦੀ ਚੋਣ ਬਾਰੇ ਦੱਸਦਾ ਹੈ। "ਅਜਿਹੇ ਪਿੰਡਾਂ ਦੀ ਚੋਣ ਕਰਦੇ ਸਮੇਂ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਉਹ ਪਿੰਡ ਨਾ ਬਹੁਤੇ ਵੱਡੇ ਹੋਣ ਤੇ ਨਾ ਹੀ ਬਹੁਤੇ ਛੋਟੇ। ਪਿੰਡ ਦਰਮਿਆਨਾ ਹੋਣਾ ਚਾਹੀਦਾ ਹੈ ਤਾਂ ਜੋ ਉਸ ਦਾ ਸਰਵੇਖਣ ਇਕ ਨਿਸ਼ਚਿਤ ਸਮੇਂ ਵਿੱਚ ਨੇਪਰੇ ਚਾੜ੍ਹਿਆ ਜਾ ਸਕੇ। ਦੂਜਾ ਉਹ ਪਿੰਡ ਸ਼ਹਿਰੀ ਅਬਾਦੀ ਤੇ ਸੜਕ ਰੇਲ ਆਦਿ ਤੋਂ ਜਿੰਨਾ ਦੂਰ ਹੋਵੇਗਾ, ਉਨ੍ਹਾ ਹੀ ਉਹ ਲੋਕਧਾਰਾ ਲਈ ਅਮੀਰ ਹੋਵੇਗਾ। ਉਸ ਤੋਂ ਲੋਕਧਾਰਾ ਦਾ ਸਹੀ ਰੂਪ ਪ੍ਰਾਪਤ ਹੋ ਸਕੇਗਾ ਅਤੇ ਉਦਯੋਗਿਕ ਸਭਿਆਚਾਰ ਦੇ ਪ੍ਰਭਾਵ ਤੋਂ ਬਚਿਆ ਹੋਇਆ ਹੋਵੇਗਾ।"[25]

ਖੇਤਰ ਦੀ ਚੋਣ ਦੇ ਨਾਲ ਹੀ ਜਿੰਨਾ ਚਿਰ ਉਸ ਨੂੰ ਆਪਣੇ ਖੇਤਰ ਦੀ ਭੂਗੋਲਿਕ ਵਾਕਫ਼ੀਅਤ ਨਹੀਂ, ਕੰਮ ਅੱਗੇ ਨਹੀਂ ਤੁਰ ਸਕਦਾ। ਖੋਜਾਰਥੀ ਦਾ ਖੇਤਰ ਵਿੱਚ ਜਾਣਾ, ਲੋਕਾਂ ਨਾਲ ਮਿਲਵਰਤਣ ਬਣਾਉਣਾ ਤੇ ਵਧਾਉਣਾ, ਸੰਪਰਕ ਸਥਾਪਤ ਆਦਿ ਕਰਨਾ ਪਵੇਗਾ। ਉਸ ਨੂੰ ਆਪਣੇ ਵਿਸ਼ੇ ਨਾਲ ਸੰਬੰਧਤ ਮੌਕਿਆਂ ਜਿਵੇਂ ਲੋਕ-ਗੀਤਾਂ ਲਈ ਵਿਆਹ, ਮੌਤ, ਜਨਮ ਅਤੇ ਤਿਉਹਾਰਾਂ ਆਦਿ ਤੇ ਜਾਣਾ ਪਵੇਗਾ। ਇਸ ਨਾਲ ਭਾਵੇਂ ਕੁਝ ਸਮੱਸਿਆਵਾਂ ਜੁੜੀਆਂ ਹੋ ਸਕਦੀਆਂ ਹਨ ਜਿਵੇਂ ਵਿਆਹ ਤੇ ਤਾਂ ਘੋੜੀਆਂ, ਸਿੱਠਣੀਆਂ ਦੀ ਤਾਂ ਰਿਕਾਰਡਿੰਗ ਸੁਖਾਲੀ ਹੈ ਪਰ ਮੌਤ ਸਮੇਂ ਕਿਵੇਂ ਕਰੇਗਾ ਪਰ ਮੁਸ਼ਕਿਲ ਵਿੱਚ ਪੈ ਕੇ ਹੱਲ ਵੀ ਕੱਢਿਆ ਜਾ ਸਕਦਾ ਹੈ। ਖੋਜਾਰਥੀ ਦਾ ਸੂਚਕ ਤੇ ਆਮ ਲੋਕਾਂ ਨਾਲ ਨੇੜਤਾ ਬੜੀ ਜ਼ਰੂਰੀ ਹੈ। ਆਪਣੇ ਸਾਰੇ ਸਾਧਨ ਤੇ ਸੰਬੰਧ ਵਰਤ ਕੇ ਨਿੱਜੀ ਪਹੁੰਚ ਪੈਦਾ ਕਰਨੀ ਪਵੇਗੀ। ਇਸ ਪਹੁੰਚ ਦਾ ਵੀ ਆਪਣਾ-ਆਪਣਾ ਤਰੀਕਾ ਹੁੰਦਾ ਹੈ, ਜਿਵੇਂ ਡਾ. ਕਰਮਜੀਤ ਸਿੰਘ ਇਸ ਪਹੁੰਚ ਬਾਰੇ ਲਿਖਦੇ ਹਨ, "ਮੈਂ ਆਪਣੀਆਂ ਰਿਸ਼ਤੇਦਾਰੀਆਂ ਰਾਹੀਂ, ਦੋਸਤਾਂ-ਮਿੱਤਰਾਂ ਤੇ ਵਿਦਿਆਰਥੀਆਂ ਰਾਹੀਂ ਸੈਂਕੜੇਂ ਔਰਤਾਂ ਤੱਕ ਪਹੁੰਚ ਕੀਤੀ।"[26] ਇਸ ਖੇਤਰ ਵਿੱਚ ਕੰਮ ਕਰਨ ਵਾਲੇ ਸਾਰੇ ਖੋਜਾਰਥੀਆਂ ਨੂੰ ਇਸੇ ਤਰ੍ਹਾਂ ਹੀ ਦੂਸਰਿਆਂ ਤੱਕ ਪਹੁੰਚ ਕਰ ਕੇ ਸੰਪਰਕ ਕਰਨਾ ਪੈਂਦਾ ਹੈ। ਕਈਆਂ ਨੂੰ ਤਾਂ ਆਪਣੇ ਇਸ ਕਾਰਜ ਖੇਤਰ ਵਿੱਚ ਅਸਥਾਈ ਜਾਂ ਸਥਾਈ ਤੌਰ 'ਤੇ ਰਹਿਣਾ ਪੈਂਦਾ ਹੈ ਤੇ ਕਈ-ਕਈ ਭੇਸ ਵਟਾ ਕੇ ਓਧਰ ਗੇੜੇ ਮਾਰਦੇ ਹਨ ਤਾਂ ਕਿ ਕਿਧਰੇ ਅਜਿਹੀ ਸਮੱਗਰੀ ਪ੍ਰਾਪਤ ਹੋਵੇ ਜਾਂ ਪ੍ਰਾਪਤ ਹੋਣ ਦੇ ਆਸਾਰ ਨਜ਼ਰ ਆਉਣ ਤਾਂ ਉਹ ਆਪਣਾ ਕੰਮ ਆਰੰਭ ਕਰਨ।

**ਖੋਜ ਦੀ ਵਿਉਂਤ:** ਇਹ ਗੱਲ ਤਾਂ ਸਪੱਸ਼ਟ ਹੈ ਕਿ ਲੋਕਧਾਰਾ ਦਾ ਖੇਤਰ ਬੜਾ ਵਿਸ਼ਾਲ ਹੈ ਅਤੇ ਜ਼ਿੰਦਗੀ ਦਾ ਹਰ ਪੱਖ ਇਸ ਨਾਲ ਜੁੜਦਾ ਹੈ। ਖੇਤਰੀ ਕਾਰਜ ਵਿੱਚ ਜੁੱਟਣ ਵਾਲੇ ਖੋਜਾਰਥੀ ਨੂੰ ਇਸ ਘੇਰੇ ਦੇ ਵਿੱਚੋਂ ਹੀ ਆਪਣੀ ਜ਼ਰੂਰਤ ਦਾ ਵਿਸ਼ਾ ਚੁਣਨਾ ਪਵੇਗਾ। ਵਿਸ਼ਾ ਉਸ ਦੇ ਮਨ ਵਿੱਚ ਸਪੱਸ਼ਟ ਹੋਵੇ। ਉਸ ਨੇ ਲੋਕ ਗੀਤ, ਲੋਕ ਕਹਾਣੀਆਂ, ਲੋਕ ਵਾਰਾਂ ਆਦਿ ਕਿਹੜੀ ਚੀਜ਼ ਸੰਕਲਿਤ ਕਰਨੀ ਹੈ। ਕਿਸ ਜਾਤੀ ਜਾਂ ਉਪਜਾਤੀ ਵਿੱਚ ਕੰਮ ਕਰਨਾ ਹੈ। ਫਿਰ ਉਸ ਦੀ ਜ਼ਿਆਦਾ ਵੱਸੋਂ ਕਿਥੇ ਹੈ? ਜਿਥੇ ਉਨ੍ਹਾਂ ਬਾਰੇ ਸਮੱਗਰੀ ਇਕੱਤਰ ਕਰਨ ਵਿੱਚ ਆਸਾਨੀ ਹੋਵੇ। ਉਸ ਨੂੰ ਆਪਣੇ ਖੇਤਰ ਦੀ ਸੀਮਾ ਵੀ ਨਿਰਧਾਰਿਤ ਕਰਨੀ ਪਵੇਗੀ ਅਤੇ ਮਨ ਵਿੱਚ ਮਨੋਰਥ ਵੀ ਸਪੱਸ਼ਟ ਕਰਨਾ ਪਵੇਗਾ ਵਰਨਾ ਖੇਤਰ ਇਤਨਾ ਵਿਸ਼ਾਲ ਹੈ ਕਿ ਇਸ ਵਿੱਚ ਗੁਆਚ ਜਾਣ ਦਾ ਖਦਸ਼ਾ ਲੱਗਾ ਰਹਿੰਦਾ ਹੈ। ਉਸ ਨੂੰ ਖੋਜ ਵਿਉਂਤ ਕਰਦਿਆਂ ਖੋਜ ਦੀ ਵਿਧੀ ਬਾਰੇ ਵੀ ਸਪੱਸ਼ਟ ਹੋਣਾ ਪਵੇਗਾ ਅਤੇ ਅਜਿਹੀ ਵਿਧੀ ਦੀ ਹੀ ਚੋਣ ਕਰੇਗਾ ਜਿਸ ਰਾਹੀਂ ਅਨਪੜ੍ਹ, ਅੱਧਪੜ੍ਹ ਤੇ ਅਸਭਿਅਕ ਲੋਕਾਂ ਵਿੱਚ ਕਿਵੇਂ ਕੰਮ ਕੀਤਾ ਜਾਵੇ। ਪ੍ਰਸ਼ਨਾਵਲੀ, ਮੁਲਾਕਾਤਾਂ, ਨਮੂਨਾ ਲੈਣਾ ਆਦਿ ਵਰਗੀਆਂ ਵਿਧੀਆਂ ਵਿੱਚੋਂ ਕੰਮ ਅਨੁਸਾਰ ਚੋਣ ਕਰਨੀ ਪਵੇਗੀ। ਪਤਾ ਕਰਨਾ ਪੇਵਗਾ ਕਿ ਇਹ ਪ੍ਰਸਤਾਵਿਤ

ਅਧਿਐਨ ਕੇਸ ਸਟੱਡੀ ਦੀ ਵੰਨਗੀ ਦਾ ਹੋਵੇਗਾ ਕਿ ਤੁਲਨਾਤਮਕ ਕਿਸਮ ਦਾ ਜਾਂ ਸਾਖਿਅਕੀ ਪ੍ਰਕਿਰਤੀ ਦਾ? ਇਸ ਦਾ ਸਮਾਜਕ ਸਭਿਆਚਾਰਕ ਪ੍ਰਸੰਗ ਕੀ ਹੋਵੇਗਾ, ਖੋਜ ਦੇ ਸੰਦ ਕੀ ਹੋਣਗੇ। ਭਾਵੇਂ ਇਹ ਠੀਕ ਹੈ ਕਿ ਖੋਜ ਦੀ ਵਿਉਂਤ ਤਿਆਰ ਹੋਣੀ ਚਾਹੀਦੀ ਹੈ ਪਰ ਖੇਤਰ ਵਿੱਚ ਗਿਆਂ ਹੀ ਪਤਾ ਲੱਗਦਾ ਹੈ ਕਿ ਕਿਹੜੀ ਵਿਧੀ ਵਧੀਆ ਰਹੇਗਾ। ਇਸ ਲਈ ਖੋਜਾਰਥੀ ਕੋਲ ਬਹੁਤ ਸਾਰੀਆਂ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ। ਖੋਜਾਰਥੀ ਜਿਵੇਂ-ਜਿਵੇਂ ਖੋਜ ਵਿੱਚ ਅੱਗੇ ਵਧੇਗਾ, ਹਨੇਰੇ ਪੱਖ ਰੋਸ਼ਨ ਹੁੰਦੇ ਚਲੇ ਜਾਣਗੇ।

**ਖੋਜਕਾਰ ਦੀ ਯੋਗਤਾ:** ਲੋਕਧਾਰਾ ਦੇ ਖੇਤਰ ਵਿੱਚ ਕੀਤੀ ਗਈ ਖੋਜ ਦਾ ਵੱਡਾ ਹਿੱਸਾ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਖੋਜਕਾਰ ਕਿਸ ਤਰ੍ਹਾਂ ਦਾ ਵਿਅਕਤੀ ਹੈ। ਉਹ ਇਸ ਕੰਮ ਵਿੱਚ ਸ਼ੌਕ, ਮਜ਼ਬੂਰੀ ਜਾਂ ਜ਼ਰੂਰਤ ਕਰ ਕੇ ਆ ਰਿਹਾ ਹੈ। ਇਹ ਕਾਰਜ ਕਾਫ਼ੀ ਮੁਸ਼ਕਲਾਂ ਭਰਿਆ ਹੈ ਜਿਵੇਂ ਸੁਖਪਾਲ ਸਿੰਘ ਨੇ ਆਪਣੇ ਅਣਪ੍ਰਕਾਸ਼ਿਤ ਥੀਸਿਸ ਦੇ ਇਕ ਹਿੱਸੇ 'ਪੰਜਾਬੀ ਲੋਕ-ਗਥਾਵਾਂ: ਪ੍ਰਾਪਤ ਸਮੱਗਰੀ, ਖੇਤਰੀ ਕਾਰਜ ਅਤੇ ਸੰਪਾਦਨਾ' ਵਿੱਚ ਇਸ ਮੁਸ਼ਕਲ ਕਾਰਜ ਬਾਰੇ ਦੱਸਿਆ ਹੈ ਕਿ "ਸਾਨੂੰ ਆਪਣੇ ਇਸ ਖੋਜ ਕਾਰਜ ਲਈ ਲੋੜੀਂਦੀ ਮੌਖਿਕ ਸਮੱਗਰੀ ਦੇ ਇਕੱਤਰੀਕਰਨ ਲਈ ਬੜੇ ਪੱਛੜੇ, ਦੁਰੇਡੇ, ਅਨਪੜ੍ਹ, ਅਸਾਧਾਰਣ, ਸਿੱਧੜ, ਗਰੀਬ, ਸੂਚਕਾਂ ਤੱਕ ਹੁੰਚ ਕਰਨ ਲਈ ਵਿੰਗੇ-ਟੇਢੇ ਰਾਹਾਂ ਥਾਣੀਂ ਬੜੀਆਂ ਔਖੀਆਂ ਅਣਕਿਆਸੀਆਂ ਸਥਿਤੀਆਂ ਵਿੱਚੋਂ ਗੁਜਰ ਕੇ ਆਪਣੇ ਸੂਚਕਾਂ ਨਾਲ ਸੰਪਰਕ ਕਰਨਾ ਪਿਆ।"[27] ਇਹ ਉਸ ਦੇ ਨਿੱਜੀ ਅਨੁਭਵ 'ਤੇ ਅਧਾਰਿਤ ਹੈ।

ਅੱਜ ਦੇ ਵਿਗਿਆਨਕ ਯੁੱਗ ਵਿੱਚ ਤਾਂ ਬਹੁਤੇ ਵਿਦਵਾਨ ਜਾਂ ਮਾਹਿਰ ਇਹ ਗੱਲ ਮੰਨਦੇ ਹਨ ਕਿ ਇਸ ਕਾਰਜ ਲਈ ਖੋਜਾਰਥੀ ਨੂੰ ਬਕਾਇਦਾ ਸਿੱਖਿਆ ਮਿਲਣੀ ਚਾਹੀਦੀ ਹੈ ਤਾਂ ਕਿ ਹਰ ਖੇਤਰ ਦੀਆਂ ਬਾਰੀਕੀਆਂ ਦਾ ਅਧਿਐਨ ਕਰਨਾ ਸੁਖਾਲਾ ਰਹੇ। ਇਸ ਗੱਲ ਦਾ ਸਭ ਤੋਂ ਵੱਡਾ ਹਾਮੀ ਤਾਂ ਡਾ. ਬਿਕਰਮ ਸਿੰਘ ਘੁੰਮਣ ਲੱਗਦਾ ਹੈ, ਜਿਹੜਾ ਆਪਣੇ ਲੇਖ 'ਲੋਕਧਾਰਾ ਸਮੱਗਰੀ ਦਾ ਇਕੱਤਰੀਕਰਨ' ਵਿੱਚ ਲਿਖਦਾ ਹੈ ਕਿ "ਖੋਜੀ ਨੂੰ ਪਹਿਲਾਂ ਕੋਈ ਸਿੱਧਾਂਤਕ ਸਿੱਖਿਆ ਜਾਂ ਟ੍ਰੇਨਿੰਗ ਅਵੱਸ਼ ਮਿਲਣੀ ਚਾਹੀਦੀ ਹੈ। ਟ੍ਰੇਨਿੰਗ ਉਪਰੰਤ ਉਹ ਖੇਤਰ ਵਿੱਚ ਕੰਮ ਕਰਨ ਦੇ ਨਾਲ-ਨਾਲ ਆਪਣੇ ਵਿਸ਼ੇ ਵਿੱਚ ਹੋ ਰਹੀ ਖੋਜ ਅਤੇ ਨਵੇਂ-ਨਵੇਂ ਸਿੱਧਾਂਤਾਂ ਪ੍ਰਤੀ ਚੇਤੰਨ ਹੋ ਸਕੇਗਾ। ਫ਼ਲਸਰੂਪ ਖੇਤਰ ਵਿੱਚ ਜਾ ਕੇ ਉਹ ਕੇਵਲ ਆਪਣੇ ਸਿੱਧਾਂਤਾਂ ਦੀ ਪੁਸ਼ਟੀ ਹੀ ਨਹੀਂ ਲੱਭੇਗਾ, ਸਗੋਂ ਸਿੱਧਾਂਤਾਂ ਦੀ ਰੋਸ਼ਨੀ ਵਿੱਚ ਪ੍ਰਾਪਤ ਸਮੱਗਰੀ ਦੀ ਵੀ ਜਾਂਚ ਕਰ ਸਕੇਗਾ।"[28]

ਇਹ ਠੀਕ ਹੈ ਕਿ ਸਿੱਖਿਆ ਪ੍ਰਾਪਤ ਖੋਜਾਰਥੀ ਉਨ੍ਹਾਂ ਮੁਸ਼ਕਲਾਂ ਨਾਲ ਨਜਿੱਠਣ ਲਈ ਜ਼ਿਆਦਾ ਸਿਰੜ ਨਾਲ ਕੰਮ ਕਰ ਸਕੇਗਾ ਕਿਉਂਕਿ ਜਿਸ ਤਿਆਰੀ ਦੀ ਮੰਗ ਕੀਤੀ ਗਈ ਹੈ,ਉਹ ਉਸ ਪਾਸ ਹੋਵੇਗੀ। ਖੋਜਾਰਥੀ ਪਾਸੋਂ ਹੀ ਸਾਰੇ ਵਿਦਵਾਨਾਂ ਦੀਆਂ ਆਸਾਂ ਹੁੰਦੀਆਂ ਹਨ। ਉਸ ਵੱਲੋਂ ਵਰਤੀ ਗਈ ਢਿੱਲ ਮੱਠ ਇਸ ਕਾਰਜ ਵਿੱਚ ਖੜੋਤ ਲਿਆ ਦੇਵੇਗੀ। ਖੋਜਾਰਥੀ ਹਰ ਪੱਖ ਤੋਂ ਸੰਪੂਰਨ ਹੋਣਾ ਜ਼ਰੂਰੀ ਹੈ। ਇਸ ਬਾਰੇ ਮੈਕਐਡਵਰਡ ਲੰਚ ਦਾ ਲੇਖ 'ਪਰਾਬਲਮ ਆਫ਼ ਕੁਲੈਕਟਿੰਗ ਓਰਲ ਲਿਟਰੇਚਰ' ਵਿੱਚ ਇਸ ਬਾਰੇ ਦੱਸਿਆ ਹੈ ਕਿ "ਇਹ ਇਕ ਤਕਨੀਕੀ ਸੂਝ ਹੈ ਕਿ ਖੋਜਾਰਥੀ ਜਾਂ ਇਕੱਤਰ ਕਰਨ ਵਾਲਾ ਇਕ-ਇਕ ਵਧੀਆ ਇੰਜੀਨੀਅਰ ਹੋਵੇ, ਜਿਹੜਾ ਗੁੰਝਲਦਾਰ ਰਿਕਾਰਡਿੰਗ ਯੰਤਰ ਚਲਾ ਸਕਦੇ ਹੋਵੇ ਅਤੇ ਲੋੜ ਅਨੁਸਾਰ ਉਸਦੀ ਮੁਰੰਮਤ ਕਰ ਸਕਦਾ ਹੋਵੇ। ਉਹ ਵਿਦਵਾਨ ਇਤਿਹਾਸਕਾਰ ਹੋਵੇ ਕਿਉਂਕਿ ਉਸ ਨੇ ਆਪਣੀ ਖੋਜ ਵਿੱਚ ਸਭਿਆਚਾਰਕ ਗਿਆਨ ਪ੍ਰਦਾਨ ਕਰਨਾ ਹੈ। ਉਹ ਲੋਕਾਂ ਨਾਲ ਚੰਗੇ ਸੰਬੰਧਾਂ ਵਾਲਾ ਹੋਵੇ, ਉਹ

ਸਰੀਰਕ ਤੌਰ 'ਤੇ ਤਕੜਾ ਹੋਵੇ, ਜਿਹੜਾ ਪਹਾੜਾਂ 'ਤੇ ਚੜ੍ਹ ਸਕਦਾ ਹੋਵੇ, ਕਿਸ਼ਤੀ ਚਲਾ ਸਕਦਾ ਹੋਵੇ, ਲੱਕੜਾਂ ਕੱਟ ਸਕਦਾ ਹੋਵੇ, ਘਾਹ ਕੱਟ ਸਕਦਾ ਹੋਵੇ, (butchering) ਮਾਰ ਸਕਦਾ ਹੋਵੇ, ਹਰ ਤਰ੍ਹਾਂ ਦੀ ਜਗ੍ਹਾ ਤੇ ਸੌਂ ਸਕਦਾ ਹੋਵੇ ਅਤੇ ਉਨ੍ਹਾਂ ਲੋਕਾਂ ਦੀ ਵੀ ਤਸੱਲੀ ਕਰਵਾ ਸਕਦਾ ਹੋਵੇ ਜਿਹੜੇ ਇਹ ਸੋਚਦੇ ਹਨ ਕਿ ਉਨ੍ਹਾਂ ਵੱਲੋਂ ਦੱਸੇ ਗਏ ਗੀਤ ਜਾਂ ਕਹਾਣੀਆਂ ਨੂੰ ਰਿਕਾਰਡ ਕਰਵਾ ਕੇ ਉਹ ਬਹੁਤ ਸਾਰਾ ਪੈਸਾ ਕਮਾ ਲਵੇਗਾ।"[29]

ਇਸ ਤਰ੍ਹਾਂ ਖੋਜਾਰਥੀ ਦੀ ਸਰੀਰਕ ਬਣਤਰ ਅਤੇ ਸੁਭਾਅ ਵੀ ਕੰਮ ਦੇ ਅਨੁਕੂਲ ਹੋਣਾ ਚਾਹੀਦਾ ਹੈ। ਆਪਣੇ-ਆਪ ਨੂੰ ਕੰਮ ਅਨੁਸਾਰ ਢਾਲਣਾ ਪਵੇਗਾ। ਆਪਣੀ ਪਸੰਦ ਨਾ ਪਸੰਦ ਇਕ ਪਾਸੇ ਰੱਖਣੀ ਪਵੇਗੀ ਤਾਂ ਕਿ ਕੰਮ ਦੇ ਸਾਰਥਕ ਸਿੱਟੇ ਨਿਕਲ ਸਕਣ। ਇਸ ਬਾਰੇ ਤਾਂ ਡਾ. ਕਰਮਜੀਤ ਸਿੰਘ ਦੇ ਵਿਚਾਰ ਠੀਕ ਹਨ ਜਿਹੜੇ ਆਪਣੇ ਤਜ਼ਰਬਿਆਂ ਵਿੱਚੋਂ ਦੱਸਦੇ ਹਨ ਕਿ "ਜਦੋਂ ਕੋਈ ਮੇਰੇ ਵਰਗਾ ਫੀਲਡ ਵਰਕਰ ਆਪਣਾ ਕੰਮ ਆਰੰਭਦਾ ਹੈ ਤਾਂ ਉਹ ਆਪਣਾ ਦ੍ਰਿਸ਼ਟੀਕੋਣ ਘਰ ਛੱਡ ਕੇ ਨਹੀਂ ਆਉਂਦਾ, ਪਰੰਤੂ ਲੋਕ ਗੀਤ ਇਕੱਠੇ ਕਰਦੇ ਸਮੇਂ ਤੁਹਾਨੂੰ ਕੁਝ ਚਿਰ ਲਈ ਆਪਣੀਆਂ ਪਸੰਦਾਂ ਨਾ ਪਸੰਦਾਂ ਇਕ ਪਾਸੇ ਰੱਖਣੀਆਂ ਪੈਂਦੀਆਂ ਹਨ। ਖੇਤਰੀ ਕਾਰਜ ਕਰਦਿਆਂ ਹਰ ਉਸ ਵਿਅਕਤੀ ਕੋਲ ਜਾਣਾ ਪੈਂਦਾ ਹੈ ਜਿਸ ਨੂੰ ਵਿਚਾਰਧਾਰਕ ਤੌਰ ਤੇ ਤੁਸੀਂ ਅਚੇਤ ਜਾਂ ਸੁਚੇਤ ਰੂਪ ਵਿੱਚ ਆਪਣਾ ਵਿਰੋਧੀ ਹੀ ਕਿਉਂ ਨਾ ਸਮਝਦੇ ਹੋਵੋ।" [30]

ਖੇਤਰੀ ਕਾਰਜ ਕਰਨ ਵਾਲੇ ਨੂੰ ਹਰ ਵਰਗ, ਜਾਤ, ਇਸਤਰੀ, ਮਰਦ, ਬੱਚੇ, ਜੁਆਨ, ਬੁੱਢੇ ਅਤੇ ਹੋਰਾਂ ਨਾਲ ਗੱਲਬਾਤ ਕਰਨ ਦਾ ਵੱਲ ਆਉਂਦਾ ਹੈ। ਆਪਣੀ ਹੈਂਕੜ ਅਤੇ ਰੁਤਬਾ ਤਿਆਗ ਕੇ ਉਨ੍ਹਾਂ ਨਾਲ ਇਕਮਿਕ ਹੋਇਆਂ ਬਿਨਾਂ ਸਰਨਾ ਨਹੀਂ। ਤਾਂ ਹੀ ਤਾਂ ਡਾ. ਨਾਹਰ ਸਿੰਘ ਡਾ. ਕਰਮਜੀਤ ਬਾਰੇ ਆਖਦੇ ਹਨ ਕਿ "ਉਹ ਕੁਰੂਕਸ਼ੇਤਰੋਂ ਹੁਸ਼ਿਆਰਪੁਰ ਬੱਸ ਚੜ੍ਹਨ ਵੇਲੇ ਆਪਣੀ ਰੀਡਰੀ, ਪ੍ਰੋਫ਼ੈਸਰੀ ਉਥੇ ਹੀ ਛੱਡ ਆਉਂਦਾ ਹੈ ਅਤੇ ਉਹ ਵੀਹ ਪੰਝੀ ਸਾਲ ਪਹਿਲਾਂ ਵਾਲਾ ਸਾਈਕਲ ਉੱਤੇ ਝੋਲਾ ਟੰਗ ਕੇ ਦੋਸਤੀਆਂ ਰਿਸ਼ਤੇਦਾਰੀਆਂ ਵਿੱਚ ਘੁੰਮਣ ਫਿਰਨ ਵਾਲਾ ਕਰਮ ਸਿੰਘ ਬਣ ਕੇ ਫੀਲਡ ਵਿੱਚ ਜਾਂਦਾ ਹੈ।" [31]

ਇਸ ਤਰ੍ਹਾਂ ਖੋਜਾਰਥੀ ਦਾ ਕਾਰਜ ਆਸਾਨ ਨਹੀਂ ਸਗੋਂ ਸਿਰੜ, ਮਿਹਨਤ ਤੇ ਲਗਨ ਦੀ ਮੰਗ ਕਰਦਾ ਹੈ। ਅਜਿਹਾ ਹੋਣ ਦੀ ਸੂਰਤ ਵਿੱਚ ਵਧੀਆ ਨਤੀਜਿਆਂ ਦੀ ਆਸ ਕੀਤੀ ਜਾ ਸਕਦੀ ਹੈ।

**ਸੂਚਕ ਦੀ ਭਾਲ ਤੇ ਮਿਲਵਰਤਨ** : ਖੋਜਾਰਥੀ ਦੀ ਯੋਗਤਾ ਇਸ ਗੱਲ ਵਿੱਚ ਵੀ ਹੈ ਕਿ ਆਪਣਾ ਖੇਤਰ ਨਿਰਧਾਰਤ ਕਰਨ ਅਤੇ ਵਿਸ਼ਾ ਸਪੱਸ਼ਟ ਕਰਨ ਮਗਰੋਂ ਸੂਚਕਾਂ ਦੀ ਭਾਲ ਕਰੇ, ਜਿਨ੍ਹਾਂ ਤੋਂ ਇਸ ਸਮੱਗਰੀ ਨੂੰ ਇਕੱਤਰ ਕਰਨਾ ਹੈ। ਇਹ ਕਾਰਜ ਮੁਸ਼ਕਲ ਹੈ ਪਰ ਨਾ-ਮੁਮਕਿਨ ਨਹੀਂ ਕਿਉਂਕਿ ਲੋਕਧਾਰਾ ਦੇ ਸੂਚਕ ਮਰਦ ਤੇ ਔਰਤਾਂ ਦੋਵੇਂ ਹਨ। ਮਰਦਾਂ ਦੇ ਮੁਕਾਬਲੇ ਔਰਤ ਸੂਚਕਾਂ ਤੱਕ ਪਹੁੰਚ ਕਰਨੀ ਵਧੇਰੇ ਕਠਿਨ ਹੈ ਪਰ ਦੂਰੋਂ ਨੇੜਿਉਂ ਵਾਕਫ਼ੀਅਤ ਰਿਸ਼ਤੇਦਾਰੀ ਜਾਂ ਸਾਂਝਾਂ ਰਾਹੀਂ ਇਹ ਕੰਮ ਕੀਤਾ ਜਾ ਸਕਦਾ ਹੈ। ਔਰਤਾਂ ਦਾ ਸੁਭਾਅ, ਪਤੀ ਤੇ ਬੱਚਿਆਂ ਤੋਂ ਸੰਗ, ਓਪਰੇ ਵਿਅਕਤੀ ਤੋਂ ਸੰਗ ਅਤੇ ਕਈ ਕਿਸਮ ਦੇ ਸ਼ੰਕੇ ਉਨ੍ਹਾਂ ਦੇ ਮਨ ਵਿੱਚ ਹੁੰਦੇ ਹਨ, ਜਿਨ੍ਹਾਂ ਨੂੰ ਦੂਰ ਕਰਨਾ ਜ਼ਰੂਰੀ ਹੈ।

ਫੀਲਡ ਵਰਕਰ ਦੀ ਹਾਲਤ ਤਾਂ ਸ਼ਿਕਾਰੀ ਵਰਗੀ ਹੁੰਦੀ ਹੈ, ਜਿਹੜਾ ਸੂਚਕਾਂ ਰੂਪੀ ਸ਼ਿਕਾਰ ਦੀ ਭਾਲ ਵਿੱਚ ਨਿਰੰਤਰ ਲੱਗਾ ਰਹਿੰਦਾ ਹੈ ਅਤੇ ਇਹ ਲੋਕਾਂ ਕੋਲੋਂ ਪੁੱਛਦੇ ਰਹਿਣ ਨਾਲ ਹੀ ਮਿਲਦਾ ਹੈ। ਸੂਚਕ ਹੀ ਹੈ ਜਿਹੜਾ ਖੋਜਾਰਥੀ ਨੂੰ ਦੂਸਰੇ ਸੂਚਕਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ

ਦੀ ਮਦਦ ਕਰ ਸਕਦਾ ਹੈ। ਡਾ. ਸੁਖਪਾਲ ਸਿੰਘ ਜਿਨ੍ਹਾਂ ਨੇ ਲੋਕ-ਗਾਥਾਵਾਂ ਇਕੱਤਰ ਕੀਤੀਆਂ ਹਨ। ਉਨ੍ਹਾਂ ਨੇ ਵੀ ਸੂਚਕਾਂ ਬਾਰੇ ਆਪਣੇ ਨਿੱਜੀ ਤਜ਼ਰਬੇ ਦੇ ਆਧਾਰ 'ਤੇ ਲਿਖਿਆ ਹੈ ਕਿ "ਇਥੇ ਇਹ ਦੱਸਣਾ ਅਨਿਵਾਰੀ ਹੈ ਕਿ ਸਾਡੇ ਲਈ ਸਭ ਤੋਂ ਵੱਡੀ ਸਮੱਸਿਆ ਸੂਚਕਾਂ ਨੂੰ ਤਲਾਸ਼ ਕਰਨ ਦੀ ਸੀ ਅਤੇ ਉਸ ਤੋਂ ਅੱਗੇ ਸੂਚਕਾਂ ਪਾਸੋਂ ਸਮੱਗਰੀ ਇਕੱਤਰ ਕਰਨ ਲਈ ਉਸ ਨੂੰ ਰਾਜ਼ੀ ਕਰਨਾ। ਇਸ ਮਨੋਰਥ ਦੀ ਪੂਰਤੀ ਲਈ ਸਾਨੂੰ ਨਿਰੰਤਰ ਘੁੰਮਣਾ ਪਿਆ। ਫ਼ਲਸਰੂਪ ਜਿਨ੍ਹਾਂ ਸੂਚਕਾਂ ਨਾਲ ਸੰਪਰਕ ਹੋ ਸਕਿਆ, ਉਨ੍ਹਾਂ ਵਿੱਚੋਂ ਕਈਆਂ ਨੇ ਮੁੜ ਸਮਾਂ ਹੀ ਨਾ ਦਿੱਤਾ। ਕਈ ਅਜਿਹੇ ਸੂਚਕ ਸਨ ਜਿਨ੍ਹਾਂ ਨੇ ਸੂਚਨਾ ਤਾਂ ਦਿੱਤੀ ਪਰ ਉਸ ਸੂਚਨਾ ਦਾ ਕਿਸੇ ਪੱਖੋਂ ਵੀ ਕੋਈ ਸਾਰਥਕ ਮੁਹਾਂਦਰਾ ਨਾ ਬਣ ਸਕਿਆ। ਅਸੀਂ ਆਪਣੇ ਕਾਰਜ ਲਈ ਜਿਥੇ ਵੀ ਦੱਸ ਪਈ, ਸੂਚਕ ਦਾ ਥਹੁ ਪਤਾ ਲੈ ਕੇ ਮਾਲਵੇ, ਦੁਆਬੇ ਤੇ ਮਾਝੇ ਨੂੰ ਹੰਗਾਲ ਛੱਡਿਆ।"[32]

ਔਰਤ ਸੂਚਕਾਂ ਦੇ ਮਾਮਲੇ ਵਿੱਚ ਤਾਂ ਉਨ੍ਹਾਂ ਨੂੰ ਜਿੱਥੇ ਸੰਪਰਕ ਕਰਨਾ ਮੁਸ਼ਕਲ ਹੈ ਉਨ੍ਹਾਂ ਨੂੰ ਸੂਚਨਾ ਦੇਣ ਲਈ ਰਾਜ਼ੀ ਕਰਨਾ ਹੋਰ ਵੀ ਮੁਸ਼ਕਲ ਹੈ। ਕਈ ਵਾਰੀ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਆਪ ਪਹਿਲ ਕਰਨੀ, ਉਨ੍ਹਾਂ ਦੀ ਰਿਕਾਰਡ ਆਵਾਜ਼ ਨੂੰ ਸੁਣਾਉਣਾ, ਉਨ੍ਹਾਂ ਨੂੰ ਭਾਵਨਾਤਮਕ ਪੱਧਰ 'ਤੇ ਲੈ ਜਾਣਾ ਜ਼ਰੂਰੀ ਹੈ। ਦੂਸਰੇ ਪਾਸੇ ਮੀਡੀਏ ਦਾ ਜ਼ੋਰ ਹੋਣ ਕਰ ਕੇ ਮਰਦ ਸੂਚਕਾਂ ਦੀਆਂ ਮਜ਼ਬੂਰੀਆਂ, ਕਮਜ਼ੋਰੀਆਂ ਵੀ ਸਾਹਮਣੇ ਆਉਂਦੀਆਂ ਹਨ। ਕੋਈ ਪੈਸੇ ਤੇ ਕੋਈ ਨਸ਼ੇ ਦੀ ਮੰਗ ਕਰਦਾ ਹੈ। ਚੰਗੇ ਸੂਚਕ ਵਾਸਤੇ ਤਾਂ ਇਹ ਸਾਰਾ ਕੁਝ ਕਰਨਾ ਹੀ ਪੈਂਦਾ ਹੈ ਤਾਂ ਹੀ ਤਾਂ ਕਿਸੇ ਨਿਰਧਾਰਿਤ ਸਿੱਟੇ 'ਤੇ ਪਹੁੰਚਣ ਦੀ ਸੰਭਾਵਨਾ ਹੋ ਸਕਦੀ ਹੈ। ਚੰਗਾ ਸੂਚਕ ਵੀ ਖੋਜਕਾਰ ਨੂੰ ਹਰ ਪੱਖ ਤੋਂ ਮਿਲਵਰਤਨ ਦੇਣ ਲਈ ਤਿਆਰ ਹੁੰਦਾ ਹੈ ਪਰ ਇਹ ਸਿਆਣਪ ਤੇ ਯੋਗਤਾ ਖੋਜਕਾਰ ਦੀ ਹੈ ਕਿ ਉਹ ਉਸ ਤੋਂ ਕਿੰਨਾ ਕੁ ਲਾਭ ਉਠਾ ਸਕਦਾ ਹੈ। ਖੋਜ ਕਾਰਜ ਵਿੱਚ ਇਨ੍ਹਾਂ ਚੀਜ਼ਾਂ ਬਾਰੇ ਪਤਾ ਕਰਨ ਲਈ ਲੋਕ ਗੀਤਾਂ ਦੀ ਪੈੜ ਡਾ. ਕਰਮਜੀਤ ਸਿੰਘ ਦੀ ਵਧੀਆ ਪੁਸਤਕ ਕਹੀ ਜਾ ਸਕਦੀ ਹੈ ਜਿਸ ਵਿੱਚ ਨਿੱਜੀ ਤਜ਼ਰਬਿਆਂ ਰਾਹੀਂ ਖੇਤਰੀ ਕਾਰਜ ਕਰਨ ਵਾਲੇ ਖੋਜਾਰਥੀਆਂ ਲਈ ਖੋਜ ਕਰਦਿਆਂ ਆਉਂਦੀਆਂ ਔਕੜਾਂ ਨੂੰ ਦੂਰ ਕਰਨ ਦੇ ਢੰਗ-ਤਰੀਕਿਆਂ ਬਾਰੇ ਵੀ ਦੱਸਿਆ ਗਿਆ ਹੈ।

**ਸਹਾਇਕ ਸੰਦਾਂ ਦੀ ਵਰਤੋਂ:** ਖੇਤਰੀ ਖੋਜ ਵਿੱਚ ਉੱਤਰਿਆ ਖੋਜਾਰਥੀ ਕੁਝ ਸਹਾਇਕ ਸੰਦਾਂ ਦੀ ਵਰਤੋਂ ਵੀ ਕਰਦਾ ਹੈ ਜਿਨ੍ਹਾਂ ਵਿੱਚ ਲਿਖਣ ਤੇ ਰਿਕਾਰਡ ਕਰਨ ਵਾਲਾ ਸਾਜ਼ੋ-ਸਾਮਾਨ ਸ਼ਾਮਿਲ ਹੈ। ਪ੍ਰਸ਼ਨਾਵਲੀ, ਸਾਰਣੀ, ਕੈਮਰਾ, ਟੇਪ-ਰਿਕਾਰਡਰ, ਫ਼ਿਲਮਾਂ, ਟੇਪਾਂ, ਵੀਡੀਓ ਕਮਰਾ, ਡਿਜ਼ੀਟਲ ਰਿਕਾਰਡਰ, ਮਿੰਨੀ ਡਿਸਕ ਅਤੇ ਹੋਰ ਵੀ ਆਧੁਨਿਕ ਸੰਦ। ਕਿਉਂਕਿ ਹਰ ਹਾਲਤ ਵਿੱਚ ਕਿਹੜਾ ਸੰਦ ਵਰਤਣਾ ਪਵੇ, ਇਹ ਤਾਂ ਖੇਤਰ ਵਿੱਚ ਜਾ ਕੇ ਹੀ ਪਤਾ ਲੱਗੇਗਾ। ਪ੍ਰਸ਼ਨਾਵਲੀ ਤੇ ਸਾਰਣੀ ਤਾਂ ਉਥੇ ਹੀ ਕਾਮਯਾਬ ਹੈ, ਜਿਥੇ ਸੂਚਕ ਜਾਂ ਲੋਕ ਪੜ੍ਹੇ-ਲਿਖੇ ਹੋਣ ਜਾਂ ਫਿਰ ਸਾਡੀ ਖੋਜ ਹੋਰ ਕਿਸੇ ਖੇਤਰ ਦੀ ਹੋਵੇ। ਪਰ ਜੇ ਇਹੀਂ ਸਵਾਲ ਯਾਦ ਹੋਣ ਤਾਂ ਪ੍ਰਭਾਵ ਚੰਗਾ ਪੈ ਸਕਦਾ ਹੈ। ਸੂਚਕ ਨੂੰ ਇਸ ਗੱਲ ਦਾ ਅਹਿਸਾਸ ਵੀ ਨਾ ਹੋਵੇ ਕਿ ਉਹ ਕਿਸੇ ਪੁੱਛ-ਗਿੱਛ ਦਾ ਪਾਤਰ ਬਣਿਆ ਹੋਇਆ ਹੈ। ਕੈਮਰਾ ਜਾਂ ਵੀਡੀਓ ਕੈਮਰਾ ਕਿਸੇ ਜਾਤੀ ਜਾਂ ਉਪਜਾਤੀ ਦੇ ਰੀਤੀ-ਰਿਵਾਜ ਅਤੇ ਸੂਚਕਾਂ ਦੇ ਚਿਹਰੇ ਦੇ ਹਾਵ-ਭਾਵ ਕੈਮਰਾ ਬੰਦ ਕਰਨ ਵਿੱਚ ਸਹਾਇਕ ਹੁੰਦੇ ਹਨ। ਵੀਡੀਓ ਕੈਮਰਾ ਤਾਂ ਰਿਕਾਰਡਿੰਗ ਅਤੇ ਤਸਵੀਰਾਂ ਦੋਵਾਂ ਦਾ ਕੰਮ ਕਰ ਸਕਦਾ ਹੈ। ਜ਼ਰੂਰੀ ਨਹੀਂ ਕਿ ਵੱਡਾ ਕੈਮਰਾ ਹੋਵੇ। ਅੱਜ-ਕੱਲ੍ਹ ਤਾਂ ਛੋਟੇ-ਛੋਟੇ ਕੈਮਰੇ ਉਪਲਬਧ ਹਨ ਭਾਵੇਂ ਇਹ ਵਿਧੀ ਮਹਿੰਗੀ ਹੈ ਪਰ ਇਸ ਦਾ ਫ਼ਾਇਦਾ ਬਹੁਤ ਹੁੰਦਾ ਹੈ। ਇਹ ਫਿਲਮ ਜੇਕਰ ਸੂਚਕਾਂ ਨੂੰ ਦਿਖਾ ਦਿੱਤੀ

ਜਾਵੇ ਤਾਂ ਆਪਣੀ ਫ਼ੋਟੋ ਤੇ ਆਵਾਜ਼ ਪਰਦੇ ਤੇ ਵੇਖ ਕੇ ਉਸ ਨੂੰ ਖੁਸ਼ੀ ਵੀ ਹੋਵੇਗੀ। ਸੂਚਨਾ ਤੇ ਟੈਕਨਾਲੋਜੀ ਦੇ ਖੇਤਰ ਵਿੱਚ ਨਿੱਤ ਨਵੀਆਂ ਖੋਜਾਂ ਇਸ ਕੰਮ ਲਈ ਸਹਾਇਕ ਹੋਰ ਸਕਦੀਆਂ ਹਨ ਅਤੇ ਇਸ ਨੂੰ Performing art ਜਾਂ ਜੀਵੰਤ ਕਲਾ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ।

ਲੰਮੀਆਂ ਕਹਾਣੀਆਂ ਗਾਥਾਵਾਂ, ਵਾਰਾਂ, ਲੋਕ-ਗੀਤਾਂ, ਬੋਲੀਆਂ ਆਦਿ ਨੂੰ ਕਾਗ਼ਜ਼ ਤੇ ਪੈੱਨ ਨਾਲ ਲਿਖਣਾ ਸੁਖਾਲਾ ਨਹੀਂ, ਇਸ ਕੰਮ ਨੂੰ ਰਿਕਾਰਡਿੰਗ ਮਸ਼ੀਨ ਜਾਂ ਟੇਪ-ਰਿਕਾਰਡਰ ਦੀ ਸਹਾਇਤਾ ਨਾਲ ਹੱਲ ਕੀਤਾ ਜਾ ਸਕਦਾ ਹੈ ਕਿਉਂਕਿ ਲਿਖਣ ਵਾਲਾ ਬੋਲਣ ਵਾਲੇ ਨਾਲ ਨਹੀਂ ਚੱਲ ਸਕਦਾ। ਬਾਰ-ਬਾਰ ਗੱਲਾਂ ਪੁੱਛਣ ਨਾਲ ਸੂਚਕ ਛਿੱਥਾ ਪੈ ਜਾਂਦਾ ਹੈ। ਦੂਸਰਾ ਲੋਕ ਗੀਤਾਂ, ਵਾਰਾਂ ਆਦਿ ਦੀਆਂ ਲੋਕ ਧੁਨਾਂ ਵੀ ਬੜੀਆਂ ਮਹੱਤਵਪੂਰਨ ਹਨ। ਕਈਆਂ ਸੂਚਕਾਂ ਕੋਲ ਅਜਿਹੀਆਂ ਗੱਲਾਂ ਹੁੰਦੀਆਂ ਹਨ, ਜਿਹੜੀਆਂ ਕਿਸੇ ਨਿਵੇਕਲੇ ਅੰਦਾਜ਼ ਵਿੱਚ ਉਹੀ ਕਰ ਸਕਦੇ ਹਨ। ਅੱਜ-ਕੱਲ੍ਹ ਤਾਂ ਛੋਟੇ-ਛੋਟੇ ਆਕਾਰ ਦੇ ਟੇਪ-ਰਿਕਾਰਡਰ ਮਿਲਦੇ ਹਨ, ਜਿਨ੍ਹਾਂ ਨਾਲ ਸੂਚਕ ਨੂੰ ਵੀ ਪਤਾ ਨਹੀਂ ਲੱਗਦਾ ਕਿ ਇਸ ਕੋਲ ਕੋਈ ਰਿਕਾਰਡਿੰਗ ਮਸ਼ੀਨ ਹੈ ਕਿਉਂਕਿ ਪਤਾ ਲੱਗਣ ਤੇ ਕਈ ਵਾਰੀ ਸੂਚਕ ਸੁਚੇਤ ਹੋ ਜਾਂਦਾ ਹੈ ਅਤੇ ਘਬਰਾਹਟ ਵਿੱਚ ਕਿਸੇ ਵੇਲੇ ਆਪਣੀ ਗੱਲ ਹੀ ਭੁੱਲ ਜਾਂਦਾ ਹੈ ਜਾਂ ਸੁਭਾਵਕ ਰੂਪ ਵਿੱਚ ਪੇਸ਼ ਨਹੀਂ ਕਰ ਸਕਦਾ। ਰਿਕਾਰਡਿੰਗ ਕਰਦੇ ਸਮੇਂ ਜੇਕਰ ਉਸ ਰੂਪ ਨਾਲ ਮਿਲਦੀ ਸਮੱਗਰੀ ਜਿਵੇਂ ਇਤਿਹਾਸ, ਵਾਤਾਵਰਣ ਆਦਿ ਨੋਟ ਕਰ ਲੈਣ ਬਾਅਦ ਵਿੱਚ ਕਿਸੇ ਕਿਸਮ ਦੀ ਸਮੱਸਿਆ ਨਹੀਂ ਆਵੇਗੀ। ਇਸ ਕਾਰਜ ਲਈ ਵੀ ਖੋਜਾਰਥੀ ਨੂੰ ਸੁਚੇਤ ਪੱਧਰ ਤੇ ਵਿਚਰਨਾ ਪਵੇਗਾ, ਨਹੀਂ ਤਾਂ ਬਾਅਦ ਵਿੱਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਕ ਗੱਲ ਬੜੀ ਜ਼ਰੂਰੀ ਹੈ ਕਿ ਇਸ ਰਿਕਾਰਡਿੰਗ ਮਸ਼ੀਨ ਦੀ ਵਰਤੋਂ ਅਤੇ ਥੋੜ੍ਹੀ ਬਹੁਤੀ ਸੰਭਾਲ ਖੋਜਾਰਥੀ ਨੂੰ ਪਤਾ ਹੋਣੀ ਚਾਹੀਦੀ ਹੈ। ਬਿਜਲੀ ਦੇ ਪ੍ਰਬੰਧ ਨਾ ਹੋਣ ਤੇ ਸੈੱਲਾਂ ਦਾ ਇਸਤੇਮਾਲ, ਕੈਮਰੇ ਵਿੱਚ ਰੀਲ ਬਦਲਣਾ, ਰਿਕਾਰਡਿੰਗ ਮਸ਼ੀਨ ਦੀ ਆਵਾਜ਼ ਸੈੱਟ ਕਰਨਾ, ਰਿਕਾਰਡਿੰਗ ਹੋ ਰਹੀ ਹੈ ਜਾਂ ਨਹੀਂ, ਇਸ ਦਾ ਪਤਾ ਰਹਿਣਾ ear phones ਰਾਹੀਂ ਆਵਾਜ਼ ਦੀ ਪੜਤਾਲ ਕਰਨਾ ਇਕ ਵਾਰੀ ਕੈਸਟ ਚਲਾ ਕੇ ਵਿੱਚੋਂ ਰੁਕਾਵਟ ਪੈਦਾ ਨਹੀਂ ਕਰਨੀ ਚਾਹੀਦੀ ਤਾਂ ਕਿ ਸੂਚਕ ਦਾ ਧਿਆਨ ਨਾ ਉੱਖੜ ਜਾਵੇ। ਬਾਹਰ ਵੀ ਸਪੀਕਰ ਲੱਗਾ ਹੋਵੇ ਤਾਂ ਕਿ ਸੂਚਕ ਨੂੰ ਵੀ ਸੁਣਾ ਦਿੱਤਾ ਜਾਵੇ। ਮਿੰਨੀ ਡਿਸਕ ਜਾਂ ਸੀ. ਡੀ. ਰਿਕਾਰਡਿੰਗ ਵੀ ਠੀਕ ਰਹਿ ਸਕਦੀ ਹੈ ਪਰ ਖੋਜਾਰਥੀ ਨੂੰ ਉਹੀ ਸੰਦ ਵਰਤਣਾ ਚਾਹੀਦਾ ਹੈ, ਜਿਸ ਬਾਰੇ ਉਸ ਨੂੰ ਗਿਆਨ ਹੋਵੇ ਕਿਉਂਕਿ ਇਹ ਜ਼ਰੂਰੀ ਨਹੀਂ ਕਿ ਸੂਚਕ ਦੁਬਾਰਾ ਮਿਲ ਕੇ ਉਨ੍ਹਾਂ ਹੀ ਭਾਵਾਂ ਨਾਲ ਕਿਸੇ ਚੀਜ਼ ਨੂੰ ਪੇਸ਼ ਕਰ ਸਕਦਾ ਹੋਵੇ। ਵਾਧੂ ਸਮੱਗਰੀ ਜਿਵੇਂ ਸੈੱਲ (ਬੈਟਰੀ) ਟੇਪਾਂ, ਤਾਰ, extention board ਆਦਿ ਜੇਕਰ ਕੋਲ ਹੋਵੇ ਤਾਂ ਮੁਸ਼ਕਲ ਪੇਸ਼ ਨਹੀਂ ਆ ਸਕਦੀ।

**ਰਿਕਾਰਡਿੰਗ ਲਈ ਯੋਗ ਵਾਤਾਵਰਣ :** ਲੋਕਧਾਰਾ ਦੇ ਇਕੱਤਰੀਕਰਨ ਲਈ ਯੋਗ ਵਾਤਾਵਰਣ ਦਾ ਹੋਣਾ ਜ਼ਰੂਰੀ ਹੈ। ਜਿਹੜਾ ਵੀ ਕੰਮ ਅਸੀਂ ਕਰਨਾ ਹੈ, ਉਸ ਦਾ ਕੋਈ ਯੋਗ ਸਮਾਂ ਹੁੰਦਾ ਹੈ ਜਿਵੇਂ ਵਿਆਹ ਨਾਲ ਸੰਬੰਧਿਤ ਲੋਕ ਗੀਤ ਇਕੱਤਰ ਕਰਨੇ ਹਨ ਤਾਂ ਵਿਆਹ ਮੌਕੇ ਹੀ ਹੋ ਸਕਦੇ ਹਨ। ਇਕ ਤਾਂ ਵਾਤਾਵਰਣ ਵਿਆਹ ਵਾਲਾ ਹੁੰਦਾ ਹੈ, ਦੂਸਰਾ ਅਜਿਹੇ ਮੌਕੇ ਸਾਰੇ ਇਕੱਠੇ ਵੀ ਹੋਏ ਹੁੰਦੇ ਹਨ ਅਤੇ ਸੁਭਾਵਿਕ ਤੌਰ 'ਤੇ ਗੀਤ ਵੀ ਆਪਣੇ ਆਪ ਯਾਦ ਆ ਜਾਂਦੇ ਹਨ। ਜਿੱਥੇ ਖੋਜਾਰਥੀ ਨੂੰ ਸੂਚਕ ਦੀ ਭਾਲ ਤੇ ਸਮਾਂ ਲੱਗਦਾ ਹੈ, ਉਥੇ ਉਸ ਨੂੰ ਉਚਿਤ ਵਾਤਾਵਰਣ ਜਾਂ ਮੌਕੇ ਦੀ ਉਡੀਕ ਵੀ ਕਰਨੀ ਪੈਂਦੀ ਹੈ ਜਿਵੇਂ ਡਾ. ਕਰਮਜੀਤ ਸਿੰਘ ਲਿਖਦੇ ਹਨ "ਇਕ ਵਾਰੀ ਮੇਰਾ ਮਨ ਕੀਤਾ ਕਿ ਵਿਆਹ ਦੀਆਂ ਰਸਮਾਂ ਨਾਲ ਜੁੜੇ ਗੀਤਾਂ ਨੂੰ ਸੰਗਲੀਬੱਧ ਤਰੀਕੇ

ਨਾਲ ਰਿਕਾਰਡ ਕੀਤਾ ਜਾਵੇ। ਇਸ ਲਈ ਜ਼ਰੂਰੀ ਸੀ ਕਿ ਵਿਆਹ ਤੋਂ ਇਕ-ਦੋ ਦਿਨ ਪਹਿਲਾਂ ਵਿਆਹ ਵਾਲੇ ਘਰ ਪਹੁੰਚਿਆ ਜਾਵੇ ਅਤੇ ਰਸਮਾਂ ਖ਼ਤਮ ਹੁੰਦਿਆਂ ਤੱਕ ਟਿਕਿਆ ਜਾਵੇ।"[32] ਇਸ ਤਰ੍ਹਾਂ ਮਰਨੇ ਪਰਨੇ ਤੇ ਹੋਰ ਮੌਕਿਆਂ ਤੇ ਮੌਕੇ ਦਾ ਇੰਤਜ਼ਾਰ ਕਰਨਾ ਪਵੇਗਾ, ਪਰ ਮੌਤ ਸਮੇਂ ਰਿਕਾਰਡਿੰਗ ਕਰਦਿਆਂ, ਚੰਗਾ ਤਾਂ ਨਹੀਂ ਲੱਗਦਾ ਪਰ ਚੋਰੀ ਛੁਪੇ ਕੀਤਾ ਜਾ ਸਕਦਾ ਹੈ ਪਰ ਅਜਿਹਾ ਕੰਮ ਕਰਨ ਲਈ ਜੋਖ਼ਿਮ ਤਾਂ ਉਠਾਉਣਾ ਹੀ ਪੈਂਦਾ ਹੈ।

ਖੇਤਰੀ ਕਾਰਜ ਦੇ ਅਜਿਹੇ ਢੰਗ-ਤਰੀਕਿਆਂ ਨੂੰ ਅਪਣਾਉਂਦੇ ਹੋਏ ਇਨ੍ਹਾਂ ਵਿਦਵਾਨਾਂ ਅਫ਼ਸਰਾਂ ਤੇ ਦੂਸਰੇ ਸਹਾਇਤਾਂ ਵੱਲ ਪੰਜਾਬ ਅੰਦਰ ਵੱਖ-ਵੱਖ ਖੇਤਰਾਂ ਵਿੱਚ ਆਪਣਾ ਕੰਮ ਆਰੰਭ ਕਰ ਦਿੱਤਾ।

**ਅੰਗਰੇਜ਼ਾਂ ਵੱਲੋਂ ਪੰਜਾਬੀ ਲੋਕਧਾਰਾ ਦਾ ਇਕੱਤਰੀਰਨ, ਸੰਪਾਦਨ, ਵਿਸ਼ੇਸ਼ਤਾਵਾਂ ਤੇ ਸੀਮਾਵਾਂ:**

ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਪੂਰਨ ਰੂਪ ਵਿੱਚ ਹੋਣ ਮਗਰੋਂ ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਅਤੇ ਸੰਪਾਦਨ ਦਾ ਕੰਮ ਆਰੰਭ ਹੁੰਦਾ ਹੈ। ਇਸ ਬਾਰੇ ਲਗਪਗ ਲੋਕਧਾਰਾ ਦਾ ਹਰ ਵਿਦਵਾਨ ਸਹਿਮਤ ਹੈ, ਪਰ ਜਿਵੇਂ ਡਾ. ਸੁਖਪਾਲ ਸਿੰਘ ਆਖਦੇ ਹਨ, "ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਭਿੰਨ-ਭਿੰਨ ਖੇਤਰਾਂ ਤੇ ਵਿਸ਼ੇਸ਼ ਕਰ ਕੇ ਲੋਕ-ਸਾਹਿਤ ਤੇ ਲੋਕਯਾਨ ਨਾਲ ਸੰਬੰਧਿਤ ਬੁਨਿਆਦੀ ਖੇਤਰੀ ਕਾਰਜ ਤੇ ਸਾਂਭ-ਸੰਭਾਲ ਦਾ ਜ਼ਿਕਰਯੋਗ ਕੰਮ, ਇਕੱਤਰੀਕਰਨ, ਪ੍ਰਮਾਣਿਕ ਪਾਠਾਂ ਦੀ ਸਿਰਜਣਾ ਦਾ ਕਾਰਜ ਨਿਰਸੰਦੇਹ, ਮੂਲ ਰੂਪ ਵਿੱਚ ਅੰਗਰੇਜ਼ ਵਿਦਵਾਨਾਂ ਨੇ ਹੀ ਆਰੰਭਿਆ।"[33] ਕ੍ਰਿਸ਼ਨਕਾਂਤ ਉਪਾਧਿਆਏ ਤਾਂ ਭਾਰਤ ਵਿੱਚ ਲੋਕਧਾਰਾ ਦੇ ਅਧਿਐਨ ਬਾਰੇ ਲਿਖਦਾ ਹੈ ਕਿ "ਭਾਰਤ ਵਿੱਚ ਲੋਕ-ਸਾਹਿਤ ਤੇ ਲੋਕ-ਸੰਸਕ੍ਰਿਤੀ ਦਾ ਅਧਿਐਨ ਦਾ ਆਰੰਭ ਦੋ ਪ੍ਰਕਾਰ ਦੇ ਵਿਅਕਤੀਆਂ ਨੇ ਕੀਤਾ : (1) ਅੰਗਰੇਜ਼ ਸਿਵਿਲੀਅਨ (2) ਈਸਾਈ ਮਿਸ਼ਨਰੀ।"[34] ਹੋਰ ਵਿਦਵਾਨਾਂ ਵਿੱਚ ਡਾ. ਜੁਗਿੰਦਰ ਸਿੰਘ ਕੈਰੋਂ, ਡਾ. ਕਰਮਜੀਤ ਸਿੰਘ, ਈਸ਼ਰ ਸਿੰਘ ਤਾਂਘ ਤੇ ਹੋਰ ਬਹੁਤ ਸਾਰੇ ਇਸ ਗੱਲ ਨੂੰ ਮੰਨਦੇ ਹਨ। ਉਨ੍ਹਾਂ ਦਾ ਮੰਤਵ ਇਸ ਇਕੱਤਰੀਕਰਨ ਤੇ ਮੁੱਲਾਂਕਣ ਦੇ ਸੰਬੰਧ ਵਿੱਚ ਕੁਝ ਵੀ ਰਿਹਾ ਹੋਵੇ, ਇਸ ਬਾਰੇ ਅਸੀਂ ਪਿੱਛੇ ਜ਼ਿਕਰ ਕਰ ਆਏ ਹਾਂ ਪਰ ਅਸੀਂ ਡਾ. ਸੁਖਪਾਲ ਸਿੰਘ ਨਾਲ ਸਹਿਮਤ ਹਾਂ ਕਿ "ਉਨ੍ਹਾਂ ਦਾ ਸਵਾਰਥ, ਉਦੇਸ਼ ਤੇ ਆਦਰਸ਼ ਕੁਝ ਵੀ ਹੋ ਸਕਦਾ ਸੀ ਅਤੇ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਇਸ ਮਨੋਰਥ ਦੀ ਪੂਰਤੀ ਦੇ ਨਾਲ ਸਹਿਜ ਹੀ ਉਨ੍ਹਾਂ ਦਾ ਲੋਕਯਾਨ ਸ਼ਾਸਤਰੀਆਂ ਲਈ ਤੇ ਲੋਕਯਾਨ ਵਿਗਿਆਨੀਆਂ ਲਈ ਅਜਿਹੀ ਸਮੱਗਰੀ ਨੂੰ ਇਕੱਤਰ ਕਰ ਕੇ ਸੰਗਠਿਤ ਰੂਪ ਵਿੱਚ ਪ੍ਰਸਤੁਤ ਕਰ ਦਿੱਤਾ। ਜਿਸ ਤੋਂ ਅੱਗੇ ਚੱਲਣ ਲਈ ਉੱਤਰ ਖੋਜੀਆਂ ਨੂੰ ਆਧਾਰ ਭੂਮੀ ਪ੍ਰਾਪਤ ਹੋਈ।"[35] ਅੰਗਰੇਜ਼ਾਂ ਵੱਲੋਂ ਲੋਕਧਾਰਾ ਦੇ ਇਕੱਤਰੀਕਰਨ ਦੇ ਆਰੰਭ ਬਾਰੇ ਡਾ. ਡਾਰਸਨ ਦਾ ਵਿਚਾਰ ਵੇਖਣਯੋਗ ਹੈ। "ਕਹਾਣੀਆਂ, ਰਿਵਾਜ, ਕਹਾਵਤਾਂ ਅਤੇ ਕਵਿਤਾ ਦੇ ਇਕੱਤਰੀਕਰਨ/ਸੰਗ੍ਰਹਿ ਜਿਨ੍ਹਾਂ ਉੱਤੇ ਕਾਲੀ ਚਮੜੀ ਦੀ ਨਸਲ ਦੇ ਲੋਕਾਂ ਦਾ ਅਧਿਕਾਰ ਸੀ ਅਤੇ ਜਿਹੜੇ ਬਰਤਾਨਵੀ ਝੰਡੇ ਥੱਲੇ ਰਹਿੰਦੇ ਸਨ। ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਵਿੱਚ ਸ਼ੁਰੂ ਹੁੰਦਾ ਹੈ ਅਤੇ ਇਨ੍ਹਾਂ ਦੇ ਇਕੱਤਰੀਕਰਨ ਦੀ ਚਾਲ ਉਤੇਜਕ ਰੂਪ ਵਿੱਚ ਮਹਾਂਯੁੱਧ ਤੋਂ ਤਿੰਨ ਦਹਾਕੇ ਪਹਿਲਾਂ ਸ਼ੁਰੂ ਹੁੰਦੀ ਹੈ।"[36]

ਪੰਜਾਬ ਵਿੱਚ ਕਬਜ਼ੇ ਦੇ ਨਾਲ ਹੀ ਬਹੁਤ ਸਾਰੇ ਅੰਗਰੇਜ਼ ਅਧਿਕਾਰੀ, ਮਿਸ਼ਨਰੀ, ਫ਼ੌਜੀ ਅਧਿਕਾਰੀ, ਉਨ੍ਹਾਂ ਦੀਆਂ ਘਰ ਵਾਲੀਆਂ ਤੇ ਧੀਆਂ ਨੇ ਭਾਰਤੀ ਲੋਕਧਾਰਾ ਦੇ ਖੇਤਰ ਵਿੱਚ ਕੰਮ

ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿੱਚ ਫਲੋਰਾ ਐਨੀ ਸਟੀਲ, ਚਾਰਲਸ ਸਵਿਨਰਟਨ, ਰਿਚਰਡ ਕਾਰਨਰ ਟੈਂਪਲ, ਐਚ. ਏ. ਰੋਜ਼, ਡੈਨਜ਼ਿਲ ਇਬਸਟਨ, ਜੀ. ਐੱਸ. ਉਸਬੋਰਨ, ਜੇਮਸ ਐਬੇਟ, ਜੇ. ਵਿਲਸਨ, ਟੀ. ਬੀ. ਬੋਰਨਟੋਨ ਐਡਵਰਡ ਮੈਕਲੇਗਨ, ਸੀ. ਐਫ. ਉਸਬੋਰਨ, ਮੈਕਲਾਉਡ ਅਤੇ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਕੰਮ ਕਰਨਾ ਆਰੰਭ ਕੀਤਾ। ਇਸ ਹਿੱਸੇ ਵਿੱਚ ਅਸੀਂ ਇਨ੍ਹਾਂ ਸਾਰਿਆਂ ਵੱਲੋਂ ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਬਾਰੇ ਜਿਹੜੀਆਂ ਵਿਧੀਆਂ, ਢੰਗ ਜਾਂ ਤਰੀਕਿਆਂ ਨੂੰ ਵਰਤਿਆ ਹੈ, ਉਸ ਬਾਰੇ ਵਿਚਾਰ ਕਰਾਂਗੇ। ਇਨ੍ਹਾਂ ਵਿਦਵਾਨਾਂ ਦੇ ਨਾਲ ਉਨ੍ਹਾਂ ਦੇ ਰਸਾਲਿਆਂ "ਇੰਡੀਅਨ ਐਂਟੀਉਰੀ" ਅਤੇ "ਪੰਜਾਬ ਨੋਟਿਸ ਐਂਡ ਕੁਅਰੀਜ਼" ਦਾ ਜ਼ਿਕਰ ਵੀ ਆਉਂਦਾ ਹੈ, ਜਿਨ੍ਹਾਂ ਰਾਹੀਂ ਪੰਜਾਬ ਦੀ ਲੋਕਧਾਰਾ ਦੇ ਵੱਖ-ਵੱਖ ਰੂਪਾਂ ਨੂੰ ਇਨ੍ਹਾਂ ਰਾਹੀਂ ਪ੍ਰਕਾਸ਼ਿਤ ਕਰ ਕਰਵਾ ਕੇ ਦੂਸਰਿਆਂ ਲੋਕਾਂ ਤੱਕ ਪਹੁੰਚਾਇਆ ਜਾਂਦਾ ਰਿਹਾ ਹੈ।

ਇਕ ਗੱਲ ਤਾਂ ਸਪੱਸ਼ਟ ਹੈ ਕਿ ਇਹ ਸਾਰੀ ਸਮੱਗਰੀ ਲੋਕਾਂ ਕੋਲੋਂ ਇਕੱਤਰ ਕੀਤੀ ਗਈ। ਇਹ ਵੀ ਹੋ ਸਕਦਾ ਹੈ ਕਿ ਇਹ ਕੰਮ ਕਰਨਾ ਉਨ੍ਹਾਂ ਦੀ ਰਾਜਨੀਤਕ ਮਜ਼ਬੂਰੀ ਹੋਵੇ, ਪਰ ਜਿਸ ਲਗਨ ਤੇ ਪਿਆਰ ਨਾਲ ਉਨ੍ਹਾਂ ਇਸ ਕੰਮ ਨੂੰ ਆਰੰਭਿਆ ਤੇ ਨਿਭਾਇਆ, ਉਨ੍ਹਾਂ ਦਾ ਇਸ ਮਜ਼ਬੂਰੀ ਵਿੱਚ ਸ਼ੌਕ ਵੀ ਮਿਲ ਗਿਆ ਨਜ਼ਰ ਆਉਂਦਾ ਹੈ। ਜਿਨ੍ਹਾਂ ਲੋਕਾਂ ਕੋਲੋਂ ਇਸ ਇਕੱਤਰੀਕਰਨ ਦੇ ਕੰਮ ਵਿੱਚ ਸਹਾਇਤਾ ਲਈ, ਉਨ੍ਹਾਂ ਵਿੱਚ ਨੌਕਰ, ਨੌਕਰਾਣੀਆਂ, ਪੇਸ਼ਾਵਰ ਗਾਇਕ ਸਾਧਾਰਨ ਲੋਕ, ਜਿਨ੍ਹਾਂ ਨੂੰ ਪ੍ਰਮਾਤਮਾ ਨੇ ਕੋਈ ਦਾਤ ਬਖਸ਼ੀ ਹੋਵੇ। ਸੁਣਾਉਣ ਦੀ, ਸਥਾਨਕ ਸਿੱਖਿਅਤ ਮੁਨਸ਼ੀ, ਸਥਾਨਕ ਸਿਵਲ ਅਧਿਕਾਰੀ, ਸਥਾਨਕ ਵਿਦਵਾਨ, ਅਧਿਆਪਕ, ਢਾਡੀ, ਭੰਡ, ਮਿਰਾਸੀ, ਜੋਗੀ, ਭਰਾਇਨ ਆਦਿ ਸ਼ਾਮਲ ਹਨ। ਉਨ੍ਹਾਂ ਸਮਿਆਂ ਵਿੱਚ ਰਿਕਾਰਡਿੰਗ ਮਸ਼ੀਨ ਵਰਗੇ ਸਾਧਨ ਉਪਲਬਧ ਨਹੀਂ ਸਨ। ਇਸ ਕਰ ਕੇ ਇਨ੍ਹਾਂ ਵੱਲੋਂ ਸਾਰਾ ਕੰਮ ਹੱਥੀਂ ਲਿਖ ਕੇ ਹੀ ਇਕੱਠਾ ਕੀਤਾ ਜਾਂਦਾ ਸੀ ਜਿਵੇਂ ਕਿ ਚਾਰਲਸ ਸਵਿਨਰਟਨ **ਰੋਮਾਂਟਿਕ ਟੇਲਜ਼ ਫਰਾਮ ਪੰਜਾਬ** ਦੀ ਭੂਮਿਕਾ ਵਿੱਚ ਲਿਖਦਾ ਹੈ "ਇਹ ਵੱਖ-ਵੱਖ ਥਾਵਾਂ ਤੋਂ ਖ਼ਾਲੀ ਸਮੇਂ ਵਿੱਚ ਇਕੱਤਰ ਕੀਤੀਆਂ ਗਈਆਂ ਹਨ ਜਿਵੇਂ ਜ਼ਰੂਰਤ ਹੋਵੇ ਤੇ ਲੋਕ ਸੇਵਾ ਆਗਿਆ ਦੇਵੇ। ਦੋ ਤਿੰਨ ਸਰਦ ਮੌਸਮਾਂ ਅਤੇ ਕਈ ਸਰਦ ਰਾਤਾਂ ਵਿੱਚ ਇਹ ਮਨੋਰੰਜਨ ਕਰਦੀਆਂ ਹਨ। ਦਿਨ ਦਾ ਕੰਮ ਖ਼ਤਮ ਕਰਨ ਮਗਰੋਂ ਤੇ ਰਾਤ ਦਾ ਖਾਣਾ ਖਾਣ ਤੋਂ ਬਾਅਦ ਅਸੀਂ ਆਪਣਾ ਪਾਇਪ ਜਲਾ ਕੇ ਸੁਣਨ ਅਤੇ ਕਾਹਲੀ-ਕਾਹਲੀ ਲਿਖਣ ਲਈ ਬੈਠ ਜਾਂਦੇ, ਜਦੋਂ ਕਿ ਮੁਹੰਮਦ ਨਾਂ ਦਾ ਸਮੂਹ ਜਾਂ ਗਰੁੱਪ ਕਹਾਣੀ ਸੁਣਾਉਣ ਵਾਲੇ ਜ਼ਮੀਨ ਤੇ ਬਦਲੀ ਅੱਗ ਅੱਗੇ ਧਰਨਾ ਮਾਰ ਕੇ ਬੈਠ ਜਾਂਦੇ। ਉਹ ਵੀ ਉੱਨਾ ਹੀ ਆਨੰਦ ਮਾਣ ਰਹੇ ਹੁੰਦੇ, ਜਿੰਨਾ ਕਿ ਅਸੀਂ ਮਾਣਦੇ।"[37]

ਭਾਰਤ ਵਿੱਚ ਪਹਿਲੇ ਕੀਤੇ ਗਏ ਖੇਤਰੀ ਕਾਰਜ "ਓਲਡ ਡੇਕਨ ਡੇਅਜ਼' ਦੀ ਸੰਗ੍ਰਹਿ ਕਰਤਾ ਮੈਰੀ ਫਰੈਰਾ ਜੋ ਕਿ ਬੰਬਈ ਦੇ ਗਵਰਨਰ ਦੀ ਬੇਟੀ ਸੀ। ਆਪਣੀ ਕੰਮ ਕਰਨ ਵਾਲੀ ਆਇਆ, ਜਿਸ ਦਾ ਨਾਂ ਅੱਨਾ ਲਿਬਰੇਟਾ ਡਿਸੂਜਾ ਸੀ ਅਤੇ ਉਹ ਨਵਧਰਮੀ ਇਸਾਈ ਸੀ, ਨੂੰ ਕਹਾਣੀ ਸੁਣਾਉਣ ਲਈ ਕਿਹਾ। ਨਾ ਨੁੱਕਰ ਕਰਨ ਮਗਰੋਂ ਜਦੋਂ ਮੈਰੀ ਨੇ ਫਿਰ ਕਿਹਾ ਤਾਂ ਉਸ ਨੇ ਕਹਾਣੀ ਸੁਣਾਉਣੀ ਸ਼ੁਰੂ ਕੀਤੀ। ਉਸ ਦੇ ਇਕੱਤਰੀਕਰਨ ਬਾਰੇ ਰਿਚਰਡ ਐਮ. ਡਾਰਸਨ ਦੀ ਪੁਸਤਕ ਬ੍ਰਿਟਿਸ਼ ਫੋਕਲੋਰਿਸਟ ਵਿੱਚ ਲਿਖਿਆ ਹੈ ਕਿ "ਮੈਰੀ ਨੇ ਕਿਹਾ ਤੇਰੇ ਬੱਚੇ ਤੇ ਬੱਚਿਆਂ ਦੇ ਬੱਚੇ ਹਨ, ਤੂੰ ਉਨ੍ਹਾਂ ਨੂੰ ਬਹਿਲਾਉਣ ਲਈ ਜ਼ਰੂਰ ਕੁਝ ਸੁਣਾਉਂਦੀ ਹੋਵੇਂਗੀ। ਅੱਨਾ ਨੇ ਵਿਚਾਰ ਮਗਨ ਹੋ ਕੇ ਆਪਣੀ ਯਾਦਦਾਸ਼ਤ ਤੇ ਬਲ ਦੇ ਯਾਦ ਕੀਤਾ ਕਿ ਜਦੋਂ ਉਹ ਗਿਆਰਾਂ ਸਾਲ ਦੀ

ਬੱਚੀ ਸੀ ਤਾਂ ਉਸ ਦੀ ਦਾਦੀ ਮਾਂ ਨੇ ਉਸ ਨੂੰ ਅਦਭੁਤ ਸਾਹਸ-ਪੂਰਨ ਕਹਾਣੀ ਸੁਣਾਈ ਸੀ। ਇਸ ਤਰ੍ਹਾਂ ਆਇਆ ਨੇ ਇਹ ਕਹਾਣੀ ਜਿਹੜੀ 'ਪੁਚਕਿਨ' ਵਿੱਚੋਂ ਸੀ ਅਤੇ ਹੋਰ ਵੀ ਯਾਦ ਕੀਤੀਆਂ। ਉਹ ਫ਼ਰਸ਼ ਤੇ ਚੌਂਕੜੀ ਮਾਰ ਕੇ ਬੈਠ ਗਈ ਅਤੇ ਸੁਣਾਉਂਦੀ ਰਹੀ। ਮੈਰੀ ਨੇ ਨੋਟ ਕੀਤਾ ਅਤੇ ਸੋਧ ਵਾਸਤੇ ਉਸ ਨੂੰ ਦੁਬਾਰਾ ਪੜ੍ਹਿਆ।"[38]

ਖੇਤਰੀ ਕਾਰਜ ਕਰਨ ਦਾ ਹਰ ਖੋਜਾਰਥੀ ਦਾ ਆਪਣਾ-ਆਪਣਾ ਢੰਗ-ਤਰੀਕਾ ਹੁੰਦਾ ਹੈ ਜੋ ਕਿ ਉਸ ਦਾ ਨਿੱਜੀ ਹੁੰਦਾ ਹੈ। ਇਨ੍ਹਾਂ ਅੰਗਰੇਜ਼ ਵਿਦਵਾਨਾਂ ਨੇ ਵੀ ਆਪਣਾ-ਆਪਣਾ ਤਰੀਕਾ ਅਪਨਾਇਆ। ਪਰ ਇਕ ਗੱਲ ਸਪੱਸ਼ਟ ਹੈ ਕਿ ਉਸ ਸਮੇਂ ਦਾ ਖੇਤਰੀ ਕਾਰਜ ਅੱਜ ਨਾਲੋਂ ਕਾਫ਼ੀ ਮੁਸ਼ਕਲ ਸੀ ਕਿਉਂਕਿ ਉਸ ਸਮੇਂ ਸਾਰਾ ਕੁਝ ਖੇਤਰੀ ਕਾਰਜ ਕਰਨ ਵਾਲੇ ਨੂੰ ਹੱਥੀਂ ਨੋਟ ਹੀ ਕਰਨਾ ਪੈਂਦਾ ਸੀ। ਪੰਜਾਬੀ ਲੋਕਧਾਰਾ ਦਾ ਇਕੱਤਰੀਕਰਨ ਕਰਨ ਵਾਲਾ ਅਤੇ ਵਿਦਵਾਨ ਅਫ਼ਸਰ ਆਰ. ਸੀ. ਟੈਂਪਲ ਦੇ ਇਕੱਤਰੀਕਰਨ ਦਾ ਢੰਗ ਵੀ ਨਿਵੇਕਲਾ ਸੀ ਅਤੇ ਉਹ ਇਸ ਬਾਰੇ "ਪੰਜਾਬ ਦੀਆਂ ਲੋਕ-ਗਥਾਵਾਂ" ਦੀ ਪਹਿਲੀ ਜਿਲਦ ਦੀ ਭੂਮਿਕਾ ਵਿੱਚ ਦੱਸਦਾ ਹੈ-"ਰਿਕਾਰਡ ਕਰਨ ਦਾ ਮੇਰਾ ਆਪਣਾ ਢੰਗ ਇਸ ਪ੍ਰਕਾਰ ਹੈ, ਜਦੋਂ ਢਾਡੀ ਨੇ ਇਕ ਵਾਰ ਕਹਿਣਾ ਸ਼ੁਰੂ ਕਰ ਦਿੱਤਾ ਤਾਂ ਉਸ ਨੂੰ ਆਪਣੀ ਸਾਰੀ ਕਵਿਤਾ ਪੂਰੀ ਕਰ ਲੈਣ ਦਿਓ ਅਤੇ ਜੋ ਕੁਝ ਚੰਗਾ ਜਾਂ ਮੰਦਾ ਉਹ ਕਹਿੰਦਾ ਹੈ ਲਿਖੀ ਜਾਓ। ਉਸ ਨੂੰ ਇਸ ਵਾਸਤੇ ਰੋਕਣਾ ਕਿ ਜੋ ਉਸ ਨੇ ਕਿਹਾ ਹੈ ਸਪੱਸ਼ਟ ਕਰੇ ਠੀਕ ਨਹੀਂ। ਉਹ ਥਿੜਕ ਜਾਂਦਾ ਹੈ ਤੇ ਘਬਰਾ ਜਾਂਦਾ ਹੈ ਤੇ ਗੁਸੇ ਹੋਣ ਤੇ ਛੰਦਾਂ ਦਾ ਭੁੱਲ ਜਾਣਾ ਆਵੱਸ਼ਕ ਹੈ। ਕਿਤੇ ਵੀ ਹੋਵੇ, ਇਸ ਤੋਂ ਪਹਿਲਾਂ ਕਿ ਅੱਗੇ ਚੱਲੇ, ਉਸ ਨੂੰ ਮੁੜ ਸੁਣਨਾ ਹੋਵੇਗਾ ਤੇ ਰੋਕਣ ਤੇ ਹਰ ਵਾਰੀ ਕਾਫ਼ੀ ਸਮਾਂ ਨਸ਼ਟ ਹੋਵੇਗਾ। ਇਕ ਢਾਡੀ ਇਕ ਵਾਰੀ ਇਕੋ ਸਮੇਂ 300 ਤੋਂ 400 ਤੱਕ ਲਾਈਨਾਂ ਗਾਵੇਗਾ ਤੇ ਇਸ ਮਗਰੋਂ ਆਰਾਮ ਕਰੇਗਾ ਅਤੇ ਇਤਨਾ ਇਕ ਸਾਧਾਰਨ ਆਦਮੀ ਇਕ ਬੈਠਕ ਵਿੱਚ ਆਸਾਨੀ ਨਾਲ ਲਿਖ ਸਕਦਾ ਹੈ।"[39]

ਇਸ ਤਰ੍ਹਾਂ ਆਰ. ਸੀ. ਟੈਂਪਲ ਸੂਚਕ ਨੂੰ ਵਿੱਚੋਂ ਟੋਕਣ ਦੇ ਹੱਕ ਵਿੱਚ ਨਹੀਂ ਕਿਉਂਕਿ ਇਸ ਤਰ੍ਹਾਂ ਉਹ ਘਬਰਾ ਜਾਵੇਗਾ। ਉਹ ਆਪਣੇ ਅਤੇ ਸੂਚਕ ਦੀ ਪੂਰੀ ਸਹੂਲੀਅਤ ਦਾ ਵੀ ਖ਼ਿਆਲ ਰੱਖਦਾ ਹੈ ਕਿਉਂਕਿ ਸੂਚਕ ਨੂੰ ਥੋੜ੍ਹਾ ਸਮਾਂ ਸੋਚਣ ਦਾ ਵੀ ਦੇਣਾ ਚਾਹੀਦਾ ਹੈ। ਹੱਥੀਂ ਲਿਖਣ ਦੇ ਕਾਰਜ ਨੂੰ ਕਰਨ ਦਾ ਵਧੀਆ ਤਰੀਕਾ ਤਾਂ ਇਹੋ ਹੀ ਹੈ। ਅੰਗਰੇਜ਼ਾਂ ਵਲੋਂ ਅਜਿਹੇ ਮੌਕਿਆਂ ਦਾ ਪ੍ਰਬੰਧ ਵੀ ਕਰ ਲਿਆ ਜਾਂਦਾ ਸੀ ਕਿ ਜਿਸ ਵਿੱਚ ਪ੍ਰਾਹੁਣਿਆਂ ਦਾ ਮਨੋਰੰਜਨ ਵੀ ਹੋ ਜਾਵੇ ਤੇ ਇਕੱਤਰੀਕਰਨ ਦਾ ਕਾਰਜ ਵੀ ਚਲਦਾ ਰਹੇ। ਇਸ ਤਰ੍ਹਾਂ ਬਿਨਾਂ ਸਮਾਂ ਗੁਆਇਆਂ ਉਹ ਇਹ ਕੰਮ ਕਰਦੇ ਰਹੇ, ਇਸ ਦੀ ਉਦਾਹਰਣ ਸਾਨੂੰ ਰੈਵਰਨਡ ਚਾਰਲਸ ਸਵੀਨਰਟਨ ਵੱਲੋਂ "ਪੰਜਾਬ ਹੀਰੋ ਰਾਜਾ ਰਸਾਲੂ" ਦੀ ਭੂਮਿਕਾ ਵਿੱਚ ਮਿਲਦੀ ਹੈ। ਉਹ ਦੱਸਦਾ ਹੈ ਕਿ "ਉਸ ਰਾਤ ਭੋਜਨ ਕਰਨ ਤੋਂ ਬਾਅਦ ਗਾਜ਼ੀ ਤੋਂ ਆਏ ਆਪਣੇ ਵਧੀਆ ਪ੍ਰਾਹੁਣੇ ਟੀ. ਐਲ. ਬਾਰਲੋ ਨਾਲ ਅਸੀਂ ਬਰਾਬਰ ਬੈਠ ਗਏ ਅਤੇ ਅੱਗ ਬਾਲ ਲਈ ਕਿਉਂਕਿ ਰਾਤ ਬੜੀ ਠੰਡੀ ਸੀ ਅਤੇ ਆਪਣੇ argumentative guide ਨੂੰ ਸੁਣਿਆ, ਜਿਹੜਾ ਕਿ ਸਾਨੂੰ ਰਾਜਾ ਰਸਾਲੂ ਦੇ ਸਾਹਸ ਭਰਪੂਰ ਕਾਰਨਾਮਿਆਂ ਨੂੰ ਸੁਣਾਉਣ ਆਇਆ ਸੀ। ਇਹ ਦੰਤ ਕਥਾ ਸੁਣੀ ਗਈ ਅਤੇ ਅਨੁਵਾਦ ਕੀਤੀ ਗਈ।"[40] ਇਸੇ ਤਰ੍ਹਾਂ ਫਲੋਰਾ ਐਨੀ ਸਟੀਲ ਜਿਸ ਦਾ ਪਤੀ ਇਕ ਮੈਜਿਸਟਰੇਟ ਸੀ। ਉਹ ਲੋਕਧਾਰਾ ਦੇ ਇਕੱਤਰੀਕਰਨ ਵਿੱਚ ਬੜਾ ਮੋਹ ਰੱਖਦੀ ਸੀ ਭਾਵੇਂ ਕਿ ਉਸ ਨੂੰ ਉਹੀ ਕਹਾਣੀਆਂ ਬਾਰ-ਬਾਰ ਸੁਣਨ ਨੂੰ ਮਿਲਦੀਆਂ ਸਨ ਪਰ ਫਿਰ ਵੀ ਹਰ ਵਾਰ ਕੁਝ ਨਵਾਂ ਲੱਭ ਜਾਣ ਦੀ ਆਸ ਨਾਲ ਉਹ ਨਿਰੰਤਰ ਯਤਨ ਕਰਦੀ ਰਹਿੰਦੀ ਸੀ। ਉਹ ਇਹ ਵੀ ਮੰਨਦੀ ਹੈ ਕਿ ਹਰ ਪਿੰਡ ਵਿੱਚ

ਕੋਈ ਨਾ ਕੋਈ ਅਜਿਹਾ ਸੂਚਕ ਹੁੰਦਾ ਹੈ ਜਿਹੜਾ ਕਿ ਤੁਹਾਨੂੰ ਕੋਈ ਐਸੀ ਗੱਲ ਸੁਣਾ ਸਕਦਾ ਹੈ ਜਿਹੜਾ ਕਿ ਆਮ ਕਰ ਕੇ ਕੋਈ ਮੁੰਡਾ ਹੁੰਦਾ ਹੈ। ਉਸ ਦੇ ਇਕੱਤਰੀਕਰਨ ਦੀ ਖ਼ੂਬੀ ਦੱਸਦੀ ਹੈ ਕਿ ਖੇਤਰੀ ਕਾਰਜ ਕਰਨ ਵਾਲਾ ਬੜੇ ਹੌਂਸਲੇ ਦਾ ਮਾਲਕ ਹੋਵੇ, ਕਾਹਲਾ ਨਾ ਪੈਂਦਾ ਹੋਵੇ। ਆਪਣੀ ਪੁਸਤਕ "ਟੇਲਜ਼ ਆਫ਼ ਦਾ ਪੰਜਾਬ" ਦੀ ਭੂਮਿਕਾ ਵਿੱਚ ਉਹ ਲਿਖਦੀ ਹੈ : "ਬਹੁਤ ਉਕਸਾਉਣ ਤੋਂ ਬਾਅਦ ਕੋਈ ਬੱਚਾ ਕਹਾਣੀ ਸ਼ੁਰੂ ਕਰਦਾ, ਦੂਸਰੇ ਉਸ ਦੀ ਵਿਆਖਿਆ ਨੂੰ ਦਰੁਸਤ ਕਰਦੇ, ਉਸ ਨੂੰ ਹਰਾ ਕੇ ਬਰਾਬਰੀ ਦੀ ਰੀਸ ਕਰਦੇ ਅਤੇ ਸੰਗਦੇ। ਅੰਤ ਵਿੱਚ ਕਹਾਣੀ ਕਹਿਣ ਵਾਲੇ ਨੂੰ ਪ੍ਰਵਾਨਗੀ ਦੇ ਜੈਕਾਰੇ ਨਾਲ ਅੱਗੇ ਲਿਆਂਦਾ ਜਾਂਦਾ। ਹਰ ਪਿੰਡ ਵਿੱਚ ਹਮੇਸ਼ਾ ਇਕ ਕਹਾਣੀ ਕਹਿਣ ਵਾਲਾ ਸਿਆਣਾ ਹੁੰਦਾ, ਜਿਹੜਾ ਕਿ ਆਮ ਕਰ ਕੇ ਮੁੰਡਾ ਹੁੰਦਾ।"[49]

ਲੋਕਧਾਰਾ ਦੇ ਇਨ੍ਹਾਂ ਪ੍ਰੇਮੀਆਂ ਨੇ ਆਪਣੇ-ਆਪਣੇ ਖੇਤਰ ਵਿਚ ਜਨੂੰਨ ਦੀ ਹੱਦ ਤੱਕ ਕੰਮ ਕੀਤਾ। ਹਰ ਮੇਲਾ, ਮਸਾਦ, ਤਿਉਹਾਰ, ਇਕੱਠ ਜਿਥੇ ਇਨ੍ਹਾਂ ਨੂੰ ਲੱਗਦਾ ਸੀ ਕਿ ਲੋਕਧਾਰਾ ਦੀ ਕਿਸੇ ਰੂਪ ਦੀ ਸਮੱਗਰੀ ਪ੍ਰਾਪਤ ਹੋ ਸਕਦੀ ਹੈ। ਨਿੱਜੀ ਤੌਰ 'ਤੇ ਜਾਂ ਕਿਸੇ ਹੋਰ ਰਾਹੀਂ ਪਹੁੰਚ ਕੀਤੀ। ਇਥੋਂ ਤੱਕ ਕਿ ਗਾਇਕਾਂ ਦਾ ਪਤਾ ਲਾਉਣ ਲਈ ਵੀ ਉਚੇਚੇ ਯਤਨ ਕਰ ਕੇ, ਮਿਲ ਕੇ ਉਨ੍ਹਾਂ ਨੂੰ ਪ੍ਰੇਰਿਆ ਤੇ ਉਨ੍ਹਾਂ ਪਾਸੋਂ ਇਹ ਕੀਮਤੀ ਖ਼ਜ਼ਾਨਾ ਰਿਕਾਰਡ ਕਰਵਾਇਆ। ਮੌਸਮਾਂ ਦੀ ਪ੍ਰਵਾਹ ਕੀਤੇ ਬਿਨਾਂ ਇਨ੍ਹਾਂ ਪੇਸ਼ਾਵਰ ਗਾਇਕਾਂ ਅਤੇ ਦੂਸਰੇ ਲੋਕਾਂ ਨਾਲ ਸੰਪਰਕ ਕਾਇਮ ਕੀਤਾ। ਪੰਜਾਬੀ ਲੋਕਧਾਰਾ ਦੇ ਸੰਬੰਧ ਵਿੱਚ ਤਾਂ ਆਰ. ਸੀ. ਟੈਂਪਲ ਦੀ ਪੰਜਾਬ ਦੀਆਂ ਲੋਕ-ਗਾਥਾਵਾਂ ਦੀ ਪਹਿਲੀ ਜਿਲਦ ਦੀ ਭੂਮਿਕਾ ਵਿੱਚ ਉਨ੍ਹਾਂ ਦੇ ਇਕੱਤਰੀਕਰਨ ਤੇ ਇਸ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਤੇ ਕੰਮ ਕਰਨ ਦਾ ਢੰਗ-ਤਰੀਕਾ ਵੇਖਿਆ ਜਾ ਸਕਦਾ ਹੈ। ਉਹ ਲਿਖਦਾ ਹੈ ਕਿ, "ਮੈਂ ਤਿਉਹਾਰਾਂ ਤੇ ਮੇਲਿਆਂ ਅਤੇ ਜਗ੍ਰਾਵਾਂ ਅਤੇ ਵਿਆਹਾਂ ਅਤੇ ਸਵਾਗਾਂ ਅਤੇ ਮੰਦਰਾਂ ਅਸਲ ਵਿੱਚ ਉਹ ਸਾਰੇ ਅਜਿਹੇ ਸਥਾਨਾਂ ਤੇ ਸਮਿਆਂ ਤੇ ਗਿਆ, ਜਿਥੇ ਕਿਸੇ ਢਾਡੀ ਦੇ ਆਉਣ ਦੀ ਸੰਭਾਵਨਾ ਹੁੰਦੀ ਅਤੇ ਕਲਾਕਾਰਾਂ ਨਾਲ ਗੱਲਬਾਤ ਕੀਤੀ ਕਿ ਉਹ ਮੇਰੀ ਨਿੱਜੀ ਹਿੱਤ ਗਾਉਣ ਅਤੇ ਇਸ ਵਿੱਚ ਮੈਂ ਸਫ਼ਲ ਰਿਹਾ। ਅਜਿਹੇ ਕੇਸ ਵੀ ਮੈਨੂੰ ਪੇਸ਼ ਆਏ, ਜਿਹੜੇ ਅਜਿਹੇ ਮੌਕਿਆਂ ਤੇ ਹੁੰਦੇ ਝਗੜਿਆਂ ਵਿੱਚ ਵੱਟ ਗਏ ਅਤੇ ਮੈਂ ਉਨ੍ਹਾਂ ਗਾਇਕਾਂ ਦਾ ਜੋ ਮੇਜ਼ਬਾਨ ਸਨ, ਉਨ੍ਹਾਂ ਰਾਹੀਂ ਪਤਾ ਲਾਉਣ ਤੇ ਉਨ੍ਹਾਂ ਰਾਹੀਂ ਗਾਇਕ ਨੂੰ ਪ੍ਰੇਰਨ, ਕੀ ਉਹ ਮੇਰੇ ਲਈ ਗਾਵੇ ਅਤੇ ਕਈ ਵਾਰ ਕਿਸੇ ਸਵਾਂਗ ਦੇ ਪੜ੍ਹੇ-ਲਿਖੇ ਕਲਾਕਾਰ ਦੀ ਸੂਰਤ ਵਿੱਚ ਉਸ ਨੂੰ ਆਪਣੇ ਨਾਟਕ ਦੀ ਆਪਣੀ ਨਿੱਜੀ, ਹੱਥ ਲਿਖਤ ਜਾਂ ਕਾਪੀ ਮੈਨੂੰ ਦੇਣ ਲਈ ਪ੍ਰੇਰਨ ਵਿੱਚ ਸਫ਼ਲ ਹੋਇਆ। ਮੈਂ ਗਰਮੀ ਦੇ ਮੌਸਮ ਵਿੱਚ ਅਚਾਨਕ ਹੀ ਫਿਰਦੇ-ਤੁਰਦੇ ਜੋਗੀ, ਮਰਾਸੀ ਤੇ ਭਰਾਇਨ ਤੇ ਹੋਰ ਅਜਿਹੇ ਲੋਕਾਂ ਨੂੰ ਗਲੀਆਂ ਤੇ ਸੜਕਾਂ ਵਿੱਚ ਮਿਲਿਆ ਅਤੇ ਉਨ੍ਹਾਂ ਨੂੰ ਠਹਰਾਇਆ ਅਤੇ ਉਚਿਤ ਸਮੇਂ ਤੇ ਜੋ ਉਨ੍ਹਾਂ ਨੂੰ ਪਤਾ ਸੀ, ਉਹ ਉਨ੍ਹਾਂ ਪਾਸੋਂ ਦੁਹਰਾਇਆ।"[42]

ਟੈਂਪਲ ਵੱਲੋਂ ਸੂਚਕ ਨੂੰ ਲੱਭਣ ਤੇ ਉਸ ਨੂੰ ਪ੍ਰੇਰਨ ਦੀ ਗੱਲ ਸਪੱਸ਼ਟ ਕਰਦੀ ਹੈ ਕਿ ਉਨ੍ਹਾਂ ਨੇ ਇਕੱਤਰੀਕਰਨ ਦੇ ਕੰਮ ਨੂੰ ਬੜੀ ਲਗਨ ਨਾਲ ਨਿਭਾਇਆ। ਉਨ੍ਹਾਂ ਨੇ ਇਹ ਸਾਰੇ ਕਾਰਜ ਨੂੰ ਨਿੱਜੀ ਸਮਝ ਕੇ ਨਿਭਾਇਆ। ਸੂਚਕਾਂ ਨੂੰ ਲੱਭਣ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ। ਉਹ ਲਿਖਦਾ ਹੈ ਕਿ ਹਰ ਦੇਸੀ ਅਮੀਰ ਵਜ਼ੀਰ ਜਾਂ ਅਜਿਹੇ ਵਿਅਕਤੀ ਜਿਹੜੇ ਉਸ ਦੀ ਮਦਦ ਕਰ ਸਕਦੇ ਸਨ। ਉਨ੍ਹਾਂ ਰਾਹੀਂ ਸੰਪਰਕ ਕਰ ਕੇ ਆਪਣਾ ਕੰਮ ਕਰਵਾਇਆ। "ਹਰ ਤਰ੍ਹਾਂ ਦੇ ਵਿਅਕਤੀਆਂ ਕਾਲੇ ਜਾਂ ਗੋਰੇ ਜਿਹੜੇ ਮਦਦ ਕਰ ਸਕਦੇ ਸਨ, ਨਾਲ ਨਿੱਜੀ ਮੁਲਾਕਾਤਾਂ ਅਤੇ ਚਿੱਠੀ-ਪੱਤਰ ਰਾਹੀਂ ਮੈਨੂੰ ਬਹੁਤ ਕੁਝ ਪ੍ਰਾਪਤ ਹੋਇਆ ਅਤੇ ਮੈਂ ਇਸ ਮੌਕੇ ਦਾ ਲਾਭ

ਉਠਾਉਂਦਿਆਂ ਹੋਇਆਂ ਉਨ੍ਹਾਂ ਲਈ ਸਦਾ ਹੀ ਮੇਰੇ ਲਈ ਵਿਖਾਏ ਸ਼ਿਸ਼ਟਾਚਾਰ ਲਈ ਧੰਨਵਾਦ ਪ੍ਰਗਟ ਕਰਦਾ ਹਾਂ।"[43]

ਸਪੱਸ਼ਟ ਹੈ ਕਿ ਉਨ੍ਹਾਂ ਆਪਣੇ ਇਸ ਖੇਤਰੀ ਕਾਰਜ ਲਈ ਜਿੱਥੋਂ ਕਿਤੋਂ ਵੀ ਮਦਦ ਮਿਲ ਸਕਦੀ ਸੀ। ਦੇਸੀ, ਵਿਦੇਸ਼ੀ, ਅਮੀਰ ਗ਼ਰੀਬ ਹਰ ਤਰ੍ਹਾਂ ਦੀ ਉਮਰ, ਲਿੰਗ, ਜਾਤ ਅਤੇ ਧਰਮ ਦੇ ਲੋਕਾਂ ਕੋਲੋਂ ਆਪਣੇ ਕੰਮ ਨੂੰ ਅੱਗੇ ਤੋਰਨ ਵਿੱਚ ਸਹਾਇਤਾ ਪ੍ਰਾਪਤ ਕੀਤੀ। ਮੁਲਾਕਾਤਾਂ ਤੇ ਚਿੱਠੀ-ਪੱਤਰ ਰਾਹੀਂ ਵੀ ਜਿੱਥੇ ਕਿਤੇ ਕੁਝ ਮਿਲਣ ਦੀ ਜਾਂ ਸੂਚਕ ਨਾਲ ਸੰਪਰਕ ਕਰਨ ਦੀ ਸੰਭਾਵਨਾ ਨਜ਼ਰ ਆਉਂਦੀ, ਨਿੱਜੀ ਪਹੁੰਚ ਕਰ ਕੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ। ਲੋਕਧਾਰਾ ਦੇ ਇਕੱਤਰੀਕਰਨ ਦਾ ਕੰਮ ਜਦੋਂ ਜਨੂੰਨ ਦੀ ਹੱਦ ਵਾਂਗ ਵਧਣ ਲੱਗਾ ਤਾਂ ਇਨ੍ਹਾਂ ਵੱਲੋਂ ਕਿੱਧਰੇ ਕੋਈ ਵੀ ਚੀਜ਼ ਜਿਹੜੀ ਇਨ੍ਹਾਂ ਦੇ ਕੰਮ ਆ ਸਕਦੀ ਸੀ, ਇਕੱਤਰ ਕਰਨ ਦੀ ਕੋਸ਼ਿਸ਼ ਜਾਰੀ ਰੱਖੀ। ਇਬਸਟਨ ਵਰਗੇ ਪ੍ਰਬੰਧਕਾਂ ਨੇ ਉਨ੍ਹਾਂ ਸਾਰਿਆਂ ਨੂੰ ਜਿਹੜੇ ਉਸ ਦੇ ਥੱਲੇ ਕੰਮ ਕਰਦੇ ਸਨ, ਪੱਤਰ ਲਿਖਿਆ ਕਿ ਤੁਸੀਂ ਕਿਵੇਂ ਸਮੱਗਰੀ ਇਕੱਤਰ ਕਰਨੀ ਹੈ ਅਤੇ ਕਿਵੇਂ ਮੇਰੇ ਤੱਕ ਪਹੁੰਚਾਉਣੀ ਹੈ। 1882-83 ਵਿੱਚ ਉਸ ਦਾ ਇਹ ਪੱਤਰ ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ ਦੀ ਪ੍ਰੋਸੀਡਿੰਗ ਵਿੱਚ ਛਪਿਆ, ਉਸ ਵਿੱਚ ਉਹ ਲਿਖਦਾ ਹੈ, "ਮੈਂ ਤੁਹਾਡੇ ਕੋਲੋਂ ਕੀ ਚਾਹੁੰਦਾ ਹਾਂ ਕਿ ਜਦੋਂ ਕਦੇ ਤੁਸੀਂ ਕਿਸੇ ਵਧੀਆ ਤੱਥ ਤੋਂ ਜਾਣੂੰ ਹੋਵੇ ਜਿਹੜਾ ਕਿਸੇ ਜਾਤ ਜਾਂ ਕਬੀਲੇ ਦਾ ਰਿਵਾਜ ਹੋਵੇ, ਉਸ ਦਾ ਰਫ਼ ਨੋਟ ਬਣਾ ਲਵੋ, ਉਸੇ ਸਮੇਂ ਉਸੇ ਘੜੀ ਇਸ ਤੋਂ ਪਹਿਲਾਂ ਕਿ ਇਹ ਭੁੱਲ ਜਾਵੇ ਮੈਨੂੰ ਭੇਜ ਦਿਉ। ਇਸ ਦੀ ਪ੍ਰਵਾਹ ਨਾ ਕਰੋ ਕਿ ਨੋਟ ਕਿਸ ਤਰ੍ਹਾਂ ਦਾ ਹੈ ਪਰ ਇਹ ਹਰ ਜਾਤ ਜਾਂ ਕਬੀਲੇ ਦਾ ਵੱਖਰਾ-ਵੱਖਰਾ ਹੋਵੇ ਅਤੇ ਜੇਕਰ ਹੋ ਸਕੇ ਤਾਂ ਕਾਗ਼ਜ਼ ਦੇ ਵੱਖਰੇ-ਵੱਖਰੇ ਟੁਕੜਿਆਂ ਤੇ ਬਣਾਉ। ਇਸ ਦੀ ਪ੍ਰਵਾਹ ਨਹੀਂ ਕਿ ਤੁਸੀਂ ਕਿੱਡੀ ਭੱਦੀ ਕਹਾਣੀ ਸੁਣਾ ਰਹੇ ਹੋ ਅਤੇ ਪ੍ਰਤੱਖ ਤੌਰ 'ਤੇ ਇਹ ਕਿੰਨਾ ਘਟਿਆ ਪਿਸਿਆ ਸੱਚ ਇਕੱਤਰ ਕੀਤਾ ਗਿਆ ਹੈ। ਜਾਤ ਦੀਆਂ ਦੰਤ ਕਥਾਵਾਂ ਵਿੱਚ ਆਮ ਕਰ ਕੇ ਬੁਨਿਆਦੀ ਸੱਚ ਹੁੰਦਾ ਹੈ ਜਿਹੜਾ ਅਕਸਰ ਇਕ ਕਹਾਣੀ ਨੂੰ ਤੁਲਨਾ ਕਰਦਿਆਂ ਖ਼ਤਮ ਕਰ ਦਿੱਤਾ ਜਾਂਦਾ ਹੈ, ਜਿਹੜਾ ਕਿ ਵੱਖ-ਵੱਖ ਸਾਧਨਾਂ 'ਚੋਂ ਨਿਕਾਸ ਕਰਦਾ ਹੈ ਅਤੇ ਇਕ ਆਜ਼ਾਦ ਪੁਸ਼ਟੀ ਜਿਹੜੀ ਕਿਸੇ ਛੋਟੀ ਜਿਹੀ ਗੱਲ ਦੀ ਹੁੰਦੀ ਹੈ, ਬੜੀ ਕੀਮਤੀ ਹੁੰਦੀ ਹੈ।"[44]

ਜਿਵੇਂ ਕਿ ਅਸੀਂ ਪਹਿਲਾਂ ਵੀ ਕਿਹਾ ਸੀ ਕਿ ਖੇਤਰੀ ਕਾਰਜ ਦੇ ਖੋਜਾਰਥੀ ਦੀ ਹਾਲਤ ਸ਼ਿਕਾਰੀ ਵਰਗੀ ਹੁੰਦੀ ਹੈ, ਸ਼ਿਕਾਰ ਮਿਲਦਾ ਹੈ ਨਹੀਂ ਮਿਲਦਾ ਕਦੋਂ ਤੇ ਕਿੱਥੇ ਮਿਲਦਾ ਹੈ ਪਰ ਯਤਨ ਨਿਰੰਤਰ ਜਾਰੀ ਰੱਖਣਾ ਪੈਂਦਾ ਹੈ। ਇਨ੍ਹਾਂ ਵਿਦਵਾਨ ਖੋਜੀਆਂ ਨੇ ਵੀ ਹਰ ਪੱਧਰ ਤੇ ਪਹੁੰਚ ਬਣਾ ਕੇ ਇਸ ਕੀਮਤੀ ਤੇ ਅਲੋਪ ਹੋ ਰਹੇ ਖ਼ਜ਼ਾਨੇ ਨੂੰ ਇਕੱਤਰ ਕੀਤਾ। ਉਨ੍ਹਾਂ ਨੂੰ ਪੰਜਾਬ ਦਾ ਹਰ ਵਸਨੀਕ ਤਿਉਹਾਰ, ਮੇਲਾ, ਇਕੱਠ, ਲੋਕਧਾਰਾ ਦੀ ਤਸਵੀਰ ਨਜ਼ਰ ਆਉਣ ਲੱਗਾ। ਉਹ ਜਿੱਧਰ-ਕਿਧਰੇ ਵੀ ਜਾਂਦੇ, ਅਜਿਹੀ ਸਮੱਗਰੀ ਦੀ ਤਾਕ ਵਿੱਚ ਲੱਗੇ ਰਹਿੰਦੇ। ਸਾਡੇ ਬੋਲਚਾਲ ਦੀ ਸੁਭਾਵਿਕ ਭਾਸ਼ਾ ਵਿੱਚ ਵੀ ਉਹ ਆਪਣੇ ਕੰਮ ਦੀ ਚੀਜ਼ ਲੱਭਣ ਤੇ ਨੋਟ ਕਰਨ ਤੋਂ ਨਾ ਹਿਚਕਿਚਾਉਂਦੇ। ਕਸ਼ਮੀਰ ਦੀਆਂ ਕਹਾਵਤਾਂ ਤੇ ਮੁਹਾਵਰੇ ਇਕੱਠੇ ਕਰਨ ਵਾਲਾ ਪਾਦਰੀ ਜੇ. ਹਿਨਟਨ ਇਸ ਬਾਰੇ ਆਖਦਾ ਹੈ ਕਿ "ਕਿਸੇ ਵੇਲੇ ਮਹਾਨ ਵਿਦਵਾਨ, ਪੰਡਿਤ ਸੁਭਾਵਿਕ ਤੌਰ 'ਤੇ ਹੀ ਕੋਈ ਮੁਹਾਵਰਾ, ਅਖਾਣ, ਕਹਾਵਤ ਕਹਿ ਦਿੰਦੇ ਅਤੇ ਕਦੇ ਨਾਈ ਇਕ-ਦੋ ਗੱਲਾਂ ਕਰਦਾ ਜਿਵੇਂ ਸਿਰ ਰੋਡਾ ਕਰ ਗਿਆ ਅਤੇ ਕਿਸੇ ਵੇਲੇ ਕੋਈ ਭਾਰ ਚੁੱਕਣ ਵਾਲਾ ਕੁਲੀ ਬਹੁਤ ਪਤੇ ਦੀ ਗੱਲ ਕਰਦਾ ਜਿਵੇਂ ਮੇਰਾ ਭਾਰ ਚੁੱਕ ਕੇ ਮੇਰੇ ਅੱਗੇ ਅੱਗੇ ਪੈਦਲ ਚਲਦਾ ਹੋਵੇ।"[45] ਇਸੇ ਤਰ੍ਹਾਂ ਤੁਰਦਿਆਂ-ਫਿਰਦਿਆਂ ਕੰਮ ਦੀ ਮਸ਼ਰੂਫ਼ੀਅਤ ਵਿੱਚ ਵੀ ਉਹ ਕੋਈ ਨਾ ਕੋਈ ਅਜਿਹੀ

ਸਮੱਗਰੀ ਲੱਭ ਹੀ ਲੈਂਦੇ ਜਿਵੇਂ ਹੀਰ, ਰਾਂਝੇ ਦੀ ਕਹਾਣੀ ਚਾਰਲਸ ਸਵਿਨਰਟਨ ਜਿਹੜਾ ਕਿ ਇਕ ਪਾਦਰੀ ਸੀ। ਡਮਟੋਰ ਜਿਹੜਾ ਕਿ ਐਬਟਾਬਾਦ ਦੇ ਵਸਨੀਕ ਹੈ, ਉਥੋਂ ਲੱਭੀ ਇਸ ਦੀ ਖੋਜ ਬਾਰੇ ਉਹ ਦੱਸਦਾ ਹੈ ਕਿ "ਮੈਂ ਘੋੜੇ 'ਤੇ ਜਾ ਰਿਹਾ ਸਾਂ ਤੇ ਉੱਚੀਆਂ-ਨੀਵੀਆਂ ਪਹਾੜੀਆਂ ਤੋਂ ਬਾਅਦ ਉਹ ਡਮੋਟਰ ਨੂੰ ਮੁੜਿਆ। ਅਸਲ਼ ਵਿੱਚ ਉਹ ਸਿੱਕਿਆਂ ਦੀ ਭਾਲ ਕਰ ਰਿਹਾ ਸੀ ਪਰ ਪਿੰਡ ਵਿੱਚ ਉਸ ਨੇ ਇਕ ਇਕੱਠ ਵੇਖਿਆ, ਉਸ ਦੀ ਉਤਸੁਕਤਾ ਵਧੀ ਤਾਂ ਉਸ ਨੇ ਉਥੇ ਪੇਸ਼ਾਵਰ ਢਾਡੀ ਨੂੰ ਸੁਣਿਆ, ਜਿਹੜਾ ਕਿ ਲੋਕਾਂ ਨੂੰ ਆਪਣੇ ਗੀਤਾਂ ਨਾਲ ਮੰਤਰ-ਮੁਗਧ ਕਰ ਰਿਹਾ ਸੀ। ਉਹ ਲਿਖਦਾ ਹੈ ਕਿ, "ਮੈ ਜਿਉਂ ਹੀ ਅੱਗੇ ਵਧਿਆ ਮੈਂ ਸੁਰ ਵਿੱਚ ਵੱਜ ਰਹੇ ਟਮ-ਟਮ ਨੂੰ ਸੁਰੰਗੇ ਦੀਆਂ ਤਾਰਾਂ ਨਾਲੋਂ ਪਛਾਣ ਲਿਆ ਅਤੇ ਫਿਰ ਉੱਚੀ ਅਵਾਜ਼ ਵਿੱਚ ਗਾ ਰਹੇ ਕਿਸੇ ਪੇਸ਼ਾਵਰ ਢਾਡੀ ਨੂੰ। ਮੈਨੂੰ ਇਹ ਵੀ ਪਤਾ ਚੱਲਿਆ ਕਿ ਇਹ ਇਕ ਤਿਉਹਾਰ ਹੈ।...ਅਤੇ ਜਦੋਂ ਮੈਂ ਹੁਜਰਾ ਦੇ ਸਾਹਮਣੇ ਇਕ ਖੁੱਲ੍ਹੇ ਸਥਾਨ 'ਤੇ ਪਹੁੰਚਿਆ ਤਾਂ ਮੈਂ ਉਥੇ ਵਿਆਹ ਵਾਲੇ ਮਹਿਮਾਨਾਂ ਦਾ ਇਕੱਠ ਵੇਖਿਆ। ਸਾਰੇ ਆਦਮੀ ਜਿਹੜੇ ਖੜੇ ਅਤੇ ਪੈਰਾਂ ਭਾਰ ਇਕ ਪਿੱਪਲ ਦੇ ਦਰੱਖਤ ਹੇਠਾਂ ਬੈਠੇ ਸਨ। ਕਾਲੀ ਦਾੜ੍ਹੀ ਵਾਲੇ ਯਾਤਰੀ ਸੰਗੀਤਕਾਰ ਨੂੰ ਸੁਣ ਰਹੇ ਸਨ ਅਤੇ ਉਹ ਸੰਗੀਤਕਾਰ ਸ਼ੇਰ ਮਿਰਜ਼ੇ ਦਾ ਪੁੱਤਰ ਸੀ।"[46]

ਇਥੇ ਹੀ ਉਸ ਨੇ ਹੀਰ ਰਾਂਝੇ ਦੀ ਕਹਾਣੀ ਸੁਣੀ ਤੇ ਰਿਕਾਰਡ ਕੀਤੀ। ਨਾਲ ਹੀ ਇਸੇ ਵਿੱਚ ਹੀ ਪੰਜਾਬੀ ਸਭਿਆਚਾਰ ਵਿੱਚ ਵਿਆਹਾਂ-ਸ਼ਾਦੀਆਂ ਦੀਆਂ ਝਾਕੀਆਂ ਅਤੇ ਗਾਉਣ ਵਾਲਿਆਂ ਦਾ ਢੰਗ ਤਰੀਕਾ ਵੀ ਦੱਸ ਦਿੱਤਾ ਗਿਆ ਹੈ। ਆਰ. ਸੀ. ਟੈਂਪਲ ਵਰਗੇ ਤਾਂ ਜਿੱਥੇ ਇਸ ਇਕੱਤਰੀਕਰਨ ਦੇ ਕੰਮ ਵਿੱਚ ਰੁੱਝ ਰਹੇ। ਉਥੇ ਇਕੱਤਰੀਕਰਨ ਦਾ ਢੰਗ-ਤਰੀਕੇ ਵੀ ਦੱਸਦੇ ਹਨ ਜਿਵੇਂ ਕਿ "ਕਹਾਣੀ ਰਿਕਾਰਡ ਕਰਨ ਦਾ ਇਕੋ ਇਕ ਤਸੱਲੀਬਖਸ਼ ਢੰਗ ਇਹ ਹੈ ਕਿ ਇਹ ਬਹੁਤ ਸਾਰੇ ਵਿਅਕਤੀਆਂ ਪਾਸੋਂ ਸੁਣੀ ਜਾਵੇ ਅਤੇ ਕੇਵਲ ਉਹ ਹੀ ਰਿਕਾਰਡ ਕੀਤੀ ਜਾਵੇ, ਜਿਹੜੀ ਬਹੁਤ ਪ੍ਰਚੱਲਿਤ ਹੋਵੇ।"[47]

ਇਸੇ ਤਰ੍ਹਾਂ ਜਿਵੇਂ ਕਿ ਬਹੁਤ ਸਾਰੀ ਸਮੱਗਰੀ ਦਾ ਇਕੱਤਰੀਕਰਨ ਵਿਅਕਤੀਗਤ ਪੱਧਰ ਤੇ ਹੋਇਆ। ਜਿਸ ਵਿੱਚ ਖੋਜਾਰਥੀ ਜਾਂ ਇਕੱਤਰੀਕਰਨ ਵਾਲੇ ਦਾ ਆਪਣਾ-ਆਪਣਾ ਢੰਗ-ਤਰੀਕਾ ਰਿਹਾ ਜਿਵੇਂ ਕਿ ਕਈਆਂ ਨੂੰ ਕਈ ਤਰ੍ਹਾਂ ਦੇ ਲਾਲਚਾਂ ਨਾਲ ਪੈਸਾ, ਨਸ਼ਾ, ਪ੍ਰਸ਼ੰਸਾ ਪੱਤਰ ਆਦਿ ਰਾਹੀਂ ਵੀ ਇਕੱਤਰ ਕੀਤਾ ਗਿਆ ਦੱਸਦਾ ਹੈ। "ਭੱਟ, ਮਿਰਾਸੀ, ਭਰਾਇਨ, ਜੋਗੀ ਤੇ ਫ਼ਕੀਰ ਅਤੇ ਇਸ ਤਬਕੇ ਦੇ ਸਾਰੇ ਵਿਅਕਤੀਆਂ ਸੰਬੰਧੀ ਸੱਚਾਈ ਇਹ ਹੈ ਕਿ ਇਹ ਇਕ ਨਿਯਮ ਵਜੋਂ ਹੀ ਹੈ ਕਿ ਇਹ ਸ਼ਰਾਬੀ ਹੁੰਦੇ ਹਨ। ਤਮਾਕੂ, ਅਫ਼ੀਮ ਤੇ ਉਨ੍ਹਾਂ ਦੀਆਂ ਦੈਨਿਕ ਲੋੜਾਂ ਲਈ ਕੁਝ ਖੁਰਾਕ ਅਤੇ ਮੈਂ ਵੇਖਿਆ ਹੈ ਕਿ ਬਹੁਤ ਥੋੜ੍ਹੀ ਜਿਹੀ ਰਕਮ ਭਾਵ ਹਰ ਵੱਖਰੇ ਗੀਤ ਲਈ ਇਕ ਜਾਂ ਦੋ ਰੁਪਏ ਤੇ ਉਨ੍ਹਾਂ ਦੀ ਖ਼ੁਰਾਕ ਤੇ ਜਦੋਂ ਗਾਉਂਦੇ ਹੋਣ ਤਾਂ ਕਾਫ਼ੀ ਸਾਰਾ ਉਨ੍ਹਾਂ ਦਾ ਮਨਪਸੰਦ ਨਸ਼ਾ ਦੇਣ ਨਾਲ ਉਹ ਕਾਫ਼ੀ ਪ੍ਰਸੰਨ ਹੋ ਗਏ ਅਤੇ ਕਈ ਕੇਸਾਂ ਵਿੱਚ ਅਜਿਹੀ ਪ੍ਰੇਰਨਾ ਉਨ੍ਹਾਂ ਦੇ ਹੋਰ ਸਾਥੀਆਂ ਨੂੰ ਮੇਰੇ ਪਾਸ ਭੇਜਣ ਲਈ ਵੀ ਕਾਰਗਰ ਸਾਬਤ ਹੋਈ।"[48]

ਕਈ ਕੇਸਾਂ ਵਿੱਚ ਤਾਂ ਪੈਸਾ, ਨਸ਼ਾ ਤੇ ਇਕ ਪ੍ਰਸੰਸ਼ਾ ਪੱਤਰ ਵੀ ਕਾਫ਼ੀ ਕੰਮ ਦੀ ਚੀਜ਼ ਅੰਗਰੇਜ਼ਾਂ ਦੇ ਇਸ ਇਕੱਤਰੀਕਰਨ ਦੇ ਕੰਮ ਵਿੱਚ ਸਹਾਇਕ ਰਹੀ ਹੈ। ਅੰਗਰੇਜ਼ ਕਿਉਂਕਿ ਹੁਕਮਰਾਨ ਸਨ ਅਤੇ ਲੋਕਧਾਰਾ ਦਾ ਇਕੱਤਰੀਕਰਨ ਉਨ੍ਹਾਂ ਦਾ ਸ਼ੌਕ ਤੇ ਮਜ਼ਬੂਰੀ ਦੋਵੇਂ ਸਨ। ਇਸ ਲਈ ਉਨ੍ਹਾਂ ਵਿਅਕਤੀਗਤ ਤੌਰ ਤੇ ਅਤੇ ਸੰਸਥਾਗਤ ਤੌਰ ਜਾਂ ਸਰਕਾਰੀ ਤੌਰ 'ਤੇ ਵੀ ਅਜਿਹਾ ਕੀਤਾ। ਕਿਸੇ ਨੂੰ ਪੈਸੇ ਦੇ ਕੇ ਇਕੱਤਰੀਕਰਨ ਕਰਾਉਣ ਦੀ ਉਦਾਹਰਣ ਤਾਂ ਸਾਹਮਣੇ ਨਹੀਂ ਆਈ ਪਰ

ਸਰਕਾਰੀ ਤੌਰ ਤੇ ਇਨ੍ਹਾਂ ਦੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਹੋਣਾ ਵੀ ਇਸ ਪੱਧਰ ਤੇ ਸ਼ੱਕ ਦੇ ਘੇਰੇ ਵਿੱਚ ਆਉਂਦਾ ਹੈ ਪਰ ਉਨ੍ਹਾਂ ਵੱਲੋਂ ਵੱਖ-ਵੱਖ ਵਿਅਕਤੀਆਂ (ਸਰਕਾਰੀ ਤੇ ਗ਼ੈਰ-ਸਰਕਾਰੀ) ਦੀਆਂ ਡਿਊਟੀਆਂ ਲਗਾ ਕੇ ਉਨ੍ਹਾਂ ਪਾਸੋਂ ਰਿਪੋਰਟਾਂ ਤਿਆਰ ਕਰਵਾ ਲਈਆਂ। ਜਨਗਣਨਾ ਦੇ ਅੰਕੜਿਆਂ ਨੂੰ ਬਾਅਦ ਵਿੱਚ ਲੋਕਧਾਰਾ ਦੇ ਵੱਖ-ਵੱਖ ਪੱਧਰਾਂ ਲਈ ਵਰਤਿਆ ਗਿਆ। ਜਿਨ੍ਹਾਂ ਵਿੱਚ ਸਰ ਡੈਨਜਿਲ ਇਬਸਟਨ ਦੀ ਗਲਾਸਰੀ ਆਫ ਟਰਾਇਬਪਜ਼ ਅਤੇ ਕਾਸਟਸ ਜਿਹੜੀ ਕਿ ਤਿੰਨ ਜਿਲਦਾਂ ਵਿੱਚ ਮਿਲਦੀ ਹੈ ਅਤੇ ਰਿਚਰਡ ਕਾਰਨੈਕ ਟੈਂਪਲ ਦਾ ਥੀਸਿਸ Proper names of Punjabi's with special reference to the proper names of villagers in the eastern Punjab,1883, ਅਜਿਹੀਆਂ ਇਕੱਤਰ ਕੀਤੀਆਂ ਰਿਪੋਰਟਾਂ ਤੇ ਅਧਾਰਿਤ ਹੈ ਜਿਹੜੀ 1881 ਦੀ ਜਨਗਣਨਾ ਸਮੇਂ ਇਕੱਤਰ ਕੀਤੀ ਗਈ।

ਇਕੱਤਰੀਕਰਨ ਦੇ ਖੇਤਰ ਵਿੱਚ ਉਹ ਆਪਣੀਆਂ ਮਿਸਾਲਾਂ ਆਪ ਸਨ। ਉਨ੍ਹਾਂ ਨੇ ਇਸ ਕਾਰਜ ਲਈ ਉਨ੍ਹਾਂ ਹਰ ਹੀਲਾ ਵਰਤਿਆ, ਜਿਹੜਾ ਇਨ੍ਹਾਂ ਦੇ ਕੰਮ ਆ ਸਕਦਾ ਸੀ। ਉਹ ਤਾਂ ਇਹ ਵੀ ਆਖਦੇ ਹਨ ਕਿ ਪੰਜਾਬੀਆਂ ਨੂੰ ਆਪਣੇ ਇਸ ਕੀਮਤੀ ਤੇ ਗੁਆਚ ਰਹੇ ਖਜ਼ਾਨੇ ਬਾਰੇ ਕੋਈ ਇਲਮ ਨਹੀਂ। ਸੀ. ਐਫ. ਉਸਬੋਰਨ ਆਪਣੀ ਪੁਸਤਕ "ਪੰਜਾਬੀ ਲਿਰਕਸ ਐਂਡ ਪ੍ਰੋਵਰਬਜ਼" ਦੀ ਭੂਮਿਕਾ ਵਿੱਚ ਲਿਖਦਾ ਹੈ ਕਿ ਉਸ ਨੇ ਵਧੀਆ ਕਹਾਣੀ ਲਈ ਇਨਾਮ ਰੱਖਿਆ ਪਰ ਕੋਈ ਅੱਗੇ ਨਹੀਂ ਆਇਆ। "ਮੈਂ ਦੋ ਇਨਾਮ 50 ਰੁਪਏ ਅਤੇ 25 ਰੁਪਏ ਪੰਜਾਬ ਦੇ ਵਧੀਆ ਸਥਾਨਕ ਅਖ਼ਬਾਰ ਵਿੱਚ ਇਸ਼ਤਿਹਾਰ ਵਜੋਂ ਦਿੱਤੇ ਜਿਹੜੇ ਕਿ ਵਧੀਆ ਪੰਜਾਬੀ ਗੀਤ ਲਿਖਣ ਵਾਲੇ ਲਈ ਸਨ ਪਰ ਮੈਨੂੰ ਇਕ ਵੀ ਉੱਤਰ ਇਸ ਦਾ ਪ੍ਰਾਪਤ ਨਹੀਂ ਹੋਇਆ।"[49] ਇਹ ਗੱਲ ਵੀ 1905 ਦੀ ਹੈ। ਅੰਗਰੇਜ਼ਾਂ ਵੱਲੋਂ ਜਿਥੇ ਸਥਾਨਕ ਮੁਨਸ਼ੀਆਂ, ਲੋਕਾਂ, ਅਫ਼ਸਰਾਂ ਆਦਿ ਦੀ ਸਹਾਇਤਾ ਲਈ ਗਈ, ਉਥੇ ਉਨ੍ਹਾਂ ਕੁਝ ਲੋਕਾਂ ਨੂੰ ਤਿਆਰ ਤੇ ਉਤਸ਼ਾਹਿਤ ਵੀ ਕੀਤਾ ਕਿ ਉਹ ਵੀ ਆਪਣੇ ਇਸ ਕੰਮ ਨੂੰ ਸੰਭਾਲਣ ਵਿੱਚ ਯੋਗਦਾਨ ਪਾਉਣ। ਮੁਨਸ਼ੀਆਂ ਦੀ ਟ੍ਰੇਨਿੰਗ ਬਾਰੇ ਤਾਂ ਟੈਂਪਲ ਦੀ ਕਿਤਾਬ ਵਿੱਚੋਂ ਹੀ ਮਿਲਦਾ ਹੈ ਕਿ ਉਹ ਦੱਸਦਾ ਹੈ ਕਿ ਮੇਰੇ ਜਿਹੇ ਮਸ਼ਰੂਫ਼ ਅਫ਼ਸਰ ਲਈ ਅਜਿਹਾ ਸਮਾਂ ਕੱਢਣਾ ਮੁਸ਼ਕਿਲ ਹੈ। ਇਸ ਲਈ ਉਸ ਨੇ ਕੁਝ ਸਥਾਨਕ ਲੋਕਾਂ ਨੂੰ ਤਿਆਰ ਕੀਤਾ ਜਿਹੜੇ ਇਸ ਕੰਮ ਵਿੱਚ ਸਹਾਇਤਾ ਕਰ ਸਕਦੇ ਸਨ। "ਅਸਲ ਵਿੱਚ ਰਿਕਾਰਡ ਦੇ ਕੰਮ ਲਈ ਮੈਂ ਕੁਝ ਮੁਨਸ਼ੀਆਂ ਨੂੰ ਚੰਗੀ ਤਰ੍ਹਾਂ ਸਿਖਲਾਈ ਦਿੱਤੀ, ਜਿਹੜਾ ਕੋਈ ਸੌਖਾ ਕੰਮ ਨਹੀਂ ਸੀ।"[50]

ਉਹ ਆਪ ਰੋਮਨ ਅੱਖਰਾਂ ਵਿੱਚ ਲਿਖ ਕੇ ਇਸ ਦਾ ਅਨੁਵਾਦ ਕਰਦਾ ਸੀ। ਟੈਂਪਲ ਵਰਗਿਆਂ ਤਾਂ ਦੂਸਰੇ ਲੋਕਾਂ ਨੂੰ ਵੀ ਉਤਸ਼ਾਹਿਤ ਕੀਤਾ, ਜਿਨ੍ਹਾਂ ਵਿੱਚ ਪਾਦਰੀ ਲਾਲ ਬਿਹਾਰੀ ਡੇ ਜਿਹੜਾ ਕਿ ਆਪਣੀ ਪੁਸਤਕ "ਫੋਕਟੇਲ ਆਫ਼ ਬੰਗਾਲ" ਦੀ ਭੂਮਿਕਾ ਵਿੱਚ ਆਰ. ਸੀ. ਟੈਂਪਲ ਦੀ ਇਕ ਚਿੱਠੀ ਦਾ ਜ਼ਿਕਰ ਕਰਦਾ ਹੈ ਕਿ "ਆਰ. ਸੀ. ਟੈਂਪਲ ਜਿਹੜਾ ਕਿ ਇਕ ਉੱਚ ਅਧਿਕਾਰੀ ਰਿਚਰਡ ਟੈਂਪਲ ਦਾ ਪੁੱਤਰ ਹੈ, ਨੇ ਮੈਨੂੰ ਪੱਤਰ ਲਿਖਿਆ ਤੇ ਕਿਹਾ, "ਇਹ ਕਿੰਨਾ ਵਧੀਆ ਹੋਵੇਗਾ ਜੇਕਰ ਤੁਸੀਂ ਉਨ੍ਹਾਂ ਅਣਲਿਖਿਤ ਕਹਾਣੀਆਂ ਨੂੰ ਇਕੱਤਰ ਕਰੋ ਜਿਹੜੀਆਂ ਭਾਰਤ ਵਿੱਚ ਸ਼ਾਮ ਦੇ ਸਮੇਂ ਬਜ਼ੁਰਗ ਔਰਤਾਂ ਆਪਣੇ ਬੱਚਿਆਂ ਨੂੰ ਸੁਣਾਉਂਦੀਆਂ ਹਨ।"[51] ਇਹ ਕਿਤਾਬ ਜਿਹੜੀ 1883 ਵਿੱਚ ਪ੍ਰਕਾਸ਼ਤ ਹੋਈ। ਆਰ. ਸੀ. ਟੈਂਪਲ ਨੂੰ ਸਮਰਪਿਤ ਕੀਤੀ ਗਈ ਹੈ, ਜਿਸ ਵਿੱਚ ਦੱਸਿਆ ਹੈ ਕਿ ਇਸ ਨੇ ਭਾਰਤੀ ਲੋਕਧਾਰਾ ਦੇ ਇਕੱਤਰੀਕਰਨ ਵਿੱਚ ਕਿੰਨਾ ਯੋਗਦਾਨ ਪਾਇਆ ਹੈ।

ਉਪਰੋਕਤ ਕੀਤੀ ਸਾਰੀ ਚਰਚਾ ਤੋਂ ਇਕ ਗੱਲ ਤਾਂ ਸਪੱਸ਼ਟ ਹੋ ਗਈ ਹੈ ਕਿ ਅੰਗਰੇਜ਼ਾਂ ਨੇ

ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਉਹ ਇਸ ਗੱਲ ਨੂੰ ਖ਼ੁਦ ਵੀ ਮੰਨਦੇ ਹਨ ਕਿ ਪੰਜਾਬ ਵਿੱਚ ਅਜਿਹੇ ਕੀਮਤੀ ਖ਼ਜ਼ਾਨੇ ਦੀ ਘਾਟ ਨਹੀਂ। ਇਹ ਸਾਰਾ ਕੁਝ ਤਾਂ ਇਨ੍ਹਾਂ ਦੀ ਸਹਿਜ ਜ਼ਿੰਦਗੀ ਵਿੱਚ ਹੀ ਪਿਆ ਹੈ। ਲੋਕ ਕਥਾਵਾਂ ਦੇ ਬਹੁਤਾਤ ਵਿੱਚ ਹੋਣ ਬਾਰੇ ਤਾਂ ਟੈਂਪਲ ਵੀ ਮੰਨਦਾ ਹੈ ਕਿ "ਪੰਜਾਬ ਵਿੱਚ ਲੋਕ-ਕਥਾਵਾਂ ਹਰ ਥਾਂ ਤੇ ਬੇਅੰਤ ਪਾਈਆਂ ਜਾਂਦੀਆਂ ਹਨ। ਤੁਸੀਂ ਹਰ ਪਿੰਡ ਦੇ ਹਰ ਘਰ ਵਿੱਚ ਹਰ ਬਾਲ ਕੇਂਦਰ ਤੇ ਜਨਾਨਖ਼ਾਨਾ ਅਤੇ ਹਰ ਉਸ ਸਥਾਨ ਤੇ ਜਿੱਥੇ ਬੱਚੇ ਤੇ ਜਨਾਨੀਆਂ ਇਕੱਠੀਆਂ ਹੁੰਦੀਆਂ ਹਨ, ਸੁਣ ਸਕਦੇ ਹੋ।"[52]

ਇਸ ਅਥਾਹ ਸਮੁੰਦਰ ਵਿੱਚ ਇਨ੍ਹਾਂ ਖੋਜਾਰਥੀਆਂ ਵੱਲੋਂ ਮੁੱਢਲੇ ਯਤਨਾਂ ਦੀ ਸ਼ਲਾਘਾ ਕਰਨੀ ਬਣਦੀ ਹੈ ਕਿਉਂਕਿ ਇਨ੍ਹਾਂ ਮਸ਼ਰੂਫ਼ੀਅਤ ਦੇ ਬਾਵਜੂਦ ਸਮਾਂ ਕੱਢ ਕੇ ਅਜਿਹੇ ਮੁਸ਼ਕਲ ਕਾਰਜ ਨੂੰ ਨੇਪਰੇ ਚਾੜ੍ਹਨਾ ਕਿਸੇ ਔਖੀ ਘਾਟੀ ਨੂੰ ਸਰ ਕਰਨ ਨਾਲੋਂ ਘੱਟ ਨਹੀਂ। ਅਸੀਂ ਉਨ੍ਹਾਂ ਸਾਰੇ ਤਰੀਕਿਆਂ ਦਾ ਵਰਣਨ ਕੀਤਾ ਹੈ ਜਿਨ੍ਹਾਂ ਨੂੰ ਉਨ੍ਹਾਂ ਵੱਲੋਂ ਇਕੱਤਰੀਕਰਨ ਵੇਲੇ ਵਰਤਿਆ ਗਿਆ। ਖ਼ਾਸ ਕਰ ਕੇ ਜਿਹੜੀ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਏਨੇ ਕਾਰਜ ਨੂੰ ਇਨ੍ਹਾਂ ਆਪਣੇ ਹੱਥੀਂ ਨੋਟ ਕੀਤਾ ਕਿਉਂਕਿ ਮਸ਼ੀਨੀ ਯੰਤਰਾਂ ਜਿਵੇਂ ਕਿ ਕੈਮਰਾ, ਟੇਪ-ਰਿਕਾਰਡਰ ਵਰਗੀਆਂ ਸਹੂਲਤਾਂ ਉਨ੍ਹਾਂ ਕੋਲ ਵੀ ਨਹੀਂ ਸਨ। ਘੰਟਿਆਂ ਬੱਧੀ ਬੈਠੇ ਰਹਿਣਾ, ਸੁਣਨਾ, ਲਿਖਣਾ, ਸੋਧਣਾ ਫਿਰ ਪੇਸ਼ਕਾਰੀ ਉਨ੍ਹਾਂ ਦੀ ਹੀ ਮਹਾਨਤਾ ਹੈ। ਇਥੇ ਮੰਤਵ ਅੰਗਰੇਜ਼ਾਂ ਦਾ ਗੁਣ-ਗਾਇਨ ਨਹੀਂ, ਉਨ੍ਹਾਂ ਦੇ ਕੰਮ ਦੀ ਪ੍ਰਸੰਸਾ ਕਰਨਾ ਹੈ ਜਿਹੜਾ ਉਨ੍ਹਾਂ ਸਾਡੀ ਅਣਗੌਲੀ ਵਿਰਾਸਤ ਨੂੰ ਸੰਭਾਲਣ ਵਿੱਚ ਕੀਤਾ ਹੈ।

**ਸੰਪਾਦਨ:** ਖੇਤਰੀ ਕਾਰਜ ਕਰਨ ਉਪਰੰਤ ਹੀ ਕੰਮ ਸਮਾਪਤ ਨਹੀਂ ਹੋ ਜਾਂਦਾ ਸਗੋਂ ਉਸ ਇਕੱਤਰ ਕੀਤੀ ਸਮੱਗਰੀ ਨੂੰ ਪਾਠਕਾਂ ਤੱਕ ਪਹੁੰਚਾਉਣਾ ਜ਼ਰੂਰੀ ਹੋ ਜਾਂਦਾ ਹੈ। ਇਹ ਕਾਰਜ ਵੀ ਕੋਈ ਸੌਖਾ ਕੰਮ ਨਹੀਂ ਸਗੋਂ ਗੰਭੀਰ, ਸਮਾਂ ਖਪਾਊ, ਅਕਾਊ ਅਤੇ ਬੋਝਲ ਜਿਹੀ ਕਿਸਮ ਦਾ ਕਾਰਜ ਹੈ ਪਰ ਜਿਤਨੀ ਦੇਰ ਤੱਕ ਵਿਅਕਤੀਗਤ, ਯਤਨ ਨਾ ਕੀਤਾ ਜਾਵੇ। ਅਜਿਹਾ ਕਾਰਜ ਨੇਪਰੇ ਨਹੀਂ ਚੜ੍ਹ ਸਕਦਾ। ਮੁਸ਼ਕਲ ਹੋਣ ਦੇ ਬਾਵਜੂਦ ਵੀ ਡਾ. ਅਨੂਪ ਸਿੰਘ ਅਨੁਸਾਰ, "ਇਹ ਕਾਰਜ ਨਿਸ਼ਚੇ ਹੀ ਵਿਅਕਤੀਗਤ ਸੰਤੁਸ਼ਟੀ, ਮਾਨਸਿਕ ਹੁਲਾਰ ਅਤੇ ਸਮਾਜਕ ਪ੍ਰਤਿਸ਼ਠਾ ਪ੍ਰਦਾਨ ਕਰਨ ਵਾਲਾ ਹੈ।"[53] ਇਕੱਤਰੀਕਰਨ ਮਗਰੋਂ ਜੇ ਸੰਪਾਦਨਾ ਦਾ ਕੰਮ ਢਿੱਲਾ ਪੈ ਜਾਵੇ ਤਾਂ ਸਾਰਾ ਕੀਤਾ ਕਾਰਜ ਵਿਅਰਥ ਹੋ ਜਾਂਦਾ ਹੈ। ਇਥੇ ਸੰਪਾਦਕ ਦੇ ਸਿਰ ਤੇ ਸਾਰਾ ਦਾਰੋਮਦਾਰ ਹੁੰਦਾ ਹੈ ਭਾਵੇਂ ਇਕ ਕਾਰਜ ਸਖ਼ਤ ਤੇ ਬੇਲੋੜਾ ਜਾਪਦਾ ਹੈ ਪਰ ਸੰਪਾਦਨ ਦੀ ਨਿੱਜੀ ਯੋਗਤਾ, ਦੂਰ ਅੰਦੇਸ਼ਤਾ, ਨਿਰਣਾਇਕ ਸ਼ਕਤੀ ਵਿਸ਼ੇ ਦੀ ਸਮਝ ਤੇ ਵਿਸ਼ੇ ਤੇ ਪਕੜ ਨਾਲ ਹੋਰ ਵੀ ਜ਼ਰੂਰੀ ਗੁਣ ਹੋਣੇ ਚਾਹੀਦੇ ਹਨ, ਜਿਨ੍ਹਾਂ ਬਾਰੇ ਡਾ. ਅਨੂਪ ਸਿੰਘ ਆਖਦੇ ਹਨ, "ਇਕ ਚੰਗਾ ਸੰਪਾਦਕ ਉਹ ਹੁੰਦਾ ਹੈ ਜਿਸ ਕੋਲ ਆਪਣੀ ਪ੍ਰਕਾਸ਼ਨਾ ਦੀ ਚੋਣ ਲਈ ਪਾਰਖੂ ਦ੍ਰਿਸ਼ਟੀ, ਵਿਸ਼ਾਲ ਕਲਪਨਾ ਅਤੇ ਅੰਤਰੀਵ ਸੋਚ ਸ਼ਕਤੀ ਇਹ ਤਿੰਨੋਂ ਗੁਣ ਮੌਜੂਦ ਹੁੰਦੇ ਹਨ। ਉਸ ਦੀ ਸ਼ਖਸੀਅਤ ਵਿੱਚ ਠਰੰਮਾ, ਸਹਿਣਸ਼ੀਲਤਾ, ਖੁਲ੍ਹਦਿਲੀ, ਨੇਕ ਨੀਤੀ, ਮਿਲਾਪੜਾਪਨ, ਹੁਸ਼ਿਆਰੀ, ਲਗਨ ਅਤੇ ਤੀਖਣ ਵਿਚਾਰ-ਸ਼ਕਤੀ ਵਰਗੇ ਗੁਣ ਵੀ ਹੋਣੇ ਚਾਹੀਦੇ ਹਨ। ਠੀਕ ਅਤੇ ਗ਼ਲਤ ਦਾ ਨਿਖੇੜਾ ਕਰ ਸਕਣ ਦੀ ਸੂਝ ਅਤੇ ਤੁਰੰਤ ਨਿਰਣਾ ਲੈਂਣ ਦੀ ਸ਼ਕਤੀ ਉਸ ਦੀ ਸ਼ਖ਼ਸੀਅਤ ਦੇ ਹੋਰ ਵੀ ਅਵੱਸ਼ਕ ਗੁਣ ਹਨ।"[54] ਸੰਪਾਦਨ ਪ੍ਰਕਿਰਿਆ ਦਾ ਕਾਰਜ ਖੇਤਰ ਵੀ ਬੜਾ ਵਿਸ਼ਾਲ ਹੈ। ਸੰਪਾਦਕ ਤੇ ਪਾਠਕ ਦਾ ਰਿਸ਼ਤਾ ਸੰਪਾਦਕ ਰਾਹੀਂ ਜੁੜਦਾ ਹੈ। ਕਿਸੇ ਲਿਖਤ ਨੂੰ ਪਾਠਕਾਂ ਦੀ ਲੋੜ ਅਤੇ ਸ਼ੌਕ ਜਾ ਰੁਚੀਆਂ ਅਨੁਸਾਰ ਪੇਸ਼ ਕਰਨ ਲੱਗਿਆਂ ਸੰਪਾਦਕ ਦੀ ਚੋਣ ਕਰੇਗਾ ਕਿ ਕਿਹੜੀ ਕਿਰਤ

ਕਿਥੇ ਵਧੀਆ ਢੁਕਦੀ ਹੈ ਕਿਉਂਕਿ ਉਹ ਆਪਣੇ ਉਸ ਕੰਮ ਦਾ ਆਪ ਜ਼ਿੰਮੇਵਾਰ ਹੁੰਦਾ ਹੈ। ਇਹ ਨਿਰਾ ਜੋੜ-ਤੋੜ ਦਾ ਹੀ ਕੰਮ ਨਹੀਂ ਸਗੋਂ ਅਜਿਹਾ ਕਾਰਜ ਹੈ ਜਿਸ ਵਿੱਚ ਸੰਪਾਦਕ ਦੀ ਸੋਚ ਲੇਖਕ ਨਾਲੋਂ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ। ਡਾ. ਅਨੂਪ ਸਿੰਘ ਇਕ ਨੂੰ ਕਲਾ ਨਹੀਂ, ਹੁਨਰ ਮੰਨਦਾ ਹੈ। ਉਹ ਲਿਖਦਾ ਹੈ ਕਿ "ਗਿਆਨ ਹਾਸਲ ਕਰਨ ਨਾਲ ਹੀ ਸੰਜੋਇਆ ਜਾ ਸਕਦਾ ਹੈ। ਵਿਸ਼ੇ ਦਾ ਵਿਸ਼ਾਲ ਗਿਆਨ, ਭਾਸ਼ਾ ਦੀਆਂ ਬਾਰੀਕੀਆਂ, ਵਿਆਕਰਨ ਤੇ ਸ਼ਬਦ ਜੋੜਾਂ ਦੀ ਸੂਝ, ਵਿਸ਼ਰਾਮ ਚਿੰਨ੍ਹਾਂ ਦੀ ਯੋਗ ਵਰਤੋਂ, ਪ੍ਰਕਾਸ਼ਨ ਪ੍ਰਣਾਲੀ ਅਤੇ ਪਰੂਫ਼-ਰੀਡਿੰਗ ਦਾ ਤਕਨੀਕੀ ਗਿਆਨ ਆਦਿ ਅਜਿਹੇ ਗੁਣ ਹਨ ਜੋ ਸੰਪਾਦਕ ਨੂੰ ਇਕ ਹੁਨਰ ਦਾ ਦਰਜਾ ਪ੍ਰਦਾਨ ਕਰਦੇ ਹਨ।"[55]

ਪਰ ਸੰਪਾਦਨ ਇਕ ਕਲਾ ਵੀ ਹੈ ਤੇ ਹੁਨਰ ਵੀ। ਜਿਹੜਾ ਸਿਰਫ਼ ਤੇ ਸਿਰਫ਼ ਅਭਿਆਸ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਕੱਤਰੀਕਰਨ ਤੋਂ ਬਾਅਦ ਅੰਗਰੇਜ਼ਾਂ ਨੇ ਲੋਕਧਾਰਾ ਦੀ ਸਮੱਗਰੀ ਨੂੰ ਰਸਾਲਿਆਂ ਅਤੇ ਪੁਸਤਕਾਂ ਦੇ ਰੂਪ ਵਿੱਚ ਸੰਪਾਦਨ ਕੀਤਾ। ਜਿਥੇ ਪਿੱਛੇ ਅਸੀਂ ਉਨ੍ਹਾਂ ਦੇ ਇਕੱਤਰੀਕਰਨ ਦੀ ਕਹਾਣੀ ਬਿਆਨ ਕੀਤੀ ਹੈ, ਉਥੇ ਉਨ੍ਹਾਂ ਵੱਲੋਂ ਕੀਤੀ ਗਈ ਸੰਪਾਦਨਾ ਬਾਰੇ ਵੀ ਕੁਝ ਗੱਲਾਂ ਕਰਨੀਆਂ ਲਾਜ਼ਮੀ ਹਨ। ਇੰਡੀਅਨ ਐਂਟੀਕੁਆਇ ਅਤੇ ਪੰਜਾਬ ਨੋਟਸ ਐਂਡਕੁਆਇਰੀਜ਼ ਦੇ ਜਨਰਲਾਂ ਵਿੱਚ ਉਨ੍ਹਾਂ ਜਿੱਧਰੋਂ-ਕਿੱਧਰੋਂ ਸਮੱਗਰੀ ਪੰਜਾਬੀ ਲੋਕਧਾਰਾ, ਇਤਿਹਾਸ, ਰਹੁ-ਰੀਤਾਂ, ਭੂਗੋਲ ਆਦਿ ਬਾਰੇ ਮਿਲੀ, ਉਨ੍ਹਾਂ ਉਸ ਵਿੱਚ ਲੋੜੀਂਦੀਆਂ ਸੋਧਾਂ ਕਰ ਕੇ ਛਪਣ ਲਈ ਭੇਜ ਦਿੱਤੀ।

ਭਾਸ਼ਾ ਇਨ੍ਹਾਂ ਦੀ ਪ੍ਰਮੁੱਖ ਸੀਮਾ ਰਹੀ ਅਤੇ ਇਨ੍ਹਾਂ ਮਿਸ਼ਨਰੀਆਂ ਵਾਂਗ ਪਹਿਲਾ ਉਥੋਂ ਦੀ ਭਾਸ਼ਾ ਦਾ ਗਿਆਨ ਹਾਸਲ ਕੀਤਾ। ਰਿਚਰਡ ਟੈਂਪਲ ਵਰਗਾ ਪ੍ਰਸ਼ਾਸਕ ਤਾਂ ਭਾਰਤ ਦੀਆਂ ਕਿਤਨੀਆਂ ਹੀ ਜ਼ੁਬਾਨਾਂ ਜਾਣਦਾ ਸੀ। ਦੂਸਰੇ ਪ੍ਰਸ਼ਾਸਕਾਂ ਅਤੇ ਇਸ ਕੰਮ ਵਿੱਚ ਲੱਗੇ ਵਿਦਵਾਨਾਂ, ਪਾਦਰੀਆਂ ਆਦਿ ਨੂੰ ਭਾਸ਼ਾ ਦੀ ਦਿੱਕਤ ਦੂਰ ਕਰਨ ਦੀ ਗੱਲ ਵੀ ਚੱਲੀ। ਟੈਂਪਲ ਦੇ ਰਿਕਾਰਡ ਕਰਨ ਦੇ ਤਰੀਕੇ ਬਾਰੇ ਪਿੱਛੇ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਉਸ ਨੇ ਕਿਵੇਂ ਮੁਨਸ਼ੀਆਂ ਤੇ ਸਥਾਨਕ ਵਿਦਵਾਨਾਂ ਨੂੰ ਇਸ ਕੰਮ ਲਈ ਤਿਆਰ ਕੀਤਾ, ਜਿਹੜੇ ਰਫ਼ ਨੋਟਸ ਲੈਂਦੇ ਸਨ। ਫਿਰ ਉਸ ਵਿੱਚ ਸੋਧ ਕੀਤੀ ਜਾਂਦੀ ਸੀ ਅਤੇ ਫਿਰ ਉਹ ਸਥਾਨਕ ਭਾਸ਼ਾ ਤੋਂ ਰੋਮਨ ਵਿੱਚ ਅਨੁਵਾਦ ਕਰਦਾ ਸੀ। ਫਿਰ ਇਸ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰ ਕੇ ਛਪਣ ਲਈ ਭੇਜ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਸ਼ੁਰੂ ਦੇ ਪੰਜਾਬੀ ਲੋਕਧਾਰਾ ਦੇ ਸੰਪਾਦਨ ਨੂੰ ਕਾਫ਼ੀ ਪੜ੍ਹਾਵਾਂ ਵਿੱਚੋਂ ਗੁਜ਼ਰਨਾ ਪੈਂਦਾ ਸੀ ਅਤੇ ਹੋ ਸਕਦਾ ਹੈ ਕਿ ਇਸੇ ਹੀ ਪੜਾਅ ਉੱਪਰ ਉਹ ਆਪਣੀ ਮਨਮਰਜ਼ੀ ਨਾਲ ਤਬਦੀਲੀ ਕਰ ਸਕਦੇ ਹੋਣ। **ਦਾ ਲੀਜੰਡਜ਼ ਆਫ਼ ਪੰਜਾਬ** ਵਿੱਚ ਟੈਂਪਲ ਦੱਸਦਾ ਹੈ ਕਿ ਉਸ ਨੇ 118 ਲੋਕ-ਗਾਥਾਵਾਂ ਇਕੱਤਰ ਕੀਤੀਆਂ। ਜਿਨ੍ਹਾਂ ਵਿੱਚੋਂ 58 ਪ੍ਰਕਾਸ਼ਤ ਹੋਈਆਂ।"[56] ਇਸੇ ਸੰਪਾਦਨਾ ਦੇ ਬਾਰੇ ਐਮ. ਡਾਰਸਨ. ਟੈਂਪਲ ਬਾਰੇ ਜ਼ਿਕਰ ਕਰਦਾ ਹੈ ਕਿ "ਟੈਂਪਲ ਕਹਾਣੀਆਂ ਦੀ ਗਿਣਤੀ ਕਰਦਾ ਅਤੇ ਹਰ ਕਹਾਣੀ ਬਾਰੇ ਪੰਨਾ ਨੰਬਰ, ਸਿਰਲੇਖ, ਕਹਾਣੀ ਵਿਚਲੇ ਪਾਤਰ, ਵਿਸ਼ੇ ਦੀ ਰੂਪ ਰੇਖਾ, ਘਟਨਾ ਤੇ ਵਾਪਰਨ, ਦੇ ਹਾਲਾਤ ਅਤੇ ਉਸ ਸੰਗ੍ਰਹਿ ਉੱਤੇ ਇਕ ਟਿੱਪਣੀ ਕਰਦਾ ਕਿ ਕੀ ਇਹ ਮੌਲਿਕ ਜਾਂ ਅਨੁਵਾਦਿਤ ਕੰਮ ਹੈ ਅਤੇ ਇਸ ਵਿੱਚ ਉਹ ਤੱਤ ਮੌਜੂਦ ਹਨ, ਜਿਹੜਾ ਕਥਾਕਾਰ ਅਤੇ ਸਰੋਤੇ ਲਈ ਜ਼ਰੂਰੀ ਹਨ।"[57]

ਅੰਗਰੇਜ਼ਾਂ ਵੱਲੋਂ ਕੀਤੀ ਗਈ ਸੰਪਾਦਨਾ ਸਾਧਾਰਨ ਨਹੀਂ ਸਗੋਂ ਉੱਚ ਪਾਏ ਦੀ ਕਹੀ ਜਾ ਸਕਦੀ ਹੈ। ਡਾ. ਕਰਮਜੀਤ ਸਿੰਘ ਤਾਂ ਉਨ੍ਹਾਂ ਵੱਲੋਂ ਲਿਖੀਆਂ ਗਈਆਂ ਭੂਮਿਕਾਵਾਂ ਤੋਂ ਪ੍ਰਭਾਵਿਤ

ਹੋ ਕੇ ਆਖਦੇ ਹਨ ਕਿ ਜਿੰਨਾ ਕੰਮ ਟੈਂਪਲ ਨੇ ਦੋ ਭੂਮਿਕਾਵਾਂ ਵਿੱਚ ਕੀਤਾ, ਉਨ੍ਹਾਂ ਕੰਮ ਅਸੀਂ ਇਨੇ ਸਮੇਂ ਵਿੱਚ ਨਹੀਂ ਕਰ ਸਕਦੇ।[58] "ਲੋਕਧਾਰਾ ਦੇ ਖੇਤਰ ਵਿੱਚ ਅੰਗਰੇਜ਼ਾਂ ਦੇ ਕੀਤੇ ਕੰਮ ਬਾਰੇ ਐਮ. ਡਾਰਸਨ ਦਾ ਲੇਖ ਪੜ੍ਹਨ ਉਪਰੰਤ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਸੰਪਾਦਨਾ ਦੀ ਕਲਾ ਕਿਸ ਪ੍ਰਕਾਰ ਦੀ ਸੀ। ਜਿਥੇ ਉਹ ਖੇਤਰੀ ਕਾਰਜ ਕਰਦੇ ਸਨ, ਉਥੇ ਕਿਸੇ ਚੀਜ਼ ਬਾਰੇ ਉਹ ਖੇਤਰੀ ਜਾਣਕਾਰੀ ਵੀ ਪ੍ਰਾਪਤ ਕਰਦੇ ਸਨ। ਟੈਂਪਲ, ਸਵਿਨਰਟਨ ਅਤੇ ਐਫ. ਏ. ਸਟੀਲ ਦੀਆਂ ਪੁਸਤਕਾਂ ਦੀ ਭੂਮਿਕਾ ਬੜੀ ਮਹੱਤਵਪੂਰਨ ਹੈ। ਭਾਸ਼ਾ ਵਿਭਾਗ ਵੱਲੋਂ ਇਹ ਭੂਮਿਕਾਵਾਂ ਪਤਾ ਨਹੀਂ ਕਿਉਂ ਗ਼ਾਇਬ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿੱਚ ਉਨ੍ਹਾਂ ਵੱਲੋਂ ਕਈ ਪ੍ਰਕਾਰ ਦੇ ਨੋਟਸ ਦਿੱਤੇ ਜਾਂਦੇ ਸਨ ਜਿਵੇਂ ਜਾਣਕਾਰੀ ਭਰਪੂਰ ਨੋਟਸ, ਸਾਰ ਪੂਰਨ ਨੋਟਸ, ਸੂਚਨਾ ਭਰਪੂਰ ਨੋਟਸ, ਵਿਆਖਿਆਤਮਕ ਨੋਟਸ, ਵਿਦਵਤਾਪੂਰਨ ਨੋਟਸ, ਕਾਫ਼ੀ ਖੁੱਲ੍ਹਾ ਨੋਟਸ ਅਤੇ ਆਪਣੇ ਤਜ਼ਰਬੇ ਤੇ ਭਰਪੂਰ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ। ਉਨ੍ਹਾਂ ਵੱਲੋਂ ਕਿਸੇ ਵਿਸ਼ੇ ਤੇ ਦਿੱਤੀ ਜਾਣਕਾਰੀ ਨਿਬੰਧਾਤਮਕ ਅਤੇ ਨਿਆਂਪੂਰਨ ਜਾਣਕਾਰੀ ਹੁੰਦੀ ਸੀ। ਉਨ੍ਹਾਂ ਵੱਲੋਂ ਕੀਤਾ ਗਿਆ ਵਿਸ਼ਲੇਸ਼ਣ, ਵਿਆਖਿਆਤਮਕ ਟਿੱਪਣੀਆਂ ਪਾਠਕਾਂ ਤੇ ਖੋਜਾਰਥੀਆਂ ਲਈ ਕਾਫ਼ੀ ਮਹੱਤਵ ਰੱਖਦੀਆਂ ਹਨ। ਉਨ੍ਹਾਂ ਦੇ ਤਿਆਰ ਕੀਤੀ ਸਾਹਿਤਕ ਰਚਨਾ ਦੀ ਵਿਆਖਿਆ (annotation) ਅਤੇ appendix ਤੋਂ ਵਿਦਵਾਨਾਂ ਦੇ ਲਾਭ ਉਠਾਇਆ। ਉਸ ਸੁਣਦੇ, ਲਿਖਦੇ, ਸੋਧਦੇ, ਵਿਆਖਿਆਤਮਕ ਟਿੱਪਣੀਆਂ ਕਰਦੇ ਤੇ ਆਲਚਨਾਤਮਕ ਵਿਚਾਰ ਪੇਸ਼ ਕਰਦੇ ਇਹ ਉਨ੍ਹਾਂ ਦੀ ਸਿਰਜਣਾਤਮਕ ਸੰਪਾਦਨਾ ਦੀ ਮੂੰਹ ਬੋਲਦੀ ਤਸਵੀਰ ਹੈ। ਪੰਜਾਬ ਦੀਆਂ ਲੋਕ-ਗਾਥਾਵਾਂ ਦੀ ਪਹਿਲੀ ਤੇ ਦੂਸਰੀ ਜਿਲਦ ਤੋਂ ਬਾਅਦ ਤੀਸਰੀ ਦੇ ਲੇਟ ਹੋਣ ਦਾ ਕਾਰਨ ਵੀ ਇਹੀ ਸੀ ਕਿ ਆਰ. ਸੀ. ਟੈਂਪਲ "ਇੰਡੀਅਨ ਐਂਟੀਕੁਅਰੀ" ਅਤੇ "ਪੰਜਾਬ ਨੋਟਸ ਐਂਡ ਕੁਅਰੀਜ਼" ਦਾ ਸੰਪਾਦਕ ਬਣ ਗਿਆ ਸੀ। ਇਸ ਬਾਰੇ ਡਾਰਸਨ ਦੇ ਲੇਟ ਵਿੱਚ ਹੀ ਲਿਖਿਆ ਹੈ। "ਉਸ ਦਾ ਜ਼ਿਆਦਾ ਸਮਾਂ ਅਤੇ ਕੋਸ਼ਿਸ਼ਾਂ "ਇੰਡੀਅਨ ਐਂਟੀਕੁਅਰੀਜ਼" ਤੇ ਪੰਜਾਬ ਨੋਟਸ ਦੀ ਸੰਪਾਦਨਾ ਵਿੱਚ ਲੱਗ ਗਿਆ, ਜਿਸ ਨੂੰ ਕਿ ਉਸ ਨੇ ਲੇਖਾਂ, ਨੋਟਸਾਂ ਅਤੇ ਪੜਚੋਲਾਂ ਰਾਹੀਂ ਭਰਿਆ ਅਤੇ ਜਿਨ੍ਹਾਂ ਵਿੱਚੋਂ ਜ਼ਿਆਦਾ ਲੋਕਧਾਰਾ ਦਾ ਸੰਬੰਧਿਤ ਸਨ।"[59]

ਅੰਗਰੇਜ਼ਾਂ ਵੱਲੋਂ ਵੱਖ-ਵੱਖ ਧਾਰਨਾਵਾਂ ਰਾਹੀਂ ਲੋਕਧਾਰਾ ਦਾ ਅਧਿਐਨ ਤੇ ਸੰਪਾਦਨ ਕੀਤਾ ਗਿਆ। ਉਨ੍ਹਾਂ ਦਾ ਮਨਸ਼ਾ ਇਸ ਦੀ ਵਿਗਿਆਨਕ ਵਿਆਖਿਆ ਵੱਲ ਵੀ ਰੁਝਿਆ ਰਿਹਾ। ਇਸ ਤਰ੍ਹਾਂ ਉਨ੍ਹਾਂ ਵੱਲੋਂ ਕੀਤਾ ਗਿਆ ਜਿਥੇ ਇਕੱਤਰੀਕਰਨ ਮਹੱਤਵ ਰੱਖਦਾ ਹੈ, ਉਥੇ ਉਨ੍ਹਾਂ ਦੀ ਸੰਪਾਦਨਾ ਅਤੇ ਵਿਸਥਾਰ ਪੂਰਵਕ ਕੀਤਾ ਗਿਆ ਆਲੋਚਨਾਤਮਕ ਅਧਿਐਨ ਪਾਠਕ ਅਤੇ ਖੋਜੀ ਦੋਵਾਂ ਲਈ ਬੜੀ ਅਹਿਮੀਅਤ ਰੱਖਦਾ ਹੈ। ਉਨ੍ਹਾਂ ਦੀ ਇਸ ਘਾਲਣਾ ਦੀ ਸ਼ਲਾਘਾ ਕਰਨੀ ਜ਼ਰੂਰੀ ਬਣਦੀ ਹੈ। ਉਨ੍ਹਾਂ ਦੀ ਸੀਮਾ ਭਾਸ਼ਾ ਤੇ ਭਾਸ਼ਾ ਅੰਦਰਲੇ ਛੁਪੇ ਡੂੰਘੇ ਅਰਥਾਂ ਤੱਕ ਨਾ ਜਾ ਸਕਣਾ ਹੈ ਪਰੰਤੂ ਇਸ ਦੇ ਬਾਵਜੂਦ ਉਨ੍ਹਾਂ ਵੱਲੋਂ ਪੰਜਾਬੀ ਲੋਕਧਾਰਾ ਪ੍ਰਤੀ ਸੁਚੇਤ ਕੀਤਾ ਜਾਣਾ ਹੀ ਆਪਣੇ ਆਪ ਵਿੱਚ ਮਹੱਤਵਪੂਰਨ ਹੈ।

## ਹਵਾਲੇ ਤੇ ਟਿੱਪਣੀਆਂ

1. ਗੁਰਚਰਨ ਸਿੰਘ, ਐਸ. ਐਸ. ਗਾਂਧੀ, ਦਾ ਪੰਜਾਬ, ਪੰਨਾ 1
2. ਪੰਜਾਬ ਦਾ ਇਤਿਹਾਸ, ਪੰਨਾ 2.
3. ਗੰਡਾ ਸਿੰਘ, ਸਿੱਖ ਇਤਿਹਾਸ, ਪੰਨਾ 112.
4. ਉਹੀ, ਪੰਨੇ 106-07.
5. ਗੁਰਚਰਨ ਸਿੰਘ ਤੇ ਐਸ. ਐਸ. ਗਾਂਧੀ, ਦਾ ਪੰਜਾਬ, ਪੰਨਾ 54.
6. ਨਰਿੰਦਰਪਾਲ ਸਿੰਘ, ਪੰਜਾਬ ਦਾ ਇਤਿਹਾਸ, ਪੰਨਾ 100.
7. ਐਨ. ਕੇ. ਸਿਨਹਾ, ਰਣਜੀਤ ਸਿੰਘ, ਪੰਨਾ 33.
8. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ, ਪੰਨਾ 203.
9. ਉਹੀ, ਪੰਨਾ 241.
10. ਕਨਿੰਘਮ. ਏ. ਹਿਸਟਰੀ ਆਫ਼ ਸਿਖਸ, ਪੰਨਾ 279.
11. ਕੇਸਰ ਸਿੰਘ ਕੇਸਰ, ਸਾਹਿਤ ਖੋਜ ਤੇ ਸਾਹਿਤ ਆਲੋਚਨਾ, ਪੰਨਾ 17.
12. ਪਵਿੱਤਰ ਬਾਈਬਲ, ਉਤਪਤ 6, 19, 20, ਪੰਨਾ 7.
13. ਸੁਸੰਨਾ ਜੋਹਨਸਨ ਅਤੇ ਟਿਮ ਬੈਡੋਹ, ਕੁਲੈਕਟਿੰਗ ਪਾਸੀਨੇਟ ਪਾਸਟਾਇਮ, ਭੂਮਿਕਾ, ਪੰਨਾ 13.
14. ਜਸਵਿੰਦਰ ਸਿੰਘ, ਪੰਜਾਬੀ ਲੋਕ ਸਾਹਿਤ ਸ਼ਾਸਤਰ, ਪੰਨਾ 2.
15. ਪਿਆਰ ਸਿੰਘ, ਸਾਹਿਤ ਖੋਜ : ਸੰਕਲਪ ਸਰੂਪ ਤੇ ਖੇਤਰ, ਖੋਜ ਦਰਪਣ, ਜਨਵਰੀ 1974, ਪੰਨਾ 11.
16. ਕੇਸਰ ਸਿੰਘ ਕੇਸਰ, ਸਾਹਿਤ ਖੋਜ ਤੇ ਸਾਹਿਤ ਆਲੋਚਨਾ, ਪੰਨਾ 26.
17. ਉਹੀ, ਪੰਨਾ 26.
18. ਉਹੀ, ਪੰਨਾ 52.
19. ਉਹੀ, ਪੰਨਾ 53.
20. ਬਲਬੀਰ ਸਿੰਘ ਪੂਨੀ (ਸੰਪਾ.), ਲੋਕਧਾਰਾ ਅਧਿਐਨ, ਪੰਨੇ 12 ਤੋਂ 20.
21. ਪਿਆਰ ਸਿੰਘ, ਖੋਜ ਸਿਧਾਂਤ ਤੇ ਵਿਹਾਰ, ਪੰਨਾ 247.
22. ਕੈਨਥ ਐਂਡ ਮੈਰੀ ਕਲਾਰਕ (ਸੰਪਾ.), ਏ ਫੋਕਲੋਰ ਰੀਡਰ,
23. ਇਨਸਾਈਕਲੋਪੀਡੀਆ ਬ੍ਰਿਟੈਨਿਕਾ ਆਫ ਸੋਸ਼ਲ ਸਾਇੰਸਜ਼, ਪੰਨਾ 496-97.
24. ਡਾ. ਪਿਆਰ ਸਿੰਘ, ਖੋਜ ਸਿਧਾਂਤ ਤੇ ਵਿਹਾਰ, ਪੰਨਾ 254.
25. ਬਲਬੀਰ ਸਿੰਘ ਪੂਨੀ (ਸੰਪਾ.), ਲੋਕਧਾਰਾ ਅਧਿਐਨ, ਪੰਨਾ 18.
26. ਡਾ. ਕਰਮਜੀਤ ਸਿੰਘ, ਲੋਕ ਗੀਤਾਂ ਦੀ ਪੈੜ, ਪੰਨਾ 16.

27. ਡਾ. ਸੁਖਪਾਲ ਸਿੰਘ, ਪੰਜਾਬੀ ਲੋਕ ਗਾਥਾਵਾਂ, ਪੰਨਾ 25.
28. ਏ. ਫੋਕਲੋਰ ਰੀਡਰ,
29. ਲੋਕ ਗੀਤਾਂ ਦੀ ਪੈੜ, ਪੰਨਾ 15.
30. ਉਹੀ, ਪੰਨਾ 13.
31. ਪੰਜਾਬ ਦੀਆਂ ਲੋਕ ਗਾਥਾਵਾਂ, ਪੰਨਾ 26.
32. ਲੋਕ ਗੀਤਾਂ ਦੀ ਪੈੜ, ਪੰਨਾ 52.
33. ਸੁਖਪਾਲ ਸਿੰਘ, ਪੰਜਾਬ ਦੀਆਂ ਲੋਕ ਗਾਥਾਵਾਂ, ਪੰਨਾ 10.
34. ਕ੍ਰਿਸ਼ਨਕਾਂਤ ਉਪਾਧਿਆਏ, ਲੋਕ ਸੰਸਕ੍ਰਿਤੀ ਦੀ ਰੂਪ ਰੇਖਾ, ਪੰਨਾ 35.
35. ਪੰਜਾਬ ਦੀਆਂ ਲੋਕ ਗਾਥਾਵਾਂ, ਪੰਨਾ 10.
36. ਰਿਚਰਡ ਐਮ ਡਾਰਸਨ, ਦ ਬ੍ਰਿਟਿਸ਼ ਫੋਕਲੋਰਿਸਟ ਏ ਹਿਸਟਰੀ, ਪੰਨਾ 332.
37. ਚਾਰਲਸ ਸਵਿਨਰਟਨ, ਰੋਮਾਂਟਿਕ ਟੇਲਜ਼ ਫਰਾਮ ਪੰਜਾਬ, ਭੂਮਿਕਾ, ਪੰਨਾ 3.
38. ਰਿਚਰਡ ਐਮ. ਡਾਰਸਨ, ਬ੍ਰਿਟਿਸ਼ ਫੋਕਲੋਰਿਸਟ, ਪੰਨਾ 334.
39. ਰਿਚਰਡ ਕਾਰਨੈਕ ਟੈਂਪਲ, ਪੰਜਾਬ ਦੀਆਂ ਲੋਕ ਗਾਥਾਵਾਂ (ਅਨੁਵਾਦ), ਭੂਮਿਕਾ, ਪੰਨਾ 6.
40. ਚਾਰਲਸ ਸਵਿਨਰਟਨ, ਪੰਜਾਬ ਹੀਰੋ ਰਾਜਾ ਰਸਾਲੂ (ਭੂਮਿਕਾ), ਪੰਨਾ 4.
41. ਐਫ. ਏ. ਸਟੀਲ, ਟੇਲਜ਼ ਫਰਾਮ ਦੀ ਪੰਜਾਬ (ਭੂਮਿਕਾ), ਪੰਨੇ 14–15.
42. ਆਰ. ਸੀ. ਟੈਂਪਲ, ਪੰਜਾਬ ਦੀਆਂ ਲੋਕ ਗਾਥਾਵਾਂ (ਅਨੁ.), ਭੂਮਿਕਾ, ਪੰਨਾ 5,
43. ਉਹੀ।
44. Proceedings of the Asiatic Society of Bengal, 1882-83, p. 158.
45. ਦਾ ਬ੍ਰਿਟਿਸ਼ ਫੋਕਲੋਰਿਸਟ ਏ ਹਿਸਟਰੀ, ਪੰਨਾ 338.
46. ਰੋਮਾਂਟਿਕ ਟੇਲਜ਼ ਫਰਾਮ ਪੰਜਾਬ, ਪੰਨਾ 19.
47. ਆਰ. ਸੀ. ਟੈਂਪਲ, ਲੀਜੰਡਜ਼ ਆਫ਼ ਪੰਜਾਬ (ਅਨੁ.), ਭੂਮਿਕਾ, ਪੰਨਾ 2.
48. ਉਹੀ, ਭੂਮਿਕਾ, ਪੰਨਾ II.
49. Punjabi Lyrics & Proverbs, p. 2.
50. ਪੰਜਾਬ ਦੀਆਂ ਲੋਕ ਗਾਥਾਵਾਂ (ਅਨੁ.), ਭੂਮਿਕਾ, ਪੰਨਾ 7.
51. ਪਾਦਰੀ ਲਾਲ ਬਿਹਾਰੀ ਡੇ, ਫੋਕਟੇਲਜ਼ ਆਫ਼ ਬੰਗਾਲ, ਭੂਮਿਕਾ, ਪੰਨਾ 1.
52. ਟੈਂਪਲ ਆਰ. ਸੀ. , ਪੰਜਾਬ ਦੀਆਂ ਲੋਕ ਗਾਥਾਵਾਂ, ਭੂਮਿਕਾ, ਪੰਨਾ 3.
53. ਡਾ. ਅਨੂਪ ਸਿੰਘ, ਸੰਪਾਦਨ ਤੇ ਪ੍ਰਕਾਸ਼ਨ ਪ੍ਰਕਿਰਿਆ, ਪੰਨਾ 11.
54. ਉਹੀ, ਪੰਨਾ 14.
55. ਉਹੀ, ਪੰਨਾ 10.
56. ਆਰ. ਸੀ. ਟੈਂਪਲ, ਪੰਜਾਬ ਦੀਆਂ ਲੋਕ ਗਾਥਾਵਾਂ (ਅਨੁ.), ਪੰਨਾ 386.
57. ਬ੍ਰਿਟਿਸ਼ ਫੋਕਲੋਰਿਸਟ ਏ ਹਿਸਟਰੀ, ਪੰਨਾ 341.
58. ਕਰਮਜੀਤ ਸਿੰਘ, ਆਰ. ਸੀ. ਟੈਂਪਲ ਦਾ ਲੋਕਯਾਨ ਸ਼ਾਸਤਰ, ਚਿਰਾਗ–2000, ਪੰਨਾ 47.
59. ਬ੍ਰਿਟਿਸ਼ ਫੋਕਲੋਰਿਸਟ ਏ ਹਿਸਟਰੀ, ਪੰਨਾ 346.

## ਅਧਿਆਇ ਤੀਜਾ

# ਪੰਜਾਬੀ ਲੋਕਧਾਰਾ ਅਧਿਐਨ : ਇਤਿਹਾਸਕ ਪਰਿਪੇਖ

ਸਾਰੇ ਵਿਸ਼ਵ ਅੰਦਰ ਲੋਕਧਾਰਾ ਦੇ ਇਕੱਤਰੀਕਰਨ, ਸੰਪਾਦਨ ਤੇ ਮੁਲਾਂਕਣ ਦੇ ਵਧ ਰਹੇ ਰੁਝਾਨ ਵਿੱਚ ਭਾਰਤ ਅੰਦਰ ਵੀ ਇਸ ਪ੍ਰਤੀ ਜਾਗਰੁਕਤਾ ਪੈਦਾ ਹੋਣ ਲੱਗੀ। 1784 ਵਿੱਚ ਸਰ ਵਿਲੀਅਮ ਜੋਨਸ ਨੇ 'ਏਸ਼ੀਆਂਟਿਕ ਸੁਸਾਇਟੀ ਆਫ਼ ਬੰਗਾਲ' ਦੀ ਸਥਾਪਨਾ ਕੀਤੀ ਅਤੇ 1804 ਵਿੱਚ 'ਰਾਇਲ ਏਸ਼ੀਆਂਟਿਕ ਸੁਸਾਇਟੀ ਆਫ਼ ਬੰਗਾਲ' ਦੀ ਸਥਾਪਨਾ ਹੋ ਗਈ। ਇਨ੍ਹਾਂ ਸੁਸਾਇਟੀਆਂ ਨੇ ਭਾਰਤ ਅੰਦਰ ਲੋਕਧਾਰਾ ਦੀ ਸਮਝ, ਸਮੱਗਰੀ ਦੇ ਇਕੱਤਰੀਕਰਨ, ਸੰਪਾਦਨ ਤੇ ਮੁਲਾਂਕਣ ਵੱਲ ਵਿਦਵਾਨਾਂ ਦਾ ਧਿਆਨ ਕੇਂਦਰਿਤ ਕੀਤਾ।

ਭਾਵੇਂ ਬਰਤਾਨਵੀ ਪ੍ਰਸ਼ਾਸ਼ਕਾਂ ਨੇ ਨਾਲ-ਨਾਲ ਕੁਝ ਈਸਾਈ ਮਿਸ਼ਨਰੀ ਵੀ ਸਥਾਨਕ ਭਾਸ਼ਾ, ਸਾਹਿਤ, ਸੱਭਿਆਚਾਰ ਆਦਿ ਨੂੰ ਸਮਝਣ ਦਾ ਯਤਨ ਕਰ ਰਹੇ ਸਨ ਅਤੇ ਉਨ੍ਹਾਂ ਦੀਆਂ ਲੋੜਾਂ ਅਤੇ ਕੰਮ ਕਰਨ ਦਾ ਢੰਗ ਵੱਖਰਾ ਸੀ ਪਰ ਗਹਿਨ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਹ ਦੋਵੇਂ ਇਕ-ਦੂਸਰੇ ਦੇ ਪੂਰਕ ਸਨ। ਮਿਸ਼ਨਰੀਆਂ ਦਾ ਜ਼ਿਆਦਾ ਰੁਝਾਨ ਭਾਸ਼ਾ ਤੇ ਸਾਹਿਤ ਵੱਲ ਹੀ ਰਿਹਾ। ਇਸ ਕਾਰਜ ਲਈ 1851 ਵਿੱਚ ਪਾਦਰੀ ਜੇ. ਪੋਰਟਰ ਜਿਹੜਾ ਕਿ ਪ੍ਰੈਸਬੇਟੇਰੀਅਨ ਮਿਸ਼ਨ ਦਾ ਪਾਦਰੀ ਸੀ ਵੱਲੋਂ "ਏ ਗਰਾਮਰ ਆਫ਼ ਦੀ ਪੰਜਾਬੀ ਲੈਂਗੂਏਜ਼ ਵਿਦ ਅਪੈਂਡਿਕਸ" ਛਪਵਾਈ, ਜਿਸ ਰਾਹੀਂ ਉਨ੍ਹਾਂ ਪੰਜਾਬੀ ਭਾਸ਼ਾ ਦੀਆਂ ਬਾਰੀਕੀਆਂ ਦਾ ਅਧਿਐਨ ਕੀਤਾ। 1854 ਵਿੱਚ ਫੋਕਲੋਰ ਜਨਰਲ ਵਿੱਚ ਮੇਜਰ ਜੇ. ਐਬਟ. ਦਾ ਲੇਖ "ਆਨ ਦੀ ਬੈਲਡਜ਼ ਐਂਡ ਲੀਜੰਡਜ਼ ਆਫ਼ ਪੰਜਾਬ ਰੀਫੈਸੀਮੈਂਨਟੋ ਆਫ਼ ਦਾ ਲੀਜੰਡ ਆਫ਼ ਰਸਾਲੂ" ਛਪਿਆ। ਇਸ ਲੰਮੇ ਲੇਖ ਵਿੱਚ ਮੇਜਰ. ਜੇ. ਐਬਟ ਨੇ ਪੰਜਾਬ ਦੇ ਮਹਾਨ ਨਾਇਕ ਰਾਜਾ ਰਸਾਲੂ ਦੀ ਕਹਾਣੀ ਨੂੰ ਬਿਆਨ ਕੀਤਾ ਹੈ। ਇਸ ਲੰਮੀ ਕਹਾਣੀ ਨੂੰ ਜਿਹੜੀ ਕਿ ਪੰਜਾਬੀ ਕਵਿਤਾ ਦਾ ਅੰਗਰੇਜ਼ੀ ਕਵਿਤਾ ਵਿੱਚ ਅਨੁਵਾਦ ਹੈ। ਇਸ ਨੂੰ ਪੰਜ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਇਸ ਵਿੱਚ ਗਾਥਾ ਵਿਧੀ ਅਪਨਾਈ ਗਈ ਹੈ, ਜਿਸ ਦਾ ਆਰੰਭ ਜੇ. ਐਬਟ ਨੇ ਕਿੰਗ ਆਰਥਰ ਅਤੇ ਉਸ ਦੀਆਂ ਨਾਈਟਸ ਵਾਂਗਰਾਂ ਕੀਤਾ ਹੈ। ਸ਼ੁਰੂ ਵਿੱਚ ਹੀ ਉਹ ਇਸ ਨੂੰ (rifacimento) ਆਖਦਾ ਹੈ ਜਿਸ ਦੇ ਤਹਿਤ ਇਸ ਸਾਰੀ ਗਾਥਾ ਨੂੰ ਆਪਣੇ ਢੰਗ ਤਰੀਕੇ ਨਾਲ ਢਾਲ ਕੇ ਪੇਸ਼ ਕੀਤਾ ਗਿਆ ਹੈ। ਇਸ ਦਾ ਹੀਰੋ ਵੀ ਉਨ੍ਹਾਂ ਰਚਨਾਵਾਂ ਵਾਂਗ ਬੁਰਾਈ ਨਾਲ ਲੜਦਾ ਹੈ ਅਤੇ ਗਰੀਬ ਮਜ਼ਲੂਮਾਂ ਦੀ ਰਾਖੀ ਕਰਦਾ ਹੈ। ਰਾਜਾ ਰਸਾਲੂ ਦੀ ਕਹਾਣੀ ਲੋਕ ਮਾਨਸਿਕਤਾ ਦੇ ਧੁਰ ਅੰਦਰ ਤੱਕ ਖੁੱਭੀ ਹੋਈ ਨਜ਼ਰ ਆਉਂਦੀ ਹੈ। ਇਸ ਵਿੱਚ ਪੇਸ਼ ਕੀਤਾ ਗਿਆ ਹੈ ਕਿ ਰਾਜਾ ਰਸਾਲੂ ਬਹੁਤ ਬਹਾਦਰ ਹੈ ਅਤੇ ਲੋਕਾਂ ਦਾ ਨਾਇਕ ਹੈ। ਉਸ ਵਿੱਚ ਚੀਤੇ ਵਰਗੀ ਦਲੇਰੀ ਤੇ ਸ਼ਕਤੀ ਹੈ। ਰਸਾਲੂ ਦੀ ਰਾਖ਼ਸ਼ਸ਼ਾਂ ਨਾਲ ਲੜਾਈ ਦਾ ਵਾਕਿਆ ਬੜਾ ਖ਼ੂਬਸੂਰਤ ਹੈ। ਜਦੋਂ ਉਹ ਸੱਤਾਂ ਰਾਖ਼ਸ਼ਸ਼ਾਂ ਜਿਨ੍ਹਾਂ ਦੇ ਨਾਂ ਪਰਗਟ, ਪਾਤਾਲ,

ਤਾਰਾ, ਮੈਹੂਨ ਅਤੇ ਚਿੜੀਆਂ ਆਦਿ ਹੈ ਅਤੇ ਰਾਜਾ ਰਸਾਲੂ ਬਾਰੇ ਉਨ੍ਹਾਂ ਰਾਖ਼ਸ਼ਸ਼ਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਉਨ੍ਹਾਂ ਦੀ ਮੌਤ ਰਾਜਾ ਰਸਾਲੂ ਦੇ ਹੱਥੋਂ ਹੀ ਹੋਵੇਗੀ ਅਤੇ ਉਨ੍ਹਾਂ ਰਾਖ਼ਸ਼ਸ਼ਾਂ ਨੂੰ ਜਦੋਂ ਇਹ ਪਤਾ ਲੱਗਦਾ ਹੈ ਕਿ ਉਹ ਆ ਗਿਆ ਹੈ ਤਾਂ ਉਹ ਅੱਗੇ ਲੱਗ ਕੇ ਭੱਜਦੇ ਹਨ ਪਰ ਜਦੋਂ ਕੁਝ ਰਾਖ਼ਸ਼ਸ਼ ਮਾਰੇ ਜਾਂਦੇ ਹਨ ਤਾਂ ਉਨ੍ਹਾਂ ਦੀ ਭੈਣ ਬੀਰਾ ਆਖਦੀ ਹੈ ਕਿ ਤੁਸੀਂ ਕਾਇਰ ਨਾ ਬਣੋ, ਸਗੋਂ ਲੜ ਕੇ ਮਰੋ। ਕਿਉਂਕਿ ਜਾਨਵਰ ਵੀ ਆਪਣੇ ਦੁਸ਼ਮਣਾਂ ਨਾਲ ਲੜ ਕੇ ਮਰਦੇ ਹਨ। ਇਕ ਰਾਖ਼ਸ਼ਸ਼ ਤਾਰਾ ਭੱਜ ਕੇ ਗੁਫ਼ਾ ਵਿੱਚ ਵੜ ਜਾਂਦਾ ਹੈ, ਜਿਹੜੀ ਕਿ ਗੁੰਡਗੜ ਦੇ ਇਲਾਕੇ ਵਿੱਚ ਹੈ ਪਰ ਰਾਜਾ ਰਸਾਲੂ ਨੇ ਆਪਣਾ ਤੀਰ ਕਮਾਨ ਗੁਫ਼ਾ ਦੇ ਸਾਹਮਣੇ ਗੱਡ ਦਿੱਤਾ ਜਿਸ ਤੋਂ ਡਰ ਕੇ ਉਹ ਰਾਖਸ਼ਸ਼ ਬਾਹਰ ਨਹੀਂ ਸੀ ਨਿਕਲਦਾ ਅਤੇ ਅੰਦਰ ਹੀ ਦਹਾੜਦਾ ਤੇ ਚੀਕਦਾ ਰਿਹਾ। ਅੱਜ ਵੀ ਉਥੋਂ ਆਵਾਜ਼ਾਂ ਆਉਂਦੀਆਂ ਹਨ ਅਤੇ ਲੋਕਾਂ ਵਿੱਚ ਧਾਰਨਾ ਹੈ ਕਿ ਉਥੋਂ ਲੰਘਦਿਆਂ ਰਾਖ਼ਸ਼ਸ਼ਾਂ ਦੀ ਚੀਕਣ ਦੀ ਅਵਾਜ਼ ਆਉਂਦੀ ਹੈ। ਲੇਖ ਵਿੱਚ ਇਹ ਧਾਰਨਾ ਵੀ ਦਿੱਤੀ ਗਈ ਹੈ ਕਿ1839 ਵਿੱਚ ਜਦੋਂ ਬੜਾ ਵੱਡਾ ਭੂਚਾਲ ਆਇਆ ਸੀ ਤਾਂ ਇਹ ਗੁਫ਼ਾ ਬਣ ਗਈ। ਤਾਰਾ ਰਾਖਸ਼ਸ਼ ਦਾ ਜ਼ਿਕਰ ਰੋਮਨ ਮਿੱਥਾਂ ਵਿੱਚ ਵੀ ਮਿਲਦਾ ਹੈ।

ਇਸ ਵਿੱਚ ਦੱਸਿਆ ਗਿਆ ਹੈ ਕਿ ਬੀਰਾਂ ਬੜੀ ਖ਼ੂਬਸੂਰਤ ਸੀ। ਉਸ ਦੀ ਖ਼ੂਬਸੂਰਤੀ ਦਾ ਜ਼ਿਕਰ ਵੀ ਐਬਟ ਨੇ ਕਵਿਤਾ ਵਿੱਚ ਕੀਤਾ ਹੈ। ਉਹ ਪਹਿਲਾਂ ਰਸਾਲੂ ਨਾਲ ਲੜਦੀ ਹੈ ਕਿਉਂਕਿ ਉਹ ਆਪਣੇ ਭਰਾਵਾਂ ਦਾ ਬਦਲਾ ਲੈਣਾ ਚਾਹੁੰਦੀ ਹੈ। ਉਹ ਖ਼ੂਬਸੂਰਤ ਸੀ ਅਤੇ ਕੱਪੜੇ ਵੀ ਨਹੀਂ ਪਾਉਂਦੀ ਸੀ। ਰਸਾਲੂ ਉਸ ਤੋਂ ਪ੍ਰਭਾਵਿਤ ਹੋ ਜਾਂਦਾ ਹੈ ਅਤੇ ਰਸਾਲੂ ਖ਼ੁਦ ਕਹਿੰਦਾ ਹੈ ਕਿ ਮੇਰੇ ਨਾਲ ਵਿਆਹ ਕਰਵਾ ਲੈ। ਉਸ ਦਾ ਵਿਆਹ ਵੀ ਨਿਸ਼ਚਿਤ ਹੋ ਜਾਂਦਾ ਹੈ ਅਤੇ ਇਸ ਗੱਲ ਦੀ ਖ਼ਬਰ ਸਿਆਲਕੋਟ ਵਿੱਚ ਪਹੁੰਚ ਜਾਂਦੀ ਹੈ ਅਤੇ ਉਥੇ ਆਪਦੇ ਰਾਜਾ ਦੇ ਵਿਆਹ ਦੀਆਂ ਖ਼ੁਸ਼ੀਆਂ ਵੀ ਮਨਾਈਆਂ ਜਾਂਦੀਆਂ ਹਨ ਪਰ ਸੁਪਨੇ ਵਿੱਚ ਬੀਰਾਂ ਦੇ ਭਰਾ ਉਸ ਨੂੰ ਮਿਲਦੇ ਹਨ ਅਤੇ ਵਿਆਹ ਨਾ ਕਰਵਾਉਣ ਦੀ ਗੱਲ ਕਰਦੇ ਹਨ। ਇਸ ਗੱਲ ਤੋਂ ਦੁਖੀ ਹੋ ਕੇ ਬੀਰਾਂ ਆਪਣੇ ਢਿੱਡ ਵਿੱਚ ਛੁਰਾ ਮਾਰ ਲੈਂਦੀ ਹੈ ਅਤੇ ਰਸਾਲੂ ਨੂੰ ਆਖਦੀ ਹੈ ਕਿ ਜਿਤਨੀ ਦੇਰ ਤੱਕ ਤੂੰ ਛੁਰੇ ਨੂੰ ਫੜਕੇ ਰੱਖੇਂਗਾ, ਮੈਂ ਉਤਨੀ ਦੇਰ ਤੱਕ ਹੀ ਜ਼ਿੰਦਾ ਰਹਾਂਗੀ ਪਰ ਜੇ ਮੈਂ ਮਰ ਵੀ ਗਈ ਤਾਂ ਮੇਰੀ ਆਤਮਾ ਤੇਰੇ ਕੋਲ ਰਹੇਗੀ। ਮੈਂ ਤਾਂ ਸੁਪਨਿਆਂ ਵਿੱਚ ਵੀ ਤੇਰੇ ਨਾਲ ਹੀ ਰਹਾਂਗੀ। ਅੰਤ ਵਿੱਚ ਉਹ ਬੀਰਾਂ ਨੂੰ ਪਿਆਰ ਕਰਦਾ ਹੈ ਅਤੇ ਚੁੰਮਦਾ ਹੈ। ਬੀਰਾਂ ਦੀ ਮੌਤ ਤੇ ਰਸਾਲੂ ਉਦਾਸ ਹੋ ਜਾਂਦਾ ਹੈ।

ਅੰਤ ਵਿੱਚ ਰਸਾਲੂ ਦੀ ਗਾਥਾ ਬਾਰੇ ਐਬਟ ਨੇ ਨੋਟ ਦਿੱਤਾ ਹੈ, ਜਿਸ ਵਿੱਚ 37 ਪੱਖਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਵਿਸ਼ੇਸ਼ ਪੱਖਾਂ ਦੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਵਿੱਚ ਨਰਗਿਸ ਦੇ ਫੁੱਲ, ਗੁੰਡਗੜ, ਕਬੀਲੇ, ਸਿੰਧ ਨਦੀ, ਜਿਸ ਨੂੰ ਮੁਸਲਮਾਨ ਅੱਬਾ ਨਦੀ ਅਤੇ ਹਿੰਦੂ ਔਰਤ ਨਦੀ ਵਾਂਗ ਮੰਨਦੇ ਹਨ। ਜ਼ਿਹਲਮ ਵਿੱਚ ਅੱਜ ਵੀ ਵੱਡੀਆਂ-ਵੱਡੀਆਂ ਹੱਡੀਆਂ ਮਿਲਦੀਆਂ ਹਨ ਜਿਨ੍ਹਾਂ ਬਾਰੇ ਧਾਰਨਾ ਹੈ ਕਿ ਉਹ ਰਾਖ਼ਸ਼ਸ਼ਾਂ ਦੀਆਂ ਹਨ। ਰਸਾਲੂ ਦੀ ਸਾਰੀ ਕਹਾਣੀ ਨੂੰ ਆਦਿ ਤੋਂ ਲੈ ਕੇ ਅਖ਼ੀਰ ਤੱਕ ਅੰਗਰੇਜ਼ੀ ਪਾਠਕਾਂ ਦੇ ਸਮਝ ਆਉਣ ਗੋਚਰਾ ਕਰ ਦਿੱਤਾ ਗਿਆ ਹੈ। ਨਾਲ ਹੀ ਐਬਟ ਨੇ ਪੰਜਾਬ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ ਹੈ।

ਨੋਟ ਦੇਣ ਤੋਂ ਬਾਅਦ ਫਿਰ ਉਸ ਦਾ (reception) ਦਿੱਤਾ ਗਿਆ ਹੈ ਜਿਸ ਵਿੱਚ ਰਸਾਲੂ ਦੀ ਗਾਥਾ ਦੇ ਅੰਗਰੇਜ਼ੀ ਅਨੁਵਾਦ ਦੇ ਨਾਲ-ਨਾਲ ਪੰਜਾਬੀ ਵਿੱਚ ਪ੍ਰਚੱਲਿਤ ਮੂਲ ਪਾਠ ਵੀ ਦਿੱਤਾ ਗਿਆ ਹੈ ਜਿਵੇਂ ਰਸਾਲੂ ਜਦੋਂ ਆਪਣੇ ਵਤਨ ਤੋਂ ਤੁਰ ਪੈਂਦਾ ਹੈ ਅਤੇ ਇਕ ਨਗਰ ਵਿੱਚ ਪਹੁੰਚਦਾ ਹੈ ਜਿਥੇ ਇਕ ਬੁੱਢੀ ਔਰਤ ਦੇ ਘਰ ਜਾਂਦਾ ਹੈ ਜਿਸ ਦੇ ਪੁੱਤਰ ਦੀ ਰਾਖ਼ਸ਼ਸ਼ ਅੱਗੇ ਜਾਣ

ਦੀ ਵਾਰੀ ਸੀ ਤਾਂ ਕਿ ਉਹ ਉਸ ਨੂੰ ਖਾ ਸਕੇ ਤਾਂ ਰਸਾਲੂ ਉਸ ਅੱਗੇ ਜਾਣ ਲਈ ਵੀ ਤਿਆਰ ਹੋ ਜਾਂਦਾ ਹੈ। ਉਹ ਉਸ ਨੂੰ ਪੁੱਛਦੀ ਹੈ:

ਕਹਾ ਤੁਮਹਾਰਾ ਵਤਨ ਹੈ, ਕੌਨ ਨਗਰੀ ਸ਼ਹਿਰੀ ਗਰਾਉਂ?
ਕਿਸ ਰਾਜਾ ਕਾ ਤੂੰ ਬੇਟੜਾ, ਕਿਆ ਤੁਮਹਾਰਾ ਨਾਉਂ?

ਅੱਗੋਂ ਰਸਾਲੂ ਆਖਦਾ ਹੈ:

ਹੁਲਾਰਤ ਸਿਆਲਕੋਟ ਮੇਂ ਵਤਨ, ਵੋਹੀ ਨਗਰੀ ਸ਼ਹਿਰੀ ਗਰਾਉਂ,
ਸਲਬਾਨ ਦਾ ਮੈਂ ਬੇਟੜਾ, ਪਲੈਵੀ ਮੇਰਾ ਨਾਉਂ?

ਫਿਰ ਰਸਾਲੂ ਦੀ ਗਾਥਾ ਬਾਰੇ ਵਰਣਨ ਕੀਤਾ ਗਿਆ ਹੈ ਪਰ ਨਾਲ-ਨਾਲ ਉਸ ਦਾ ਅੰਗਰੇਜ਼ੀ ਅਨੁਵਾਦ ਵੀ ਪੇਸ਼ ਕੀਤਾ ਗਿਆ ਹੈ।

ਇਹ ਲੇਖ ਪੰਜਾਬੀ ਲੋਕਧਾਰਾ ਵਿੱਚ ਮਿਲਦੀ ਰਸਾਲੂ ਦੀ ਗਾਥਾ ਦਾ ਪਹਿਲਾ ਰੂਪ ਹੀ ਲੱਗਦਾ ਹੈ ਕਿਉਂਕਿ ਬਾਅਦ ਵਿੱਚ ਇਸ ਦੇ ਕਈ ਰੂਪ ਪ੍ਰਚੱਲਿਤ ਹੋ ਗਏ। (ਵੇਖੋ ਅੰਤਿਕਾ-1)

1872 ਵਿੱਚ ਭਾਰਤੀ ਲੋਕਾਂ ਦੇ ਰੀਤੀ-ਰਿਵਾਜ਼, ਕਲਾ, ਮਿਥਿਹਾਸ, ਤਿਉਹਾਰ, ਇਤਿਹਾਸ, ਸਭਿਆਚਾਰ ਆਦਿ ਨੂੰ ਜਾਨਣ ਤੇ ਦੂਸਰਿਆਂ ਤੱਕ ਲੈ ਕੇ ਜਾਣ ਲਈ **ਇੰਡੀਅਨ ਐਂਟੀਕੁਅਰੀਜ਼** ਦਾ ਰਸਾਲਾ ਸ਼ੁਰੂ ਕੀਤਾ ਗਿਆ। ਜਿਸ ਦਾ ਸੰਪਾਦਨ **ਜੈਨਬਰਗਸ** ਸੀ। ਇਸ ਦਾ ਮੰਤਵ ਇਨ੍ਹਾਂ ਖੇਤਰਾਂ ਵਿੱਚ ਹੋ ਰਹੀ ਖੋਜ, ਇਕੱਤਰੀਕਰਨ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਾਉਂਦਾ ਹੈ। ਇਸ ਵਿੱਚ ਸਥਾਨਕ ਦੰਤ-ਕਥਾਵਾਂ, ਲੋਕਧਾਰਾ, ਕਹਾਵਤਾਂ, ਇਤਿਹਾਸ, ਸਭਿਆਚਾਰ, ਰੀਤੀ-ਰਿਵਾਜਾਂ ਸੰਬੰਧੀ ਛਪਦਾ ਰਿਹਾ। ਸਰ ਰਿਚਰਡ ਕਾਰਨੈਂਕ ਟੈਂਪਲ 37 ਸਾਲਾਂ ਤੱਕ ਇਸ ਦਾ ਸੰਪਾਦਕ ਰਿਹਾ ਕਿਉਂਕਿ ਪੰਜਾਬ ਦੀ ਲੋਕਧਾਰਾ ਉਸ ਦਾ ਮਨਭਾਉਂਦਾ ਵਿਸ਼ਾ ਸੀ। ਇਸ ਲਈ ਪੰਜਾਬੀ ਲੋਕਧਾਰਾ ਨੇ ਇਸ ਰਸਾਲੇ ਵਿੱਚ ਵੀ ਉਸਨੇ ਵੱਡਾ ਯੋਗਦਾਨ ਪਾਇਆ। ਇਹ ਭਾਵੇਂ ਅੰਗਰੇਜ਼ੀ ਭਾਸ਼ਾ ਵਿੱਚ ਛਪਦਾ ਸੀ ਪਰ ਇਸ ਵਿੱਚ ਕਿਧਰੇ ਵੰਨਗੀ ਵਜੋਂ ਸਥਾਨਕ ਦੇਸੀ ਭਾਸ਼ਾਵਾਂ ਵੀ ਛਾਪ ਦਿੱਤੀਆਂ ਜਾਂਦੀਆਂ ਸਨ ਅਤੇ ਇਨ੍ਹਾਂ ਰਚਨਾਵਾਂ ਦਾ ਸੰਸਾਰ ਦੀਆਂ ਦੂਸਰੀਆਂ ਭਾਸ਼ਾਵਾਂ ਜਿਵੇਂ ਜਰਮਨੀ, ਫਰੈਂਚ ਆਦਿ ਵਿੱਚ ਅਨੁਵਾਦ ਵੀ ਕੀਤਾ ਜਾਂਦਾ ਰਿਹਾ ਹੈ।

ਇਸੇ ਸੰਦਰਭ ਵਿੱਚ ਡੈਨਜ਼ਿਲ ਚਾਰਲਸ, ਜੈਲਫ. ਇਬਸਟਨ ਨੇ 1882-83 ਵਿੱਚ ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ ਦੀ ਪ੍ਰੋਸੀਡਿੰਗਜ਼ ਵਿੱਚ ਇਕ ਪੱਤਰ ਛਾਪਿਆ। "ਆਨ ਦਾ ਐਥਨੋਲੋਜੀ ਆਫ਼ ਦਾ ਪੰਜਾਬ" ਇਸ ਲੇਖ ਵਿੱਚ ਸਾਨੂੰ ਪਤਾ ਲੱਗਦਾ ਹੈ ਕਿ ਅੰਗਰੇਜ਼ ਪੰਜਾਬ ਦੇ ਸਮਾਜਕ ਪ੍ਰਬੰਧ ਵਿੱਚੋਂ ਕੀ ਕੁਝ ਜਾਨਣਾ ਚਾਹੁੰਦੇ ਸਨ। ਸ਼ੁਰੂ ਵਿੱਚ ਇੰਜ ਵੀ ਮਹਿਸੂਸ ਹੁੰਦਾ ਹੈ ਕਿ ਜਾਂ ਤਾਂ ਪ੍ਰਸਾਸ਼ਨਿਕ ਕੰਮਾਂ ਨੂੰ ਅੱਗੇ ਵਧਾਉਣ ਲਈ ਜਾਂ ਫਿਰ ਜਾਣਕਾਰੀ ਪ੍ਰਾਪਤ ਕਰਨ ਲਈ ਉਹ ਕਿੰਨੇ ਉਤਾਵਲੇ ਹਨ। ਉਹ ਪੰਜਾਬੀ ਸਭਿਆਚਾਰ ਵਿੱਚੋਂ ਜਾਤਾਂ, ਗੋਤਾਂ, ਕਬੀਲੇ ਉਨ੍ਹਾਂ ਦਾ ਆਰੰਭ ਤੇ ਵਿਕਾਸ ਉਨ੍ਹਾਂ ਦੀਆਂ ਰੀਤਾਂ ਰਸਮਾਂ, ਰਿਵਾਜ, ਧਰਮ, ਉਸ ਦੇ ਪੈਰੋਕਾਰ ਬ੍ਰਾਹਮਣ ਜਾਂ ਦੂਸਰੇ ਲੋਕ ਉਨ੍ਹਾਂ ਦੀਆਂ ਰੀਤਾਂ ਰਸਮਾਂ-ਰਿਵਾਜ ਜਾਨਵਰਾਂ ਜਾਂ ਦ੍ਰੱਖ਼ਤਾਂ ਦੀ ਪੂਜਾ, ਵਿਆਹ, ਕਰੇਵਾ, ਇਨ੍ਹਾਂ ਦਾ ਸਮਾਜਕ ਆਧਾਰ ਨੀਵੀਆਂ ਜਾਤਾਂ ਉਨ੍ਹਾਂ ਦੇ ਦੇਵੀ ਦੇਵਤੇ ਪੂਜਾ ਵਿਧੀਆਂ ਜਨਮ ਮਰਨ ਤੇ ਵਿਆਹ ਦੀਆਂ ਰੀਤਾਂ ਰਸਮਾਂ ਅਤੇ ਇਨ੍ਹਾਂ ਵਿੱਚ ਸਮਾਨਤਾਵਾਂ ਜਾਂ ਵਖਰੇਵਾਂ, ਪਹਿਰਾਵਾ, ਗਹਿਣੇ, ਖਾਣ-ਪੀਣ ਦੀਆਂ ਆਦਤਾਂ, ਗੀਤ-ਸੰਗੀਤ, ਲੋਕ-ਗੀਤ, ਮੇਲੇ-ਤਿਉਹਾਰ ਅਤੇ ਉਨ੍ਹਾਂ ਦੇ ਧਾਰਮਿਕ ਆਧਾਰ ਕੀ ਹਨ ਆਦਿ ਗੱਲਾਂ ਬਾਰੇ

ਆਪਣੇ ਸਾਥੀ ਅਫ਼ਸਰਾਂ, ਨੌਕਰਾਂ ਕੋਲੋਂ ਛੋਟੀ ਤੋਂ ਛੋਟੀ ਜਾਣਕਾਰੀ ਹਾਸਿਲ ਕਰਨ ਲਈ ਲਿਖਦਾ ਹੈ। ਇਸੇ ਲੇਖ ਦੇ ਆਰੰਭ ਵਿੱਚ ਇਹ ਸਾਰਾ ਕੁਝ ਕਿਵੇਂ ਇਕੱਤਰ ਕਰਨਾ ਹੈ। ਇਸ ਬਾਰੇ ਵੀ ਵਿਸਥਾਰ ਪੂਰਵਕ ਦੱਸਿਆ ਗਿਆ ਹੈ। ਇਸ ਖੇਤਰ ਤੋਂ ਇਕ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਉਹ ਅਜਿਹੀ ਜਾਣਕਾਰੀ ਹਾਸਿਲ ਕਰ ਕੇ ਅੰਗਰੇਜ਼ ਪੰਜਾਬੀਆਂ ਦੀ ਮਾਨਸਿਕਤਾ ਤੱਕ ਪਹੁੰਚਣ ਦਾ ਯਤਨ ਕਰਦੇ ਹਨ ਅਤੇ ਉਹ ਪੰਜਾਬੀ ਜੀਵਨ ਦੇ ਬਹੁਤ ਸਾਰੇ ਪੱਖਾਂ ਬਾਰੇ ਜਾਣਕਾਰੀ ਹਾਸਲ ਕਰ ਲੈਣਾ ਚਾਹੁੰਦੇ ਹਨ। (ਵੇਖੋ ਅੰਤਿਕਾ-2)

1882 ਵਿੱਚ ਟੈਂਪਲ ਵੱਲੋਂ ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ ਵਿੱਚ "ਸਮ ਹਿੰਦੂ ਫੋਕ ਸਾਂਗਜ਼ ਫਰਾਮ ਪੰਜਾਬ" ਛਪਵਾਇਆ। 1883 ਵਿੱਚ ਹੀ ਪ੍ਰਸਿੱਧ ਲੋਕਧਾਰਾ ਵਿਦਵਾਨ ਰਿਚਰਡ ਕਾਰਨੈਕ ਟੈਂਪਲ ਦਾ ਸ਼ੋਧ ਪੱਤਰ "ਏ ਡੈਸਰਟੇਸ਼ਨ ਆਨ ਦਾ ਪਰਾਪਰ ਨੇਮਜ਼ ਆਫ਼ ਪੰਜਾਬੀਜ਼ ਵਿਦ ਸਪੈਸ਼ਲ ਰੈਫ਼ਰੈਂਸਟੂ ਦਾ ਪਰਾਪਰ ਨੇਮਜ਼ ਆਫ਼ ਵਿਲੀਜ਼ਰਜ਼ ਇਨ ਦਾ ਈਸਟਰਨ ਪੰਜਾਬ" ਛਪਿਆ। ਇਕ ਗੱਲ ਇਸ ਤੋਂ ਸਪੱਸ਼ਟ ਹੈ ਕਿ ਇਹ ਕੰਮ ਆਪਣੇ-ਆਪ ਵਿੱਚ ਜਿੱਥੇ ਨਿਵੇਕਲਾ ਹੈ। ਉਥੇ ਇਸ ਕਿਸਮ ਦਾ ਪਹਿਲਾ ਕੰਮ ਹੈ ਕਿਉਂਕਿ ਉਹ ਆਪ ਮੰਨਦਾ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਬਾਰੇ ਅਜਿਹਾ ਕੋਈ ਕੰਮ ਨਹੀਂ ਹੋਇਆ ਅਤੇ ਅਸੀਂ ਵੀ ਜਾਣਦੇ ਹਾਂ ਕਿ ਉਸ ਤੋਂ ਬਾਅਦ ਵੀ ਉਹੋ ਜਿਹਾ ਕੰਮ ਪੰਜਾਬੀ ਵਿੱਚ ਨਹੀਂ ਹੋਇਆ। ਇਸ ਕੰਮ ਲਈ ਉਸ ਨੇ 153 ਜਿਲਦਾਂ ਲਈਆਂ, ਹਰ ਇਕ ਵਿੱਚ ਇਕ ਪਿੰਡ ਅਤੇ ਇਕ ਸ਼ਹਿਰ ਦਾ ਬਲਾਕ ਸੀ। ਹਰੇਕ ਜਿਲਦ ਵਿੱਚ 500 ਨਾਂ ਸਨ। ਇਸ ਤਰ੍ਹਾਂ ਉਸ ਨੇ ਲਗਭਗ 75,000 ਨਾਵਾਂ ਨੂੰ ਇਕੱਤਰ ਕਰਕੇ ਉਨ੍ਹਾਂ ਬਾਰੇ ਖੋਜ ਕੀਤੀ। ਉਹ ਮੰਨਦਾ ਹੈ ਕਿ ਨਾਵਾਂ ਦਾ ਸਾਡੀ ਜ਼ਿੰਦਗੀ ਵਿੱਚ ਬੜਾ ਮਹੱਤਵ ਹੁੰਦਾ ਹੈ ਕਿਉਂਕਿ ਇਸ ਨਾਲ ਅਸੀਂ ਉਸ ਕੌਮ ਦੇ ਬਹੁਤ ਸਾਰੇ ਪੱਖਾਂ ਨੂੰ ਵੇਖ ਸਕਦੇ ਹਾਂ ਜਿਵੇਂ ਪੁਰਾਤੱਤਵ ਵਿਗਿਆਨ (archeology) ਪੁਰਾਤੱਤਵ ਖੋਜ ਸੰਬੰਧੀ (antiquarian) ਸਾਹਿਤਕ, ਇਤਿਹਾਸਕ, ਦਾਰਸ਼ਨਿਕ ਅਤੇ ਨਸਲਵਾਦ (ethnological) ਆਦਿ। ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਪੰਜਾਬ ਅਜਿਹਾ ਰਾਜ ਹੈ ਜਿਸ ਦੀਆਂ ਹੱਦਾਂ ਬਦਲਦੀਆਂ ਰਹੀਆਂ ਹਨ। ਇਸ ਵਿੱਚ ਕਈ ਕੌਮਾਂ ਆ ਕੇ ਵਸੀਆਂ ਹਨ। ਇਸ ਲਈ ਇਥੇ ਇਸ ਪ੍ਰਕਾਰ ਦਾ ਕੰਮ ਕਰਨਾ ਬੜਾ ਸੁਆਦਲਾ ਲੱਗਦਾ ਦੱਸਿਆ ਗਿਆ ਹੈ। ਇਥੇ ਜਿਥੇ ਆਰੀਆਂ ਦਾ ਪ੍ਰਭਾਵ ਰਿਹਾ, ਉਸ ਤਰ੍ਹਾਂ ਉਥੇ ਮੁਸਲਮਾਨਾਂ ਦਾ ਵੀ ਬੜਾ ਜ਼ੋਰ ਰਿਹਾ। ਉਹ ਦੱਸਦਾ ਹੈ ਕਿ ਸ਼ਹਿਰੀ ਤੇ ਪੇਂਡੂ ਜਨਤਾ ਵਿੱਚ ਬੜਾ ਅੰਤਰ ਹੈ। ਇਨ੍ਹਾਂ ਵਿੱਚ ਨਾਵਾਂ ਦੇ ਪੱਧਰ ਤੇ ਵੀ ਅੰਤਰ ਵੇਖਿਆ ਜਾ ਸਕਦਾ ਹੈ। ਇਹ ਸੋਧ ਪੱਤਰ ਅੰਗਰੇਜ਼ੀ ਵਿੱਚ ਹੋਣ ਕਾਰਨ ਬਹੁਤ ਸਾਰੇ ਪੰਜਾਬ ਪਾਠਕਾਂ ਤੇ ਵਿਦਵਾਨਾਂ ਦੀ ਨਜ਼ਰ ਨਹੀਂ ਚੜ੍ਹ ਸਕਿਆ। (ਵੇਖੋ ਅੰਤਿਕਾ-3)

1883 ਵਿੱਚ ਟੈਂਪਲ ਵੱਲੋਂ ਸਿਵਲ ਐਂਡ ਮਿਲਟਰੀ ਗਜ਼ਟ ਵਿੱਚ "ਸੌਂਗਜ਼ ਆਫ਼ ਦਾ ਪੀਪਲ" ਛਪਵਾਈ। 1883 ਵਿੱਚ ਹੀ ਫੋਕਲੋਰ ਜਨਰਲ ਦੀ ਪਹਿਲੀ ਜਿਲਦ ਵਿੱਚ ਪਾਦਰੀ ਚਾਰਲਸ ਸਵਿਨਰਟਨ ਵੱਲੋਂ ਰਾਜਾ ਰਸਾਲੂ ਬਾਰੇ "ਫੋਕ ਲੀਜੰਡਜ਼ ਆਫ਼ ਕਿੰਗ ਰਸਾਲੂ ਆਫ਼ ਸਿਆਲਕੋਟ" ਛਪਿਆ। ਉਹ ਲਿਖਦਾ ਹੈ ਕਿ ਪੰਜਾਬ ਦੇ ਲੋਕ ਆਪਣੇ ਪੁਰਾਣੇ ਯੋਧੇ ਰਾਜਾ ਰਸਾਲੂ ਬਾਰੇ ਬਹੁਤ ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦੇ ਹਨ। ਇਹ ਚਾਰ ਕਹਾਣੀਆਂ ਉਸ ਨੇ ਗੰਗਰ ਦੇ ਇਕ ਕਿਸਾਨ ਪਾਸੋਂ ਸੁਣੀਆਂ। ਇਹ ਪਿੰਡ ਰਾਜਾ ਰਸਾਲੂ ਦੇ ਰਾਜ ਦਾ ਪ੍ਰਮੁੱਖ ਪਿੰਡ ਸੀ। ਇਨ੍ਹਾਂ ਕਹਾਣੀਆਂ ਵਿੱਚ ਰਾਜਾ ਰਸਾਲੂ ਦੇ ਜਨਮ ਤੇ ਉਸ ਦੇ ਕਾਰਨਾਮੇ ਅਤੇ ਰਾਣੀ ਕੋਕਲਾਂ ਨਾਲ ਵਿਆਹ ਅਤੇ ਉਨ੍ਹਾਂ ਦਾ ਅੰਤ ਆਦਿ ਬਾਰੇ ਲਿਖਿਆ ਗਿਆ ਹੈ। ਇਨ੍ਹਾਂ ਚਾਰ ਕਹਾਣੀਆਂ

ਦਾ ਵਿਸਥਾਰ ਪੂਰਵਕ ਵਰਣਨ ਅਗਲੇ ਅਧਿਆਇ ਵਿੱਚ ਕੀਤਾ ਗਿਆ ਹੈ।

1884 ਵਿੱਚ ਪਾਦਰੀ ਚਾਰਲਸ ਸਵਿਨਰਟਨ ਵੱਲੋਂ "ਐਂਡਵੈਂਚਰਜ਼ ਆਫ਼ ਪੰਜਾਬ ਹੀਰੋ ਰਾਜਾ ਰਸਾਲੂ" ਪੁਸਤਕ ਛਾਪੀ ਗਈ। ਇਵੇਂ ਲੱਗਦਾ ਹੈ ਕਿ ਬਹੁਤ ਥਾਵਾਂ ਤੋਂ ਪੰਜਾਬ ਦੇ ਮਹਾਨ ਯੋਧੇ ਰਾਜਾ ਰਸਾਲੂ ਬਾਰੇ ਕਹਾਣੀਆਂ ਸੁਣ-ਸੁਣ ਕੇ ਉਸ ਦੇ ਮਨ ਵਿੱਚ ਇਹ ਗੱਲ ਆਈ ਹੋਵੇ ਕਿ ਇਸ ਨੂੰ ਪੁਸਤਕ ਰੂਪ ਦਿੱਤਾ ਜਾਵੇ। ਇਸ ਕਿਤਾਬ ਨੂੰ ਉਸ ਨੇ 12 ਅਧਿਆਇਆਂ ਵਿੱਚ ਵੰਡਿਆ ਹੈ ਅਤੇ ਰਾਜਾ ਰਸਾਲੂ ਦੇ ਜਨਮ ਤੋਂ ਲੈ ਕੇ ਅਖ਼ੀਰ ਤੱਕ ਦਾ ਵਰਣਨ ਕੀਤਾ ਗਿਆ ਹੈ। ਜੇਕਰ ਰਾਜਾ ਰਸਾਲੂ ਦਾ ਸਾਰਾ ਕੀਤਾ ਕੰਮ ਪੜਚੋਲੀਏ ਤਾਂ ਅਸੀਂ ਅਨੁਮਾਨ ਲਗਾ ਸਕਦੇ ਹਾਂ ਕਿ ਪੰਜਾਬ ਅੰਦਰ ਘੁੰਮਦਿਆਂ ਫਿਰਦਿਆਂ ਅਤੇ ਰਾਜਾ ਰਸਾਲੂ ਬਾਰੇ ਕਹਾਣੀਆਂ ਸੁਣਦਿਆਂ-ਸੁਣਾਉਂਦਿਆਂ ਉਸ ਦਾ ਮੋਹ ਵੀ ਇਸ ਨਾਲ ਪੈ ਗਿਆ ਕਿਉਂਕਿ 1903 ਵਿੱਚ ਉਸ ਦੀ ਪੁਸਤਕ **ਰੋਮਾਂਟਿਕ ਟੇਲਜ਼ ਫਰਾਮ ਪੰਜਾਬ ਵਿਦਨੇਟਿਵ ਹੈਂਡਜ** ਛਪਵਾਈ। ਇਸ ਵਿੱਚ ਵੀ ਦੂਸਰੀਆਂ ਦੰਤ ਕਥਾਵਾਂ ਦੇ ਨਾਲ-ਨਾਲ ਫਿਰ ਇਕ ਵਾਰੀ ਉਸ ਨੇ ਰਾਜਾ ਰਸਾਲੂ ਬਾਰੇ ਲਿਖਿਆ। ਉਹ ਮੰਨਦਾ ਹੈ ਕਿ ਪੰਜਾਬ ਅੰਦਰ ਲੋਕੀ ਰਾਤ ਦਾ ਖਾਣਾ ਖਾ ਕੇ ਬੈਠ ਜਾਂਦੇ ਹਨ ਅਤੇ ਇਨ੍ਹਾਂ ਕਹਾਣੀਆਂ ਰਾਹੀਂ ਆਪਣਾ ਮਨੋਰੰਜਨ ਕਰਦੇ ਹਨ। ਇਸ ਸਾਰੇ ਕੁਝ ਬਾਰੇ ਅਸੀਂ ਆਪਣੇ ਅਗਲੇ ਅਧਿਆਇ ਵਿੱਚ ਨਿੱਠ ਕੇ ਚਰਚਾ ਕਰਨ ਜਾ ਰਹੇ ਹਾਂ।

1884 ਵਿੱਚ ਹੀ **ਰਿਚਰਡ ਕਾਰਨੈਟ ਟੈਂਪਲ** ਦੀ ਜਗਤ ਪ੍ਰਸਿੱਧ ਪੁਸਤਕ **ਲੀਜ਼ੈਂਡਜ਼ ਆਫ਼ ਪੰਜਾਬ** ਪ੍ਰਕਾਸ਼ਿਤ ਹੋਈ। 1885 ਵਿੱਚ ਇਸ ਦੀ ਦੂਸਰੀ ਤੇ 1990 ਵਿੱਚ ਇਸ ਦੀ ਤੀਸਰੀ ਜਿਲਦ ਪ੍ਰਕਾਸ਼ਿਤ ਹੋਈ। ਇਨ੍ਹਾਂ ਵਿੱਚ ਟੈਂਪਲ ਵੱਲੋਂ ਸੰਗ੍ਰਹਿਤ ਕੀਤੀਆਂ ਗਈਆਂ 118 ਦੰਤ ਕਥਾਵਾਂ ਵਿੱਚੋਂ 57 ਕਥਾਵਾਂ ਨੂੰ ਪ੍ਰਕਾਸ਼ਿਤ ਕੀਤਾ ਗਿਆ। ਇਸ ਦੀਆਂ ਬਹੁਤ ਸਾਰੀਆਂ ਖ਼ੂਬੀਆਂ ਜਿਨ੍ਹਾਂ ਬਾਰੇ ਅਸੀਂ ਬਾਅਦ ਵਿੱਚ ਅਗਲੇ ਅਧਿਆਇ ਵਿੱਚ ਗੱਲ ਕਰਾਂਗੇ। ਇਹ ਦੱਸਣਾ ਜ਼ਰੂਰੀ ਹੈ ਕਿ ਇਸ ਵਿੱਚ ਅੰਗਰੇਜ਼ੀ ਅਨੁਵਾਦ ਦੇ ਨਾਲ-ਨਾਲ ਪੰਜਾਬੀ ਰੂਪ ਵੀ ਰੋਮਨ ਅੱਖਰਾਂ ਵਿੱਚ ਦਿੱਤਾ ਗਿਆ ਹੈ।

ਇਹ ਉਹ ਸਮਾਂ ਸੀ, ਜਦੋਂ ਲੋਕਧਾਰਾ ਦੇ ਛਪਦੇ ਅਨੇਕਾਂ ਰਸਾਲਿਆਂ ਅਤੇ ਪੁਸਤਕਾਂ ਨੇ ਬਹੁਤ ਸਾਰੇ ਵਿਦਵਾਨਾਂ, ਖੋਜੀਆਂ ਅਤੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਤਰ੍ਹਾਂ ਇਕ ਦੋ ਨਹੀਂ ਸਗੋਂ ਬਹੁਤ ਸਾਰੇ ਖੋਜੀ ਜਿਨ੍ਹਾਂ ਵਿੱਚ ਪ੍ਰਸ਼ਾਸਕੀ ਅਫ਼ਸਰ, ਉਨ੍ਹਾਂ ਦੀਆਂ ਪਤਨੀਆਂ ਤੇ ਧੀਆਂ, ਪਾਦਰੀ, ਵਿਦਵਾਨ ਸਥਾਨਕ ਮੁਨਸ਼ੀ, ਕਾਮੇ, ਅਧਿਆਪਕ ਤੇ ਹੋਰ ਇਸ ਕੰਮ ਵਿੱਚ ਆ ਜੁੱਟੇ। ਜਿਨ੍ਹਾਂ ਨੇ ਇਨ੍ਹਾਂ ਵੱਖ-ਵੱਖ ਰਸਾਲਿਆਂ ਵਿੱਚ ਆਪਣੀਆਂ ਸੰਗ੍ਰਹਿਤ ਜਾਂ ਮੁਲਾਂਕਿਤ ਰਚਨਾਵਾਂ ਛਪਵਾਈਆਂ। ਆਰ. ਸੀ. ਟੈਂਪਲ ਨੇ ਇਸੇ ਸਾਲ ਹੀ ਫੋਕਲੋਰ ਜਨਰਲ ਦੀ ਤੀਸਰੀ ਜਿਲਦ ਵਿੱਚ ਪੰਜਾਬੀ ਦੀਆਂ 79 ਕਹਾਵਤਾਂ ਛਪਵਾਈਆਂ। ਇਨ੍ਹਾਂ ਵਿੱਚ ਪੰਜਾਬੀ ਕਹਾਵਤਾਂ ਨੂੰ ਰੋਮਨ ਲਿੱਪੀ ਵਿੱਚ ਲਿਖ ਕੇ ਉਸ ਦਾ ਅਨੁਵਾਦ ਅੰਗਰੇਜ਼ੀ ਵਿੱਚ ਕਰ ਦਿੱਤਾ ਗਿਆ ਹੈ। ਇਹ ਉਹ ਕਹਾਵਤਾਂ ਹਨ, ਜਿਹੜੀਆਂ ਕਿ ਪੰਜਾਬੀ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਉਘਾੜਦੀਆਂ ਹਨ। ਉਦਾਹਰਣ ਲਈ ਅਸੀਂ ਵੇਖਦੇ ਹਾਂ-

1. ਬਖਤਾਵਰ ਦੀ ਰੰਨ ਸਭ ਦੀ ਨਾਨੀ
2. ਖੇੜਾ ਵੱਸੇ ਕੋਈ ਰੋਵੇ ਤੇ ਕੋਈ ਹੱਸੇ
3. ਇਹ ਤਨ ਨੂਰ ਮਹਿਲ ਦੀ ਸਰਾਂ
4. ਸ਼ਿਕਾਰ ਦੇ ਵੇਲੇ ਕੁੱਤਾ ਹੱਗੇ

5. ਹਰਖ ਦਾ ਮਰਿਆ ਨਰਕ ਨੂੰ ਜਾਂਦਾ

6. ਦੋ ਮੁਲਾਂ ਦੇ ਦਰਮਿਆਨ ਕੁਕੜੀ ਹਲਾਲ ਨਹੀਂ ਹੁੰਦੀ

7. ਸਮੀ ਰੋਵੇ ਯਾਰਾਂ ਨੂੰ ਨਾਂ ਲੈ ਲੈ ਭਰਾਵਾਂ ਦੇ

8. ਪੱਲੇ ਨਹੀਂ ਸੇਰ ਆਟਾ ਹਿੰਗਾਣੀ ਦਾ ਸੰਘ ਪਾਟਾ

9. ਆਪਣੀ ਤੋੜ ਨਿਭਾਈਏ ਉਹਦੀ ਉਹ ਜਾਣੇ

10. ਖੰਡਾ, ਘੋੜਾ, ਇਸਤਰੀ ਤਿੰਨੇ ਜਾਤ ਕੁਜਾਤ

ਇਸ ਤਰ੍ਹਾਂ ਟੈਂਪਲ ਵੱਲੋਂ ਇਕੱਤਰ ਕੀਤੀਆਂ ਗਈਆਂ ਕਹਾਵਤਾਂ ਵਿੱਚ ਪੰਜਾਬੀ ਜੀਵਨ ਦੇ ਵੱਖ-ਵੱਖ ਪੱਖ ਜਿਨ੍ਹਾਂ ਵਿੱਚ ਪੇਂਡੂ ਜੀਵਨ, ਧਰਮ, ਆਰਥਿਕਤਾ, ਖ਼ੁਸ਼ੀ-ਗ਼ਮੀ ਆਦਿ ਦਾ ਜ਼ਿਕਰ ਮਿਲਦਾ ਹੈ। ਕਹਾਵਤਾਂ ਜੀਵਨ ਦੇ ਲੰਮੇ ਸਮੇਂ ਤੱਕ ਖਰਲ ਕੀਤੇ ਤੇ ਕਸਵੱਟੀ ਤੇ ਪਰਖੇ ਵਿਚਾਰਾਂ ਵਿੱਚੋਂ ਉਪਜਦੀਆਂ ਹਨ। ਇਨ੍ਹਾਂ ਉੱਪਰ ਕਈ ਵਾਰੀ ਸਾਡਾ ਵਿਸ਼ਵਾਸ ਵੀ ਟਿਕਿਆ ਹੁੰਦਾ ਹੈ। ਇਸ ਤਰ੍ਹਾਂ ਅੰਗਰੇਜ਼ ਵਿਦਵਾਨਾਂ ਨੇ ਅਜਿਹੇ ਪੱਖਾਂ ਨੂੰ ਆਪਣੇ ਅਧਿਐਨ ਦਾ ਖੇਤਰ ਬਣਾਇਆ ਅਤੇ ਜਿਧਰੋਂ ਵੀ ਉਨ੍ਹਾਂ ਨੂੰ ਅਜਿਹੀਆਂ ਕਹਾਵਤਾਂ ਲਿਖੀਆਂ ਜਿਹੜੀਆਂ ਪੰਜਾਬੀ ਜੀਵਨ ਨੂੰ ਪੇਸ਼ ਕਰਦੀਆਂ ਹੋਣ, ਉਨ੍ਹਾਂ ਇਕੱਤਰ ਕੀਤੀਆਂ ਅਤੇ ਛਪਵਾਈਆਂ। (ਵੇਖੋ ਅੰਤਿਕਾ-4)

1883 ਵਿੱਚ ਪੰਜਾਬ ਨੋਟਿਸ ਐਂਡ ਕੁਆਰੀਜ਼ ਵਿੱਚ ਟੀ. ਸੀ. ਪਲੋਟਨ ਵੱਲੋਂ ਤਰਾਈ ਸਿੱਖਾਂ ਬਾਰੇ ਲੇਖ ਲਿਖਿਆ ਗਿਆ ਜਿਸ ਵਿੱਚ ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਪੇਸ਼ ਕੀਤਾ ਗਿਆ। ਐਫ. ਈ. ਕਪੂਰ ਵੱਲੋਂ "ਚਿਰ ਪਹਾੜ ਰਾਜਾ ਰਸਾਲੂ" ਅਤੇ ਜੇ. ਐਲ.ਕਿਪਲਿੰਗ ਵੱਲੋਂ ਲੀਜੰਡਜ਼ ਆਫ਼ ਡੇਰਾ ਨਾਨਕ ਅਤੇ ਰੋਬਰਟ ਬੇਕਰ ਵੱਲੋਂ ਪੰਜਾਬੀ ਕਹਾਵਤਾਂ ਪ੍ਰਕਾਸ਼ਿਤ ਕੀਤੀਆਂ ਗਈਆਂ।

1883 ਵਿੱਚ ਇੰਡੀਅਨ ਐਂਟੀਕੁਅਰੀਜ਼ ਵਿੱਚ "ਸਮ ਨੋਟਸ ਅਬਾਊਟ ਰਾਜਾ ਰਸਾਲੂ" ਟੈਂਪਲ ਦਾ ਲੇਖ ਛਪਿਆ। 1884 ਵਿੱਚ ਕਲਕੱਤਾ ਰਿਵਿਊ ਜਿਲਦ 1 (29) ਵਿੱਚ ਟੈਂਪਲ ਦਾ ਲੇਖ "ਰਾਜਾ ਰਸਾਲੂ" ਛਪਿਆ। 1884 ਵਿੱਚ ਐਫ. ਏ. ਸਟੀਲ ਦੀ ਪੁਸਤਕ "ਟੇਲਜ਼ ਆਫ਼ ਦਾ ਪੰਜਾਬ" ਛਪੀ। ਇਸ ਵਿੱਚ 43 ਦੰਤ ਕਥਾਵਾਂ ਜਾਂ ਬਾਤਾਂ ਨੂੰ ਸੰਕਲਨ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਕਹਾਣੀਆਂ ਪਹਿਲਾਂ ਹੀ ਇੰਡੀਅਨ ਐਂਟੀਕੁਆਰੀਜ਼ ਵਿੱਚ ਜਾਂ ਕਲਕੱਤਾ ਰਿਵਿਊ ਵਿੱਚ ਛਪ ਚੁਕੀਆਂ ਜਨ। ਉਹ ਮੰਨਦੀ ਹੈ ਕਿ ਇਹ ਕਹਾਣੀਆਂ ਉਨ੍ਹਾਂ ਲੋਕਾਂ ਦੀਆਂ ਹਨ ਜਿਹੜੇ ਨਾ ਲਿਖ ਸਕਦੇ ਹਨ ਅਤੇ ਨਾ ਹੀ ਪੜ੍ਹ ਸਕਦੇ ਹਨ। ਇਨ੍ਹਾਂ ਨੂੰ ਅਰੇਬੀਅਨ ਨਾਈਟਸ ਦੀ ਤੁਲਨਾ ਤੇ ਰੱਖਿਆ ਜਾ ਸਕਦਾ ਹੈ। ਇਸ ਦੀ ਭੂਮਿਕਾ ਵਿੱਚ ਉਹ ਦੱਸਦੀ ਹੈ ਕਿ ਕਿਵੇਂ ਕਹਾਣੀ ਸੁਣਾਉਣ ਲਈ ਕਿਸੇ ਨੂੰ ਤਿਆਰ ਕਰਨਾ ਪੈਂਦਾ ਹੈ। ਇਨ੍ਹਾਂ ਨੂੰ ਪੇਸ਼ ਕਰਦਿਆਂ ਸੰਗ੍ਰਹਿ ਕਰਤਾ ਨੂੰ ਆਪਣੀ ਮਰਜ਼ੀ ਨਹੀਂ ਵਰਤਣੀ ਚਾਹੀਦੀ। ਇਸ ਵਿੱਚ ਇਕੱਤਰੀਕਰਨ ਦੇ ਗੁਣ ਅਤੇ ਅਜਿਹੇ ਕੰਮ ਦੀ ਮਹੱਤਤਾ ਵੀ ਦੱਸੀ ਗਈ ਹੈ, ਜਿਸ ਬਾਰੇ ਅਸੀਂ ਅਗਲੇ ਅਧਿਆਇ ਵਿੱਚ ਨਿੱਠ ਕੇ ਚਰਚਾ ਕਰਨ ਜਾ ਰਹੇ ਹਾਂ।

1885 ਵਿੱਚ ਮੈਕਾਲਫ਼ ਵੱਲੋਂ "ਹਿਮਜ਼ ਆਫ਼ ਬਾਬਾ ਨਾਨਕ" ਛਪਵਾਏ। ਬਾਅਦ ਵਿੱਚ ਮੈਕਾਲਫ਼ ਨੇ ਗੁਰੂ ਗ੍ਰੰਥ ਸਾਹਿਬ ਬਾਰੇ ਜਗਤ ਪ੍ਰਸਿੱਧ ਪੁਸਤਕ "ਦਾ ਸਿਖਜ" ਲਿਖੀ। ਉਸ ਦੀ ਬੁਨਿਆਦ ਇਥੋਂ ਹੀ ਪ੍ਰਤੀਤ ਹੁੰਦੀ ਹੈ। ਜੋ ਕੀ ਚਾਰ ਜਿਲਦਾਂ ਵਿੱਚ ਉਪਲਬਧ ਹੈ। 1885 ਦੇ ਪੰਜਾਬ ਨੋਟਸ ਐਂਡ ਕੁਆਰੀਜ਼ ਦੇ ਅੰਕ ਵਿੱਚ ਏ. ਬਰੋਡਵੇਜ਼ ਵੱਲੋਂ ਗੀਤ ਏ ਪੰਜਾਬੀ ਜੀਉਰਜਿਕ

ਛਪਵਾਇਆ। ਉਸ ਵੱਲੋਂ ਹੀ ਕੁਝ ਕਹਾਵਤਾਂ ਜਿਨ੍ਹਾਂ ਵਿੱਚ

ਕਣਕ ਦੀ ਰੋਟੀ ਨੂੰ ਫੌਲਾਦ ਦਾ ਢਿੱਡ ਚਾਹੀਦਾ ਹੈ।

ਖਾਣ ਪੀਣ ਨੂੰ ਚੰਗੀ ਭਲੀ ਤੇ ਰਾਮ ਜਪਣ ਨੂੰ ਛੋਰੀ।

ਖਲ ਗੁੜ ਇਕੋ ਭਾਅ।

ਬੁੱਢੀ ਕੰਜਰੀ ਤੇ ਤੇਲ ਦਾ ਉਜਾੜਾ।

ਉਸ ਵੱਲੋਂ ਪੇਸ਼ ਕੀਤੀਆਂ ਨਰਸਰੀ ਰਾਇਮਸ ਜਿਵੇਂ-

ਅਗਲਾ ਝੂਲੇ ਬਗਲਾ ਝੂਲੇ ਸਾਵਨ ਮਾਹ ਹਰੇਲਾ ਫੂਲੇ।

ਉਸ ਵੱਲੋਂ ਹੀ "ਗੀਤ ਫਰੰਗੀਆਂ ਦਾ" ਛਪਵਾਇਆ ਗਿਆ ਜੋ ਕਿ ਉੱਚ ਪਾਏ ਦੀ ਲਿਖਤ ਹੈ। ਮੈਨੂਅਲ ਵੱਲੋਂ ਕੁਝ ਕਹਾਵਤਾਂ ਛਪਵਾਈਆਂ ਗਈਆਂ। ਉਦਾਹਰਣ ਵਜੋਂ-

ਕੱਖ ਦੀ ਕੁੱਲੀ ਡੰਡ ਖੰਡ ਦਾ ਪਰਨਾਲਾ।

ਕਮੀਨੇ ਦੀ ਯਾਰੀ ਸਦਾ ਖੁਆਰੀ।

ਕੰਨ ਘਰੜ ਕੁੱਤਾ ਵਸਾਹ ਨਾ ਕਰੀਏ ਸੁੱਤਾ।

ਜੱਟੋਂ ਰਾਜ ਨਹੀਂ ਬ੍ਰਾਹਮਣੋ ਕਾਜ ਨਹੀਂ।

ਜੱਟ ਮੁਹਾਸਿਲ ਬ੍ਰਾਹਮਣ ਸ਼ਾਹ ਹਾਕਮ ਬਾਣੀਆਂ ਗ਼ਜ਼ਬ ਖ਼ੁਦਾ।

ਜੋ ਅੱਗ ਖਾਏਗਾ ਅੰਗਾਰੇ ਹੱਗੇਗਾ।

1885 ਵਿੱਚ ਥੋਰਨਟੋਨ ਥੋਮਸ ਨੇ ਰੋਇਲ ਏਸ਼ੀਆਟਿਕ ਸੋਸਾਇਟੀ 17ਵੀਂ ਜਿਲਦ ਵਿੱਚ "ਦਾ ਵਰਨਾਕੁਲਰ ਲਿਟਰੇਚਰ ਐਂਡ ਫੋਕਲੋਰ ਆਫ਼ ਦਾ ਪੰਜਾਬ" ਛਾਪਿਆ। 1894 ਵਿੱਚ ਰਿਚਰਡ ਕਾਰਨੈਕ ਟੈਂਪਲ ਦਾ ਮਹੱਤਵਪੂਰਨ ਲੇਖ "ਫੋਕਲੋਰ ਇਨ ਦਾ ਲੀਜੰਡਜ਼ ਆਫ਼ ਪੰਜਾਬ" ਛਪਿਆ। ਜਿਸ ਵਿੱਚ ਉਸ ਨੇ ਪੰਜਾਬ ਦੀਆਂ ਪੁਰਾਤਨ ਕਥਾਵਾਂ ਜਿਹੜੀਆਂ ਆਮ ਲੋਕਾਂ ਦੀ ਜ਼ੁਬਾਨ 'ਤੇ ਸਨ ਦੱਸਿਆ ਕਿ ਇਹ ਉਨ੍ਹਾਂ ਦੇ ਧਾਰਮਿਕ ਤੇ ਸਮਾਜਕ ਕਾਰਜਾਂ ਵਿੱਚ ਇਸਤੇਮਾਲ ਹੁੰਦੀਆਂ ਸਨ ਅਤੇ ਉਨ੍ਹਾਂ ਦਾ ਮਨੋਰੰਜਨ ਵੀ ਕਰਦੀਆਂ ਸਨ। ਇਸ ਵਿੱਚ ਟੈਂਪਲ ਨੇ ਨਾਇਕ ਬਾਰੇ ਪੰਜਾਬੀ ਸਾਹਿਤ ਤੇ ਸਭਿਆਚਾਰ ਵਿੱਚ ਪੇਸ਼ ਹੋਣ ਦੇ ਆਧਾਰਾਂ ਨੂੰ ਪ੍ਰਸਤੁਤ ਕੀਤਾ ਹੈ। ਉਸ ਨੇ ਸਾਰੀਆਂ ਕਹਾਣੀਆਂ ਦੇ ਆਧਾਰ ਤੇ ਨਾਇਕ ਦੇ ਗੁਣ, ਸੁਭਾਅ, ਉਦੇਸ਼, ਵਿਚਰਨ ਸਥਿਤੀਆਂ ਬਾਰੇ ਦੱਸਿਆ ਹੈ। ਇਸ ਦੇ ਤਕਨੀਕੀ ਪੱਖਾਂ ਨੂੰ ਸਮਝ ਕੇ ਦੂਸਰੀਆਂ ਦੰਤ-ਕਥਾਵਾਂ ਨੂੰ ਸਮਝਣਾ ਆਸਾਨ ਹੋ ਜਾਂਦਾ ਹੈ। ਪੰਜਾਬੀ ਕਹਾਣੀਆਂ ਵਿੱਚ ਪੇਸ਼ ਵੱਖ-ਵੱਖ ਅਲੌਕਿਕ ਵਸਤਾਂ, ਪੰਛੀਆਂ, ਜਾਨਵਰਾਂ ਆਦਿ ਦਾ ਨਾਇਕ ਦੀ ਮਦਦ ਤੇ ਉੱਤਰਨਾ ਤੇ ਚਮਤਕਾਰੀ ਕਾਰਜਾਂ ਦਾ ਹੋਣਾ ਇਨ੍ਹਾਂ ਦੰਤ ਕਥਾਵਾਂ ਵਿੱਚ ਪੇਸ਼ ਕੀਤਾ ਜਾਂਦਾ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿਜਿੱਥੇ ਪੰਜਾਬ ਵਿੱਚ ਗੁਰੂ ਗੋਰਖ ਨਾਥ ਅਤੇ ਸਖੀ ਸਰਵਰ ਦੇ ਪੈਰੋਕਾਰ ਹਨ, ਉਥੇ ਦੂਸਰੇ ਦੇਵੀ-ਦੇਵਤਿਆਂ ਦੀ ਪੂਜਾ ਵੀ ਕੀਤੀ ਜਾਂਦੀ ਹੈ। ਇਸ ਵਿੱਚ ਜੂਆ, ਪਾਪ, ਪੁੰਨ, ਬੁਰੀ ਕਿਸਮਤ, ਜਾਦੂ, ਚਮਤਕਾਰ, ਪੀਰ ਫ਼ਕੀਰ, ਮਤਰੇਈਆਂ ਮਾਵਾਂ, ਕਾਮੀ ਪੁਰਸ਼ਾਂ ਆਦਿ ਬਾਰੇ ਪੰਜਾਬੀ ਸਭਿਆਚਾਰ ਵਿੱਚ ਕਿਸ ਕਿਸਮ ਦੀਆਂ ਵਿਚਾਰਧਾਰਾਵਾਂ ਹਨ, ਆਦਿ ਬਾਰੇ ਵਿਸਥਾਰ ਪੂਰਵਕ ਲਿਖਿਆ ਗਿਆ ਹੈ ਕਿਉਂਕਿ ਅਸੀਂ ਟੈਂਪਲ ਬਾਰੇ ਅੱਗੇ ਚਰਚਾ ਕਰਨ ਜਾ ਰਹੇ ਹਾਂ। ਇਸ ਲਈ ਇਸ ਲੇਖ ਬਾਰੇ ਵੀ ਅਸੀਂ ਥੋੜ੍ਹਾ ਹੋਰ ਵਿਸਤਾਰ ਅੱਗੇ ਚੱਲ ਕੇ ਵੇਖਾਂਗੇ।

1897 ਵਿੱਚ ਇੰਡੀਅਨ ਐਂਟੀਕੁਅਰੀ ਵਿੱਚ "ਏ ਫੋਕ ਓਟੋਮੋਲੋਜੀ ਆਫ਼ ਲਾਲ ਬੇਗਜ਼ ਨੇਮ" ਆਰ. ਸੀ. ਟੈਂਪਲ ਵੱਲੋਂ, ਛਪਿਆ, ਜਿਸ ਵਿੱਚ ਦੱਸਿਆ ਗਿਆ ਹੈ ਕਿ ਇਕ ਵਾਰੀ

ਪਵਿੱਤਰ ਪੀਰ ਮਹੈਤਾਰ ਇਲੀਆਸ ਪ੍ਰਮਾਤਮਾ ਦੇ ਦਰਬਾਰ ਵਿੱਚ ਬੈਠੇ ਸਨ। ਉਥੇ ਹੋਰ ਵੀ ਬਹੁਤ ਸਾਰੇ ਪੀਰ ਅਤੇ ਸੰਤ ਬੈਠੇ ਸਨ। ਮੈਹਤਾਰ ਇਲੀਆਸ ਨੂੰ ਖੰਘ ਆਈ ਅਤੇ ਉਸ ਨੂੰ ਥੁੱਕਣ ਲਈ ਕੋਈ ਜਗ੍ਹਾ ਨਾ ਮਿਲੀ। ਉਸ ਨੇ ਉੱਪਰ ਵੱਲ ਨੂੰ ਮੂੰਹ ਕਰ ਕੇ ਥੁੱਕ ਦਿੱਤਾ, ਜਿਹੜਾ ਦੂਸਰੇ ਸੰਤਾਂ ਦੇ ਉੱਪਰ ਪੈ ਗਿਆ। ਜਦੋਂ ਉਨ੍ਹਾਂ ਇਸ ਗੱਲ ਦੀ ਸ਼ਿਕਾਇਤ ਪ੍ਰਮਾਤਮਾ ਪਾਸ ਕੀਤੀ ਤਾਂ ਪ੍ਰਮਾਤਮਾ ਨੇ ਉਸ ਨੂੰ ਹੁਕਮ ਦਿੱਤਾ ਕਿ ਉਹ ਸਾਰੇ ਸੰਸਾਰ ਦੀ ਸਫ਼ਾਈ ਸੇਵਕ ਬਣ ਕੇ ਸੇਵਾ ਕਰੇ। ਪ੍ਰਮਾਤਮਾ ਦਾ ਹੁਕਮ ਪਾ ਕੇ ਉਹ ਦੁਨੀਆਂ ਵਿੱਚ ਆ ਗਿਆ ਕਿ ਸ਼ਾਇਦ ਮੈਨੂੰ ਮਾਫ਼ੀ ਮਿਲ ਜਾਵੇ ਅਤੇ ਉਹ ਸਫ਼ਾਈ ਕਰਦਾ ਰਿਹਾ। (ਵੇਖੋ ਅੰਤਿਕਾ-5)

1897 ਵਿੱਚ ਹੀ ਐਮ. ਮਿਲਟ ਦਾ ਇੰਡੀਅਨ ਐਂਟੀਕੁਅਰੀਜ਼ ਵਿੱਚ ਲੇਖ ਛਪਿਆ ਜਿਹੜਾ ਕਿ ਪਹਿਲਾ ਪੰਜਾਬ ਨੋਟਸ ਐਂਡ ਕੁਆਰੀਜ਼ ਵਿੱਚ 1883 ਨੂੰ ਛੱਪ ਚੁੱਕਿਆ ਸੀ। "ਪੰਜਾਬੀ ਇਕ ਨੇਮਜ਼" ਇਸ ਵਿੱਚ ਉਹ ਦੱਸਦਾ ਹੈ ਕਿ ਪੰਜਾਬ ਵਿੱਚ ਵੀ ਛੋਟੇ ਨਾਂ ਇਵੇਂ ਹਨ ਜਿਵੇਂ ਕਿ ਇੰਗਲੈਂਡ ਵਿੱਚ ਲਏ ਜਾਂਦੇ ਹਨ ਅਤੇ ਇਹ ਕਈ ਵਾਰੀ ਕਿਸੇ ਦੇ ਕਿਰਦਾਰ ਨੂੰ ਵੀ ਪੇਸ਼ ਕਰ ਦਿੰਦੇ ਹਨ। ਕਈ ਵਾਰ ਕਈ ਲੋਕਾਂ ਦੇ ਨਾਂ ਉਨ੍ਹਾਂ ਦੇ ਕਿਰਦਾਰ ਤੋਂ ਵੱਖਰੇ ਹੁੰਦੇ ਹਨ ਜਿਵੇਂ ਕਿਸੇ ਦਾ ਨਾਂ ਧਰਮ ਸਿੰਘ ਪਰ ਕੰਮ ਚੰਗੇ ਨਾ ਕਰੇ ਤਾਂ ਮਜ਼ਾਕ ਨਾਲ ਉਸ ਨੂੰ ਪਾਪੀ ਸਿੰਘ ਕਿਹਾ ਜਾਂਦਾ ਹੈ। (ਵੇਖੋ ਅੰਤਿਕਾ-6)

1899 ਵਿੱਚ ਐਫ. ਐਸ. ਗਰਾਉਸ ਵੱਲੋਂ 1883 ਵਿੱਚ ਪੰਜਾਬ ਨੋਟਸ ਐਂਡ ਕੁਆਰੀਜ਼ ਵਿੱਚ "ਰਸਟਿਕ ਡਵਿਜ਼ਨ ਆਫ਼ ਦਾ ਡੇ" ਲੇਖ ਛਪਿਆ। 1899 ਵਿੱਚ ਹੀ ਜੇ. ਵਿਲਸਨਦੀ ਪੰਜਾਬੀ ਵਿਆਕਰਨ ਬਾਰੇ ਪੁਸਤਕ "ਗਰਾਮਰ ਐਂਡ ਡਿਕਸ਼ਨਰੀ ਆਫ਼ ਵੈਸਟਰਨ ਪੰਜਾਬੀ ਵਿਦ ਪ੍ਰੋਵਰਬਜ਼ ਐਂਡ ਸੇਇੰਗਜ਼" ਜਿਵੇਂ ਸ਼ਾਹਪੁਰ ਜ਼ਿਲ੍ਹੇ ਵਿੱਚ ਬੋਲੀ ਜਾਂਦੀ ਪ੍ਰਕਾਸ਼ਿਤ ਹੋਈ। ਜਿਸ ਵਿੱਚ ਵਿਆਕਰਨ ਦੇ ਨਾਲ-ਨਾਲ ਪੰਜਾਬੀ ਦੀਆਂ ਮਸ਼ਹੂਰ ਕਹਾਵਤਾਂ ਵੀ ਦਿੱਤੀਆਂ ਗਈਆਂ ਹਨ। 1900 ਵਿੱਚ ਐਫ. ਏ. ਸਟੀਲ ਵੱਲੋਂ "ਸਮ ਬਰਥ ਕਸਟਮਜ਼ ਆਫ਼ ਪੰਜਾਬੀ ਮੁਸਲਿਮਜ਼ ਇੰਡੀਅਨ ਐਂਟੀਕੁਅਰੀਜ਼ ਵਿੱਚ ਛਪਿਆ। 1901 ਵਿੱਚ ਇੰਡੀਅਨ ਐਂਟੀਕੁਅਰੀਜ਼ ਵਿੱਚ ਐਮ. ਮੈਕਾਲਫ਼ ਵੱਲੋਂ ਆਸਾ ਦੀ ਵਾਰ ਦਾ ਅੰਗਰੇਜ਼ੀ ਅਨੁਵਾਦ ਛਾਪਿਆ ਗਿਆ ਅਤੇ 1902 ਵਿੱਚ ਐਚ.ਏ. ਰੋਜ਼ ਵੱਲੋਂ ਲਾਲ ਬੇਗ ਬਾਰੇ ਲਿਖਿਆ ਗਿਆ ਅਤੇ 1903 ਵਿੱਚ ਐਚ. ਏ. ਰੋਜ਼ ਦਾ ਨੋਟਸ ਐਂਡ ਕੁਆਰੀਜ਼ ਵਿੱਚ "ਟੈਬੂਜ਼ ਇਨ ਦਾ ਪੰਜਾਬ" ਛਾਪਿਆ ਗਿਆ। ਜਿਸ ਵਿੱਚ ਪੰਜਾਬ ਅੰਦਰ ਖ਼ਾਸ ਪਰਿਵਾਰਾਂ ਵਿੱਚ ਖ਼ਾਸ ਲੋਕਾਂ ਵੱਲੋਂ ਕੁਝ ਵਿਵਰਜਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। 1905 ਵਿੱਚ ਇੰਡੀਅਨ ਐਂਟੀਕੁਅਰੀਜ਼ ਵਿੱਚ ਲਾਲਾ ਦੀਨਾ ਨਾਥ ਵੱਲੋਂ "ਦਾ ਕਲਟ ਆਫ਼ ਮੀਆਂ ਬੀਵੀ ਇਨ ਪੰਜਾਬ" ਜਿਸ ਬਾਰੇ ਆਰ. ਸੀ. ਟੈਂਪਲ ਵੱਲੋਂ ਨੋਟ ਦਿੱਤਾ ਗਿਆ ਹੈ ਅਤੇ ਮੀਆਂ ਬੀਵੀ ਦਾ ਗੀਤ ਛਾਪਿਆ। ਇਸ ਵਿੱਚ ਸੀ. ਪੀਅਰਸਨ ਵੱਲੋਂ "ਐਲੀਗਜੈਂਡਰ ਪੋਰਸ ਐਂਡ ਦਾ ਪੰਜਾਬ" ਲੇਖ ਪ੍ਰਕਾਸ਼ਿਤ ਹੋਇਆ। ਇਸ ਵਿੱਚ ਉਸ ਸਮੇਂ ਦਾ ਨਕਸ਼ਾ ਦਿੱਤਾ ਗਿਆ ਹੈ ਅਤੇ ਇਸ ਬਾਰੇ ਵਿਨੀਸੈਂਟ. ਏ. ਸਮਿਥ ਨੇ ਭੂਮਿਕਾ ਦਿੱਤੀ ਹੈ। ਇਹ ਸਾਰੀ ਰਚਨਾ ਜਿੱਥੇ ਸਿਕੰਦਰ ਤੇ ਪੋਰਸ ਦੀ ਕਹਾਣੀ ਬਿਆਨ ਕਰਦੀ ਹੈ, ਉਥੇ ਇਸ ਦੀ ਖ਼ੂਬੀ ਇਹ ਵੀ ਹੈ ਕਿ ਇਹ ਰਚਨਾ ਵਾਰਤਕ ਵਿੱਚ ਹੈ ਜਿਹੜੀ ਕਿ ਆਮ ਪਾਠਕ ਦੇਸੀ ਜਾਂ ਵਿਦੇਸ਼ੀ ਨੂੰ ਆਸਾਨੀ ਨਾਲ ਸਮਝ ਆ ਸਕਦੀ ਹੈ। ਇਸੇ ਅੰਕ ਵਿੱਚ ਪੰਜਾਬ ਨੋਟਸ ਐਂਡ ਕੁਆਰੀਜ਼ ਵਿੱਚੋਂ ਟਾਈਟਲ ਅਮੰਗ ਰੂਲੀਗ ਫੈਮਲੀਜ਼ ਇਨ ਦਾ ਪੰਜਾਬ ਹਿਲਜ਼ ਐੱਚ.ਏ. ਰੋਜ਼ ਵੱਲੋਂ ਪ੍ਰਕਾਸ਼ਿਤ ਹੋਇਆ। 1905 ਵਿੱਚ ਹੀ ਸੀ. ਐਫ. ਉਸਬੋਰਨੇ ਦੀ ਪੁਸਤਕ "ਪੰਜਾਬੀ ਲਿਰਕਸ ਐਂਡ

ਪ੍ਰੋਵਰਬਜ਼ ਟਰਾਂਸਲੇਸ਼ਨ ਇਨ ਵਰਸ ਐਂਡ ਪ੍ਰੋਜ਼" ਸਿਵਲ ਐਂਡ ਮਿਲਟਰੀ ਗ਼ਜ਼ਟ ਪ੍ਰੈਸ ਲਾਹੌਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਦੀ ਭੂਮਿਕਾ ਵਿੱਚ ਉਸ ਨੇ ਪੰਜਾਬੀ ਗੀਤਾਂ, ਕਵਿਤਾਵਾਂ ਅਤੇ ਕਹਾਵਤਾਂ ਬਾਰੇ ਜ਼ਿਕਰ ਕੀਤਾ ਹੈ। ਨਾਲ ਹੀ ਉਸ ਨੇ ਪੰਜਾਬੀ ਸਭਿਆਚਾਰ ਅਤੇ ਇਸ ਵਿੱਚ ਮਿਲਦੇ ਰੁਮਾਂਟਿਕ ਕਿੱਸਿਆਂ ਦਾ ਜਿਨ੍ਹਾਂ ਤੋਂ ਸਾਰਾ ਪੰਜਾਬ ਵਾਕਿਫ਼ ਹੈ। ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਜਨੂੰ ਅਤੇ ਲੈਲਾ, ਸੱਸੀ ਪੁੰਨੂੰ ਅਤੇ ਹੋਰ ਨਾਇਕ ਨਾਇਕਾਵਾਂ ਦਾ ਜ਼ਿਕਰ ਕੀਤਾ ਹੈ। ਉਸ ਨੇ ਆਪਣੀ ਇਕੱਤਰੀਕਰਨ ਦੀ ਵਿਧੀ ਅਤੇ ਸ਼ੌਕ ਵੀ ਪੇਸ਼ ਕੀਤਾ ਹੈ। ਉਸ ਨੇ ਪ੍ਰਸਤੁਤ ਗੀਤਾਂ ਰਾਹੀਂ ਪੰਜਾਬੀ ਔਰਤ ਤੇ ਮਰਦ ਦੇ ਰਿਸ਼ਤੇ ਨੂੰ ਸਮਝਣ ਦਾ ਯਤਨ ਕੀਤਾ ਹੈ। ਉਹ ਆਖਦਾ ਹੈ ਕਿ ਭਾਰਤ ਵਿੱਚ ਇਸ ਰਿਸ਼ਤੇ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਅਸੀਂ ਇਹ ਜਾਣ ਲਈਏ ਕਿ ਇਥੇ ਔਰਤ ਦੀ ਪਰਵਰਿਸ਼ ਕਿਵੇਂ ਹੁੰਦੀ ਹੈ। ਪੰਘੂੜੇ ਵਿੱਚ ਹੀ ਇਨ੍ਹਾਂ ਦੀ ਮੰਗਣੀ ਅਤੇ ਸਕੂਲ ਜਾਣ ਤੋਂ ਪਹਿਲਾਂ ਹੀ ਇਨ੍ਹਾਂ ਦਾ ਵਿਆਹ ਹੋ ਜਾਂਦਾ ਹੈ। ਇਨ੍ਹਾਂ ਦੇ ਵਿਆਹਾਂ ਦਾ ਸਾਰਾ ਪ੍ਰਬੰਧ ਅਤੇ ਭਾਰ ਮਾਤਾ-ਪਿਤਾ ਦੇ ਉੱਪਰ ਹੀ ਹੁੰਦਾ ਹੈ। ਔਰਤ ਨੂੰ ਸਿਖਾਇਆ ਜਾਂਦਾ ਹੈ ਕਿ ਉਸ ਦਾ ਪਤੀ ਪ੍ਰਮੇਸ਼ਵਰ ਸਮਾਨ ਹੈ। ਸ਼ੁਰੂ ਵਿੱਚ 20 ਗੀਤ ਦਿੱਤੇ ਗਏ ਹਨ। ਜਿਨ੍ਹਾਂ ਵਿੱਚ ਹੀਰ ਰਾਂਝਾ, ਪਿਆਰ ਤੇ ਮੌਤ, ਮਾਰੂਥਲ ਦੀ ਜ਼ਿੰਦਗੀ, ਲੈਲਾ, ਸਰਦੀ ਦੀ ਮੌਤ, ਛੱਲਾ, ਮੱਝ ਦਾ ਗੀਤ, ਪਿੰਡੀ ਦੀ ਜੇਲ੍ਹ ਅਤੇ ਪਤਨੀ ਆਦਿ ਬਾਰੇ ਲਿਖਿਆ ਗਿਆ ਹੈ। ਵੰਨਗੀ ਵਜੋਂ ਵੇਖਣ ਤੋਂ ਪਹਿਲਾਂ ਇਹ ਗੱਲ ਸਪੱਸ਼ਟ ਕਰਨੀ ਬਣਦੀ ਹੈ ਕਿ ਉਸਬੋਰਨੇ ਨੇ ਇਸ ਸਾਰਾ ਕੁਝ ਦਾ ਅੰਗਰੇਜ਼ੀ ਅਨੁਵਾਦ ਹੀ ਪੇਸ਼ ਕੀਤਾ ਹੈ। ਇਸ ਬਾਰੇ ਉਹ ਆਖਦਾ ਵੀ ਹੈ ਕਿ ਮੈਨੂੰ ਪਤਾ ਹੈ ਕਿ ਇਸ ਨਾਲ ਇਸ ਦੀ ਆਤਮਾ ਦੁਖੀ ਹੋਵੇਗੀ ਪਰ ਅੰਗਰੇਜ਼ੀ ਪਾਠਕਾਂ ਲਈ ਅਜਿਹਾ ਕਰਨਾ ਜ਼ਰੂਰੀ ਹੈ ਪਰ ਚੰਗਾ ਹੁੰਦਾ ਜੇਕਰ ਉਹ ਆਰ. ਸੀ. ਟੈਂਪਲ ਵਾਂਗ ਇਸ ਦੇ ਨਾਲ ਹੀ ਪੰਜਾਬੀ ਰੂਪ ਵੀ ਪੇਸ਼ ਕਰਦਾ ਹੈ ਭਾਵੇਂ ਰੋਮਨ ਲਿੱਪੀ ਵਿੱਚ ਹੀ ਕਰਦਾ। ਪਰ ਉਸ ਨੇ ਤਾਂ ਆਪਣੇ ਪਾਠਕਾਂ ਦਾ ਘੇਰਾ ਅੰਗਰੇਜ਼ਾਂ ਤੱਕ ਹੀ ਸੀਮਿਤ ਰੱਖਿਆ ਹੈ। ਅਸੀਂ ਗੀਤ ਦੀ ਉਦਾਹਰਣ ਵੇਖਦੇ ਹਾਂ-

Hir must be Ranjhas's love and Ranjha Hir's;
You shall not find onearth again their Peer's
Thus shall men say by all the River's fire,
And ring than praires down the Shanging years.
The Ballad of Fanjha and Hir
Challa's always in Lahore;
Chall's never at my door,
Challa comes to me one more.
Challa, p. 14.

ਇਨ੍ਹਾਂ ਗੀਤਾਂ ਦੇ ਨਾਲ ਹੀ ਉਸ ਨੇ ਦੋਗਾਣਿਆਂ ਦਾ ਜ਼ਿਕਰ ਵੀ ਕੀਤਾ ਹੈ। ਅਸੀਂ ਵੇਖਦੇ ਹਾਂ ਕਿ ਇਹ ਮੂਲ ਰੂਪ ਵਿੱਚ ਪ੍ਰੇਮ ਗੀਤ ਹੀ ਹੈ-

(She) I have sent letters my beloved for to great;
Wearly I'm waiting for the music of his feet.
Waiting oh!so wearely: waiting oh! so disearity
Life of me! Come back, come back to me.

(He) Heart of me, love of me, the mountains Paths are steep
The river flood is swollen and the ford is darkand deep
Even though thou sigh for me, how can I come nigh to three
I can not come back, my love, to thee.
(An Indian Duet, p.10)

ਇਸ ਦੇ ਨਾਲ ਹੀ ਉਸ ਨੇ ਕੁਝ ਕਹਾਵਤਾਂ ਦੇ ਕੇ ਫਿਰ ਗੀਤ ਅਤੇ ਰੁਬਾਈਆਂ ਦਿੱਤੀਆਂ ਹਨ। ਨਾਲ ਹੀ ਵਿਆਹ ਬਾਰੇ ਗੀਤ, ਬੀਜ ਬੀਜਣ ਬਾਰੇ ਗੀਤ, ਪਿਆਰ ਬਾਰੇ ਗੀਤ ਅਤੇ ਫ਼ਰੀਦ ਦੀ ਕਾਫ਼ੀ ਵੀ ਦਿੱਤੀ ਹੈ। ਫਿਰ ਆਖ਼ਰੀ ਹਿੱਸਾ ਕਹਾਵਤਾਂ ਦਾ ਪੇਸ਼ ਕੀਤਾ ਗਿਆ ਹੈ। ਜਿਸ ਵਿੱਚ ਖ਼ੂਬਸੂਰਤ ਕਹਾਵਤਾਂ ਦਾ ਅਨੁਵਾਦ ਮਿਲਦਾ ਹੈ ਜਿਵੇਂ-

Land not ploughed in may; cattle not grass fed in
August, girls not brough up in their parents house,
These three are ruined.
Some died, other were born
The game never stopped.
the camel will always grunt, load or no load
Debt is death.

ਇਸ ਤਰ੍ਹਾਂ ਇਹ ਪੁਸਤਕ ਜੋ ਕਿ ਪੰਜਾਬੀ ਪਾਠਕਾਂ ਖੋਜਾਰਥੀਆਂ ਦੀ ਨਜ਼ਰ ਤੋਂ ਪਰ੍ਹੇ ਰਹੀ ਪਰ ਇਹ ਕਿਉਂਕਿ ਇਕ ਤਾਂ ਇਹ ਉਪਲਬਧ ਨਹੀਂ ਸੀ ਅਤੇ ਦੂਸਰਾ ਇਹ ਅੰਗਰੇਜ਼ੀ ਭਾਸ਼ਾ ਵਿੱਚ ਹੀ ਮਿਲਦੀ ਹੈ। ਪੰਜਾਬੀ ਦੀ ਇਕ ਵਧੀਆ ਪੁਸਤਕ ਹੈ। ਜੇਕਰ ਇਨ੍ਹਾਂ ਵਿੱਚ ਗੀਤਾਂ ਦੇ ਅਨੁਵਾਦ ਦੇ ਨਾਲ-ਨਾਲ ਮੂਲ ਪਾਠ ਵੀ ਪ੍ਰਸਤੁਤ ਕਰ ਦਿੱਤਾ ਜਾਂਦਾ ਤਾਂ ਇਹ ਪੁਸਤਕ ਪੰਜਾਬੀ ਗੀਤਾਂ ਦੀ ਪਹਿਲੀ ਪੁਸਤਕ ਬਣ ਜਾਂਦੀ। ਇਸ ਵਿੱਚ 1857 ਬਾਰੇ ਵੀ ਲਿਖਿਆ ਗਿਆ ਹੈ ਅਤੇ ਕਹਾਵਤਾਂ ਵਿੱਚ ਕਈ ਕਹਾਵਤਾਂ ਨੂੰ ਇਸਾਈ ਧਰਮ ਦਾ ਰੰਗ ਵੀ ਦਿੱਤਾ ਗਿਆ ਹੈ। Let Jesus Stick to his faith and Moses to his. ਇਸ ਨਾਲ ਇਹ ਗੱਲ ਸਪੱਸ਼ਟ ਹੋ ਗਈ ਕਿ ਅੰਗਰੇਜ਼ਾਂ ਦੇ ਸਮੇਂ ਵਿੱਚ ਹੀ ਇਸਾਈ ਧਰਮ ਦਾ ਪ੍ਰਚਾਰ ਹੋ ਚੁੱਕਾ ਸੀ ਅਤੇ ਯਿਸੂ ਮਸੀਹ ਨਾਲ ਸੰਬੰਧਿਤ ਕਹਾਵਤਾਂ ਵੀ ਚੱਲ ਪਈਆਂ ਸਨ। ਥੋੜ੍ਹਾ ਜਿਹਾ ਉਸਬੋਰਨੇ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਂਉਂਦਾ ਹੈ ਕਿ ਮੂਲ ਪਾਠ ਨਾਲ ਉਸ ਵੱਲੋਂ ਕੁਝ ਖਿਲਵਾੜ ਜ਼ਰੂਰ ਕੀਤਾ ਗਿਆ ਹੈ। (ਵੇਖੋ ਅੰਤਿਕਾ-7)

1906 ਵਿੱਚ ਇੰਡੀਅਨ ਐਂਟੀਕੁਅਰੀਜ਼ ਵਿੱਚ ਐਚ. ਏ. ਰੋਜ਼ ਨੇ ਲਾਲਾ ਕਰਮ ਚੰਦ ਭੱਲੇ ਦੀ ਸਹਾਇਤਾ ਨਾਲ "ਲੀਜੈਂਡਜ਼ ਫ਼ਰਾਮ ਦੀ ਪੰਜਾਬ" ਪ੍ਰਕਾਸ਼ਿਤ ਕਰਵਾਈ। ਇਸ ਵਿੱਚ ਬਾਬਾ ਫ਼ਰੀਦ ਦੀ ਕਹਾਣੀ ਪੇਸ਼ ਕੀਤੀ ਗਈ ਹੈ ਜੋ ਕਿ ਕਵਿਤਾ ਵਿੱਚ ਹੈ। ਇਸ ਰਚਨਾ ਦਾ ਮੂਲ ਪਾਠ ਵੀ ਰੋਮਨ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਇਸ ਵਿੱਚ ਬਾਬਾ ਫ਼ਰੀਦ ਦਾ ਨਾਂ ਸ਼ਕਰਗੰਜ਼ ਕਿਵੇਂ ਪਿਆ ਅਤੇ ਬਦਾਮਾਂ ਅਤੇ ਛੁਆਰਿਆਂ ਦਾ ਪੱਥਰਾਂ ਵਿੱਚ ਤਬਦੀਲ ਹੋਣ ਬਾਰੇ ਪਾਕਪਟਨ ਜਾਣ ਬਾਰੇ ਜ਼ਿਕਰ ਮਿਲਦਾ ਹੈ। ਕਹਾਣੀ ਦਾ ਆਰੰਭ ਇਸ ਤਰ੍ਹਾਂ ਹੈ ਕਿ-

"ਇਕ ਦੋਸਤ ਫ਼ਰਮਾਇਸ਼ ਕੀਤੀ: ਮੈਨੂੰ ਹਜ਼ੂਰ,
ਬਾਵਾ ਸਾਹਿਬ ਦਾ ਕੁਝ ਹਾਲ ਲਿਖੋ,

ਮੂਲ ਨਾ ਕਰੋ ਕਸੂਰ
ਸ਼ਾਹ ਮੁਹੰਮਦ ਜੋ ਕੁਝ ਲਿਖਿਆ
ਉਸ ਨੂੰ ਲਿਖੋ ਨਾ ਮੂਲ
ਹੋਰ ਹਾਲ ਤੁਮ ਲਿਖੋ ਭਾਈ ਜੋ ਹੋ ਅਸਲ ਅਸੂਲ।"

ਕਹਾਣੀ ਅਨੁਸਾਰ ਜਦੋਂ ਵਪਾਰੀਆਂ ਨੇ ਬਾਬਾ ਫ਼ਰੀਦ ਨਾਲ ਝੂਠ ਬੋਲਿਆ ਕਿ ਊਠਾਂ ਉੱਤੇ ਪੱਥਰ ਲੱਦੇ ਹਨ ਤਾਂ ਉਨ੍ਹਾਂ ਦਾ ਸਾਰਾ ਸਮਾਨ ਜਿਸ ਵਿੱਚ ਛੁਹਾਰੇ ਅਤੇ ਬਦਾਮ ਸੀ, ਸਾਰੇ ਪੱਥਰ ਹੋ ਗਏ। ਊਠਾਂ ਕੋਲੋਂ ਭਾਰ ਚੁੱਕਿਆ ਨਾ ਜਾਵੇ। ਇਸ ਬਾਰੇ ਲਿਖਿਆ ਹੈ-

"ਮੇਵਾ ਜੱਬ ਕੇ ਪੱਥਰ ਬਨ ਗਿਆ, ਊਠ ਉਠਾ ਨਾ ਸਕੇ,
ਆਜਿਜ਼ ਹੋ ਕੇ ਗਿਰ ਗਏ ਸਾਰੇ, ਆਗੇ ਕਦਮ ਨਾ ਚੱਕੇ
ਕਾਫ਼ਲੇ ਵਾਲਿਆ ਆਜਿਜ਼ ਹੋ ਕਰ ਕੀਤੀ ਬਹੁਤ ਮਿੰਨਤਾਈ
ਬੋਲੇ ਬਾਬਾ : ਬਾਤ ਤੁਮਹਾਰੀ ਤੁਹਾਡੇ ਅੱਗੇ ਆਈ।"

1906 ਵਿੱਚ ਹੀ ਚਰਚ ਆਫ਼ ਸਕਾਟਲੈਂਡ ਮਿਸ਼ਨ ਸਿਆਲਕੋਟ ਦੇ ਪਾਦਰੀ ਜੇ. ਡਬਲਿਯੂ ਯੰਗਸਨ ਨੇ ਆਪਣੇ ਲੇਖ "ਦਾ ਚੂਹੜਾਜ਼" ਲਿਖਿਆ ਇਹ ਵੀ ਇਕ ਲੰਮਾ ਗੀਤ ਅਤੇ ਵਿਆਖਿਆ ਹੈ-ਜਿਸ ਵਿੱਚ ਇਸ ਜਾਤ ਕੁੜੀ ਦੇ ਵਿਆਹ ਅਤੇ ਉਸ ਨਾਲ ਸੰਬੰਧਿਤ ਗੀਤਾਂ-ਰਸਮਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਨੂੰ ਅਨੁਵਾਦਿਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਪਰ ਇਸ ਦਾ ਮੂਲ ਪਾਠ ਵੀ ਰੋਮਨ ਲਿੱਪੀ ਵਿੱਚ ਦਿੱਤਾ ਗਿਆ ਹੈ। ਇਸ ਤਰ੍ਹਾਂ ਇਕ ਗੱਲ ਹੋਰ ਸਪੱਸ਼ਟ ਹੁੰਦੀ ਹੈ ਕਿ ਈਸਾਈ ਮਿਸ਼ਨਰੀਆਂ ਨੇ ਆਪਣੇ ਕੰਮ (ਧਰਮ ਦੇ ਪ੍ਰਚਾਰ) ਦੇ ਨਾਲ-ਨਾਲ ਅਜਿਹੇ ਕੰਮ ਵਿੱਚ ਵੀ ਰੁਚੀ ਦਿਖਾਈ। ਸਿਆਲਕੋਟ ਚਰਚ ਆਫ਼ ਸਕਾਟਲੈਂਡ ਦਾ ਮੁੱਖ ਸ਼ਹਿਰ ਸੀ ਅਤੇ ਇਨ੍ਹਾਂ ਆਪਣੀ ਮਾਸ ਮੂਵਮੈਂਟ ਵੀ ਇਥੇ ਸ਼ੁਰੂ ਕੀਤੀ, ਜਿਸ ਰਾਹੀਂ ਬਹੁਤ ਸਾਰੇ ਸਫ਼ਾਈ ਨਾਲ ਜੁੜੇ ਲੋਕਾਂ ਨੇ ਵੀ ਇਸਾਈ ਧਰਮ ਵਿੱਚ ਪ੍ਰਵੇਸ਼ ਕਰ ਲਿਆ।

ਇਥੇ ਅਸੀਂ ਮੁਕਲਾਵੇ ਬਾਰੇ ਗੀਤ ਨੂੰ ਵੇਖਦੇ ਹਾਂ। ਵਿਆਹ ਤੋਂ ਬਾਅਦ ਅਗਲੇ ਦਿਨ ਕੁੜੀ (ਵਿਆਹ ਵਾਲੀ) ਆਪਣੇ ਬਾਪ ਦੇ ਘਰ ਜਾਂਦੀ ਹੈ। ਜਿਥੇ ਕੱਚੀ ਪਿੰਨੀ ਜਾਂ ਕੱਚੀ ਭਾਜੀ ਬਣਾਈ ਜਾਂਦੀ ਹੈ। ਜਿਹੜਾ ਚੌਲਾਂ ਦੇ ਆਟੇ ਅਤੇ ਖੰਡ ਦੀ ਹੁੰਦੀ ਹੈ। ਲੜਕੀ ਛੇ ਮਹੀਨੇ, ਸਾਲ ਜਾਂ ਦੋ ਸਾਲ ਬਾਅਦ ਆਪਣੇ ਪਤੀ ਦੇ ਘਰ ਜਾਂਦੀ ਹੈ। ਜਿਸ ਨੂੰ ਮੁਕਲਾਵਾ ਆਖਦੇ ਹਨ। ਉਹ ਆਪਣੇ ਪਤੀ, ਸਹੁਰਾ ਅਤੇ ਸੱਸ ਲਈ ਸੂਟ ਲੈ ਕੇ ਜਾਂਦੀ ਹੈ ਅਤੇ ਕੱਚ ਦੀਆਂ ਚੂੜੀਆਂ ਪਾਉਂਦੀ ਹੈ ਕਿਉਂਕਿ ਉਹ ਅਜੇ ਕੱਚੀ ਹੈ ਪੱਕੀ ਨਹੀਂ। ਮੁਕਲਾਵੇ ਦੇ ਗੀਤ ਨੂੰ ਬਾਰਾਂ ਹਿੱਸਿਆਂ ਵਿੱਚ ਵੰਡਿਆ ਗਿਆ ਹੈ, ਵਿੱਚ ਵਿੱਚ ਕੋਰਸ ਵੀ ਦਿੱਤਾ ਗਿਆ ਹੈ ਜਿਹੜਾ ਕਿ ਗੀਤ ਦਾ ਅੰਤਰਾ ਮੁੱਕਣ ਬਾਅਦ ਫਿਰ ਗਾਉਣ ਬਾਰੇ ਲਿਖਿਆ ਹੈ ਜਿਵੇਂ-

ਕੋਰਸ-ਜਾਨ ਮਿਲਿਆ ਤਾਂ ਹੱਸਿਆ,
ਜਾਮਿਨ ਦੇਖ ਨਾ ਨੱਸਿਆ,
ਪਿਆਰੀ ਜਾਨ, ਜਾਨ ਮਿਲਿਆ ਤਾਂ ਕੱਸਿਆ।
ਗੀਤ-ਲਾਲ ਵੇ ਊਠਾਂ ਦੀਆਂ ਮੁਹਰਾਂ ਲੰਮੀਆਂ ਮੇਰੀ ਜਾਨ,
ਚੱਲੇ ਵਜੀਰਾਬਾਦ ਮੇਰੀ ਜਿੰਦਗੀਆਂ
ਜਾਨ ਮਿਲਾਇਆ-ਕੋਰਸ

ਇਨ੍ਹਾਂ ਗੀਤਾਂ ਵਿੱਚ ਪੰਜਵਾਂ ਗੀਤ ਸ਼ੀਸ਼ੇ ਬਾਰੇ ਹੈ, ਜੋ ਕਿ ਸ਼ੀਸ਼ੇ ਦੀ ਬਣਤਰ ਖ਼ੂਬਸੂਰਤੀ

ਤੇ ਇਸ ਬਾਰੇ ਵਿਚਾਰ ਪੇਸ਼ ਕਰਦਾ ਹੈ ਜਿਵੇਂ :

ਸ਼ੀਸ਼ਾ ਮੇਰਾ ਘਾੜੂ ਘੜਿਆ
ਥਲਾਂ ਲਾਹੌਰ ਵਿੱਚ ਜੜਿਆ
ਸ਼ੀਸ਼ਾ ਢੂੰਡ ਢੂੰਡਈਆ
ਮੈਂ ਮਰ ਗਈਆਂ ਸਾਂ ਮਾਏ।"

ਇਸ ਤੋਂ ਸਪੱਸ਼ਟ ਹੈ ਕਿ ਸ਼ੀਸ਼ਾ ਗੁਆਚ ਗਿਆ ਹੈ ਅਤੇ ਉਸ ਦਾ ਪਤੀ ਆ ਕੇ ਪੁੱਛੇਗਾ ਤੇ ਫਿਰ ਝਗੜਾ ਹੋਵੇਗਾ। ਸੱਤਵਾਂ ਹਿੱਸਾ ਸਿਰਫ਼ ਦੋ ਸਤਰਾਂ ਦਾ ਹੈ ਜੋ ਚਰਖੇ ਬਾਰੇ ਹੈ ਜਿਵੇਂ :

ਚਰਖਾ ਮੇਰਾ ਰਾਂਗਲਾ
ਮੱਲ ਵਗੇ ਦਰਿਆ
ਆ ਬਹੋ ਮੇਰੇ ਸਾਹਮਣੇ
ਕੱਤਾਂ ਤੁਮਹਾਰੇ ਚਾਅ।

ਇਸੇ ਤਰ੍ਹਾਂ ਅਗਲੇ ਹਿੱਸੇ ਕਿੱਲੀ ਦੇ ਦਰਵਾਜ਼ੇ, ਬਬੀਹੇ, ਡੋਲੀ, ਵਿਆਹ, ਸੁਨਿਆਰੇ, ਰਾਵੀ ਦਰਿਆ ਬਾਰੇ ਲਿਖਿਆ ਗਿਆ ਹੈ। ਜਿਸ ਦੀ ਖ਼ੂਬਸੂਰਤੀ ਅਤੇ ਰਵਾਨੀ ਉਸ ਦੇ ਸ਼ਬਦਾਂ ਅਤੇ ਲੈਅ ਵਿੱਚ ਪ੍ਰਤੱਖ ਨਜ਼ਰ ਆਉਂਦੀ ਹੈ। (ਵੇਖੋ ਅੰਤਿਕਾ-8)

1906 ਵਿੱਚ ਐਚ. ਏ. ਰੋਜ਼ "ਵੱਲੋਂ "ਕਸਟਮਰੀ ਲਾਅ ਰੀਗਾਰਡਿੰਗ ਸੁਸੈਸਨ ਇਨ ਰੂਲਿੰਗ ਫੈਮਲੀਜ਼ ਆਫ਼ ਪੰਜਾਬ ਹਿੱਲ ਸਟੇਟਸ" ਪ੍ਰਕਾਸ਼ਿਤ ਹੋਇਆ। ਜਿਸ ਵਿੱਚ ਰਾਜਾ ਦਾ ਉਹੀ ਬੱਚਾ ਉਸ ਦਾ ਵਾਰਿਸ ਬਣਦਾ ਹੈ। ਜਿਸ ਦੀ ਖ਼ਬਰ ਰਾਜਾ ਨੂੰ ਪਹਿਲਾਂ ਮਿਲਦੀ ਹੈ। ਇਸ ਵਿੱਚ ਕੈਨਥੋਲ ਸਟੇਟ ਦੇ ਰਾਜਾ ਦੀ ਉਦਾਹਰਣ ਵੀ ਦਿੱਤੀ ਗਈ ਹੈ। ਇਸੇ ਸਾਲ ਹੀ ਐਚ. ਏ. ਰੋਜ਼ ਵੱਲੋਂ ਦੋ ਪੰਜਾਬੀ ਦੇ 'ਪਿਆਰ ਗੀਤ' ਵੀ ਪੇਸ਼ ਕੀਤੇ ਗਏ। ਜਿਸ ਬਾਰੇ ਗਰੀਅਰਸਨ ਨੇ ਨੋਟ ਲਿਖਿਆ। ਇਹ ਦੋ ਗੀਤ ਅਸਲ ਵਿੱਚ ਕਾਫ਼ੀਆਂ ਹਨ ਜਿਨ੍ਹਾਂ ਨੂੰ ਮੂਲ ਪਾਠ ਦੇ ਨਾਲ-ਨਾਲ ਅਨੁਵਾਦ ਰੂਪ ਵਿੱਚ ਵੀ ਛਾਪਿਆ ਗਿਆ ਹੈ।

ਕਿਤੋਂ ਦਿਲਬਰ ਨਾ ਵਲ ਕਰੀਂ
ਰਹੀ ਜ਼ਿੰਦਗੀ ਦੁਖਾਂ ਮਾਰੀ
ਜਿਉਂ ਰਾਂਵਲ ਇਸ਼ਾਰੇ ਹੈ,
ਅੱਖਾਂ ਤੋਂ ਕੌਨ ਜਰ੍ਹੇ ਹੈ।
ਉਮਰ ਸਿਕਦਿਆਂ ਗੁਜ਼ਰੀ ਹੈ
ਮਿਲੇ ਸਾਵਲ ਨਾ ਹਿੱਕ ਵਾਰੀ
ਕਾਗਾਂ ਦੇ ਗਲ ਕੰਗਨ ਪਾਵਾਂ
ਪੁੱਛਾਂ ਦਿਲਬਰ ਨਾ ਵੰਝ ਨਾਵਾਂ
ਕਦੇ ਗਲ ਸੇਜ਼ ਨਾਲ ਲਾਵਾਂ।

1906 ਵਿੱਚ ਹੀ ਇੰਡੀਅਨ ਐਂਟੀਕੁਅਰੀਜ਼ ਵਿੱਚ "ਏ ਬਿਬਲੀਉਗਰਾਫੀ ਆਫ਼ ਪੰਜਾਬੀ ਲੈਂਗੁਏਜ" ਜੀ. ਏ. ਗਰੀਅਰਸਨ ਵੱਲੋਂ ਪੇਸ਼ ਕੀਤੀ ਗਈ। ਇਸ ਵਿੱਚ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਸਾਰੀ ਸਮੱਗਰੀ ਪੇਸ਼ ਕੀਤੀ ਗਈ, ਜਿਸ ਵਿੱਚ ਆਦਿ ਗ੍ਰੰਥ, ਪੰਜ ਗ੍ਰੰਥੀ, ਪੋਥੀ ਰਹਿਰਾਸ, ਪੋਥੀ ਜਪੁਜੀ, ਪੋਥੀ ਆਸਾ ਦੀ ਵਾਰ, ਇਸ ਸਾਰੇ ਦਾ ਅੰਗਰੇਜ਼ੀ ਅਨੁਵਾਦ ਕਿਵੇਂ ਅਤੇ ਕਦੋਂ ਹੋਇਆ, ਬਾਰੇ ਦੱਸਿਆ ਗਿਆ ਹੈ। ਇਨ੍ਹਾਂ ਨਾਲ ਸੰਬੰਧਿਤ ਪੁਸਤਕਾਂ ਵਿਦਵਾਨਾਂ ਜਿਨ੍ਹਾਂ ਵਿੱਚ

ਡਾ. ਅਰਨਸਟ, ਪਿਨਕੋਟ ਫਰੈਡਰਿਕ, ਐਡਲੰਗ ਜੋਹਨ ਕ੍ਰਿਸਟੋਫਰ, ਮੇਜਰ. ਜੇ. ਐਬਟ ਆਦਿ ਦੇ ਕੰਮ ਦੇ ਵੇਰਵੇ ਵੀ ਦਿੱਤੇ ਗਏ ਹਨ। ਇਸ ਦੇ ਨਾਲ ਹੀ ਪੰਜਾਬੀ ਲੋਕਧਾਰਾ ਸੰਬੰਧੀ ਅੰਗਰੇਜ਼ ਵਿਦਵਾਨਾਂ ਦੇ ਕੰਮ ਬਾਰੇ ਜ਼ਿਕਰ ਕੀਤਾ ਗਿਆ ਹੈ। ਇਹ ਸੂਚੀ 1904 ਤੱਕ ਦੇ ਕੰਮ ਦੀ ਹੈ ਅਤੇ ਪੰਜਾਬੀ ਲੋਕਧਾਰਾ ਦੇ ਵਿਦਵਾਨਾਂ ਲਈ ਬੜੀ ਅਹਿਮ ਹੈ।

ਬਾਲਮੀਕੀਆਂ ਬਾਰੇ ਪਾਦਰੀ ਯੰਗਸਨ ਜਿਹੜਾ ਕਿ ਸਿਆਲਕੋਟ ਵਿੱਚ ਸਕਾਟਲੈਂਡ ਮਿਸ਼ਨ ਦਾ ਪਾਦਰੀ ਸੀ, ਨੇ ਇਕ ਵਿਸਥਾਰਪੂਰਵਕ ਲੇਖ "ਦਾ ਚੂਹੜਾਜ਼" ਲਿਖਿਆ। ਇਸ ਤੋਂ ਪਹਿਲਾਂ ਭਾਵੇਂ ਟੈਂਪਲ ਨੇ ਇਨ੍ਹਾਂ ਦੇ ਗੁਰੂ ਲਾਲ ਬੇਗ ਦਾ ਕੁਰਸੀਨਾਮਾ ਦਿੱਤਾ ਸੀ। ਪਹਿਲਾਂ ਉਸ ਨੇ ਇਸ ਦੇ ਆਰੰਭ ਬਾਰੇ ਲਿਖਿਆ ਤੇ ਫਿਰ ਕੁਰਸੀਨਾਮਾ ਦੇ ਕੇ ਵਿਆਹ ਦੇ ਕਾਨੂੰਨ, ਪਰਿਵਾਰਕ, ਸਮਾਗਮ, ਗਰਭਵਤੀ ਹੋਣ ਤੇ ਬੱਚੇ ਦੇ ਜਨਮ ਸੰਬੰਧੀ, ਗੋਦ ਲੈਣਾ, ਮੰਗਣੀ ਤੇ ਫਿਰ ਵਿਆਹ ਦੇ ਗੀਤਾਂ ਦਾ ਜ਼ਿਕਰ ਕੀਤਾ ਹੈ। ਵਿਆਹ ਦੇ ਗੀਤਾਂ ਵਿੱਚ ਭੈਣਾਂ, ਮਾਂ, ਵਿਆਹ ਵਾਲੀ ਕੁੜੀ, ਸਹੇਲੀਆਂ, ਚਾਚੀ, ਲਾੜੇ ਦੀਆਂ ਭੈਣਾਂ, ਪਿੰਡ ਦੀਆਂ ਔਰਤਾਂ, ਨਾਈ, ਲਾੜੇ ਦੇ ਮਿੱਤਰ ਵਿਆਹ ਦੇ ਸਮਾਗਮ ਵਿੱਚ ਆਈਆਂ ਔਰਤਾਂ ਕਿਵੇਂ ਗਾਉਂਦੀਆਂ ਹਨ, ਗੀਤ ਪੇਸ਼ ਕੀਤੇ ਹਨ। ਜਿਵੇਂ-

ਭੈਣ ਦਾ ਗੀਤ-ਘੋੜੀ ਤੇਰੀ ਵੇ ਮਲਾ ਸੋਹਣੀ,
ਸੋਹਣੀ ਬਣੀ ਕਾਠੀਆਂ ਦੇ ਨਾਲ,
ਕਾਠੀ ਡੇਢ ਤੇ ਹਜ਼ਾਰ
ਮੈਂ ਮਨਹਾਰੀ ਵੇ ਬਹਿਨੂ ਦਿਆ ਸੁਰਜਨਾ
ਮਾਂ ਵੱਲੋਂ ਗਾਇਆ ਗੀਤ-
ਘੋੜੀ ਤੇਰੀ ਵੇ ਮੱਲਾ ਸੋਹਣੀ
ਜੜੀ ਮੋਤੀਆਂ ਦੇ ਨਾਲ
ਮੋਤੀ ਡੇਢ ਤੇ ਹਜ਼ਾਰ
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ।

ਇਸ ਦੇ ਨਾਲ ਹੀ ਵਿਆਹ ਦੀਆਂ ਰਸਮਾਂ ਦੇ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਨਿਭਾਉਣ ਦਾ ਜ਼ਿਕਰ ਵੀ ਮਿਲਦਾ ਹੈ ਜਿਵੇਂ ਵਿਆਹ ਤੋਂ ਅੱਠ-ਨੌਂ ਦਿਨ ਪਹਿਲਾਂ "ਮਾਈਆਂ ਪੈਣਾ" ਦੀ ਰਸਮ ਮਿਲਦੀ ਹੈ। ਇਸ ਤਰ੍ਹਾਂ ਗਾਨਾ, ਕੰਗਨਾ, ਸਾਫ਼ਾ, ਸਰਬਾਲਾ ਆਦਿ ਬਾਰੇ ਜ਼ਿਕਰ ਕੀਤਾ ਗਿਆ ਹੈ। ਇਸੇ ਤਰ੍ਹਾਂ ਇਨ੍ਹਾਂ ਦੇ ਗੁਰੂ ਬਾਲਾ ਸ਼ਾਹ ਦਾ ਗੀਤ ਵੀ ਮਿਲਦਾ ਹੈ :

ਨਾਮ ਤੇਰਾ ਚਾਰ ਯੁੱਗ ਲਏਗਾ
ਮੇਰਿਆ ਮਚੇ ਪਰਵਰਦਿਗਾਰਾ
ਸ਼ਾਹ ਕਿਹੜੇ ਦੇਸ਼ੋਂ ਉਦਮਿਆਂ
ਕਿਹੜੇ ਦੇਸ ਲਿਆ ਉਤਾਰਾ।

ਬਾਲਾ ਸ਼ਾਹ ਨਾਲ ਸੰਬੰਧਿਤ ਹੋਰ ਵੀ ਗੀਤ ਮਿਲਦੇ ਹਨ। (ਵੇਖੋ ਅੰਤਿਕਾ-8)

1906 ਵਿੱਚ ਹੀ ਐਂਟੀਕੁਅਰੀਜ਼ ਦੇ ਜਨਰਲ ਵਿੱਚ ਗੁਜਰਾਤ ਦੇ ਹਾਕਲਾਸ ਬਾਰੇ "ਬੈਲਡ ਆਫ਼ ਦਾ ਹਕਲਾਸ ਆਫ਼ ਗੁਜਰਾਤ ਇਨ ਦਾ ਪੰਜਾਬ" ਛਪਿਆ। 1908 ਵਿੱਚ ਅਤੇ ਐਮ. ਲੌਂਗਵਰਥ ਡੇਮਸ ਦਾ "ਏ ਬੇਕਰਸ ਡਜ਼ਨ ਆਫ਼ ਕੈਚਸ ਫਰਾਮ ਦਾ ਝੰਗ ਡਿਸਟਕਰਿਕਟ ਪੰਜਾਬ" ਇਸ ਵਿੱਚ ਪਤਨੀ, ਪ੍ਰੇਮਿਕਾ, ਜੱਟ, ਮਾੜੀ ਪਤਨੀ, ਮਾੜੀ ਔਰਤ, ਔਰਤ ਤੇ ਘੋੜੀ

ਆਦਿ ਬਾਰੇ ਲਿਖਿਆ ਹੈ:

ਜਿਵੇਂ ਮਾੜੀ ਪਤਨੀ ਬਾਰੇ-
ਭੈੜੀ ਰੰਨ ਦੀ ਭੈੜੀ ਚਾਲ
ਚੁੱਲ੍ਹੇ ਉੱਤੇ ਰੋਵੇ ਬਾਲ
ਆਟਾ ਗੁੰਨਦਿਆਂ ਖੁਰਕੇ ਵਾਲ
ਨੱਕ ਪੂੰਝਦੀ ਗੋਡਿਆਂ ਨਾਲ।

1908 ਵਿੱਚ ਹੀ ਆਰ. ਸੀ. ਟੈਂਪਲ ਤੇ ਐਚ. ਏ. ਰੋਜ਼ ਵੱਲੋਂ 'ਲੀਜੰਡਜ਼ ਫ਼ਰਾਮ ਪੰਜਾਬ" ਨਾਂ ਹੇਠ ਤਿੰਨ ਲੀਜੰਡਜ਼ ਮੁਗ਼ਲ ਕੋਰਟ ਸੰਬੰਧੀ ਪੇਸ਼ ਕੀਤੀਆਂ। ਪਹਿਲੀ "ਲੀਜੰਡ ਆਫ਼ ਅਕਬਰ ਐਂਡ ਮਿਰਜਾ ਜਾਮਿਲ ਬੇਗ ਦਿੱਲੀ" 2. "ਸਟੋਰੀ ਆਫ਼ ਰਾਜਾ ਅਮਰ ਸਿੰਘ, ਰੂਲਰ ਆਫ਼ ਅਮਰਗੜ੍ਹ ਇਨ ਦਾ ਦੱਖਣ" 3. "ਲੀਜੰਡ ਆਫ਼ ਔਰੰਗਜੇਬ ਕਿੰਗ ਆਫ਼ ਦਿੱਲੀ" ਪੇਸ਼ ਕੀਤੀਆਂ ਗਈਆਂ। ਐਚ. ਏ. ਰੋਜ਼ ਵੱਲੋਂ "ਨੋਟਸ ਆਨ ਏਨਸ਼ੀਐਂਟ ਐਡਮਿਨਸਟਰੇਟਿਵ ਟੂ ਟਰਮਜ਼ ਐਂਡ ਟਾਇਟਲਸ ਇਨ ਦਾ ਪੰਜਾਬ ਇੰਡੀਅਨ ਐਂਟੀਕੁਅਰੀਜ਼" ਵਿੱਚ ਲਿਖਿਆ ਗਿਆ।

1909 ਵਿੱਚ ਰਿਚਰਡ ਕਾਰਨੈਕ ਟੈਂਪਲ ਤੇ ਐਚ. ਏ. ਰੋਜ਼ ਵੱਲੋਂ ਲੀਜੰਡਜ਼ ਫਰਾਮ ਦਾ ਪੰਜਾਬ ਹੇਠ "ਦਾ ਵੈਡਿੰਗ ਆਫ਼ ਰਾਇ ਮੋਰਨੀ ਔਰ ਦਾ ਪਰਿਸਸ ਪੀ ਹੈਨ" ਛਪਵਾਈ। ਜਿਸ ਨੂੰ ਬੈਂਤਾਂ ਵਿੱਚ ਲਿਖਿਆ ਗਿਆ ਹੈ ਅਤੇ ਉਸ ਦਾ ਅਨੁਵਾਦ ਵੀ ਨਾਲ ਹੀ ਕੀਤਾ ਗਿਆ ਹੈ। ਇਸ ਦਾ ਇਕ ਬੈਂਤ ਅਸੀਂ ਵੇਖਦੇ ਹਾਂ। ਰਾਇ, ਰਾਇ ਚਿਲਮਿਲ ਨੂੰ ਆਖਦਾ ਹੈ:

ਮੈਂ ਸਿਰ ਵਢਾਇਆ ਆਪਣਾ, ਜਾਣੇ ਕੁੱਲ ਜਹਾਨ
ਮੰਗਾਂ ਭੈਣ ਤੇਰੀ ਮੋਰਨੀ, ਮੈਂ ਤੈਥੋਂ ਮੰਗਿਆ ਹੈ ਇਹ ਦਾਨ
ਅਸੀਂ ਤਾਂ ਉੱਤਮ ਜਾਤ ਦੇ, ਮੈਡੀ ਜਾਤ ਪਨਵਾਰ
ਅਸੀਂ ਲਈਆਂ ਤੁਹਾਡੀਆਂ, ਤੁਹਾਨੂੰ ਮੂਲ ਨਾ ਦੇਈਏ ਸਾਕ।

1909 ਵਿੱਚ ਹੀ ਐਚ. ਏ. ਰੋਜ਼ ਨੇ "ਟੈਬੂਜ਼ ਇਨ ਦਾ ਪੰਜਾਬ" ਬਾਰੇ ਲੇਖ ਲਿਖਿਆ ਤੇ ਇੰਡੀਅਨ ਐਂਟੀਕੁਅਰੀਜ਼ ਵਿੱਚ ਛਪਵਾ ਲਿਆ। 1909 ਵਿੱਚ ਹੀ ਐਚ. ਏ. ਰੋਜ਼ ਅਤੇ ਮੇਜਰ ਏ. ਸੀ. ਏਲੀਔਟ ਨੇ ਬੜਾ ਹੀ ਜਾਣਕਾਰੀ ਤੇ ਗਿਆਨ ਭਰਪੂਰ ਲੇਖਕ "ਦਾ ਚਹਾਜ, ਔਰ ਰੈਟ ਚਿਲਡਰਨ ਆਫ਼ ਦਾ ਪੰਜਾਬ, ਐਂਡ ਸ਼ਾਹ ਦੌਲਾ" ਛਪਵਾਇਆ। ਇਸ ਵਿੱਚ ਚੂਹਿਆਂ ਬਾਰੇ ਐਚ. ਏ. ਰੋਜ਼ ਨੇ ਲਿਖਿਆ ਤੇ ਸ਼ਾਹ ਦੌਲਾ ਬਾਰੇ ਮੇਜਰ ਏਲੀਔਟ ਨੇ ਲਿਖਿਆ ਹੈ ਅਤੇ ਸੰਪਾਦਕ ਵੱਲੋਂ ਖ਼ੂਬਸੂਰਤ ਨੋਟ ਦਿੱਤੇ ਗਏ ਹਨ। ਇਸ ਲੇਖ ਵਿੱਚ ਉਨ੍ਹਾਂ ਚੂਹਿਆਂ ਬਾਰੇ ਦੱਸਿਆ ਹੈ ਜਿਹੜੇ ਕਿ ਬੋਲ ਨਹੀਂ ਸਕਦੇ, ਬੁੱਧੂ ਕਿਸਮ ਦੇ ਹਨ ਅਤੇ ਨਾ ਹੀ ਉਹ ਆਪਣੀ ਰੱਖਿਆ ਕਿਸੇ ਖ਼ਤਰੇ ਤੋਂ ਕਰ ਸਕਦੇ ਹਨ, ਉਹ ਸੁਸਤ ਹੁੰਦੇ ਹਨ ਅਤੇ ਉਨ੍ਹਾਂ ਵਿੱਚ ਕਾਮ ਦੀ ਭੁੱਖ ਵੀ ਨਹੀਂ ਹੁੰਦੀ। ਉਨ੍ਹਾਂ ਨੂੰ ਸਭ ਕੁਝ ਸਿਖਾਇਆ ਜਾਂਦਾ ਹੈ। ਇਨ੍ਹਾਂ ਨੂੰ ਸ਼ਾਹ ਦੌਲਾ ਜਿਹੜਾ ਕਿ ਦਰਿਆ ਗੁਜਰਾਤ ਦਾ ਰਹਿਣ ਵਾਲੇ ਸੀ, ਦੇ ਚੇਲੇ ਮੰਨਿਆ ਜਾਂਦਾ ਹੈ। ਅੱਜ ਵੀ ਸ਼ਾਹ ਦੌਲਾ ਦੀ ਕਬਰ ਗੁਜਰਾਤ ਵਿੱਚ ਉੱਤਰ ਵਾਲੇ ਪਾਸੇ ਸਥਿਤ ਹੈ। 1898 ਵਿੱਚ ਉਸ ਦੀ ਕਬਰ ਦੀ ਦੁਆਰਾ ਮੁਰੰਮਤ ਵੀ ਕੀਤੀ ਗਈ ਹੈ। ਇਸ ਜਗ੍ਹਾ ਨਾਲ ਸੰਬੰਧਿਤ ਸਾਰੀ ਕਹਾਣੀ ਦੱਸੀ ਗਈ ਹੈ। ਮੇਜਰ ਏਲੀਔਟ ਵੱਲੋਂ ਦੱਸੀ ਦੰਤ ਕਥਾ ਵਿੱਚ ਤਾਂ ਸ਼ਾਹ ਦੌਲਾ ਦਾ ਸਾਰਾ ਇਤਿਹਾਸ ਪੇਸ਼ ਕੀਤਾ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਉਹ 1581 ਨੂੰ ਪੈਦਾ ਹੋਇਆ। ਉਦੋਂ ਅਕਬਰ ਦਾ ਰਾਜ ਸੀ

ਅਤੇ ਉਹ ਲੋਧੀ ਖ਼ਾਨਦਾਨ ਵਿੱਚੋਂ ਹੈ। ਦੱਸਿਆ ਗਿਆ ਹੈ ਕਿ ਸ਼ਾਹ ਦੌਲਾ ਦਾ ਗੁਰੂ ਮੈਦਾਨ ਸਰਮਸਤ ਸੀ ਅਤੇ ਉਸ ਦੇ ਆਖ਼ਰੀ ਸਮੇਂ ਉਸ ਨੇ ਆਪਣੇ ਪਿਆਰੇ ਚੇਲੇ ਮੰਗੂ ਨੂੰ ਸੱਦਿਆ ਪਰ ਉਹ ਰਾਤ ਹੋਣ ਕਾਰਨ ਨਾ ਆਇਆ। ਸ਼ਾਹ ਦੌਲਾ ਵੀ ਬਾਰਾਂ ਸਾਲ ਉਸ ਦੀ ਸ਼ਗਿਰਦੀ ਵਿੱਚ ਸੀ, ਉਹ ਚਲਾ ਗਿਆ। ਗੁਰੂ ਨੇ ਹੱਥ ਉਠਾ ਕੇ ਉਸ ਨੂੰ ਅਸੀਸ ਦਿੱਤੀ ਤੇ ਆਪ ਮਰ ਗਿਆ। ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਕਹਾਣੀਆਂ ਇਸ ਲੇਖ ਵਿੱਚ ਪੇਸ਼ ਕੀਤੀਆਂ ਗਈਆਂ ਹਨ।

1909 ਵਿੱਚ ਹੀ ਐਚ. ਏ. ਰੋਜ਼ ਵੱਲੋਂ ਪੰਜਾਬੀ ਗੀਤਾਂ ਬਾਰੇ ਟ੍ਰਿਪਲਟ ਆਫ਼ ਪੰਜਾਬੀ ਸੌਂਗਜ਼ ਲਿਖੇ।

1. ਗ਼ੁਲਾਮ ਫ਼ਰੀਦ ਦੀ ਕਾਫ਼ੀ ਜਿਹੜਾ ਛਾਛਰਾ ਸ਼ਰੀਫ਼ ਦਾ ਹੈ।

2.ਹਾਰ ਫੁੱਲਾਂ ਦੇ

3. ਜੋਇਆਸ ਦਾ ਵਿਆਹ ਗੀਤ ਜਿਹੜਾ ਮੁਲਤਾਨ ਜ਼ਿਲ੍ਹੇ ਤੋਂ ਹੈ।

ਪਹਿਲੀ ਕਾਫ਼ੀ ਇਸ ਪ੍ਰਕਾਰ ਹੈ;

ਇਕ ਦਮ ਹਿਜ਼ਰ ਨਾ ਸਹਿੰਦੀ ਏ,
ਦਿਲ ਦਿਲਬਰ ਕਰਕੇ ਮੰਦੀ ਏ।

ਹਾਰ ਫੁੱਲਾਂ ਦੇ ਗੀਤ ਨੂੰ ਨਾਰ ਤੇ ਮਰਦ ਵਿੱਚ ਵੰਡਿਆ ਗਿਆ ਹੈ। ਸ਼ੁਰੂ ਇਸ ਪ੍ਰਕਾਰ ਹੈ-

ਹਾਰ ਫੁੱਲਾਂ ਦੇ ਨੀ ਪਾਵਾਂ ਹਾਰ ਫੁੱਲਾਂ ਦੇ
ਫੁੱਲ ਲੈਂਦੇ ਬੰਕੇ ਯਾਰ, ਪਾਵਾਂ ਹਾਰ ਫੁੱਲਾਂ ਦੇ।

**ਤੀਸਰਾ ਗੀਤ ਸਿਹਰੇ ਸਬੰਧੀ ਹੈ-**

ਸਿਹਰੇ ਵਾਲਾ ਬਨਰਾ ਜੀਵੇ
ਸਿਹਰੇ ਵਾਲਾ ਬਨਰਾ ਜੀਵੇ।
ਨਾਮ ਫ਼ਰੀਦ ਖਾ ਜਾਤ ਲਖਵੇਰਾ
ਲੱਖ ਸਲਾਮੀ ਥੀਵੇ
ਮਹਾਰਾਜਾ ਬਨਰਾ ਜੀਵੇ।
ਸਿਹਰੇ ਵਾਲਾ ਬਨਰਾ ਜੀਵੇ।

1909 ਵਿੱਚ ਹੀ ਐਚ. ਏ. ਰੋਜ਼ ਨੇ ਪੰਜਾਬ ਦੇ ਤਿੰਨ ਗੀਤ ਪ੍ਰਕਾਸ਼ਿਤ ਕਰਵਾਏ। ਜਿਨ੍ਹਾਂ ਵਿੱਚ ਪਹਿਲਾ ਗੀਤ ਪਿਆਰ ਦਾ, ਦੂਸਰਾ ਰਾਗ ਲੜੀਆਂ ਦਾ, ਤੀਵੀਆਂ ਦਾ ਗੀਤ ਹੈ। ਇਨ੍ਹਾਂ ਗੀਤਾਂ ਦਾ ਮੂਲ ਅਤੇ ਅਨੁਵਾਦ ਪੇਸ਼ ਕੀਤਾ ਗਿਆ ਹੈ। ਜਿਵੇਂ-

ਸੱਜਣ ਵੋਹ ਦਿਨ ਕੌਨ ਥਾ ਤੁਮ ਬਿਛਰਤ ਮੋਹੇ ਚੈਨ
ਗਿੱਲੇ ਬਨ ਕੀ ਲੱਕੜੀ ਸੁਲਗਾਤ ਹੈ ਦਿਨ ਰੈਨ।

**ਦੂਸਰਾ ਗੀਤ-**

ਅਸਾਂ ਆਪਣਾ ਚਰਖਾ ਕੱਤਣਾ
ਦੂਏ ਦਾ ਮੂੰਹ ਚੱਟਣਾ
ਕਿਉਂ ਦੂਏ ਦਾ ਕਾਰਨ ਰੋਏ
ਭੇਦ ਆਪਣੇ ਦਿਲ ਦਾ ਖੋਏ।

**ਤੀਸਰਾ ਗੀਤ-**

ਅਸਾਂ ਆਪਣਾ ਚਰਖਾ ਕੱਤਣਾ
ਨਾਲ ਦੂਏ ਦਾ ਕਾਹਨੂੰ ਰੱਖਣਾ,
ਕਿਉਂ ਦੂਜੇ ਦੇ ਕੋਲ ਜਾ ਰੋਏ,
ਭਰਮ ਆਪਣੇ ਦਿਲ ਦਾ ਖੋਏ। (ਵੇਖੋ ਅੰਤਿਕਾ-9)

ਇਸੇ ਤਰ੍ਹਾਂ 1909 ਦੇ ਐਂਟੀਕੁਅਰੀਜ਼ ਜਨਰਲ ਵਿੱਚ ਹੀ ਐਚ. ਏ. ਰੋਜ਼ ਨੇ ਮੋਹੀਏ ਦੀ ਹਾਰ ਜਾਂ ਵਾਰ ਪੇਸ਼ ਕੀਤੀ ਜੋ ਕਿ ਨਾਹਨ ਦੇ ਰਾਜਾ ਮੋਹੀ ਪ੍ਰਕਾਸ਼ ਜਿਹੜਾ ਨਾਹਨ ਸਿਰਮੌਰ ਦਾ ਰਾਜਾ ਸੀ, ਦੀ ਕਹਾਣੀ ਪੇਸ਼ ਕਰਦੀ ਹੈ। ਇਸ ਦਾ ਵੀ ਮੂਲ ਪਾਠ ਅਤੇ ਅੰਗਰੇਜ਼ੀ ਅਨੁਵਾਦ ਦਿੱਤਾ ਗਿਆ ਹੈ। 1919 ਵਿੱਚ ਪੰਜਾਬ ਅੰਦਰ ਰਹੇ ਅੰਗਰੇਜ਼ ਅਫ਼ਸਰ ਅਤੇ ਵਿਦਵਾਨ ਜਿਹੜੇ ਪੰਜਾਬ ਅੰਦਰ ਸੈਟਲਮੈਂਟ ਅਫ਼ਸਰ ਸੀ ਅਤੇ 1888-1891 ਤੱਕ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਵੀ ਰਹੇ। ਡੈਨਜ਼ਿਲ ਚਾਰਲਸ ਜੈਲਫ਼ ਇਬਸਟਨ ਨੇ ਪੰਜਾਬ ਅੰਦਰ 1881 ਦੀ ਜਨਗਣਨਾ ਦੇ ਆਧਾਰ ਤੇ ਪਹਿਲਾਂ 1883 ਵਿੱਚ ਨੂੰ "ਆਊਟ ਲਾਈਨ ਆਫ਼ ਪੰਜਾਬ ਐਥਨੋਗ੍ਰਾਫ਼ੀ" ਅਤੇ ਕੁਝ ਸੈਟਲਮੈਂਟ ਰਿਪੋਰਟਾਂ ਲਿਖੀਆਂ ਅਤੇ 1916 ਵਿੱਚ ਪੰਜਾਬ ਕਾਸਟਸ ਬਾਰੇ ਲਿਖਿਆ ਪਰ 1919 ਵਿੱਚ ਉਨ੍ਹਾਂ ਦਾ ਕੰਮ ਬੜੇ ਉੱਚ ਪਾਏ ਦਾ ਹੋ ਨਿੱਬੜਿਆ। "ਏ ਗਲਾਸਟਰੀ ਆਫ਼ ਦਾ ਟਰਾਈਬਸ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪ੍ਰੋਵਿਨਸ" ਜਿਹੜੀ ਕਿ ਤਿੰਨ ਜਿਲਦਾਂ ਵਿੱਚ ਛਪਿਆ। ਇਸ ਵਿੱਚ ਪੰਜਾਬ ਦੇ ਜਾਤੀ ਪ੍ਰਥਾ ਨਾਲ ਕੀਤੇ ਸਰਵੇ ਨਾਲ ਸੰਬੰਧਿਤ ਸਮੱਗਰੀ ਹੈ। ਇਸ ਵਿੱਚ ਕਬੀਲਿਆਂ, ਜਾਤਾਂ, ਧਰਮਾਂ ਦਾ ਨਿਕਾਸ ਤੇ ਵਿਕਾਸ ਬਾਰੇ ਲਿਖਿਆ ਗਿਆ ਹੈ। ਇਸ ਦੀ ਭੂਮਿਕਾ ਵਿੱਚ ਦੱਸਿਆ ਗਿਆ ਹੈ ਕਿ ਇਸ ਕੰਮ ਨੂੰ ਕਰਨ ਲਈ ਕਿਹੜਾ ਤਰੀਕਾ ਅਪਣਾਇਆ ਗਿਆ। ਇਹ ਵੀ ਦੱਸਿਆ ਗਿਆ ਹੈ ਕਿ ਜ਼ਿਲ੍ਹਾ ਮੁਖੀਆਂ ਵੱਲੋਂ ਕੁਝ ਖੇਤੀਬਾੜੀ ਨਾਲ ਸੰਬੰਧਿਤ ਰਿਪੋਰਟਾਂ ਵੀ ਤਿਆਰ ਕਰਵਾਈਆਂ ਗਈਆਂ ਸਨ। ਇਸ ਵਿੱਚ ਪੰਜਾਬ ਦੇ ਦੱਖਣ-ਪੱਛਮ ਹਿੱਸੇ ਦਾ ਇਤਿਹਾਸ, ਲੋਕ, ਧਰਮ, ਸਮਾਜ, ਭੂਗੋਲਿਕ ਵੰਡ, ਵੱਖ-ਵੱਖ ਸਮਿਆਂ ਵਿੱਚ ਪ੍ਰਚੱਲਿਤ ਧਰਮ, ਹਮਲਾਵਰ, ਕੁਦਰਤ ਦੀ ਪੂਜਾ, ਮੁਢਲੇ ਸੰਤ ਪੀਰ ਫ਼ਕੀਰ ਹਰ ਪੱਖ ਨੂੰ ਛੋਹਿਆ ਗਿਆ ਹੈ। ਇਹ ਤਿੰਨ ਜਿਲਦਾਂ ਆਪਣੇ ਆਪ ਵਿੱਚ ਹੀ ਇਕ ਸੰਸਥਾ ਹਨ ਅਤੇ ਜਿਨ੍ਹਾਂ ਤੋਂ ਪੰਜਾਬ ਦੀ ਹਰ ਪ੍ਰਕਾਰ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। (ਵੇਖੋ ਅੰਤਿਕਾ-10)

1922 ਵਿਚ ਸੀ. ਐਫ. ਉਸਬੋਰਨ ਵੱਲੋਂ ਵਾਰਿਸਸ਼ਾਹ ਦੀ ਹੀਰ ਦਾ ਅੰਗਰੇਜ਼ੀ ਅਨੁਵਾਦ ਅਤੇ ਆਲੋਚਨਾਤਮਕ ਅਧਿਐਨ ਪੇਸ਼ ਕੀਤਾ। ਉਹ ਦੱਸਦਾ ਹੈ ਕਿ ਹੁਣ ਤੱਕ ਇਸ ਦੇ 22 ਪਾਠ ਮਿਲਦੇ ਹਨ। "ਜਿੱਥੋਂ ਤੱਕ ਅੰਗਰੇਜ਼ੀ ਜਨਤਾ ਦਾ ਸੰਬੰਧ ਹੈ, ਪਹਿਲੀ ਵਾਰੀ ਇਹ ਕਹਾਣੀ ਉਨ੍ਹਾਂ ਦੇ ਅਧਿਐਨ ਵਿੱਚ ਫਰਾਂਸ ਦੇ ਵਿਦਵਾਨ ਗਾਰਸਿਨ ਡੀ. ਟੈਸੀ ਨੇ ਲਿਆਂਦਾ। ਉਸ ਨੇ ਮੁਕਬਲ ਦੀ ਹੀਰ ਦਾ ਫਰੈਂਚ ਵਿੱਚ ਅਨੁਵਾਦ ਕੀਤਾ।" ਉਹ ਇਹ ਵੀ ਆਖਦਾ ਹੈ ਕਿ ਇਸ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਵੀ ਹੈ ਕਿ ਇਕ ਤਾਂ ਇਸ ਦੀ ਭਾਸ਼ਾ ਅਤੇ ਦੂਸਰਾ ਇਸ ਵਿੱਚ ਪੇਸ਼ ਕੀਤਾ ਗਿਆ ਪੰਜਾਬੀ ਸਭਿਆਚਾਰ, ਖ਼ਾਸ ਤੌਰ ਤੇ ਪੰਜਾਬ ਦੇ ਪਿੰਡਾਂ ਦੀ ਇਹ ਮੂੰਹ ਬੋਲਦੀ ਤਸਵੀਰ ਹੈ। ਉਹ ਇਹ ਵੀ ਆਖਦਾ ਹੈ ਕਿ "ਜੱਟ ਚੂਚਕ ਨੂੰ ਆਪਣੀ ਕੁੜੀ ਦੀ ਇੱਜ਼ਤ ਨਾਲੋਂ ਮੱਝਾਂ ਦੀ ਜ਼ਿਆਦਾ ਚਿੰਤਾ ਰਹਿੰਦੀ ਹੈ।"

ਇਹ ਵਿਸ਼ਲੇਸ਼ਣ ਤੇ ਮੁਲਾਂਕਣ ਇਤਨਾ ਖ਼ੂਬਸੂਰਤ ਹੈ ਕਿ ਇਸ ਬਾਰੇ ਵਿਸਥਾਰ ਸਹਿਤ ਚਰਚਾ ਹੋਣੀ ਚਾਹੀਦੀ ਹੈ। 1923 ਨੂੰ ਇੰਡੀਅਨ ਐਂਟੀਕੁਅਰੀਜ਼ ਦੇ ਜਨਰਲ ਵਿੱਚ ਹੀ ਐਚ.

ਏ. ਰੋਜ਼ ਵੱਲੋਂ ਕੰਟਰੀਬਿਊਸ਼ਨ ਟੂ ਪੰਜਾਬੀ ਲੈਕਸੀਕੋਗਰਾਫ਼ੀ ਬਾਰੇ ਲਿਖਿਆ ਗਿਆ।

ਕੂਣਾ= ਕਹਿਣਾ

ਮਾਨਸਾ= ਮਾਂ ਦੀ ਭੈਣ ਦਾ ਘਰਵਾਲਾ

ਮਸਾਨੀ = ਬੱਚਿਆਂ ਦੀ ਬਿਮਾਰੀ

ਨਾਗ = ਚਿੱਟਾ ਰੰਗਦਾਰ ਸੱਪ

ਨਨਿਹਾਲ = ਨਾਨਕੇ

ਮੂੰਗਰ = ਚਨਾ

ਪੈਰੂਨਾ = ਪਿਸ਼ਾਵਰ ਵਿਚ ਦਾਜ

ਇਸ ਤਰ੍ਹਾਂ ਪੰਜਾਬੀ ਲੈਕਸੀਕੋਗਰਾਫ਼ੀ ਦੀ ਸੀਰੀਜ਼ ਪੇਸ਼ ਕੀਤੀ ਗਈ। ਜਿਸ ਵਿੱਚ ਅਨੇਕਾਂ ਸ਼ਬਦਾਂ ਦਾ ਜਿਹੜੇ ਕਿ ਪੰਜਾਬ ਦੀਆਂ ਉਪਭਾਸ਼ਾਵਾਂ ਅਤੇ ਕੇਂਦਰੀ ਪੰਜਾਬੀ ਵਿੱਚ ਬੋਲੇ ਜਾਂਦੇ ਹਨ, ਅਰਥਾਂ ਸਮੇਤ ਪੇਸ਼ ਕੀਤੇ ਗਏ। ਇਹ ਲੈਕਸੀਕੋਗਰਾਫ਼ੀ 1924 ਵਿੱਚ ਵੀ ਛਪਦੀ ਰਹੀ। (ਵੇਖੋ ਅੰਤਿਕਾ-11)

1925 ਵਿੱਚ ਡੈਨੇ ਬਾਰੇ ਵੱਲੋਂ ਬਲੋਚਿਸਤਾਨ ਦੇ ਜੱਟਾਂ ਬਾਰੇ 'ਦਾ ਜੱਟਸ ਆਫ਼ ਬਲੋਚਿਸਤਾਨ' ਲਿਖਿਆ ਗਿਆ। ਜਿਸ ਵਿੱਚ ਇਸ ਕੌਮ ਦੇ ਆਰੰਭ, ਨਿਕਾਸ, ਜ਼ਿੰਦਗੀ, ਕੰਮ-ਧੰਦੇ, ਔਰਤਾਂ ਦੇ ਕੰਮ, ਧਰਮ, ਬੱਚੇ ਦੀ ਪੈਦਾਇਸ਼, ਵਿਆਹ, ਮੌਤ, ਵਿਧਵਾ ਵਿਆਹ, ਤਲਾਕ ਆਦਿ ਬਾਰੇ ਲਿਖਿਆ ਗਿਆ।

1925 ਵਿੱਚ ਹੀ ਮਘਿਆਨਾ ਦੇ ਆਸਾ ਸਿੰਘ ਜਿਹੜਾ ਕਿ ਪੰਜਾਬ ਦੇ ਝੰਗ ਜ਼ਿਲ੍ਹੇ ਦਾ ਵਸਨੀਕ ਸੀ। ਹੀਰ ਤੇ ਰਾਂਝੇ ਦੀ ਕਹਾਣੀ ਨੂੰ ਪੇਸ਼ ਕੀਤਾ। ਜਿਸ ਨੂੰ ਐਚ. ਏ. ਰੋਜ਼ ਨੇ ਰਿਕਾਰਡ ਕੀਤਾ ਅਤੇ ਉਸ ਬਾਰੇ ਆਰ. ਸੀ. ਟੈਂਪਲ ਨੇ ਆਰੰਭਲਾ ਨੋਟ ਲਿਖਿਆ। ਇਹ ਕਹਾਣੀ ਜਿਹੜੀ ਕਿ ਕਵਿਤਾ ਵਿੱਚ ਹੈ, ਅਨੁਵਾਦ ਦੇ ਨਾਲ-ਨਾਲ ਮੂਲ ਪਾਠ ਵੀ ਦਿੱਤਾ ਗਿਆ ਹੈ। ਇਸ ਦੇ ਹਰ ਬੰਦ ਨੂੰ ਫ਼ਾਰਸੀ ਦੀ ਵਰਣਮਾਲਾ ਨਾਲ ਜੋੜਿਆ ਗਿਆ ਹੈ। ਜਿਵੇਂ ਅਲਫ਼, ਬੇ, ਤੇ, ਸੇ, ਜੀਮ ਆਦਿ। ਜਿਵੇਂ ਅਸੀਂ ਉਦਾਹਰਣ ਲਈ ਵੇਖ ਸਕਦੇ ਹਾਂ-

ਬੇ : ਬੋਲੀਆਂ ਮਾਰਦੇ ਰਾਂਝਣੇ ਨੂੰ,
ਸੱਤ ਭਾਈ ਜਿਹੜੇ ਉਸਦੇ ਹੈਨ ਮੀਆਂ।
ਘਰ ਜਾਵੇ ਤਾਂ ਬੀਵੀਆਂ ਲੈਣ ਤਾਅਨੇ,
ਨਾਲ ਤੋਹਮਤਾਂ ਦੇ ਕੱਢਣ ਜਾਨ ਮੀਆਂ।

ਅੱਗੇ ਅਸੀਂ ਵੇਖਦੇ ਹਾਂ ਕਿ ਜਦੋਂ ਰਾਂਝਾ ਬੇੜੀ ਤੇ ਪਾਰ ਹੋਣ ਲਈ ਜਾਂਦਾ ਹੈ ਤਾਂ ਮਲਾਹਾਂ ਨਾਲ ਕਿਸ ਤਰ੍ਹਾਂ ਗੱਲਬਾਤ ਕਰਦਾ ਹੈ। ਜਦੋਂ ਉਹ ਉਸ ਪਾਸੋਂ ਪੈਸੇ ਮੰਗਦੇ ਹਨ-

ਸੇ : ਰਾਂਝੇ ਕਹਿਆ, ਫ਼ਕੀਰ ਗ਼ਰੀਬ ਹਾਂ ਮੈਂ
ਹੱਥੋਂ ਸੱਖਣਾ ਬੇ ਰੁਜ਼ਗਾਰ ਮੀਆਂ
ਆਸਾ ਸਿੰਘ ਤਮਾਸਾ ਦੇਖ ਤੂੰ ਭੀ,
ਕਿਹੜੇ ਕਰੇਗਾ ਅਗਨ ਕਲਤਾਰ ਮੀਆਂ।"

1929 ਵਿੱਚ ਅਕਟੂਬਰ ਦੇ ਇੰਡੀਅਨ ਐਂਟੀਕੁਅਰੀਜ਼ ਦੇ ਜਨਰਲ ਵਿੱਚ ਐਚ. ਏ. ਰੋਜ਼ ਵੱਲੋਂ ਅਨੁਵਾਦ ਕੀਤੇ ਆਸਾ ਸਿੰਘ ਦੀ ਹੀਰ ਦੀ ਕਹਾਣੀ ਵਿੱਚ ਸੀ. ਆਰ. ਸਿੰਘਲ ਵੱਲੋਂ ਕੁਝ ਸੋਧਾਂ ਕੀਤੀਆਂ ਗਈਆਂ। ਇਸ ਨੂੰ ਇਵੇਂ ਪੇਸ਼ ਕੀਤਾ ਗਿਆ ਹੈ ਕਿ ਪਹਿਲਾ ਮੂਲ ਪਾਠ

ਰੋਮਨ ਲਿੱਪੀ ਵਿੱਚ ਦਿੱਤਾ ਗਿਆ ਹੈ ਅਤੇ ਫਿਰ ਐਚ. ਏ. ਰੋਜ਼ ਦਾ ਅਨੁਵਾਦ ਤੇ ਫਿਰ ਸਿੰਘਲ ਦਾ ਅਨੁਵਾਦ ਦਿੱਤਾ ਗਿਆ ਹੈ। ਇਹ ਅਨੁਵਾਦ ਪੰਕਤੀ ਦਰ ਪੰਕਤੀ ਹੈ। ਜਿਵੇਂ ਮੂਲ ਪਾਠ-

1. ਬੇ ਰੱਬ ਨੂੰ ਯਾਦ ਕਰੇ,
3. ਮੇਰੇ ਅੰਦਰੋਂ ਉੱਠਿਆ ਚਾਰ ਯਾਰੋ,
4. ਕਿੱਸਾ ਹੀਰ ਤੇ ਰਾਂਝਾ ਜੋੜਿਆ ਜੀ,
5. ਵਾਰਿਸ ਸ਼ਾਹ ਦੇ ਹੈਨ ਬਿਆਨ ਯਾਰੋ।
6. ਭੋਗ ਸੁੱਟੇ ਅਤਰਨਾ ਚੋਰੀਏ ਜੀ।
7. ਆਸਾ ਸਿੰਘਾਂ ਨਾਲ ਹਾਲ ਕੁਛ ਗਮ ਹੋਵੇ।
8. ਆਪੇ ਆਪ ਮਤਲਬ ਸਾਰਾ ਫੋਰੀਏ ਜੀ।

**ਐਚ. ਏ. ਰੋਜ਼ ਦਾ ਅਨੁਵਾਦ**

A. Come and Celebrate the praises of the Lord.
3. With in me have arisen the four friends (saying) :_
4. Construct the tale of Hir and Ranjha
5. as waris shah has told it.
6. Donot leave out the prinkling of the scents;
7. And if any piont is missed by Asa Singh.
8. Disclose the meaning of its thyself.

**ਸੀ. ਆਰ. ਸਿੰਘਲ ਦਾ ਅਨੁਵਾਦ**

1. Come and let us remember God.
3. O friends, an idea sprung from my heart.
4. of singing the tale of Hir and Ranjha.
5. of what waris shah has told.
6. Let us take the Kernel and leave the husks.
7.Asa singh will let no incident remain untold.
8. (For) we (outselves) will unfold the full meaning (thereof)

(ਵੇਖੋ ਅੰਤਿਕਾ-12)

1932 ਵਿੱਚ ਆਰ. ਬੀ. ਵਾਇਟਹੈਡ ਵੱਲੋਂ ਪੰਜਾਬ ਦਿਆਂ ਦਰਿਆਵਾਂ ਤੇ ਪਾਣੀਆਂ ਬਾਰੇ "ਦਾ ਰਿਵਰ ਕੋਰਸਸ ਆਫ਼ ਦਾ ਪੰਜਾਬ ਐਂਡ ਸਿੰਧ" ਬਾਰੇ ਲਿਖਿਆ ਗਿਆ। ਇਹ ਪੇਪਰ ਸੀ ਜਿਹੜਾ ਇੰਟਰਨੈਸ਼ਨਲ ਓਰੀਐਂਟਲ ਕਾਂਗਰਸ ਲੰਡਨ ਵਿੱਚ 10 ਸਤੰਬਰ 1931 ਨੂੰ ਪੜ੍ਹਿਆ ਗਿਆ ਸੀ। ਇਸ ਵਿੱਚ ਪੰਜਾਬ ਦੇ ਦਰਿਆ ਤੇ ਉਨ੍ਹਾਂ ਅਨੁਸਾਰ ਹੋਈ ਵੰਡ ਨੂੰ ਪੇਸ਼ ਕੀਤਾ ਗਿਆ ਹੈ।

ਇਸ ਤਰ੍ਹਾਂ ਪੰਜਾਬੀ ਲੋਕਧਾਰਾ ਸੰਬੰਧੀ ਬਹੁਤ ਸਾਰਾ ਕੰਮ ਇਨ੍ਹਾਂ ਅੰਗਰੇਜ਼ੀ ਵਿਦਵਾਨਾਂ, ਪਾਦਰੀਆਂ, ਉਨ੍ਹਾਂ ਦੇ ਸਹਾਇਕਾਂ, ਦੇਸੀ ਸਰਦਾਰਾਂ, ਸਰਕਾਰੀ ਕਰਮਚਾਰੀਆਂ ਅਤੇ ਕੁਝ ਹੋਰ ਲੋਕਾਂ ਦੇ ਯੋਗਦਾਨ ਸਦਕਾ ਅੱਗੇ ਵਧਦਾ ਚਲਾ ਗਿਆ। ਇੰਡੀਅਨ ਐਂਟੀਕੁਅਰੀਜ਼ ਤੇ ਪੰਜਾਬ ਨੋਟਸ ਐਂਡ ਕੁਅਰੀਜ਼ ਵਿੱਚ ਤਾਂ ਛੋਟੇ-ਛੋਟੇ ਲੇਖ ਤੇ ਜਾਣਕਾਰੀ ਭਰਪੂਰ ਕਹਾਵਤਾਂ (ਖੇਤੀਬਾੜੀ

ਤੇ ਸਾਧਾਰਨ ਜ਼ਿੰਦਗੀ ਨਾਲ ਸੰਬੰਧਿਤ ਛਪਦੀਆਂ ਰਹੀਆਂ)। ਇਨ੍ਹਾਂ ਵਿਦਵਾਨਾਂ ਦੀਆਂ ਪਾਈਆਂ ਲੀਹਾਂ ਤੇ ਤੁਰਨ ਲਈ ਹੁਣ ਸਾਡੇ ਪਾਸ ਰਸਤਾ ਵੀ ਸੀ ਅਤੇ ਅੱਗੇ ਵਧਣ ਦੀ ਹਿੰਮਤ ਤੇ ਅੰਦਰੂਨੀ ਤਾਕਤ ਵੀ। ਹਿੰਦੋਸਤਾਨ ਦੀਆਂ ਵੱਖ-ਵੱਖ ਭਾਸ਼ਾਵਾਂ ਵਿੱਚ ਦੇਸੀ ਵਿਦਵਾਨਾਂ ਨੇ ਲੋਕਧਾਰਾ ਸੰਬੰਧੀ ਕੰਮ ਕਰਨਾ ਅਰੰਭ ਕਰ ਦਿੱਤਾ ਸੀ ਅਤੇ ਲੋਕਧਾਰਾ ਉਨ੍ਹਾਂ ਦਾ ਮਨਭਾਉਂਦਾ ਵਿਸ਼ਾ ਵੀ ਬਣ ਗਿਆ ਸੀ। ਇਸ ਤਰ੍ਹਾਂ ਪੰਜਾਬ ਵਿੱਚ ਵੀ ਇਨ੍ਹਾਂ ਅੰਗਰੇਜ਼ ਵਿਦਵਾਨਾਂ ਤੇ ਪਾਦਰੀਆਂ, ਅਫ਼ਸਰਾਂ ਦੀ ਰੀਸੇ ਸਥਾਨਕ ਵਿਦਵਾਨਾਂ ਨੇ ਵੀ ਅੱਗੇ ਆਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿਦਵਾਨਾਂ ਦੇ ਕੰਮ ਪ੍ਰਤੀ ਲੰਮੇਰੀ ਚਰਚਾ ਨਾ ਕਰਦੇ ਹੋਏ ਅਸੀਂ ਉਨ੍ਹਾਂ ਦੇ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਪਾਏ ਯੋਗਦਾਨ ਦੀ ਸੂਚੀ ਮਾਤਰ ਹੀ ਪੇਸ਼ ਕਰ ਰਹੇ ਹਾਂ ਕਿਉਂਕਿ ਇਸ ਅਧਿਆਇ ਦੇ ਲੰਮੇ ਹੋ ਜਾਣ ਦਾ ਖਦਸ਼ਾ ਹੈ। ਸੂਚੀ ਇਸ ਪ੍ਰਕਾਰ ਹੈ:

ਪੰ. ਸ਼ਰਧਾ ਰਾਮ ਫਿਲੌਰੀ, "ਪੰਜਾਬੀ ਬਾਤਚੀਤ", 1875
ਸੰਤ ਰਾਮ, "ਪੰਜਾਬੀ ਗੀਤ" (ਦੇਵਨਾਗਰੀ ਅੱਖਰ) 1927
ਪੰਡਤ ਰਾਮ ਸ਼ਰਨ, "ਪੰਜਾਬ ਦੇ ਲੋਕ ਗੀਤ" 1931
ਮੌਲਾ ਬਖਸ਼ ਕੁਸ਼ਤਾ, "ਪੰਜਾਬ ਦੇ ਹੀਰੇ" 1932
ਦਵਿੰਦਰ ਸਤਿਆਰਥੀ, "ਮੈਂ ਹੂੰ ਖ਼ਾਨਾ ਬਦੋਸ਼" 1941
ਗਿ. ਭਜਨ ਸਿੰਘ, "ਪੰਜਾਬ ਦੇ ਗੀਤ" (1941-42)
ਹਰਜੀਤ ਸਿੰਘ, "ਨੈ ਝਨਾਂ" 1942
ਸੁਰਿੰਦਰ ਸਿੰਘ ਕੋਹਲੀ, "ਪੰਜਾਬ ਦੇ ਗੀਤ" 1944
ਮੋਹਨ ਸਿੰਘ ਉਬਰਾ, "ਪੰਜਾਬੀ ਅਦਬ ਦੀ ਮੁਖਤਸਰ ਤਾਰੀਖ਼" 1948
ਅਵਤਾਰ ਸਿੰਘ ਦਲੇਰ, "ਅੱਡੀ ਟੱਪਾ" 1952.
ਅੰਮ੍ਰਿਤਾ ਪ੍ਰੀਤਮ, "ਪੰਜਾਬ ਦੀ ਆਵਾਜ਼", 1952
ਦਵਿੰਦਰ ਸਤਿਆਰਥੀ, "ਗਿੱਧਾ" 1954
ਅਵਤਾਰ ਸਿੰਘ ਦਲੇਰ, "ਪੰਜਾਬੀ ਲੋਕ ਗੀਤ ਬਣਤਰ ਤੇ ਵਿਕਾਸ", 1954
ਸੋਹਿੰਦਰ ਸਿੰਘ ਵਣਜਾਰਾ ਬੇਦੀ, "ਪੰਜਾਬ ਦੀਆਂ ਲੋਕ-ਕਹਾਣੀਆਂ" 1954
ਸੰਤੋਖ ਸਿੰਘ ਧੀਰ, "ਪੰਜਾਬ ਦੇ ਲੋਕ ਗੀਤ" 1954
ਸੋਹਿੰਦਰ ਸਿੰਘ ਵਣਜਾਰਾ ਬੇਦੀ , "ਪੰਜਾਬ ਦੀਆਂ ਜਨੌਰ-ਕਹਾਣੀਆਂ" 1955
ਮਹਿੰਦਰ ਸਿੰਘ ਰੰਧਾਵਾ, "ਪੰਜਾਬ ਦੇ ਲੋਕ-ਗੀਤ" 1955
ਤਰਲੋਚਨ ਸਿੰਘ ਗਿੱਲ, "ਵਿਸ਼ਵ ਲੋਕ-ਕਹਾਣੀਆਂ" 1955.
ਸੁਖਦੇਵ ਮਾਦਪੁਰੀ, "ਜ਼ਰੀ ਦਾ ਟੋਟਾ" 1955
ਸੁਖਦੇਵ ਮਾਦਪੁਰੀ, "ਲੋਕ ਬੁਝਾਰਤਾਂ" 1955.
ਮਹਿੰਦਰ ਸਿੰਘ ਰੰਧਾਵਾ, ਕੁਲਵੰਤ ਸਿੰਘ ਵਿਰਕ (ਸੰਪਾ.) "ਪੰਜਾਬ ਦੇ ਲੋਕ ਗੀਤ" 1955.
ਅੰਮ੍ਰਿਤਾ ਪ੍ਰੀਤਮ, "ਮੌਲੀ ਤੇ ਮਹਿੰਦੀ", 1957.
ਮਹਿੰਦਰ ਸਿੰਘ ਰੰਧਾਵਾ, "ਪ੍ਰੀਤ ਕਹਾਣੀਆਂ" 1957
ਪ੍ਰੀਤਮ ਸਿੰਘ ਪੰਛੀ "ਪੰਜਾਬ ਦੀ ਲੋਕ-ਕਥਾਏਂ" 1958
ਮਹਿੰਦਰ ਸਿੰਘ ਸਰੂਰ, "ਸੂਝ ਭੰਡਾਰ" 1958.
ਵਣਜਾਰਾ ਬੇਦੀ, "ਲੋਕ ਆਖਦੇ ਨੇ" 1958
ਸੁਖਦੇਵ ਮਾਦਪੁਰੀ, "ਗਾਉਂਦਾ ਪੰਜਾਬ" 1959
ਅਵਤਾਰ ਦੀਪਕ, "ਪਠਾਰ ਦੀ ਪਰੀ" 1959

ਕਰਤਾਰ ਸਿੰਘ ਸ਼ਮਸ਼ੇਰ, "ਜਿਉਂਦੀ ਦੁਨੀਆਂ" 1959
ਗਿਆਨੀ ਲਾਲ ਸਿੰਘ, "ਕੱਚਾ ਦੁੱਧ" 1959
ਗਿਆਨੀ ਲਾਲ ਸਿੰਘ, "ਗੁਲਾਬ ਕੁਮਾਰੀ ਤੇ ਹੋਰ ਪਰੀ ਕਹਾਣੀਆਂ" 1959
...., "ਫੁਲਾਂ ਰਾਣੀ ਤੇ ਪੰਜਾਬ ਦੀਆਂ ਹੋਰ ਕਹਾਣੀਆਂ" 1959
........., "ਸੋਨ ਚਿੜੀ ਤੇ ਹੋਰ ਪਰੀ ਕਹਾਣੀਆਂ" 1959
........., "ਤਿੰਨ ਭਾਲੂ ਤੇ ਹੋਰ ਜਨੌਰ ਕਹਾਣੀਆਂ" 1959
........., "ਚਲਾਕ ਲੂੰਬੜੀ ਤੇ ਹੋਰ ਜਨੌਰ ਕਹਾਣੀਆਂ" 1959
ਸੁਖਦੇਵ ਮਾਦਪੁਰੀ, "ਸੋਨੇ ਦਾ ਬੱਕਰਾ" 1960
......., "ਕੇਸੂ ਦੇ ਫੁੱਲ" 1960
ਮਹਿੰਦਰ ਸਿੰਘ ਰੰਧਾਵਾ, ਦਵਿੰਦਰ ਸਤਿਆਰਥੀ (ਸੰਪਾ.) "ਪੰਜਾਬੀ ਲੋਕ-ਗੀਤ" 1960.
ਪੰਜਾਬੀ ਲਿਖਾਰੀ ਸਭਾ, "ਇਨੀ ਮੇਰੀ ਬਾਤ" 1960
ਮੋਹਨ ਸਿੰਘ ਰਾਹੀ, "ਪੰਜਾਬੀ ਦੇ ਬੋਲ" 1960
ਮਹਿੰਦਰ ਸਿੰਘ ਰੰਧਾਵਾ, "ਪੰਜਾਬ" 1960
ਨਰਿੰਦਰ ਧੀਰ, "ਮੈਂ ਧਰਤੀ ਪੰਜਾਬ ਦੀ" 1961
ਗਿਆਨੀ ਗੁਰਦਿੱਤ ਸਿੰਘ, "ਮੇਰਾ ਪਿੰਡ" 1961
ਕਰਤਾਰ ਸਿੰਘ ਸ਼ਮਸ਼ੇਰ, "ਪੰਜਾਬ ਦੇ ਲੋਕ ਗੀਤ" 1961
..., "ਨੀਲੀ ਤੇ ਰਾਣੀ" 1961.
ਸੁਰਜੀਤ ਸਿੰਘ ਢੋਲਾ, "ਢੋਲੇ ਦੇ ਲੋਕ-ਗੀਤ" 1962.
ਵਣਜਾਰਾ ਬੇਦੀ, "ਇਕ ਘੁਟ ਰਸ ਦਾ" 1965.
..........., "ਸੁਹਜ ਪ੍ਰਬੋਧ" 1967.
.............., "ਪੰਜਾਬ ਦਾ ਲੋਕ-ਸਾਹਿਤ" 1968
ਦਵਿੰਦਰ ਸਤਿਆਰਥੀ, "ਪੰਜਾਬੀ ਲੋਕ-ਗੀਤਾਂ ਵਿੱਚ ਸੈਨਿਕ" 1970
ਵਣਜਾਰਾ ਬੇਦੀ, "ਪੰਜਾਬ ਦੀ ਲੋਕਧਾਰਾ ਅਤੇ ਲੋਕਧਾਰਾ ਸਾਹਿਤ" 1971
ਕਰਨੈਲ ਸਿੰਘ ਥਿੰਦ, "ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ" 1973
ਅਜੀਤ ਕੌਰ, "ਫੋਕਲੋਰ ਆਫ਼ ਪੰਜਾਬ" 1973.
ਜਗਦੀਸ਼ ਸਿੰਘ, "ਸਾਡੇ ਰਸਮੋ ਰਿਵਾਜ਼" 1976.
ਹਰਜੀਤ ਸਿੰਘ ਗਿੱਲ, "ਫੁਲਕਾਰੀਜ਼ ਫਰਾਮ ਬਠਿੰਡਾ" 1977.
ਕਰਮਜੀਤ ਸਿੰਘ, "ਦੇਸ ਦੁਆਬਾ" 1982.
ਨਾਹਰ ਸਿੰਘ, "ਲੋਕ-ਕਾਵਿ ਦੀ ਸਿਰਜਣ ਪ੍ਰਕਿਰਿਆ" 1983
ਕਰਮਜੀਤ ਸਿੰਘ, "ਧਰਤ ਦੁਆਬੇ ਦੀ" 1985.
ਗੁਰਮੀਤ ਸਿੰਘ, "ਪੰਜਾਬੀ ਲੋਕਧਾਰਾ ਦੇ ਕੁਝ ਪੱਖ" 1985.
ਵਣਜਾਰਾ ਬੇਦੀ "ਇਕ ਘੁੱਟ ਰਸ ਦਾ" 1986.
ਨਾਹਰ ਸਿੰਘ, "ਕਾਲਿਆ ਹਿਰਨਾ ਰੋਹੀਏ ਫਿਰਨਾ" 1986.
...., "ਲੌਂਗ ਬੁਰਜੀਆਂ ਵਾਲਾ" 1986.
ਇਕਬਾਲ ਕੌਰ, "ਪੰਜਾਬੀ ਲੋਕਯਾਨ", 1986.
ਸੁਖਪਾਲ ਸਿੰਘ, "ਪੰਜਾਬੀ ਲੋਕਗਾਥਾ" 1988.
ਕਰਨਜੀਤ ਸਿੰਘ, "ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ" 1988.
ਨਾਹਰ ਸਿੰਘ, "ਖ਼ੂਨੀ ਨੈਣ ਜਲ ਭਰੇ" 1989.

..........., "ਚੰਨਾ ਵੇ ਤੇਰੀ ਚਾਨਣੀ". 1989.
ਕਰਮਜੀਤ ਸਿੰਘ, "ਕੌਲਾਂ ਕੂਕਦੀਆਂ", 1989.
ਆਤਮ ਹਮਰਾਹੀ, "ਲੋਕਯਾਨਿਕ ਵਿਅੰਗਕਾਰੀ", 1989.
ਕੁਲਵੰਤ ਸਿੰਘ ਔਲਖ, "ਮਾਝੇ ਦੇ ਲੋਕ ਗੀਤ", 1989.
............, "ਧਰਮੀ ਬਾਬਲ ਦਾ ਦੇਸ", 1989.
ਕਰਮਜੀਤ ਸਿੰਘ, "ਮਿੱਟੀ ਦੀ ਮਹਿਕ' 1990.
ਮਧੂ ਬਾਲਾ, "ਪ੍ਰਾਚੀਨ ਪੰਜਾਬ ਦੀ ਸੰਸਕ੍ਰਿਤੀ". 1990.
ਜੁਗਿੰਦਰ ਸਿੰਘ ਕੈਰੋਂ, "ਲੋਕ ਵਾਰਤਾ ਪੰਜਾਬ" 1991.
ਰੁਪਿੰਦਰ ਕੌਰ, " ਲੋਕ-ਗਾਥਾ ਦਾ ਮਾਨਵ-ਵਿਗਿਆਨ" 1991.
ਨਾਹਰ ਸਿੰਘ, "ਰੜੇ ਭੰਬੀਰੀ ਬੋਲੇ", 2000.
ਹਰਦਿਆਲ ਥੂਹੀ, "ਪੰਜਾਬ ਲੋਕ ਢਾਡੀ ਕਲਾ" , 2001.
ਕਰਨਜੀਤ ਸਿੰਘ, "ਲੋਕ ਮਨ ਚੇਤਨ ਅਵਚੇਤਨ", 2001.
ਕਰਮਜੀਤ ਸਿੰਘ, "ਲੋਕ ਗੀਤਾਂ ਦੀ ਪੈੜ", 2001.
ਕਰਮਜੀਤ ਸਿੰਘ (ਸੰਪਾ.), "ਲੋਕਧਾਰਾ ਅਧਿਐਨ", 2001.
ਦਵਿੰਦਰ ਸਤਿਆਰਥੀ, "ਲੋਕ ਗੀਤ ਦਾ ਜਨਮ", 2002.
ਕਰਮਜੀਤ ਸਿੰਘ, "ਲੋਕ ਗੀਤਾਂ ਦੇ ਨਾਲ-ਨਾਲ", 2003.

# ਅਧਿਆਇ ਚੌਥਾ
# ਰਿਚਰਡ ਕਾਰਨੈਕ ਟੈਂਪਲ ਤੇ ਪੰਜਾਬੀ ਲੋਕਧਾਰਾ

ਪੰਜਾਬੀ ਲੋਕਧਾਰਾ ਦਾ ਨਾਂ ਆਉਂਦਿਆਂ ਹੀ ਆਰ. ਸੀ. ਟੈਂਪਲ ਦਾ ਨਾਂ ਸਾਡੇ ਦਿਮਾਗ਼ ਵਿੱਚ ਆਉਂਦਾ ਹੈ ਕਿਉਂਕਿ ਪੰਜਾਬੀ ਲੋਕਧਾਰਾ ਦੇ ਸੰਗ੍ਰਹਿ ਸੰਪਾਦਨ ਤੇ ਮੁਲਾਂਕਣ ਸੰਬੰਧੀ ਜਿਹੜੀਆਂ ਮੱਲਾਂ ਮਾਰਨ ਦੀ ਗੱਲ ਅਸੀਂ ਕਰਦੇ ਹਾਂ, ਉਸ ਦਾ ਆਗਾਜ਼ ਕਰਨ ਵਾਲਿਆਂ ਵਿੱਚ ਟੈਂਪਲ ਦੀ ਅਹਿਮ ਭੂਮਿਕਾ ਰਹੀ ਹੈ। ਭਾਵੇਂ ਅੰਗਰੇਜ਼ਾਂ ਦੇ ਪੰਜਾਬੀ ਲੋਕਧਾਰਾ ਸੰਬੰਧੀ ਕੰਮ ਕਰਨ ਦੇ ਆਪਣੇ ਲੁਕਵੇਂ ਮੰਤਵ ਹੋਣ, ਪਰ ਉਨ੍ਹਾਂ ਦੇ ਕੰਮ ਤੋਂ ਉਨ੍ਹਾਂ ਦੀ ਕੰਮ ਪ੍ਰਤੀ ਲਗਨ, ਬਾਰੀਕੀਆਂ ਨੂੰ ਜਾਨਣ, ਕਿਸੇ ਗੱਲ ਦੀ ਤਹਿ ਤੱਕ ਪਹੁੰਚਣ ਵਿੱਚ, ਉਨ੍ਹਾਂ ਦੀ ਆਪਣੀ ਵੱਖਰੀ ਮਿਸਾਲ ਹੈ। ਉਨ੍ਹਾਂ ਦੇ ਕੀਤੇ ਕੰਮ ਨੂੰ ਪੜ੍ਹਨ ਉਪਰੰਤ ਇਸ ਗੱਲ ਦਾ ਸਾਫ਼ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਆਪਣੇ ਸੀਮਤ ਸਾਧਨਾਂ, ਭਾਸ਼ਾ ਦੀ ਅਸਮਰੱਥਾ ਦੇ ਹੁੰਦਿਆਂ ਹੋਇਆਂ ਵੀ ਲੋਕਾਂ ਦੇ ਦਿਲਾਂ ਤੱਕ ਪਹੁੰਚ ਕੇ ਉਨ੍ਹਾਂ ਵਿੱਚੋਂ ਉਹ ਗੱਲਾਂ ਕਢਵਾ ਲਈਆਂ ਜਿਹੜੀਆਂ ਜ਼ਰੂਰੀ ਸਨ। ਉਹ ਪੰਜਾਬ ਬਾਰੇ ਛੋਟੀ ਤੋਂ ਛੋਟੀ ਗੱਲ ਨੂੰ ਸਮਝਣ ਦੀ ਰੁਚੀ ਰੱਖਦੇ ਸਨ।

ਲੋਕਧਾਰਾ ਟੈਂਪਲ ਦਾ ਮਨਭਾਉਂਦਾ ਵਿਸ਼ਾ ਸੀ। ਇਸੇ ਲਈ ਉਹ ਕਿਸੇ ਕੌਮ ਜਾਂ ਜਾਤੀ ਦੇ ਨਾਲ ਸੰਬੰਧਿਤ ਹਰ ਉਹ ਗੱਲ ਜਾਣਨਾ ਚਾਹੁੰਦਾ ਸੀ, ਜਿਹੜੀ ਕਿ ਉਸ ਨਾਲ ਸੰਬੰਧਿਤ ਹੈ। ਉਹ ਇਹ ਵੀ ਜਾਣਦਾ ਸੀ ਕਿ ਜੇਕਰ ਲੋਕਧਾਰਾ ਦੇ ਅਧਿਐਨ ਦੇ ਲੰਮੇ ਸਮੇਂ ਤੱਕ ਜਿਊਣਾ ਹੈ ਤਾਂ ਇਸ ਨੂੰ ਵਿਗਿਆਨਕ ਬਣਾਉਣਾ ਪਵੇਗਾ। ਇਸ ਬਾਰੇ ਅਸੀਂ ਉਸ ਦਾ ਪ੍ਰਧਾਨਗੀ ਭਾਸ਼ਣ ਜਿਹੜਾ ਕਿ ਫੋਕਲੋਰ ਜੁਬਲੀ ਕਾਂਗਰਸ ਆਫ਼ ਦਾ ਫੋਕਲੋਰ ਸੁਸਾਇਟੀ ਲੰਡਨ ਵਿੱਚ 20 ਸਤੰਬਰ 1928 ਨੂੰ ਦਿੱਤਾ ਵੇਖਦੇ ਹਾਂ। ਉਹ ਕਹਿੰਦਾ ਹੈ ਕਿ "ਜੇਕਰ ਲੋਕਧਾਰਾ ਨੇ ਲੰਮੇ ਸਮੇਂ ਤੱਕ ਜਿਊਣਾ ਹੈ ਤਾਂ ਇਸ ਦੀ ਵਿੱਦਿਆ ਵਿਗਿਆਨਕ ਹੋਣੀ ਚਾਹੀਦੀ ਹੈ।"[1]

ਟੈਂਪਲ ਭਾਵੇਂ ਕਿਤੇ ਵੀ ਰਿਹਾ, ਲੋਕਧਾਰਾ ਨਾਲ ਜੁੜਿਆ ਰਿਹਾ ਅਤੇ ਉਹ ਵਿਸ਼ਵ-ਪੱਧਰ ਤੇ ਲੋਕਧਾਰਾ ਸੰਬੰਧੀ ਕੀ ਹੋ ਰਿਹਾ ਹੈ, ਜਾਣਕਾਰੀ ਰੱਖਦਾ ਸੀ। ਉਹ ਪਹਿਲਾ ਵਿਦਵਾਨ ਹੈ ਜਿਹੜਾ ਲੋਕਧਾਰਾ ਦੀ ਮਹੱਤਤਾ ਦੇ ਵਿੱਚ ਮੂਲ ਜਾਂ ਸਥਾਨਕ ਭਾਸ਼ਾ ਦਾ ਕੀ ਸਥਾਨ ਹੋ ਸਕਦਾ ਹੈ, ਜਾਣਦਾ ਸੀ। ਕਿਉਂਕਿ ਉਸ ਤੋਂ ਪਹਿਲਾਂ ਜਿਤਨੇ ਵੀ ਲੇਖ ਜਾਂ ਸਮੱਗਰੀ ਸਾਨੂੰ ਪੰਜਾਬੀ ਲੋਕਧਾਰਾ ਬਾਰੇ ਉਪਲਬਧ ਹੈ ਕੇਵਲ ਅਨੁਵਾਦ-ਮਾਤਰ ਹੀ ਹੈ, ਜਿਸ ਨਾਲ ਇਨ੍ਹਾਂ ਪ੍ਰਸ਼ਾਸਕੀ ਅਫ਼ਸਰਾਂ ਜਾਂ ਅੰਗਰੇਜ਼ਾਂ ਬਾਰੇ ਕਈ ਪ੍ਰਕਾਰ ਦੇ ਸ਼ੰਕੇ ਉੱਭਰ ਆਉਂਦੇ ਹਨ ਕਿ ਕਿਧਰੇ ਇਹ ਆਪਣੇ ਮੰਤਵ ਦੀ ਪੂਰਤੀ ਲਈ ਤਾਂ ਅਜਿਹਾ ਨਹੀਂ ਕਰ ਰਹੇ ਪਰ ਟੈਂਪਲ ਤਾਂ ਸੁਚੇਤ ਪੱਧਰ 'ਤੇ ਨਾ-ਸਿਰਫ਼ ਆਪਣੇ ਕੰਮ ਕਰਨ ਦਾ ਢੰਗ-ਤਰੀਕਾ ਹੀ ਦੱਸਦਾ ਹੈ ਸਗੋਂ ਦੂਸਰਿਆਂ ਨੂੰ ਉਤਸ਼ਾਹਿਤ ਵੀ ਕਰਦਾ ਹੈ। ਨਾਲ ਹੀ ਆਪਣੀਆਂ ਲਿਖਤਾਂ ਵਿੱਚ ਮੂਲ ਭਾਸ਼ਾ ਦਾ ਰੋਮਨ ਲਿੱਪੀ ਵਿੱਚ

ਲਿਪੀਆਂਤਰ ਵੀ ਪੇਸ਼ ਕਰਦਾ ਹੈ। ਉਹ ਜਾਣਦਾ ਹੈ ਕਿ ਅਜਿਹਾ ਨਾ ਕਰਨ ਨਾਲ ਕਥਾ ਦੀ ਰਵਾਨਗੀ ਅਤੇ ਆਤਮਾ ਨੂੰ ਸੱਟ ਜ਼ਰੂਰ ਵੱਜਦੀ ਹੈ।

ਉਹ ਆਪਣੀਆਂ ਰਚਨਾਵਾਂ ਨੂੰ ਕਿਸੇ ਖ਼ਾਸ ਵਰਗ ਜਾਂ ਲੋਕਾਂ ਲਈ ਸੀਮਤ ਨਹੀਂ ਰੱਖਦਾ ਸਗੋਂ ਆਮ ਲੋਕਾਂ ਲਈ ਵੀ ਉਪਲਬਧ ਕਰਵਾਉਂਦਾ ਹੈ, ਕਿਉਂਕਿ ਉਹ ਇਨ੍ਹਾਂ ਨੂੰ ਇਕੱਤਰ ਵੀ ਤਾਂ ਆਮ ਲੋਕਾਂ ਕੋਲੋਂ ਹੀ ਕਰਦਾ ਤੇ ਕਰਵਾਉਂਦਾ ਹੈ।

ਪੰਜਾਬ ਵਿੱਚ ਲੰਮਾ ਸਮਾਂ ਰਹਿਣ ਕਾਰਨ ਅਤੇ ਇਸ ਕੰਮ ਪ੍ਰਤੀ ਲਗਨ ਕਾਰਨ ਉਹ ਇਹ ਵੀ ਜਾਣ ਗਿਆ ਸੀ ਕਿ ਲੋਕਧਾਰਾ ਨਾਲ ਸੰਬੰਧਤ ਸਮੱਗਰੀ ਕਿੱਥੋਂ ਅਤੇ ਕਿਵੇਂ ਇਕੱਤਰ ਕੀਤੀ ਜਾ ਸਕਦੀ ਹੈ। ਉਹ ਭਾਵੇਂ ਜਾਣਦਾ ਸੀ ਕਿ ਮੇਲੇ ਹੋਣ ਜਾਂ ਵਿਆਹ-ਸ਼ਾਦੀਆਂ, ਇਕੱਠ ਜਾਂ ਤਿਉਹਾਰ ਆਦਿ ਉਥੇ ਜ਼ਰੂਰ ਭੰਡ, ਮਿਰਾਸੀ, ਭਰਾਇਨ ਆਦਿ ਪਹੁੰਚੇ ਹੁੰਦੇ ਹਨ। ਉਹ ਕਿਵੇਂ ਕਿਸੇ ਲਈ ਰਚਨਾ ਪੇਸ਼ ਕਰ ਸਕਦੇ ਹਨ ਅਤੇ ਉਨ੍ਹਾਂ ਪਾਸੋਂ ਕੀਮਤੀ ਖ਼ਜ਼ਾਨਾ ਕਿਵੇਂ ਬਾਹਰ ਕਢਵਾਉਣਾ ਹੈ, ਉਹ ਇਸ ਬਾਰੇ ਜਾਣਦਾ ਸੀ। ਉਹ ਇਹ ਵੀ ਜਾਣਦਾ ਸੀ ਕਿ ਪੈਸੇ, ਅਫ਼ੀਮ, ਪ੍ਰਸ਼ੰਸਾ ਪੱਤਰ ਆਦਿ ਇਸ ਕੰਮ ਵਿੱਚ ਸਹਾਇਕ ਹੋ ਸਕਦੇ ਹਨ। ਉਹ ਤਾਂ ਪੰਜਾਬ ਦੀ ਲੋਕਧਾਰਾ ਨਾਲ ਅਜਿਹਾ ਰਿਸ਼ਤਾ ਬਣਾ ਬੈਠਾ ਸੀ ਕਿ ਪੰਜਾਬੀ ਸਾਹਿਤ ਦੀਆਂ ਅਜਿਹੀਆਂ ਸਾਰੀਆਂ ਵੰਨਗੀਆਂ ਜਿਹੜੀਆਂ ਲੋਕਧਾਰਾ ਦਾ ਹਿੱਸਾ ਹਨ, ਕਿੱਸੇ, ਸਵਾਂਗ, ਗੀਤ, ਲੋਕ-ਗਾਥਾ, ਲੋਕ-ਕਥਾ, ਕੁਰਸੀਨਾਮਾ ਆਦਿ ਬਾਰੇ ਜਾਣਕਾਰੀ ਰੱਖਦਾ ਸੀ।

ਉਹ ਜਾਣਦਾ ਸੀ ਕਿ ਲੋਕਧਾਰਾ ਦੀ ਸਮੱਗਰੀ ਦੀ ਆਪਣੀ ਇਤਿਹਾਸਕ ਮਹੱਤਤਾ ਹੁੰਦੀ ਹੈ, ਕਿਉਂਕਿ ਨਾਇਕ ਜਾਂ ਨਾਇਕਾ ਬਹੁਤੀ ਵਾਰੀ ਇਤਿਹਾਸਕ ਹੀ ਹੁੰਦੇ ਹਨ ਅਤੇ ਰਚਨਾਵਾਂ ਵੀ ਕਿਸੇ ਇਤਿਹਾਸਕ ਕਾਲ ਕ੍ਰਮ ਵਿੱਚ ਹੀ ਹੁੰਦੀਆਂ ਹਨ। ਪਰ ਉਸ ਨੇ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਨੂੰ ਇਤਿਹਾਸਕ ਮਹੱਤਤਾ ਅਨੁਸਾਰ ਨਹੀਂ ਸਗੋਂ ਸਾਧਾਰਨ ਲੋਕਧਾਰਾ ਅਨੁਸਾਰ ਹੀ ਰੱਖਿਆ ਹੈ, ਪਰ ਉਹ ਪੰਜਾਬ ਦੇ ਸਾਰੇ ਇਤਿਹਾਸਕ ਪਾਤਰਾਂ ਨੂੰ ਪਹਿਚਾਣਦਾ ਹੈ। ਭਾਵੇਂ ਉਹ ਆਖਦਾ ਹੈ ਕਿ ਪੰਜਾਬ ਵਿੱਚ ਇਤਿਹਾਸਕ ਪਾਤਰ ਤੇ ਇਤਿਹਾਸਕ ਤੱਥ ਰਲਗੱਡ ਹੋ ਗਏ ਹਨ। ਸ਼ਾਇਦ ਇਸੇ ਕਰ ਕੇ ਉਹ ਤਾਂ ਪੰਜਾਬੀ ਨਾਵਾਂ ਤੋਂ ਵੀ ਇਸ ਤੇ ਇਤਿਹਾਸ ਨੂੰ ਜਾਨਣ ਦਾ ਯਤਨ ਕਰਦਾ ਹੈ।

ਉਸ ਨੇ ਆਪਣੇ ਅਧਿਐਨ ਨਾਲ ਇਹ ਗੱਲ ਜਾਣ ਲਈ ਸੀ ਕਿ ਪੰਜਾਬ ਦੀਆਂ ਲੋਕ-ਗਾਥਾਵਾਂ ਵਿੱਚ ਜਾਨਵਰ, ਪੰਛੀ, ਸੱਪ, ਪੀਰ, ਸੰਤ, ਫ਼ਕੀਰ, ਦਿਉ ਆਦਿ ਆਮ ਮਿਲਦੇ ਹਨ। ਇਨ੍ਹਾਂ ਵਿਚੋਂ ਬਹੁਤੇ ਤਾਂ ਅਲੌਕਿਕ ਸ਼ਕਤੀਆਂ ਦੇ ਮਾਲਕ ਹਨ ਅਤੇ ਉਹ ਮਨੁੱਖਾਂ ਵਰਗਾ ਵਿਵਹਾਰ ਵੀ ਕਰ ਸਕਦੇ ਹਨ, ਇਥੋਂ ਤੱਕ ਕਿ ਵਚਨ ਦਿੰਦੇ ਅਤੇ ਪਾਲਦੇ ਵੀ ਹਨ। ਇਹ ਗੱਲ ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਮਿਲਦੀ ਲੋਕਧਾਰਾ ਵਿੱਚ ਵੀ ਸ਼ਾਮਿਲ ਹੈ। ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਦੀ ਦਸ਼ਾ ਕਿਸ ਤਰ੍ਹਾਂ ਦੀ ਹੋਵੇਗੀ ਜਦੋਂਕਿ ਇਕ ਵਿਅਕਤੀ ਕੋਲ ਹਜ਼ਾਰਾਂ ਔਰਤਾਂ ਹੋਣ ਅਤੇ ਉਨ੍ਹਾਂ ਪਾਸੋਂ ਇਹ ਵੀ ਆਸ ਰੱਖੀ ਜਾਵੇ ਕਿ ਉਹ ਸਰੀਰਕ ਵਫ਼ਾਦਾਰੀ ਵੀ ਰੱਖਣ। ਇਨ੍ਹਾਂ ਦੰਤ-ਕਥਾਵਾਂ ਵਿੱਚ ਇਹ ਗੱਲ ਦਾ ਵੀ ਜ਼ਿਕਰ ਆਮ ਹੈ ਕਿ ਪੁੱਤਰ ਦੀ ਪ੍ਰਾਪਤੀ ਜਾਂ ਖ਼ੂਬਸੂਰਤ ਔਰਤ ਨੂੰ ਆਪਣੇ ਕਬਜ਼ੇ ਵਿੱਚ ਕਰਨ ਲਈ ਆਦਮੀ ਕੁਝ ਵੀ ਕਰ ਸਕਦਾ ਹੈ। ਭਾਵੇਂ ਨਾਇਕ ਦੇ ਕੋਲ ਅਥਾਹ ਸ਼ਕਤੀਆਂ ਹੁੰਦੀਆਂ ਹਨ, ਪਰ ਉਸ ਦਾ ਖ਼ਲਨਾਇਕ ਵੀ ਘੱਟ ਨਹੀਂ ਹੁੰਦਾ। ਉਸ ਦੇ ਕੋਲ ਵੀ ਅਥਾਹ ਸ਼ਕਤੀ ਹੁੰਦੀ ਹੈ ਪਰ ਜਿੱਤ ਹਮੇਸ਼ਾ ਨਾਇਕ ਦੀ ਹੀ ਹੁੰਦੀ ਦਿਖਾਈ ਜਾਂਦੀ ਹੈ।

ਇਹ ਦੰਤ-ਕਥਾਵਾਂ ਜਿਥੇ ਮਨੋਰੰਜਨ ਕਰਦੀਆਂ ਹਨ ਉਥੇ ਲੋਕਾਂ ਦੇ ਧਾਰਮਿਕ-ਕਾਰਜਾਂ ਵਿੱਚ ਵੀ ਸਹਾਇਕ ਹੁੰਦੀਆਂ ਹਨ। ਸਵਾਂਗ, ਗੀਤਾਂ ਰਾਹੀਂ ਲੋਕਾਂ ਨੂੰ ਸਦਾਚਾਰ ਵੀ ਸਿਖਾਇਆ ਜਾਂਦਾ ਹੈ। ਨਾਇਕ ਦੀ ਸ਼ਖਸੀਅਤ ਉੱਚ ਪਾਏ ਦੀ ਦੱਸੀ ਜਾਂਦੀ ਹੈ ਜਿਵੇਂ ਗੋਪੀ ਚੰਦ ਤੇ ਰਾਜਾ ਰਸਾਲੂ। ਉਹ ਪੰਜਾਬ ਦੇ ਨਾਇਕ ਬਣ ਜਾਂਦੇ ਹਨ। ਇਹ ਚਰਚਾ ਤਾਂ ਅਸੀਂ ਅੱਗੇ ਵੀ ਜਾਰੀ ਰੱਖਾਂਗੇ ਪਰ ਇਸ ਤੋਂ ਪਹਿਲਾਂ ਅਸੀਂ ਉਸ ਦਾ ਸੰਖੇਪ ਜੀਵਨ ਬਿਉਰਾ ਦਿੰਦੇ ਹਾਂ ਕਿਉਂਕਿ ਉਹ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਰਿਹਾ ਪੰਜਾਬ ਦੀ ਲੋਕਧਾਰਾ ਉਸ ਦੇ ਰੋਮ-ਰੋਮ ਵਿੱਚ ਵੱਸੀ ਰਹੀ। ਉਸ ਦੀ ਮਹਾਨ ਰਚਨਾ 'ਲੀਜੰਡਜ਼ ਆਫ਼ ਪੰਜਾਬ' ਦੀ ਤੀਸਰੀ ਜਿਲਦ 1900 ਵਿੱਚ ਆਈ। ਜਦੋਂ ਉਹ ਪੋਰਟ ਬਲੇਅਰ ਵਿੱਚ ਸਰਕਾਰੀ ਅਫ਼ਸਰ ਤਾਇਨਾਤ ਸੀ।

## ਰਿਚਰਡ ਕਾਰਨੈਕ ਟੈਂਪਲ ਦੀ ਜੀਵਨੀ

ਆਰ. ਸੀ. ਟੈਂਪਲ ਬਰਤਾਨਵੀ ਫ਼ੌਜ ਦਾ ਇਕ ਵਧੀਆ ਸਿਪਾਹੀ, ਯੋਗ ਅਫ਼ਸਰ, ਕੁਸ਼ਲ ਪ੍ਰਸ਼ਾਸਕ, ਉੱਘਾ ਸਾਇੰਸਦਾਨ ਅਤੇ ਵਧੀਆ ਸਾਹਿਤਕਾਰ ਸੀ। ਇਸ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 15 ਅਕਤੂਬਰ 1850 ਨੂੰ ਇਕ ਅੰਗਰੇਜ਼ ਅਫ਼ਸਰ ਰਿਚਰਡ ਟੈਂਪਲ ਦੇ ਘਰ ਚਾਰਟ ਫਰਾਂਸਿਸ ਦੀ ਕੁੱਖੋਂ ਹੋਇਆ। ਇਹ ਪਰਿਵਾਰ ਸ਼ੁਰੂ ਤੋਂ ਹੀ ਬਰਤਾਨਵੀ ਸਰਕਾਰ ਲਈ ਕੰਮ ਕਰਦਾ ਸੀ ਅਤੇ ਇਹ ਉੱਚੇ ਅਹੁਦਿਆਂ ਤੇ ਬਿਰਾਜਮਾਨ ਸਨ। ਉਸ ਨੇ ਆਪਣੀ ਵਿੱਦਿਆ ਟ੍ਰਿਨਟੀ ਹਾਲ ਕੈਂਬਿਰਜ ਤੋਂ ਪ੍ਰਾਪਤ ਕੀਤੀ ਅਤੇ ਵਿੱਦਿਆ ਸਮਾਪਤੀ ਤੋਂ ਬਾਅਦ ਉਸ ਨੇ ਵੀ ਆਪਣੇ ਪਿਤਾ ਵਾਂਗ ਫ਼ੌਜ ਵਿੱਚ ਭਰਤੀ ਹੋਣਾ ਹੀ ਬੇਹਤਰ ਸਮਝਿਆ। 1871 ਵਿੱਚ ਉਹ ਰਾਇਲ ਸਕਾਫ਼ ਵਿੱਚ ਭਰਤੀ ਹੋਇਆ ਤੇ ਉਸੇ ਸਾਲ ਹੀ ਤਰੱਕੀ ਕਰ ਕੇ ਉਹ ਬੰਗਾਲ ਸਟਾਫ਼ ਕੋਰ ਵਿੱਚ ਚਲਾ ਗਿਆ। 1877 ਵਿੱਚ ਉਹ ਇੰਡੀਅਨ ਆਰਮੀ ਵਿੱਚ ਆ ਗਿਆ ਅਤੇ ਕਾਫ਼ੀ ਸਮਾਂ 38 ਡੋਗਰਾ ਤੇ ਫਸਟ ਗੋਰਖਾ ਰੈਜਮੈਂਟ ਵਿੱਚ ਸੇਵਾ ਕਰਦਾ ਰਿਹਾ। ਭਾਰਤੀ ਫ਼ੌਜ ਦਾ ਅਫ਼ਸਰ ਹੁੰਦਿਆਂ 1878-1879 ਵਿੱਚ ਅਫ਼ਗਾਨ ਯੁੱਧ ਵਿੱਚ ਉਸ ਨੇ ਕਾਫ਼ੀ ਕੰਮ ਕੀਤਾ। 1883 ਵਿੱਚ ਕੈਪਟਨ ਦੇ ਅਹੁਦੇ ਤੇ ਤਰੱਕੀ ਕਰ ਕੇ ਉਹ ਬਰਮ੍ਹਾ ਦੀ ਲੜਾਈ ਵਿੱਚ ਚਲਾ ਗਿਆ। ਉਥੇ ਉਸ ਨੇ ਮੈਡਲ ਪ੍ਰਾਪਤ ਕੀਤੇ ਅਤੇ ਇਸੇ ਰੈਂਕ ਵਿੱਚ ਉਸ ਨੇ 1887 ਦੀ ਬਰ੍ਹਮਾ ਦੀ ਲੜਾਈ ਲੜੀ ਅਤੇ ਦੋ ਹੋਰ ਮੈਡਲ ਪ੍ਰਾਪਤ ਕੀਤੇ। 1891 ਵਿੱਚ ਉਹ ਗਜ਼ਟਿਡ ਹੋਇਆ ਤੇ 1897 ਵਿੱਚ ਉਹ ਲੈਫ਼ਟੀਨੈਂਟ ਕਰਨਲ ਬਣ ਗਿਆ।

ਸਿਵਲ ਸੇਵਾਵਾਂ ਵਿੱਚ ਉਸ ਦਾ ਪਹਿਲਾ ਤਜ਼ਰਬਾ ਬਤੌਰ ਕੈਨਟੋਨਮੈਂਟ ਮੈਜਿਸਟਰੇਟ ਪੰਜਾਬ 1879 ਵਿੱਚ ਸੀ। ਇਥੇ ਉਸ ਦੀ ਤਰੱਕੀ ਡਿਪਟੀ ਕਮਿਸ਼ਨਰ ਸਪੈਸ਼ਲ ਡਿਊਟੀ, ਭਾਰਤ ਸਰਕਾਰ ਹੋ ਗਈ। 1880 ਵਿੱਚ ਟੈਂਪਲ ਨੇ ਕੋਡ ਆਫ਼ ਕੈਨਟੋਨਮੈਂਟ ਰੈਗੂਲੇਸ਼ਨ ਬਣਾਇਆ ਅਤੇ ਰੇਲਵੇ ਦੇ ਲੋਕਲ ਟੈਕਸੇਸ਼ਨ ਤੇ ਰਿਪੋਰਟ ਤਿਆਰ ਕੀਤੀ। ਇਸ ਕੰਮ ਲਈ ਸਰਕਾਰ ਵੱਲੋਂ ਉਸ ਦੀ ਖ਼ੂਬ ਪ੍ਰਸ਼ੰਸਾ ਹੋਈ। 1881 ਤੋਂ 1884 ਤੱਕ ਰੰਗੂਨ ਮੁਨਿਸਪੈਲਟੀ ਦੇ ਸਰਕਾਰੀ ਪ੍ਰਧਾਨ ਦੇ ਤੌਰ 'ਤੇ ਅਹੁਦਾ ਸੰਭਾਲਿਆ ਅਤੇ ਰੰਗੂਨ ਦਾ ਪੋਰਟ ਕਮਿਸ਼ਨਰ, ਅੰਡੇਮਾਨ ਤੇ ਨਿਕੋਬਾਰ ਦਾ ਮੁੱਖ ਕਮਿਸ਼ਨਰ ਅਤੇ ਪੋਰਟ ਬਲੈਰ ਦਾ ਸੈਟਲਮੈਂਟ ਸੁਪਰਟੈਂਡੈਂਟ ਨਿਯੁਕਤ ਹੋਇਆ। ਅੰਡੇਮਾਨ ਤੇ ਨਿਕੋਬਾਰ ਦੇ ਲੋਕਾਂ ਦਾ ਜੀਵਨ ਬੜਾ ਨੀਵੇਂ ਪੱਧਰ ਦਾ ਸੀ। ਉਥੇ ਤਾਂ ਅੱਜ ਵੀ ਕਈ ਕਬੀਲੇ ਐਸੇ ਮਿਲ ਜਾਂਦੇ ਹਨ, ਜਿਹੜੇ ਆਦਮੀਆਂ ਜਾਂ ਮਨੁੱਖ ਜਾਤੀ ਨੂੰ ਵੇਖਦੇ ਸਾਰ ਮਾਰ ਕੇ ਖਾ ਜਾਂਦੇ ਹਨ। ਅਜਿਹੇ ਲੋਕਾਂ ਵਿੱਚ ਰਹਿ ਕੇ ਉਨ੍ਹਾਂ ਦੀ ਭਾਸ਼ਾ, ਸਭਿਆਚਾਰ, ਇਤਿਹਾਸ ਬਾਰੇ ਟੈਂਪਲ ਨੇ ਬਹੁਤ

ਜ਼ਿਆਦਾ ਕੰਮ ਕੀਤਾ। 1901 ਵਿੱਚ ਉਸ ਨੇ ਉਥੋਂ ਦੀ ਜਨਗਣਨਾ 'ਤੇ ਰਿਪੋਰਟ ਵੀ ਤਿਆਰ ਕੀਤੀ। 1890 ਵਿੱਚ ਅਪਰ ਬਰ੍ਹਮਾ ਵਾਲੰਟਰੀ ਰਾਇਫਲਜ਼ ਦਾ ਕਮਾਂਡਰ ਅਤੇ ਸਰਕਾਰ ਦੀ ਬੇਨਤੀ ਤੇ 1892 ਵਿੱਚ ਰੰਗੂਨ ਨੇਵੀ ਵਲੰਟੀਅਰ ਆਰਟਿਲਰੀ ਦਾ ਕਮਾਂਡਰ ਬਣਿਆ। ਜਿਥੇ ਉਹ 1893 ਤੱਕ ਰਿਹਾ। ਟੈਂਪਲ ਨੂੰ ਰੰਗੂਨ ਅਤੇ ਪੋਰਟ ਬਲੇਅਰ ਦੀ ਨੇਵੀ, ਆਰਟਿਲਰੀ ਤੇ ਇੰਜੀਨੀਅਰਿੰਗ ਦਾ ਡੀਫੈਂਸ ਵਾਲੰਟੀਅਰ ਵੀ ਨਿਯੁਕਤ ਕੀਤਾ ਗਿਆ।

ਆਰ. ਸੀ. ਟੈਂਪਲ ਕਾਊਂਸਲ ਆਫ਼ ਦਾ ਰੋਇਲ ਏਸ਼ੀਆਟਿਕ ਸੁਸਾਇਟੀ, ਦਾ ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ, ਦਾ ਫਿਲਾਲਾਜੀਕਲ ਸੁਸਾਇਟੀ ਦਾ ਫੋਕਲੋਰ ਸੁਸਾਇਟੀ, ਦਾ ਹਿਕਲਿਉਤ ਸੁਸਾਇਟੀ, ਰਾਇਲ ਐਨਥਰੋਪਾਲੋਜੀਕਲ ਇੰਸਟੀਚਿਊਟ ਅਤੇ ਰਾਇਲ ਸੁਸਾਇਟੀ ਆਫ਼ ਆਰਟ ਦਾ ਮੈਂਬਰ ਰਿਹਾ। ਆਰਟ ਸੁਸਾਇਟੀ ਦਾ ਤਾਂ ਉਹ ਸਿਵਲਰ ਮੈਡਲ ਵਿਜੇਤਾ ਸੀ। ਕੁਝ ਸਮੇਂ ਲਈ ਉਹ ਬੰਬਈ ਐਨਥਰੋਪਾਲੀਜੀਕਲ ਸੁਸਾਇਟੀ ਦਾ ਪ੍ਰਧਾਨ ਵੀ ਰਿਹਾ ਅਤੇ ਅਮੈਰੀਕਨ ਫਿਲਾਸਫੀਕਲ ਸੁਸਾਇਟੀ ਦਾ ਪੱਤਰ ਵਿਹਾਰੀ ਮੈਂਬਰ ਵੀ ਰਿਹਾ। ਟ੍ਰਿਨਟੀ ਹਾਲ ਕੈਂਬਰਿਜ਼ ਦਾ ਵਧੀਆ ਵਿਦਿਆਰਥੀ ਹੋਣ ਕਾਰਨ ਬਾਅਦ ਵਿੱਚ ਉਹ ਇਸ ਦਾ ਆਨਰੇਰੀ ਫੈਲੋ ਵੀ ਰਿਹਾ।

ਇਹ ਸੰਖੇਪ ਜੀਵਨੀ ਉਸ ਮਹਾਨ ਵਿਅਕਤੀ ਦੀ ਹੈ, ਜਿਸ ਨੇ ਸਾਧਾਰਨ ਸਿਪਾਹੀ ਤੋਂ ਆਪਣਾ ਜੀਵਨ ਆਰੰਭ ਕੀਤਾ ਤੇ ਹਰ ਖੇਤਰ ਦੀਆਂ ਬੁਲੰਦੀਆਂ ਨੂੰ ਛੂਹਿਆ। ਉਸ ਦੀਆਂ ਪ੍ਰਾਪਤੀਆਂ ਇਥੇ ਹੀ ਬੱਸ ਨਹੀਂ ਹੋਈਆਂ। 1904 ਵਿੱਚ ਸੇਵਾ ਮੁਕਤੀ ਤੋਂ ਬਾਅਦ ਸੇਂਟ ਜੋਹਨ ਐਂਬੂਲੈਂਸ ਨਾਲ ਜੁੜ ਕੇ ਸਮਾਜ ਸੇਵਾ ਵੀ ਕੀਤੀ। ਉਸ ਦੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਤਾਂ ਅਸੀਂ ਅੱਗੇ ਚੱਲ ਕੇ ਜ਼ਿਕਰ ਕਰਾਂਗੇ ਪਰ ਉਸ ਦੀਆਂ ਆਪਣੀਆਂ ਵਿਅਕਤੀਗਤ ਪ੍ਰਾਪਤੀਆਂ ਨੂੰ ਵੇਖ ਕੇ ਕੋਈ ਵੀ ਵਿਅਕਤੀ ਉਸ ਦੀ ਜ਼ਿੰਦਗੀ ਤੋਂ ਸਿਰੜ, ਸਿਦਕ, ਮਿਹਨਤ, ਲਗਨ, ਨੇਕ-ਦਿਲੀ ਦੀ ਮਿਸਾਲ ਵੇਖ ਸਕਦਾ ਹੈ।

ਉਸ ਦੀਆਂ ਸਾਹਿਤਕ ਤੇ ਲੋਕਧਾਰਾ ਦੀਆਂ ਪ੍ਰਾਪਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਕੋਈ ਵੀ ਉਸ ਦੀ ਬਰਾਬਰੀ ਤਾਂ ਕਰ ਸਕਦਾ ਹੈ ਪਰ ਉਸ ਤੋਂ ਅੱਗੇ ਲੰਘਣ ਦਾ ਹੌਸਲਾ ਨਹੀਂ ਕਰ ਸਕਦਾ। ਉਸ ਵੱਲੋਂ ਲੋਕਧਾਰਾ ਦੇ ਵੱਖ-ਵੱਖ ਖੇਤਰਾਂ ਵਿੱਚ ਨਿਭਾਈ ਭੂਮਿਕਾ ਆਉਣ ਵਾਲੇ ਲੋਕਧਾਰਾ ਵਿਗਿਆਨੀਆਂ ਲਈ ਚਾਨਣ-ਮੁਨਾਰਾ ਬਣੇਗੀ। ਇਸ ਵਿਦਵਾਨ ਦਾ ਅੰਤ 3 ਮਾਰਚ, 1931 ਨੂੰ ਟ੍ਰਿਟਲ ਸਵਿਟਜ਼ਰਲੈਂਡ ਵਿੱਚ ਹੋਇਆ।[2]

## ਆਰ. ਸੀ. ਟੈਂਪਲ ਦਾ ਕੰਮ

ਆਰ. ਸੀ. ਟੈਂਪਲ ਵਰਗੇ ਵਿਦਵਾਨ ਅਫ਼ਸਰ ਅਤੇ ਰੁੱਝੇ ਹੋਏ ਵਿਅਕਤੀ ਲਈ ਲੋਕਧਾਰਾ ਦੀ ਸਾਂਭ-ਸੰਭਾਲ, ਇਕੱਤਰੀਕਰਨ ਅਤੇ ਮੁਲਾਂਕਣ ਕਰਨ ਦਾ ਸਮਾਂ ਕੱਢਣਾ ਕਿੰਨਾ ਮੁਸ਼ਕਲ ਹੋਵੇਗਾ। ਇਸ ਬਾਰੇ ਉਹ ਆਪ ਵੀ ਮੰਨਦਾ ਹੈ ਅਤੇ ਇਸ ਕੰਮ ਲਈ ਉਹ ਉਨ੍ਹਾਂ ਬੰਦਿਆਂ ਦੀ ਸਹਾਇਤਾ ਲੈਂਦਾ ਹੈ ਜਿਨ੍ਹਾਂ ਨੂੰ ਜਾਂ ਤਾਂ ਇਸ ਬਾਰੇ ਥੋੜ੍ਹਾ ਬਹੁਤ ਗਿਆਨ ਹੈ ਜਾਂ ਫਿਰ ਉਹ ਉਨ੍ਹਾਂ ਨੂੰ ਇਸ ਕੰਮ ਲਈ ਤਿਆਰ ਕਰਦਾ ਹੈ ਪਰ ਕੰਮ ਉਤਨੀ ਦੇਰ ਤੱਕ ਪੁਸਤਕ ਦੀ ਸੂਰਤ ਵਿੱਚ ਬਾਹਰ ਨਹੀਂ ਨਿਕਲਦਾ ਜਿਤਨੀ ਦੇਰ ਤੱਕ ਉਹ ਆਪ ਇਸ ਕੰਮ ਦੀ ਤਸੱਲੀ ਨਹੀਂ ਕਰ ਲੈਂਦਾ। ਉਸ ਦੇ ਕੀਤੇ ਕੰਮ ਦਾ ਅਧਿਐਨ ਕਰ ਕੇ ਅਸੀਂ ਵੇਖਦੇ ਹਾਂ ਕਿ ਉਸ ਨੇ ਹਰ ਖੇਤਰ ਵਿੱਚ ਆਪਣੀ ਕਲਮ ਅਜ਼ਮਾਈ। ਅਸੀਂ ਉਸ ਦੇ ਕੰਮ ਨੂੰ ਹੇਠ ਲਿਖੇ ਤਰੀਕੇ ਨਾਲ ਵੰਡ ਕੇ ਵੇਖ ਸਕਦੇ ਹਾਂ-

1. ਮੂਲ ਲਿਖਤਾਂ

2. ਸੰਪਾਦਨਾ

3. ਭੂਮਿਕਾਵਾਂ

4. ਮੁੱਲਾਂਕਣ

5. ਵਿਸ਼ੇਸ਼ ਕਥਨ (remarks)

6. ਸਮਾਗਮਾਂ ਦੇ ਪ੍ਰਧਾਨਗੀ ਭਾਸ਼ਣ

- **ਮੂਲ ਲਿਖਤਾਂ ਵਿੱਚ**

1. ਏ ਡੈਸਰਟੇਸ਼ਨ ਆਨ ਦਾ ਪਰਾਪਰ ਨੇਮਜ਼ ਆਫ਼ ਦਾ ਪੰਜਾਬੀਜ਼ ਵਿਦ ਸਪੈਸ਼ਲ ਰੈਫਰੈਂਸ ਟੂ ਦਾ ਪਰਾਪਰ ਨੇਮਜ਼ ਆਫ਼ ਲੇਜਰਜ਼ ਇਨ ਦਾ ਈਸਟਰਨ ਪੰਜਾਬ (1883)

2. ਲੀਜੰਡਜ਼ ਆਫ਼ ਪੰਜਾਬ

ਜਿਲਦ ਪਹਿਲੀ, ਮਈ 1884 ਅੰਬਾਲਾ

ਜਿਲਦ ਦੂਸਰੀ, ਮਈ 1885 ਅੰਬਾਲਾ

ਜਿਲਦ ਤੀਸਰੀ, ਮਈ 1900 ਪੋਰਟ ਬਲੇਅਰ

2. **ਸੰਪਾਦਨਾ**–ਇਹ ਰਚਨਾਵਾਂ ਪੰਜਾਬੀ ਲੋਕਧਾਰਾ ਨਾਲ ਤਾਂ ਸੰਬੰਧ ਨਹੀਂ ਰੱਖਦੀਆਂ ਪਰ ਆਰ. ਸੀ. ਟੈਂਪਲ ਦੇ ਕੰਮ ਦੀ ਮਹੱਤਤਾ ਤੱਕ ਅਪੜਨ ਲਈ ਅਸੀਂ ਉਸ ਦਾ ਉਪਲਬਧ ਕੰਮ ਪੇਸ਼ ਕਰਨਾ ਜ਼ਰੂਰੀ ਸਮਝਦੇ ਹਾਂ।

1.ਫਾਰ ਏ ਡਿਕਸ਼ਨਰੀ ਆਫ਼ ਹਿੰਦੋਸਤਾਨੀ ਪ੍ਰੋਵਰਬਜ਼ (1886)

2. ਏ ਜਿਉਗਰਾਫੀਕਲ ਅਕਾਉਂਟ ਆਫ਼ ਕੰਟਰੀਜ਼ ਰਾਉਂਡ ਦਾ ਬੇ ਆਫ ਬੰਗਾਲ (1669–1679), 1905.

3. ਦਾ ਡਾਇਰੀਜ਼ ਆਫ਼ ਸਟਰੈਨਸਮ ਮਾਸਟਰ 1675–1680 ਐਂਡ ਅਦਰ ਕੋਟਮਪਰੇਰੀ ਪੇਪਰਜ਼ ਰੀਲੇਟਿੰਗ ਥੀਰੈਟੋ ਇੰਡੀਆ ਰਿਕਾਰਡ ਸੀਰੀਜ਼ ਜਿਲਦ 1–2. (1911)

4. ਫਾਰ ਦਾ ਟਰੈਵਲ ਆਫ਼ ਪੀਟਰ ਮੁੰਡੇ, 1608–1667, 1907– 1924

5. ਪੇਪਰ ਆਨ ਦਾ ਥੋਮਰ ਬੋਰੇ (1927)

6. ਸਕੈਟਰਡ ਗੁਡਜ਼ ਐਂਡ ਈਸਟ ਇੰਡੀਆ ਕੰਪਨੀ (1935)

ਕੁਝ ਆਰਟੀਕਲ ਉਸ ਵੱਲੋਂ ਦੂਸਰਿਆਂ ਨਾਲ ਮਿਲ ਕੇ ਲਿਖੇ ਜਿਵੇਂ–

1. ਨੋਟਿਸ ਆਨ ਦਾ ਸੈਵਨ ਪੈਗੋਦਾਮ ਬੀਅਗ (ਆਰਟੀਕਲਜ਼) (1924)

( ਆਰ. ਸੀ. ਟੈਂਪਲ, ਆਰ. ਗੋਪਾਲਨ, ਐਸ. ਕ੍ਰਿਸ਼ਨਾ ਸਵਾਮੀ ਆਇਆਂਗਰ)

ਆਰ. ਸੀ. ਟੈਂਪਲ ਵੱਖ–ਵੱਖ ਮੈਗਜ਼ੀਨਾਂ ਦਾ ਸੰਪਾਦਕ ਵੀ ਰਿਹਾ। ਸੰਪਾਦਕ ਦੀ ਭੂਮਿਕਾ ਅਤੇ ਕਠਿਨ ਕਾਰਜ ਬਾਰੇ ਅਸੀਂ ਪਿੱਛੇ ਜ਼ਿਕਰ ਕਰ ਆਏ ਹਾਂ।

1. ਇੰਡੀਅਨ ਐਂਟੀਕੁਅਰੀਜ਼ ਦਾ ਸੰਪਾਦਕ 37 ਸਾਲ

2. ਪੰਜਾਬ ਨੋਟਿਸ ਐਂਡ ਕੁਆਰੀਜ਼ ਦਾ ਸੰਪਾਦਕ

ਟੈਂਪਲ ਦੇ ਕੁਝ ਹੋਰ ਆਰਟੀਕਲਜ਼ ਜਾਂ ਲੇਖ ਇਸ ਤਰ੍ਹਾਂ ਹਨ–

1. ਐਨ ਅਕਾਉਂਟ ਆਫ਼ ਦਾਕੰਟਰੀ ਟਰੈਵਲ ਬਾਇ ਦਾ ਸੈਕਿੰਡ ਕਾਲਮ ਆਫ਼ ਦਾ ਦਲ–ਚੋਟਾਲੀ ਫੀਲਡ ਫੋਰਮ ਇਨ ਦਾ ਸਪਰਿੰਗ (1876–1879)

2. ਫੇਮਸ ਮਾਉਨਟੇਨਸ ਆਫ਼ ਸੈਂਟਰਲ ਇੰਡੀਆ

(ਜਨਰਲ ਇੰਡੀਅਨ ਆਰਟ ਐਂਡ ਇੰਡਸਟਰੀਜ਼) ਜਿਲਦ ਪਹਿਲੀ

3. ਦਾ ਥਰਟੀ ਸੈਵਨ ਨਾਟਸ, ਏ ਫੇਜ਼ ਆਫ ਸਪਿਰਟ ਵਰਸ਼ਿਪ ਪ੍ਰੇਵੇਲਿੰਗ ਇੰਨ ਬਰ੍ਹਮਾ (1906)

4. ਦਾ ਡਵੈਲਪਮੈਂਟ ਆਫ਼ ਕਰੰਸੀ ਇਨ ਦਾ ਫ਼ਾਰ ਈਸਟ ਇੰਡੀਆ ਐਸੋਸੀਏਸ਼ਨ ਲੰਡਨ (1890)

5. ਫੋਕਲੋਰ ਇਨ ਦਾ ਲੀਜੰਡਜ਼ ਆਫ਼ ਪੰਜਾਬ।

ਸਰ ਰਿਚਰਡ ਕਾਰਨੈਕ ਟੈਂਪਲ ਇੰਡੀਅਨ ਐਂਟੀਕੁਅਰੀਜ਼ ਦਾ 37 ਸਾਲ ਤੱਕ ਸੰਪਾਦਕ ਰਿਹਾ।

ਮੈਂ ਆਪਣੇ ਇਸ ਵਿਸ਼ੇਸ਼ ਕਾਰਜ ਲਈ ਇੰਗਲੈਂਡ ਦੀ ਯਾਤਰਾ ਕੀਤੀ, ਜਿਸ ਬਾਰੇ ਭੂਮਿਕਾ ਵਿੱਚ ਜ਼ਿਕਰ ਵੀ ਕੀਤਾ ਹੈ। "ਇੰਡੀਅਨ ਇੰਸਟੀਚਿਊਟ ਲਾਇਬ੍ਰੇਰੀ" (ਔਕਸਫੋਰਡ) ਵਿੱਚੋਂ ਮੈਨੂੰ ਇਸ ਸੰਬੰਧੀ ਬਹੁਤ ਸਾਰੀ ਸਮੱਗਰੀ ਪ੍ਰਾਪਤ ਹੋਈ, ਜਿਸ ਵਿੱਚ ਰਿਚਰਡ ਕਾਰਨੈਕ ਟੈਂਪਲ ਦੇ 37 ਸਾਲਾਂ ਦੀ ਸੰਪਾਦਨਾ ਦੌਰਾਨ ਪ੍ਰਮੁੱਖ ਲੇਖਾਂ ਨੂੰ ਦੁਬਾਰਾ ਇਕੱਲੇ ਇਕੱਲੇ ਕਰ ਕੇ ਵੀ ਛਾਪਿਆ ਗਿਆ ਹੈ। ਉਹ ਕਿਤਾਬੀ ਸ਼ਕਲ ਵਿੱਚ ਤਾਂ ਨਹੀਂ ਸਨ, ਪਰ ਉਨ੍ਹਾਂ ਨੂੰ ਇਕੱਠਿਆਂ ਕਰ ਕੇ ਬੰਨ੍ਹਿਆ ਹੋਇਆ ਸੀ ਅਤੇ ਬਾਹਰ ਰਿਚਰਡ ਕਾਰਨੈਕ ਟੈਂਪਲ ਐਡੀਟਰ ਆਫ਼ ਇੰਡੀਆ ਅਤੇ ਪ੍ਰਕਾਸ਼ਨਾ ਬ੍ਰਿਟਿਸ਼ ਇੰਡੀਆ ਪ੍ਰੈਸ ਮੈਗ਼ਜ਼ੀਨ ਬੰਬਈ ਲਿਖਿਆ ਹੋਇਆ ਹੈ। ਇਸ ਬੰਡਲ ਵਿੱਚ 32 (ਬੱਤੀ) ਲੇਖ ਹਨ ਜਿਨ੍ਹਾਂ ਦੀ ਸੂਚੀ ਲਈ ਬਹੁਤ ਸਾਰਾ ਸਥਾਨ ਚਾਹੀਦਾ ਹੈ ਪਰ ਇਨ੍ਹਾਂ ਖ਼ਾਸ ਤੇ ਦੁਬਾਰਾ ਛਪਵਾਏ ਲੇਖਾਂ ਵਿੱਚ ਪੰਜਾਬ ਨਾਲ ਸੰਬੰਧਿਤ ਇਕ ਲੇਖ ਹੈ, ਜਿਹੜਾ ਕਿ 1926 ਵਿੱਚ ਛਪਿਆ ਅਤੇ 55ਵੀਂ ਜਿਲਦ ਵਿੱਚੋਂ ਲਿਆ ਗਿਆ ਹੈ:

ਏ ਸੀਕਿਊਲ ਟੂ ਹੀਰ ਐਂਡ ਰਾਂਝਾ-ਟੋਲਡ ਬਾਇ ਐਚ. ਏ. ਰੋਜ਼ ਇਨ (1884-85)

ਡਾ. ਕਰਮਜੀਤ ਸਿੰਘ ਨੇ ਆਪਣੇ ਪਰਖ ਵਿੱਚ ਛਪੇ ਲੇਖ "ਆਰ. ਸੀ. ਟੈਂਪਲ ਦਾ ਲੋਕਯਾਨ ਸ਼ਾਸਤਰ" ਵਿੱਚ ਇਕ ਸਵਾਲ ਖੜਾ ਕੀਤਾ ਸੀ ਕਿ "ਆਰ. ਸੀ. ਟੈਂਪਲ (ਰਿਚਰਡ ਕਾਰਨੈਕ ਟੈਂਪਲ) ਦੇ ਆਪਣੇ ਕਹਿਣ ਮੁਤਾਬਿਕ ਉਸ ਨੇ ਪੰਜਾਬ ਦੀਆਂ 118 ਦੰਤ ਕਥਾਵਾਂ ਨੂੰ ਇਕੱਤਰ ਕੀਤਾ ਸੀ ਪਰੰਤੂ ਸਾਡੇ ਤੱਕ ਤਿੰਨ ਜਿਲਦਾਂ ਵਿੱਚ 58 ਦੰਤ ਕਥਾਵਾਂ ਹੀ ਪਹੁੰਚੀਆਂ ਹਨ। ਬਾਕੀ ਦੰਤ ਕਥਾਵਾਂ ਕਿੱਥੇ ਗਈਆਂ ਕੀ ਉਹ ਇੰਗਲੈਂਡ ਵਿੱਚ ਸੁਰੱਖਿਅਤ ਪਈਆਂ ਹਨ? ਸ਼ਾਇਦ ਆਉਣ ਵਾਲੇ ਸਮੇਂ ਵਿੱਚ ਅਸੀਂ ਇਹ ਜਾਣਕਾਰੀ ਪ੍ਰਾਪਤ ਕਰ ਸਕੀਏ।" [3]

ਇੰਗਲੈਂਡ ਦੀ ਯਾਤਰਾ ਦੌਰਾਨ ਇਹ ਪ੍ਰਸ਼ਨ ਵੀ ਮੇਰੇ ਦਿਮਾਗ਼ ਵਿੱਚ ਸੀ ਅਤ ਲਾਇਬ੍ਰੇਰੀ ਵਿੱਚ ਆਪਣੇ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਲੱਭਦਿਆਂ ਮੈਨੂੰ ਲੀਜੰਡਜ਼ ਆਫ਼ ਪੰਜਾਬ ਦੀ ਤੀਸਰੀ ਜਿਲਦ ਵਿੱਚੋਂ ਮੈਨੂੰ ਦੋ ਸਲਿੱਪਾਂ ਮਿਲੀਆਂ। ਇਕ ਵਿੱਚ ਲਿਖਿਆ ਸੀ, ਹੇਠ ਲਿਖੀਆਂ ਦੰਤ ਕਥਾਵਾਂ ਪ੍ਰਕਾਸ਼ਨ ਅਧੀਨ ਹਨ-

1. ਦਾ ਲੀਜੰਡ ਆਫ਼ ਹਰੀ ਚੰਦ
2. ਦਾ ਲੀਜੰਡ ਆਫ ਸਮਸ਼ਤਬਰੇਜ਼
3. ਦਾ ਲੀਜੰਡ ਆਫ਼ ਸ਼ਾਹਕੁਮੇਸ
4. ਸਰਵਰ ਐਂਡ ਨੀਰ
5. ਦਾ ਲੀਜੰਡ ਆਫ਼ ਰਾਜਾ ਧਰੂ
6. ਜਲੰਧਰ ਦੇ ਸੰਤ

ਦੂਸਰੀ ਸੂਚੀ ਦੇ ਦੋ ਭਾਗ ਸਨ। ਪਹਿਲੇ ਹਿੱਸੇ ਵਿੱਚ 13 ਦੰਤ ਕਥਾਵਾਂ ਦਾ ਜ਼ਿਕਰ ਸੀ ਕਿ ਇਨ੍ਹਾਂ ਨੂੰ ਪ੍ਰਕਾਸ਼ਿਤ ਕਰਨ ਲਈ ਰਫ਼ ਨੋਟ ਤਿਆਰ ਕੀਤਾ ਹੋਇਆ ਹੈ। ਉਹ ਸੂਚੀ ਇਸ ਪ੍ਰਕਾਰ ਹੈ:

1. ਦਾ ਲੀਜੰਡ ਆਫ਼ ਰਾਜਾ ਹਰਨਾਕਸ਼
2. ਏ ਮਿਰਾਕਲ ਆਫ਼ ਬਾਬਾ ਫ਼ਰੀਦ
3. ਸਟੋਰੀ ਆਫ਼ ਸ਼ਾਹ ਬਹਾਵਲ ਸ਼ੇਰ
4. ਸਟੋਰੀ ਆਫ਼ ਦੁੱਲਾ ਭੱਟੀ
5. ਔਰੰਗਜ਼ੇਬ ਐਂਡ ਗੁਰੂ ਗੋਬਿੰਦ ਸਿੰਘ
6. ਰਣਜੀਤ ਸਿੰਘ ਐਂਡ ਮੁਜ਼ਫਰਖ਼ਾਨ ਆਫ਼ ਮੁਲਤਾਨ
7. ਰਾਜਾ ਰਤਨ ਸੈਨ ਆਫ਼ ਚਿਤੋੜ
8. ਦਾ ਸੌਂਗ ਆਫ ਭੂਰਾ ਐਂਡ ਬਾਦਲ ਆਫ਼ ਚਿਤੌੜ
9. ਦਾ ਮੈਰੇਜ ਆਫ ਸ਼ਿਵ
10. ਦਾ ਸਟੋਰੀ ਆਫ਼ ਬੰਦਾ ਬੈਰਾਗੀ
11. ਦਾ ਲੀਜੰਡ ਆਫ਼ ਆਦਿਮ ਫ਼ਕੀਰ
12. ਦਾ ਸਟੋਰੀ ਆਫ਼ ਰਾਏ ਮੋਰਨੀ
13. ਏ ਸੌਂਗ ਆਫ਼ ਗੁੱਗਾ

ਦੂਸਰੇ ਹਿੱਸੇ ਵਿੱਚ ਉਹ ਕਥਾਵਾਂ ਹਨ, ਜਿਹੜੀਆਂ ਕਿ ਅਜੇ ਤੱਕ ਅਨੁਵਾਦ ਨਹੀਂ ਕੀਤੀਆਂ ਗਈਆਂ। ਇਨ੍ਹਾਂ ਦੀ ਗਿਣਤੀ 46 ਹੈ ਜੋ ਇਸ ਪ੍ਰਕਾਰ ਹਨ:

1. ਦਾ ਸਟੋਰੀ ਆਫ਼ ਜਰਾਸੰਦ
2. ਬਰਿਜ ਰਾਜ ਆਫ਼ ਜੰਮੂ ਐਂਡ ਘਮੰਡਾ ਆਫ਼ ਗੁਲੇਰ
3. ਦਾ ਸਟੋਰੀ ਆਫ਼ ਮਨਦੇਵ ਆਫ਼ ਜੰਮੂ
4. ਬੈਲਡ ਆਫ਼ ਹਰੀ ਸਿੰਘ ਨਲੂਆ
5. ਦਾ ਸਾਂਗ ਆਫ਼ ਖਵਾਸ਼ ਖ਼ਾਨ
6. ਦਾ ਲੀਜੰਡ ਆਫ਼ ਢੋਲਾ ਐਂਡਾ ਸੰਮੀ
7. ਏ. ਵਰਸ਼ਨ ਆਫ਼ ਰਾਜਾ ਜਗਦੇਓ
8. ਏ ਲੀਜੰਡ ਆਫ਼ ਰਾਜਾ ਰਸਾਲੂ
9. ਏ ਸਟੋਰੀ ਆਫ਼ ਜੈਮਲ ਐਂਡ ਫੱਤਾ
10. ਏ ਸੌਂਗ ਅਬਾਉਟ ਰਾਜਾ ਜਸਵੰਤ ਆਫ਼ ਜੋਧਪੁਰ
11. ਏ ਸੌਂਗ ਆਫ਼ ਮੀਰਾਂ ਸੱਯਦ ਹੁਸੈਨ ਵਾਲੀ
12. ਦਾ ਸਟੋਰੀ ਆਫ਼ ਹਰੀ ਚੰਦ
13. ਏ ਸਟੋਰੀ ਆਫ਼ ਦਾਊਦ ਬਾਦਸ਼ਾਹ
14. ਸ਼ਿਵੈਂ ਐਂਡ ਦਾ ਵੀਵਰਜ਼
15. ਦਾ ਸਟੋਰੀ ਆਫ਼ ਰਾਜਾ ਜੋਬੀਨਾਸ
16. ਦਾ ਲੀਜੰਡ ਆਫ਼ ਮਿਰਜ਼ਾ ਐਂਡ ਸਾਹਿਬਾਂ
17. ਏ ਸਟੋਰੀ ਅਬਾਊਟ ਔਰੰਗਜ਼ੇਬ

18. ਏ ਲੀਜੰਡ ਆਫ਼ ਰਾਜਾ ਅਮਰ ਸਿੰਘ
19. ਅਕਬਰ ਐਂਡ ਜਮੀਲ ਬੇਗ
20. ਦਾ ਲੀਜੰਡ ਆਫ਼ ਰਾਜਾ ਕਰੰਗ
21. ਦਾ ਸੌਂਗ ਆਫ਼ ਤਾਰਾ ਆਜ਼ਿਮ
22. ਦਾਊਦ ਖਾਨ ਆਫ਼ ਢਨੱਕ
23. ਰਾਜਾ ਮਾਨ ਸਿੰਘ ਆਫ਼ ਅੰਬੇਰ
24. ਦਾ ਵਾਰਜ਼ ਆਫ਼ ਰਿਜੌਰੀ
25. ਦਾ ਸਟੋਰੀ ਆਫ਼ ਰਣਜੀਤ ਦੇਵ ਆਫ਼ ਜੰਮੂ
26. ਦਾ ਸੌਂਗ ਆਫ਼ ਸੁਚੇਤ ਸਿੰਘ ਆਫ਼ ਜੰਮੂ
27. ਦਾ ਸੌਂਗ ਆਫ਼ ਅਮਰ ਸਿੰਘ
28. ਦਾ ਲੀਜੰਡ ਆਫ਼ ਰਾਜਾ ਆਫ਼ ਜੈਸਲਮੇਰ
29. ਦਾ ਸਟੋਰੀ ਆਫ਼ ਰਾਜਾ ਭੀਮ
30. ਸਿਕੰਦਰ ਜੁਲਕਰਨ ਐਂਡ ਸ਼ੇਰ ਜੰਗ ਬਾਦਸ਼ਾਹ
31. ਦਾ ਸਟੋਰੀ ਆਫ਼ ਦਇਆ ਰਾਮ ਗੁੱਜਰ
32. ਏ ਵਰਸ਼ਨ ਆਫ਼ ਰਾਜਾ ਜਗਦੇਓ
33. ਏ ਸੌਂਗ ਆਫ਼ ਜੈਮਲ ਐਂਡ ਫੱਤਾ
34. ਦਾ ਸਟੋਰੀ ਆਫ਼ ਭਾਓ
35. ਦਾ ਸਟੋਰੀ ਆਫ਼ ਕਲੀਗਰ
36. ਦਾ ਵਾਰ ਆਫ਼ ਜੈਮਲ ਐਂਡ ਫੱਤਾ
37. ਦਾ ਸਟੋਰੀ ਆਫ਼ ਚੰਦਰ ਭਾਨ
38. ਰਾਣੀ ਨੌਟੰਕੀ ਐਂਡ ਪੰਜਾਬੀ ਲੈਂਡ
39. ਅਨਦਰ ਵਰਸ਼ਨ ਆਫ਼ ਜਗਦੇਓ
40. ਦਾ ਸਟੋਰੀ ਆਫ਼ ਰਾਣਾ ਮਾਲਦੇਵ ਗੌਰ ਮਰਤਾ
41. ਦਾ ਹਿਸਟਰੀ ਆਫ਼ ਕਸੂਰ
42. ਦਾ ਸਟੋਰੀ ਆਫ਼ ਬਿਕਰਮਾਜੀਤ
43. ਦਾ ਸਟੋਰੀ ਆਫ਼ ਮੈਗਰਾਬ ਖ਼ਾਨ
44. ਏ ਲੀਜੰਡ ਆਫ਼ ਰਾਜਾ ਨਲ
45. ਦਾ ਸਟੋਰੀ ਆਫ਼ ਰਾਜਾ ਚਾਂਦ
46. ਦਾ ਸਟੋਰੀ ਆਫ਼ ਰਾਜਾ ਭਰਥਰੀ

ਇਸ ਗੱਲ ਦੀ ਵੀ ਖੋਜ ਕੀਤੀ ਗਈ ਹੈ ਕਿ ਕਿਸੇ ਤਰੀਕੇ ਨਾਲ ਇਨ੍ਹਾਂ ਕਥਾਵਾਂ ਦਾ ਮੂਲ ਪਾਠ ਉਪਲਬਧ ਹੋ ਜਾਵੇ। ਇਸ ਬਾਰੇ ਲਾਇਬ੍ਰੇਰੀਅਨ ਦੀ ਸਹਾਇਤਾ ਨਾਲ ਡਿਬਰੈਟਸ ਵਿੱਚੋਂ ਰਿਚਰਡ ਕਾਰਨੈਕ ਟੈਂਪਲ ਦੇ ਕਿਸੇ ਜਿਊਂਦੇ ਵਾਰਿਸ ਬਾਰੇ ਪਤਾ ਲਗਾਇਆ ਗਿਆ। ਇਕ ਪਤਾ ਮਿਲਣ ਤੇ ਉਸ ਨੂੰ ਖ਼ਤ ਲਿਖਿਆ ਪਰ ਉਸ ਨੇ ਆਪਣੀ ਅਸਮਰੱਥਾ ਪ੍ਰਗਟਾਈ ਅਤੇ ਕਿਹਾ ਕਿ ਉਹ ਇਸ ਬਾਰੇ ਕੁਝ ਨਹੀਂ ਜਾਣਦਾ। ਉਸ ਦੇ ਪੱਤਰ ਦੀ ਕਾਪੀ ਅੰਤਿਕਾ ਵਿੱਚ ਵੇਖੀ ਜਾ ਸਕਦੀ ਹੈ।

ਇਨ੍ਹਾਂ ਸਾਰੀਆਂ ਲਿਖਤਾਂ ਵਿੱਚੋਂ ਜਿਨ੍ਹਾਂ 'ਤੇ ਅਸੀਂ ਵਿਚਾਰ ਕਰਨਾ ਹੈ, ਉਨ੍ਹਾਂ ਵਿੱਚ ਪਹਿਲੀ ਲਿਖਤ ਆਰ. ਸੀ. ਟੈਂਪਲ ਦਾ ਡੈਸਰਟੇਸ਼ਨ ਹੈ। ਇਹ ਪੁਸਤਕ 1883 ਵਿੱਚ ਪ੍ਰਕਾਸ਼ਿਤ ਹੋਈ, ਜਿਸ ਵਿੱਚ ਪੰਜਾਬ ਅੰਦਰ ਵਸਦੇ ਲੋਕਾਂ, ਜਾਤੀਆਂ, ਕਬੀਲਿਆਂ, ਧਰਮਾਂ ਦੇ ਲੋਕਾਂ ਦੇ ਨਾਵਾਂ ਦਾ ਅਧਿਐਨ ਕਰ ਕੇ ਉਨ੍ਹਾਂ ਦਾ ਪਿਛੋਕੜ ਸਮਝਣ ਦਾ ਯਤਨ ਕੀਤਾ ਗਿਆ ਹੈ। ਉਹ ਇਸ ਬਾਰੇ ਆਖਦਾ ਹੈ ਕਿ 1881 ਦੀ ਜਨਗਣਨਾ ਦੀਆਂ ਰਿਪੋਰਟਾਂ ਇਕੱਤਰ ਕਰਦਿਆਂ ਉਸ ਨੇ ਕੁਝ ਖ਼ਾਸ ਨਾਵਾਂ ਨੂੰ ਵੇਖਿਆ, ਜਿਨ੍ਹਾਂ ਬਾਰੇ ਇਤਿਹਾਸਕ ਪੜਚੋਲ ਕੀਤਿਆਂ ਉਨ੍ਹਾਂ ਦਾ ਸੰਪੂਰਨ ਵੇਰਵਾ ਵੇਖਿਆ ਜਾ ਸਕਦਾ ਹੈ। ਕਿਉਂਕਿ ਉਹ ਉਸ ਸਮੇਂ ਅੰਬਾਲੇ ਵਿੱਚ ਤਾਇਨਾਤ ਸੀ ਅਤੇ ਉਸ ਦੇ ਆਸ-ਪਾਸ ਦੇ ਲੋਕਾਂ ਪਾਸੋਂ ਜਾਣਕਾਰੀ ਇਕੱਤਰ ਕਰਨਾ ਅਸਾਨ ਸੀ। ਉਨਾਂ ਨੇ 72 ਜਿਲਦਾਂ ਪਰਸ਼ੀਅਨ ਲਿੱਪੀ ਵਿੱਚ ਇਕੱਤਰ ਕੀਤੀਆਂ। ਕੁੱਲ ਮਿਲਾ ਕੇ ਉਸ ਨੇ 173 ਜਿਲਦਾਂ ਦਾ ਅਧਿਐਨ ਕੀਤਾ। ਆਪਣੇ ਅਧਿਐਨ ਵਿੱਚ ਪੇਂਡੂ ਤੇ ਸ਼ਹਿਰੀ ਜਾਤਾਂ ਦੇ ਨਾਵਾਂ ਨਾਲ ਕੀਤੇ ਆਪਣੇ ਪਹਿਲੇ ਅਧਿਐਨ ਵਿੱਚ ਉਹ ਲਿਖਦਾ ਹੈ ਕਿ 'ਯੋਰਪ ਵਿੱਚ ਇਹ ਗੱਲ ਵੇਖੀ ਗਈ ਹੈ ਕਿ ਆਦਮੀਆਂ ਤੇ ਔਰਤਾਂ ਦੇ ਖ਼ਾਸ ਨਾਵਾਂ ਨਾਲ ਰਾਸ਼ਟਰੀ ਜ਼ਿੰਦਗੀ, ਜਾਤੀ ਇਤਿਹਾਸ ਅਤੇ ਉਨ੍ਹਾਂ ਦੀ ਸਭਿਅਤਾ ਦਾ ਜਿੱਥੋਂ ਉਹ ਆਏ ਹਨ, ਵਧੀਆ ਅਧਿਐਨ ਕੀਤਾ ਜਾ ਸਕਦਾ ਹੈ।"[4]

ਉਹ ਇਹ ਵੀ ਮੰਨਦਾ ਹੈ ਕਿ ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਜਿੱਥੇ ਕਈ ਕੌਮਾਂ, ਜਾਤਾਂ, ਨਸਲਾਂ ਰਹਿੰਦੀਆਂ ਹਨ ਅਤੇ ਜਿਹੜੀਆਂ ਅਨੇਕਾਂ ਇਤਿਹਾਸਕ ਪੜਾਵਾਂ ਵਿੱਚੋਂ ਗੁਜਰੀਆਂ ਹੋਣ ਅਤੇ ਜਿੱਥੇ ਕਈ ਸਭਿਅਤਾਵਾਂ ਨੇ ਵਿਕਾਸ ਕੀਤਾ ਹੋਵੇ, ਉਥੇ ਨਾਵਾਂ ਤੇ ਉਨ੍ਹਾਂ ਦੇ ਅਰਥਾਂ ਵਿੱਚ ਸਮਾਨਤਾ ਤੇ ਵਖਰੇਵਾਂ ਵੇਖਿਆ ਜਾ ਸਕਦਾ ਹੈ। ਭਾਰਤ ਦੀ ਭੂਗੋਲਿਕ ਬਣਤਰ ਵੀ ਅਜਿਹੀ ਹੈ। ਅਣਵੰਡੇ ਪੰਜਾਬ ਵਿੱਚ ਮੈਦਾਨੀ, ਨੀਮ, ਪਹਾੜੀ ਤੇ ਪਹਾੜੀ ਇਲਾਕਾ ਸ਼ਾਮਿਲ ਸੀ। ਆਰੀਆਂ ਨੇ ਲੰਮੇ ਸਮੇਂ ਤੱਕ ਇਥੇ ਨਿਵਾਸ ਕੀਤਾ ਤੇ ਆਪਣਾ ਪ੍ਰਭਾਵ ਛੱਡਿਆ। ਪੰਜਾਬ ਦੇ ਪੱਛਮ ਵਿੱਚ ਤਾਂ ਵੈਸੇ ਵੀ ਕਿਸੇ ਸਮੇਂ ਮੁਸਲਮਾਨਾਂ ਦਾ ਜ਼ੋਰ ਰਿਹਾ ਹੈ। ਅਜਿਹੇ ਸਥਾਨਾਂ ਤੇ ਵੱਖ-ਵੱਖ ਥਾਵਾਂ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਵਿੱਚ ਭਾਸ਼ਾ, ਸਭਿਆਚਾਰ ਤੇ ਹੋਰ ਵਖਰੇਵਾਂ ਮਿਲ ਹੀ ਜਾਂਦਾ ਹੈ। ਟੈਂਪਲ ਨੇ ਆਪਣੀ ਖੋਜ ਲਈ 75,000 ਨਾਵਾਂ ਦਾ ਅਧਿਐਨ ਕੀਤਾ ਅਤੇ ਉਸ ਨੇ ਆਪਣਾ ਜ਼ਿਆਦਾ ਧਿਆਨ ਪਿੰਡਾਂ 'ਤੇ ਹੀ ਕੇਂਦਰਿਤ ਕੀਤਾ। ਮੇਰਠ ਵਰਗੇ ਇਲਾਕੇ ਵਿੱਚ ਜਿੱਥੇ ਜਨਸੰਖਿਆ ਸੰਘਣੀ ਹੈ, ਨਾਵਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਵੇਖੀਆਂ ਜਾ ਸਕਦੀਆਂ ਹਨ। ਉਹ ਆਪ ਵੀ ਆਪਣੇ ਕੰਮ ਨੂੰ ਨਵਾਂ ਤੇ ਨਿਵੇਕਲਾ ਮੰਨਦਾ ਹੈ।

ਜਿਹੜੀਆਂ ਲਿਖਤਾਂ ਸਾਡੇ ਅਧਿਐਨ ਖੇਤਰ ਵਿੱਚ ਜ਼ਿਆਦਾ ਧਿਆਨ ਦੀ ਮੰਗ ਕਰਦੀਆਂ ਹਨ, ਉਹ ਹਨ "ਲੀਜੰਡਜ਼ ਆਫ਼ ਪੰਜਾਬ" ਜਿਨ੍ਹਾਂ ਦਾ ਪੰਜਾਬੀ ਅਨੁਵਾਦ "ਪੰਜਾਬ ਦੀਆਂ ਲੋਕ-ਗਾਥਾਵਾਂ" ਭਾਸ਼ਾ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਨ੍ਹਾਂ ਦੀ ਪ੍ਰਕਾਸ਼ਨਾਂ ਦੇ ਵਰ੍ਹੇ 1884, 1885 ਅਤੇ 1900 ਹਨ। ਅਨੁਵਾਦ ਤੇ ਅਨੁਵਾਦਕ ਦੀਆਂ ਆਪਣੀਆਂ ਕੁਝ ਮਜ਼ਬੂਰੀਆਂ ਹੁੰਦੀਆਂ ਹਨ, ਜਿਸ ਕਰ ਕੇ ਜ਼ਰੂਰ ਹੀ ਕੁਝ ਊਣਤਾਈਆਂ ਰਹਿ ਜਾਂਦੀਆਂ ਹਨ। ਇਹ ਗੱਲ ਮੰਨਣੀ ਪਵੇਗੀ ਕਿ ਉਸ ਦੀ ਮੂਲ ਪੁਸਤਕ ਤੇ ਉਸ ਦੇ ਅਨੁਵਾਦ ਵਿੱਚ ਭੂਮਿਕਾ ਨਾ ਦੇਣਾ ਹੀ ਊਣਤਾਈ ਨਹੀਂ ਸਗੋਂ ਹੋਰ ਵੀ ਅਨੇਕਾਂ ਭੁੱਲਾਂ ਹਨ ਜਿਵੇਂ ਇਤਿਹਾਸਕ ਵਖਰੇਵਿਆਂ ਨੂੰ ਖਾਰਜ ਕਰਨਾ, ਮੁਸ਼ਕਿਲ ਸ਼ਬਦਾਂ ਦੇ ਅਰਥ ਨਾ ਦੇਣਾ, ਪੁਰਾਤਨ ਭਾਸ਼ਾ ਬਾਰੇ ਜ਼ਿਕਰ ਨਾ ਕਰਨਾ ਆਦਿ। ਪਰ ਇਨ੍ਹਾਂ ਦੀ ਸਹਾਇਤਾ ਨਾਲ ਹੀ ਕਿਸੇ ਨਿਰਣੇ ਜਾਂ ਨਤੀਜੇ 'ਤੇ ਪਹੁੰਚਿਆ

ਜਾ ਸਕਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਆਪਣੀ ਗੱਲ ਅੱਗੇ ਤੋਰੀਏ, ਪਿੱਛੇ ਅਸੀਂ ਉਨ੍ਹਾਂ ਅਣਵੇਖੀਆਂ ਲੋਕ-ਗਾਥਾਵਾਂ ਜਾਂ ਦੰਤ-ਕਥਾਵਾਂ ਦੀ ਸੂਚੀ ਪੇਸ਼ ਕੀਤੀ ਹੈ। ਹੁਣ ਅਸੀਂ ਉਨ੍ਹਾਂ ਦੀ ਸੂਚੀ ਦਿੰਦੇ ਹਾਂ, ਜਿਹੜੀਆਂ ਸਾਡੀ ਬਹਿਸ ਦਾ ਮੁੱਦਾ ਬਣਨ ਜਾ ਰਹੀਆਂ ਹਨ। ਪੰਜਾਬ ਦੀਆਂ 'ਲੋਕ-ਗਾਥਾਵਾਂ' ਦੀ ਪਹਿਲੀ ਜਿਲਦ ਵਿੱਚ 17 ਲੋਕ-ਗਾਥਾਵਾਂ ਹਨ।

1. ਰਾਜਾ ਰਸਾਲੂ ਦੇ ਕਾਰਨਾਮੇ
2. ਸਖੀ ਸਰਵਰ ਤੇ ਦਾਨੀ ਜੱਟੀ
3. ਧੰਨਾ ਭਗਤ
4. ਸਰਵਰ ਦੀ ਕਥਾ ਨਾਲ ਸੰਬੰਧਿਤ ਤਿੰਨ ਭਾਗ
5. ਗਾਜ਼ੀ ਸਲਾਰ ਦਾ ਵਿਆਹ
6. ਗੁਰੂ ਗੁੱਗੇ ਦੀ ਲੋਕ-ਗਾਥਾ
7. ਈਸੇ ਬਾਣੀਏ ਦਾ ਕਿੱਸਾ
8. ਈਸੇ ਵਪਾਰੀ ਦਾ ਕਿੱਸਾ
9. ਰਾਜ ਕੁਮਾਰੀ ਅਧਿਕ ਅਨੂਪ ਦਈ
10. ਸ਼ੀਲਾ ਦੇਈ ਦੀ ਲੋਕ-ਗਾਥਾ
11. ਸਿਰਮੌਰ ਦੇ ਰਾਜਾ ਮਹੀ ਪ੍ਰਕਾਸ਼ ਦੀ ਕਹਾਣੀ
12. ਸੋਹਣੀ ਦੇ ਹਾਕਮ ਸਿਆਮਾ ਦੀ ਕਹਾਣੀ
13. ਨੇਗੀ ਬਹਾਦੁਰ ਦਾ ਗੀਤ
14. ਚੌੜਾ ਦੇ ਹਾਕਮ ਬਹਾਦੁਰ ਮਦਨੇ ਦੀ ਕਹਾਣੀ
15. ਸ਼ਹੀਦੋਂ ਦੀ ਲੋਕ-ਗਾਥਾ
16. ਰਾਜ ਕੁਮਾਰੀ ਨਿਉਲਦੇਈ
17. ਲਾਲ ਬੇਗ ਦੇ ਕੁਰਸੀਨਾਮੇ

ਪੰਜਾਬ ਦੀਆਂ ਲੋਕ-ਗਾਥਾਵਾਂ ਦੀ ਦੂਸਰੀ ਜਿਲਦ ਵਿੱਚ ਹੇਠ ਲਿਖੀਆਂ ਲੋਕ-ਗਾਥਾਵਾਂ ਹਨ-

1. ਰਾਜਾ ਗੋਪੀ ਚੰਦ ਦੀ ਗਾਥਾ
2. ਰਾਜਾ ਚੰਦਰ ਭਾਨ ਤੇ ਰਾਣੀ ਚੰਦ ਕਰਨ
3. ਨਾਮ ਦੇਵ ਬਾਰੇ ਗੀਤ
4. ਸਖੀ ਸਰਵਰ ਅਤੇ ਜਤੀ
5. ਸਖੀ ਸਰਵਰ ਦੀ ਸ਼ਾਦੀ
6. ਚੂਹੜ ਸਿੰਘ ਦੀ ਵਾਰ ਗਾਥਾ
7. ਕਾਂਗੜੇ ਦਾ ਸੰਸਾਰ ਚੰਦ ਅਤੇ ਸਿਰਮੌਰ ਦਾ ਫਤਹਿ ਪ੍ਰਕਾਸ਼
8. ਨੂਰਪੁਰ ਦਾ ਰਾਜਾ ਜਗਤ ਸਿੰਘ
9. ਅਬਦੁਲ ਕਾਦਿਰ ਜਿਲਾਨੀ ਸੰਬੰਧੀ ਕਵਿਤਾ
10. ਸੁਨਿਆਰ ਦੀ ਧੀ ਜਲਾਲੀ ਦੀ ਗਾਥਾ
11. ਸਮੀਨ ਦੇ ਅਬਦੁਲਾਹ ਸ਼ਾਹ ਦੀ ਗਾਥਾ
12. ਰਾਜਾ ਜਗਦੇਓ ਦੀ ਕਹਾਣੀ

13. ਰਾਜਾ ਨਲ
14. ਰਾਜਾ ਢੋਲ ਦੀ ਗਾਥਾ
15. ਚਿਤੌੜ ਦੇ ਰਾਜਾ ਰਤਨ ਸੈਨ ਦੀ ਗਾਥਾ
16. ਸਰਵਰ ਅਤੇ ਫਰੀਦਨ ਦਾ ਗੀਤ
17. ਪੂਰਨ ਭਗਤ
18-19. ਫ਼ਾਰਸੀ ਵਿੱਚ ਹੋਣ ਕਾਰਨ ਪੰਜਾਬੀ ਵਿੱਚ ਅਨੁਵਾਦ ਨਹੀਂ ਕੀਤਾ ਗਿਆ
20. ਝੰਗ ਦਾ ਕੰਗਣ ਬਣਾਉਣ ਵਾਲਾ
21. ਹੀਰ ਰਾਂਝੇ ਦਾ ਵਿਆਹ

**ਜਿਲਦ ਤੀਸਰੀ ਪੰਜਾਬ ਦੀਆਂ ਲੋਕ-ਗਾਥਾਵਾਂ**

1. ਮਿਰਜ਼ਾ ਤੇ ਸਾਹਿਬਾਂ
2. ਸੱਸੀ ਪੁੰਨੂੰ ਦਾ ਪਾਠਾਂਤਰ
3. ਪ੍ਰਿਥੀ ਰਾਜ ਅਤੇ ਮਲਕਾ
4. ਹਰੀ ਚੰਦ ਦੀ ਗਾਥਾ
5. ਸ਼ਮਸ਼ ਤਬਰੇਜ਼ ਦੀ ਗਾਥਾ
6. ਸ਼ਾਹ ਕੁਮੇਸ ਦੀ ਗਾਥਾ
7. ਸਰਵਰ ਤੇ ਨੀਰ
8. ਰਾਜਾ ਧਰੂ ਦੀ ਗਾਥਾ
9. ਜਲੰਧਰ ਦੇ ਪੰਦਰਾਂ ਸੰਤਾਂ ਦੀਆਂ ਗਾਥਾਵਾਂ-

ਸ਼ੇਖ਼ ਮਹਿਮੂਦ
ਸ਼ੇਖ਼ ਅਹਿਮਦ ਗੌਸ
ਸ਼ੇਖ਼ ਪੀਰ ਵਲੀ
ਸ਼ੇਖ਼ ਦਰਵੇਸ਼
ਸ਼ੇਖ਼ ਦਰਵੇਸ਼
ਸ਼ੇਖ਼ ਦਰਵੇਸ਼
ਸ਼ੇਖ਼ ਵਲੀਦਾਦ
ਸੱਯਦ ਅਬੂਅਲ ਤਨਰੀ
ਸ਼ਾਹ ਅਬਦੁਲ ਗਫ਼ੂਰ
ਇਮਾਮ ਨਾਸਿਰੁਦੀਨ ਸ਼ੀਰਾਨੀ
ਆਦਿਲ ਸ਼ਾਹ ਸ਼ਿਰਾਨੀ
ਆਜਮ ਸ਼ਾਹ
ਸੂਫ਼ੀ ਅਹਿਮਦ
ਸੱਯਦ ਕਬੀਰ
ਮੁਹੰਮਦ ਸਫਾ

10. ਰਾਜਾ ਰਸਾਲੂ ਦੇ ਦੋ ਗੀਤ
11. ਰਾਣੀ ਕੋਕਿਲਾਂ ਦੀ ਲੋਕ-ਗਾਥਾ

12. ਗੜ੍ਹ ਮੇੜ੍ਹਤਾ ਦੇ ਅਮਰ ਸਿੰਘ ਦੀ ਗਾਥਾ

13. ਜੋਧ ਪੁਰ ਦੇ ਰਾਜਾ ਪ੍ਰਿਥੀ ਚੰਦ ਦਾ ਕਿੱਸਾ

14. ਗੁੱਗੇ ਦਾ ਗੀਤ

15. ਸਖੀ ਸਰਵਰ ਦੀਆਂ ਕਰਾਮਾਤਾਂ

16. ਆਬਾਦੀ ਬਸਤੀ ਸ਼ੇਖ ਦਰਵੇਸ਼

17. ਬਾਰ੍ਹਾਂ ਬਾਵੀਂ ਦੇ ਸੱਯਦ ਆਮਮੂੰ

18. ਸ਼ਿਸਪਾਲ ਅਤੇ ਪਰਦੁਮਨ

19. ਸ਼ਿਸਪਾਲ ਅਤੇ ਕਿਸ਼ਨ ਦੀ ਗਾਥਾ

20. ਬਾਣਾ ਸੁਰ ਦੀ ਲੋਕ ਗਾਥਾ

ਉਪਰੋਕਤ ਸਾਰੀਆਂ ਲੋਕ-ਗਾਥਾਵਾਂ ਨੂੰ ਟੈਂਪਲ ਆਪਣੇ ਤਰੀਕੇ ਨਾਲ ਵਰਗ ਵੰਡ ਕਰ ਕੇ ਵੀ ਪੇਸ਼ ਕਰਦਾ ਹੈ ਅਤੇ ਆਪਣੀ ਪਹਿਲੀ ਜਿਲਦ ਦੀ ਭੂਮਿਕਾ ਵਿੱਚ ਇਸ ਵੰਡ ਨੂੰ ਬੀਰ ਰਸੀ ਸ਼੍ਰੇਣੀ, ਮਹਾਂਭਾਰਤ ਜਾਂ ਪਾਂਡਵ ਸ਼੍ਰੇਣੀ, ਬੀਰ ਰਸੀ ਤੇ ਸੰਤ ਸਾਹਿਤ ਸ਼੍ਰੇਣੀ ਅਤੇ ਸਖੀ ਸਰਵਰ ਸ਼੍ਰੇਣੀ ਵਿੱਚ ਵੰਡਦਾ ਹੈ।[5] ਪਰ ਇਹ ਵੰਡ ਨਾ ਤਾਂ ਵਿਗਿਆਨਕ ਹੈ ਅਤੇ ਨਾ ਹੀ ਉਪਰੋਕਤ ਗਾਥਾਵਾਂ ਨੂੰ ਸਪੱਸ਼ਟ ਕਰਦੀ ਹੈ ਜਿਵੇਂ ਬੀਰ ਰਸੀ ਤੇ ਸੰਤ ਸ਼੍ਰੇਣੀ ਸਾਹਿਤ ਦੇ ਵਿਚਕਾਰਲੀ ਸ਼੍ਰੇਣੀ ਨੂੰ ਕੋਈ ਨਾਮ ਨਹੀਂ ਦਿੱਤਾ ਗਿਆ। ਉਹ ਆਪ ਵੀ ਮੰਨਦਾ ਹੈ ਕਿ ਇਨ੍ਹਾਂ ਨੂੰ ਰਿਕਾਰਡ ਕਰਨ ਲਈ ਕੋਈ ਬਾਕਾਇਦਾ ਸਿਲਸਿਲਾ ਕਾਇਮ ਨਹੀਂ ਰੱਖਿਆ ਗਿਆ।

ਆਪਣੀ ਚਰਚਾ ਨੂੰ ਅੱਗੇ ਤੋਰਨ ਤੋਂ ਪਹਿਲਾਂ ਅਸੀਂ ਉਨ੍ਹਾਂ ਲੋਕ-ਗਾਥਾਵਾਂ ਦੀ ਵੰਡ ਕਰਨ ਦਾ ਯਤਨ ਕਰਦੇ ਹਾਂ, ਜਿਸ ਨਾਲ ਪੰਜਾਬ ਅੰਦਰ ਪਈਆਂ ਜਾਂਦੀਆਂ ਲੋਕ-ਗਾਥਾਵਾਂ ਨੂੰ ਸਮਝਣ ਵਿੱਚ ਆਸਾਨੀ ਹੋ ਸਕਦੀ ਹੈ:

ਪੰਜਾਬ ਦੀਆਂ ਲੋਕ-ਗਾਥਾਵਾਂ ਦੀ ਵਰਗ ਵੰਡ

**ਰਾਜਾ ਰਸਾਲੂ+ਭਗਤ ਪੂਰਨ ਨਾਲ ਸੰਬੰਧਤ ਲੋਕ ਗਾਥਾਵਾਂ**

1. ਰਾਜ ਕੁਮਾਰੀ ਅਧਿਕ ਅਨੂਪ ਦਈ
2. ਸ਼ੀਲਾ ਦੇਈ ਦੀ ਲੋਕ-ਗਾਥਾ
3. ਰਾਜਾ ਰਸਾਲੂ ਦੇ ਕਾਰਨਾਮੇ
4. ਪੂਰਨ ਭਗਤ
5. ਰਾਣੀ ਕੋਕਲਾਂ ਦੀ ਲੋਕ ਗਾਥਾ
6. ਰਾਜਾ ਰਸਾਲੂ ਦੇ ਦੋ ਗੀਤ

**ਸਖੀ ਸਰਵਰ ਨਾਲ ਸੰਬੰਧਤ ਲੋਕ-ਗਾਥਾਵਾਂ**

1. ਸਖੀ ਸਰਵਰ ਤੇ ਦਾਨੀ ਜੱਟੀ
2. ਸਰਵਰ ਦੀ ਕਥਾ ਨਾਲ ਸੰਬੰਧਿਤ ਤਿੰਨ ਭਾਗ
3. ਸਖੀ ਸਰਵਰ ਅਤੇ ਜਾਤੀ
4. ਸਖੀ ਸਰਵਰ ਦਾ ਵਿਆਹ
5. ਸਖੀ ਸਰਵਰ ਦੀਆਂ ਕਰਾਮਾਤਾਂ
6. ਸਰਵਰ ਤੇ ਨੀਰ ਦੀ ਗਾਥਾ

**ਗੁੱਗੇ ਪੀਰ ਨਾਲ ਸੰਬੰਧਤ ਲੋਕ-ਗਾਥਾਵਾਂ**

1. ਸਫੀਦੋਂ ਦੀ ਲੋਕਗਾਥਾ
2. ਰਾਜ ਕੁਮਾਰੀ ਨਿਵਲ ਦਈ
3. ਗੁਰੂ ਗੁੱਗੇ ਦੀ ਲੋਕਗਾਥਾ
4. ਗੁੱਗੇ ਦਾ ਗੀਤ

**ਭਗਤਾਂ ਦੀਆਂ ਲੋਕ-ਗਾਥਾਵਾਂ**

1. ਧੰਨਾ ਭਗਤ
2. ਨਾਮਦੇਵ ਬਾਰੇ ਦੋ ਗੀਤ
3. ਆਬਾਦੀ ਬਸਤੀ ਸ਼ੇਖ ਦਰਵੇਸ਼
4. ਬਾਰਾਂ ਬਾਵੀ ਦੇ ਸੱਯਦ ਆਸਮੂੰ
5. ਸ਼ਾਹ ਕੁਮੇਸ ਦੀ ਗਾਥਾ
6. ਸਮਸ਼ ਤਬਰੇਜ ਦੀ ਗਾਥਾ
7. ਜਲੰਧਰ ਦੇ 15 ਸੰਤਾਂ ਦੀਆਂ ਗਾਥਾਵਾਂ

**ਮਹਾਂਭਾਰਤ ਜਾਂ ਮਹਾਂਕਾਵਿ ਨਾਲ ਜੁੜੀਆਂ ਲੋਕ-ਗਾਥਾਵਾਂ**

1. ਰਾਜਾ ਨਲ
2. ਰਾਜਾ ਗੋਪੀ ਚੰਦ ਦੀ ਗਾਥਾ
3. ਸ਼ਿਸ਼ਪਾਲ ਤੇ ਪ੍ਰਦੁਮਨ
4. ਸ਼ਿਸ਼ਪਾਲ ਤੇ ਕ੍ਰਿਸ਼ਨ ਦੀ ਗਾਥਾ
5. ਰਾਜਾ ਧਰੂ ਦੀ ਗਾਥਾ

**ਪਿਆਰ ਕਿੱਸੇ**

1. ਨੇਗੀ ਬਹਾਦੁਰ ਦਾ ਗੀਤ
2. ਝੰਗ ਦਾ ਕੰਗਣ ਬਣਾਉਣ ਵਾਲਾ
3. ਹੀਰ ਤੇ ਰਾਂਝੇ ਦਾ ਵਿਆਹ
4. ਸੱਸੂ ਪੁੰਨੂੰ ਦਾ ਪਾਠਾਂਤਰ

**ਵਾਧੂ**

1. ਈਸੇ ਬਾਣੀਏ ਦਾ ਕਿੱਸਾ
2. ਈਸੇ ਵਪਾਰੀ ਦਾ ਕਿੱਸਾ
3. ਚੂਹੜ ਸਿੰਘ ਦੀ ਵਾਰ ਗਾਥਾ
4. ਸਰਵਰ ਤੇ ਫਰਦੀਨ ਦਾ ਗੀਤ
5. ਅਬਦੁਲ ਕਾਦਿਰ ਜੀਲਾਨੀ ਸੰਬੰਧੀ ਕਵਿਤਾ

**ਰਾਜੇ ਮਹਾਰਾਜਿਆਂ ਅਤੇ ਸਮਕਾਲੀਆਂ ਦੀਆਂ ਲੋਕ-ਗਾਥਾਵਾਂ**

1. ਬਹਾਦੁਰ ਮਦਨੇ ਦੀ ਗਾਥਾ
2. ਸੋਹਣੀ ਦੇ ਹਾਕਮ ਸਿਆਮਾ ਦੀ ਕਹਾਣੀ
3. ਗਾਜ਼ੀ ਸਲਾਰ ਦਾ ਵਿਆਹ
4. ਸਮੌਰ ਦੇ ਰਾਜਾ ਮਹੀ ਪ੍ਰਕਾਸ਼ ਦੀ ਕਹਾਣੀ

5. ਚਿਤੌੜ ਦੇ ਰਾਜਾ ਰਤਨ ਸੈਨ ਦੀ ਗਾਥਾ
6. ਕਾਂਗੜੇ ਦਾ ਸੰਸਾਰ ਚੰਦ ਤੇ ਸਿਰਮੌਰ ਦਾ ਫਤਹਿ ਪ੍ਰਕਾਸ਼
7. ਨੂਰਪੁਰ ਦਾ ਰਾਜਾ ਜਗਤ ਸਿੰਘ
8. ਰਾਜਾ ਜਗਦੇਉ ਦੀ ਕਹਾਣੀ
9. ਰਾਜਾ ਚੰਦਰ ਭਾਨ ਤੇ ਰਾਣੀ ਚੰਦਕਰਨ
10. ਰਾਜਾ ਢੋਲ ਦੀ ਗਾਥਾ
11. ਜੋਧਪੁਰ ਦੇ ਰਾਜਾ ਪ੍ਰਿਥਵੀ ਚੰਦ ਦਾ ਕਿੱਸਾ
12. ਬਾਣਾ ਸੁਰ ਦੀ ਲੋਕ ਗਾਥਾ
13. ਪ੍ਰਿਥਵੀ ਰਾਜ ਅਤੇ ਮਲਕਾ
14. ਰਾਜਾ ਹਰੀ ਚੰਦ ਦੀ ਗਾਥਾ
15. ਗੜ੍ਹ ਮੇੜਤਾ ਦੇ ਅਮਰ ਸਿੰਘ ਦੀ ਗਾਥਾ

ਆਰ. ਸੀ. ਟੈਂਪਲ ਵੱਲੋਂ ਨਾਇਕ ਦੀ ਕੀਤੀ ਵਰਗਵੰਡ ਨੂੰ ਅਸੀਂ ਮੂਲ ਰੂਪ ਵਿੱਚ ਪੇਸ਼ ਕਰ ਰਹੇ ਹਾਂ।

## ਨਾਇਕ

**I- ਸਾਧਾਰਣ**

1. ਮਾਂ ਦਾ ਰਹੱਸਮਈ ਗਰਭਧਾਰਣ ਤੇ ਨਾਇਕ ਦਾ ਅਸਾਧਾਰਣ ਜਨਮ
   (ੳ) ਮਾਂ ਦਾ ਅਸਾਧਾਰਣ (ਗੈਰ ਪ੍ਰਾਕ੍ਰਿਤਕ ਗਰਭ ਧਾਰਣਾ)
2. ਬੱਚਿਆਂ ਦਾ ਬਦਲਣਾ
3. ਬੱਚੇ ਦੀ ਕਿਸਮਤ ਪੂਰਵ ਨਿਰਧਾਰਤ ਹੋਣੀ
   (ੳ) ਨਾਇਕ ਦਾ ਬਦਲਾਖੋਰ ਹੋਣਾ
   (ਅ) ਨਾਇਕ ਨੂੰ ਭੋਰੇ ਵਿੱਚ ਪਾਉਣਾ
4. ਨਾਇਕ (ਬਾਲ) ਉਮਰ ਝੂਠਾ ਇਲਜ਼ਾਮ ਲੱਗਣਾ
5. ਭੋਰੇ ਵਿੱਚ ਅਨੇਕਾਂ ਵਸਤਾਂ ਪਹੁੰਚਾਉਣੀਆਂ/ਜਾਂ ਰੋੜ੍ਹਨ ਸਮੇਂ ਹੀਰੇ ਜ਼ਵਾਹਰਾਤ ਰੱਖਣੇ
6. ਨਾਇਕ ਦੀ ਪਛਾਣ
   (ੳ) ਆਉਣ ਵਾਲੇ ਨਾਇਕ ਦੇ ਚਿੰਨ੍ਹ
   (ਅ) ਭਵਿੱਖਬਾਣੀ ਦਾ ਪੂਰਾ ਹੋਣਾ
7. ਸਾਥੀ : ਆਦਮੀ ਤੇ ਪਸ਼ੂ
   (ੳ) ਪਸ਼ੂ ਸਾਥੀਆਂ ਦਾ ਅੰਤ ਤੱਕ ਵਫ਼ਾਦਾਰ ਹੋਣਾ
   (ਅ) ਨਾਇਕ ਤੇ ਸਾਥੀਆਂ ਦਾ ਇਕੋ ਸਮੇਂ ਜਨਮ ਲੈਣਾ
   8. ਪੁੱਤਰ : ਪੁੱਤਰ ਪ੍ਰਾਪਤੀ ਲਈ ਕੀਤੀਆਂ ਰੀਤਾਂ (ਟੂਣੇ ਆਦਿ ਵੀ)

**II. ਅਸਾਧਾਰਣ ਨਾਇਕ**

1. **ਅਮਰ ਹੋਣਾ**
   (ੳ) ਦੁਬਾਰਾ ਅਵਤਾਰ ਧਾਰਣਾ (ਅ) ਸੰਤ (ੲ) ਭੂਤ (ਸ) ਰੂਹਾਂ (ਹ) ਦੇਵਤੇ (ਕ) ਦੇਵੀਆਂ (ਖ) ਬੀਰ (ਗ) ਦਿਉ ਤੇ ਦੈਂਤ (i) ਭੂਤ ਪ੍ਰੇਤ ਕੱਢਣ ਦੀ ਸਮਰੱਥਾ

2. ਦੂਸਰਾ ਰੂਪ : ਬਹੁਰੂਪ ਧਾਰਣਾ

3. ਕ੍ਰਿਸ਼ਮੇ

(ੳ) ਕ੍ਰਿਸ਼ਮੇਂ ਕਰਨ ਦੀ ਸ਼ਕਤੀ ਦੂਸਰੇ ਦੀ ਥਾਂ ਕ੍ਰਿਸ਼ਮਾ ਕਰਨਾ (ਅ) ਜੀਵਨ ਦਾਨ ਦੇਣਾ (ੲ) ਅਰੋਗ ਕਰਨਾ (i) ਇਲਾਜ ਕਰਨਾ (ii) ਦਾਤਾਂ ਦੇਣੀਆਂ (ੳ) ਪੁੱਤਰ ਦੀ ਦਾਤ (ਅ) ਮੀਂਹ ਆਦਿ ਵਰ੍ਹਾਉਣਾ (ਸ) ਲਗਾਤਾਰ ਦਾਤਾਂ ਵੰਡਣਾ (i) ਲਾਲਚ ਕਰਨਾ (ਹ) ਨੁਕਸਾਨ ਲਈ ਕ੍ਰਿਸ਼ਮਾ ਕਰਨਾ (i) ਸਰਾਪ ਦੇਣਾ (ii) ਸੁਪਨੇ ਵਿੱਚ ਡਰਾਉਣਾ (ਕ) ਸਟਾਕ ਕ੍ਰਿਸ਼ਮੇ (ਖ) ਕ੍ਰਿਸ਼ਮਿਆਂ ਪ੍ਰਤੀ ਸਥਾਨਕ ਦ੍ਰਿਸ਼ਟੀਕੋਣ (ਗ) ਭੇਦ ਪੂਰਣ ਕ੍ਰਿਸ਼ਮੇ

4. ਜਾਦੂ ਬਨਾਮ ਕ੍ਰਿਸ਼ਮੇਂ

(ੳ) ਲਾਗਵਾਂ ਜਾਦੂ (i) ਪੁਤਲਿਆਂ ਰਾਹੀਂ (ii) ਮਨੁੱਖ-ਭੱਕਸ਼ਣ ਰਾਹੀਂ (iii) ਜੀਵਨ-ਲੰਬਾਈ (ੳ) ਜੀਵਨ ਚਿੰਨ੍ਹ ਦੇ ਬਰਾਬਰ (ਅ) ਟੋਕਨ-ਬ੍ਰਿਛ ਨਾਲ ਜੋੜਨਾ

5. ਰੋਗ ਨਿਵਾਰਕ ਮੰਤਰ

(ੳ) ਸੱਪ ਕੱਟੇ ਲਈ

6. ਅਰਦਾਸ

(ੳ) ਅਰਦਾਸ ਵਿੱਚ ਵਿਸ਼ਵਾਸ

7. ਉਸਤਤੀ

(ੳ) ਗ਼ੈਰ ਹਾਜ਼ਰ ਨੂੰ ਬੁਲਾਉਣ ਲਈ

8. ਅਰਾਧਨਾ

i. ਅਪ ਸ਼ਬਦਾਂ ਰਾਹੀਂ ii. ਭੇਂਟ ਚੜ੍ਹਾ ਕੇ iii. ਜਲ ਅਰਪਣ ਕਰਕੇ iv. ਰੀਤ ਤੇ ਖੁਲ੍ਹ ਦਿਲੀ ਦਾ ਵਿਖਾਵਾ (ੳ) ਭਿਖਿਆ ਦੇ ਕੇ (ਅ) ਦਾਨ ਦੇ ਕੇ v. ਸੈਕੁਰਬਾਨੀ/ਬਲੀ: (ੳ) ਸੰਨਿਆਸ (ਅ) ਪ੍ਰਾਸਚਿਤ (ੲ) ਜਤ-ਸਤ (ਸ) ਰਿਣ ਮੁਕਤੀ ਲਈ ਅਧੀਨਗੀ vi. ਸਹੁੰ ਖਾਣੀ ਤੇ ਵਚਨ ਦੇਣਾ (ੳ) ਸਹੁੰ ਖਾਣ ਦੀ ਰੀਤ i. ਸਹੁੰ ਖਤਮ ਕਰਨ ਦੇ ਤਰੀਕੇ (ਅ) ਪ੍ਰਤੀਗਿਆ : ਤਿੰਨ ਬਾਰ ਸਹੁੰ ਖਾਣੀ

9. ਭਵਿੱਖ ਬਾਣੀ

10. ਰੂਪ ਪਰਿਵਰਤਨ

(ੳ) ਭੇਸ ਬਦਲਣਾ i. ਉਪਰਲੀ ਖੋਲ ਬਦਲਣਾ

11. ਪੁਨਰ ਜਨਮ

i. ਸਤੀ

12. ਸੰਤ (ਨਾਇਕ) ਵਿਰੋਧੀ

i. ਪੁਜਾਰੀ ii. ਭੂਤ ਪ੍ਰੇਤ iii. ਦੇਵੀਆਂ iv. ਰਾਕਸ਼ਸ਼ v. ਜਾਦੂਗਰਨੀਆਂ vi. ਦਿਉ ਦੈਂਤ vii. ਸਮੁੰਦਰੀ ਦਿਉ viii. ਜਲ ਪਰੀਆਂ ix. ਸੱਪ (ੳ) ਵਿਸ਼ੇਸ਼ ਸ਼ਕਤੀ ਲੱਛਣ (ਅ) ਕ੍ਰਿਸ਼ਮੇ ਦੀ ਸ਼ਕਤੀ (ੲ) ਉਤਪਤੀ ਦੀ ਸ਼ਕਤੀ

13. ਦੇਵਤਿਆਂ ਨੂੰ ਮਨੁੱਖੀ ਰੂਪ ਦੇਣਾ

I. (ੳ) ਮਾਨਵੀਕ੍ਰਿਤ ਪਸ਼ੂ (ਅ) ਬੋਲਣਾ (ੲ) ਮਨੁੱਖ ਦਾ ਆਭਾਰੀ ਹੋਣਾ (ਸ) ਬਦਲਾਖੋਰ ਹੋਣਾ

II. ਮਾਨਵੀਕ੍ਰਿਤ ਵਸਤਾਂ i. ਬੋਲਦੀਆਂ ii. ਜਾਦੂਮਈ ਵਸਤਾਂ (ੳ) ਗੋਲ ਦਾਇਰੇ (ਅ) ਲਕੀਰਾਂ (ੲ) ਹਾਰ (ਸ) ਮਾਲਾ (ਹ) ਹਥਿਆਰ (ਕ) ਜਾਦੂਈ ਅੰਕ (ਖ) ਪਵਿੱਤ੍ਰ ਦ੍ਰਵ i. ਖ਼ੂਨ ii. ਦੁੱਧ iii. ਅੰਮ੍ਰਿਤ iv. ਦ੍ਰਵ ਦੀ ਪਵਿਤ੍ਰਤਾ (ਗ) ਕ੍ਰਿਸ਼ਮੇ ਵਾਲੇ ਵਾਹਨ i. ਬਹਾਦਰੀ ਦੀ ਛਲਾਂਗ ii. ਅਸਮਾਨੀ ਉੱਡਣਾ iii. ਪਰਾਂ ਵਾਲੇ ਜਾਨਵਰ iv. ਪਰਾਂ ਵਾਲੀਆਂ ਵਸਤਾਂ v. ਪਰਛਾਵੇਂ vi. ਅਟਾਰੀਆਂ ਦਾ ਉਡਣਾ (ਘ) ਜਾਦੂਈ ਸੰਗੀਤ i. ਜਾਦੂਈ ਸਾਜ਼ (ਙ) ਵਾਲਾਂ ਦੀਆਂ ਸ਼ਕਤੀਆਂ i. ਦਾੜ੍ਹੀ ਦੀ ਪਵਿੱਤਰਤਾ (ਚ) ਅਦਿਖ ਹੋਣਾ (ਛ) ਜਾਦੂ ਲਈ ਗੀਤ ਆਦਿ (ਜ) ਪੁਜਾਰੀ i. ਸੰਪਤੀ ਦਾ ਮਾਲਕ ii. ਜਾਦੂ ਸ਼ਕਤੀ ਦਾ ਧਾਰਣੀ

ਵਿਸ਼ਾ ਨਾਇਕਾ

**(ੳ) ਨਾਇਕਾ ਦੀਆਂ ਵਿਸ਼ੇਸ਼ਤਾਈਆਂ (ਗੁਣ)**

1. **ਨਾਇਕਾ ਦਾ ਸਖੀ ਹੋਣਾ**
2. **ਇਸਤ੍ਰੀ ਪ੍ਰਤਿ ਸਥਾਨਕ ਦ੍ਰਿਸ਼ਟੀਕੋਣ**
3. **ਰੋਕਾਂ (ਟੈਬੂ)**
4. **ਲੱਛਣ**

   i. ਨਾਜੁਕਤਾ ii. ਆਕ੍ਰਸ਼ਨ ਸ਼ਕਤੀ
5. **ਪਛਾਣ**
6. **ਸਹਿਯੋਗੀ ਨਾਇਕਾਵਾਂ**

   (ੳ) ਪਰੀਆਂ (ਅ) ਅਪਸਰਾ (ੲ) ਓਪਰੀਆਂ ਜ਼ਨਾਨੀਆਂ
7. **ਅਪਕਾਰੀ ਨਾਇਕਾਵਾਂ**

   i. ਆਰੋਪ ਲਾਉਣ ਵਾਲੀਆਂ ii. ਸੌਂਕਣਾਂ iii. ਮਤ੍ਰੇਈਆਂ iv. ਫਫੇਕੁਟਣੀਆਂ (ੳ) ਸਿਆਣੀਆਂ i. ਸ਼ਕਤੀਸ਼ਾਲੀ ii. ਗੁਣਵਾਨ v. ਦੈਂਤ ਇਸਤ੍ਰੀਆਂ (ੳ) ਅੰਡ ਨਾਇਕਾ (ਅ) ਸੁਪਤ-ਸੁੰਚਜੀ i. ਰਖੇਲ ਇਸਤ੍ਰੀ

**(ਅ) ਵਿਸ਼ੇਸ਼ ਗੁਣ**

1. ਜਤ ਸਤ ਵਾਲੀ
2. ਗੁਣ (ੳ) ਮਰਦ ਬਨਾਮ ਔਰਤ (ਅ) ਕੰਮ ਖੇਤਰ ਮਰਦ ਵਾਲਾ
3. ਗੁਣਾਂ ਨੂੰ ਬਣਾਈ ਰੱਖਣਾ
4. ਪ੍ਰੀਖਿਆਵਾਂ (ੳ) ਪਛਾਣ ਦੀ ਪ੍ਰੀਖਿਆ i. ਭਵਿੱਖਬਾਣੀ ਦਾ ਪੂਰਾ ਹੋਣਾ ii. ਸ਼ਾਹੀ ਤੇ ਗਊ-ਸੁਭਾ iii. ਯਾਤ੍ਰੀਆਂ ਦੇ ਨਿਸ਼ਾਨੇ (ਅ) ਆਸੰਭਵ ਕਾਰਜ i. ਸਵੰਬਰ ਰਾਹੀਂ ii. ਬੁਝਾਰਤਾਂ ਪਾਉਣਾ iii. ਜੂਆ ਖੇਡਣਾ

ਉਦੇਸ਼

1. ਕਿਸਮਤ ਅਜਮਾਉਣੀ
2. ਆਕਾਸ਼ਵਾਣੀ
3. ਭਵਿੱਖਬਾਣੀ i. ਕਿਸਮਤ ਦੱਸਣੀ ii. ਜਨਮ ਪੱਤਰੀ
4. ਕਿਸਮਤ (fate) i. ਪੂਰਵ ਵਿਚਾਰ ii. ਕਿਸਮਤ ਦਾ ਨਿਰਣਾ
5. ਦੈਵੀ ਸੁਪਨੇ i. ਵਿਆਖਿਆ

6. ਸ਼ਗਨ-ਵਿਹਾਰ i. ਦੈਵੀ ਕਰਣ ਲਈ ii. ਮੰਤਰ
7. ਕਿਸਮਤ (luck) i. ਕਾਰਜ ii. ਸਮਾਂ iii. ਜੋਤਸ
8. ਭੈੜੀ ਕਿਸਮਤ (bad luck) i. ਬਦਕਿਸਮਤੀ (misfortune) ii. ਪਾਪ (ੳ) ਵਿਧਵਾਵਾਂ (ਅ) ਗੀਤ ਦੀ ਅਪਵਿਤ੍ਰਤਾ i. ਕੋਹੜ ਦਾ ਇਲਾਜ (ੲ) ਲੜਕੀ ਦੀ ਹੱਤਿਆ (ਸ) ਪ੍ਰਾਸਚਿਤ (ਹ) ਪਵਿਤ੍ਰ ਹੋਣਾ i. ਗੀਤਾਂ ਰਾਹੀਂ ਇਸ਼ਨਾਨ

**ਘਟਨਾਵਾਂ**

1. ਗਹਿਣੇ i. ਗਹਿਣਿਆਂ ਦੀ ਉਤਪਤੀ (ੳ) ਹੀਰੇ (ਅ) ਮੋਤੀ ii. ਫੁੱਲ iii. ਹੱਸਣਾ, ਹੰਝੂ, ਬੋਲ
2. ਢੰਗ
3. ਗੀਤਾਂ (ਸੰਸਕਾਰ) (ੳ) ਵਿਆਹ i. ਕੁੜਮਾਈ (ਅ) ਗੋਦ ਲੈਣਾ (ੲ) ਖ਼ਾਨਦਾਨੀ (ਸ) ਦੈਵੀਕਰਣ (ਹ) ਦੀਖਿਆ ਸੰਸਕਾਰ i. ਕੰਨ ਵਿੰਨ੍ਹਣੇ (ਕ) ਸੋਗ (ਖ) ਪਰੰਪਰਾਗਤ i. ਵੰਗਾਰ ii. ਬੇਇੱਜ਼ਤ ਕਰਨਾ
4. ਘਰੇਲੂ ਗੀਤੀ ਰਿਵਾਜ
5. ਵਿਸ਼ਵਾਸ (ੳ) ਪਸ਼ੂਆਂ ਸੰਬੰਧੀ (ਅ) ਦੇਵ ਲੋਕ ਦੀਆਂ ਵਸਤਾਂ ਸੰਬੰਧੀ (ੲ) ਗਹਿਣਾਂ ਸੰਬੰਧੀ (ਸ) ਸਰੀਰ ਸੰਬੰਧੀ (ਹ) ਮੋਹਲੇਧਾਰ ਮੀਂਹ ਸੰਬੰਧੀ (ਕ) ਦੇਵਤਿਆਂ ਸੰਬੰਧੀ
6. ਵਿਸ਼ਵਾਸਾਂ ਉਪਰ ਅਧਾਰਿਤ ਰਸਮੋ ਰਿਵਾਜ
   (ੳ) ਮੰਦਰਾਂ (ਧਾਰਮਿਕ) ਥਾਵਾਂ ਬਾਰੇ (ਅ) ਸ਼ਰਣ ਸਥਾਨ (ਟਿਕਾਉ) i. ਦੇਵ ਮੰਦਿਰ ii. ਟਿਕਾਉ (asylum) iii. ਪ੍ਰਾਹੁਣਚਾਰੀ (ੲ) ਨਾਮ ਨਾਲ ਸਦਣਾ (ਸ) ਕੈਦੀਆਂ ਨੂੰ ਰਿਹਾ ਕਰਨਾ (ਹ) ਸ਼ਾਨ ਵਾਲਾ ਛੱਤਰ i. ਸ਼ਾਨ ਦਾ ਪ੍ਰਤੀਤ

**ਸਮਾਪਤੀ**

1. ਕਾਵਿ ਇਨਸਾਫ਼
2. ਬਦਲਾ (ੳ) ਸਜ਼ਾ ਦੇਣੀ i. ਯਾਤਨਾ ਦੇਣੀ (ਅ) ਗੀਤੀ ਨਾਲ ਖ਼ੁਦਕਸ਼ੀ i. ਸ੍ਵੈ-ਦਾਹ (ੲ) ਸਟਾਕ ਸਜ਼ਾਵਾਂ

## ਲੋਕ-ਗਾਥਾਵਾਂ ਦਾ ਸਮਾਜਕ ਤੇ ਸਭਿਆਚਾਰਕ ਪੱਖ

ਇਨ੍ਹਾਂ ਲੋਕ ਗਾਥਾਵਾਂ ਵਿੱਚ ਪ੍ਰਸਤੁਤ ਸਮਾਜਕ ਤੇ ਸਭਿਆਚਾਰਕ ਪੱਖ ਨੂੰ ਸਮਝਣ ਤੋਂ ਪਹਿਲਾਂ ਅਸੀਂ ਇਸ ਗੱਲ ਉੱਪਰ ਵਿਚਾਰ ਕਰਦੇ ਹਾਂ ਕਿ ਅੰਗਰੇਜ਼ਾਂ ਦੇ ਪੰਜਾਬ ਆਉਣਾ ਤੇ ਇਥੇ ਆ ਕੇ ਦੰਤ-ਕਥਾਵਾਂ ਇਕੱਤਰ ਕਰਨ ਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਨ ਪਿੱਛੇ ਉਨ੍ਹਾਂ ਦਾ ਕੀ ਮੰਤਵ ਹੋ ਸਕਦਾ ਹੈ? ਇਸ ਬਾਰੇ ਤਾਂ ਪਿਛਲੇ ਅਧਿਆਇ ਵਿਚ ਵੀ ਜ਼ਿਕਰ ਕੀਤਾ ਗਿਆ ਹੈ ਪਰ ਇਕ ਗੱਲ ਸਪੱਸ਼ਟ ਹੈ ਕਿ ਉਹ ਸਮਾਂ ਹੀ ਅਜਿਹਾ ਸੀ ਕਿ ਸਾਰੇ ਵਿਸ਼ਵ ਵਿੱਚ ਲੋਕਧਾਰਾ ਪ੍ਰਤੀ ਇਕ ਲਹਿਰ ਪੈਦਾ ਹੋ ਰਹੀ ਸੀ। ਦੂਸਰਾ ਇਹ ਕਿ ਇਹ ਇਕ ਵਧੀਆ ਤਰੀਕਾ ਹੈ, ਜਿਸ ਰਾਹੀਂ ਕਿਸੇ ਕੌਮ, ਦੇਸ਼, ਜਾਤੀ, ਸੰਗਠਨ ਆਦਿ ਦੀ ਮਾਨਸਿਕਤਾ ਦੇ ਬਣਨ ਵਿਗਸਣ ਤੇ ਵਿਕਾਸ ਪੜਾਵਾਂ ਨੂੰ ਸਮਝਿਆ ਜਾ ਸਕਦਾ ਹੈ। ਅੰਗਰੇਜ਼ਾਂ ਦਾ ਤਾਂ ਵਿਸ਼ਵ ਦੇ ਵੱਡੇ ਹਿੱਸੇ ਉੱਤੇ ਕਬਜ਼ਾ ਸੀ ਅਤੇ ਉਹ ਆਪਣੇ ਰਾਜ ਦੇ ਫੈਲਾਉ ਤੇ ਵਿਕਾਸ ਨੂੰ ਧਿਆਨ ਵਿਚ ਰੱਖ ਕੇ ਹੀ ਆਪਣੇ ਮਨਸੂਬੇ ਤਿਆਰ ਕਰਦੇ ਸਨ। ਅੰਗਰੇਜ਼ਾਂ ਦੇ ਇਸ ਲੁਕਵੇਂ ਮੰਤਵ ਨੂੰ ਸਪੱਸ਼ਟ ਕਰਨ

ਲਈ ਐਮ. ਡਾਰਸਨ ਆਖਦਾ ਹੈ ਕਿ "ਭਾਰਤ ਇੰਗਲੈਂਡ ਨਾਲ ਸੰਬੰਧਿਤ ਸੀ। ਅੰਗਰੇਜ਼ ਉਥੇ ਰਾਜ ਕਰਨ ਵਾਸਤੇ ਧਰਮ ਪ੍ਰਚਾਰ ਵਾਸਤੇ, ਸਰਵੇਖਣ ਕਰਨ ਲਈ ਵਪਾਰ ਫੈਲਾਉਣ ਵਾਸਤੇ ਅਤੇ ਆਪਣੇ ਸਾਮਰਾਜੀ ਅਧਿਕਾਰਾਂ ਨੂੰ ਪੱਕਿਆਂ ਕਰਨ ਲਈ ਗਏ ਸਨ। ਭਾਰਤ ਵਿੱਚ ਆਪਣੀ ਚਿਰਕਾਲ ਦੀ ਰਿਹਾਇਸ਼ ਦੌਰਾਨ ਫ਼ੌਜੀ ਅਫ਼ਸਰਾਂ, ਸਾਮਰਾਜੀ ਅਧਿਕਾਰੀਆਂ ਤੇ ਪਾਦਰੀਆਂ ਨੇ ਉਨ੍ਹਾਂ ਦੀਆਂ ਘਰਵਾਲੀਆਂ ਤੇ ਧੀਆਂ ਨੇ ਭਾਰਤੀ ਲੋਕ-ਕਥਾਵਾਂ ਤੇ ਰੀਤੀ-ਰਿਵਾਜਾਂ ਸੰਬੰਧੀ ਇਕ ਤੋਂ ਬਾਅਦ ਇਕ ਪੁਸਤਕਾਂ ਦੀ ਰਚਨਾ ਕੀਤੀ।"[6]

ਨਾ-ਸਿਰਫ ਉਹ ਤੇ ਉਨ੍ਹਾਂ ਦੀ ਬਰਾਦਰੀ ਹੀ ਇਸ ਕੰਮ ਵਿਚ ਜੁੱਟੀ ਸਗੋਂ ਸਥਾਨਕ ਲੋਕਾਂ ਵਿੱਚੋਂ ਹੀ ਬਹੁਤ ਵੱਡਾ ਵਰਗ ਉਨ੍ਹਾਂ ਨਾਲ ਜੁੜ ਕੇ ਲੋਕਧਾਰਾ ਦੇ ਇਸ ਖੇਤਰੀ ਕਾਰਜ ਵਿੱਚ ਉਨ੍ਹਾਂ ਨੂੰ ਸਹਿਯੋਗ ਦੇਣ ਲੱਗਾ। ਉਨ੍ਹਾਂ ਦਾ ਮੰਤਵ ਅਸੀਂ ਇੰਦਰ ਦੇਵ ਦੇ ਕਥਨ ਤੋਂ ਹੋਰ ਸਪੱਸ਼ਟ ਕਰ ਸਕਦੇ ਹਾਂ ਕਿਉਂਕਿ ਡਾ. ਕਰਮਜੀਤ ਵੀ ਇਸ ਨੂੰ ਬੜਾ ਸੰਤੁਲਿਤ ਸਮਝਦਾ ਹੈ। ਉਹ ਲਿਖਦਾ ਹੈ ਕਿ "ਉਨ੍ਹਾਂ ਨੇ ਲੋਕਯਾਨ ਦੀ ਸਮੱਗਰੀ ਇਕੱਤਰ ਕਰਨ ਦਾ ਕੰਮ ਕੁਝ ਤਾਂ ਇਸ ਲਈ ਕੀਤਾ ਕਿ ਉਹ ਇਥੋਂ ਦੇ ਲੋਕਾਂ ਨੂੰ ਬੇਹਤਰ ਸਮਝ ਸਕਣ, ਜਿਨ੍ਹਾਂ ਉੱਪਰ ਉਹ ਰਾਜ ਕਰ ਰਹੇ ਸਨ ਤੇ ਕੁਝ ਇਸ ਲਈ ਵੀ ਉਨ੍ਹਾਂ ਨੇ ਇਹ ਕੰਮ ਕੀਤਾ ਕਿ ਉਨ੍ਹਾਂ ਨੂੰ ਭਾਰਤੀ ਪਰੰਪਰਾ ਜਾਨਣ ਦੀ ਉਤਸੁਕਤਾ ਵੀ ਸੀ। ਇਸ ਦੇ ਬਾਵਜੂਦ ਉਨ੍ਹਾਂ ਜੋ ਕੰਮ ਕੀਤਾ, ਉਸ ਦੀ ਆਪਣੀ ਇਕ ਅਮੀਰੀ ਹੈ।"[7]

ਭਾਵੇਂ ਇਸ ਕਾਰਜ ਨਾਲ ਉਨ੍ਹਾਂ ਦੇ ਕਈ ਮੰਤਵ ਪੂਰੇ ਹੋ ਗਏ ਹੋਣ, ਪਰ ਸਾਡੇ ਲਈ ਉਨ੍ਹਾਂ ਦਾ ਕੀਤਾ ਹੁਣ ਤੱਕ ਦਾ ਕੰਮ ਇਕ ਵੱਡਾ ਆਧਾਰ ਬਣ ਗਿਆ। ਸਾਡੇ ਵਾਸਤੇ ਉਹੀ ਪਰੰਪਰਾ ਤੇ ਪਛਾਣ ਹੈ। ਭਾਵੇਂ ਇਸ ਵਿਚ ਕਈ ਕਮੀਆਂ ਵੀ ਹੋ ਸਕਦੀਆਂ ਹਨ ਪਰ ਇਸ ਤਰ੍ਹਾਂ ਦੇ ਖੇਤਰੀ ਕਾਰਜ ਦੀ ਸਲਾਹੁਤਾ ਕਰਨੀ ਵੀ ਬਣਦੀ ਹੈ। ਸਾਡਾ ਮੰਤਵ ਅੰਗਰੇਜ਼ਾਂ ਨੂੰ ਵਡਿਆਉਣਾ ਨਹੀਂ ਸਗੋਂ ਉਨ੍ਹਾਂ ਦੀ ਕੀਤੇ ਕੰਮ ਵੱਲ ਧਿਆਨ ਦਿਵਾਉਣਾ ਹੈ। ਇਸ ਇਕੱਤਰ ਸਮੱਗਰੀ ਤੋਂ ਅਸੀਂ ਆਪਣੇ ਤੇ ਆਪਣੀ ਨਸਲ ਦੇ ਵਿਕਾਸ ਪੜ੍ਹਾਵਾਂ ਨੂੰ ਸਮਝ ਸਕਦੇ ਹਾਂ। ਪੰਜਾਬੀ ਸਭਿਆਚਾਰ ਜਿਸ ਦੀ ਆਪਣੀ ਇਕ ਅਮੀਰ ਪਰੰਪਰਾ ਹੈ, ਉਹ ਪਰੰਪਰਾ ਅਸਲ ਵਿੱਚ ਇਨ੍ਹਾਂ ਰਚਨਾਵਾਂ ਵਿੱਚ ਵੀ ਲੁਕੀ ਪਈ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਪੰਜਾਬ ਕਈ ਵਾਰੀ ਜੰਗਾਂ ਯੁੱਧਾਂ ਵਿੱਚ ਵੱਸਿਆ ਤੇ ਟੁੱਟਿਆ। ਜਿੰਨੇ ਹਮਲਾਵਰ ਲੋਕ ਆਏ ਉਹ ਸਾਰੇ ਸਾਡੇ ਸਮਾਜਕ ਤੇ ਸਭਿਆਚਾਰਕ ਜੀਵਨ ਦਾ ਅੰਗ ਬਣਦੇ ਗਏ। ਇਹ ਰਚਨਾਵਾਂ ਪੁਰਾਤਨ ਸਾਹਿਤ ਦਾ ਨਮੂਨਾ ਹਨ, ਜਿਨ੍ਹਾਂ ਵਿੱਚ ਐਸਾ ਸਭਿਆਚਾਰ ਨਜ਼ਰ ਆਉਂਦਾ ਹੈ ਜਿਸ ਵਿੱਚ ਲੋਕਾਂ ਅੰਦਰ ਆਪਸੀ ਸਾਂਝ ਜਾਂ ਭਾਈਚਾਰਾ ਬੜਾ ਪ੍ਰਬਲ ਸੀ। ਲੋਕ ਸਥਾਨਕ ਦੇਵੀ-ਦੇਵਤਿਆਂ ਜਿਨ੍ਹਾਂ ਵਿੱਚ ਗੁੱਗਾ ਪੀਰ, ਪੰਜ ਪੀਰ, ਸਖੀ ਸਰਵਰ ਆਦਿ ਨੂੰ ਮੰਨਦੇ ਸਨ। ਜੋਗੀਆਂ ਦਾ ਬੋਲਬਾਲਾ ਸੀ, ਅਤੇ ਜਗ੍ਹਾ-ਜਗ੍ਹਾ ਤੇ ਉਨ੍ਹਾਂ ਦੇ ਮੱਠ ਜਾਂ ਟਿੱਲੇ ਮਿਲਦੇ ਸਨ। ਉਨ੍ਹਾਂ ਦੀ ਮੰਨਤਾ ਵੀ ਬਹੁਤ ਸੀ ਅਤੇ ਉਹ ਵੀ ਕਰਨੀ ਵਾਲੇ ਮੰਨੇ ਜਾਂਦੇ ਸਨ। ਪੀਰਾਂ ਫ਼ਕੀਰਾਂ ਵਾਂਗ ਉਹ ਲੋਕਾਂ ਦੇ ਦੁੱਖ ਦੂਰ ਕਰਦੇ ਸਨ। ਜੋਗ ਦੇ ਕੇ ਉਹ ਆਪਣਾ ਚੇਲਾ ਬਣਾ ਲੈਂਦੇ ਸਨ। ਉਨ੍ਹਾਂ ਕੋਲ ਵੀ ਅਨੇਕਾਂ ਪ੍ਰਕਾਰ ਦੀਆਂ ਅਦਭੁੱਤ ਸ਼ਕਤੀਆਂ ਮੰਨੀਆਂ ਜਾਂਦੀਆਂ ਸਨ ਜਿਸ ਨਾਲ ਲੋਕਾਂ ਦਾ ਉਨ੍ਹਾਂ ਉੱਪਰ ਵਿਸ਼ਵਾਸ ਅਟੱਲ ਹੁੰਦਾ ਜਾਂਦਾ ਸੀ।

ਰਾਜਾ ਰਸਾਲੂ ਉਦੋਂ ਵੀ ਲੋਕਾਂ ਦਾ ਨਾਇਕ ਸੀ। ਉਸ ਨਾਲ ਸੰਬੰਧਿਤ ਬਹੁਤ ਸਾਰੀਆਂ ਕਥਾਵਾਂ ਜੁੜੀਆਂ ਹਨ ਜਿਹੜੀਆਂ ਕਿ ਬੱਚਿਆਂ ਨੂੰ ਸੁਣਾਈਆਂ ਜਾਂਦੀਆਂ ਸਨ ਭਾਵੇਂ ਇਕ ਸਾਂਝਾ ਸਭਿਆਚਾਰ ਵਿਕਸਿਤ ਹੋਇਆ ਪਿਆ ਸੀ ਪਰ ਫਿਰ ਵੀ ਵਿਆਹ ਸ਼ਾਦੀਆਂ ਆਪਣੀ

ਜਾਤ-ਬਰਾਦਰੀ ਵਿੱਚ ਹੀ ਕੀਤੀਆਂ ਜਾਂਦੀਆਂ ਸਨ। ਇਸੇ ਕਰ ਕੇ ਰਾਂਝੇ ਦਾ ਵਿਆਹ ਹੀਰ ਨਾਲ ਨਹੀਂ ਹੋ ਸਕਦਾ ਸੀ ਕਿਉਂਕਿ ਰਾਂਝਾ ਜੱਟ ਸੀ ਅਤੇ ਹੀਰ ਦਾ ਪਰਿਵਾਰ ਰਾਜਪੂਤ। ਔਰਤ ਦੀ ਹਾਲਾਤ ਬਹੁਤ ਵਧੀਆ ਨਹੀਂ ਸੀ। ਔਰਤ ਦੀ ਆਜ਼ਾਦੀ ਨਾ-ਮਾਤਰ ਹੀ ਸੀ। ਕਿਉਂਕਿ ਇਕ ਆਦਮੀ ਕਈ-ਕਈ ਔਰਤਾਂ ਰੱਖ ਸਕਦਾ ਸੀ। ਉਹ ਆਪ ਭਾਵੇਂ ਜੋ ਮਰਜ਼ੀ ਕਰੇ ਪਰ ਔਰਤ ਤੋਂ ਪੂਰੀ ਵਫ਼ਾ ਦੀ ਆਸ ਰੱਖੀ ਜਾਂਦੀ ਸੀ। ਮੁੰਡੇ ਦੀ ਬੜੀ ਅਹਿਮੀਅਤ ਸਮਝੀ ਜਾਂਦੀ ਸੀ ਅਤੇ ਪੁੱਤਰ ਦੀ ਪ੍ਰਾਪਤੀ ਲਈ ਕਈ-ਕਈ ਪਾਪੜ ਵੇਲੇ ਜਾਂਦੇ ਸਨ। ਅਨੇਕਾਂ ਪੀਰਾਂ ਫ਼ਕੀਰਾਂ ਦੀਆਂ ਦਰਗ਼ਾਹਾਂ 'ਤੇ ਮੱਥੇ ਟੇਕੇ ਜਾਂਦੇ ਸਨ ਪਰ ਕਰਨੀ ਵਾਲੇ ਸੰਤਾਂ ਪਾਸੋਂ ਵਰ ਮਿਲ ਹੀ ਜਾਂਦਾ ਸੀ। ਪਰਿਵਾਰਕ ਪੱਧਰ ਤੇ ਸਮਾਜ ਮਰਦ ਪ੍ਰਧਾਨ ਸੀ। ਆਦਰਸ਼ਕ ਪਿਆਰ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ, ਜਿਨ੍ਹਾਂ ਵਿੱਚ ਨਲ ਤੇ ਦਮਯੰਤੀ ਦਾ ਪਿਆਰ ਵੇਖਿਆ ਜਾ ਸਕਦਾ ਹੈ। ਭਰਾਵਾਂ ਦਾ ਆਪਸੀ ਪਿਆਰ ਵੀ ਮਿਲਦਾ ਹੈ ਤੇ ਨਫ਼ਰਤ ਵੀ।

ਆਰਥਿਕ ਤੌਰ 'ਤੇ ਲੋਕ ਆਪਣੇ ਛੋਟੇ-ਛੋਟੇ ਕੰਮ ਧੰਦੇ ਕਰਦੇ ਸਨ। ਲੁਹਾਰ, ਤਰਖਾਣ, ਸੁਨਿਆਰ ਦਾ ਜ਼ਿਕਰ ਵੀ ਇਥੇ ਮਿਲਦਾ ਹੈ। ਜਿਹੜੇ ਰਾਜਾ ਰਸਾਲੂ ਨਾਲ ਘਰੋਂ ਨਿਕਲਦੇ ਹਨ। ਪਰ ਬਹੁਤ ਸਾਰੇ ਰਾਜੇ ਮਹਾਰਾਜਿਆਂ ਦੀਆਂ ਕਹਾਣੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਆਰਥਿਕ ਪ੍ਰਬੰਧ ਜਾਂ ਜ਼ਮੀਨ ਦੇ ਬਹੁਤੇ ਹਿੱਸੇ ਤੇ ਉਨ੍ਹਾਂ ਦਾ ਹੀ ਕਬਜ਼ਾ ਸੀ। ਭੇਡਾਂ, ਬੱਕਰੀਆਂ, ਊਠਾਂ, ਮੱਝਾਂ, ਗਾਵਾਂ ਦਾ ਜ਼ਿਕਰ ਦੱਸਦਾ ਹੈ ਕਿ ਲੋਕਾਂ ਲਈ ਪਸ਼ੂ ਧੰਨ ਬੜਾ ਮਹੱਤਵਪੂਰਨ ਸੀ। ਸੋਨੇ-ਚਾਂਦੀ ਦੀ ਅਹਿਮੀਅਤ ਬਹੁਤ ਸੀ। ਰਾਜੇ ਮਹਾਰਾਜਿਆਂ ਦੀਆਂ ਲੜਾਈ ਤਾਕਤ ਦਾ ਪ੍ਰਗਟਾਵਾ ਤੇ ਕਬਜ਼ੇ ਦੀ ਭਾਵਨਾ ਨੂੰ ਪੇਸ਼ ਕਰਦੀ ਹੈ ਪਰ ਸਮਾਜ ਵਿੱਚ ਬਹਾਦਰਾਂ ਦੀਆਂ ਗਾਥਾਵਾਂ ਗਾਈਆਂ ਜਾਂਦੀਆਂ ਸਨ। ਟੈਂਪਲ ਨੇ ਅਨੇਕਾਂ ਬਹਾਦਰਾਂ ਜਾਂ ਸਥਾਨਕ ਰਾਜਿਆਂ ਦੀਆਂ ਕਹਾਣੀਆਂ ਪੇਸ਼ ਕੀਤੀਆਂ ਹਨ ਜਿਸ ਤੋਂ ਸਪੱਸ਼ਟ ਹੈ ਕਿ ਹਰ ਹਿੱਸਾ ਛੋਟੇ-ਛੋਟੇ ਰਾਜ ਵਿੱਚ ਵੰਡਿਆ ਪਿਆ ਸੀ। ਲੋਕਾਂ ਪਾਸ ਕੋਈ ਰਾਜਨੀਤਕ ਅਧਿਕਾਰ ਨਹੀਂ ਸੀ। ਰਾਜਾ ਦੇ ਮੂੰਹ ਵਿੱਚੋਂ ਨਿਕਲਿਆ ਵਚਨ ਵੀ ਕਾਨੂੰਨ ਹੁੰਦਾ ਸੀ।

ਲੋਕਾਂ ਵਿੱਚ ਬਹੁਤੇ ਸਾਰੇ ਰੀਤੀ-ਰਿਵਾਜ ਪਾਏ ਜਾਂਦੇ ਸਨ। ਮੇਲੇ-ਤਿਉਹਾਰਾਂ, ਇਕੱਠਾਂ ਦਾ ਜ਼ਿਕਰ ਵੀ ਮਿਲਦਾ ਹੈ। ਮਿਰਾਸੀ, ਡੂਮ ਆਦਿ ਵੀ ਆਪਣਾ ਕਾਰਜ ਕਰਦੇ ਸਨ ਪਰ ਲੋਕਾਂ ਵਿੱਚ ਅੰਧ-ਵਿਸ਼ਵਾਸ ਬਹੁਤ ਜ਼ਿਆਦਾ ਸੀ। ਜਨਮ ਤੋਂ ਲੈ ਕੇ ਮਰਨ ਤੱਕ ਲੋਕ ਇਨ੍ਹਾਂ ਅੰਧ-ਵਿਸ਼ਵਾਸਾਂ ਵਿੱਚ ਬੱਝੇ ਪਏ ਸਨ। ਜਿਸ ਵਿੱਚੋਂ ਬਾਹਰ ਨਿਕਲਣ ਦਾ ਉਹ ਹੌਂਸਲਾ ਨਹੀਂ ਕਰ ਸਕਦੇ ਸਨ। ਇਸੇ ਕਾਰਜ ਲਈ ਪੀਰ, ਫ਼ਕੀਰ, ਸਾਧੂ, ਸੰਤ, ਮਹਾਤਮਾ ਇਨ੍ਹਾਂ ਕਥਾਵਾਂ ਵਿਚ ਥਾਂ ਪੁਰ ਥਾਂ ਆਉਂਦੇ ਹਨ। ਉਹ ਕਰਾਮਾਤਾਂ ਕਰਦੇ ਸਨ ਜਿਵੇਂ ਪੁੱਤਰ ਦੀ ਪ੍ਰਾਪਤੀ ਦਾ ਵਰ ਦੇਣਾ, ਸਜ਼ਾ ਦੇਣਾ ਜਾਂ ਸਰਾਪ ਦੇਣਾ ਆਦਿ। ਇਹ ਲੋਕ ਪਿੰਡਾਂ-ਨਗਰਾਂ ਵਿੱਚ ਆਮ ਵਿਚਰਦੇ ਸਨ। ਲੋਕਾਂ ਕੋਲ ਕਿਸੇ ਕਿਸਮ ਦੀ ਵਿੱਦਿਆ ਦਾ ਜ਼ਿਕਰ ਨਹੀਂ ਮਿਲਦਾ। ਪਰ ਰਾਜਾ ਰਸਾਲੂ ਤੇ ਪੂਰਨ ਭਗਤ ਨੂੰ ਭੋਰੇ ਵਿੱਚ ਸ਼ਾਸਤਰ ਤੇ ਰਾਜ ਘਰਾਣੇ ਦੀ ਵਿੱਦਿਆ ਦਿੱਤੀ ਜਾਂਦੀ ਹੈ। ਕਹਾਣੀਆਂ ਦੇ ਨਾਇਕ ਵੀ ਕਰਾਮਾਤੀ ਸ਼ਕਤੀਆਂ ਨਾਲ ਲੈਸ ਹਨ। ਇਸ ਤੋਂ ਲੱਗਦਾ ਹੈ ਕਿ ਲੋਕ ਬੜੀ ਸਾਧਾਰਨ ਤੇ ਸਾਫ਼-ਸੁਥਰੀ ਜ਼ਿੰਦਗੀ ਬਤੀਤ ਕਰਦੇ ਸਨ।

ਇਸ ਚਰਚਾ ਨੂੰ ਅੱਗੇ ਤੋਰਨ ਲਈ ਅਸੀਂ ਵੇਖਦੇ ਹਾਂ ਕਿ ਟੈਂਪਲ ਵੱਲੋਂ ਇਕੱਤਰ ਕੀਤੀਆਂ ਸਾਰੀਆਂ ਦੰਤ-ਕਥਾਵਾਂ ਹਨ, ਜੋ ਕਿ ਵੱਖ-ਵੱਖ ਰੂਪਾਂ, ਸਵਾਂਗ, ਕਿੱਸੇ, ਗੀਤ, ਲੋਕ-ਕਥਾ, ਲੋਕ-ਗਾਥਾ ਆਦਿ ਵਿੱਚ ਮਿਲਦੀਆਂ ਹਨ।

ਦੰਤ-ਕਥਾ ਉਹ ਗੱਲ ਜਾਂ ਬਾਤ ਹੁੰਦੀ ਹੈ, ਜਿਹੜੀ ਆਮ ਲੋਕਾਂ ਦੀ ਜ਼ੁਬਾਨ 'ਤੇ ਹੋਵੇ ਤੇ ਉਹ ਵੀ ਪੀੜੀਉ ਪੀੜ੍ਹੀ ਅੱਗੇ ਤੁਰਦੀ ਜਾਵੇ, ਸੁਣਨ ਵਾਲਾ ਅਤੇ ਸੁਣਾਉਣ ਵਾਲਾ ਪੂਰਨ ਵਿਸ਼ਵਾਸ ਨਾਲ ਆਪਣਾ-ਆਪਣਾ ਕੰਮ ਕਰਨ। ਡਾ. ਜੁਗਿੰਦਰ ਸਿੰਘ ਕੈਰੋਂ ਲਿਖਦਾ ਹੈ ਕਿ "ਦੰਤ-ਕਥਾਵਾਂ ਤੇ ਰਵਾਇਤਾਂ ਸੁਣਾਉਣ ਵਾਲਿਆਂ ਵੱਲੋਂ ਇਹ ਇਸ ਵਿਸ਼ਵਾਸ ਨਾਲ ਸੁਣਾਈਆਂ ਜਾਂਦੀਆਂ ਹਨ ਕਿ ਜਿਵੇਂ ਇਹ ਸੱਚੀਆਂ ਹੋਣ।"[8]

ਇਹ ਦੰਤ ਕਥਾਵਾਂ ਕਿਸੇ ਰਵਾਇਤ ਜਾਂ ਕਿਸੇ ਘਟਨਾ ਦੀ ਉਪਜ ਹੁੰਦੀਆਂ ਹਨ। ਸਮਾਜਕ ਵਿਹਾਰ ਵਿੱਚ ਵੀ ਕਈ ਵਾਰੀ ਘਟਨਾਵਾਂ ਰਵਾਇਤਾਂ ਬਣ ਜਾਂਦੀਆਂ ਹਨ। ਡਾ. ਜੁਗਿੰਦਰ ਕੈਰੋਂ ਇਸ ਬਾਰੇ ਆਖਦਾ ਹੈ ਕਿ "ਰਵਾਇਤਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀਆਂ ਉਹ ਰਵਾਇਤਾਂ ਜੋ ਕਿਸੇ ਸਮਾਜ ਵਿੱਚ ਵਿਆਪਕ, ਧਾਰਮਿਕ, ਸਮਾਜਕ, ਵਿਹਾਰਕ ਆਦਤਾਂ ਅਤੇ ਨੀਤੀ ਸ਼ਾਸਤਰ ਸੰਬੰਧੀ ਵਿਸ਼ਵਾਸਾਂ ਨੂੰ ਕਾਇਮ ਰੱਖਦੀਆਂ ਹਨ। ਦੂਜੀਆਂ ਰਵਾਇਤਾਂ ਲੋਕ ਯਾਦ ਸ਼ਕਤੀ ਦੀ ਕਿਸਮ ਹੈ, ਜਿਹੜੀ ਉਨ੍ਹਾਂ ਲੋਕਾਂ ਦੁਆਰਾ ਜੀਵਿਤ ਰਹਿੰਦੀ ਹੈ, ਜਿਨ੍ਹਾਂ ਨੂੰ ਸਥਾਨਕ ਘਟਨਾਵਾਂ, ਦੁਰਘਟਨਾਵਾਂ, ਜਿੱਤਾਂ, ਹਾਰਾਂ ਜਾਂ ਵਿਸ਼ੇਸ਼ ਸ਼ਖ਼ਸੀਅਤਾਂ ਸੰਬੰਧੀ ਬਾਰ-ਬਾਰ ਚਰਚਾ ਕਰਨ ਵਿੱਚ ਦਿਲਚਸਪੀ ਰਹਿੰਦੀ ਹੈ। ਇਹੋ ਰਵਾਇਤਾਂ ਅੱਗੇ ਜਾ ਕੇ ਦੰਤ ਕਥਾ ਦਾ ਰੂਪ ਧਾਰਨ ਦੀ ਸਮਰੱਥਾ ਤੇ ਸੰਭਾਵਨਾ ਰੱਖਦੀਆਂ ਹਨ।"[9]

ਦੰਤ-ਕਥਾਵਾਂ ਆਮ ਕਰ ਕੇ ਇਤਿਹਾਸਕ ਘਟਨਾਵਾਂ ਜਾਂ ਇਤਿਹਾਸਕ ਪਾਤਰਾਂ ਨੂੰ ਪੇਸ਼ ਕਰਦੀਆਂ ਹਨ। ਇਨ੍ਹਾਂ ਦਾ ਪਾਤਰ ਸਾਧਾਰਨ ਮਨੁੱਖ ਵੀ ਹੋ ਸਕਦਾ ਹੈ ਜੋ ਸੰਘਰਸ਼ ਕਰਦਾ, ਮਿਹਨਤ ਕਰਦਾ ਅਤੇ ਕਾਰਜ ਕਰਦਾ ਹੈ, ਜਿਸ ਨਾਲ ਉਹ ਸਾਧਾਰਨ ਤੋਂ ਵਿਸ਼ੇਸ਼ ਬਣ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਉਸ ਨੂੰ ਜਿੱਤ ਹੀ ਪ੍ਰਾਪਤ ਹੋਵੇ ਪਰ ਉਹ ਲੋਕ-ਮਨਾਂ ਵਿੱਚ ਇਸ ਤਰ੍ਹਾਂ ਵਸਿਆ ਹੁੰਦਾ ਹੈ ਕਿ ਲੋਕ ਉਸ ਦੀ ਜਿੱਤ ਤੋਂ ਆਨੰਦਿਤ ਹੁੰਦੇ ਹਨ ਪਰ ਉਸ ਨੂੰ ਹਾਰਦਿਆਂ ਨਹੀਂ ਵੇਖ ਸਕਦੇ। ਇਸ ਲਈ ਕਹਾਣੀ ਦੀਆਂ ਘਟਨਾਵਾਂ ਵਿੱਚ ਵਾਧਾ-ਘਾਟਾ ਕਰ ਲਿਆ ਜਾਂਦਾ ਹੈ ਅਤੇ ਨਾਇਕ ਨੂੰ ਅਲੌਕਿਕ ਸ਼ਕਤੀਆਂ ਜਾਂ ਪਰਾਭੌਤਿਕ ਸ਼ਕਤੀਆਂ ਦਾ ਮਾਲਕ ਬਣਾ ਦਿੱਤਾ ਜਾਂਦਾ ਹੈ। ਇਹ ਦੰਤ-ਕਥਾਵਾਂ ਜ਼ਿਆਦਾ ਸਥਾਨਕ ਰੰਗਣ ਵਾਲੀਆਂ ਹੁੰਦੀਆਂ ਹਨ, ਜਿਨ੍ਹਾਂ ਰਾਹੀਂ ਸਾਡੀ ਸੰਸਕ੍ਰਿਤੀ ਵੀ ਅੱਗੇ ਤੁਰਦੀ ਹੈ। ਡਾ. ਕਰਨੈਲ ਸਿੰਘ ਥਿੰਦ ਨੇ ਪੰਜਾਬੀ ਦੰਤ-ਕਥਾਵਾਂ ਦੀ ਪ੍ਰਕਿਰਤੀ ਸੁਭਾਅ, ਵਿਸ਼ੇ ਅਤੇ ਇਸ ਦੇ ਅਸੀਮਤ ਘੇਰੇ ਨੂੰ ਮੁੱਖ ਰੱਖ ਕੇ ਇਨ੍ਹਾਂ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਹੈ।

(ੳ) ਸੰਤ ਮਹਾਤਮਾਂ, ਪੀਰਾਂ, ਫ਼ਕੀਰਾਂ ਇਤਿਹਾਸਕ ਯੋਧਿਆਂ ਅਤੇ ਰਾਜਿਆਂ ਨਾਲ ਸੰਬੰਧਿਤ

(ਅ) ਪ੍ਰੀਤ ਕਥਾਵਾਂ

(ੲ) ਤੀਰਥ ਸਥਾਨਾਂ, ਮੰਦਰਾਂ, ਪਹਾੜਾਂ ਦੀਆਂ ਗੁਫ਼ਾਵਾਂ ਆਦਿ ਬਾਰੇ।

(ਸ) ਤਬਾਹ ਹੋਏ ਕਿਲ੍ਹੇ, ਤਲਾਅ/ਸਰੋਵਰ, ਦਰਿਆ, ਪੁਰਾਤਨ, ਇਮਾਰਤਾਂ, ਬੁੱਤਾਂ ਆਦਿ ਬਾਰੇ।

(ਹ) ਮਨੁੱਖੀ ਬਲਾ ਰਹੁ-ਰੀਤਾਂ ਅਤੇ ਸਦਾਚਾਰਕ ਨਿਯਮਾਂ ਸੰਬੰਧੀ।

(ਕ) ਦੱਬੇ ਹੋਏ ਖਜ਼ਾਨਿਆਂ ਸੰਬੰਧੀ।

(ਖ) ਫੁਟਕਲ[9ੲ]

ਇਹ ਦੰਤ-ਕਥਾਵਾਂ ਜਿਹੜੀਆਂ ਵੱਖ-ਵੱਖ ਰੂਪਾਂ ਵਿੱਚ ਪ੍ਰਾਪਤ ਹੋਈਆਂ ਹਨ, ਇਨ੍ਹਾਂ ਨੂੰ ਸਮਝਣ ਦਾ ਮੂਲ ਅਧਾਰ ਤਾਂ ਕਥਾਨਕ ਰੂੜ੍ਹੀਆਂ ਹੁੰਦਾ ਹੈ। ਜਿਸ ਰਾਹੀਂ ਅਸੀਂ ਇਨ੍ਹਾਂ ਕਥਾਵਾਂ ਦੀ

ਤਹਿ ਤੱਕ ਅੱਪੜ ਸਕਦੇ ਹਾਂ। ਇਹ ਕਥਾਨਕ ਰੂੜ੍ਹੀਆਂ ਕੀ ਹਨ? ਇਸ ਬਾਰੇ ਸੰਖੇਪ ਜਿਹੀ ਚਰਚਾ ਕਰਨੀ ਬਣਦੀ ਹੈ।

## ਕਥਾਨਕ ਰੂੜ੍ਹੀ

"ਕਥਾਨਕ ਰੂੜ੍ਹੀ ਕਿਸੇ ਕਥਾ-ਕਹਾਣੀ ਦਾ ਉਹ ਛੋਟੇ ਤੋਂ ਛੋਟਾ ਇਕਾਈ ਤੱਤ ਹੈ, ਜੋ ਆਪਣੇ-ਆਪ ਵਿੱਚ ਸੰਪੂਰਨ ਅਰਥ ਰੱਖਦਾ ਹੈ ਅਤੇ ਮੁੱਢ ਕਦੀਮ ਤੋਂ ਹੀ ਅਨੇਕਾਂ ਕਥਾ-ਕਹਾਣੀਆਂ ਵਿੱਚ ਬਾਰ-ਬਾਰ ਦੁਹਰਾਏ ਜਾਣ ਕਰ ਕੇ ਕਥਾ-ਪਰੰਪਰਾ ਦਾ ਅੰਗ ਬਣ ਗਿਆ ਹੁੰਦਾ ਹੈ।"[10]

ਕਥਾਨਕ ਰੂੜ੍ਹੀ ਲਈ ਅੰਗਰੇਜ਼ੀ ਦਾ ਸਮਾਨਾਰਥਕ ਸ਼ਬਦ Motif ਵਰਤਿਆ ਜਾਂਦਾ ਹੈ। ਜਿਸ ਤੋਂ ਭਾਵ ਕਿਸੇ ਕਥਾ ਜਾਂ ਬਹੁਤੀਆਂ ਕਥਾਵਾਂ ਦਾ ਕੋਈ ਇਕ ਅੰਗ ਜਾਂ ਇਕ ਪੱਖ ਹੁੰਦਾ ਹੈ ਜਾਂ ਇਹ ਵਸਤੂ ਜਾਂ ਵਿਚਾਰ ਹੁੰਦਾ ਹੈ, ਜਿਹੜਾ ਕਥਾ-ਕਹਾਣੀਆਂ ਵਿੱਚ ਮਾਨਸਿਕ ਪ੍ਰਭਾਵ, ਵਸਤੂ ਰੌਚਿਕਤਾ ਤੇ ਪਰਿਸਥਿਤੀ ਪੈਦਾ ਕਰਨ ਲਈ ਬਾਰ-ਬਾਰ ਵਰਤਿਆ ਜਾਂਦਾ ਹੈ। ਬਾਰ-ਬਾਰ ਦੁਹਰਾਏ ਜਾਣ ਕਰ ਕੇ ਉਨ੍ਹਾਂ ਵਿੱਚ ਤਬਦੀਲੀ ਵੀ ਵਾਪਰਦੀ ਰਹਿੰਦੀ ਹੈ ਅਤੇ ਉਹ ਕਈ ਰੰਗ ਵਟਾਉਂਦਾ ਰਹਿੰਦਾ ਹੈ। ਇਸ ਤੋਂ ਇਲਾਵਾ ਇਸ ਨੂੰ ਇਕ ਸੰਕਲਪ, ਘਟਨਾ, ਲੱਛਣ, ਸ਼ਕਤੀ, ਵਾਰਤਾ, ਜੀਵ ਜਾਂ ਵਸਤ ਵੀ ਮੰਨਿਆ ਜਾਂਦਾ ਹੈ। ਇਹ ਕਥਾ ਕਹਾਣੀਆਂ ਵਿੱਚ ਲੜੀਆਂ ਜੋੜ ਕੇ ਕਹਾਣੀ ਨੂੰ ਅੱਗੇ ਤੋਰਨ ਵਿਚ ਸਹਾਇਕ ਹੁੰਦੇ ਹਨ। ਹਿੰਦੀ ਸਾਹਿਤਯ ਕੋਸ਼ ਵਿੱਚ ਇਸ ਦੀ ਪਰਿਭਾਸ਼ਾ ਇਵੇਂ ਕੀਤੀ ਗਈ ਹੈ-

"ਰੂੜ੍ਹੀ ਅਤੇ ਅਭਿਪ੍ਰਾਇ ਦਾ ਪ੍ਰਯੋਗ ਇਕ ਦੂਜੇ ਦੇ ਪਰਿਆਇ ਰੂਪ ਵਿੱਚ ਕੀਤਾ ਜਾਂਦਾ ਹੈ। ਅਭਿਪ੍ਰਾਇ ਜਿਸ ਨੂੰ ਅੰਗਰੇਜ਼ੀ ਵਿਚ ਮੋਟਿਫ਼ ਆਖਦੇ ਹਨ। ਮੋਟਿਫ ਕਿਸੇ ਕਿਰਤ ਦੀ ਯੋਜਨਾ ਦੀ ਉਹ ਵਿਸ਼ੇਸ਼ਤਾ ਹੈ ਜਿਸ ਅਨੁਸਾਰ ਕੋਈ ਸ਼ਬਦ ਜਾਂ ਵਿਚਾਰ ਦਾ ਪ੍ਰਤਿਰੂਪ, ਕਿਸੇ ਸਮਾਨ ਸਥਿਤੀ ਵਿਚ ਬਾਰ-ਬਾਰ ਵਰਤੋਂ ਵਿਚ ਆਉਂਦਾ ਹੈ। ਜੋ ਸਮਾਨ ਮਨੋਦਸ਼ਾ ਜਾਗਰਿਤ ਕਰਨ ਲਈ ਕਿਸੇ ਇਕ ਕ੍ਰਿਤੀ ਜਾਂ ਇਕੋ ਜਾਤੀ ਦੀਆਂ ਕਈ ਕ੍ਰਿਤੀਆਂ ਵਿੱਚ ਬਾਰ-ਬਾਰ ਦੁਹਰਾਇਆ ਜਾਂਦਾ ਹੈ। ਲੋਕ ਕਥਾ ਵਿੱਚ ਇਸ ਦੀ ਵਿਸ਼ੇਸ਼ ਵਰਤੋਂ ਦੇਖੀ ਜਾਂਦੀ ਹੈ।"[11]

ਬੋਰਿਸ਼ ਤੋਮਾਸ਼ੇਵਸਕੀ ਅਨੁਸਾਰ "ਮੋਟਿਫ਼ ਬਿਰਤਾਂਤ ਰਚਨਾ ਦਾ ਉਹ ਛੋਟੇ ਤੋਂ ਛੋਟਾ ਟੁਕੜਾ ਹੈ, ਜਿਸ ਨੂੰ ਅੱਗੋਂ ਹੋਰ ਨਹੀਂ ਘਟਾਇਆ ਜਾ ਸਕਦਾ।"[12]

ਰੂੜ੍ਹੀ ਆਪਣੇ-ਆਪ ਵਿੱਚ ਅਜਿਹਾ ਛੋਟਾ ਰੂਪ ਹੁੰਦਾ ਹੈ, ਜਿਸ ਰਾਹੀਂ ਕਹਾਣੀ ਤਿਆਰ ਹੁੰਦੀ ਹੈ। ਕਹਾਣੀ ਵਿੱਚ ਬਾਰ-ਬਾਰ ਆਉਣ ਕਰ ਕੇ ਇਸ ਦੀ ਪਹਿਚਾਣ ਵੀ ਨਿਵੇਕਲੀ ਹੁੰਦੀ ਹੈ ਅਤੇ ਇਹ ਵਿਆਪਕਤਾ ਜਾਂ ਪੂਰਨਤਾ ਦੇ ਕਾਰਨ ਕਈ ਅਰਥਾਂ ਵਿੱਚ ਮਿਲਦੀ ਹੈ। ਹਰ ਸਾਹਿਤ ਦੀਆਂ ਵੱਖ-ਵੱਖ ਰੂੜ੍ਹੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਦਾ ਕੰਮ ਵੀ ਮੂਲ ਰੂਪ ਵਿੱਚ ਕਹਾਣੀ ਅੰਦਰ ਪ੍ਰਭਾਵ ਉਤਪੰਨ ਕਰਨਾ ਅਤੇ ਕਹਾਣੀ ਨੂੰ ਵਿਭਿੰਨ ਰੂਪਾਂ ਵਿੱਚ ਮੋੜਨ ਦੀ ਪੂਰਨ ਸ਼ਕਤੀ ਰੱਖਣਾ ਹੈ। ਕਥਾਨਕ ਰੂੜ੍ਹੀਆਂ ਕਿਸੇ ਵਿਸ਼ੇਸ਼ ਪਲ ਵਿੱਚ ਪੈਦਾ ਨਹੀਂ ਹੁੰਦੀਆਂ ਸਗੋਂ ਸਮੇਂ ਦੇ ਵੇਗ ਨਾਲ ਇਹ ਬਣਦੀਆਂ ਤੇ ਤਬਦੀਲ ਹੁੰਦੀਆਂ ਰਹਿੰਦੀਆਂ ਹਨ। ਬਹੁਤ ਸਾਰੀਆਂ ਰੂੜ੍ਹੀਆਂ ਦਾ ਜਨਮ ਤਾਂ ਪਰਾ-ਇਤਿਹਾਸਿਕ ਕਾਲ ਵਿੱਚ ਹੋਇਆ। ਡਾ. ਵਣਜਾਰਾ ਬੇਦੀ ਇਸ ਬਾਰੇ ਲਿਖਦਾ ਹੋਇਆ ਇਨ੍ਹਾਂ ਨੂੰ ਸੁਭਾਅ ਦੇ ਪੱਖੋਂ ਤਿੰਨ ਪ੍ਰਕਾਰ ਦੀਆਂ ਦੱਸਦਾ ਹੈ। 'ਬਹੁਤ ਸਾਰੀਆਂ ਕਥਾਨਕ ਰੂੜ੍ਹੀਆਂ ਦਾ ਉਦੈ ਪਰਾ ਇਤਿਹਾਸਕ ਕਾਲ ਵਿੱਚ ਹੋਇਆ। ਕੁਝ ਰੂੜ੍ਹੀਆਂ

ਤਾਂ ਪਰੰਪਰਾਗਤ ਵਿਸ਼ਵਾਸ, ਮਨੌਤਾਂ ਤੇ ਸੰਕਲਪ ਹਨ, ਕੁਝ ਆਦਿਮ ਸੰਸਕ੍ਰਿਤੀਆਂ ਦੇ ਅਵਸ਼ੇਸ਼ ਤੇ ਵਹਿਮ-ਭਰਮ ਹਨ, ਕੁਝ ਰੂੜ੍ਹੀਆਂ ਪਰਾ ਕਲਪਨਾ ਵਿੱਚੋਂ ਉਪਜੀਆਂ ਹਨ ਅਤੇ ਕੁਝ ਕਾਵਿ ਕਲਪਨਾ ਤੇ ਜੀਵਨ ਅਨੁਭਵ ਦਾ ਫ਼ਲ ਹੈ। ਜਿਸ ਕਰ ਕੇ ਇਨ੍ਹਾਂ ਦੀ ਪ੍ਰਕਿਰਤੀ ਵੀ ਵੱਖਰੀ-ਵੱਖਰੀ ਹੈ। ਪ੍ਰਭਾਵ ਵੀ ਭਿੰਨ-ਭਿੰਨ ਹੈ, ਪਰ ਕਰਮ ਸਭ ਦਾ ਕਥਾ ਨੂੰ ਗਤੀ ਦੇਣ ਦਾ ਹੈ। ਸੁਭਾਅ ਦੇ ਪੱਖ ਤੋਂ ਕਥਾਨਕ ਰੂੜ੍ਹੀਆਂ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ :

1. ਸੰਸਾਰਕ ਜਾਂ ਵਾਸਤਵਿਕ
2. ਵਿਸ਼ਵਾਸਪਰਕ
3. ਅਧਦੈਵਿਕ[13]

ਸੰਸਾਰਕ ਜਾਂ ਵਾਸਤਵਿਕ ਰੂੜ੍ਹੀਆਂ ਜੀਵਨ ਦੇ ਵਰਤਾਰੇ, ਸਮਾਜਾਂ ਵਿੱਚ ਵਿਹਾਰ ਕਰਨ, ਰਿਸ਼ਤੇ ਨਾਤੇ, ਆਪਸੀ ਸੰਬੰਧਾਂ, ਚਰਿੱਤਰ ਆਦਿ ਵਾਸਤਵਿਕ ਜੀਵਨ ਵਿੱਚੋਂ ਲਈਆਂ ਹੁੰਦੀਆਂ ਹਨ। ਵਿਸ਼ਵਾਸਪਰਕ ਰੂੜ੍ਹੀਆਂ ਲੌਕਿਕ ਤੇ ਧਾਰਮਿਕ ਸੰਕਲਪਾਂ, ਵਿਸ਼ਵਾਸਾਂ, ਮਨੌਤਾਂ ਵਿੱਚੋਂ ਜਨਮ ਲੈਂਦੀਆਂ ਹਨ ਅਤੇ ਅਧਦੈਵਿਕ ਰੂੜ੍ਹੀਆਂ ਅਦਭੁੱਤ ਤੇ ਅਲੌਕਿਕ ਹੁੰਦੀਆਂ ਹਨ ਜਿਨ੍ਹਾਂ ਵਿੱਚ ਸਾਧਾਰਨ ਜ਼ਿੰਦਗੀ ਨਾਲੋਂ ਵੱਖਰੀ ਕਿਸਮ ਦੇ ਚਮਤਕਾਰ ਕਰ ਕੇ ਵਿਖਾਏ ਗਏ ਹੁੰਦੇ ਹਨ।

ਡਾ. ਕੰਵਲਜੀਤ ਗਰੋਵਰ ਨੇ ਘਟਨਾਤਮਕ ਵਿਸ਼ੇਸ਼ਤਾ ਦੇ ਆਧਾਰ 'ਤੇ ਇਨ੍ਹਾਂ ਕਥਾਨਿਕ ਰੂੜ੍ਹੀਆਂ ਦੇ ਕੁਝ ਵਰਗ ਬਣਾਏ ਹਨ :

1. ਕਰਾਮਾਤੀ ਕਥਾਨਕ ਰੂੜ੍ਹੀਆਂ
2. ਮਿਥਿਕ ਕਥਾਨਿਕ ਰੂੜ੍ਹੀਆਂ
3. ਨੈਤਿਕ/ਸੁਭਾਵਕ ਕਥਾਨਿਕ ਰੂੜ੍ਹੀਆਂ [14]

ਇਨ੍ਹਾਂ ਵਿੱਚ ਕਰਾਮਾਤੀ ਰੂੜ੍ਹੀਆਂ ਵਿੱਚ ਕਰਾਮਾਤਾਂ ਜਾਂ ਚਮਤਕਾਰਾਂ ਦਾ ਜ਼ਿਕਰ ਮਿਲਦਾ ਹੈ ਅਤੇ ਮਿਥਿਕ ਰੂੜ੍ਹੀਆਂ ਮਿਥਿਕ ਪ੍ਰਕਿਰਤੀ ਦੀਆਂ ਧਾਰਨੀ ਹੁੰਦੀਆਂ ਹਨ ਅਤੇ ਤੀਸਰੀ ਪ੍ਰਕਾਰ ਦੀਆਂ ਬੜੀਆਂ ਸਰਲ ਤੇ ਸੁਭਾਵਿਕ ਰੂੜ੍ਹੀਆਂ ਹੁੰਦੀਆਂ ਹਨ।

ਡਾ. ਕਰਨੈਲ ਸਿੰਘ ਥਿੰਦ ਨੇ ਇਨ੍ਹਾਂ ਕਥਾਨਿਕ ਰੂੜ੍ਹੀਆਂ ਨੂੰ ਚਾਰ ਵਰਗਾਂ ਵਿੱਚ ਵੰਡਿਆ ਹੈ :

1. ਪਾਤਰ-ਪਾਰਕ
2. ਘਟਨਾ-ਪਰਕ
3. ਵਸਤੂ-ਪਰਕ
4. ਵਿਸ਼ਵਾਸ-ਪਰਕ[15]

ਪਾਤਰ ਪਰਕ ਰੂੜ੍ਹੀਆਂ ਵਿੱਚ ਕਿਸੇ ਕਥਾ ਕਹਾਣੀ ਵਿੱਚ ਮਿਲਦੇ ਪਾਤਰ ਤੇ ਉਨ੍ਹਾਂ ਦਾ ਸੁਭਾਅ ਆਦਿ ਸ਼ਾਮਿਲ ਹੈ ਅਤੇ ਘਟਨਾ ਪਰਕ ਵਿੱਚ ਕਥਾ-ਕਹਾਣੀ ਵਿੱਚ ਮਿਲਦੀਆਂ ਘਟਨਾਵਾਂ ਦਾ ਜ਼ਿਕਰ ਆਉਂਦਾ ਹੈ। ਵਸਤੂ ਪਰਕ ਵਿੱਚ ਵੱਖ-ਵੱਖ ਮਿਲਦੀਆਂ ਵਸਤੂਆਂ ਆਉਂਦੀਆਂ ਹਨ ਅਤੇ ਵਿਸ਼ਵਾਸ-ਪਰਕ ਕਥਾਨਿਕ ਰੂੜ੍ਹੀਆਂ ਵਿੱਚ ਇਨ੍ਹਾਂ ਘਟਨਾਵਾਂ ਜਾਂ ਕਹਾਣੀਆਂ ਵਿੱਚ ਚਮਤਕਾਰ, ਕਰਾਮਾਤਾਂ, ਵਰ ਜਾਂ ਸਰਾਪ, ਸ਼ਗਨ-ਅਪਸ਼ਗਨ ਅਕਾਸ਼ਵਾਣੀ, ਗਿਣਤੀ ਆਦਿ ਬਾਰੇ ਦਿੱਤੇ ਗਏ ਵੇਰਵੇ ਮਿਲਦੇ ਹਨ।

ਟੈਂਪਲ ਵੱਲੋਂ ਇਕੱਤਰ ਕੀਤੀਆਂ ਇਨ੍ਹਾਂ ਦੰਤ-ਕਥਾਵਾਂ ਵਿੱਚ ਮਿਲਦੀਆਂ ਕਥਾਨਕ ਰੂੜ੍ਹੀਆਂ ਨੂੰ ਅਸੀਂ ਮੂਲ ਰੂਪ ਵਿੱਚ ਤਿੰਨ ਹਿੱਸਿਆਂ ਵਿੱਚ ਵੰਡ ਸਕਦੇ ਹਾਂ-

1. ਵਿਸ਼ਵਾਸ ਕਥਾਨਕ ਰੂੜ੍ਹੀਆਂ
2. ਚਮਤਕਾਰੀ ਕਥਾਨਕ ਰੂੜ੍ਹੀਆਂ
3. ਸੰਸਾਰਕ ਕਥਾਨਕ ਰੂੜ੍ਹੀਆਂ
ਸੰਭਾਵੀ ਕਥਾਨਕ ਰੂੜ੍ਹੀਆਂ
ਸੰਭਵ ਕਥਾਨਕ ਰੂੜ੍ਹੀਆਂ
ਸੁਭਾਵਕ ਕਥਾਨਕ ਰੂੜ੍ਹੀਆਂ

**1. ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ**

ਵਿਸ਼ਵਾਸ ਇਕ ਮਨੋਵਿਗਿਆਨਕ ਸੱਚਾਈ ਹੈ ਜਿਸ ਤੋਂ ਭਾਵ ਕਿਸੇ ਪ੍ਰਚੱਲਿਤ ਵਿਚਾਰ, ਕਥਾਨ, ਵਿਹਾਰ, ਵਸਤੂ ਕਾਰਜ ਵਿੱਚ ਯਕੀਨ ਕਰਨ ਤੋਂ ਹੈ। ਇਹ ਵਿਅਕਤੀਗਤ ਵੀ ਹੋ ਸਕਦੇ ਹਨ ਅਤੇ ਸਮੂਹਿਕ ਵੀ। ਨਿੱਜੀ ਵਿਸ਼ਵਾਸ ਨਿੱਜ ਨਾਲ ਸੰਬੰਧਿਤ ਹੁੰਦਾ ਹੈ ਜਿਸ ਵਿੱਚ ਕਿਸੇ ਦੂਸਰੇ ਦੀ ਦਖ਼ਲਅੰਦਾਜ਼ੀ ਨਹੀਂ ਹੁੰਦੀ ਪਰ ਸਮੂਹਿਕ ਵਿਸ਼ਵਾਸ ਉਦੋਂ ਬਣਦਾ ਹੈ ਜਦੋਂ ਉਸ ਦੇ ਮੰਨਣ ਵਾਲਿਆਂ ਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ। ਕਈ ਵਾਰੀ ਵਹਿਮ-ਭਰਮ ਤੇ ਵਿਸ਼ਵਾਸ ਵਿੱਚ ਅੰਤਰ ਨਿਖੇੜ ਕਰਨਾ ਅਸੰਭਵ ਹੋ ਜਾਂਦਾ ਹੈ ਕਿਉਂਕਿ ਕਈ ਵਾਰੀ ਇਕ ਵਿਸ਼ਵਾਸ ਕਿਸੇ ਦੂਸਰੇ ਲਈ ਵਹਿਮ ਬਣ ਜਾਂਦਾ ਹੈ। ਕਈ ਵਿਸ਼ਵਾਸ ਧਰਮ, ਪੂਜਾ ਅਤੇ ਪੂਜਾ-ਵਿਧੀਆਂ ਨਾਲ ਸੰਬੰਧਿਤ ਹੁੰਦੇ ਹਨ ਅਤੇ ਕਈ ਸਭਿਆਚਾਰਕ ਹੁੰਦੇ ਹਨ, ਜਿਨ੍ਹਾਂ ਵਿੱਚੋਂ ਕਈ ਸਮਾਜਕ ਵਰਤਾਰੇ, ਆਰਥਿਕਤਾ, ਜੀਵਨ ਤੇ ਜੀਵਤ ਰਹਿਣ ਦੀਆਂ ਲਾਲਸਾਵਾਂ ਨਾਲ ਜੁੜੇ ਹੁੰਦੇ ਹਨ। ਡਰ, ਭੈਅ, ਸ਼ਰਧਾ ਨੇ ਅਨੇਕਾਂ ਵਿਸ਼ਵਾਸਾਂ ਨੂੰ ਜਨਮ ਦਿੱਤਾ ਹੈ। ਆਦਿ ਕਾਲ ਤੋਂ ਮਨੁੱਖ ਜਿਨ੍ਹਾਂ ਕੁਦਰਤੀ ਵਰਤਾਰਿਆਂ ਕੋਲੋਂ ਡਰਦਾ ਰਿਹਾ, ਉਨ੍ਹਾਂ ਸੰਬੰਧੀ ਵਿਸ਼ਵਾਸ ਉਪਜਾ ਲਏ। ਮਨੁੱਖ ਦੇ ਵਿਗਿਆਨਕ ਸੂਝ ਆਉਣ ਨਾਲ ਇਨ੍ਹਾਂ ਵਿਸ਼ਵਾਸਾਂ ਨੂੰ ਧੱਕਾ ਲਗਾ ਹੈ ਪਰ ਇਹ ਸਥਿਤੀਆਂ ਪਰਿਸਥਿਤੀਆਂ ਅਨੁਸਾਰ ਬਦਲਦੇ ਰਹਿੰਦੇ ਹਨ। ਵਿਸ਼ਵਾਸ ਸੰਬੰਧੀ ਰੀਵਜ਼ ਅਤੇ ਬਾਸਵੈਲ ਦਾ ਕਥਨ ਵੇਖਣ ਯੋਗ ਹੈ-

"ਵਿਸ਼ਵਾਸ ਪਰੰਪਰਾਗਤ ਤੌਰ 'ਤੇ ਪ੍ਰਵਾਨ ਕਰ ਲਈ ਗਈ ਧਾਰਨਾ ਹੈ। ਇਸ ਵਿੱਚ ਅਜਿਹੇ ਅਦਭੁਤ (ਪਰਾਸ਼ਰੀਰਕ) ਵਿਸ਼ਵਾਸ ਆ ਜਾਂਦੇ ਹਨ ਜਿਨ੍ਹਾਂ ਨੂੰ ਲੋਕਾਂ ਨਾਲ ਸੰਬੰਧਿਤ ਕਰਨ ਅਤੇ ਪ੍ਰਭਾਵ ਦੀ ਭਾਵਾਤਮਕ ਸਾਂਝ ਦੇ ਨਤੀਜੇ ਵਜੋਂ ਉਸਾਰਨ ਵਿੱਚ ਅਣਗਿਣਤ ਪੀੜ੍ਹੀਆਂ ਬੀਤ ਚੁੱਕੀਆਂ ਹੁੰਦੀਆਂ ਹਨ। ਇਸ ਪ੍ਰਕਾਰ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਵਿਸ਼ਵਾਸ ਸ਼ਬਦ ਵਿੱਚ ਸਾਰੀਆਂ ਭਾਵਾਤਮਕ ਜਾਂ ਤਰਕ ਰਹਿਤ ਭਾਵਨਾਵਾਂ ਸੰਮਿਲਤ ਹਨ। ਇਸ ਵਿਚ ਪੁਰਾਣ, ਸ਼ਾਸਤ੍ਰ ਅਤੇ ਜੋਤਿਸ਼ ਵਰਗੀਆਂ ਚੀਜ਼ਾਂ ਵੀ ਆ ਜਾਂਦੀਆਂ ਹਨ। ਬਹੁਤੇ ਲੋਕਾਂ ਲਈ ਇਹ ਅੰਧ ਵਿਸ਼ਵਾਸ ਹੀ ਹਨ।"[17]

## ਟੈਂਪਲ ਵੱਲੋਂ ਇਕੱਤਰ ਦੰਤ ਕਥਾਵਾਂ ਵਿਚ ਵਿਸ਼ਵਾਸਪਰਕ

**ਕਥਾਨਕ ਰੂੜ੍ਹੀਆਂ**

**1. ਭਵਿੱਖਬਾਣੀਆਂ**

ਭਵਿੱਖ ਬਾਰੇ ਜਾਣਨ ਦੀ ਇੱਛਾ ਹਰ ਵਿਅਕਤੀ ਵਿਚ ਹੁੰਦੀ ਹੈ ਪਰ ਮੱਧਕਾਲ ਵਿੱਚ ਜਦੋਂ ਵਿਗਿਆਨ ਨੇ ਏਨੀ ਤਰੱਕੀ ਨਹੀਂ ਸੀ ਕੀਤੀ ਤਾਂ ਲੋਕਾਂ ਦਾ ਵਿਸ਼ਵਾਸ ਜੋਤਸ਼ੀਆਂ, ਪੰਡਤਾਂ, ਪੱਤਰਾ ਵਾਚਣ ਵਾਲਿਆਂ ਉੱਤੇ ਬੜਾ ਅਟੱਲ ਹੁੰਦਾ ਸੀ। ਇਸ ਰੂੜ੍ਹੀ ਦਾ ਪ੍ਰਯੋਗ ਤਕਰੀਬਨ ਹਰ ਧਰਮ ਵਿੱਚ ਮਿਲਦਾ ਹੈ। ਰਚਨਾਕਾਰ ਅਜਿਹੀ ਰੂੜ੍ਹੀ ਵਰਤ ਕੇ ਪਾਤਰ ਦੀ ਸ਼ਖ਼ਸੀਅਤ ਦਾ

ਵਿਕਾਸ ਕਰਦਾ ਹੈ। ਪਵਿੱਤਰ ਬਾਈਬਲ ਵਿੱਚ ਬਹੁਤ ਸਾਰੀਆਂ ਭਵਿੱਖ ਬਾਣੀਆਂ ਮਿਲਦੀਆਂ ਹਨ ਪਰ ਯਿਸੂ ਮਸੀਹ ਦੇ ਜਨਮ ਬਾਰੇ ਭਵਿੱਖ ਬਾਣੀ ਬੜੀ ਅਹਿਮ ਹੈ। ਜਿਸ ਵਿੱਚ ਪਹਿਲਾਂ ਹੀ ਲਿਖਤਾਂ ਵਿੱਚ ਉਸ ਦੇ ਜਨਮ ਬਾਰੇ ਦੱਸਿਆ ਗਿਆ ਹੈ।[18] ਯਿਸੂ ਦੇ ਜਨਮ ਬਾਰੇ ਵੀ ਜੋਤਸ਼ੀਆਂ ਵੱਲੋਂ ਤਾਰਿਆਂ ਦੇ ਗਿਆਨ ਰਾਹੀਂ ਮਹਾਨ ਵਿਅਕਤੀ ਦੇ ਜਨਮ ਦੀ ਗੱਲ ਦੱਸੀ ਗਈ ਹੈ।[19]

ਇਨ੍ਹਾਂ ਦੰਤ-ਕਥਾਵਾਂ ਵਿੱਚ ਪੂਰਨ ਭਗਤ ਦੇ ਕਿੱਸੇ ਵਿੱਚ ਪੂਰਨ ਦੇ ਜਨਮ ਤੋਂ ਪਹਿਲਾਂ ਪੂਰਨ ਦੇ ਜਨਮ ਬਾਰੇ ਫ਼ਕੀਰਾਂ ਕੋਲੋਂ ਪੁੱਛਿਆ ਜਾਂਦਾ ਹੈ ਕਿ ਪੈਦਾ ਹੋਣ ਵਾਲਾ ਬੱਚਾ ਮੁੰਡਾ ਹੋਵੇਗਾ ਜਾਂ ਕੁੜੀ। ਉਹ ਲੜਕਾ ਹੋਣ ਬਾਰੇ ਆਖਦੇ ਹਨ।[20] ਇਸ ਤਰ੍ਹਾਂ ਸੱਸੀ ਪੁੰਨੂੰ ਦੇ ਪਾਠ ਵਿੱਚ ਵੀ ਨਜ਼ੂਮੀ ਨੇ ਦੱਸਿਆ ਕਿ ਇਹ ਲੜਕੀ ਵੱਡੀ ਹੋ ਕੇ ਕੁਲ ਨੂੰ ਦਾਗ਼ ਲਾਵੇਗੀ।[21] ਰਾਜਾ ਰਸਾਲੂ ਦੇ ਕਾਰਨਾਮਿਆਂ ਵਿਚ ਵੀ ਦੱਸੀ ਕਹਾਣੀ ਅਨੁਸਾਰ ਜਦੋਂ ਲੂਣਾ ਗਰਭਵਤੀ ਸੀ ਤਾਂ ਤਿੰਨ ਜੋਗੀ ਆਏ, ਉਨ੍ਹਾਂ ਕੋਲੋਂ ਪੁੱਛਿਆ ਗਿਆ ਕਿ ਪੈਦਾ ਹੋਣ ਵਾਲਾ ਬੱਚਾ ਲੜਕਾ ਹੋਵੇਗਾ ਕਿ ਲੜਕੀ ਤਾਂ ਉਨ੍ਹਾਂ ਦੱਸਿਆ ਕਿ ਉਹ ਲੜਕਾ ਹੋਵੇਗਾ ਅਤੇ ਇਹ ਵੀ ਦੱਸਿਆ ਕਿ ਉਹ ਐਤਵਾਰ ਨੂੰ ਗਰਭ ਵਿੱਚ ਪਿਆ ਤੇ ਮੰਗਲਵਾਰ ਨੂੰ ਪੈਦਾ ਹੋਵੇਗਾ।[22]

**2. ਸ਼ਗਨ-ਅਪਸ਼ਗਨ**

ਆਦਿ-ਕਾਲ ਤੋਂ ਹੀ ਮਨੁੱਖ ਸ਼ਗਨ-ਅਪਸ਼ਗਨਾਂ ਬਾਰੇ ਵਿਸ਼ਵਾਸ ਰੱਖਦਾ ਆਇਆ ਹੈ। ਸ਼ਗਨ ਦਾ ਅਰਥ ਚੰਗਾ ਤੇ ਅਪਸ਼ਗਨ ਦਾ ਅਰਥ ਮਾੜੇ ਕਰਮ ਜਾਂ ਨਤੀਜੇ ਤੋਂ ਲਿਆ ਜਾਂਦਾ ਹੈ। ਇਸ ਤਰ੍ਹਾਂ ਇਕ ਕਿਸਮ ਨਾਲ ਇਹ ਚੰਗੇ ਮਾੜੇ ਦੀ ਭਵਿੱਖਬਾਣੀ ਹੋਈ ਕਹੀ ਜਾ ਸਕਦੀ ਹੈ। ਇਹ ਵੈਸੇ ਵੀ ਸਾਡੀ ਜ਼ਿੰਦਗੀ ਤੇ ਨਿੱਤ ਵਰਤੋਂ ਵਿਹਾਰ ਦਾ ਵੱਡਾ ਹਿੱਸਾ ਬਣ ਗਏ ਹਨ। ਆਦਮੀਆਂ, ਔਰਤਾਂ, ਬੱਚਿਆਂ, ਨਿਮਨ ਵਰਗ, ਗਰਭਵਤੀ ਔਰਤਾਂ, ਪੰਛੀਆਂ, ਦਿਸ਼ਾ, ਸੁਭਾਅ ਆਦਿ ਵੀ ਸ਼ਗਨ ਅਪਸ਼ਗਨ ਦਾ ਕਾਰਣ ਬਣ ਜਾਂਦੇ ਹਨ। ਉਪਰੋਕਤ ਕਹਾਣੀਆਂ ਵਿੱਚ ਚੂਹੜ ਸਿੰਘ ਦੀ ਵੀਰ ਗਾਥਾ ਵਿਚ ਜਦੋਂ ਉਹ ਲੜਾਈ ਤੇ ਜਾਣ ਲੱਗਦਾ ਹੈ ਤਾਂ ਅੱਗੋਂ ਇਕ ਚੂਹੜਾ ਲੱਕੜੀਆਂ ਦੀ ਭਰੀ ਲੈ ਕੇ ਲੰਘਦਾ ਹੈ। ਇਸ ਨੂੰ ਬੁਰਾ ਸ਼ਗਨ ਜਾਂ ਅਪਸ਼ਗਨ ਸਮਝ ਲਿਆ ਜਾਂਦਾ ਹੈ ਅਤੇ ਨਾਲ ਹੀ ਉਸ ਦੇ ਮਨ ਵਿੱਚ ਵਿਚਾਰ ਆ ਜਾਂਦਾ ਹੈ ਕਿ ਹੁਣ ਮੇਰੀ ਹਾਰ ਹੀ ਹੋਵੇਗੀ।[23] ਪੰਛੀਆਂ ਬਾਰੇ ਵੀ ਸ਼ਗਨ-ਅਪਸ਼ਗਨਾਂ ਦੀ ਭਰਮਾਰ ਪੰਜਾਬੀ ਮੱਧਕਾਲੀ ਸਾਹਿਤ ਵਿੱਚ ਮਿਲਦੀ ਹੈ ਅਤੇ ਅੱਜ ਵੀ ਮੌਜੂਦ ਹਨ। ਅਸੀਂ ਕਈ ਪੰਛੀਆਂ ਨੂੰ ਆਪਣੇ ਲਈ ਚੰਗਾ ਸਮਝਦੇ ਹਾਂ ਅਤੇ ਕਈਆਂ ਨੂੰ ਮਾੜਾ। ਪੂਰਨ ਭਗਤ ਦੇ ਕਿੱਸੇ ਵਿੱਚ ਜਦੋਂ ਰਾਜਾ ਸਲਵਾਨ ਲੂਣਾ ਨੂੰ ਵਿਆਹ ਕੇ ਲਿਜਾ ਰਿਹਾ ਸੀ ਤਾਂ ਰਸਤੇ ਵਿੱਚ ਸੱਜੇ ਤਿਲੀਅਰ ਬੋਲਿਆ ਤੇ ਖੱਬੇ ਕਾਲਾ ਕਾਂ ਜਿਹੜਾ ਕਿ ਅਪਸ਼ਗਨ ਹੈ ਉਸ ਦਾ ਇਕ ਸਾਥੀ ਵੀ ਆਖਦਾ ਹੈ ਕਿ ਵਿਆਹ ਕੇ ਲੈ ਚੱਲਿਆਂ, ਹੁਣ ਛਿੱਤਰਾਂ ਦੀ ਥਾਂ ਕੁਝ ਨਹੀਂ ਮਿਲਣਾ।[24] ਇਸੇ ਤਰ੍ਹਾਂ ਇਨ੍ਹਾਂ ਦੰਤ ਕਥਾਵਾਂ ਵਿੱਚ ਕੁਰਾਨ ਵਿੱਚ ਕਬੂਤਰੀ ਦਾ ਆਂਡਾ ਰੱਖਣਾ। ਜਿਸ ਨਾਲ ਕਸਮ ਹੀ ਝੂਠੀ ਪੈ ਜਾਵੇ, ਬਾਰਾਂ ਬਾਵੀਂ ਦੇ ਸੱਯਦ ਆਮਮੂੰ।[25] ਨਿੱਛ ਮਾਰਨੀ ਭਾਵੇਂ ਕਈਆਂ ਦੇਸ਼ਾਂ ਵਿੱਚ ਚੰਗਾ ਵੀ ਸਮਝਿਆ ਜਾਂਦਾ ਹੈ ਪਰ ਭਾਰਤੀ ਪਰੰਪਰਾ ਵਿੱਚ ਇਹ ਬਦਸ਼ਗਨੀ ਹੈ ਅਤੇ ਕੰਮ ਨਾ ਹੋਣ ਦੀ ਨਿਸ਼ਾਨੀ ਸਮਝੀ ਜਾਂਦੀ ਹੈ। ਉਸੇ ਤਰ੍ਹਾਂ ਲੜਾਈ ਤੇ ਜਾਣ ਲੱਗਿਆਂ ਬਹਾਦਰ ਨੂੰ ਦੁੱਧ ਦਾ ਗਲਾਸ ਭੇਟ ਕਰਨਾ ਵੀ ਬਦਸ਼ਗਨੀ ਹੈ ਜਿਹੜੀ ਕਿ ਰਾਜਾ ਜਗਦੇਓ ਦੀ ਕਹਾਣੀ ਵਿਚ ਮਿਲਦਾ ਹੈ।[26]

ਇਹ ਰੂੜ੍ਹੀ ਭਾਰਤੀ ਕਥਾਕਾਰਾਂ ਦੀ ਹਰਮਨ ਪਿਆਰੀ ਰੂੜ੍ਹੀ ਹੈ ਅਤੇ ਹਰ ਕਥਾਕਾਰ ਚੰਗੇ-ਮੰਦੇ ਕਾਰਜ ਦੀ ਭਵਿੱਖਬਾਣੀ ਇਸ ਜੁਗਤ ਰਾਹੀਂ ਪੇਸ਼ ਕਰ ਦਿੱਤੀ ਜਾਂਦੀ ਹੈ।

**ਵਰ ਤੇ ਸਰਾਪ**

ਵਰ ਤੇ ਸਰਾਪਾਂ ਵਿੱਚ ਲੋਕ ਮਨ ਦਾ ਪੂਰਨ ਵਿਸ਼ਵਾਸ ਜੁੜਿਆ ਹੋਇਆ ਹੈ। ਪੰਜਾਬੀਆਂ ਦੇ ਨਾਇਕ ਵੀ ਰਾਜਾ ਮਹਾਰਾਜਾ ਨਾ ਹੋ ਕੇ ਇਹੀ ਦੇਵੀ, ਦੇਵਤੇ, ਸੰਤ, ਫ਼ਕੀਰ ਅਤੇ ਜੋਗੀ ਹਨ ਜਿਨ੍ਹਾਂ ਨੇ ਆਪਣੀ ਤਪੱਸਿਆ ਨਾਲ ਕਈ ਅਲੌਕਿਕ ਗੁਣ ਪ੍ਰਾਪਤ ਕੀਤੇ ਸਨ ਅਤੇ ਇਹ ਕਿਸੇ ਨੂੰ ਵਰ ਜਾਂ ਸਰਾਪ ਦੇ ਦਿੰਦੇ ਸਨ। ਵਰ ਨਾਲ ਬੇ-ਔਲਾਦਾਂ ਨੂੰ ਔਲਾਦ, ਅੰਨ੍ਹਿਆਂ ਨੂੰ ਅੱਖਾਂ, ਅਤੇ ਪੁੱਤਰ ਦੀ ਪ੍ਰਾਪਤੀ ਹੋ ਜਾਂਦੀ ਮੰਨੀ ਜਾਂਦੀ ਸੀ ਅਤੇ ਸਰਾਪ ਨਾਲ ਵਿਛੋੜਾ, ਮੌਤ, ਔਲਾਦ ਦੇ ਕਮਲੇ ਹੋਣਾ ਜਾਂ ਕੁਦਰਤੀ ਆਫ਼ਤਾਂ ਆਦਿ ਵਾਪਰ ਸਕਦੀਆਂ ਸਨ। ਇਨ੍ਹਾਂ ਦੰਤ-ਕਥਾਵਾਂ ਵਿੱਚੋਂ 'ਪੂਰਨ ਭਗਤ ਦੀ ਗਾਥਾ' ਵਿੱਚ ਪਰੀਛਤ ਰਾਜਾ ਜੋ ਬੜਾ ਬਲਵਾਨ ਸੀ। ਸ਼ਿਕਾਰ ਖੇਡਦਿਆਂ ਇਕ ਮੋਏ ਸੱਪ ਨੂੰ ਇਕ ਤਪੱਸਵੀ ਦੇ ਗਲ ਵਿੱਚ ਪਾ ਦਿੰਦਾ ਹੈ ਪਰ ਰਿਸ਼ੀ ਦੇ ਸਰਾਪ ਨਾਲ ਰਾਜਾ ਨੇ ਸੱਪ ਨੂੰ ਮਾਰ ਦਿੱਤਾ।[27] ਜਦੋਂ ਬਾਸ਼ਕ ਰਾਜਾ 300 ਮਿਰਗਾਨੀਆਂ ਦੇ ਮਿਰਗ ਸੋਹਨ ਮਿਰਗ ਨੂੰ ਮਾਰ ਦਿੰਦਾ ਹੈ ਜਿਸ ਨੂੰ ਛੱਡਣ ਲਈ ਮਿਰਗਾਨੀਆਂ ਨੇ ਬੜਾ ਤਰਲਾ ਮਾਰਿਆ ਸੀ ਤਾਂ ਉਸ ਦੀ ਮੌਤ ਤੇ ਮਿਰਗਾਨੀਆਂ ਰਾਜਾ ਬਾਸ਼ਕ ਨੂੰ ਸਰਾਪ ਦਿੰਦੀਆਂ ਹਨ ਕਿ ਇਸੇ ਤਰ੍ਹਾਂ ਤੇਰੀ ਰਾਣੀ ਨਿਉਲ ਦੇਈ ਵੀ ਵਰਲਾਪ ਕਰੇ।[28]

ਮੱਧਕਾਲ ਦੇ ਸਾਹਿਤ ਵਿੱਚ ਇਸ ਤਰ੍ਹਾਂ ਦੇ ਵਰ ਤੇ ਸਰਾਪ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। ਮਹਾਭਾਰਤ, ਰਾਮਚਰਿਤ ਮਾਨਸ, ਪਵਿੱਤਰ ਬਾਈਬਲ ਵਿੱਚ ਵੀ ਵਰ ਤੇ ਸਰਾਪ ਦੀਆਂ ਉਦਾਹਰਣਾਂ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਦੰਤ-ਕਥਾਵਾਂ ਵਿੱਚ ਵਰ ਤੇ ਸਰਾਪ ਦਾ ਆਮ ਜਨਤਾ ਨਾਲ ਨੇੜੇ ਦਾ ਰਿਸ਼ਤਾ ਲੱਗਦਾ ਹੈ।

**4. ਸੁਪਨੇ ਵਿੱਚ ਕਿਸੇ ਘਟਨਾ ਦੀ ਅਗਾਊਂ ਜਾਣਕਾਰੀ ਮਿਲਣਾ:**

ਸੁਪਨਿਆਂ ਬਾਰੇ ਵਿਸ਼ਵਾਸ ਭਾਰਤੀ ਪਰੰਪਰਾ ਵਿੱਚ ਹੀ ਨਹੀਂ, ਸਗੋਂ ਦੁਨੀਆਂ ਭਰ ਵਿੱਚ ਮਿਲਦਾ ਹੈ। ਇਸ ਲਈ ਇਹ ਰੂੜ੍ਹੀ ਜਗਤ ਪ੍ਰਸਿੱਧ ਹੈ। ਕਈ ਵਾਰੀ ਤਾਂ ਸੁਪਨੇ ਦਾ ਅਰਥ ਵੀ ਨਾਲ ਹੀ ਪਤਾ ਲੱਗ ਜਾਂਦਾ ਹੈ। ਪਰ ਕਈ ਵਾਰੀ ਸੁਪਨਿਆਂ ਦੇ ਅਰਥ ਦੱਸਣ ਵਾਲਾ ਕੋਈ ਹੋਰ ਹੁੰਦਾ ਹੈ ਜਿਵੇਂ ਕਿ ਬਾਈਬਲ ਅਨੁਸਾਰ ਯੂਸਫ਼ ਸੁਪਨਿਆਂ ਦੇ ਅਰਥ ਦੱਸਣ ਵਾਲਾ ਸੀ। ਪਹਿਲਾਂ ਤਾਂ ਉਸ ਨੇ ਮਿਸਰ ਦੇ ਰਾਜੇ ਦੇ ਰਸੋਈਏ ਅਤੇ ਸਾਕੀ ਨੂੰ ਜੇਲ੍ਹ ਵਿੱਚ ਸੁਪਨੇ ਦੇ ਅਰਥ ਦੱਸੇ ਅਤੇ ਬਾਅਦ ਵਿੱਚ ਜਦੋਂ ਰਾਜਾ ਨੂੰ ਪਤਾ ਲੱਗਾ ਅਤੇ ਸੁਪਨੇ ਦੇ ਦੱਸੇ ਅਨੁਸਾਰ ਹੀ ਹੋਇਆ ਤਾਂ ਯੂਸਫ਼ ਨੂੰ ਉੱਚੀ ਪਦਵੀ ਦਿੱਤੀ ਗਈ।[29] ਯਾਕੂਬ ਨੂੰ ਵੀ ਸੁਪਨਾ ਆਇਆ ਜਿਸ ਵਿੱਚ ਪ੍ਰਮੇਸ਼ਵਰ ਦੇ ਦਰਸ਼ਨ ਹੋਏ।[30] ਯਿਸੂ ਦੇ ਜਨਮ ਸਮੇਂ ਜਦੋਂ ਹੈਰੋਦੇਸ ਉਸ ਨੂੰ ਮਰਵਾਉਣਾ ਚਾਹੁੰਦਾ ਸੀ ਤਾਂ ਜੋਤਸ਼ੀਆਂ ਅਤੇ ਯੂਸਫ਼ ਨੂੰ ਵੀ ਸੁਪਨੇ ਵਿੱਚ ਹੀ ਅਗਾਊਂ ਕੀ ਕਰਨਾ ਹੈ, ਦੱਸਿਆ ਗਿਆ।[31] ਦੁਨੀਆਂ ਦੇ ਹੋਰ ਗ੍ਰੰਥਾਂ ਵਿੱਚ ਵੀ ਸੁਪਨਿਆਂ ਦਾ ਜ਼ਿਕਰ ਮਿਲਦਾ ਹੈ। ਮੱਧਕਾਲ ਵਿੱਚ ਇਨ੍ਹਾਂ ਦੀ ਮਿਸਾਲ ਇਨ੍ਹਾਂ ਦੰਤ ਕਥਾਵਾਂ ਤੋਂ ਵੇਖ ਜਾ ਸਕਦੀ ਹੈ ਜਿਵੇਂ 'ਹੀਰ ਰਾਂਝੇ ਦਾ ਵਿਆਹ' ਵਿੱਚ ਹੀਰ ਨੂੰ ਸੁਪਨਾ ਆਉਂਦਾ ਹੈ ਕਿ ਕੋਈ ਉਸ ਦੀ ਸੇਜ 'ਤੇ ਸੌਂ ਰਿਹਾ ਹੈ।[32] ਮੁਰਾਦ ਨੂੰ ਵੀ ਇਸ ਗੱਲ ਦਾ ਸੁਪਨੇ ਵਿੱਚ ਹੀ ਪਤਾ ਲੱਗ ਜਾਂਦਾ ਹੈ ਕਿ ਜਦੋਂ ਰਾਂਝੇ ਤੇ ਹੀਰ ਦਾ ਮਿਲਾਪ ਹੋ ਜਾਂਦਾ ਹੈ ਤੇ ਸਹਿਤੀ ਵੇਖਦੀ ਰਹਿੰਦੀ ਹੈ ਤਾਂ ਰਾਂਝਾ ਗੋਰਖ ਨਾਥ ਨੂੰ ਧਿਆਉਂਦਾ ਹੈ। ਜਿਸ ਨਾਲ ਮੁਰਾਦ ਨੂੰ ਸੁਪਨਾ ਆ ਜਾਂਦਾ ਹੈ ਅਤੇ ਉਹ ਉਸ ਨੂੰ ਮਿਲਣ ਲਈ ਤੁਰ ਪੈਂਦਾ ਹੈ।[33] "ਰਾਜਕੁਮਾਰੀ ਅਧਿਕ ਅਨੂਪ ਦਈ" ਦੀ ਗਾਥਾ ਵਿੱਚ ਰਾਜੇ ਨੂੰ ਸੁਪਨਾ ਆਉਂਦਾ ਹੈ ਕਿ ਕਨੌਜ ਸ਼ਹਿਰ ਦੀ ਰਾਣੀ ਅਧਿਕ ਅਨੂਪ ਦਈ ਹੈ। ਉਹ ਜਦੋਂ ਹੱਸਦੀ ਹੈ ਤਾਂ ਫੁੱਲ ਕਿਰਦੇ ਹਨ,

ਰੋਂਦੀ ਹੈ ਤਾਂ ਅੱਥਰੂਆਂ ਦਾ ਥਾਲ ਭਰ ਜਾਂਦਾ ਹੈ। ਰਾਜਾ ਉਸ ਰਾਣੀ ਨੂੰ ਮਿਲਣ ਦੀ ਇੱਛਾ ਪ੍ਰਗਟ ਕਰਦਾ ਹੈ।[34] ਨੇਗੀ ਬਹਾਦਰ ਦੇ ਗੀਤ ਵਿੱਚ ਵੀ ਦੇਵੀ ਸੁਪਨੇ ਵਿੱਚ ਨੇਗੀ ਬਹਾਦਰ ਨੂੰ ਵੇਖਦੀ ਹੈ।[35] ਰਾਜਕੁਮਾਰੀ ਨਿਊਲ ਦਈ ਵਿੱਚ ਵੀ ਬਾਸ਼ਕ ਨਾਗ ਨੂੰ ਸੁਪਨਾ ਆਉਂਦਾ ਹੈ ਅਤੇ ਉਸ ਵਿਚ ਹੀ ਸਾਰੀ ਕਹਾਣੀ ਚਲਦੀ ਹੈ।[36] ਇਸ ਤਰ੍ਹਾਂ ਸੁਪਨੇ ਦੀ ਜੁਗਤ ਕਹਾਣੀਕਾਰ ਲਈ ਐਸੀ ਤਕਨੀਕ ਹੈ ਕਿ ਜਿਥੇ ਉਸ ਨੂੰ ਕਹਾਣੀ ਟੁੱਟਦੀ ਨਜ਼ਰ ਆਉਂਦੀ ਹੈ, ਉਹ ਇਸਦੀ ਸਹਾਇਤਾ ਲੈ ਸਕਦਾ ਹੈ।

**ਪ੍ਰਾਰਥਨਾ ਜਾਂ ਅਰਦਾਸ ਸੰਬੰਧੀ**

ਪ੍ਰਾਰਥਨਾ ਜਾਂ ਅਰਦਾਸ ਵਿੱਚ ਲੋਕਾਂ ਦਾਂ ਅਟੱਲ ਵਿਸ਼ਵਾਸ ਹੁੰਦਾ ਹੈ। ਵੱਖ-ਵੱਖ ਧਰਮਾਂ ਵਿੱਚ ਪ੍ਰਾਰਥਨਾ ਦੀਆਂ ਵੀ ਅਲੱਗ-ਅਲੱਗ ਵਿਧੀਆਂ ਹਨ। ਇਸ ਨਾਲ ਵਿਅਕਤੀ ਆਪਣਾ ਸਿੱਧਾ ਰਿਸ਼ਤਾ ਪ੍ਰਮਾਤਮਾ ਨਾਲ ਸਮਝਦਾ ਹੈ। ਲੋਕ ਵੱਖ-ਵੱਖ ਦੇਵੀ ਦੇਵਤਿਆਂ, ਸਥਾਨਕ ਪੀਰਾਂ, ਫ਼ਕੀਰਾਂ ਕੋਲ ਪ੍ਰਾਰਥਨਾ ਕਰਦੇ ਹਨ, ਜਿਸ ਦੇ ਕਬੂਲ ਹੋਣ ਤੇ ਮਨ-ਇੱਛਤ ਫ਼ਲ ਦੀ ਪ੍ਰਾਪਤੀ ਹੋ ਜਾਂਦੀ ਹੈ। ਪੰਜਾਬ ਦੀਆਂ ਲੋਕ-ਗਾਥਾਵਾਂ ਵਿੱਚ ਪ੍ਰਾਰਥਨਾਵਾਂ ਦਾ ਜ਼ਿਕਰ ਮਿਲਦਾ ਹੈ। 'ਸਖੀ ਸਰਵਰ ਦਾ ਵਿਆਹ' ਵਿੱਚ ਸਖੀ ਸਰਵਰ ਨੇ ਪ੍ਰਮਾਤਮਾ ਕੋਲੋਂ ਪ੍ਰਾਰਥਨਾ ਕਰ ਕੇ ਬੀਜ ਬੀਜਿਆ ਅਤੇ ਮਾੜੀ ਜ਼ਮੀਨ ਹੋਣ ਦੇ ਬਾਵਜੂਦ ਵੀ ਫ਼ਸਲ ਬਹੁਤ ਵਧੀਆ ਹੋ ਗਈ, ਜਿਸ ਤੋਂ ਈਰਖਾ ਕਰ ਕੇ ਭਰਾਵਾਂ ਨੇ ਜ਼ਮੀਨ ਦੀ ਵੰਡ ਹੀ ਦੁਬਾਰਾ ਕਰਨ ਦੀ ਗੱਲ ਸ਼ੁਰੂ ਕਰ ਦਿੱਤੀ।[37] ਇਸੇ ਕਹਾਣੀ ਵਿੱਚ ਹਾਕਮ ਨੇ ਸਖੀ ਸਰਵਰ ਦੀ ਸ਼ਕਤੀ ਪਰਖਣ ਲਈ ਖ਼ਾਲੀ ਪਾਣੀ ਵਾਲਾ ਘੜਾ ਤੇ ਭਾਂਡਾ ਭੇਜਿਆ ਪਰ ਅਰਦਾਸ ਕਰਨ ਤੇ ਉਹ ਦੁੱਧ ਤੇ ਚੌਲਾਂ ਨਾਲ ਭਰ ਗਿਆ।[38] ਬਾਨਾਸੁਰ ਦੀ ਲੋਕ-ਗਾਥਾ ਵਿੱਚ ਬਾਨਾਸੁਰ ਇਕ ਸ਼ਕਤੀਸ਼ਾਲੀ ਰਾਜਾ ਸੀ, ਜੋ ਆਏ ਦਿਨ ਯੁੱਧ ਕਰਦਾ ਸੀ। ਉਸ ਨੇ ਆਪਣੀ ਪੁੱਤਰੀ ਨੂੰ ਯੁੱਧ 'ਚ ਵਿਜੈਈ ਰਹਿਣ ਲਈ ਪ੍ਰਾਰਥਨਾ ਕਰਨ ਲਈ ਕਿਹਾ। ਉਸ ਨੇ ਯੁੱਧ ਦੀ ਜਿੱਤ ਤੇ ਆਪਣੇ ਲਈ ਪਤੀ ਦੀ ਪ੍ਰਾਰਥਨਾ ਕੀਤੀ। ਉਸ ਨੂੰ ਪ੍ਰਾਰਥਨਾ ਰਾਹੀਂ ਪਤਾ ਲੱਗ ਗਿਆ ਕਿ ਉਸ ਦਾ ਪਤੀ ਅਨੁਰਧਰ ਹੈ। ਉਹ ਆਪਣੀ ਗੋਲੀ ਦੀ ਸਹਾਇਤਾ ਨਾਲ ਆਪਣੇ ਪਤੀ ਤੱਕ ਪਹੁੰਚ ਗਈ।

**ਵਚਨ ਪਾਲਣ ਸੰਬੰਧੀ**

ਵਚਨ ਪਾਲਣਾ ਵੀ ਮੱਧਕਾਲੀ ਸਮੇਂ ਦੀ ਬੜੀ ਅਹਿਮ ਗੱਲ ਸੀ। ਵਚਨ ਦੇਣਾ ਤੇ ਵਚਨ ਲੈਣਾ ਵੱਡੀ ਗੱਲ ਸਮਝੀ ਜਾਂਦੀ ਸੀ। ਇਨ੍ਹਾਂ ਕਥਾਵਾਂ ਵਿੱਚ ਆਦਮੀ ਹੀ ਨਹੀਂ, ਜਾਨਵਰ ਵੀ ਆਪਣੇ ਵਚਨ ਨੂੰ ਨਿਭਾਉਂਦੇ ਸਨ। ਆਪਣੇ ਵਚਨ ਨੂੰ ਨਿਭਾਉਣਾ ਧਰਮ ਨਿਭਾਉਣ ਦੇ ਬਰਾਬਰ ਸੀ। ਜਦੋਂ ਰਾਜਾ ਨਲ ਚੌਪੜ ਵਿੱਚ ਸਭ ਕੁਝ ਹਾਰ ਜਾਂਦਾ ਹੈ ਅਤੇ ਫਿਰ ਦਮਯੰਤੀ (ਉਸ ਦੀ ਪਤਨੀ) ਦੀ ਗੱਲ ਹੁੰਦੀ ਹੈ ਤਾਂ ਉਹ ਗੁੱਸੇ ਵਿੱਚ ਆ ਜਾਂਦਾ ਹੈ ਪਰ ਦਮਯੰਤੀ ਉਸ ਨੂੰ ਵਚਨ ਪਾਲਣ ਲਈ ਆਖਦੀ ਹੈ। ਰਾਜਕੁਮਾਰੀ ਨਿਊਲ ਦਈ ਜਦੋਂ ਆਪਣੇ ਪਿਤਾ ਦੇ ਕੋਹੜ ਠੀਕ ਕਰਨ ਲਈ ਅੰਮ੍ਰਿਤ ਦੇ ਖੂਹ ਤੋਂ ਪਾਣੀ ਲੈਣ ਜਾਂਦੀ ਹੈ ਤਾਂ ਰਾਜਾ ਪਾਰਗ ਉਸ ਨੂੰ ਕਬਜ਼ੇ 'ਚ ਕਰ ਲੈਂਦਾ ਹੈ। ਉਹ ਮੁੜਕੇ ਉਸ ਪਾਸ ਆਉਣ ਦਾ ਵਚਨ ਦਿੰਦੀ ਹੈ ਅਤੇ ਨਿਭਾਉਂਦੀ ਹੈ।[39] ਲੋਕ-ਗਾਥਾਵਾਂ ਵਿੱਚ ਤਿੰਨ ਵਚਨਾਂ ਦਾ ਵੀ ਜ਼ਿਕਰ ਬਾਰ-ਬਾਰ ਆਉਂਦਾ ਹੈ। ਨਿਊਲ ਦਈ ਅਤੇ ਰਾਜਾ ਚੰਦਰ-ਭਾਨ ਤੇ ਰਾਣੀ ਚੰਦ ਕਰਨ ਦੀਆਂ ਕਥਾਵਾਂ ਵਿੱਚ ਵੀ ਤਿੰਨ ਵਚਨਾਂ ਦਾ ਜ਼ਿਕਰ ਹੈ ਜਿਸ ਦਾ ਅਰਥ ਪ੍ਰਮਾਤਮਾ ਦੇ ਤਿੰਨ ਸ਼ਬਦ ਹਨ। ਇਸ ਨਾਲ ਗੱਲ ਪੱਕੀ ਸਮਝੀ ਜਾਂਦੀ ਹੈ। ਜਿਸ ਦਾ ਭਾਰ ਉਤਾਰਨ ਲਈ ਪੰਡਤਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਂਦਾ ਹੈ।

ਸੰਖਿਆ ਰੂੜ੍ਹੀ

ਕਈ ਵਾਰੀ ਸੰਖਿਆ ਜਾਂ ਅੰਕ ਸਾਡੀ ਜ਼ਿੰਦਗੀ ਵਿੱਚ ਖ਼ਾਸ ਸਥਾਨ ਬਣਾ ਲੈਂਦੇ ਹਨ। ਮੱਧਕਾਲ ਵਿੱਚ ਹੀ ਨਹੀਂ ਅੱਜ ਵੀ ਲੋਕ ਵਧੀਆ ਨੰਬਰਾਂ ਨੂੰ ਜਿਹੜੇ ਉਹ ਆਪਣੇ ਲਈ ਚੰਗੇ ਸਮਝਦੇ ਹਨ, ਵਿਸ਼ਵਾਸ ਦਾ ਆਧਾਰ ਬਣਾ ਲੈਂਦੇ ਹਨ। ਹਰ ਵਿਅਕਤੀ ਦਾ ਕੋਈ ਨਾ ਕੋਈ ਖ਼ਾਸ ਨੰਬਰ (luck number) ਹੁੰਦਾ ਹੈ। ਜਿਸ ਸੰਖਿਆ ਨਾਲ ਕੋਈ ਸ਼ੁਭ ਕੰਮ ਜੁੜ ਜਾਵੇ ਉਹ ਵਧੀਆ, ਜਿਸ ਨਾਲ ਦੁਰਘਟਨਾ ਜੁੜੇ ਉਸ ਨੂੰ ਮਾੜਾ ਸਮਝ ਲਿਆ ਜਾਂਦਾ ਹੈ। ਕੁਝ ਨੰਬਰ ਤਾਂ ਧਾਰਮਿਕ ਤੌਰ 'ਤੇ ਵੀ ਮਾਨਤਾ ਰੱਖਦੇ ਹਨ, ਜਿਨ੍ਹਾਂ ਦਾ ਵਰਣਨ ਖ਼ਾਸ ਹਾਲਤਾਂ ਵਿੱਚ ਕੀਤਾ ਜਾਂਦਾ ਹੈ। ਟੈਂਪਲ ਵੱਲੋਂ ਇਕੱਤਰ ਕੀਤੀਆਂ ਲੋਕ-ਗਾਥਾਵਾਂ ਵਿੱਚ ਬਹੁਤ ਸਾਰੇ ਨੰਬਰਾਂ ਦਾ ਵਰਣਨ ਮਿਲਦਾ ਹੈ, ਜਿਨ੍ਹਾਂ ਵਿੱਚ 12, 7,, 9, 360, 1600 ਆਦਿ ਅੰਕ ਬਹੁਤ ਵਾਰੀ ਵਰਤੋਂ ਵਿੱਚ ਆਇਆ ਹੈ। ਬਾਰਾਂ ਦੀ ਗਿਣਤੀ ਸੰਬੰਧੀ ਬਹੁਤ ਸਾਰੇ ਵਿਸ਼ਵਾਸ ਜੁੜੇ ਹਨ। ਇਸ ਨੂੰ ਸੰਪੂਰਨਤਾ ਦਾ ਚਿੰਨ੍ਹ ਵੀ ਸਮਝਿਆ ਜਾਂਦਾ ਹੈ। 12 ਸਾਲ ਪੂਰਨ ਭੋਰੇ ਵਿੱਚ ਰਿਹਾ, 12 ਸਾਲ ਹੀ ਰਸਾਲੂ ਨੂੰ ਭੋਰੇ 'ਚ ਰੱਖਣ ਦੀ ਗੱਲ ਹੋਈ। ਹੀਰ ਆਖਦੀ ਹੈ ਕਿ ਮੈਂ 12 ਮਹੀਨੇ ਖੇੜਿਆਂ ਦੇ ਰਹਿਣਾ ਹੈ। 12 ਬਸਤੀਆਂ ਦਰਵੇਸ਼ਾਂ ਨੇ ਵਸਾਈਆਂ, ਰਾਣੀ ਮਾਰਵਨ 12 ਪ੍ਰਕਾਰ ਦਾ ਭੋਜਨ ਖਾਂਦੀ ਹੈ। ਇਹ ਗਿਣਤੀ ਸੰਸਾਰ ਪੱਧਰ ਦੀ ਰੂੜ੍ਹੀ ਬਣੀ ਹੋਈ ਹੈ। 12 ਕਬੀਲੇ ਇਸਰਾਈਲ ਦੇ, 12 ਚੇਲੇ ਯਿਸੂ ਮਸੀਹ ਦੇ, ਸਾਲ ਦੇ 12 ਮਹੀਨੇ, 12 ਵਜੇ ਦਾ ਘੜੀ ਦਾ ਸਮਾਂ, 12 ਪੰਥ ਨਾਥਾਂ ਦੇ, 12 ਸਾਲ ਬਾਅਦ ਹੀ ਰਾਜਾ ਰਸਾਲੂ ਦੇ ਅੰਬ ਨੂੰ ਬੂਰ ਪੈਂਦਾ ਹੈ ਅਤੇ ਰਾਣੀ ਕੋਕਿਲਾਂ ਰਾਜੇ ਹੋਡੀ ਨਾਲ ਇਸ਼ਕ ਲੜਾਉਂਦੀ ਹੈ। 9 ਦੀ ਗਿਣਤੀ ਦਾ ਵੀ ਬਹੁਤ ਪ੍ਰਯੋਗ ਹੋਇਆ ਹੈ। 9 ਲੱਖਾ ਬਾਗ਼ (ਰਾਜਾ ਢੋਲ), 9 ਲੱਖ ਭਾਲੇ, (ਰਾਜਾ ਜਗਤ ਸਿੰਘ) 9 ਰਾਣੀਆਂ (ਰਾਜਾ ਜਗਦੇਉ ਦੀ ਕਹਾਣੀ, 9 ਆਬਾਦ ਬਸਤੀਆਂ (ਬਸਤੀ ਸ਼ੇਖਦਰਵੇਸ਼), 9 ਲੱਖਾ ਬਾਗ਼ (ਰਾਜਕੁਮਾਰੀ ਅਧਿਕ ਅਨੂਪ ਦਈ) ਇਸੇ ਤਰ੍ਹਾਂ 360, 1600 ਤੇ ਸਵਾ ਲੱਖ ਸੰਖਿਆਵਾਂ ਵੀ ਵਾਰ-ਵਾਰ ਆਈਆਂ ਹਨ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਲੋਕ-ਗਾਥਾਵਾਂ ਵਿੱਚ ਵਿਸ਼ਵਾਸਪੂਰਕ ਕਥਾਨਕ ਰੂੜ੍ਹੀਆਂ ਦਾ ਜ਼ਿਕਰ ਬਹੁਤ ਜ਼ਿਆਦਾ ਮਿਲਦਾ ਹੈ, ਜਿਨ੍ਹਾਂ ਨੇ ਇਨ੍ਹਾਂ ਗਾਥਾਵਾਂ ਨੂੰ ਅੱਗੇ ਵਧਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਉਸ ਸਮੇਂ ਦਾ ਰਚਨਾਕਾਰ ਇਸ ਪ੍ਰਕਾਰ ਦੀਆਂ ਰੂੜ੍ਹੀਆਂ ਤੋਂ ਬਿਨਾਂ ਆਪਣੀ ਗੱਲ ਕਹਿਣ ਵਿੱਚ ਸਫ਼ਲ ਨਹੀਂ ਸੀ ਹੋ ਸਕਦਾ।

ਚਮਤਕਾਰੀ ਕਥਾਨਕ ਰੂੜ੍ਹੀਆਂ

ਜਦੋਂ ਤੋਂ ਮਨੁੱਖ ਨੇ ਹੋਸ਼ ਸੰਭਾਲੀ ਉਹ ਪ੍ਰਕਿਰਤੀ ਦੇ ਵਰਤਾਰਿਆਂ ਨਾਲ ਜੂਝਦਿਆਂ ਹੋਇਆਂ ਉਸ ਦੇ ਰਹੱਸ ਤੋਂ ਜਾਣੂੰ ਹੋਣ ਦੀ ਕੋਸ਼ਿਸ਼ ਕਰਦਾ ਰਿਹਾ। ਉਸ ਨੇ ਸਮਝਣਾ ਸ਼ੁਰੂ ਕਰ ਦਿੱਤਾ ਕਿ ਇਹ ਸਾਰਾ ਕੁਝ ਚਮਤਕਾਰਾਂ ਕਰ ਕੇ ਹੀ ਹੁੰਦਾ ਹੈ। ਉਸ ਨੇ ਇਨ੍ਹਾਂ ਤੋਂ ਡਰ ਜਾਂ ਭੈਅ ਦੇ ਤਹਿਤ ਇਨ੍ਹਾਂ ਦੀ ਪੂਜਾ ਵੀ ਸ਼ੁਰੂ ਕਰ ਦਿੱਤੀ। ਸਾਹਿਤਕ ਤੌਰ 'ਤੇ ਉਸ ਨੇ ਇਨ੍ਹਾਂ ਘਟਨਾਵਾਂ ਨੂੰ ਆਪਣੇ ਸਾਹਿਤ ਦਾ ਪ੍ਰਮੁੱਖ ਹਿਸਾ ਵੀ ਬਣਾ ਲਿਆ। ਆਦਿ ਕਾਲ ਤੋਂ ਮੱਧਕਾਲੀਨ ਸਾਹਿਤ ਇਨ੍ਹਾਂ ਚਮਤਕਾਰੀ ਘਟਨਾਵਾਂ ਨਾਲ ਭਰਿਆ ਪਿਆ ਹੈ। ਵੱਖ-ਵੱਖ ਧਰਮਾਂ ਵਿੱਚ ਅਨੇਕਾਂ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ। ਜਿਹੜੀਆਂ ਚਮਤਕਾਰਾਂ ਜਾਂ ਅਦਭੁਤ ਕੰਮਾਂ ਨਾਲ ਭਰੀਆਂ ਪਈਆਂ ਹਨ। ਮਹਾਂਭਾਰਤ ਤੇ ਰਾਮਾਇਣ ਵਿੱਚ ਅਨੇਕਾਂ ਚਮਤਕਾਰੀ ਪਾਤਰ ਵੀ ਮਿਲਦੇ ਹਨ। ਪਵਿੱਤ੍ਰ ਬਾਈਬਲ ਦੇ ਨਵੇਂ ਤੇ ਪੁਰਾਣੇ ਨੇਮਾਂ ਵਿੱਚ ਬਹੁਤ ਸਾਰੇ ਚਮਤਕਾਰ ਮੌਜੂਦ ਹਨ।

ਇਹ ਵੀ ਸਮਝ ਲਿਆ ਜਾਂਦਾ ਹੈ ਕਿ ਜਿਹੜਾ ਗੁਰੂ ਜਾਂ ਮਹਾਂਪੁਰਖ ਚਮਤਕਾਰ ਨਹੀਂ ਕਰ ਸਕਦਾ, ਉਹ ਗੁਰੂ ਜਾਂ ਮਹਾਂਪੁਰਖ ਹੀ ਨਹੀਂ ਹੋ ਸਕਦਾ। ਮੱਧਕਾਲ ਵਿੱਚ ਸ਼ਾਇਦ ਇਸੇ ਲਈ ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਚਮਤਕਾਰਾਂ ਦੇ ਵਿਰੁੱਧ ਆਵਾਜ਼ ਉਠਾਉਣ ਦੇ ਬਾਵਜੂਦ ਬਹੁਤ ਸਾਰੇ ਸਾਖ਼ੀਕਾਰਾਂ ਨੇ ਉਨ੍ਹਾਂ ਦੇ ਜੀਵਨ ਨਾਲ ਚਮਤਕਾਰੀ ਘਟਨਾਵਾਂ ਜੋੜ ਦਿੱਤੀਆਂ ਹਨ।

ਪੰਜਾਬੀ ਲੋਕ-ਗਾਥਾਵਾਂ ਵਿੱਚ ਵੀ ਮੱਧਕਾਲੀਨ ਜੀਵਨ ਹੀ ਪ੍ਰਸਤੁਤ ਹੋਇਆ ਹੈ ਅਤੇ ਇਸ ਵਿੱਚ ਵੀ ਅਨੇਕਾਂ ਚਮਤਕਾਰੀ ਕਥਾਨਕ ਰੂੜ੍ਹੀਆਂ ਇਸ ਸਾਹਿਤ ਦਾ ਹਿੱਸਾ ਬਣੀਆਂ ਹਨ, ਜਿਨ੍ਹਾਂ ਵਿੱਚੋਂ ਪ੍ਰਮੁੱਖ ਰੂੜ੍ਹੀਆਂ ਦਾ ਅਸੀਂ ਵਰਣਨ ਇਥੇ ਕਰ ਰਹੇ ਹਾਂ।

**ਰੂਪ ਪਰਿਵਰਤਨ ਸੰਬੰਧੀ ਕਥਾਨਕ ਰੂੜ੍ਹੀਆਂ**

ਇਹ ਰੂੜ੍ਹੀ ਵੀ ਅੰਤਰਰਾਸ਼ਟਰੀ ਰੂੜ੍ਹੀ ਹੈ ਅਤੇ ਦੁਨੀਆਂ ਭਰ ਦੇ ਸਾਹਿਤ ਵਿੱਚ ਇਹ ਰੂੜ੍ਹੀ ਮਿਲਦੀ ਹੈ ਰੂਪ ਪਰਿਵਰਤਨ ਵਿੱਚ ਵਿਅਕਤੀਆਂ, ਚੀਜ਼ਾਂ, ਜਾਨਵਰਾਂ ਦਾ ਪਰਸਪਰ ਰੂਪ ਤਬਦੀਲ ਹੋ ਜਾਂਦਾ ਹੈ। ਉਦਾਹਰਣ ਲਈ ਅਸੀਂ ਦੇਖਦੇ ਹਾਂ-

'ਸਫ਼ੀਦੋਂ ਦੀ ਲੋਕ-ਗਾਥਾ' ਵਿੱਚ ਰਾਜਕੁਮਾਰੀ ਨਿਉਲਦਈ ਜਦੋਂ ਆਪਣੇ ਪਿਤਾ ਦਾ ਕੋਹੜ ਦੂਰ ਕਰਨ ਲਈ ਅੰਮ੍ਰਿਤ ਜਲ ਦੇ ਖ਼ੂਹ ਵਿੱਚੋਂ ਪਾਣੀ ਲੈਣ ਗਈ ਤਾਂ ਇਸ ਦਾ ਪਤਾ ਉਸ ਦੇ ਮੰਗੇਤਰ ਰਾਜਾ ਪਾਰਗ ਨੂੰ ਲੱਗ ਗਿਆ। ਉਸ ਨੂੰ ਪਤਾ ਸੀ ਕਿ ਨਿਉਲ ਦਈ ਤੋਂ ਬਿਨਾਂ ਕੋਈ ਇਸ ਖ਼ੂਹ ਨੂੰ ਨਹੀਂ ਖੋਲ੍ਹ ਸਕਦਾ। ਜਦੋਂ ਉਹ ਨਿਉਲ ਦਈ ਨੂੰ ਫੜ ਲੈਣ ਦੇ ਇਰਾਦੇ ਨਾਲ ਘੋੜੇ ਨੂੰ ਦੌੜਾ ਕੇ ਉਥੇ ਪਹੁੰਚਿਆ ਤਾਂ ਰਾਜਕੁਮਾਰੀ ਨਿਉਲ ਦਈ ਨੇ ਨਾਗ ਦਾ ਰੂਪ ਧਾਰਨ ਕਰ ਲਿਆ ਅਤੇ ਖ਼ੂਹ ਦੇ ਥੜੇ ਵਿੱਚ ਵੜ ਗਈ।[40] 'ਪੂਰਨ ਭਗਤ ਦੇ ਕਿੱਸੇ' ਵਿੱਚ ਪੂਰਨ ਨੂੰ ਜਦੋਂ ਗੋਰਖ ਨਾਥ ਠੀਕ ਕਰ ਦਿੰਦਾ ਹੈ ਤਾਂ ਉਹ ਉਥੋਂ ਕਾਰੂ ਦੇਸ਼ ਨੂੰ ਤੁਰ ਪੈਂਦੇ ਹਨ। ਉਥੇ ਪਹੁੰਚਦੇ ਹਨ ਤਾਂ ਉਥੋਂ ਦੀਆਂ ਔਰਤਾਂ ਨੇ ਉਨ੍ਹਾਂ ਕੰਨ ਪਾਟੇ ਜੋਗੀਆਂ ਨੂੰ ਬਲਦ ਬਣਾ ਲਿਆ ਤਾਂ ਗੋਰਖ ਨਾਥ ਨੇ ਮਛੰਦਰ ਨਾਥ ਨੂੰ ਧਿਆ ਕੇ ਕਾਰੂ ਦੇਸ਼ ਦੇ ਸਾਰੇ ਖ਼ੂਹ ਸੁਕਾ ਦਿੱਤੇ ਤੇ ਤੀਵੀਆਂ ਨੂੰ ਗਧੀਆਂ ਬਣਾ ਦਿੱਤਾ।[41]

'ਰਾਜਕੁਮਾਰੀ ਨਿਵਲ ਦਈ' ਦੀ ਕਥਾ ਵਿੱਚ ਬਾਸ਼ਕ ਨਾਗ ਦਾ ਭਤੀਜਾ ਤਤੀਗ ਬਾਵਨ ਰੂਪੀ ਸੀ ਅਤੇ ਉਸ ਨੇ ਪਾਰਗ ਨੂੰ ਡੰਗ ਮਾਰ ਕੇ ਬ੍ਰਾਹਮਣ ਦਾ ਰੂਪ ਧਾਰਨ ਕਰ ਲਿਆ ਸੀ।[42] ਇਸੇ ਕਹਾਣੀ ਵਿੱਚ ਜਨਮੇਜਾ ਗੋਰਖ ਕੋਲੋਂ ਵਚਨ ਲੈ ਲੈਂਦਾ ਹੈ ਤਾਂ ਉਹ ਤਤੀਗ ਨਾਲ ਉਸ ਦੇ ਹਵਾਲੇ ਕਰ ਦਿੰਦਾ ਹੈ। ਉਸ ਦੇ ਹੱਥ ਆਉਂਦਿਆਂ ਹੀ ਉਹ ਆਪਣੀ ਕਾਇਆ ਪਲਟਦਾ ਹੈ ਅਤੇ ਹਵਾ ਬਣ ਜਾਂਦਾ ਹੈ।[43] ਜਲੰਧਰ ਦੇ ਪੰਦਰਾਂ ਸੰਤਾਂ ਦੀਆਂ ਗਾਥਾਵਾਂ ਵਿੱਚ ਸ਼ੇਖ਼ ਵਲੀਦਾਦ ਨੂੰ ਜਦੋਂ ਸ਼ੇਖ਼ ਦਰਵੇਸ਼ ਨੇ ਆਪਣੇ ਕੋਲ ਲਿਆਉਣ ਲਈ ਆਪਣੇ ਚੇਲਿਆਂ ਨੂੰ ਕਿਹਾ ਤਾਂ ਉਸ ਨੇ ਸ਼ੇਰ ਦਾ ਰੂਪ ਧਾਰਨ ਕਰ ਲਿਆ।[44] ਇਸੇ ਤਰ੍ਹਾਂ ਇਮਾਮ ਨਸੀਰੁਦੀਨ ਦਾ ਕਰਾਮਾਤ ਨਾਲ ਦੁੱਧ ਖ਼ੂਨ ਬਣ ਜਾਂਦਾ ਹੈ। ਸਖੀ ਸਰਵਰ ਤੇ ਜਤੀ ਦੀ ਕਥਾ ਵਿੱਚ ਸੋਨੇ ਦੇ ਬਰਤਨ ਤੇ ਮੋਹਰਾਂ ਚਾਂਦੀ ਦੀਆਂ ਹੋ ਜਾਂਦੀਆਂ ਹਨ।[45]

**ਮ੍ਰਿਤਕ ਨੂੰ ਮੁੜ ਜ਼ਿੰਦਾ ਕਰਨ ਸੰਬੰਧੀ ਕਥਾਨਕ ਰੂੜ੍ਹੀ**

ਇਹ ਰੂੜ੍ਹੀ ਵੀ ਅੰਤਰਰਾਸ਼ਟਰੀ ਕਿਸਮ ਦੀ ਹੈ, ਕਿਉਂਕਿ ਕੋਈ ਨਹੀਂ ਚਾਹੁੰਦਾ ਕਿ ਉਹ ਮਰ ਜਾਵੇ ਜਾਂ ਉਸ ਦਾ ਕੋਈ ਰਿਸ਼ਤੇਦਾਰ ਜਾਂ ਸਕਾ ਸੰਬੰਧੀ ਮਰ ਜਾਵੇ। ਇਸ ਲਈ ਉਹ ਕਈ ਪ੍ਰਕਾਰ ਦੇ ਅਹੁੜ-ਪਹੁੜ ਕਰਦਾ ਹੈ। ਕਦੇ ਅੰਮ੍ਰਿਤ ਜਲ, ਕਦੇ ਸੰਜੀਵਨੀ ਬੂਟੀ ਕਦੇ ਜਾਦੂ-ਟੂਣਾ ਆਦਿ ਵਰਤ ਕੇ ਜ਼ਿੰਦਾ ਰਹਿਣਾ ਚਾਹੁੰਦਾ ਹੈ। ਮਨੁੱਖ ਵਿੱਚ ਹਮੇਸ਼ਾ ਜ਼ਿੰਦਾ ਰਹਿਣ ਦੀ

ਇੱਛਾ ਪ੍ਰਬਲ ਰਹੀ ਹੈ। ਇਹ ਰੂੜ੍ਹੀ ਆਮ ਕਰ ਕੇ ਸਾਰੇ ਮਹਾਂਪੁਰਖਾਂ ਨਾਲ ਜੁੜੀ ਹੋਈ ਹੈ ਕਿਉਂਕਿ ਕੋਈ ਨਹੀਂ ਚਾਹੁੰਦਾ ਹੈ ਕਿ ਉਹ ਮਹਾਂਪੁਰਖ ਜਿਸ ਉੱਪਰ ਉਸ ਨੂੰ ਅਟੱਲ ਵਿਸ਼ਵਾਸ ਹੈ, ਉਹ ਵੀ ਸਾਧਾਰਨ ਆਦਮੀਆਂ ਵਾਂਗ ਮਰ ਜਾਏ। ਭਾਰਤੀ, ਵਿਦੇਸ਼ੀ ਅਤੇ ਧਾਰਮਿਕ ਸਾਹਿਤ ਵਿੱਚ ਇਹ ਰੂੜ੍ਹੀ ਬਹੁਤ ਪ੍ਰਚੱਲਿਤ ਰਹੀ ਹੈ। ਇਸ ਤਰ੍ਹਾਂ ਦੀਆਂ ਰੂੜ੍ਹੀਆਂ ਬਾਰੇ ਵੀ ਟੈਂਪਲ ਵੱਲੋਂ ਇਕੱਤਰ ਕੀਤੀਆਂ ਲੋਕ-ਗਾਥਾਵਾਂ ਵਿੱਚ ਉਦਾਹਰਣਾਂ ਮਿਲਦੀਆਂ ਹਨ, ਜੋ ਇਸ ਪ੍ਰਕਾਰ ਹਨ:

"ਰਾਜਕੁਮਾਰੀ ਨਿਉਲ ਦਈ" ਦੀ ਗਾਥਾ ਵਿੱਚ ਜਦੋਂ ਰਾਜਾ ਪਾਰਗ ਮਰ ਗਿਆ ਤਾਂ ਨਿਉਲ ਦਈ ਨੇ ਸਾਰੇ ਮੰਤਰ ਪੜ੍ਹੇ, ਪਰ ਗੱਲ ਨਾ ਬਣੀ। ਰਾਜੇ ਦੀ ਦੇਹੀ ਫੁੱਲ ਗਈ ਅਤੇ ਉਸ ਦਾ ਸੰਸਕਾਰ ਕਰ ਦਿੱਤਾ ਗਿਆ। ਪਰ ਜਦੋਂ ਧਨੰਤਰ ਰਿਸ਼ੀ ਆਇਆ ਤੇ ਉਸ ਨੇ ਚਿਤਾ ਨੂੰ ਸੰਜੀਵਨੀ ਬੂਟੀ ਲਾਈ ਤਾਂ ਰਾਜਾ ਜ਼ਿੰਦਾ ਹੋ ਗਿਆ।[46] ਭਗਤ ਨਾਮਦੇਵ ਮਰੀ ਹੋਈ ਗਊ ਨੂੰ ਜ਼ਿੰਦਾ ਕਰ ਦਿੰਦਾ ਹੈ।[47] ਗੋਪੀ ਚੰਦ ਦੀ ਗਾਥਾ ਗੋਪੀ ਚੰਦ ਦੀ ਗਾਥਾ ਵਿੱਚ ਜਲੰਧਰ ਨਾਥ ਗੋਪੀ ਚੰਦ ਦੀ ਭੈਣ ਚੰਪਾਦਈ ਨੂੰ ਮੁੜ ਜਿਉਂਦਾ ਕਰ ਦਿੰਦਾ ਹੈ।[48] ਸਖੀ ਸਰਵਰ ਦੀ ਸ਼ਾਦੀ ਵਿੱਚ ਗਵਰਨਰ ਵੱਲੋਂ ਦਿੱਤਾ ਘੋੜਾ ਜਦੋਂ ਕੁਝ ਫ਼ਕੀਰ ਮਾਰ ਕੇ ਖਾ ਲੈਂਦੇ ਹਨ ਅਤੇ ਸਖੀ ਸਰਵਰ ਦੇ ਭਰਾ ਇਸ ਗੱਲ ਦੀ ਸ਼ਿਕਾਇਤ ਗਵਰਨਰ ਕੋਲ ਕਰਦੇ ਹਨ ਤਾਂ ਉਹ ਘੋੜਾ ਤੇ ਪੁਸ਼ਾਕ ਵਾਪਸ ਮੰਗਦਾ ਹੈ। ਸਖੀ ਸਰਵਰ ਉਸ ਮਰੇ ਘੋੜੇ ਦੀਆਂ ਹੱਡੀਆਂ ਇਕੱਠੀਆਂ ਕਰ ਕੇ ਉੱਪਰ ਚਾਦਰ ਪਾ ਕੇ ਅਰਦਾਸ ਕਰਦਾ ਹੈ ਤਾਂ ਘੋੜਾ ਮੁੜ ਜ਼ਿੰਦਾ ਹੋ ਜਾਂਦਾ ਹੈ।[49] ਰਾਜਾ ਜਗਦੇਉ ਦੀ ਕਹਾਣੀ ਵਿੱਚ ਕੰਕਾਲੀ ਜਦੋਂ ਰਾਜਾ ਜਗਦੇਉ ਦਾ ਸਿਰ ਭਿੱਖਿਆ ਵਿੱਚ ਲੈ ਜਾਂਦੀ ਹੈ ਅਤੇ ਰਾਜੇ ਦੇ ਦਰਬਾਰ ਵਿੱਚ ਪੇਸ਼ ਕਰਦੀ ਹੈ। ਰਾਜਾ ਜੈ ਸਿੰਘ ਉਹੋ ਜਿਹਾ ਤੋਹਫ਼ਾ ਉਸ ਨੂੰ ਨਹੀਂ ਦੇ ਸਕਦਾ ਤਾਂ ਕੰਕਾਲੀ ਰਾਜਾ ਦਗਦੇਉ ਦਾ ਸਿਰ ਮੁੜ ਜੋੜ ਦਿੰਦੀ ਹੈ ਅਤੇ ਉਹ ਫਿਰ ਜ਼ਿੰਦਾ ਹੋ ਜਾਂਦਾ ਹੈ।[50] ਨਿਉਲ ਦਈ ਇਕੱਠਿਆਂ ਮਿਰਗ, ਛੀਂਬਾ ਨਾਗ, ਸ਼ਿਕਰਾ ਅਤੇ ਰਾਜਾ ਪਾਰਗ ਨੂੰ ਗੋਰਖ ਨਾਲ ਧਿਆ ਕੇ ਜ਼ਿੰਦਾ ਕਰ ਦਿੰਦੀ ਹੈ।[51] 'ਸਖੀ ਸਰਵਰ ਤੇ ਦਾਨੀ ਜੱਟੀ' ਵਿੱਚ ਦਾਨੀ ਜੱਟੀ ਦਾ ਪੁੱਤਰ ਦਾਨੀ ਵੱਲੋਂ ਲਾਲਚ ਕਰਨ ਕਾਰਨ ਸਜ਼ਾ ਵਜੋਂ ਉਸ ਦਾ ਪੁੱਤਰ ਮਰ ਜਾਂਦਾ ਹੈ। ਪਰ ਸਾਰੀ ਰਾਤ ਫ਼ਰਿਆਦਾਂ ਕਰਨ ਤੇ ਸਖੀ ਸਰਵਰ ਉਸ ਨੂੰ ਮੁੜ ਜ਼ਿੰਦਾ ਕਰ ਦਿੰਦਾ ਹੈ।[52] "ਰਾਜਾ ਰਸਾਲੂ ਦੇ ਕਾਰਨਾਮੇ" ਵਿੱਚ ਰਾਜਾ ਰਸਾਲੂ ਜਦੋਂ ਰਾਜਾ ਸਿਰਕੱਪ ਨਾਲ ਚੌਪੜ ਖੇਡਣ ਦੀ ਇੱਛਾ ਨਾਲ ਘਰੋਂ ਤੁਰਦਾ ਹੈ ਤਾਂ ਰਸਤੇ ਵਿੱਚ ਉਸ ਨੂੰ ਇਕ ਲਾਸ਼ ਮਿਲਦੀ ਹੈ। ਉਹ ਉਸ ਵਿੱਚ ਜਾਨ ਪਾ ਦਿੰਦਾ ਹੈ, ਜਿਸ ਨਾਲ ਉਹ ਜ਼ਿੰਦਾ ਹੋ ਕੇ ਉਸ ਨੂੰ ਸਿਰਕੱਪ ਨਾਲ ਚੌਪੜ ਖੇਡਣ ਦੇ ਗੁਰ ਦੱਸਦੀ ਹੈ।[53] ਸਮਸ਼ ਤਬਰੇਜ਼ ਤੇ ਇਕ ਨਵਾਬ ਦੇ ਪੁੱਤਰ ਨੂੰ, ਜੋ ਮਰ ਗਿਆ ਸੀ, ਜ਼ਿੰਦਾ ਕਰਨ ਦਾ ਹੁਕਮ ਦਿੱਤਾ ਤੇ ਉਹ ਜਿੰਦਾ ਹੋ ਗਿਆ। ਇਸ ਕਾਰੇ ਕਰ ਕੇ ਦੂਸਰੇ ਫ਼ਕੀਰ ਉਸ ਦੀ ਨੁਕਤਾਚੀਨੀ ਕਰਨ ਲੱਗੇ ਕਿ ਉਹ ਤਾਂ ਅੱਲਾਹ ਦੇ ਹੁਕਮ ਨਾਲ ਹੀ ਜ਼ਿੰਦਾ ਹੋ ਸਕਦਾ ਹੈ।[54] 'ਸ਼ੇਖ ਦਰਵੇਸ਼' ਵਿੱਚ ਜਦੋਂ ਸੱਯਦ ਅਬਦੁੱਲਾਹ ਨੂੰ ਲਾਹੌਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਉਸ ਨੇ ਨਵਾਬ ਨੂੰ ਕਿਹਾ ਕਿ ਪ੍ਰਮਾਤਮਾ ਨੇ ਸਭ ਧਰਮਾਂ ਦੇ ਲੋਕਾਂ ਨੂੰ ਬਰਾਬਰ ਪੈਦਾ ਕੀਤਾ ਹੈ। ਨਵਾਬ ਨੂੰ ਗੁੱਸਾ ਆਇਆ ਤਾਂ ਉਸ ਨੇ ਸੱਯਦ ਅਬਦੁਲਾਹ ਨੂੰ ਜਲਾ ਕੇ ਮਾਰਨ ਦਾ ਹੁਕਮ ਦਿੱਤਾ ਅਤੇ ਉਸ ਨੂੰ ਤੰਦੂਰ ਵਿੱਚ ਪਾ ਦਿੱਤਾ। ਤੀਸਰੇ ਦਿਨ ਜਦੋਂ ਸੁਆਹ ਕੱਢਣ ਲਈ ਤੰਦੂਰ ਖੋਲ੍ਹਿਆ ਤਾਂ ਉਹ ਜ਼ਿੰਦਾ ਨਿਕਲ ਆਇਆ।[55]

ਸ਼ੇਖ ਵਲੀਦਾਦ ਨੂੰ ਸੜਕ ਤੇ ਮਰੀ ਪੀ ਬਿੱਲੀ ਤਾਂ ਵਲੀਦਾਦ ਨੇ ਉਸ ਨੂੰ ਜ਼ਿੰਦਾ ਕਰ ਦਿੱਤਾ।[56] ਸਖੀ ਸਰਵਰ ਦੀਆਂ ਕਰਾਮਾਤਾਂ ਵਿੱਚ ਸੱਯਦ ਅਹਿਮਦ ਨੇ ਅੱਲਾਹ ਕੋਲੋਂ ਘੋੜੇ ਨੂੰ ਮੁੜ

ਜ਼ਿੰਦਾ ਕਰਨ ਦੀ ਬੇਨਤੀ ਕੀਤੀ, ਘੋੜਾ ਮੁੜ ਜ਼ਿੰਦਾ ਹੋ ਗਿਆ।[57] ਅਬਦੁਲ ਕਾਦਿਰ ਜਿਲਾਨੀ ਸੰਬੰਧੀ ਕਵਿਤਾ ਵਿੱਚ ਇਕ ਬੁੱਢੀ ਮਾਈ ਦੇ ਪੁੱਤਰ ਦੀ ਜੰਜ ਉਸ ਦੇ ਪੁੱਤਰ ਤੇ ਨੂੰਹ ਸਮੇਤ ਤੇਜ਼ ਹਵਾਵਾਂ ਦਾ ਸ਼ਿਕਾਰ ਹੋ ਕੇ ਦਰਿਆ ਵਿੱਚ ਡੁੱਬ ਗਈ। ਪੀਰ ਨੂੰ ਬੇਨਤੀ ਕਰਨ ਤੇ ਉਸ ਨੇ ਡੋਲੇ ਸਮੇਤ ਜੰਜ ਬਾਹਰ ਆ ਗਈ, ਜਿਸ ਨਾਲ ਸਾਰੇ ਸ਼ਹਿਰ ਵਿੱਚ ਖ਼ੁਸ਼ੀ ਦੀ ਲਹਿਰ ਪਰਤ ਆਈ।[58]

ਇਸ ਤਰ੍ਹਾਂ ਇਹ ਕਥਾਨਕ ਰੂੜ੍ਹੀ ਮੱਧਕਾਲ ਦੇ ਸਾਹਿਤ ਵਿੱਚ ਬੜੀ ਪ੍ਰਚੱਲਿਤ ਰੂੜ੍ਹੀ ਰਹੀ ਹੈ।

**ਪਸ਼ੂ-ਪੰਛੀਆਂ ਤੇ ਹੋਰ ਨਿਰਜਿੰਦ ਚੀਜ਼ਾਂ ਦਾ ਮਨੁੱਖੀ ਵਰਤਾਉ**

ਮਨੁੱਖ ਤੇ ਪਸ਼ੂ-ਪੰਛੀਆਂ ਦਾ ਰਿਸ਼ਤਾ ਆਦਿ-ਕਾਲ ਤੋਂ ਹੀ ਚੱਲਿਆ ਆ ਰਿਹਾ ਹੈ। ਜਦੋਂ ਮਨੁੱਖ ਕਬੀਲਾਈ ਯੁੱਗ ਵਿੱਚ ਸੀ ਤਾਂ ਇਹੀ ਪਸ਼ੂ ਪੰਛੀ ਉਸ ਦੇ ਸਾਥੀ ਸਨ। ਇਸੇ ਕਾਰਣ ਲੋਕ-ਸਾਹਿਤ ਵਿੱਚ ਸਾਨੂੰ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਜਿਸ ਵਿੱਚ ਪਸ਼ੂ-ਪੰਛੀ ਮਨੁੱਖ ਵਰਗਾ ਵਰਤਾਉ ਕਰਦੇ ਹਨ। ਮਨੁੱਖ ਦੇ ਦੁੱਖ-ਸੁੱਖ ਵਿੱਚ ਸ਼ਾਮਿਲ ਹੁੰਦੇ ਹਨ ਅਤੇ ਦੁੱਖ-ਦਰਦ ਵੀ ਮਹਿਸੂਸ ਕਰਦੇ ਹਨ। ਇਨ੍ਹਾਂ ਕਥਾਵਾਂ ਵਿੱਚ ਪਾਲਤੂ ਹੀ ਨਹੀਂ ਸਗੋਂ ਦੂਸਰੇ ਜਾਨਵਰ ਵੀ ਮਨੁੱਖੀ ਵਰਤਾਉ ਕਰਦੇ ਹਨ। ਇਸ ਤਰ੍ਹਾਂ ਇਨ੍ਹਾਂ ਦਾ ਮਾਨਵੀਕਰਣ ਹੋ ਜਾਂਦਾ ਹੈ।

ਟੈਂਪਲ ਵੱਲੋਂ ਇਕੱਤਰ ਕੀਤੀਆਂ ਪੰਜਾਬ ਦੀਆਂ ਲੋਕ-ਗਾਥਾਵਾਂ ਵਿੱਚ ਵੀ ਇਸ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਰਾਜਕੁਮਾਰੀ ਅਧਿਕ ਅਨੂਪ ਦੇਈ ਦੀ ਕਥਾ ਵਿੱਚ ਜਦੋਂ ਰਾਜਾ ਰਸਾਲੂ ਕਨੌਜ ਦੀ ਰਾਣੀ ਅਧਿਕ ਅਨੂਪ ਦਈ ਨੂੰ ਮਿਲਣਦੀ ਇੱਛਾ ਪ੍ਰਗਟ ਕਰਦਾ ਹੈ ਤਾਂ ਉਸ ਦਾ ਮੰਤਰੀ ਉਸ ਨੂੰ ਆਖਦਾ ਹੈ ਕਿ, "ਤੋਤੇ ਨੂੰ ਬੁਲਾਉ।" ਜਦੋਂ ਤੋਤਾ ਆਉਂਦਾ ਹੈ ਤਾਂ ਉਹ ਰਾਜੇ ਨਾਲ ਬਹੁਤ ਸਾਰੇ ਸਵਾਲ-ਜਵਾਬ ਕਰਦਾ ਹੈ। ਰਾਜੇ ਨਾਲ ਚੱਲ ਕੇ ਜੰਗਲ ਵਿੱਚੋਂ ਤੋਤਾ ਰਾਜੇ ਨੂੰ ਮੋੜ ਦਿੰਦਾ ਹੈ ਅਤੇ ਆਪ ਅੱਗੇ ਚਲਾ ਜਾਂਦਾ ਹੈ।[59]

**ਪ੍ਰਗਟ ਜਾਂ ਅਲੋਪ ਹੋਣ ਸੰਬੰਧੀ ਕਥਾਨਕ ਰੂੜ੍ਹੀ**

ਇਹ ਰੂੜ੍ਹੀ ਅੰਤਰਰਾਸ਼ਟਰੀ ਪੱਧਰ ਦੀ ਹੈ, ਜਿਸ ਵਿੱਚ ਕਿਸੇ ਵਿਅਕਤੀ ਜਾਂ ਮਹਾਂਪੁਰਖ ਦੇ ਅਲੋਪ ਜਾਂ ਪ੍ਰਗਟ ਹੋਣ ਸੰਬੰਧੀ ਗੱਲ ਕੀਤੀ ਜਾਂਦੀ ਹੈ। ਕਈ ਵਾਰੀ ਤਾਂ ਜਾਨਵਰ, ਪੰਛੀ ਜਾਂ ਛੋਟੇ ਆਦਮੀ ਆਦਿ ਪ੍ਰਗਟ ਹੋ ਜਾਂਦੇ ਹਨ ਅਤੇ ਕਿਸੇ ਸਮੇਂ ਕਹਿਰ, ਗੁੱਸੇ ਜਾਂ ਡਰ ਕਰ ਕੇ ਲੋਪ ਹੋਣ ਬਾਰੇ ਵੀ ਰੂੜ੍ਹੀਆਂ ਮੱਧਕਾਲੀਨ ਤੇ ਪ੍ਰਾਚੀਨ ਸਾਹਿਤ ਵਿੱਚ ਮਿਲਦੀਆਂ ਹਨ। ਟੈਂਪਲ ਦੀਆਂ ਇਕੱਤਰ ਲੋਕ-ਗਾਥਾਵਾਂ ਵਿੱਚ ਪ੍ਰਸਿੱਧ ਭਗਤ ਧੰਨੇ ਦੀ ਕਹਾਣੀ ਵਿੱਚ ਪੱਥਰ ਵਿੱਚੋਂ ਪ੍ਰਮਾਤਮਾ ਪ੍ਰਗਟ ਹੁੰਦਾ ਹੈ।[60] ਸ਼ੀਲਾ ਦੇਈ ਦੀ ਲੋਕਗਾਥਾ ਵਿੱਚ ਗੁਰੂ ਗੋਰਖ ਨਾਲ ਅੰਮ੍ਰਿਤ ਬੂੰਦ ਸੁੱਟਦਾ ਹੈ ਤਾਂ ਸ਼ਿਵ ਤੇ ਪਾਰਬਤੀ ਪੈਦਾ ਹੋ ਜਾਂਦੇ ਹਨ।[6] ਈਸੇ ਬਾਣੀਏ ਦੇ ਕਿੱਸੇ ਵਿੱਚ ਜਦੋਂ ਈਸਾ ਬਾਣੀਆਂ ਬੈਠਾ ਰੋ ਰਿਹਾ ਸੀ ਤਾਂ ਸੱਯਦ ਪ੍ਰਗਟ ਹੋ ਜਾਂਦਾ ਹੈ।[68] ਪੂਰਨ ਭਗਤ ਦੇ ਕਿੱਸੇ ਵਿੱਚ ਕੀੜਾ ਆਪਣੇ ਸਾਥੀਆਂ ਸਮੇਤ ਲਸ਼ਕਰ ਦਾ ਰੂਪ ਧਾਰ ਕੇ ਪ੍ਰਗਟ ਹੁੰਦਾ ਹੈ।[69] "ਝੰਗ ਦੇ ਕੰਗਣ ਬਣਾਉਣ ਵਾਲੇ" ਵਿੱਚ ਕਬਰ ਫੱਟ ਜਾਂਦੀ ਹੈ ਅਤੇ ਰਾਂਝਾ ਉਸ ਵਿੱਚ ਸਮਾ ਜਾਂਦਾ ਹੈ।[70] ਹੀਰ ਤੇ ਰਾਂਝੇ ਦਾ ਵਿਆਹ ਕਹਾਣੀ ਵਿੱਚ ਸੈਦਾ ਜਦੋਂ ਹੀਰ ਤੇ ਰਾਂਝੇ ਨੂੰ ਇਕੱਠਿਆਂ ਵੇਖ ਲੈਂਦਾ ਹੈ ਤਾਂ ਰਾਂਝਾ ਉਸ ਨੂੰ ਬੁੱਕਲ ਵਿੱਚ ਲੁਕਾ ਲੈਂਦਾ ਹੈ ਤੇ ਸੈਦੇ ਦੇ ਸ਼ੱਕ ਕਰਨ ਅਤੇ ਬੁੱਕਲ ਖੋਲ੍ਹ ਕੇ ਵਿਖਾਉਣ ਤੇ ਹੀਰ ਉਸ ਵਿੱਚੋਂ ਗ਼ਾਇਬ ਹੁੰਦੀ ਹੈ।[71] 'ਸ਼ਾਹ ਕੁਸੇਮ ਦੀ ਗਾਥਾ' ਵਿੱਚ ਉਸ ਦੀ ਪਤਨੀ ਦੇ ਆਗਿਆ ਨਾ ਮੰਨਣ ਕਾਰਨ ਸ਼ਾਹ ਕੁਸੇਮ ਨੇ ਸਰਾਪ ਦਿੱਤਾ ਤੇ ਉਹ ਧਰਤੀ ਵਿੱਚ ਅਲੋਪ ਹੋ ਗਈ।[72] ਜਲੰਧਰ ਦੇ ਸੰਤਾਂ ਦੀਆਂ ਗਾਥਾਵਾਂ ਵਿੱਚ ਸ਼ੇਖ਼ ਮਹਿਮੂਦ ਨੇ ਜਦੋਂ ਵਿਰੋਧੀਆਂ ਸਾਹਮਣੇ ਬਾਹਵਾਂ

ਫੈਲਾਈਆਂ ਤਾਂ ਦੋ ਸ਼ੇਰ ਪ੍ਰਗਟ ਹੋ ਗਏ।[73] ਗੁਰੂ ਗੁੱਗਾ ਵੀ ਆਪਣੇ ਤੇ ਲੱਗਾ ਇਲਜ਼ਾਮ ਨਾ ਸਹਾਰਦਾ ਹੋਇਆ ਧਰਤੀ ਵਿੱਚ ਸਮਾ ਜਾਂਦਾ ਹੈ। [74]

**ਬਿਮਾਰੀਆਂ ਦੇ ਠੀਕ ਹੋਣ ਬਾਰੇ ਕਥਾਨਕ ਰੂੜ੍ਹੀਆਂ**

ਮੱਧਕਾਲੀਨ ਸਾਹਿਤ ਵਿੱਚ ਬਿਮਾਰੀਆਂ ਦੇ ਅਜੀਬ ਤਰੀਕੇ ਨਾਲ ਲੱਗਣ ਤੇ ਠੀਕ ਹੋਣ ਬਾਰੇ ਕਈ ਹਵਾਲੇ ਮਿਲਦੇ ਹਨ, ਕਿਉਂਕਿ ਕੋਈ ਵੀ ਵਿਅਕਤੀ ਬਿਮਾਰ ਨਹੀਂ ਹੋਣਾ ਚਾਹੁੰਦਾ ਇਸ ਲਈ ਪੀਰ, ਫ਼ਕੀਰ ਵੀ ਕਈ ਵਾਰੀ ਕਿਸੇ ਕੰਮ ਦੀ ਉਲੰਘਣਾ ਕਰਨ ਤੇ ਸਜ਼ਾ ਵਜੋਂ ਬਿਮਾਰੀ ਭੇਜ ਦਿੰਦੇ ਹਨ ਅਤੇ ਫਿਰ ਕਰਾਮਾਤ ਨਾਲ ਉਹ ਬਿਮਾਰੀ ਠੀਕ ਵੀ ਹੋ ਜਾਂਦੀ ਹੈ। ਇਸ ਬਾਰੇ ਟੈਂਪਲ ਦੀਆਂ ਇਕੱਤਰ ਗਾਥਾਵਾਂ ਵਿੱਚੋਂ ਹਵਾਲੇ ਦਿੱਤੇ ਜਾ ਸਕਦੇ ਹਨ ਜਿਵੇਂ-ਗੁੱਗੇ ਦੀ ਲੋਕ-ਗਾਥਾ ਵਿੱਚ ਗੁੱਗਾ ਮਾਂ ਦੇ ਪੇਟ ਵਿੱਚੋਂ ਹੀ ਬਲਦਾਂ ਨੂੰ ਚੜ੍ਹਿਆ ਜ਼ਹਿਰ ਲਾਹੁਣ ਦਾ ਉਪਾਅ ਦੱਸ ਦਿੰਦਾ ਹੈ। ਉਸੇ ਤਰ੍ਹਾਂ ਕਰਨ ਨਾਲ ਬਲਦਾਂ ਦਾ ਸਾਰਾ ਜ਼ਹਿਰ ਲੱਥ ਜਾਂਦਾ ਹੈ।[75] ਇਸੇ ਕਹਾਣੀ ਵਿੱਚ ਰਾਜਾ ਊਠ ਨਾਲ ਸਵਾਲ-ਜਵਾਬ ਵੀ ਕਰਦਾ ਹੈ। ਇਸੇ ਜਗ੍ਹਾ ਤੇ ਰਾਜਾ ਤੋਤਾ ਤੇ ਊਠ ਗੱਲਾਂ ਕਰਦੇ ਦੱਸੇ ਗਏ ਹਨ। ਰਾਣੀ ਵੀ ਅਖ਼ੀਰ ਵਿੱਚ ਤੋਤੇ ਦਾ ਪਿੰਜਰਾ ਮਹੱਲ ਦੇ ਵਿਚਕਾਰ ਰੱਖਦੀ ਹੈ ਅਤੇ ਉਹ ਉਸ ਨਾਲ ਗੱਲਾਂ ਵੀ ਕਰਦੀ ਹੈ।

"ਸ਼ੀਲਾ ਦੇਈ" ਦੀ ਲੋਕ-ਗਾਥਾ ਵਿੱਚ ਰਾਜਾ ਰਸਾਲੂ ਜਦੋਂ ਮੰਤਰੀ ਦੀ ਪਤਨੀ ਨੂੰ ਵੇਖਣ ਜਾਂਦਾ ਹੈ ਤਾਂ ਤੋਤੇ ਦੇ ਕਹਿਣ ਤੇ ਹੀ ਆਪਣੇ ਮਨ ਦੀ ਮੈਲ ਦੂਰ ਕਰ ਦਿੰਦਾ ਹੈ।[60] ਬਾਅਦ ਵਿੱਚ ਵੀ ਤੋਤੇ ਕੋਲੋਂ ਹੀ ਰਾਜਾ ਰਸਾਲੂ ਮਹਿਤੇ ਬਾਰੇ ਪੁੱਛਦਾ ਹੈ ਅਤੇ ਉਹ ਆਖਦਾ ਹੈ ਕਿ ਬਾਗ਼ ਵਿੱਚ ਜਾ ਅਤੇ ਉਸ ਨੂੰ ਵੇਖ ਲੈ। "ਰਾਜਾ ਚੰਦਰ ਭਾਨ ਤੇ ਰਾਣੀ ਚੰਦ ਕਰਨ" ਦੀ ਕਹਾਣੀ ਵਿੱਚ ਪੂਰਬ ਵੱਲੋਂ ਇਕ ਹੰਸ ਆਉਂਦਾ ਹੈ ਜਿਹੜਾ ਕਹਿੰਦਾ ਹੈ ਕਿ "ਜੇ ਇਕ ਦੇਸ਼ ਵਿੱਚ ਕੋਈ ਧਰਮੀ ਹੈ ਤਾਂ ਪਾਣੀ ਪਿਲਾਵੇ।" ਰਾਣੀ ਉਸ ਨੂੰ ਪਾਣੀ ਪਿਲਾਉਂਦੀ ਹੈ।[61] ਇਸੇ ਕਹਾਣੀ ਵਿੱਚ ਰਾਜਾ ਤੇ ਹੰਸ ਵੀ ਬੜੀਆਂ ਗੱਲਾਂ ਕਰਦੇ ਹਨ। ਹੰਸ ਹੀ ਰਾਜਾ ਤੇ ਰਾਣੀ ਦਾ ਆਪਸ ਵਿੱਚ ਮੇਲ ਕਰਵਾਉਂਦਾ ਹੈ। 'ਹੀਰ ਤੇ ਰਾਂਝੇ ਦਾ ਵਿਆਹ' ਕਹਾਣੀ ਵਿੱਚ ਸੁਪਨੇ ਵਿੱਚ ਕਾਲਾ ਨਾਗ਼ ਹੀਰ ਨੂੰ ਡੰਗ ਮਾਰਦਾ ਹੈ ਤਾਂ ਰਾਂਝੇ ਨੂੰ ਮਿਲਣ ਲਈ ਆਖਦਾ ਹੈ।[62] ਇਸ ਕਹਾਣੀ ਵਿੱਚ ਗੋਰਖ ਨਾਥ ਹੀਰ ਦੀ ਖ਼ਬਰ ਲਿਆਉਣ ਲਈ ਕਾਲੇ ਕਾਂ ਨੂੰ ਭੇਜਦਾ ਹੈ, ਜਿਹੜਾ ਹੀਰ ਨਾਲ ਜਾ ਕੇ ਗੱਲਾਂ ਕਰਦਾ ਤੇ ਆ ਕੇ ਦੱਸਦਾ ਹੈ। ਪੂਰਨ ਭਗਤ ਦੇ ਕਿੱਸੇ ਵਿੱਚ ਰਾਜਾ ਸਲਵਾਹਨ ਜਦੋਂ ਇੱਛਰਾਂ ਨੂੰ ਵਿਆਹੁਣ ਜਾਂਦਾ ਹੈ ਤਾਂ ਉਹ ਦੀਵੇ, ਗੜਵੇ, ਗਲ ਦੇ ਹਾਰ ਅਤੇ ਪਲੰਘ ਨਾਲ ਗੱਲਾਂ ਕਰਦਾ ਦੱਸਿਆ ਗਿਆ ਹੈ।[63] ਇਸੇ ਕਹਾਣੀ ਵਿੱਚ ਕਾਲਾ ਕਾਂ ਵੀ ਪੂਰਨ ਨਾਲ ਗੱਲਾਂ ਕਰਦਾ ਹੈ। 'ਰਾਜਾ ਨਲ' ਦੀ ਕਹਾਣੀ ਵਿੱਚ ਨਿਸ਼ਪ ਦੇਸ਼ ਦੇ ਰਾਜਾ ਦੇ ਬਾਗ਼ ਵਿੱਚੋਂ ਰਾਜਾ ਨਲ ਨੇ ਇਕ ਵਾਰੀ ਇਕ ਹੰਸ ਫੜ ਲਿਆ। ਉਹ ਜਾਨ ਬਖ਼ਸ਼ਣ ਦੇ ਤਰਲੇ ਕਰਨ ਲੱਗਾ। ਉਸ ਨੇ ਵਾਅਦਾ ਕੀਤਾ ਕਿ ਉਹ ਰਾਣੀ ਦਮਯੰਤੀ ਨਾਲ ਉਸ ਨੂੰ ਮਿਲਾ ਦੇਵੇਗਾ। ਉਸ ਕੋਲੋਂ ਵਚਨ ਲੈ ਕੇ ਰਾਜਾ ਨਲ ਨੇ ਹੰਸ ਨੂੰ ਛੱਡ ਦਿੱਤਾ।[64] ਇਸ ਕਹਾਣੀ ਵਿੱਚ ਕਲਯੁੱਗ ਤੇ ਦਵਾਪਰ ਆਪਸ ਵਿੱਚ ਗੱਲਾਂ ਕਦੇ ਦੱਸੇ ਗਏ ਹਨ। ਰਾਣੀ ਕੋਕਿਲਾਂ ਦੀ ਲੋਕ-ਗਾਥਾ ਵਿੱਚ ਰਾਜਾ ਰਸਾਲੂ ਦੇ ਦੋ ਪਾਲਤੂ ਜਾਨਵਰ ਤੋਤਾ ਤੇ ਮੈਨਾ ਬੋਲਣ ਵਾਲੇ ਪੰਛੀ ਹੀ ਨਹੀਂ ਸਗੋਂ ਰਾਜਾ ਨੂੰ ਪੂਰੀ ਖ਼ਬਰ ਪਹੁੰਚਾਉਣ ਵਾਲੇ ਪੰਛੀ ਹਨ। ਇਸੇ ਕਰ ਕੇ ਰਾਜਾ ਹੋਡੀ ਵੱਲੋਂ ਰਾਣੀ ਕੋਕਲਾ ਨਾਲ ਸੇਜ ਮਾਨਣ ਦੀ ਖ਼ਬਰ ਰਾਜਾ ਰਸਾਲੂ ਨੂੰ ਜਾ ਕੇ ਦਿੰਦੇ ਹਨ।[65] ਈਸੇ ਵਪਾਰੀ ਦੇ ਕਿੱਸੇ ਵਿੱਚ ਸਖੀ ਸਰਵਰ ਆਪ ਹਕੀਮ ਬਣ ਕੇ ਊਠ ਦੀ ਲੱਤ ਠੀਕ ਕਰਦਾ ਹੈ [76] ਅਤੇ ਇਸੇ ਕਹਾਣੀ ਵਿੱਚ ਇਕ ਵਾਰੀ ਇਕ ਕੋਹੜੀ ਨੂੰ ਈਸਾ ਆਪਣੇ ਨਾਲ

ਲੈ ਗਿਆ। ਜਦੋਂ ਉਸ ਨੂੰ ਨਿਗਾਹੇ ਦੇ ਚਸ਼ਮੇ ਤੋਂ ਨੁਹਾਇਆ ਗਿਆ ਤਾਂ ਉਸ ਦਾ ਕੋਹੜ ਠੀਕ ਹੋ ਗਿਆ। ਪੂਰਨ ਭਗਤ ਦੇ ਕਿੱਸੇ ਵਿੱਚ ਜਦੋਂ ਪੂਰਨ ਸਿਆਲਕੋਟ ਵਾਪਿਸ ਜੋਗੀ ਨਾਹਰ ਸਿੰਘ ਦੇ ਨਾਲ ਜਾਂਦਾ ਹੈ ਤਾਂ ਇੱਛਰਾਂ ਦੀਆਂ ਅੱਖਾਂ ਤੇ ਨਾਹਰ ਸਿੰਘ ਪਰਨਾ ਫੇਰਦਾ ਹੈ ਤਾਂ ਉਹ ਸੁਜਾਖੀ ਹੋ ਜਾਂਦੀ ਹੈ।[77] ਫੇਰੂ ਬ੍ਰਾਹਮਣ ਜੋ ਸਖੀ ਸਰਵਰ ਦਾ ਪੈਰੋਕਾਰ ਸੀ ਅਤੇ ਇਕ ਸਮਾਗਮ ਵਿੱਚ ਜਦੋਂ ਉਸ ਨੂੰ ਸਖੀ ਸਰਵਰ ਦੇ ਪੈਰੋਕਾਰ ਹੋਣ ਕਾਰਨ ਬ੍ਰਾਹਮਣਾਂ ਨੇ ਅੰਦਰ ਨਾ ਜਾਣ ਦਿੱਤਾ ਤਾਂ ਉਸ ਨੇ ਸਖੀ ਸਰਵਰ ਨੂੰ ਛੱਡ ਦਿੱਤਾ। ਸਜ਼ਾ ਵਜੋਂ ਉਸ ਨੂੰ ਕੋਹੜ ਹੋ ਗਿਆ। ਪਰ ਪਸ਼ਚਾਤਾਪ ਕਰਨ ਤੇ ਸਖੀ ਸਰਵਰ ਨੇ ਹਕੀਮ ਦਾ ਰੂਪ ਧਾਰਨ ਕਰ ਕੇ ਉਸ ਨੂੰ ਠੀਕ ਕਰ ਦਿੱਤਾ।[78]

ਕੁਝ ਹੋਰ ਵੀ ਕਥਾਨਕ ਰੂੜ੍ਹੀਆਂ ਹਨ ਜਿਨ੍ਹਾਂ ਵਿੱਚ ਸੁੱਕੇ ਬਾਗ਼ ਦਾ ਹਰੇ ਹੋਣਾ ਤੇ ਖੂਹ ਦਾ ਪਾਣੀ ਨਾਲ ਭਰ ਜਾਣਾ ਹੈ। ਇਹ ਰੂੜ੍ਹੀ ਵੀ ਇਨ੍ਹਾਂ ਕਹਾਣੀਆਂ ਵਿੱਚ ਮਿਲਦੀ ਹੈ। ਇਹ ਪੂਰਨ ਭਗਤ ਦੇ ਕਿੱਸੇ ਵਿੱਚ ਅਤੇ ਰਾਜਾ ਰਸਾਲੂ ਦੇ ਕਾਰਨਾਮਿਆਂ ਵਿੱਚ ਵੇਖਣ ਨੂੰ ਮਿਲਦੀ ਹੈ। ਜਦੋਂ ਪੂਰਨ ਵਾਪਿਸ ਸਿਆਲਕੋਟ ਆਉਂਦਾ ਹੈ ਤਾਂ ਸੁੱਕੇ ਬਾਗ਼ ਨੂੰ ਪਾਣੀ ਤਰਾਂਉਕਣ ਨਾਲ ਉਹ ਹਰਾ-ਭਰਾ ਕਰ ਦੰਦਾ ਹੈ। ਜੋ ਇਹ ਦਰਸਾਉਂਦਾ ਹੈ ਕਿ ਗੋਰਖ ਨਾਥ ਦੀ ਕਿਰਪਾ ਉਸ ਉੱਪਰ ਸੀ।[79] ਡੁੱਬਦੇ ਬੇੜੇ ਨੂੰ ਡੁੱਬਣ ਤੋਂ ਬਚਾਉਣਾ, ਸ਼ਾਹ ਕੁਸੇਮ ਦੀ ਗਾਥਾ ਅਤੇ ਈਸੇ ਬਾਣੀਏ ਦੇ ਕਿੱਸੇ ਵਿੱਚ ਇਹ ਅਹਿਮ ਰੂੜ੍ਹੀ ਹੈ। ਪੁੱਤਰ ਦੀ ਪ੍ਰਾਪਤੀ ਸੰਬੰਧੀ ਇਸ ਵਿੱਚ ਪੀਰਾਂ ਫ਼ਕੀਰਾਂ ਦੇ ਵਰ ਨਾਲ ਜਾਂ ਕਿਸੇ ਚੀਜ਼ ਦੇ ਖਾਣ ਨਾਲ, ਤੁੰਬਾ ਝਾੜਨ ਨਾਲ ਗੋਰਖ ਨਾਥ ਦੀ ਸੇਵਾ ਕਰਨ ਨਾਲ ਪੁੱਤਰ ਦੀ ਪ੍ਰਾਪਤੀ ਦਾ ਵਰ ਮਿਲ ਜਾਂਦਾ ਹੈ। ਪੁੱਤਰ ਦੀ ਅਹਿਮੀਅਤ ਮੱਧਕਾਲ ਵਿੱਚ ਬਹੁਤ ਜ਼ਿਆਦਾ ਸੀ ਕਿਉਂਕਿ ਪੁੱਤਰ ਵੰਸ਼ ਨੂੰ ਅੱਗੇ ਤੋਰਦਾ ਹੈ ਅਤੇ ਜ਼ਮੀਨ ਦਾ ਮਾਲਕ ਬਣਦਾ ਹੈ। ਪੁੱਤਰ ਨਾ ਹੋਣ 'ਤੇ ਵਿਸ਼ਵਾਸ ਸੀ ਕਿ ਆਦਮੀ ਨਰਕਾਂ ਨੂੰ ਜਾਂਦਾ ਹੈ। ਇਸੇ ਤਰ੍ਹਾਂ ਜਤ-ਸਤ ਦੀ ਪਰਖ ਬਾਰੇ ਰੂੜ੍ਹੀਆਂ ਪੂਰਨ ਦੇ ਕਿੱਸੇ, ਹਰੀ ਚੰਦ ਦੀ ਗਾਥਾ, ਸ਼ੀਲਾ ਦੇਈ ਦੀ ਗਾਥਾ ਤੇ ਰਸਾਲੂ ਦੇ ਕਾਰਨਾਮਿਆਂ ਵਿੱਚ ਵੀ ਮਿਲਦੀ ਹੈ। ਅੱਗ ਨਾਲ ਸੰਬੰਧਿਤ ਅਤੇ ਵਾਲਾਂ ਨੂੰ ਚਿੱਟਿਉਂ ਕਾਲੇ ਕਰਨ ਦੀ ਰੂੜ੍ਹੀ ਵੀ ਇਨ੍ਹਾਂ ਲੋਕ-ਗਾਥਾਵਾਂ ਵਿੱਚ ਮਿਲਦੀ ਹੈ।

**ਸੰਸਾਰਕ ਕਥਾਨਕ ਰੂੜ੍ਹੀਆਂ**

ਇਨ੍ਹਾਂ ਕਥਾਨਕ ਰੂੜ੍ਹੀਆਂ ਦਾ ਸੰਬੰਧ ਸਾਡੇ ਸਮਾਜਕ ਤੇ ਸਭਿਆਚਾਰਕ ਸੰਸਕਾਰਾਂ ਤੇ ਵਿਹਾਰਾਂ ਨਾਲ ਹੈ। ਅੱਗੇ ਇਨ੍ਹਾਂ ਦੀ ਵੰਡ ਕਲਪਨਾ ਜਾਂ ਯਥਾਰਥ ਦੇ ਆਧਾਰ ਤੇ ਕੀਤੀ ਜਾ ਸਕਦੀ ਹੈ।

**(ੳ) ਸੰਭਾਵੀ ਕਥਾਨਕ ਰੂੜ੍ਹੀਆਂ**

ਇਨ੍ਹਾਂ ਰੂੜ੍ਹੀਆਂ ਵਿਚਲੀਆਂ ਘਟਨਾਵਾਂ ਤੋਂ ਇਨਕਾਰ ਤਾਂ ਨਹੀਂ ਕੀਤਾ ਜਾ ਸਕਦਾ ਪਰ ਇਨ੍ਹਾਂ ਦੇ ਵਾਪਰਨ ਬਾਰੇ ਵੀ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਟੈਂਪਲ ਦੀਆਂ ਇਨ੍ਹਾਂ ਇਕੱਤਰ ਕੀਤੀਆਂ ਲੋਕ-ਗਾਥਾਵਾਂ ਵਿੱਚ ਇਹ ਇਸ ਪ੍ਰਕਾਰ ਹਨ:

**ਵਿਆਹ ਲਈ ਸ਼ਰਤਾਂ ਰੱਖਣਾ**

ਸਾਮੰਤੀ ਯੁੱਗ ਵਿੱਚ ਰਾਜ-ਘਰਾਣਿਆਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਕੁਝ ਖ਼ਾਸ ਸ਼ਰਤਾਂ ਲਾਈਆਂ ਜਾਂਦੀਆਂ ਸਨ ਜਿਨ੍ਹਾਂ ਰਾਹੀਂ ਵਰ ਦੀ ਸਰੀਰਕ ਤੇ ਮਾਨਸਿਕ ਮਜ਼ਬੂਤੀ ਦਾ ਪਤਾ ਲੱਗ ਸਕੇ। ਰਾਮ ਚਰਿਤ ਮਾਨਸ ਵਿੱਚ ਵੀ ਸੀਤਾ ਦੇ ਵਿਆਹ ਲਈ ਧਨੁਸ਼ ਤੋੜਨ ਦੀ ਸ਼ਰਤ ਲੱਗੀ ਸੀ। ਇਸ ਤਰ੍ਹਾਂ ਦੀਆਂ ਅਨੇਕ ਉਦਾਹਰਣਾਂ ਲੋਕ ਸਾਹਿਤ ਵਿੱਚ ਵੀ ਮਿਲਦੀਆਂ ਹਨ। ਇਸ ਸ਼ਰਤ ਵਿੱਚ ਕਿਸੇ ਵੇਲੇ ਸੁਆਲ ਦੇ ਰੂਪ ਵਜੋਂ ਦੋਹਿਰਾ ਵੀ ਸੁਣਾਇਆ ਜਾਂਦਾ ਸੀ

ਅਤੇ ਉੱਤਰ ਪੁੱਛਿਆ ਜਾਂਦਾ ਸੀ। ਇਸ ਨਾਲ ਵਰ ਦੀ ਦਿਮਾਗੀ ਪਰਖ ਹੋ ਜਾਂਦੀ ਸੀ। ਰਾਜਕੁਮਾਰੀ ਅਧਿਕ ਅਨੂਪ ਦਈ ਤੋਤੇ ਨੂੰ ਜਿਹੜਾ ਕਿ ਰਾਜੇ ਦਾ ਸੁਨੇਹਾ ਲੈ ਕੇ ਆਇਆ ਸੀ-ਸਵਾਲ ਪਾਉਂਦੀ ਅਤੇ ਦੋਹਰਾ ਸੁਣਾਉਂਦੀ ਹੈ। ਉੱਤਰ ਦੇਣ 'ਤੇ ਉਹ ਰਾਜ਼ੀ ਹੁੰਦੀ ਹੈ।[80] ਇਸੇ ਕਹਾਣੀ ਵਿੱਚ ਉਹ ਰਾਜੇ ਨੂੰ ਸਵਾਲ ਪਾਉਂਦੀ ਅਤੇ ਕਹਿੰਦੀ ਹੈ, "ਉੱਤਰ ਦੇ ਤੇ ਅੱਜ ਹੀ ਫੇਰੇ ਲੈ ਲੈ।" ਰਾਜਾ ਢੋਲ ਦੀ ਗਾਥਾ ਵਿੱਚ ਵਿਆਹ ਤੋਂ ਪਹਿਲਾਂ ਭੇਜੀ ਚਿੱਠੀ ਦਾ ਹਵਾਲਾ ਪੁੱਛਿਆ ਜਾਂਦਾ ਹੈ।[81] ਰਾਜਾ ਨਲ ਦੀ ਗਾਥਾ ਵਿੱਚ ਦਮਯੰਤੀ ਦਾ ਸਵੰਬਰ ਰਚਾਇਆ ਜਾਂਦਾ ਹੈ। ਸਖੀ ਸਰਵਰ ਦੇ ਵਿਆਹ ਲਈ ਗਵਰਨਰ (ਉਸ ਦਾ ਸਹੁਰਾ) ਉਸ ਨੂੰ ਬਾਂਸ ਦੇ ਸਿਰੇ ਨਾਲ 6 ਬਾਂਸ ਬੰਨ੍ਹ ਕੇ ਉਪਰ ਇਕ ਪਿੱਤਲ ਦੇ ਕਟੋਰੇ ਵਿੱਚ ਤੀਰ ਮਾਰਨ ਦੀ ਸ਼ਰਤ ਲਗਾਉਂਦਾ ਹੈ ਜਿਹੜੀ ਕਿ ਸਖੀ ਸਰਵਰ ਪੂਰੀ ਕਰ ਦਿੰਦਾ ਹੈ।[82]

**ਸੰਭਵ ਕਥਾਨਕ ਰੂੜ੍ਹੀਆਂ**

ਇਹ ਉਹ ਰੂੜ੍ਹੀਆਂ ਹਨ, ਜਿਨ੍ਹਾਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਲੋਕ-ਗਾਥਾਵਾਂ ਵਿੱਚ ਅਜਿਹੀਆਂ ਕਥਾਨਕ ਰੂੜ੍ਹੀਆਂ ਇਸ ਪ੍ਰਕਾਰ ਹਨ।

**ਗੁਣ ਸੁਣ ਕੇ ਪ੍ਰੇਮ ਜਾਗਣਾ-**

ਇਸ ਕਥਾਨਕ ਰੂੜ੍ਹੀ ਅਨੁਸਾਰ ਕਿਸੇ ਵਿਅਕਤੀ, ਜਾਨਵਰ, ਪੰਛੀ ਪਾਸੋਂ ਕਿਸੇ ਦੇ ਗੁਣ ਸੁਣ ਕੇ ਪ੍ਰੇਮ ਜਾਗ ਪੈਂਦਾ ਹੈ ਅਤੇ ਆਦਮੀ ਉਸ ਦੀ ਪ੍ਰਾਪਤੀ ਲਈ ਵਿਆਕੁਲ ਹੋ ਜਾਂਦਾ ਹੈ। ਰਾਜਾ ਰਸਾਲੂ ਕਨੌਜ ਦੀ ਰਾਣੀ ਅਧਿਕ ਅਨੂਪ ਦਈ ਦੇ ਗੁਣ ਸੁਣ ਕੇ ਕਿ ਉਹ ਜਦੋਂ ਹੱਸਦੀ ਹੈ ਤਾਂ ਫੁੱਲਾਂ ਦੀ ਟੋਕਰੀ ਭਰ ਜਾਂਦੀ ਹੈ ਅਤੇ ਜਦੋਂ ਰੋਂਦੀ ਹੈ ਤਾਂ ਅੱਥਰੂਆਂ ਦਾ ਥਾਲ ਭਰ ਜਾਂਦਾ ਹੈ। ਤਾਂ ਉਹ ਉਸ ਨੂੰ ਮਿਲਣ ਤੇ ਵੇਖਣ ਲਈ ਵਿਆਕੁਲ ਹੋ ਜਾਂਦਾ ਹੈ।[83] ਰਾਜਾ ਨਲ ਦੀ ਕਥਾ ਵਿੱਚ ਵੀ ਰਾਜਾ ਨਲ ਹੰਸ ਕੋਲੋਂ ਦਮਯੰਤੀ ਦੀ ਸਿਫ਼ਤ ਸੁਣ ਕੇ ਹੰਸ ਨੂੰ ਜਾਨੋਂ ਮਾਰਨ ਤੋਂ ਹਟ ਜਾਂਦਾ ਹੈ ਅਤੇ ਹੰਸ ਦੇ ਕਹਿਣ ਤੇ ਦਮਯੰਤੀ ਨੂੰ ਮਿਲਣ ਲਈ ਜਾਂਦਾ ਹੈ।[84]

**ਇਕੋ ਸਮੇਂ ਹੱਸਣਾ ਤੇ ਰੋਣਾ :**

ਇਹ ਕਥਾਨਕ ਰੂੜ੍ਹੀ ਬੜੀ ਪ੍ਰਾਚੀਨ ਹੈ, ਕਿਉਂਕਿ ਹੱਸਣਾ ਤੇ ਰੋਣਾ ਮਾਨਵੀ ਮਨੋਭਾਵ ਹਨ। ਹੱਸਣਾ ਖ਼ੁਸ਼ੀ ਤੇ ਰੋਣਾ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਇਨ੍ਹਾਂ ਬਾਰੇ ਵੀ ਟੈਂਪਲ ਦੀਆਂ ਇਕੱਤਰ ਲੋਕ-ਗਾਥਾਵਾਂ ਵਿੱਚ ਅਸੀਂ ਰਾਜਾ ਰਸਾਲੂ ਦੇ ਕਾਰਨਾਮਿਆਂ ਵਿੱਚੋਂ ਵੇਖ ਸਕਦੇ ਹਾਂ। ਜਦੋਂ ਰਸਾਲੂ ਇਕ ਸ਼ਹਿਰ ਵਿੱਚ ਪਹੁੰਚਿਆ ਤਾਂ ਇਕ ਬੁੱਢੀ ਔਰਤ ਦੇ ਘਰ ਗਿਆ, ਜਿਹੜੀ ਰੋਂਦੀ ਵੀ ਅਤੇ ਹੱਸਦੀ ਵੀ ਸੀ। ਪੁੱਛਣ 'ਤੇ ਉਸ ਨੇ ਦੱਸਿਆ ਕਿ ਇਥੇ ਇਕ ਦੇਉ ਹੈ, ਜਿਹੜਾ ਰੋਜ਼ ਇਕ ਆਦਮੀ ਖਾਂਦਾ ਹੈ ਅਤੇ ਅੱਜ ਮੇਰੇ ਪੁੱਤਰ ਦੀ ਵਾਰੀ ਹੈ। ਹੱਸਦੀ ਮੈਂ ਇਸ ਕਰ ਕੇ ਹਾਂ ਕਿ ਤੂੰ ਕਿੱਡਾ ਸੋਹਣਾ ਜੁਆਨ ਹੈਂ।[85] ਇਸੇ ਤਰ੍ਹਾਂ ਹੀ ਰਾਜਕੁਮਾਰੀ ਅਧਿਕ ਅਨੂਪ ਦੇਈ ਬਾਰੇ ਜਿਹੜੀ ਕਨੌਜ ਦੀ ਰਾਣੀ ਸੀ ਕਿ ਉਹ ਜਦੋਂ ਹੱਸਦੀ ਹੈ ਤਾਂ ਫੁੱਲ ਕਿਰਦੇ ਹਨ ਅਤੇ ਜਦੋਂ ਰੋਂਦੀ ਹੈ ਤਾਂ ਅੱਥਰੂਆਂ ਦਾ ਥਾਲ ਭਰ ਜਾਂਦਾ ਹੈ। ਇਹ ਵੀ ਖ਼ੁਸ਼ੀ ਤੇ ਗ਼ਮ ਦੇ ਮਨੋਭਾਵਾਂ ਨੂੰ ਪੇਸ਼ ਕਰਦੀਆਂ ਘਟਨਾਵਾਂ ਹਨ।

**ਡੁੱਬਿਆ ਬੇੜਾ ਬਾਹਰ ਕੱਢਣਾ ਜਾਂ ਬੰਨੇ ਲਾਉਣਾ**

ਇਹ ਰੂੜ੍ਹੀ ਵੀ ਬਹੁਤ ਪ੍ਰਸਿੱਧ ਹੈ। ਇਸ ਵਿੱਚ ਕਿਸੇ ਸੰਤ ਮਹਾਤਮਾ, ਪੀਰ-ਫ਼ਕੀਰ ਦੇ ਵਚਨਾਂ ਨਾਲ ਵੀ ਅਜਿਹਾ ਹੋ ਸਕਦਾ ਹੈ। ਟੈਂਪਲ ਦੀਆਂ ਇਕੱਤਰ ਲੋਕ-ਗਾਥਾਵਾਂ ਵਿੱਚ ਵੀ ਇਹ ਕਹਾਣੀ ਮਿਲਦੀ ਹੈ ਕਿ ਬੁੱਢੀ ਮਾਈ ਦੇ ਇਕਲੌਤੇ ਪੁੱਤਰ ਦਾ ਵਿਆਹ ਹੋਇਆ ਪਰ ਤੇਜ਼

ਹਵਾਵਾਂ ਕਾਰਨ ਬੇੜਾ ਸਮੁੰਦਰ ਵਿੱਚ ਹੀ ਡੁੱਬ ਗਿਆ। ਇਕ ਦਿਨ ਅਬਦੁਲ ਕਾਦਿਰ ਜੀਲਾਨੀ ਸ਼ਿਕਾਰ ਕਰਦੇ ਉਧਰ ਆਏ ਤਾਂ ਬੁੱਢੀ ਰੋ ਰਹੀ ਸੀ। ਪੁੱਛਣ 'ਤੇ ਉਸ ਨੇ ਸਾਰੀ ਗੱਲ ਦੱਸੀ ਤਾਂ ਫਕੀਰ ਦੀ ਦੁਆ ਨਾਲ ਬੇੜਾ ਬਾਹਰ ਆ ਗਿਆ ਜਿਸ ਵਿੱਚ ਉਸ ਦਾ ਪੁੱਤਰ ਨੂੰਹ ਅਤੇ ਜੰਜ ਵੀ ਸੀ। ਇਸ ਨਾਲ ਸਾਰੇ ਸ਼ਹਿਰ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਇਹ ਕਥਾ ਅਬਦੁਲ ਕਾਦਿਰ ਜੀਲਾਨੀ ਸੰਬੰਧੀ ਕਵਿਤਾ ਵਿੱਚ ਵੀ ਦਰਜ ਹੈ।[86] ਇਸੇ ਤਰ੍ਹਾਂ ਇਸੇ ਵਰਗ ਦੀ ਰੂੜ੍ਹੀ ਮਨੁੱਖੀ ਮਾਸ ਖਾਣ ਸੰਬੰਧੀ ਹੈ ਜਦੋਂ ਰਾਜਾ ਰਸਾਲੂ ਕੋਕਿਲਾ ਨੂੰ ਉਸ ਦੇ ਪ੍ਰੇਮੀ ਰਾਜਾ ਹੋਡੀ ਦਾ ਮਾਸ ਉਸ ਨੂੰ ਖਾਣ ਨੂੰ ਦਿੰਦਾ ਹੈ।[87]

**ਸੁਭਾਵਿਕ ਕਥਾਨਕ ਰੂੜ੍ਹੀ**

ਅਜਿਹੀਆਂ ਕਥਨਾਕ ਰੂੜ੍ਹੀਆਂ ਦਾ ਸਾਡੀ ਜ਼ਿੰਦਗੀ ਨਾਲ ਸਿੱਧਾ ਸੰਬੰਧ ਹੁੰਦਾ ਹੈ।

**ਜੋਗੀ ਬਣਨਾ**

ਮੱਧਕਾਲ ਵਿੱਚ ਨਾਥਾਂ-ਜੋਗੀਆਂ ਜਾਂ ਕੰਨਪਾਟੇ ਜੋਗੀਆਂ ਦਾ ਪੰਜਾਬ ਅੰਦਰ ਬੜਾ ਬੋਲਬਾਲਾ ਰਿਹਾ ਹੈ। ਜੋਗੀ ਤੋਂ ਭਾਵ ਜੋਗ ਹਾਸਿਲ ਕਰਨ ਵਾਲੇ ਤੋਂ ਹੈ। ਜਿਹੜਾ ਕਿ ਸੰਸਾਰ ਨੂੰ ਤਿਆਗ ਦਿੰਦਾ ਹੈ ਪਰ ਉਹ ਦਰ-ਦਰ ਜਾ ਕੇ ਅਲਖ਼ ਜ਼ਰੂਰ ਜਗਾਉਂਦਾ ਹੈ। ਟੈਂਪਲ ਦੀਆਂ ਇਨ੍ਹਾਂ ਸੰਗ੍ਰਹਿਤ ਗਾਥਾਵਾਂ ਵਿੱਚ ਜੋਗੀ ਬਣਨ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਜਿਵੇਂ ਰਾਜਾ ਰਸਾਲੂ ਦੇ ਕਾਰਨਾਮੇ ਵਿੱਚ ਰਾਜਾ ਰਸਾਲੂ ਦਾ ਜੋਗੀ ਬਣ ਜਾਣਾ ਅਤੇ ਫਿਰ ਰਾਣੀ ਸੁੰਦਰਾਂ ਦੇ ਮਹੱਲਾਂ ਵਿੱਚ ਭਿੱਖਿਆ ਮੰਗਣ ਜਾਣ ਬਾਰੇ ਵੇਰਵੇ ਹਨ।[88] ਸ਼ੀਲਾ ਦੇਈ ਦੀ ਲੋਕ-ਗਾਥਾ ਵਿੱਚ ਜਦੋਂ ਮਹਿਤੇ ਨੂੰ ਰਾਜਾ ਰਸਾਲੂ ਦਾ ਉਸ ਦੀ ਪਤਨੀ ਕੋਲ ਜਾਣ ਬਾਰੇ ਪਤਾ ਲੱਗਦਾ ਹੈ ਤਾਂ ਉਹ ਕਿਸੇ ਦੀ ਮੰਨਦਾ ਨਹੀਂ ਅਤੇ ਜੋਗੀ ਬਣ ਜਾਂਦਾ ਹੈ।[89] ਪੂਰਨ ਭਗਤ ਦਾ ਵੀ ਜੋਗੀ ਬਣਨ ਦਾ ਵਰਣਨ ਮਿਲਦਾ ਹੈ।[90] 'ਹੀਰ ਤੇ ਰਾਂਝੇ ਦਾ ਵਿਆਹ' ਵਿੱਚ ਵੀ ਰਾਂਝੇ ਦਾ ਗੁਰੂ ਗੋਰਖ ਨਾਥ ਪਾਸ ਜਾ ਕੇ ਜੋਗ ਲੈਣਾ ਤੇ ਜੋਗੀ ਬਣਨ ਦੀ ਗੱਲ ਕਹੀ ਗਈ ਹੈ।[91] ਰਾਜਾ ਗੋਪੀ ਚੰਦ ਦੀ ਗਾਥਾ ਵਿੱਚ ਉਸ ਦੀ ਮਾਤਾ ਮੈਨਾਵੰਤੀ ਆਪਣੇ ਪੁੱਤਰ ਨੂੰ ਆਖਦੀ ਹੈ, "ਇਹ ਸੰਸਾਰ ਸੁਪਨੇ ਵਰਗਾ ਹੈ ਅਤੇ ਝੂਠਾ ਜਾਲ ਹੈ। ਤੂੰ ਜੋਗੀ ਹੋ ਜਾ। ਇਸ ਨਾਲ ਤੇਰੀ ਚੰਦਨ ਵਰਗੀ ਦੇਹ ਅਮਰ ਹੋ ਜਾਵੇਗੀ।" ਉਹ ਕਹਿੰਦੀ ਹੈ :

ਪੁੱਤਰ ਤੂੰ ਜੋਗੀ ਹੋ ਜਾ
ਮਾਨ ਲੇ ਕਹੀ ਹਮਾਰੀ
ਯੇਹ ਕੰਚਨ ਸੀ ਦੇਹ
ਅਮਰ ਹੋ ਜਾਗੀ ਥਾਰੀ।[92]

**ਭਰਾਵਾਂ ਦੇ ਦੁਰ-ਵਿਵਹਾਰ ਬਾਰੇ ਰੂੜ੍ਹੀ**

ਇਹ ਰੂੜ੍ਹੀ ਭਰਾਵਾਂ ਦੀ ਆਪਸੀ ਨਫ਼ਰਤ ਤੇ ਵੈਰ ਦੀ ਪ੍ਰਤੀਕ ਹੈ ਕਿਉਂਕਿ ਆਰਥਿਕਤਾ ਦਾ ਮੁੱਖ ਆਧਾਰ ਖੇਤੀਬਾੜੀ ਸੀ ਅਤੇ ਜ਼ਮੀਨ ਦੇ ਵੰਡ ਹੋ ਜਾਣ ਦੇ ਡਰੋਂ ਭਰਾ, ਭਰਾਵਾਂ ਨਾਲ ਨਫ਼ਰਤ ਕਰਦੇ ਸਨ ਜਾਂ ਫਿਰ ਮਾਤਾ-ਪਿਤਾ ਦਾ ਖ਼ਾਸ ਪਿਆਰਾ ਬੱਚਾ ਦੂਸਰਿਆਂ ਲਈ ਨਫ਼ਰਤ ਦਾ ਕਾਰਨ ਬਣਦਾ ਸੀ। ਜਿਵੇਂ ਯੂਸਫ਼ ਦੇ ਕਿੱਸੇ ਵਿੱਚ ਉਸ ਦੇ ਭਰਾ ਉਸ ਨਾਲ ਨਫ਼ਰਤ ਕਰਦੇ ਸਨ। 'ਸਖੀ ਸਰਵਰ ਦਾ ਵਿਆਹ' ਦੀ ਕਹਾਣੀ ਵਿੱਚ ਉਸ ਦੇ ਭਰਾ ਉਸ ਨਾਲ ਈਰਖਾ ਵੱਸ ਉਸ ਨੂੰ ਮਾੜੀ ਜ਼ਮੀਨ ਦੇ ਦਿੰਦੇ ਹਨ ਪਰ ਜਦੋਂ ਉਹ ਪ੍ਰਾਰਥਨਾ ਕਰ ਕੇ ਬੀ ਬੀਜਦਾ ਹੈ ਤਾਂ ਫ਼ਸਲ ਵਧੀਆ ਹੁੰਦੀ ਹੈ। ਉਹ ਫਿਰ ਜ਼ਮੀਨ ਵੰਡਣ ਦੀ ਗੱਲ ਕਰ ਬਹਿੰਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ

ਈਰਖਾ ਕਰਨ ਦੀਆਂ ਹੋਰ ਵੀ ਗੱਲਾਂ ਕੀਤੀਆਂ ਗਈਆਂ ਹਨ ਅਤੇ ਉਹ ਬਾਰ-ਬਾਰ ਗਵਰਨਰ ਨੂੰ ਉਸ ਦੀਆਂ ਸ਼ਿਕਾਇਤਾਂ ਵੀ ਕਰਦੇ ਹਨ, ਪਰ ਅਸਫ਼ਲ ਹੀ ਰਹਿੰਦੇ ਹਨ।[93]

**ਸ਼ੇਰ ਮਾਰਨ ਦੀ ਕਥਾਨਕ ਰੂੜ੍ਹੀ**

ਸ਼ੇਰ ਬਹਾਦੁਰ ਜਾਨਵਰ ਹੈ ਅਤੇ ਇਸ ਨਾਲ ਟੱਕਰ ਲੈਣਾ ਤੇ ਇਸ ਨੂੰ ਮਾਰ ਦੇਣਾ ਬਹਾਦਰੀ ਦਾ ਪ੍ਰਤੀਕ ਹੈ। ਇਸ ਬਾਰੇ ਟੈਂਪਲ ਦੀਆਂ ਇਕੱਤਰ ਕੀਤੀਆਂ ਗਾਥਾਵਾਂ ਵਿੱਚ ਝੰਗ ਦੇ ਕੰਗਣ ਬਣਾਉਣ ਵਾਲਾ ਨਾਮੀ ਕਹਾਣੀ ਵਿੱਚ ਹੀਰ ਤੇ ਰਾਂਝਾ ਜਦੋਂ ਨੱਠ ਕੇ ਬਾਰ ਵਿੱਚ ਪਹੁੰਚਦੇ ਹਨ ਤਾਂ ਉਥੋਂ ਇਕ ਸ਼ੇਰ ਆ ਨਿਕਲਦਾ ਹੈ। ਰਾਂਝੇ ਹੱਥੋਂ ਸ਼ੇਰ ਨੂੰ ਮਰਦਿਆਂ ਵੇਖ ਕੇ ਹੀਰ ਉਸ 'ਤੇ ਕੁਰਬਾਨ ਹੋ ਜਾਂਦੀ ਹੈ।[94] ਸਰਵਰ ਦੀ ਕਥਾ ਨਾਲ ਸੰਬੰਧਿਤ ਤਿੰਨ ਭਾਗ ਵਿੱਚ ਵੀ ਅਜਿਹੀ ਗੱਲ ਹੈ ਜਦੋਂ ਸਰਵਰ ਕਣਕ ਦੀ ਰਾਖੀ ਕਰ ਰਿਹਾ ਸੀ ਤਾਂ ਉਧਰੋਂ ਇਕ ਸ਼ੇਰ ਆ ਗਿਆ। ਜਦੋਂ ਉਸ ਨੇ ਸਰਵਰ ਵੱਲ ਘੂਰੀ ਵੱਟ ਕੇ ਵੇਖਿਆ ਤਾਂ ਉਹ ਨਮਾਜ਼ ਪੜ੍ਹਨ ਲੱਗ ਪਿਆ। ਨਮਾਜ਼ ਪੜ੍ਹ ਕੇ ਉਸ ਨੇ ਖੰਡਾ ਮਾਰਿਆ ਤਾਂ ਸ਼ੇਰ ਮਰ ਗਿਆ।[95]

**ਉਧਾਲੇ ਸੰਬੰਧੀ ਕਥਾਨਕ ਰੂੜ੍ਹੀ**

ਪ੍ਰਾਚੀਨ ਕਾਲ ਤੋਂ ਹੀ ਇਸਤਰੀ ਨੂੰ ਉਧਾਲ ਕੇ ਵਿਆਹ ਕਰਨ ਦਾ ਰਿਵਾਜ ਰਿਹਾ ਹੈ। ਪੁਰਾਣੇ ਸਮਿਆਂ ਵਿੱਚ ਜ਼ਿਆਦਾ ਵਿਆਹ ਉਧਾਲੇ ਦੇ ਹੀ ਹੁੰਦੇ ਸਨ। ਇਸੇ ਕਰ ਕੇ ਲਾੜਾ ਆਪਣੇ ਨਾਲ ਆਪਣੇ ਸਾਥੀਆਂ ਨੂੰ ਲੈ ਕੇ ਜਾਂਦਾ ਹੈ। ਪ੍ਰਾਚੀਨ ਕਾਲ ਤੇ ਮੱਧਕਾਲ ਦੀਆਂ ਕਹਾਣੀਆਂ ਵਿੱਚ ਖ਼ੂਬਸੂਰਤ ਲੜਕੀਆਂ ਨੂੰ ਉਧਾਲਣ ਦਾ ਕੰਮ ਚੱਲਦਾ ਸੀ। ਉਧਾਲੇ ਨੂੰ ਸਮਾਜ ਵਿਰੁੱਧ ਬਗ਼ਾਵਤ ਸਮਝਿਆ ਜਾਂਦਾ ਸੀ ਤੇ ਇਸ ਦਾ ਸਿੱਟਾ ਦੁਖਾਂਤ ਵਿੱਚ ਹੀ ਨਿਕਲਦਾ ਸੀ। ਬਾਨਾਸੁਰ ਦੀ ਲੋਕ-ਗਾਥਾ ਵਿੱਚ ਵੈਸਨਵ ਦੇ ਰਾਜਾ ਅਨਿਰਧਰ ਦਾ ਬਾਨਾਸੁਰ ਦੀ ਪੁੱਤਰੀ ਨਾਲ ਇਸ਼ਕ ਹੋ ਗਿਆ। ਉਹ ਲੜਾਈ ਕਰ ਕੇ ਉਸ ਨੂੰ ਹਰਾ ਕੇ ਉਸ ਦੀ ਪੁੱਤਰੀ ਨੂੰ ਚੁੱਕ ਕੇ ਲੈ ਗਿਆ ਅਤੇ ਉਸ ਨਾਲ ਵਿਆਹ ਕਰ ਲਿਆ।

ਇਸੇ ਤਰ੍ਹਾਂ ਕੁਝ ਹੋਰ ਉਦਾਹਰਣਾਂ ਜਿਵੇਂ ਸਲਾਹ ਲੈਣੀ, ਮਾਫ਼ ਕਰਨਾ, ਭੂਤਾਂ-ਪ੍ਰੇਤਾਂ ਬਾਰੇ, ਅੰਮ੍ਰਿਤ ਜਲ, ਮੇਲਿਆਂ ਬਾਰੇ, ਕਰਮਾਂ ਤੇ ਵਿਸ਼ਵਾਸ ਬਾਰੇ ਆਦਿ ਰੂੜ੍ਹੀਆਂ ਮਿਲਦੀਆਂ ਹਨ। ਇਸ ਤਰ੍ਹਾਂ ਵਿਸ਼ਵਾਸਪਰਕ, ਚਮਤਕਾਰੀ ਅਤੇ ਸੰਸਾਰਕ ਪੱਧਰ ਦੀਆਂ ਕਥਾਨਕ ਰੂੜ੍ਹੀਆਂ ਦਾ ਵਰਣਨ ਮਿਲਦਾ ਹੈ, ਜਿਨ੍ਹਾਂ ਤੋਂ ਪੰਜਾਬ ਦੇ ਸਭਿਆਚਾਰ ਤੇ ਸਮਾਜ ਦੇ ਵਰਤਾਰੇ ਬਾਰੇ ਗਿਆਨ ਹੁੰਦਾ ਹੈ।

## ਹਵਾਲੇ ਤੇ ਟਿੱਪਣੀਆਂ

1. ਆਰ. ਸੀ. ਟੈਂਪਲ, ਪ੍ਰੈਸੀਡੈਨਸ਼ੀਅਲ ਐਡਰਸ ਟੂ ਦਾ ਫੋਕਲੋਰ ਜੁਬਲੀ ਕਾਂਗਰਸ ਆਫ ਦਾ ਫੋਕਲੋਰ ਸੁਸਾਇਟੀ ਇਨ ਲੰਡਨ, 20 ਸਤੰਬਰ 1928.
2. ਜੀਵਨੀ Who was Who in British India 1998 ਦੀ ਸਹਾਇਤਾ ਨਾਲ।
3. ਕਰਮਜੀਤ ਸਿੰਘ, 'ਆਰ. ਸੀ. ਟੈਂਪਲ ਦਾ ਲੋਕਯਾਨ ਸ਼ਾਸਤਰ', ਪਰਖ, 1987.
4. ਆਰ. ਸੀ. ਟੈਂਪਲ, ਏ ਡੇਸਰਟੇਸ਼ਨ ਆਨ ਦਾ ਪਰਾਪਰ ਨੇਮਜ਼ ਆਫ ਪੰਜਾਬੀਜ਼ ਵਿਦ ਸਪੈਸ਼ਲ ਰੈਫਰੈਂਸ ਟੂ ਦਾ ਪਰਾਪਰ ਨੇਮਜ਼ ਆਫ ਵਿਲੀਜਰਜ਼ ਇਨ ਦਾ ਈਸਟਰਨ ਪੰਜਾਬ (ਅਧਿਆਇ ਪਹਿਲਾ)
5. ਆਰ. ਸੀ. ਟੈਂਪਲ, ਪੰਜਾਬ ਦੀਆਂ ਲੋਕ ਗਾਥਾਵਾਂ, ਭੂਮਿਕਾ, ਪੰਨਾ **VII**
6. ਡਾਰਸਨ ਐਮ. (ਸੰਪਾ.), ਪੀਸੰਟ ਕਸਟਮਰਜ਼ ਐਂਡ ਸੈਵੇਜ਼ ਮਿਥਜ਼, ਜਿਲਦ ਦੂਜੀ, ਪੰਨਾ 619.
7. ਡਾ. ਕਰਮਜੀਤ ਸਿੰਘ , ਪੰਜਾਬੀ ਲੋਕਧਾਰਾ ਸੰਗ੍ਰਹਿ ਤੇ ਸਮੀਖਿਆ, ਚਿਰਾਗ, ਜੂਨ 2000, ਪੰਨਾ 47.
8. ਜੋਗਿੰਦਰ ਸਿੰਘ ਕੈਰੋਂ, ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ ਤੇ ਵਰਗੀਕਰਨ, ਪੰਨਾ 12.
9. ਉਹੀ, ਪੰਨਾ 12.

9 ਏ. ਕਰਨੈਲ ਸਿੰਘ ਥਿੰਦ

10. ਵਣਜਾਰਾ ਬੇਦੀ, ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ 23.
11. ਕਵਲਜੀਤ ਗਰੋਵਰ, ਗੁਰੂ ਨਾਨਕ ਦੇਵ ਜੀ ਦੀਆਂ ਜਨਸਾਖੀਆਂ ਵਿੱਚ ਕਥਾਨਕ ਰੂੜ੍ਹੀਆਂ, ਪੰਨਾ 8.
12. ਉਹੀ, ਪੰਨਾ 8.
13. ਵਣਜਾਰਾ ਬੇਦੀ, ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ 24.
14. ਕਵਲਜੀਤ ਗਰੋਵਰ, ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿੱਚ ਕਥਾਨਕ ਰੂੜ੍ਹੀਆਂ, ਪੰਨਾ 22.
15. ਕਰਨੈਲ ਸਿੰਘ ਥਿੰਦ, ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨੇ 125-126.
16. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਪੰਨੇ 182-183.
17. ਚਰਨਜੀਤ ਸਿੰਘ ਗੁਮਟਾਲਾ, ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜੀਆਂ, ਪੰਨਾ-36.
18. ਪਵਿੱਤਰ ਬਾਈਬਲ, ਮੱਤੀ 2: 6 ਪੰਨਾ 2.
19. ਉਹੀ, ਮੱਤੀ 2: 2 ਪੰਨਾ 2.
20. ਆਰ. ਸੀ. ਟੈਂਪਲ, ਪੰਜਾਬ ਦੀਆਂ ਲੋਕ-ਗਾਥਾਵਾਂ, ਜਿਲਦ ਦੂਜੀ
21. ਉਹੀ, ਜਿਲਦ ਤੀਜੀ

22. ਉਹੀ, ਜਿਲਦ ਪਹਿਲੀ
23. ਉਹੀ, ਜਿਲਦ ਦੂਜੀ
24. ਉਹੀ, ਜਿਲਦ ਦੂਜੀ
25. ਉਹੀ, ਜਿਲਦ ਦੂਜੀ
26. ਉਹੀ, ਜਿਲਦ ਦੂਜੀ
27. ਉਹੀ, ਜਿਲਦ ਦੂਜੀ
28. ਉਹੀ, ਜਿਲਦ ਪਹਿਲੀ
29. ਪਵਿੱਤਰ ਬਾਈਬਲ, ਉਤਪਤ 40, ਪੰਨਾ 42.
30. ਉਹੀ, ਉਤਪਤ 18, ਪੰਨਾ 34.
31. ਪਵਿੱਤਰ ਬਾਈਬਲ, ਮੱਤੀ 2, ਪੰਨਾ 2.
32. ਆਰ. ਸੀ. ਟੈਂਪਲ, ਪੰਜਾਬ ਦੀਆਂ ਲੋਕ ਗਾਥਾਵਾਂ, ਜਿਲਦ ਦੂਜੀ
33. ਉਹੀ, ਜਿਲਦ ਦੂਜੀ
34. ਉਹੀ, ਜਿਲਦ ਪਹਿਲੀ
35. ਉਹੀ, ਜਿਲਦ ਪਹਿਲੀ
36. ਉਹੀ, ਜਿਲਦ ਪਹਿਲੀ
37. ਉਹੀ, ਜਿਲਦ ਦੂਜੀ
38. ਉਹੀ, ਜਿਲਦ ਦੂਜੀ
39. ਉਹੀ, ਜਿਲਦ ਪਹਿਲੀ
40. ਉਹੀ, ਜਿਲਦ ਪਹਿਲੀ
41. ਉਹੀ, ਜਿਲਦ ਦੂਜੀ
42. ਉਹੀ, ਜਿਲਦ ਪਹਿਲੀ
43. ਉਹੀ, ਜਿਲਦ ਪਹਿਲੀ,
44. ਉਹੀ, ਜਿਲਦ ਤੀਜੀ
45. ਉਹੀ, ਜਿਲਦ ਦੂਜੀ
46. ਉਹੀ, ਜਿਲਦ ਪਹਿਲੀ
47. ਉਹੀ, ਜਿਲਦ ਦੂਸਰੀ
48. ਉਹੀ, ਜਿਲਦ ਦੂਸਰੀ
49. ਉਹੀ, ਜਿਲਦ ਦੂਸਰੀ
50. ਉਹੀ, ਜਿਲਦ ਦੂਸਰੀ
51. ਉਹੀ, ਜਿਲਦ ਦੂਸਰੀ
52. ਉਹੀ, ਜਿਲਦ ਪਹਿਲੀ
53. ਉਹੀ, ਜਿਲਦ ਪਹਿਲੀ
54. ਉਹੀ, ਜਿਲਦ ਤੀਸਰੀ
55. ਉਹੀ, ਜਿਲਦ ਤੀਸਰੀ
56. ਉਹੀ, ਜਿਲਦ ਤੀਸਰੀ
57. ਉਹੀ, ਜਿਲਦ ਤੀਸਰੀ
58. ਉਹੀ, ਜਿਲਦ ਦੂਸਰੀ
59. ਉਹੀ, ਜਿਲਦ ਪਹਿਲੀ

60. ਉਹੀ, ਜਿਲਦ ਪਹਿਲੀ
61. ਉਹੀ, ਜਿਲਦ ਦੂਸਰੀ
62. ਉਹੀ, ਜਿਲਦ ਦੂਸਰੀ
63. ਉਹੀ, ਜਿਲਦ ਦੂਸਰੀ
64. ਉਹੀ, ਜਿਲਦ ਦੂਸਰੀ
65. ਉਹੀ, ਜਿਲਦ ਤੀਸਰੀ
66. ਉਹੀ, ਜਿਲਦ ਪਹਿਲੀ
67. ਉਹੀ, ਜਿਲਦ ਪਹਿਲੀ
68. ਉਹੀ, ਜਿਲਦ ਪਹਿਲੀ
69. ਉਹੀ, ਜਿਲਦ ਦੂਸਰੀ
70. ਉਹੀ, ਜਿਲਦ ਦੂਸਰੀ
71. ਉਹੀ, ਜਿਲਦ ਦੂਸਰੀ
72. ਉਹੀ, ਜਿਲਦ ਤੀਸਰੀ
73. ਉਹੀ, ਜਿਲਦ ਤੀਸਰੀ
74. ਉਹੀ, ਜਿਲਦ ਤੀਸਰੀ
75. ਉਹੀ, ਜਿਲਦ ਪਹਿਲੀ
76. ਉਹੀ, ਜਿਲਦ ਪਹਿਲੀ
77. ਉਹੀ, ਜਿਲਦ ਦੂਸਰੀ
78. ਉਹੀ, ਜਿਲਦ ਦੂਸਰੀ
79. ਉਹੀ, ਜਿਲਦ ਪਹਿਲੀ
80. ਉਹੀ, ਜਿਲਦ ਪਹਿਲੀ
81. ਉਹੀ, ਜਿਲਦ ਦੂਸਰੀ
82. ਉਹੀ, ਜਿਲਦ ਦੂਸਰੀ
83. ਉਹੀ, ਜਿਲਦ ਪਹਿਲੀ
84. ਉਹੀ, ਜਿਲਦ ਦੂਜੀ
85. ਉਹੀ, ਜਿਲਦ ਪਹਿਲੀ
86. ਉਹੀ, ਜਿਲਦ ਦੂਸਰੀ
87. ਉਹੀ, ਜਿਲਦ ਤੀਸਰੀ
88. ਉਹੀ, ਜਿਲਦ ਪਹਿਲੀ
89. ਉਹੀ, ਜਿਲਦ ਪਹਿਲੀ
90. ਉਹੀ, ਜਿਲਦ ਦੂਸਰੀ
91. ਉਹੀ, ਜਿਲਦ ਦੂਸਰੀ
92. ਉਹੀ, ਜਿਲਦ ਦੂਸਰੀ
92. ਉਹੀ, ਜਿਲਦ ਦੂਸਰੀ
93. ਉਹੀ, ਜਿਲਦ ਦੂਸਰੀ
94. ਉਹੀ, ਜਿਲਦ ਦੂਸਰੀ
95. ਉਹੀ, ਜਿਲਦ ਪਹਿਲੀ

# ਅਧਿਆਇ ਪੰਜਵਾਂ
# ਚਾਰਲਸ ਸਵਿਨਰਟਨ ਤੇ ਪੰਜਾਬੀ ਲੋਕਧਾਰਾ

ਪੰਜਾਬੀ ਲੋਕਧਾਰਾ ਦੇ ਸੰਗ੍ਰਹਿ ਸੰਪਾਦਨ ਤੇ ਮੁਲਾਂਕਣ ਵਿੱਚ ਅੰਗਰੇਜ਼, ਵਿਦਵਾਨਾਂ, ਅਫ਼ਸਰਾਂ, ਉਨ੍ਹਾਂ ਦੀਆਂ ਧੀਆਂ ਤੇ ਪਤਨੀਆਂ, ਪਾਦਰੀਆਂ ਅਤੇ ਸਥਾਨਕ ਲੋਕਾਂ ਵਿੱਚ ਮੁਨਸ਼ੀਆਂ, ਅਧਿਆਪਕਾਂ, ਸਹਾਇਕਾਂ ਆਦਿ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਨੇ ਸਖ਼ਤ ਮਿਹਨਤ ਤੇ ਲਗਨ ਨਾਲ ਪੰਜਾਬ ਦੇ ਬਹੁਮੁੱਲੇ ਖ਼ਜ਼ਾਨੇ ਨੂੰ ਮਿਰਾਸੀਆਂ, ਭੰਡਾਂ, ਫ਼ਕੀਰਾਂ, ਭੱਟਾਂ, ਢਾਡੀਆਂ ਆਦਿ ਕੋਲੋਂ ਸੁਣ ਕੇ ਸੰਭਾਲਿਆ ਅਤੇ ਪੰਜਾਬੀ ਲੋਕਧਾਰਾ ਦੀ ਅਮੀਰੀ ਤੋਂ ਸਾਰੀ ਦੁਨੀਆਂ ਨੂੰ ਜਾਣੂੰ ਕਰਵਾਇਆ। ਇਨ੍ਹਾਂ ਵਿੱਚੋਂ ਪਾਦਰੀ ਚਾਰਲਸ ਸਵਿਨਰਟਨ ਦਾ ਨਾਂ ਬੜਾ ਅਹਿਮ ਹੈ. ਉਸ ਦੀ ਜੀਵਨੀ ਨੂੰ ਲੱਭਣ ਦਾ ਬੜਾ ਯਤਨ ਕੀਤਾ ਗਿਆ ਪਰ ਸਿਵਾਏ ਇਸ ਗੱਲ ਦੇ ਕਿ ਉਹ ਇਕ ਰਿਟਾਇਰਡ ਪਾਦਰੀ ਸੀ। ਹੋਰ ਕੋਈ ਵੀ ਜਾਣਕਾਰੀ ਸਾਨੂੰ ਨਹੀਂ ਮਿਲ ਸਕੀ।

ਪਾਦਰੀ ਤੇ ਈਸਾਈ ਧਰਮ ਦਾ ਪ੍ਰਚਾਰਕ ਹੋਣ ਦਾ ਪ੍ਰਮਾਣ ਤੇ ਉਸ ਦੀ ਧਾਰਮਿਕ ਵਿੱਦਿਆ ਦੀ ਪੇਸ਼ਕਾਰੀ ਉਸ ਵੱਲੋਂ ਪੰਜਾਬੀ ਲੋਕਧਾਰਾ ਦੀ, ਬਾਈਬਲ ਨਾਲ ਕੀਤੀ ਗਈ ਤੁਲਨਾ ਤੋਂ ਵੀ ਪਤਾ ਲਗਦੀ ਹੈ। ਉਸ ਉੱਪਰ ਆਪਣੀ ਧਾਰਮਿਕ ਵਿੱਦਿਆ ਦਾ ਰੰਗ ਇਸ ਕਦਰ ਗੂੜ੍ਹਾ ਨਜ਼ਰ ਆਉਂਦਾ ਹੈ ਕਿ ਉਸ ਨੇ ਹੀਰ ਨੂੰ ਵੀ ਯਿਸੂ ਮਸੀਹ ਦੀ ਪੈਰੋਕਾਰ ਬਣਾ ਦਿੱਤਾ। "ਰੁਮਾਂਟਿਕ ਟੇਲਜ਼ ਫ਼ਰਾਮ ਪੰਜਾਬ" ਦੀ ਕਹਾਣੀ "ਲਵ ਸਟੋਰੀ ਆਫ਼ ਹੀਰ ਐਂਡ ਰਾਂਝਾ' ਵਿੱਚ ਉਹ ਦੱਸਦਾ ਹੈ ਕਿ ਹੀਰ ਯਿਸੂ ਮਸੀਹ ਦੀ ਭਗਤਣੀ ਸੀ ਅਤੇ ਹਰ ਐਤਵਾਰ ਯਿਸੂ ਨੂੰ ਮੰਨਦੀ ਸੀ। ਸੁਪਨੇ ਵਿੱਚ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਰਾਂਝੇ ਨਾਲ ਵਿਆਹੀ ਗਈ ਤਾਂ ਉਹ ਇਸ ਗੱਲ ਦੀ ਪ੍ਰਵਾਨਗੀ ਵੀ ਯਿਸੂ ਮਸੀਹ ਕੋਲੋਂ ਪ੍ਰਾਪਤ ਕਰਦੀ ਹੈ।"[1] ਉਹ ਆਪਣੇ ਤੁਲਨਾਤਮਕ ਅਧਿਐਨ ਵਿੱਚ ਬਾਈਬਲ ਦੀਆਂ ਅਨੇਕਾਂ ਉਦਾਹਰਣਾਂ ਜਿਵੇਂ ਯੂਸਫ਼ ਦੀ ਕਹਾਣੀ, ਸੈਮਸਨ ਦੀ ਕਹਾਣੀ ਆਦਿ ਬਾਰੇ ਚਰਚਾ ਵੀ ਕਰਦਾ ਹੈ।

ਇਸ ਉੱਘੇ ਵਿਦਵਾਨ ਪਾਦਰੀ, ਆਲੋਚਕ, ਵਿਸ਼ਲੇਸ਼ਣਕਰਤਾ, ਇਤਿਹਾਸਕਾਰ ਵਿਅਕਤੀ ਨੇ ਪੰਜਾਬ ਦੀਆਂ ਅਨੇਕਾਂ ਥਾਵਾਂ ਤੇ ਤੁਰ-ਫਿਰ ਕੇ ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਦਾ ਕੰਮ ਆਰੰਭ ਕੀਤਾ ਅਤੇ ਪੰਜਾਬੀ ਲੋਕਧਾਰਾ ਦੀ ਝੋਲੀ ਵਿੱਚ ਹੇਠ ਲਿਖੀਆਂ ਪੁਸਤਕਾਂ ਪਾ ਦਿੱਤੀਆਂ।

1. "ਫੋਰ ਲੀਜੰਡ ਆਫ਼ ਕਿੰਗ ਰਸਾਲੂ ਆਫ਼ ਸਿਆਲਕੋਟ" ਦਾ ਫੋਕਲੋਰ ਜਨਰਲ ਜਿਲਦ

1. ਜਨਵਰੀ-ਦਸੰਬਰ (1883) ਫੋਕਲੋਰ ਸੁਸਾਇਟੀ ਲੰਡਨ 1883.

ਇਹ ਉਸ ਦਾ ਲੇਖ ਸੀ, ਜਿਸ ਵਿੱਚ ਚਾਰ ਕਹਾਣੀਆਂ ਪੇਸ਼ ਕੀਤੀਆਂ ਗਈਆਂ ਹਨ ਅਤੇ ਬਾਅਦ ਵਿੱਚ ਖ਼ੂਬਸੂਰਤ ਨੋਟ ਦਿੱਤੇ ਗਏ ਹਨ।

2. ਦਾ ਐਂਡਵੈਚਰਸ ਆਫ਼ ਦਾ ਪੰਜਾਬ ਹੀਰੋ ਰਾਜਾ ਰਸਾਲੂ: ਐਂਡ ਅਦਰ ਫੋਕ ਟੇਲਜ਼ ਆਫ਼ ਦਾ ਪੰਜਾਬ" 1884.

3. ਰੋਮਾਂਟਿਕ ਟੇਲਜ਼ ਫਰਾਮ ਦਾ ਪੰਜਾਬ: ਵਿਦ ਇਲਸਟਰੇਸ਼ਨ ਬਾਏ ਨੇਟਿਵ ਹੈਂਡਜ਼ 1903.

4. ਰੋਮਾਂਟਿਕ ਟੇਲਜ਼ ਫਰਾਮ ਦਾ ਪੰਜਾਬ : ਵਿਦ ਇੰਡੀਅਨ ਨਾਈਟਸ ਐਨਟਰਟੇਨਮੈਂਟ 1908

5. ਰੋਮਾਂਟਿਕ ਟੇਲਜ਼ ਫਰਾਮ ਦਾ ਪੰਜਾਬ : ਵਿਦ ਇੰਡੀਅਨ ਨਾਈਟਸ ਐਨਟਰਟੇਨਮੈਂਟ ਕੁਲੈਕਟਡ ਐਂਡ ਐਡੀਟਡ ਫਰਾਮ ਉਰੀਜਨਲ ਸੋਰਸਜ਼ 1928.

## ਫੋਰ ਲੀਜੰਡਜ਼ ਆਫ਼ ਕਿੰਗ ਰਸਾਲੂ ਆਫ਼ ਸਿਆਲਕੋਟ

ਰਾਜਾ ਰਸਾਲੂ ਦੀ ਕਹਾਣੀ ਪੰਜਾਬ ਦੀ ਹਰਮਨ–ਪਿਆਰੀ ਕਹਾਣੀ ਕਹੀ ਜਾਂਦੀ ਹੈ ਕਿਉਂਕਿ ਰਾਜਾ ਰਸਾਲੂ ਪੰਜਾਬੀਆਂ ਦਾ ਨਾਇਕ ਬਣ ਕੇ ਉੱਭਰਿਆ ਅਤੇ ਆਪਣੇ ਸਾਰੇ ਸੁੱਖ–ਅਰਾਮ ਤਿਆਗ ਕੇ ਉਸ ਨੇ ਪੰਜਾਬੀਆਂ ਦੇ ਦੁੱਖਾਂ ਨੂੰ ਸਮਝਿਆ। ਵਣਜਾਰਾ ਬੇਦੀ ਉਸ ਬਾਰੇ ਆਖਦਾ ਹੈ ਕਿ, "ਰਸਾਲੂ ਦਾ ਸਾਰਾ ਜੀਵਨ ਇਕ ਅਹਿਸਾਸਾਂ ਭਰਿਆ ਲੰਮਾ ਸੰਘਰਸ਼ ਸੀ, ਜੋ ਵਿਦੇਸ਼ੀ ਧਾੜਵੀਆਂ, ਜਗੀਰੂ ਰੁਚੀਆਂ ਵਾਲੇ ਛੋਟੇ ਰਾਜਿਆਂ ਅਤੇ ਮਨਮਾਨੀਆਂ ਕਰਨ ਵਾਲੇ ਜਾਬਰ ਕਬੀਲਿਆਂ ਦੇ ਵਿਰੁੱਧ ਮੁਹਿੰਮਾਂ ਵਿੱਚ ਬੀਤਿਆ। ਉਹ ਸਿਆਲਕੋਟ ਵਿੱਚ ਕਦੇ ਟਿਕ ਕੇ ਨਹੀਂ ਸੀ ਬੈਠਾ।" [2]

ਅੰਗਰੇਜ਼ਾਂ ਨੇ ਜਿੱਥੇ ਪੰਜਾਬ ਦੀ ਲੋਕਧਾਰਾ ਦੇ ਇਕੱਤਰੀਕਰਨ ਮੁਲਾਂਕਣ ਵੱਲ ਰੁਝਾਨ ਵਧਾਇਆ। ਉਥੇ ਅਜਿਹੇ ਨਾਇਕਾਂ ਦੀ ਸ਼ਖ਼ਸੀਅਤ ਨੂੰ ਸਮਝਣ ਲਈ ਵੀ ਉਪਰਾਲਾ ਆਰੰਭਿਆ। ਸਵਿਨਰਟਨ ਆਪਣੀ ਪੁਸਤਕ "ਰੋਮਾਂਟਿਕ ਟੇਲਜ਼ ਫ਼ਰਾਮ ਦਾ ਪੰਜਾਬ" ਦੀ ਭੂਮਿਕਾ ਵਿੱਚ ਇਹ ਦੱਸਦਾ ਹੈ ਕਿ ਰਸਾਲੂ ਬਾਰੇ ਸਭ ਤੋਂ ਪਹਿਲਾਂ ਅੰਗਰੇਜ਼ ਅਫ਼ਸਰ ਜੇ. ਐਬਟ ਨੇ ਖੋਜ ਕੀਤੀ। ਉਸ ਦਾ ਲੇਖ "ਆਨ ਦਾ ਬੈਲਡਜ਼ ਐਂਡ ਲੀਜੰਡਜ਼ ਆਫ਼ ਪੰਜਾਬ" 1854 ਵਿੱਚ ਜਨਰਲ ਆਫ਼ ਏਸ਼ੀਆਟਿਕ ਸੁਸਾਇਟੀ ਬੰਗਾਲ ਵਿੱਚ ਛਪਿਆ। [3] ਉਸ ਤੋਂ ਬਾਅਦ ਸਵਿਨਰਟਨ ਨੇ ਰਾਜਾ ਰਸਾਲੂ ਬਾਰੇ ਚਾਰ ਕਹਾਣੀਆਂ ਫੋਕਲੋਰ ਜਨਰਲ ਜਿਹੜਾ ਲੰਡਨ ਵਿੱਚ ਛਪਦਾ ਸੀ, ਵਿਚ ਛਪਵਾਈਆਂ।

ਇਹ ਚਾਰ ਕਹਾਣੀਆਂ ਸਵਿਨਰਟਨ ਨੇ ਪੰਜਾਬ ਦੇ ਪਿੰਡ ਦੇ ਇਕ ਕਿਸਾਨ ਪਾਸੋਂ ਸੁਣੀਆਂ। ਜਿਸ ਦਾ ਪਿੰਡ ਗੰਗਰ ਦੇ ਨਜ਼ਦੀਕ ਹੈ, ਜਿਹੜਾ ਕਿ ਰਾਜਾ ਰਸਾਲੂ ਦੇ ਰਾਜ ਦਾ ਮੁੱਖ ਹਿੱਸਾ ਰਿਹਾ ਹੈ। ਚਾਰ ਕਹਾਣੀਆਂ ਦਾ ਨਾਮਕਰਨ ਤਾਂ ਨਹੀਂ ਕੀਤਾ ਗਿਆ ਪਰ ਪਹਿਲੀ ਕਹਾਣੀ ਸਲਵਾਨ ਤੇ ਲੂਣਾ ਬਾਰੇ ਹੈ ਅਤੇ ਦੂਸਰੀ ਤਿਲਾਹ ਦੇ ਇਕ ਫ਼ਕੀਰ ਨਾਲ ਰਸਾਲੂ ਦੀ ਮੁਲਾਕਾਤ ਸੰਬੰਧੀ ਹੈ। ਤੀਸਰੀ ਕਹਾਣੀ ਰਾਜਾ ਰਸਾਲੂ ਦੇ ਰਾਜਾ ਸਿਰਕਪ ਨਾਲ ਚੌਪੜ ਖੇਡਣ ਬਾਰੇ ਹੈ ਅਤੇ ਚੌਥੀ ਕਹਾਣੀ ਰਾਜਾ ਰਸਾਲੂ ਵੱਲੋਂ ਰਾਣੀ ਕੋਕਲਾਂ ਲਈ ਮਹਿਲ ਬਣਵਾਉਣ ਤੇ ਉਸ ਦੀ ਰਾਜਾ ਰਸਾਲੂ ਨਾਲ ਬੇਵਫ਼ਾਈ ਬਾਰੇ ਜ਼ਿਕਰ ਕਰਦੀ ਹੈ।

ਪਹਿਲੀ ਕਹਾਣੀ ਦਾ ਆਰੰਭ ਪੰਜਾਬ ਅੰਦਰ ਪ੍ਰਚੱਲਤ ਰਾਜਾ ਰਸਾਲੂ ਦੀਆਂ ਕਹਾਣੀਆਂ

ਤੋਂ ਵੱਖਰਾ ਹੈ। ਆਮ ਪ੍ਰਚੱਲਤ ਕਹਾਣੀਆਂ ਅਨੁਸਾਰ ਤਾਂ ਰਾਜਾ ਸਲਵਾਨ, ਜਿਸਦੀ ਰਾਣੀ ਇੱਛਰਾਂ ਸੀ ਅਤੇ ਇਕ ਪੁੱਤਰ ਪੂਰਨ ਸੀ, ਜਿਸ ਨੂੰ ਜੋਤਸ਼ੀਆਂ ਦੇ ਕਹੇ ਅਨੁਸਾਰ ਬਾਰਾਂ ਸਾਲਾਂ ਲਈ ਭੋਰੇ ਵਿੱਚ ਪਾਇਆ ਗਿਆ ਸੀ। ਰਾਜਾ ਸਲਵਾਨ ਇਕ ਵਾਰੀ ਸ਼ਿਕਾਰ ਕਰਦਿਆਂ ਦੂਰ ਨਿਕਲ ਗਿਆ ਅਤੇ ਇਕ ਪਿੰਡ ਵਿੱਚ ਪਹੁੰਚਿਆ। ਇਹ ਪਿੰਡ ਲੂਣਾਂ ਦਾ ਸੀ। ਵਣਜਾਰਾ ਬੇਦੀ ਅਨੁਸਾਰ "ਲੂਣਾਂ ਪਿੰਡੋਂ ਬਾਹਰ ਖੂਹ ਤੇ ਪਾਣੀ ਭਰ ਰਹੀ ਸੀ। ਰਾਜਾ ਸਲਵਾਨ ਵੇਖਦੇ ਸਾਰ ਹੀ ਮੋਹਿਤ ਹੋ ਗਿਆ ਅਤੇ ਲੂਣਾਂ ਦੇ ਡੁੱਲ੍ਹ-ਡੁੱਲ੍ਹ ਪੈਂਦੇ ਹੁਸਨ ਦੇ ਘੁੱਟ ਅੱਖਾਂ ਰਾਹੀਂ ਭਰਨ ਲੱਗਾ। ਲੂਣਾ ਨੇ ਵੀ ਸਲਵਾਨ ਵੱਲ ਨਜ਼ਰ ਭਰ ਕੇ ਵੇਖਿਆ। ਸਲਵਾਨ ਨੂੰ ਲੱਗਾ ਜਿਵੇਂ ਲੂਣਾਂ ਦੀਆਂ ਨਜ਼ਰਾਂ ਨੇ ਉਸ ਨੂੰ ਮੱਖਣ ਵਾਂਗ ਪੰਘਾਰ ਸੁੱਟਿਆ ਹੋਵੇ, ਉਸ ਦਾ ਸਾਰਾ ਥਕੇਵਾਂ ਉੱਤਰ ਗਿਆ।"[4]

ਪਰ ਇਸ ਕਹਾਣੀ ਦਾ ਆਰੰਭ ਇਸ ਪ੍ਰਕਾਰ ਹੈ-"ਰਾਜਾ ਸਲਵਾਨ ਦੇ ਦੋ ਪੁੱਤਰ ਸਨ-ਵੱਡਾ ਪੂਰਨ ਤੇ ਛੋਟਾ ਰਸਾਲੂ। ਉਨ੍ਹਾਂ ਦੀ ਮਾਂ ਦੀ ਮੌਤ ਤੋਂ ਬਾਅਦ ਰਾਜਾ ਨੇ ਦੂਸਰਾ ਵਿਆਹ ਕਰ ਲਿਆ।" ਪਰ ਆਮ ਕਹਾਣੀਆਂ ਅਨੁਸਾਰ ਰਾਜਾ ਸਲਵਾਨ ਨੇ ਤਾਂ ਇੱਛਰਾਂ ਦੇ ਹੁੰਦਿਆਂ ਹੀ ਲੂਣਾਂ ਨੂੰ ਵਿਆਹ ਕੇ ਲੈ ਆਂਦਾ ਸੀ।

ਰਾਜਾ ਸਲਵਾਨ, ਪੂਰਨ ਤੇ ਰਸਾਲੂ ਨਾਲ ਮਿਲਦੀਆਂ ਹੋਰ ਘਟਨਾਵਾਂ ਨੂੰ ਬੜੀ ਛੇਤੀ-ਛੇਤੀ ਪਾਰ ਕੀਤਾ ਗਿਆ ਹੈ ਅਤੇ ਸੰਖੇਪ ਵਿੱਚ ਸਮੇਟਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਹਾਣੀ ਅਨੁਸਾਰ ਲੂਣਾਂ ਦੇ ਕੋਈ ਪੁੱਤਰ ਨਹੀਂ ਸੀ ਪਰ ਉਹ ਤਾਂ ਇੱਛਰਾਂ ਦੇ ਪੁੱਤਰ ਪੂਰਨ ਤੇ ਮੋਹਿਤ ਹੋ ਗਈ ਸੀ। ਪੂਰਨ ਦੇ ਇਨਕਾਰ ਕਰਨ ਤੇ ਉਸ ਨੂੰ ਦੇਸ਼-ਨਿਕਾਲਾ ਦਿੱਤਾ ਜਾਂਦਾ ਹੈ। ਜਦਕਿ ਪੂਰਨ ਬਾਰੇ ਧਾਰਨਾ ਹੈ ਕਿ ਉਸ ਦੇ ਹੱਥ-ਪੈਰ ਕੱਟ ਕੇ ਉਸ ਨੂੰ ਖੂਹ ਵਿੱਚ ਸੁੱਟ ਦਿੱਤਾ ਜਾਂਦਾ ਹੈ ਜਿਸ ਨੂੰ ਗੁਰੂ ਗੋਰਖ ਨਾਥ ਬਾਹਰ ਕੱਢਦਾ ਹੈ। ਪਰ ਇਸ ਕਹਾਣੀ ਅਨੁਸਾਰ "ਉਸ ਨੂੰ ਦੇਸ਼-ਨਿਕਾਲਾ ਦਿੱਤਾ ਜਾਂਦਾ ਹੈ ਅਤੇ ਉਹ ਫ਼ਕੀਰ ਬਣ ਜਾਂਦਾ ਹੈ। ਉਹ ਚਮਤਕਾਰੀ ਸ਼ਕਤੀਆਂ ਦਾ ਮਾਲਕ ਬਣ ਜਾਂਦਾ ਹੈ ਅਤੇ ਸਿਆਲਕੋਟ ਦੇ ਬਾਗ਼ ਵਿੱਚ ਜੜ੍ਹਾਂ ਤੋਂ ਸੁੱਕੇ ਰੁੱਖਾਂ ਨੂੰ ਹਰਾ ਕਰਦਾ ਹੈ।"[5] ਇਸ ਨਾਲ ਉਸ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਜਾਂਦੀ ਹੈ ਅਤੇ ਰਾਜਾ ਸਲਵਾਨ ਤੇ ਲੂਣਾਂ ਵੀ ਉਸ ਨੂੰ ਮਿਲਣ ਆਉਂਦੇ ਹਨ। ਪੂਰਨ ਭਗਤ ਉਨ੍ਹਾਂ ਨੂੰ ਪਹਿਚਾਣ ਲੈਂਦਾ ਹੈ ਅਤੇ ਅੱਗੇ ਵਧ ਕੇ ਪ੍ਰਣਾਮ ਕਰਦਾ ਹੈ। "ਜਦੋਂ ਰਾਜਾ ਤੇ ਉਸ ਦੀ ਰਾਣੀ ਉਥੇ ਪਹੁੰਚੇ ਤਾਂ ਪੂਰਨ ਉੱਠਿਆ ਤੇ ਆਪਣਾ ਸਿਰ ਆਦਰ ਨਾਲ ਝੁਕਾਇਆ। ਰਾਜਾ ਨੇ ਕਿਹਾ, "ਕੀ ਕਰ ਰਿਹਾ ਹੈਂ, ਤੂੰ ਫ਼ਕੀਰ ਹੈਂ ਤੇ ਮੇਰਾ ਫ਼ਰਜ਼ ਬਣਦਾ ਹੈ ਕਿ ਮੈਂ ਤੈਨੂੰ ਪ੍ਰਣਾਮ ਕਰਾਂ। ਪੂਰਨ ਨੇ ਕਿਹਾ, "ਰਾਜਾ ਇਕ ਵਾਰੀ ਮੇਰਾ ਇਕ ਧਾਰਮਿਕ ਗੁਰੂ ਸੀ, ਉਸ ਦਾ ਚਿਹਰਾ ਤੁਹਾਡੇ ਨਾਲੋਂ ਵੱਖਰਾ ਨਹੀਂ ਹੈ, ਇਸੇ ਕਾਰਨ ਮੈਂ ਤੁਹਾਡੇ ਤੱਕ ਆਇਆ ਹਾਂ।"[6] ਲੂਣਾਂ ਆਪਣਾ ਦਰਦ ਉਸ ਨੂੰ ਦੱਸਦੀ ਹੈ ਤਾਂ ਉਹ ਉਸ ਨੂੰ ਚੌਲਾਂ ਦਾ ਦਾਣਾ ਦਿੰਦਾ ਹੈ ਅਤੇ ਪੁੱਤਰ ਦਾ ਵਰ ਵੀ ਦਿੰਦਾ ਹੈ। ਇਸ ਤੋਂ ਬਾਅਦ ਕਹਾਣੀ ਸਿੱਧੀ ਰਾਜਾ ਰਸਾਲੂ ਤੇ ਪਹੁੰਚਦੀ ਹੈ ਅਤੇ ਰਸਾਲੂ ਪਾਣੀ ਭਰਦੀਆਂ ਕੁੜੀਆਂ ਦੇ ਘੜੇ ਭੰਨਦਾ ਹੈ। ਇਸ ਦੀ ਸ਼ਿਕਾਇਤ ਰਾਣੀ ਕੋਲ ਕੀਤੀ ਜਾਂਦੀ ਹੈ। ਰਾਜਾ ਉਸ ਨੂੰ ਸਜ਼ਾ ਦੇਣ ਲਈ ਤਿਆਰ ਨਹੀਂ ਸਗੋਂ ਖ਼ਜ਼ਾਨੇ ਵਿੱਚੋਂ ਪਹਿਲਾਂ ਪਿੱਤਲ ਦੇ ਘੜੇ ਬਣਵਾ ਕੇ ਦਿੰਦਾ ਹੈ ਤੇ ਫਿਰ ਖੂਹ ਪੁਟਵਾ ਕੇ। ਪਰ ਜਦੋਂ ਉਹ ਨਹੀਂ ਹਟਦਾ ਤਾਂ ਰਾਣੀ ਉਸ ਦੇ ਦੇਸ਼ ਨਿਕਾਲੇ ਦੀ ਸਿਫ਼ਾਰਿਸ਼ ਕਰਦੀ ਹੈ। ਇਹ ਗੱਲ ਵੀ ਵੱਖਰੀ ਨਜ਼ਰ ਆਉਂਦੀ ਹੈ ਕਿ ਜਿਹੜੀ ਮਾਂ ਪੁੱਤਰ ਦੀ ਪ੍ਰਾਪਤੀ ਲਈ ਇਤਨਾ ਯਤਨ ਕਰਦੀ ਰਹੀ ਹੋਵੇ, ਉਹੀ ਆਪਣੇ ਪੁੱਤਰ ਨੂੰ ਦੇਸ਼-ਨਿਕਾਲੇ ਦੀ ਸਜ਼ਾ ਕਿਵੇਂ ਦੇ ਸਕਦੀ ਹੈ? ਪਰ ਕਾਨੂੰਨ ਦੀ ਪਾਲਣਾ ਕਰਦਿਆਂ ਹੋਇਆਂ ਉਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਂਦਾ ਹੈ।

ਰਾਜਾ ਰਸਾਲੂ ਆਪਣੇ ਨਾਲ ਕੁਝ ਬਹਾਦਰ ਸਾਥੀਆਂ ਨੂੰ ਲੈ ਕੇ ਅਤੇ ਖ਼ਜ਼ਾਨਾ ਲੈ ਕੇ ਤੁਰ ਪਿਆ ਅਤੇ ਗੁਜਰਾਤ ਪਹੁੰਚ ਗਿਆ। ਉਥੋਂ ਦਾ ਰਾਜਾ ਗੌਂਜਾ ਸੀ। ਉਸ ਨੇ ਰਾਜਾ ਰਸਾਲੂ ਨੂੰ ਉਸ ਦੀ ਮੁਹਿੰਮ ਬਾਰੇ ਪੁੱਛਿਆ ਤਾਂ ਉਹ ਕਹਿੰਦਾ ਹੈ ਕਿ "ਜਿਹਲਮ ਨਦੀ ਦੇ ਕਿਨਾਰੇ ਇਕ ਦੇਸ਼ ਹੈ, ਜਿੱਥੇ ਬਹੁਤ ਸਾਰੇ ਲੋਕ ਪੱਥਰ ਬਣ ਗਏ ਹਨ, ਉਸ ਦੇਸ਼ ਵਿੱਚ ਮੇਰੇ ਪਿਤਾ ਦਾ ਚੌਥਾ ਹਿੱਸਾ ਹੈ। ਇਸ ਤੇਰਵਾਂ ਮੇਰਾ ਹਿੱਸਾ ਬਣਦਾ ਹੈ ਅਤੇ ਉਨ੍ਹਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਮੈਂ ਉਹ ਪ੍ਰਾਪਤ ਕਰਨ ਆਇਆ ਹਾਂ।"[7]

ਇਸ ਤੋਂ ਬਾਅਦ ਉਹ ਰਾਜਕੁਮਾਰ ਪੈਟਰੀਫੀਡ ਦੇ ਰਾਜ ਵਿੱਚ ਪਹੁੰਚਿਆ ਤੇ ਉਸ ਨਾਲ ਲੜਾਈ ਹੋਈ। ਨਿੱਕੀ ਜਿੰਨੀ ਘੇਰਾਬੰਦੀ ਤੋਂ ਬਾਅਦ ਉਨ੍ਹਾਂ ਜਿੱਤ ਪ੍ਰਾਪਤ ਕੀਤੀ। ਲੋਕਾਂ ਨੇ ਵੀ ਰਾਜਾ ਰਸਾਲੂ ਨੂੰ ਆਪਣਾ ਰਾਜਾ ਮੰਨ ਲਿਆ ਤੇ ਕਾਨੂੰਨ ਅਨੁਸਾਰ ਰਾਜ ਹੋਣ ਲੱਗਾ।

ਦੂਸਰੀ ਕਹਾਣੀ ਵਿੱਚ ਰਾਜਾ ਰਸਾਲੂ ਦੀ ਤਿਲਾਹ ਦੇ ਫ਼ਕੀਰ ਨਾਲ ਮੁਲਾਕਾਤ ਦਾ ਵਰਣਨ ਕੀਤਾ ਗਿਆ ਹੈ। ਉਹ ਫ਼ਕੀਰ ਬੜਾ ਪ੍ਰਸਿੱਧ ਤੇ ਕਰਿਸ਼ਮੇ ਕਰਨ ਵਾਲਾ ਸੀ। ਜਦੋਂ ਫ਼ਕੀਰ ਨੂੰ ਰਾਜਾ ਰਸਾਲੂ ਬਾਰੇ ਪਤਾ ਲੱਗਾ ਤਾਂ ਉਸ ਨੇ ਵੀ ਉਸ ਦੀ ਤਾਕਤ ਦੀ ਪਰਖ ਕਰਨ ਬਾਰੇ ਸੋਚਿਆ। ਉਸ ਨੇ ਰਸਾਲੂ ਨੂੰ ਵੇਖ ਕੇ ਚੀਤੇ ਦਾ ਰੂਪ ਧਾਰਨ ਕਰ ਲਿਆ ਪਰ ਰਸਾਲੂ ਨੇ ਇਸ ਗੱਲ ਦੀ ਪਰਖ ਕਰ ਲਈ। ਜਦੋਂ ਰਾਜਾ ਰਸਾਲੂ ਆਪਣੇ ਤੀਰ ਨਾਲ ਚੀਤੇ ਨੂੰ ਮਾਰਨ ਲੱਗਾ ਤਾਂ ਉਹ ਗ਼ਾਇਬ ਹੋ ਗਿਆ।

ਜਦੋਂ ਰਾਜਾ ਫ਼ਕੀਰ ਕੋਲ ਪਹੁੰਚਿਆ ਤਾਂ ਫ਼ਕੀਰ ਨੇ ਕਿਹਾ, ਇਹ ਜਗ੍ਹਾ ਫ਼ਕੀਰਾਂ ਦੀ ਹੈ। ਇਥੇ ਤੇਰੀ ਤਾਕਤ ਦੀ ਲੋੜ ਨਹੀਂ, ਇਹ ਗੰਗਰ ਨਹੀਂ, ਜਿਥੇ ਦਿਉ ਵਸਦੇ ਹਨ। ਰਾਜਾ ਰਸਾਲੂ ਨੇ ਕਸਮ ਖਾਧੀ ਕਿ ਜਿੰਨੀ ਦੇਰ ਤੱਕ ਉਹ ਦਿਉਆਂ ਦਾ ਖ਼ਾਤਮਾ ਨਹੀਂ ਕਰੇਗਾ ਆਪਣੇ ਦੇਸ਼ ਨਹੀਂ ਜਾਵੇਗਾ। ਪਰ ਵਣਜਾਰਾ ਬੇਦੀ ਅਨੁਸਾਰ ਤਾਂ ਉਸ ਨੂੰ ਇਨ੍ਹਾਂ ਦਿਉਆਂ ਬਾਰੇ ਇਲਾਕੇ ਵਿੱਚ ਵਿਚਰਦਿਆਂ ਪਤਾ ਲੱਗਾ। "ਜ਼ਿਹਲਮ ਦੇ ਇਲਾਕੇ ਵਿੱਚ ਵਿਚਰਦਿਆਂ ਰਾਜੇ ਰਸਾਲੂ ਨੂੰ ਪਤਾ ਲੱਗਾ ਕਿ ਮਾਣਕਿਆਲੇ ਦੇ ਇਲਾਕੇ ਵਿੱਚ ਸੱਤਾਂ ਰਾਖ਼ਸ਼ਾਂ ਨੇ ਬੜਾ ਊਧਮ ਮਚਾ ਰੱਖਿਆ ਹੈ।"[8]

ਇਹ ਫ਼ਕੀਰ ਉਸ ਨੂੰ ਦੋ ਗੱਲਾਂ ਦਾ ਧਿਆਨ ਰੱਖਣ ਲਈ ਵੀ ਆਖਦਾ ਹੈ ਕਿ "ਇਕ ਤਾਂ ਤਲਵਾਰ ਨਾ ਕੱਢੀਂ ਅਤੇ ਦੂਸਰਾ ਔਰਤ ਨੂੰ ਨਾ ਮਾਰੀਂ।[9] ਅੱਗੋਂ ਉਸ ਦਾ ਸਾਹਮਣਾ ਰਾਖ਼ਸ਼ਸ਼ਾਂ ਨਾਲ ਹੁੰਦਾ ਹੈ। ਪਹਿਲਾਂ ਉਹ ਰਾਖ਼ਸ਼ਸ਼ ਕੁਝ ਸ਼ਰਤਾਂ ਲਗਾਉਂਦੇ ਹਨ, ਜਿਹੜੀਆਂ ਰਸਾਲੂ ਪੂਰੀਆਂ ਕਰਦਾ ਹੈ ਅਤੇ ਫਿਰ ਉਹ ਉਨ੍ਹਾਂ ਰਾਖ਼ਸ਼ਸਾਂ ਦਾ ਨਾਸ ਕਰਦਾ ਹੈ। ਇਕ ਦਿਉ ਡਰ ਕੇ ਭੱਜ ਗਿਆ, ਪਰ ਰਸਾਲੂ ਨੇ ਉਸ ਨੂੰ ਨਹੀਂ ਮਾਰਿਆ ਕਿਉਂਕਿ ਉਹ ਇਸਤਰੀ ਦਿਉ ਸੀ। ਉਹ ਇਕ ਗੁਫ਼ਾ ਵਿੱਚ ਲੁਕ ਗਈ ਅਤੇ ਰਸਾਲੂ ਨੇ ਉਸ ਗੁਫ਼ਾ ਨੂੰ ਵੱਡੇ ਪੱਥਰ ਨਾਲ ਬੰਦ ਕਰ ਦਿੱਤਾ। ਅੱਜ ਵੀ ਲੋਕ ਮੰਨਦੇ ਹਨ ਕਿ ਉਸ ਗੁਫ਼ਾ ਵਿਚੋਂ ਚੀਕਣ ਦੀਆਂ ਆਵਾਜ਼ਾਂ ਆਉਂਦੀਆਂ ਹਨ ਪਰ ਅਸਲ ਵਿੱਚ ਇਸ ਜਗ੍ਹਾ 'ਤੇ ਬਹੁਤ ਭੂਚਾਲ ਆਉਂਦੇ ਹਨ।

ਤੀਸਰੀ ਕਹਾਣੀ ਵਿੱਚ ਰਾਜਾ ਰਸਾਲੂ ਦੀ ਸਿਰਕਪ ਨਾਲ ਸ਼ਤਰੰਜ ਜਾਂ ਚੌਪੜ ਖੇਡਣ ਦੀ ਕਹਾਣੀ ਦੱਸੀ ਗਈ ਹੈ। ਕਹਾਣੀ ਅਨੁਸਾਰ ਰਾਜਾ ਰਸਾਲੂ ਨੂੰ ਪਤਾ ਲੱਗਾ ਕਿ ਰਾਜਾ ਸਿਰਕਪ ਸਿਰਧੜ ਦੀ ਬਾਜ਼ੀ ਲਗਾ ਕੇ ਚੌਪੜ ਖੇਡਦਾ ਹੈ ਤਾਂ ਰਾਜਾ ਰਸਾਲੂ ਨੇ ਉਸ ਨਾਲ ਚੌਪੜ ਖੇਡਣ ਬਾਰੇ ਸੋਚਿਆ। ਇਸ ਕਹਾਣੀ ਅਨੁਸਾਰ ਜਦੋਂ ਰਾਜਾ ਰਸਾਲੂ ਸਿਰਕਪ ਦੇ ਰਾਜ ਵਿੱਚ ਪਹੁੰਚਿਆ ਤਾਂ ਉਸ ਨੇ ਰਾਜਾ ਰਸਾਲੂ ਦਾ ਬੜਾ ਸਵਾਗਤ ਕੀਤਾ ਪਰ ਵਣਜਾਰਾ ਬੇਦੀ ਅਨੁਸਾਰ ਜਦੋਂ ਰਾਜਾ ਸਿਰਕਪ ਨੂੰ ਰਾਜਾ ਰਸਾਲੂ ਬਾਰੇ ਪਤਾ ਲੱਗਾ ਤਾਂ "ਸੁਣਦੇ ਸਾਰ ਹੀ ਸਿਰਕਪ ਦੇ ਪੈਰਾਂ ਹੇਠੋਂ ਜ਼ਮੀਨ

ਨਿਕਲ ਗਈ। ਸਿਰਕਪ ਪਹਿਲਾਂ ਤਾਂ ਕੁਝ ਘਬਰਾਇਆ, ਪਰ ਫਿਰ ਉਸ ਨੇ ਆਪਣੇ ਆਪ ਨੂੰ ਸੰਭਾਲਦੇ ਹੋਏ, ਰਸਾਲੂ ਦਾ ਮੁਕਾਬਲਾ ਕਰਨ ਦਾ ਮਨ ਬਣਾ ਲਿਆ।"[10] ਸਿਰਕਪ ਦੇ ਆਉਣ ਦਾ ਮਤਲਬ ਪੁੱਛਣ ਤੇ ਰਾਜਾ ਰਸਾਲੂ ਆਖਦਾ ਹੈ ਕਿ ਉਹ ਉਸ ਨਾਲ ਚੌਪੜ ਖੇਡਣ ਆਇਆ ਹੈ। ਉਹ ਉਸ ਦੀ ਗੱਲ ਮੰਨ ਲੈਂਦਾ ਹੈ। ਉਹ ਆਖਦਾ ਹੈ ਕਿ ਪਹਿਲਾਂ ਥੋੜ੍ਹਾ ਆਰਾਮ ਕਰ ਲੈ। ਉਹ ਮਹਿਲ ਤੋਂ ਥੱਲੇ ਉੱਤਰ ਕੇ ਨਹਿਰ ਦੇ ਨਾਲ-ਨਾਲ ਸੈਰ ਕਰਨ ਲੱਗ ਪਿਆ। ਪਹਿਲਾਂ ਉਸ ਨੇ ਨਹਿਰ ਵਿੱਚ ਰੁੜ੍ਹ ਰਹੇ ਕੀੜਿਆਂ ਦੇ ਭੌਣ ਨੂੰ ਬਚਾਇਆ ਤੇ ਫਿਰ ਇਕ ਰੁੜ੍ਹਦੇ ਜਾਂਦੇ ਝਾੜਚੂਹੇ ਨੂੰ ਬਚਾਇਆ। ਜਦੋਂ ਉਹ ਤੁਰਿਆ ਜਾ ਰਿਹਾ ਸੀ ਤਾਂ ਉਸ ਨੂੰ ਇਕ ਆਵਾਜ਼ ਸੁਣਾਈ ਦਿੱਤੀ, ਜਿਹੜੀ ਕਿ ਰਾਜਾ ਸਿਰਕਪ ਦੀ ਬੇਟੀ ਦੀ ਸੀ। ਰਾਜੇ ਦੀਆਂ ਪੰਜ ਕੁੜੀਆਂ ਵਿੱਚੋਂ ਇਕ ਸੀ, ਜਿਸ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਉਸ ਨੇ ਆਪਣੇ ਬਾਪ ਬਾਰੇ ਦੱਸਿਆ ਕਿ ਉਹ ਬੜਾ ਕਪਟੀ, ਪਾਪੀ ਤੇ ਖ਼ੂਨੀ ਹੈ। ਰਾਜਾ ਰਸਾਲੂ ਉਸ ਕੋਲੋਂ ਪੁੱਛਦਾ ਹੈ ਕਿ, "ਮੈਂ ਰਾਜਾ ਸਿਰਕਪ ਕੋਲੋਂ ਚੌਪੜ ਕਿਵੇਂ ਜਿੱਤ ਸਕਦਾ ਹਾਂ?" ਉਹ ਦੱਸਦੀ ਹੈ ਕਿ , "ਇਕ ਤਾਂ ਮੰਗਲਵਾਰ ਹੀ ਖੇਡਣਾ ਤੇ ਦੂਸਰਾ ਇਕ ਹੀ ਵਾਰੀ ਵਿੱਚ ਸਿਰਧੜ ਦੀ ਬਾਜ਼ੀ ਲਾਉਣਾ। ਚੂਹੇ ਨੂੰ ਕੋਲ ਰੱਖਣਾ, ਜਿਹੜਾ ਉਸ ਨੂੰ ਨਹਿਰ ਤੋਂ ਮਿਲਿਆ ਹੈ। ਉਸ ਦਾ ਸਿਰ ਕਾਲਾ ਸੀ। ਧਿਆਨ ਰੱਖਣਾ ਕਿ ਰਾਜਾ ਸਿਰਕਪ ਉਸ ਨੂੰ ਨਾ ਵੇਖ ਸਕੇ।" ਪਰ ਆਮ ਕਹਾਣੀ ਅਨੁਸਾਰ ਰਾਜਾ ਸਿਰਕਪ ਕੋਲ ਚੂਹਾ ਸੀ, ਜਿਸ ਦਾ ਨਾਂ ਢੋਲ ਸੀ। "ਇਕ ਚੂਹਾ ਖੁੱਡ ਵਿੱਚੋਂ ਨਿਕਲ ਕੇ ਇਧਰ-ਉਧਰ ਫੁਦਕਣ ਲੱਗਾ। ਚੂਹੇ ਦਾ ਨਾਂ ਢੋਲ ਸੀ। ਜਿਸ ਨੂੰ ਬੜੀ ਮਿਹਨਤ ਨਾਲ ਸਿਖਾਇਆ ਗਿਆ ਸੀ। ਉਹ ਸਿਰਕਪ ਦੇ ਸਾਰੇ ਇਸ਼ਾਰੇ ਸਮਝਦਾ ਸੀ। ਉਸ ਕਮਰੇ ਵਿੱਚ ਦੋ ਖੁੱਡਾਂ ਆਹਮੋ-ਸਾਹਮਣੇ ਬਣੀਆਂ ਹੋਈਆਂ ਸਨ। ਚੂਹਾ ਇਕ ਖੁੱਡ ਵਿੱਚੋਂ ਨਿਕਲ ਕੇ ਟਪੂਸੀਆਂ ਮਾਰਦਾ ਦੂਜੀ ਖੁੱਡ ਲੰਘ ਜਾਂਦਾ ਹੈ ਤੇ ਜਾਂਦਾ-ਜਾਂਦਾ ਚੌਪੜ ਦੀਆਂ ਗੀਟੀਆਂ ਵਿੱਚ ਹੇਰਾ-ਫੇਰੀ ਕਰ ਜਾਂਦਾ ਹੈ।"[11]

ਆਮ ਕਹਾਣੀਆਂ ਵਿੱਚ ਚੂਹਾ ਰਾਜਾ ਸਿਰਕਪ ਕੋਲ ਸੀ ਅਤੇ ਰਾਜਾ ਰਸਾਲੂ ਕੋਲ ਇਕ ਬਿੱਲੀ ਦਾ ਬਲੂੰਗੜਾ ਸੀ। ਪਰ ਇਥੇ ਬਿੱਲੀ ਰਾਜਾ ਸਿਰਕਪ ਦੇ ਕੋਲ ਸੀ, ਜਿਹੜੀ ਉਹ ਆਪਣੀ ਕਮੀਜ਼ ਦੇ ਕਫ਼ ਵਿੱਚੋਂ ਕੱਢਦਾ ਸੀ। ਰਾਜੇ ਸਿਰਕਪ ਦੀ ਕੁੜੀ ਨੇ ਇਹ ਵੀ ਦੱਸਿਆ ਕਿ ਖੇਡਦੇ ਸਮੇਂ ਰਾਜਾ ਨਲ ਰਾਜਾ ਨਲ ਕਹਿੰਦੇ ਰਹੋ। ਰਾਜਾ ਰਸਾਲੂ ਨੇ ਉਵੇਂ ਹੀ ਕੀਤਾ ਤਾਂ ਉਹ ਰਾਜਾ ਸਿਰਕਪ ਤੋਂ ਜਿੱਤ ਗਿਆ। ਰਾਜਾ ਸਿਰਕਪ ਆਪਣੀ ਜਾਨ ਬਚਾਉਣ ਲਈ ਤਰਲੇ ਕਰਨ ਲੱਗਾ ਤੇ ਲੁਕ ਗਿਆ। ਪਰ ਰਾਜਾ ਰਸਾਲੂ ਨੇ ਉਸ ਨੂੰ ਲੱਭ ਲਿਆ। ਪਰ ਅਜਿਹੇ ਬਹਾਦਰ ਤੇ ਵਚਨ ਦੇਣ ਵਾਲੇ ਤੋਂ ਇਸ ਤਰ੍ਹਾਂ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਜਦੋਂ ਰਾਜਾ ਸਿਰਕਪ ਹਾਰ ਗਿਆ ਤਾਂ ਉਸੇ ਵੇਲੇ ਰਾਜਾ ਦੀਆਂ ਗੋਲੀਆਂ ਨੇ ਆਣ ਕੇ ਦੱਸਿਆ ਕਿ ਛੋਟੀ ਰਾਣੀ ਦੇ ਲੜਕੀ ਹੋਈ ਹੈ। ਉਸੇ ਵੇਲੇ ਰਾਜੇ ਨੇ ਸ਼ਾਹੀ ਜੋਤਸ਼ੀ ਕੋਲੋਂ ਉਸ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਇਹ ਲੜਕੀ ਤੁਹਾਡੇ ਲਈ ਮਨਹੂਸ ਹੈ, ਇਸ ਨੂੰ ਖ਼ਤਮ ਕਰ ਦਿਉ। ਪਰ ਇਸ ਬਾਰੇ ਦੂਸਰੀਆਂ ਕਹਾਣੀਆਂ ਵਿੱਚ ਜ਼ਿਕਰ ਨਹੀਂ ਮਿਲਦਾ। ਰਸਾਲੂ ਨੇ ਉਸ ਨਵਜੰਮੀ ਬੱਚੀ ਦਾ ਡੋਲਾ ਮੰਗਿਆ ਤਾਂ ਰਾਜਾ ਸਿਰਕਪ ਨੇ ਇਸ ਦੇ ਬਦਲੇ ਆਪਣੀ ਜਾਨ ਬਖ਼ਸ਼ੀ ਕਰਵਾ ਲਈ। ਇਸ ਬਾਰੇ ਤਾਂ ਵਣਜਾਰਾ ਬੇਦੀ ਵੀ ਲਿਖਦਾ ਹੈ, ਜਦੋਂ ਰਾਜਾ ਸਿਰਕਪ ਦੀ ਰਾਣੀ ਉਸ ਦੀ ਜਾਨ ਬਖ਼ਸ਼ੀ ਲਈ ਰਾਜਾ ਰਸਾਲੂ ਦੇ ਤਰਲੇ ਕਰਦੀ ਹੈ ਤਾਂ ਰਾਜਾ ਰਸਾਲੂ ਨਵਜੰਮੀ ਬੱਚੀ ਦਾ ਡੋਲਾ ਮੰਗਦਾ ਹੈ ਤਾਂ ਬੱਚੀ ਕਰ ਕੇ ਹੀ ਰਾਜਾ ਦੀ ਜਾਨ ਬਖ਼ਸ਼ੀ ਜਾਂਦੀ ਹੈ। "ਪਰ ਤੁਸਾਂ ਨਵਜੰਮੀ ਦਾ ਡੋਲਾ ਮੰਗਿਆ ਏ, ਉਸਦੀ ਖ਼ਾਤਰ ਹੀ ਇਨ੍ਹਾਂ ਨੂੰ ਮਾਫ਼ ਕਰ ਦਿਉ, ਇਹ ਤੁਹਾਡਾ ਸਹੁਰਾ ਏ।"[12]

ਰਾਜਾ ਰਸਾਲੂ ਇਸ ਕਹਾਣੀ ਅਨੁਸਾਰ ਰਾਜਾ ਦੀ ਦੇਸ਼ ਨਿਕਾਲਾ ਦਿੱਤੀ ਬੇਟੀ ਵੀ ਛੁਡਵਾਉਂਦਾ ਹੈ ਅਤੇ ਸਿਰਕਪ ਨੂੰ ਮੁੰਡਾ ਲੱਭ ਕੇ ਉਸ ਦਾ ਵਿਆਹ ਕਰਨ ਲਈ ਵੀ ਕਹਿੰਦਾ ਹੈ ਤੇ ਆਖਦਾ ਹੈ ਕਿ, "ਅੱਗੇ ਤੋਂ ਇਸ ਤਰ੍ਹਾਂ ਦੀ ਖੇਡ ਨਾ ਖੇਡੀਂ। ਉਹ ਉਸ ਕੋਲੋਂ ਸਲਾਨਾ ਆਮਦਨ ਦਾ ਵਾਅਦਾ ਲੈ ਕੇ, ਉਸ ਦੀ ਬੇਟੀ ਨੂੰ ਲੈ ਕੇ ਅਤੇ ਉਸ ਦੇ ਨਾਲ ਇਕ ਆਇਆ (ਦੇਖਭਾਲ ਕਰਨ ਵਾਲੀ) ਲੈ ਕੇ ਤੁਰ ਪੈਂਦਾ ਹੈ।

ਚੌਥੀ ਕਹਾਣੀ ਰਾਜਾ ਰਸਾਲੂ ਨਾਲ ਰਾਣੀ ਕੋਕਲਾਂ ਦੀ ਬੇਵਫ਼ਾਈ ਦੀ ਕਹਾਣੀ ਬਿਆਨ ਕਰਦੀ ਹੈ।

ਰਾਜਾ ਰਸਾਲੂ ਜਦੋਂ ਰਾਣੀ ਕੋਕਿਲਾਂ ਨੂੰ ਰਾਜਾ ਸਿਰਕਪ ਕੋਲੋਂ ਲੈ ਕੇ ਆ ਗਿਆ ਤਾਂ ਉਸ ਨੇ ਉਸ ਲਈ ਇਕ ਮਜ਼ਬੂਤ ਕਿਲ੍ਹਾ ਬਣਵਾਇਆ ਜਿਸ ਦੇ ਦਰਵਾਜ਼ਿਆਂ ਨੂੰ ਸਿਰਫ਼ ਰਾਜਾ ਰਸਾਲੂ ਹੀ ਖੋਲ੍ਹ ਸਕਦਾ ਸੀ। ਬਾਅਦ ਵਿੱਚ ਇਹ ਜਗ੍ਹਾ ਗਨੀਖਰੋਡ ਨਾਂ ਨਾਲ ਪ੍ਰਸਿੱਧ ਹੋਈ। ਇਹ ਜਗ੍ਹਾ ਚਿਤਾਹ ਵਿੱਚ ਹੈ। ਆਮ ਕਹਾਵਤਾਂ ਵਿੱਚ ਇਸ ਮਹੱਲ ਨੂੰ ਬਿਸੀਅਰ ਮਹਿਲ ਕਿਹਾ ਗਿਆ ਹੈ। ਵਣਜਾਰਾ ਬੇਦੀ ਇਸ ਬਾਰੇ ਆਖਦਾ ਹੈ : "ਰਸਾਲੂ ਨੇ ਬਿਸੀਅਰ ਮਹਿਲ ਵਿੱਚ ਹੀ ਅਗਲੇ ਬਾਰਾਂ ਸਾਲ ਗੁਜ਼ਾਰਨ ਦਾ ਫ਼ੈਸਲਾ ਕੀਤਾ। ਇਕ ਤਾਂ ਮਹਿਲ ਚਾਰੇ ਪਾਸੇ ਤੋਂ ਬੰਦ ਹੋਣ ਕਰ ਕੇ ਬੜਾ ਸੁਰੱਖਿਅਤ ਸੀ। ਕੋਈ ਇਸ ਦੇ ਅੰਦਰ ਆਸਾਨੀ ਨਾਲ ਦਾਖ਼ਲ ਨਹੀਂ ਸੀ ਹੋ ਸਕਦਾ। ਦੂਜਾ ਆਲੇ-ਦੁਆਲੇ ਕਾਫ਼ੀ ਖ਼ੂਬਸੂਰਤ ਬਾਗ਼-ਬਗੀਚੇ ਸਨ, ਜਿਨ੍ਹਾਂ ਵਿੱਚ ਮੋਰ, ਕਬੂਤਰ, ਮੈਨਾ, ਤੋਤੇ ਅਤੇ ਹੋਰ ਪੰਛੀ ਫ਼ੁਦਕਦੇ ਤੇ ਚਹਿਕਦੇ ਰਹਿੰਦੇ ਸਨ। ਜਿਸ ਕਰਕੇ ਇਥੇ ਜੀਅ ਭਿੱਜਿਆ ਰਹਿੰਦਾ ਸੀ।"[13]

ਰਾਣੀ ਕੋਕਿਲਾਂ ਦੇ ਨਾਲ ਇਕ ਆਇਆ ਆਈ ਸੀ। ਜਿਸ ਨੂੰ ਰਸਾਲੂ ਮਾਵਾਂ ਦਾ ਦਰਜਾ ਦਿੰਦਾ ਸੀ ਅਤੇ ਮਰਨ ਉਪਰੰਤ ਉਸ ਦੀ ਇੱਛਾ ਅਨੁਸਾਰ ਉਸ ਨੂੰ ਪਾਣੀ ਵਿੱਚ ਵਹਾ ਦਿੱਤਾ ਜਾਂਦਾ ਹੈ। ਰਸਾਲੂ ਕੋਕਲਾਂ ਨੂੰ ਰੋਜ਼ ਮੀਟ ਖੁਆਉਂਦਾ ਸੀ। ਉਸ ਦੇ ਦੋ ਸਾਥੀ ਪੱਕੇ ਉਸ ਦੇ ਨਾਲ ਸਨ, ਤੋਤਾ ਤੇ ਮੈਨਾ।

ਰਾਜਾ ਰਸਾਲੂ ਨੂੰ ਸ਼ਿਕਾਰ ਦਾ ਬਹੁਤ ਸ਼ੌਕ ਸੀ ਅਤੇ ਉਹ ਰੋਜ਼ ਸ਼ਿਕਾਰ ਖੇਡਣ ਜਾਂਦਾ ਸੀ। ਇਕ ਦਿਨ ਉਸ ਨੇ ਆਪਣੀ ਰਾਣੀ ਨੂੰ ਨਾਲ ਚੱਲਣ ਲਈ ਕਿਹਾ। ਉਹ ਮੰਨ ਗਈ ਪਰ ਨਾਲ ਹੀ ਇਕ ਸ਼ਰਤ ਰੱਖੀ ਕਿ ਰਾਜਾ ਕਿਸੇ ਹਿਰਨ ਨੂੰ ਨਹੀਂ ਮਾਰੇਗਾ। ਰਾਜਾ ਮੰਨ ਗਿਆ। ਪਰ ਅਗਲੇ ਦਿਨ ਜਦੋਂ ਰਾਜਾ ਤੇ ਕੋਕਿਲਾਂ ਜੰਗਲ ਵਿੱਚ ਗਏ ਤਾਂ ਜੰਗਲ ਦੇ ਸਾਰੇ ਹਿਰਨ ਰਾਣੀ ਕੋਕਿਲਾਂ ਦੀ ਖ਼ੂਬਸੂਰਤੀ ਤੋਂ ਪ੍ਰਭਾਵਿਤ ਹੋ ਕੇ ਉਸ ਦੇ ਦੁਆਲੇ ਆ ਗਏ। ਇਥੋਂ ਤੱਕ ਕਿ ਨੀਲੇ ਹਿਰਨ ਨੇ ਆ ਕੇ ਰਾਣੀ ਦੇ ਪੈਰਾਂ 'ਤੇ ਸਿਰ ਰੱਖ ਕੇ ਉਸ ਨੂੰ ਪ੍ਰਣਾਮ ਕੀਤਾ। ਰਾਜਾ ਇਹ ਵੇਖ ਕੇ ਸੜ ਬਲ ਗਿਆ ਤੇ ਉਸ ਨੇ ਆਪਣਾ ਦਿੱਤਾ ਵਚਨ ਭੁੱਲ ਕੇ ਤਲਵਾਰ ਨਾਲ ਉਸ ਦਾ ਨੱਕ ਵੱਢ ਦਿੱਤਾ। ਉਸ ਨੇ ਰਾਜਾ ਰਸਾਲੂ ਨੂੰ ਸਰਾਪ ਦਿੱਤਾ ਅਤੇ ਕਿਹਾ ਕਿ, "ਹੇ ਮਹਾਰਾਜ ਤੁਸੀਂ ਤਾਂ ਇਨਸਾਨਾਂ ਦੇ ਰਾਜੇ ਹੋ ਅਤੇ ਮੈਂ ਇਕ ਜਾਨਵਰ, ਪਰ ਤੁਸੀਂ ਅੱਜ ਮੇਰਾ ਨੱਕ ਕੱਟ ਦਿੱਤਾ। ਇਕ ਦਿਨ ਤੁਹਾਡਾ ਨੱਕ ਇਸੇ ਤਰ੍ਹਾਂ ਕੱਟਿਆ ਜਾਵੇਗਾ। ਜੋ ਕਿ ਦੁਨੀਆਂ ਦੇ ਅੰਤ ਤੱਕ ਠੀਕ ਨਹੀਂ ਹੋਵੇਗਾ।"[14]

ਹਿਰਨ ਨੇ ਰਾਜਾ ਰਸਾਲੂ ਤੋਂ ਬਦਲਾ ਲੈਣ ਲਈ ਰਾਜਾ ਹੋਡੀ ਦੇ ਮਹੱਲ ਵਿੱਚ ਪ੍ਰਵੇਸ਼ ਕੀਤਾ ਤੇ ਉਹ ਪਿੱਛਾ ਕਰਦਾ ਹੋਇਆ ਰਾਜਾ ਰਸਾਲੂ ਦੇ ਮਹੱਲ ਕੋਲ ਆਇਆ, ਜਿਥੇ ਉਸ ਨੇ ਰਾਣੀ ਕੋਕਿਲਾਂ ਨੂੰ ਵੇਖ ਲਿਆ ਤੇ ਉਹ ਉਸ ਤੇ ਫਿਦਾ ਹੋ ਗਿਆ। ਰਾਣੀ ਨੇ ਵੀ ਉਸ ਦੇ ਪਿਆਰ ਨੂੰ ਪ੍ਰਵਾਨ ਕੀਤਾ। ਉਸ ਨੂੰ ਰਾਣੀ ਕੋਕਿਲਾਂ ਨੇ ਰੱਸਾ ਸੁੱਟ ਕੇ ਉੱਤੇ ਮਹੱਲ ਵਿੱਚ ਸੱਦ ਲਿਆ ਜਿਥੇ

ਉਸ ਨੂੰ ਖਾਣ-ਪੀਣ ਨੂੰ ਦਿੱਤਾ ਗਿਆ। ਉਹ ਹੁਣ ਰੋਜ਼ ਰਾਣੀ ਕੋਕਿਲਾਂ ਨੂੰ ਮਿਲਣ ਆਉਣ ਲੱਗਾ। ਇਕ ਦਿਨ ਰਾਣੀ ਨੂੰ ਤੋਤਾ ਤੇ ਮੈਨਾ ਦਾ ਪਿੰਜਰਾ ਖੋਲ੍ਹਣਾ ਭੁੱਲ ਗਿਆ ਤੇ ਉਨ੍ਹਾਂ ਰਾਜਾ ਹੋਡੀ ਨੂੰ ਵੇਖ ਕੇ ਕੋਕਿਲਾਂ ਨੂੰ ਬੇਵਫ਼ਾਈ ਤੋਂ ਰੋਕਿਆ। ਇਹ ਸੁਣ ਕੇ ਰਾਣੀ ਨੂੰ ਗੁੱਸਾ ਆ ਗਿਆ ਤੇ ਉਸ ਨੇ ਮੈਨਾ ਦਾ ਗਲਾ ਮਰੋੜ ਦਿੱਤਾ ਪਰ ਤੋਤਾ ਚਲਾਕੀ ਨਾਲ ਬਚ ਗਿਆ। ਅਗਲੇ ਦਿਨ ਤੋਤੇ ਨੇ ਸਾਰੀ ਖ਼ਬਰ ਰਾਜੇ ਨੂੰ ਸੁਣਾ ਦਿੱਤੀ। ਰਾਜਾ ਰਸਾਲੂ ਨੇ ਹੋਡੀ ਨੂੰ ਹਥਿਆਰ ਦਿੱਤੇ ਤੇ ਉਸ ਨਾਲ ਲੜਾਈ ਕਰ ਕੇ ਉਸ ਨੂੰ ਮਾਰ ਦਿੱਤਾ ਅਤੇ ਰਾਣੀ ਕੋਕਿਲਾਂ ਨੂੰ ਉਸ ਦਾ ਮਾਸ ਖੁਆ ਦਿੱਤਾ। ਜਦੋਂ ਰਾਣੀ ਨੂੰ ਪਤਾ ਲੱਗਾ ਕਿ ਹੋਡੀ ਮਰ ਚੁੱਕਿਆ ਹੈ ਤਾਂ ਉਸ ਨੇ ਵੀ ਮਹੱਲ ਤੋਂ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ।

ਰਾਜਾ ਬਦਨਾਮੀ ਤੋਂ ਡਰਦਿਆਂ ਦੋਵਾਂ ਦੀਆਂ ਲਾਸ਼ਾਂ ਰਾਤ ਨੂੰ ਪਾਣੀ ਵਿੱਚ ਵਹਾਉਣ ਗਿਆ, ਜਿਥੇ ਧੋਬੀ ਤੇ ਧੋਬਣ ਕੋਲੋਂ ਉਨ੍ਹਾਂ ਨੂੰ ਪਹਿਲਾਂ ਹੀ ਰਾਜਾ ਹੋਡੀ ਤੇ ਕੋਕਿਲਾਂ ਦੇ ਇਸ਼ਕ ਬਾਰੇ ਪਤਾ ਲੱਗਾ। ਧੋਬੀ-ਧੋਬਣ ਨੂੰ ਆਪਣੀ ਪਹਿਲੀ ਪਤਨੀ ਦੀ ਬੇਵਫ਼ਾਈ ਬਾਰੇ ਕਹਾਣੀ ਸੁਣਾਉਂਦਾ ਹੈ। ਜਿਸ ਵਿੱਚ ਉਹ ਅੰਨ੍ਹਾ ਬਣ ਕੇ ਆਪਣੀ ਪਤਨੀ ਦੇ ਆਸ਼ਕ ਨੂੰ ਫੜ ਲੈਂਦਾ ਹੈ। ਰਾਜਾ ਰਸਾਲੂ ਉਨ੍ਹਾਂ ਨੂੰ ਪੈਸੇ ਦੇ ਕੇ ਉਨ੍ਹਾਂ ਕੋਲੋਂ ਸਾਰੀ ਗੱਲ ਬੁੱਚਦਾ ਹੈ ਅਤੇ ਅਗਾਂਹ ਵੀ ਗੱਲਾਂ ਦੱਸਣ ਲਈ ਕਹਿੰਦਾ ਹੈ। ਇਕ ਦਿਨ ਉਹ ਦੱਸਦੇ ਹਨ ਕਿ ਹੋਡੀ ਦੇ ਭਰਾ ਉਸ ਨਾਲ ਲੜਾਈ ਕਰਨ ਦੀ ਤਿਆਰੀ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਰਾਜਾ ਰਸਾਲੂ ਉੱਤੇ ਪੂਰਾ-ਪੂਰਾ ਸ਼ੱਕ ਹੈ। ਰਾਜਾ ਰਸਾਲੂ ਵੀ ਲੜਾਈ ਦੀ ਤਿਆਰੀ ਕਰ ਲੈਂਦਾ ਹੈ। ਕਹਾਣੀ ਅਨੁਸਾਰ ਰਾਜ ਹੋਡੀ ਦੇ ਭਰਾਵਾਂ ਨੇ ਰਾਜਾ ਰਸਾਲੂ 'ਤੇ ਹਮਲਾ ਕੀਤਾ। ਉਹ ਬੜੀ ਬਹਾਦੁਰੀ ਨਾਲ ਲੜਿਆ ਅਤੇ ਅਖ਼ੀਰ ਵਿੱਚ ਨੌਂ ਗਜ਼ ਲੰਮਾ ਤੀਰ ਉਸ ਦੀ ਗਰਦਨ ਵਿੱਚ ਗੱਡਿਆ ਗਿਆ ਅਤੇ ਉਹ ਮਰ ਗਿਆ। ਹੋਡੀ ਦੇ ਭਰਾਵਾਂ ਨੇ ਉਸ ਦਾ ਸਿਰ ਕੱਟ ਲਿਆ ਅਤੇ ਆਪਣੇ ਨਾਲ ਲੈ ਗਏ ਅਤੇ ਕਿਹਾ ਕਿ ਅਸੀਂ ਹੋਡੀ ਦੀ ਮੌਤ ਦਾ ਬਦਲਾ ਲੈ ਲਿਆ।

ਰਸਾਲੂ ਦੀ ਮੌਤ ਬਾਰੇ ਵੱਖ-ਵੱਖ ਧਾਰਨਾਵਾਂ ਮਿਲਦੀਆਂ ਹਨ ਪਰ ਆਮ ਪ੍ਰਚੱਲਤ ਧਾਰਨਾ ਅਨੁਸਾਰ ਰਸਾਲੂ ਦਾ ਅੰਤ ਇਕ ਸੈਲ ਪੱਥਰ ਵਜੋਂ ਹੋਇਆ। ਇਕ ਡੈਣ ਸੀ ਜਿਸ ਨੇ ਬਹੁਤ ਮੰਤਰ ਪੜ੍ਹੇ ਹੋਏ ਸਨ। ਜਦੋਂ ਰਸਾਲੂ ਉਸ ਨੂੰ ਮਾਰਨ ਲੱਗਾ ਤਾਂ ਉਸ ਨੇ ਮੰਤਰ ਪੜ੍ਹ ਕੇ ਸਾਰੀਆਂ ਚੀਜ਼ਾਂ ਨੂੰ ਪੱਥਰ ਬਣਾ ਦਿੱਤਾ। ਜਿਵੇਂ ਵਣਜਾਰਾ ਬੇਦੀ ਦੀ ਪੁਸਤਕ ਵਿੱਚ ਵੀ ਹੈ ਕਿ "ਡੈਣ ਉਸੇ ਵੇਲੇ ਛਾਈਂ ਮਾਈਂ ਹੋ ਗਈ ਪਰ ਉਸ ਨੇ ਕੋਈ ਐਸਾ ਮੰਤਰ ਪੜ੍ਹ ਕੇ ਫੂਕਿਆ ਕਿ ਵੇਖਦੇ ਰਸਾਲੂ ਸਮੇਤ ਸਭ ਲੋਕ ਸੈਲ ਪੱਥਰ ਹੋ ਗਏ।"[14]

ਇਸ ਤਰ੍ਹਾਂ ਇਹ ਕਹਾਣੀਆਂ ਵੀ ਰਾਜਾ ਰਸਾਲੂ ਦੇ ਵੱਖ-ਵੱਖ ਕਾਰਨਾਮਿਆਂ ਨੂੰ ਪੇਸ਼ ਕਰਦੀਆਂ ਹਨ ਅਤੇ ਮੂਲ ਕਹਾਣੀ ਵਿਚ ਵਖਰੇਵੇਂ ਹੋਣ ਕਰਕੇ ਆਪਣੀ ਵੱਖਰੀ ਨੁਹਾਰ ਤੇ ਪਛਾਣ ਬਣਾਉਣ ਦੇ ਯੋਗ ਹਨ।

**ਐਡਵੈਨਚਰਜ਼ ਆਫ਼ ਦਾ ਪੰਜਾਬ ਹੀਰੋ ਰਾਜਾ ਰਸਾਲੂ: ਐਂਡ ਅਦਰ ਫ਼ੋਕ ਟੇਲਜ਼ ਆਫ਼ ਦਾ ਪੰਜਾਬ**

ਪਾਦਰੀ ਚਾਰਲਸ ਸਵਿਨਰਟਨ ਵੱਲੋਂ ਪ੍ਰਸਤੁਤ ਰਾਜਾ ਰਸਾਲੂ ਬਾਰੇ ਚਾਰ ਕਹਾਣੀਆਂ ਤੋਂ ਬਾਅਦ ਉਸ ਦੀ ਪੁਸਤਕ ਪੰਜਾਬ ਹੀਰੋ ਰਾਜਾ ਰਸਾਲੂ ਬਾਰੇ 1884 ਵਿੱਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਬਾਰੇ ਉਹ ਆਖਦਾ ਹੈ ਕਿ "ਜਦੋਂ ਉਹ ਆਪਣੇ ਸਾਥੀਆਂ ਸਮੇਤ ਗੰਦਗੜ ਦੀ ਗੁਫ਼ਾ ਵੇਖਣ ਗਿਆ। ਜਿਸ ਨੂੰ "ਕਾਫ਼ਿਰ ਕੋਟ ਦਾ ਘਰ" ਕਿਹਾ ਜਾਂਦਾ ਹੈ, ਤਾਂ ਉਸ ਦੇ ਮਨ ਵਿੱਚ

ਰਾਜਾ ਰਸਾਲੂ ਨਾਲ ਜੁੜੀਆਂ ਇਨ੍ਹਾਂ ਦੰਤ-ਕਥਾਵਾਂ ਨੂੰ ਜਾਨਣ ਦੀ ਇੱਛਾ ਪ੍ਰਗਟ ਹੋਈ।"[15]

ਰਾਜਾ ਰਸਾਲੂ ਦੇ ਜੀਵਨ ਤੇ ਕਾਰਨਾਮਿਆਂ ਬਾਰੇ ਭਾਵੇਂ ਅਲੱਗ-ਅਲੱਗ ਕਹਾਣੀਆਂ ਪ੍ਰਚੱਲਿਤ ਰਹੀਆਂ ਹਨ ਪਰ ਉਸ ਦੀਆਂ ਕਹਾਣੀਆਂ ਵਿੱਚ ਮਿਥਾਂ ਨੂੰ ਇਸ ਤਰ੍ਹਾਂ ਰਲਾ ਦਿੱਤਾ ਗਿਆ ਹੈ ਕਿ ਉਸ ਦੀ ਇਤਿਹਾਸਕਤਾ ਨੂੰ ਨਿਸ਼ਚਿਤ ਕਰਨਾ ਕਠਿਨ ਹੋ ਗਿਆ ਹੈ। ਪਰ ਇਨ੍ਹਾਂ ਅੰਗਰੇਜ਼ ਵਿਦਵਾਨਾਂ ਨੇ ਇਸ ਬਾਰੇ ਕਾਫ਼ੀ ਖੋਜ ਕੀਤੀ ਹੈ। 1884 ਵਿੱਚ ਛਪੀ ਉਸ ਦੀ ਪੁਸਤਕ ਨੂੰ ਉਸ ਨੇ 12 ਹਿੱਸਿਆਂ ਵਿੱਚ ਵੰਡਿਆ ਹੈ :

1. ਰਸਾਲੂ ਦੀ ਮੁਢਲੀ ਜ਼ਿੰਦਗੀ
2. ਰਸਾਲੂ ਦੀ ਪਹਿਲੀ ਜਿੱਤ
3. ਰਸਾਲੂ ਦੀ ਦੇਸ਼ ਨਿਕਾਲੇ ਤੋਂ ਵਾਪਸੀ
4. ਰਾਜਾ ਰਸਾਲੂ ਅਤੇ ਮੀਰ ਸ਼ਿਕਾਰੀ
5. ਰਾਜਾ ਰਸਾਲੂ ਤੇ ਹੰਸ
6. ਰਾਜਾ ਰਸਾਲੂ ਤੇ ਰਾਜਾ ਝੰਜ
7. ਰਾਜਾ ਰਸਾਲੂ ਤੇ ਗੰਦਗੜ੍ਹ ਦੇ ਦਿਉ
8. ਰਸਾਲੂ ਦੇ ਤਿਲੀਅਰ, ਸੱਪ, ਕਾਂ ਅਤੇ ਪਹਾੜੀ ਕਾਂ ਨਾਲ ਕਾਰਨਾਮੇ
9. ਰਾਜਾ ਰਸਾਲੂ ਤੇ ਰਾਜਾ ਸਿਰਕਪ
10. ਰਾਣੀ ਕੋਕਿਲਾਂ ਦੀ ਬੇਵਫ਼ਾਈ
11. ਰਾਣੀ ਕੋਕਿਲਾਂ ਦੀ ਕਿਸਮਤ
12. ਰਾਜਾ ਰਸਾਲੂ ਦੀ ਮੌਤ

ਪਾਦਰੀ ਸਵਿਨਰਟਨ ਨੇ ਰਾਜਾ ਰਸਾਲੂ ਦੀ ਕਹਾਣੀ ਬਾਰੇ ਤਿੰਨ ਵੱਖ-ਵੱਖ ਢਾਡੀਆਂ ਪਾਸੋਂ ਸੁਣਿਆ। ਉਹ ਆਪਣੀ ਭੂਮਿਕਾ ਵਿੱਚ ਦੱਸਦਾ ਹੈ ਕਿ "ਇਹ ਤਿੰਨ ਕਥਨ ਜਿਹੜੇ ਮੇਰੇ ਕਬਜ਼ੇ ਵਿੱਚ ਹਨ ਇਨ੍ਹਾਂ ਵਿੱਚੋਂ ਪਹਿਲਾ ਮੈਂ ਗਾਜ਼ੀ ਕੋਲੋਂ ਸੁਣਿਆ, ਦੂਸਰਾ ਇਕ ਬੁੱਢੇ ਢਾਡੀ ਕੋਲੋਂ ਜਿਸ ਦਾ ਨਾਂ ਜੁਮਾਂ ਸੀ ਅਤੇ ਉਹ ਰਾਵਲਪਿੰਡੀ ਤੇ ਮਾੜੀ ਦੇ ਵਿਚਕਾਰ ਰਹਿੰਦਾ ਸੀ ਅਤੇ ਉਹ ਆਪਣੀ ਉਮਰ ਇਕ ਸੌ ਵੀਹ ਸਾਲ ਦੱਸਦਾ ਸੀ ਅਤੇ ਤੀਸਰਾ ਕਥਨ ਉਸ ਕੋਲ ਸ਼ਾਰਿਫ ਢਾਡੀ ਕੋਲੋਂ ਆਇਆ ਸੀ ਜਿਸ ਦਾ ਘਰ ਕਸ਼ਮੀਰ ਦੇ ਬਾਰਡਰ ਦੇ ਨਜ਼ਦੀਕ ਸੀ।"[16]

ਇਨ੍ਹਾਂ ਤਿੰਨਾਂ ਕਥਨਾਂ ਵਿੱਚ ਕੁਝ ਨਾ ਕੁਝ ਵਖਰੇਵਾਂ ਹੋਣਾ ਸੁਭਾਵਿਕ ਹੀ ਹੈ ਕਿਉਂਕਿ ਕੋਈ ਕਿਸੇ ਚੀਜ਼ ਨੂੰ ਵਧੀਆ ਤਰੀਕੇ ਨਾਲ ਪੇਸ਼ ਕਰ ਸਕਦਾ ਹੈ ਅਤੇ ਕੋਈ ਕਿਸੇ ਨੂੰ । ਪਾਦਰੀ ਸਵਿਨਰਟਨ ਨੇ ਪੰਜਾਬੀਆਂ ਦੇ ਇਸ ਮਹਾਨ ਨਾਇਕ ਦਾ ਮੂੰਹ-ਮੁਹਾਂਦਰਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਰਾਜਾ ਰਸਾਲੂ ਬਾਰੇ ਵਣਜਾਰਾ ਬੇਦੀ ਆਖਦਾ ਹੈ ਕਿ "ਆਪਣੀ ਵਿਲੱਖਣ ਸ਼ਖਸੀਅਤ, ਅਨੂਠੀ ਪ੍ਰਤਿਭਾ ਅਤੇ ਸੰਵੇਦਨਸ਼ੀਲ ਸੁਭਾ ਸਦਕਾ, ਰਾਜੇ ਰਸਾਲੂ ਨੂੰ ਦੁਨੀਆਂ ਭਰ ਦੇ ਲੋਕ ਬੀਰਾਂ ਵਿੱਚ ਪ੍ਰਥਮ ਸਥਾਨ ਪ੍ਰਾਪਤ ਹੈ। ਰਸਾਲੂ ਵਿੱਚ ਨੈਤਿਕਤਾ, ਬੀਰਤਾ, ਪ੍ਰੇਮ ਤੇ ਸਦਭਾਵਨਾ ਦੇ ਅਨੇਕਾਂ ਵਸਫ਼ ਰਚਮਿਚ ਕੇ, ਇਕ ਅਜਿਹੇ ਅਲੌਕਿਕ ਰੂਪ ਵਿੱਚ ਪ੍ਰਗਟੇ, ਜੋ ਪੰਜਾਬੀ ਚਰਿਤ੍ਰ ਅਤੇ ਵਿਹਾਰ ਦੀ ਪੂਰੀ ਤਰ੍ਹਾਂ ਪ੍ਰਤੀਨਿਧਤਾ ਕਰਦੇ ਹਨ। ਰਸਾਲੂ ਪੰਜਾਬੀਆਂ ਵਾਂਗ ਹਰ ਰੰਗ ਵਿੱਚ ਫੈਲਿਆ ਤੇ ਹਰ ਮਹਿਕ ਵਿੱਚ ਜੀਵਿਆ ਹੈ।"[17]

ਅਜਿਹਾ ਨਾਇਕ ਜਿਸ ਨੇ ਆਪਣੇ ਜੀਵਨ ਵਿੱਚ ਲੰਮਾ ਸੰਘਰਸ਼ ਕੀਤਾ: ਅਨੇਕਾਂ ਮੁਸੀਬਤਾਂ, ਬਿਪਤਾਵਾਂ ਵਿੱਚੋਂ ਲੰਘ ਕੇ ਦੂਸਰਿਆਂ ਨੂੰ ਖ਼ੁਸ਼ੀ ਤੇ ਸ਼ਾਂਤੀ ਪ੍ਰਦਾਨ ਕੀਤੀ ਜਿਸ ਕਾਰਨ

ਉਹ ਲੋਕ-ਮਨਾਂ ਵਿੱਚ ਇਕ ਆਦਰਸ਼ ਮਨੁੱਖ ਵਜੋਂ ਵੱਸ ਗਿਆ। ਮਨੁੱਖ ਦਾ ਆਪਣਾ ਜੀਵਨ ਵੀ ਸੰਘਰਸ਼ ਦਾ ਹੀ ਸਿੱਟਾ ਹੈ। ਪਰ ਜਦੋਂ ਕੋਈ ਦੂਸਰਾ ਉਸ ਦੇ ਸੰਘਰਸ਼ ਵਿੱਚ ਉਸ ਦਾ ਸਾਥ ਵੰਡਾਉਂਦਾ ਹੈ, ਉਹ ਵੀ ਉਦੋਂ ਜਦੋਂ ਉਹ ਕਿਸੇ ਵਿਸ਼ੇਸ਼ ਮੁਸੀਬਤ ਵਿੱਚ ਫਸਿਆ ਹੋਇਆ ਹੋਵੇ ਤਾਂ ਉਹ ਜਿੱਥੇ ਉਸ ਨੂੰ ਆਪਣਾ ਆਦਰਸ਼ ਮੰਨਦਾ ਹੈ, ਉਥੇ ਉਸ ਨੂੰ ਸਰਵਉੱਚਤਾ ਵੀ ਪ੍ਰਦਾਨ ਕਰ ਦਿੰਦਾ ਹੈ। ਇਸੇ ਲਈ ਉਸ ਨਾਲ ਕਈ ਸ਼ਕਤੀਆਂ, ਕਰਾਮਾਤਾਂ ਤੇ ਅਨਹੋਣੀਆਂ ਗੱਲਾਂ ਵੀ ਜੋੜ ਲੈਂਦਾ ਹੈ। ਇਸ ਤਰ੍ਹਾਂ ਉਹ ਨਾਇਕ ਸਾਧਾਰਨ ਮਨੁੱਖਾਂ ਨਾਲੋਂ ਅੱਡਰਾ ਹੋ ਕੇ ਖਲੋ ਜਾਂਦਾ ਹੈ ਜਿਸ ਨੂੰ ਮਾਨਤਾ ਤੇ ਮਨਤਾ ਦੋਵੇਂ ਬਰਾਬਰ ਦੇ ਰੂਪ ਵਿੱਚ ਮਿਲਦੀਆਂ ਹਨ। ਇਸ ਤੋਂ ਪਹਿਲਾਂ ਕਿ ਅਸੀਂ ਰਾਜਾ ਰਸਾਲੂ ਨੂੰ ਪੰਜਾਬ ਦੇ ਲੋਕ ਨਾਇਕ ਦੇ ਤੌਰ 'ਤੇ ਵੇਖੀਏ ਅਤੇ ਇਸ ਪੁਸਤਕ ਦੀਆਂ ਕੁਝ ਵਿਸ਼ੇਸ਼ਤਾਈਆਂ ਵੱਲ ਧਿਆਨ ਦਈਏ ਅਸੀਂ ਇਸ ਗੱਲ ਬਾਰੇ ਚਰਚਾ ਕਰਦੇ ਹਾਂ ਕਿ ਨਾਇਕ ਕੀ ਹੁੰਦਾ ਹੈ? ਡਾ. ਜਗਬੀਰ ਸਿੰਘ ਨੇ ਆਪਣੇ ਇਕ ਲੇਖ "ਪੰਜਾਬੀ ਲੋਕਧਾਰਾ ਵਿੱਚ ਲੋਕ ਨਾਇਕ ਦਾ ਸੰਕਲਪ" ਵਿੱਚ ਫਰੇ ਦੀ ਨਾਇਕ ਬਾਰੇ ਪਰਿਭਾਸ਼ਾ ਦਿੱਤੀ ਹੈ:

"ਨਾਇਕ ਦਾ ਸੰਕਲਪ ਬੁਨਿਆਦੀ ਤੌਰ ਤੇ ਮੱਧਕਾਲੀ ਸਾਹਿਤ ਸਭਿਆਚਾਰ ਵਿੱਚ ਵਿਕਸਿਤ ਹੋਇਆ ਹੈ। ਇਸ ਦਾ ਸੰਬੰਧ ਸਾਮੰਤੀ ਯੁੱਗ ਅਥਵਾ ਜਾਗੀਰਦਾਰੀ ਅਰਥ-ਵਿਵਸਥਾ ਦੇ ਦੌਰ ਵਿੱਚ ਰਚੇ ਗਏ ਵਿਸ਼ੇਸ਼ ਪ੍ਰਕਾਰ ਦੇ ਰੋਮਾਂਸ ਸਾਹਿਤ ਨਾਲ ਹੈ ਜਿਸ ਦੀ ਮਿਸਾਲ ਮੱਧਕਾਲੀ ਪੰਜਾਬੀ ਲੋਕ-ਵਾਰਾਂ ਕਿੱਸਿਆਂ ਅਤੇ ਜਨਮਸਾਖੀਆਂ ਵਿੱਚ ਦੇਖੀ ਜਾ ਸਕਦੀ ਹੈ। ਮੱਧਕਾਲ ਦੇ ਇਸ ਰੋਮਾਂਸ-ਸਾਹਿਤ ਵਿੱਚ ਕਿਸੇ ਅਲੌਕਿਕ ਪ੍ਰਤਿਭਾ ਵਾਲੇ ਆਦਰਸ਼ ਮਨੁੱਖ ਨੂੰ ਮੁੱਖ ਪਾਤਰ ਵਜੋਂ ਪੇਸ਼ ਕੀਤਾ ਜਾਂਦਾ ਸੀ। ਇਹ ਆਦਰਸ਼ ਮਨੁੱਖ ਸਾਧਾਰਨ ਮਨੁੱਖ ਨਾਲੋਂ ਰਤਾ ਵਡੇਰੀ ਸਮਰੱਥਾ ਦਾ ਧਾਰਨੀ ਹੋਣ ਸਦਕਾ ਹੀ ਨਾਇਕ ਦਾ ਰੁਤਬਾ ਹਾਸਿਲ ਕਰਦਾ ਹੈ।"[18]

ਅਜਿਹੇ ਨਾਇਕ ਸਾਡੇ ਸਮਾਜ ਦੇ ਧਰਾਤਲ ਉਤੇ ਹੀ ਪੈਦਾ ਹੁੰਦੇ ਹਨ। ਰਾਜਾ ਰਸਾਲੂ ਦੇ ਜਨਮ ਦੀ ਗੱਲ ਤਾਂ ਪੂਰਨ ਭਗਤ ਦੀ ਗਾਥਾ ਜਾਂ ਰਾਜਾ ਸਲਵਾਨ ਨਾਲ ਜਾ ਜੁੜਦੀ ਹੈ। ਇਸ ਬਾਰੇ ਤਾਂ ਇਨ੍ਹਾਂ ਕਹਾਣੀਆਂ ਵਿੱਚ ਵੀ ਵੇਖਿਆ ਜਾਂਦਾ ਹੈ। ਸਵਿਨਰਟਨ ਨੇ ਜਿੱਥੇ ਰਾਜਾ ਰਸਾਲੂ ਬਾਰੇ 'ਰੋਮਾਂਟਿਕ ਟੇਲਜ਼ ਫਰਾਮ ਦਾ ਪੰਜਾਬ' ਵਿੱਚ ਲਿਖਿਆ ਹੈ, ਉਥੇ ਇਸ ਨੂੰ ਵਾਰਤਕ ਬਿਰਤਾਂਤ ਵਿੱਚ ਵੀ ਪੇਸ਼ ਕੀਤਾ ਗਿਆ ਹੈ। ਪਰ ਇਸ ਪੁਸਤਕ ਵਿੱਚ ਰਾਜਾ ਰਸਾਲੂ ਦੀ ਪੰਜਾਬੀ ਕਥਾ ਵੀ ਪੇਸ਼ ਕੀਤੀ ਗਈ ਹੈ। ਰਾਜੇ ਮਹਾਰਾਜਿਆਂ ਨੂੰ ਵੀ ਆਪਣੀ ਪਹਿਚਾਣ ਜਦੋਂ ਉਹ ਕਿਸੇ ਦੂਸਰੇ ਦੇਸ਼ ਜਾਂ ਪ੍ਰਾਂਤ ਵਿੱਚ ਜਾਂਦੇ ਹਨ ਤਾਂ ਕਰਵਾਉਣੀ ਪੈਂਦੀ ਹੈ। ਜਿਵੇਂ ਸ਼ੈਰਿਫ ਦੀ ਕਥਾ ਵਿੱਚ ਇਸ ਪ੍ਰਕਾਰ ਹੈ:

ਕਿਹੜੇ ਰਾਜਾ ਦਾ ਤੂੰ ਬੇਟੜਾ
ਕਿਆ ਤੁਮਹਾਰਾ ਨਾਮ
ਕਹਾਂ ਤੁਮਹਰੀ ਨਗਰੀ
ਕਹਾਂ ਤੁਮਹਾਰਾ ਗਾਉਂ।
ਅੱਗੋਂ ਰਾਜਾ ਰਸਾਲੂ ਉੱਤਰ ਦਿੰਦਾ ਹੈ-
ਰਾਜਾ ਸਲਵਾਨ ਦਾ ਮੈਂ ਬੇਟੜਾ
ਰਸਾਲੂ ਮੇਰਾ ਨਾਮ
ਸਿਆਲਕੋਟ ਹਮਾਰੀ ਨਗਰੀ
ਵੋਹੀ ਹਮਾਰਾ ਗਾਂਵ।[19]

ਰਾਜਾ ਰਸਾਲੂ ਨੂੰ ਪੰਜਾਬੀਆਂ ਦਾ ਨਾਇਕ ਬਣਾਉਣ ਲੱਗਿਆਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਪੰਜਾਬ ਦੀ ਸਮਾਜਕ, ਆਰਥਿਕ, ਰਾਜਨੀਤਕ ਤੇ ਭੂਗੋਲਿਕ ਸਥਿਤੀ ਵੀ ਆਪਣੇ ਧਿਆਨ ਵਿੱਚ ਰੱਖੀਏ। ਪੰਜਾਬ ਪੰਜਾਂ ਦਰਿਆਵਾਂ ਦੀ ਉਹ ਧਰਤੀ ਹੈ ਜਿਸ ਉੱਪਰ ਸਿੰਧ ਘਾਟੀ ਦੀ ਸਭਿਅਤਾ ਵਿਕਸਤ ਹੋਈ। ਅਨੇਕਾਂ ਹਮਲਾਵਰ ਆਉਂਦੇ-ਜਾਂਦੇ ਰਹੇ। ਆਰੀਆਂ ਦੀ ਸਭਿਅਤਾ ਨਾਲ ਕਈ ਪ੍ਰਕਾਰ ਦੇ ਸਭਿਆਚਾਰ ਟਕਰਾਉ ਵਿੱਚ ਰਹੇ। ਜਿਸ ਨਾਲ ਇਕ ਨਿਵੇਕਲੀ ਸਭਿਅਤਾ ਤੇ ਸਭਿਆਚਾਰ ਵਿਕਸਤ ਹੁੰਦਾ ਗਿਆ। ਰਾਜਾ ਰਸਾਲੂ ਨੂੰ ਵੀ ਬਹੁਤ ਸਾਰੇ ਧਾੜਵੀਆਂ ਨਾਲ ਲੋਹਾ ਲੈਣਾ ਪਿਆ। ਉਸ ਸਮੇਂ ਦੇ ਹਾਲਾਤ ਬਾਰੇ ਵਣਜਾਰਾ ਬੇਦੀ ਲਿਖਦਾ ਹੈ ਕਿ, "ਜੇ ਇਨ੍ਹਾਂ ਕਥਾਵਾਂ ਵਿਚਲੇ ਸਥੂਲ ਪ੍ਰਤੀਕਾਂ ਨੂੰ ਵਾਸਤਵਿਕਤਾ ਦੇ ਪ੍ਰਸੰਗ ਵਿੱਚ ਸਮਝਣ ਦਾ ਯਤਨ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਰਸਾਲੂ ਦੇ ਵੇਲੇ ਪੰਜਾਬ ਉੱਤੇ ਵਿਦੇਸ਼ੀ ਕਬੀਲਿਆਂ ਦਾ ਕਾਫ਼ੀ ਦਬਦਬਾ ਸੀ ਅਤੇ ਉਹ ਆਪਣੀਆਂ ਮਨਮਾਨੀਆਂ ਕਰ ਰਹੇ ਸਨ। ਨਾ ਤਾਂ ਮਰਦਾਂ ਦੀ ਪਤ ਸੁਰੱਖਿਅਤ ਸੀ ਤੇ ਨਾ ਤੀਵੀਆਂ ਦਾ ਸਤਿ ਨਾ ਧੰਨ ਤੇ ਨਾ ਅੰਨ। ਇਹ ਸਮਾਂ ਸਦੀ ਈਸਵੀ ਦੇ ਮੁੱਢਲੇ ਦੌਰ ਦਾ ਹੈ, ਜਦੋਂ ਪੰਜਾਬ ਵਿੱਚ ਵਿਦੇਸ਼ੀ ਧਾੜਵੀ ਹਰਲ ਹਰਲ ਕਰਦੇ ਫਿਰਦੇ ਸਨ।"[20]

ਸਵਿਨਰਟਨ ਜਿਥੇ ਇਕ ਪਾਦਰੀ ਸੀ ਜੋ ਕਿ ਇਸਾਈ ਧਰਮ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਉਥੇ ਉਸ ਨੂੰ ਦੂਸਰੇ ਧਰਮਾਂ ਤੇ ਫਿਲਾਸਫ਼ੀ ਦਾ ਵੀ ਗੂੜ੍ਹਾ ਗਿਆਨ ਸੀ। ਉਸ ਨੇ ਆਪਣੀ ਲੰਮੀ ਭੂਮਿਕਾ ਵਿੱਚ ਰਾਜਾ ਰਸਾਲੂ ਨੂੰ ਜਿਥੇ ਬਾਈਬਲ ਵਿਚਲੇ ਪਾਤਰਾਂ ਨਾਲ ਤੁਲਨਾ ਕੇ ਵੇਖਿਆ ਹੈ ਉਥੇ ਉਸ ਨੇ ਇਸ ਦਾ ਯੂਨਾਨੀ ਤੇ ਹੋਰ ਭਾਸ਼ਾਵਾਂ ਵਿੱਚ ਮਿਲਦੇ ਅਜਿਹੇ ਨਾਇਕਾਂ ਨਾਲ ਟਾਕਰਾ ਵੀ ਕੀਤਾ ਹੈ ਕਿਉਂਕਿ "ਅਜਿਹੀਆਂ ਕਹਾਣੀਆਂ ਦੁਨੀਆਂ ਭਰ ਦੇ ਸਾਹਿਤ ਵਿੱਚ ਉਪਲਬਧ ਹਨ। ਉਹ ਮੰਨਦਾ ਹੈ ਕਿ "ਅਜਿਹੀਆਂ ਦੰਤ-ਕਥਾਵਾਂ ਪੁਰਾਣੇ ਯੂਨਾਨ ਵਿੱਚ ਮਿਲਦੀਆਂ ਸਨ ਅਤੇ ਇਹ ਉਨ੍ਹਾਂ ਦੀ ਮਾਈਥਾਲੋਜੀ ਅਤੇ ਅਦਭੁਦ ਕਵਿਤਾ ਵਿੱਚ ਮੌਜੂਦ ਹਨ।"[21]

ਉਹ ਤਾਂ ਰਾਜਾ ਰਸਾਲੂ ਦੀ ਨਾਈਟਸ ਆਫ਼ ਲਾ ਮਨਚਾ ਅਤੇ ਪੂਰਨ ਦੀ ਯੂਨਾਨੀ ਨਾਇਕ ਪਿਹੈਦਰਾ, ਹਿਪੋਲੈਟਸ ਅਤੇ ਡਿਆਨਾ ਨਾਲ ਤੁਲਨਾ ਕਰਦਾ ਹੈ।

ਜਦੋਂ ਉਹ ਪੰਜਾਬੀਆਂ ਦੇ ਮਨਭਾਉਂਦੇ ਸਾਜ਼ ਬੀਨ ਬਾਰੇ ਗੱਲਾਂ ਕਰਦਾ ਹੈ ਤਾਂ ਉਹ ਇਸ ਦੀ ਬਣਤਰ ਪੰਜਾਬ ਵਿੱਚ ਪ੍ਰਚੱਲਿਤ, ਵਜਾਉਣ ਦੇ ਢੰਗ ਤਰੀਕੇ, ਕੌਣ ਵਜਾਉਂਦਾ ਹੈ, ਆਦਿ ਬਾਰੇ ਵੀ ਚਰਚਾ ਕਰਦਾ ਹੈ। ਉਹ ਲਿਖਦਾ ਹੈ ਕਿ "ਸ਼ੈਰਿਫ ਦੇ ਹਵਾਲੇ ਨਾਲ ਉਹ ਆਖਦਾ ਹੈ ਕਿ ਮੀਰ ਸ਼ਿਕਾਰੀ ਕੋਲ ਦੋਹਰਾ ਪਾਇਪ ਜਾਂ ਬੀਨ ਸੀ, ਜਿਹੜੀ ਕਿ ਆਮ ਪੰਜਾਬ ਵਿੱਚ ਵੇਖਣ ਨੂੰ ਮਿਲਦੀ ਹੈ ਅਤੇ ਇਹ ਯੂਨਾਨ ਤੇ ਰੋਮ ਵਿੱਚ ਵੀ ਮਿਲਦੀ ਹੈ ਅਤੇ ਉਥੇ ਇਹ **ਤਿਲੀਅਰ ਪੈਰਸ** ਅਤੇ ਹੋਰੇਸ ਅਨੁਸਾਰ ਇਹ **ਲੇਡੀਅਨ ਪਾਈਪਸ** ਹਨ। ਇਹ ਮਰਦਾਵੇਂ ਤੇ ਜਨਾਨੇ ਕਿਸਮ ਦੇ ਹੁੰਦੇ ਹਨ।"[22] ਤੁਲਨਾਤਮਕ ਅਧਿਐਨ ਵਿੱਚ ਹੀ ਉਹ ਰਸਾਲੂ ਦੀ ਬਾਈਬਲ ਵਿੱਚੋਂ ਸੈਮਸਨ ਨਾਲ ਤੁਲਨਾ ਕਰਦਾ ਹੈ ਕਿਉਂਕਿ ਉਹ ਵੀ ਬੜਾ ਬਹਾਦੁਰ ਯੋਧਾ ਸੀ।"[23]

ਸਵਿਨਰਟਨ ਅਨੁਸਾਰ ਪੇਸ਼ ਕੀਤਾ ਗਿਆ ਨਾਇਕ ਹਰ ਪੱਖ ਤੋਂ ਸੰਪੂਰਨ ਹੈ। ਉਹ ਜਿੱਥੇ ਮਹਾਨ ਯੋਧਾ, ਸਿਦਕ ਦਿਲ, ਮਦਦਗਾਰ ਅਤੇ ਕਈ ਚਮਤਕਾਰੀ ਸ਼ਕਤੀਆਂ ਦਾ ਮਾਲਕ ਹੈ, ਉੱਥੇ ਉਸ ਨੂੰ ਹਰ ਪ੍ਰਕਾਰ ਦੀ ਸੂਝ ਦਾ ਮਾਲਕ ਵੀ ਦੱਸਿਆ ਗਿਆ ਹੈ। ਉਹ ਜਿਸ ਕੰਮ ਨੂੰ ਵੀ ਹੱਥ ਪਾਉਂਦਾ ਹੈ, ਨੇਪਰੇ ਚਾੜ੍ਹ ਕੇ ਹਟਦਾ ਹੈ। ਜਿਵੇਂ ਉਸ ਦੀ ਸੂਝ ਦਾ ਪ੍ਰਗਟਾਵਾ ਮੀਰ ਸ਼ਿਕਾਰੀ ਦੀ ਮੌਤ ਤੋਂ ਬਾਅਦ ਪਾਈ ਬੁਝਾਰਤ ਤੋਂ ਵੇਖਿਆ ਜਾ ਸਕਦਾ ਹੈ, ਜਿਸ ਵਿੱਚ ਉਹ ਮੀਰ ਸ਼ਿਕਾਰੀ

ਦੀ ਮੌਤ ਵੇਲੇ ਵੇਖਿਆ ਸਾਰਾ ਹਾਲ ਬਿਆਨ ਕਰ ਜਾਂਦਾ ਹੈ:

ਇਕ ਮਰਦਿਆਂ ਦੋ ਮਰੇ,
ਦੋ ਮਰਦਿਆਂ ਚਾਰ
ਚਾਰ ਮਰਦਿਆਂ ਛੇ ਮੋਏ,
ਚਾਰ ਪੁਰਖ ਦੋ ਨਾਰ।[24]

ਉਸ ਦੀਆਂ ਚਮਤਕਾਰੀ ਸ਼ਕਤੀਆਂ ਦਾ ਜਿੱਥੇ ਪ੍ਰਗਟਾਵਾ ਹੁੰਦਾ ਹੈ, ਉਥੇ ਰਾਜਾ ਸਿਰਕਪ ਨਾਲ ਚੌਪੜ ਖੇਡਣ ਜਾਣ ਸਮੇਂ ਰਸਤੇ ਵਿੱਚ ਪਈ ਲਾਸ਼ ਨੂੰ ਜ਼ਿੰਦਾ ਕਰ ਕੇ ਉਸ ਨਾਲ ਗੱਲਾਂ ਕਰਨਾ ਵੀ ਮਿਲਦਾ ਹੈ। ਸ਼ੈਰਿਫ ਦੀ ਕਥਾ ਵਿੱਚ ਹੀ ਲਿਖਿਆ ਹੈ ਕਿ-

ਬੀਆਬਾਨ ਵਿੱਚ ਆਈ ਰਾਤਰੀ
ਮੋਏ ਕੁਰੰਗ ਪਾਸ
ਜੇ ਮੋਏ ਕੁਰੰਗ ਰੱਬਾ ਜੀ ਪਵੇ
ਤਾਂ ਬਾਤਾਂ ਕਰੀਏ ਚਾਰ।[25]

ਉਹ ਲਾਸ਼ ਫਿਰ ਜੀਅ ਪੈਂਦੀ ਹੈ ਤੇ ਉੱਠ ਕੇ ਉਸ ਨਾਲ ਗੱਲਾਂ ਕਰਨ ਲੱਗਦੀ ਹੈ। ਸਵਿਨਰਟਨ ਨੇ ਰਾਜਾ ਰਸਾਲੂ ਦੀ ਇਸ ਕਹਾਣੀ ਵਿੱਚੋਂ ਉਨ੍ਹਾਂ ਪੱਖਾਂ ਦਾ ਗਹਿਨ ਅਧਿਐਨ ਕੀਤਾ, ਜਿਨ੍ਹਾਂ ਵਿੱਚ ਦਿਉਆਂ ਬਾਰੇ ਉਹ ਆਖਦਾ ਹੈ ਕਿ ਇਹ ਤਾਂ ਤਕਰੀਬਨ ਦੁਨੀਆਂ ਦੇ ਹਰ ਸਾਹਿਤ ਵਿੱਚ ਮੌਜੂਦ ਹਨ। ਦਿਉ ਕਿਸ ਪ੍ਰਕਾਰ ਦੇ ਹੁੰਦੇ ਹਨ? ਉਹ ਦੱਸਦਾ ਹੈ ਕਿ "ਇਹ ਦਿਉ ਦੁਸ਼ਟ ਆਤਮਾ, ਬੰਦੇ ਖਾਣ ਵਾਲੇ, ਮਨੁੱਖ ਦੀ ਸ਼ਕਲ ਵਿੱਚ, ਮੂਲ ਰੂਪ ਵਿੱਚ ਸ਼ੈਤਾਨ ਹਨ ਜਿਹੜੇ ਪ੍ਰਮਾਤਮਾ ਤੇ ਵਿਅਕਤੀਆਂ ਲਈ ਡਰ ਦਾ ਕਾਰਨ ਹਨ।"[26]

ਅਜਿਹੇ ਦਿਉਆਂ ਨੂੰ ਹੋਰ ਕੋਈ ਨਹੀਂ ਸੀ ਮਾਰ ਸਕਦਾ ਸਗੋਂ ਬਹੁਤ ਸਾਰੇ ਰਾਜੇ ਮਹਾਰਾਜਿਆਂ ਨੇ ਤਾਂ ਉਨ੍ਹਾਂ ਨਾਲ ਉਨ੍ਹਾਂ ਦਾ ਮਨਭਾਉਂਦਾ ਭੋਜਨ ਦੇਣ ਦਾ ਸਮਝੌਤਾ ਹੀ ਕੀਤਾ ਹੋਇਆ ਸੀ। ਜਿਸ ਨੂੰ ਰਾਜਾ ਰਸਾਲੂ ਇਕ ਵੰਗਾਰ ਵਜੋਂ ਲੈਂਦਾ ਹੈ ਅਤੇ ਇਨ੍ਹਾਂ ਦਿਉਆਂ ਦਾ ਨਾਸ ਕਰਦਾ ਹੈ ਅਤੇ ਲੋਕਾਂ ਨੂੰ ਖ਼ੁਸ਼ੀ-ਖ਼ੁਸ਼ੀ ਵੱਸਣ ਲਈ ਆਖਦਾ ਹੈ। ਇਸੇ ਕਰ ਕੇ ਉਸ ਦੀ ਸ਼ੋਹਰਤ ਹਰ ਪਾਸੇ ਫ਼ੈਲ ਜਾਂਦੀ ਹੈ। ਇਥੋਂ ਤੱਕ ਕਿ ਰਾਜਾ ਸਿਰਕਪ ਨਾਲ ਚੌਪੜ ਦੀ ਬਾਜ਼ੀ ਜਿੱਤ ਕੇ ਵੀ ਉਸ ਨਵਜੰਮੀ ਬੱਚੀ ਦੀ ਖ਼ਾਤਰ ਉਸ ਨੂੰ ਮਾਫ਼ ਕਰ ਦਿੰਦਾ ਹੈ। ਪਰ ਅਜਿਹਾ ਸਾਫ਼ ਦਿਲ ਵਿਅਕਤੀ ਰਾਣੀ ਕੋਕਿਲਾਂ ਦੀ ਬੇਵਫ਼ਾਈ ਜਿਹੜੀ ਉਸ ਨੂੰ ਆਪਣੇ ਪਾਲਤੂ ਤੋਤੇ ਕੋਲੋਂ ਪਤਾ ਚਲਦੀ ਹੈ, ਬਰਦਾਸ਼ਤ ਨਹੀਂ ਕਰ ਸਕਦਾ ਅਤੇ ਉਹ ਉਸ ਦੇ ਪ੍ਰੇਮੀ ਨੂੰ ਮਾਰ ਦਿੰਦਾ ਹੈ ਅਤੇ ਰਾਣੀ ਕੋਕਿਲਾਂ ਨੂੰ ਉਸ ਦਾ ਮਾਸ ਖੁਆਉਂਦਾ ਹੈ। ਇਹ ਸੁਣ ਕੇ ਕੋਕਿਲਾਂ ਮਹਿਲ ਤੋਂ ਛਾਲ ਮਾਰ ਕੇ ਜਾਨ ਦੇ ਦਿੰਦੀ ਹੈ। ਕਈ ਕਥਾਕਾਰ ਆਖਦੇ ਹਨ ਕਿ ਰਾਜਾ ਰਸਾਲੂ ਰਾਜਾ ਹੋਡੀ ਦੇ ਭਰਾਵਾਂ ਨਾਲ ਲੜਦਾ ਮਰ ਗਿਆ। ਪਰ ਕਈ ਆਖਦੇ ਹਨ ਕਿ ਉਹ ਸੈਲ ਪੱਥਰ ਹੋ ਗਿਆ।

ਸਵਿਨਰਟਨ ਨੇ ਗੁਫ਼ਾਵਾਂ ਦੀ ਖੋਜ ਕਰ ਕੇ ਇਹ ਜ਼ਰੂਰ ਕਿਹਾ ਹੈ ਕਿ ਉਹ ਇਕ ਰਾਜਪੂਤ ਸੀ ਜਿਹੜਾ ਕਿ ਸਲਵਾਨ ਦਾ ਪੁੱਤਰ ਸੀ। ਜਿਸ ਦਾ ਪਿਛੋਕੜ ਰਾਜਾ ਬਿਕਰਮਜੀਤ ਨਾਲ ਜੁੜਦਾ ਹੈ ਪਰ ਸਮੇਂ ਦੇ ਫੇਰ ਨਾਲ ਮੁਸਲਮਾਨ ਢਾਡੀਆਂ ਕੋਲ ਇਹ ਲਿਖਤ ਹੋਣ ਕਾਰਨ ਉਨ੍ਹਾਂ ਨੇ ਇਸ ਨੂੰ ਮੁਸਲਮਾਨ ਦੱਸਿਆ ਹੈ। ਉਹ ਆਖਦਾ ਹੈ ਕਿ "ਕਲਾ ਦੀ ਸਰਾਏ ਜਿਹੜਾ ਗਨੀਥੋਰਡ ਵਿੱਚ ਕੋਟ ਬਿਥੋਰ ਵਿੱਚ ਹੈ, ਕਹਾਣੀ ਵਿੱਚ ਦੱਸੇ ਤਰੀਕੇ ਦਾ ਮਹੱਲ ਦੇ ਖੰਡਰ ਮਿਲਦੇ ਹਨ।"[27]

ਕੁੱਲ ਮਿਲਾ ਕੇ ਇਹ ਦੰਤ-ਕਥਾ ਪੰਜਾਬੀਆਂ ਦੇ ਉਸ ਮਹਾਨ ਨਾਇਕ ਦੀ ਹੈ, ਜਿਸ ਦੀ

ਯਾਦਾਸ਼ਤ ਸਾਡੀਆਂ ਸਿਮਰਿਤੀਆਂ ਵਿੱਚ ਲੰਮਾ ਸਮਾਂ ਗੁਜ਼ਰਨ ਤੋਂ ਬਾਅਦ ਵੀ ਉਵੇਂ ਹੀ ਕਾਇਮ ਹੈ ਜਿਵੇਂ ਉਸ ਦੇ ਜਿਉਂਦੇ ਜੀਅ ਸੀ।

## ਰੋਮਾਂਟਿਕ ਟੇਲਜ਼ ਫਰਾਮ ਦਾ ਪੰਜਾਬ

ਪੰਜਾਬ ਦੇ ਮਹਾਨ ਨਾਇਕ ਰਾਜਾ ਰਸਾਲੂ ਦੇ ਜੀਵਨ ਤੇ ਕਾਰਨਾਮਿਆਂ ਨੂੰ ਬਿਆਨਣ ਤੋਂ ਬਾਅਦ 1903 ਵਿੱਚ ਪਾਦਰੀ ਚਾਰਲਸ ਸਵਿਨਰਟਨ ਦੀ ਪੰਜਾਬੀ ਲੋਕਧਾਰਾ ਨਾਲ ਸੰਬੰਧਿਤ ਦੂਸਰੀ ਪੁਸਤਕ ਪ੍ਰਕਾਸ਼ਿਤ ਹੋਈ। ਆਪਣੀ ਇਕ ਭੂਮਿਕਾ ਵਿੱਚ ਉਹ 113 (ਇਕ ਸੌ ਤੇਰਾਂ) ਕਹਾਣੀਆਂ ਛੋਟੀਆਂ-ਵੱਡੀਆਂ ਇਕੱਤਰ ਕਰਨ ਦੀ ਗੱਲ ਕਰਦਾ ਹੈ।[28] ਇਹ ਸਾਰੀਆਂ ਕਹਾਣੀਆਂ ਰਾਜਾ ਰਸਾਲੂ ਨਾਲ ਸੰਬੰਧਿਤ ਕੁਝ ਬਾਤਾਂ ਹਨ ਜਿਹੜੀਆਂ ਵੱਖ-ਵੱਖ ਥਾਵਾਂ ਤੋਂ ਇਕੱਤਰ ਕੀਤੀਆਂ ਗਈਆਂ ਹਨ ਅਤੇ ਇਹ ਵਕਫ਼ੇ-ਵਕਫ਼ੇ ਨਾਲ ਇਸੇ ਨਾਂ ਹੇਠ 1909 ਅਤੇ 1928 ਨੂੰ ਛਪੀਆਂ। 1928 ਵਾਲੀ ਕਾਪੀ ਤਾਂ ਸਾਨੂੰ ਉਪਲਬਧ ਨਹੀਂ ਹੋ ਸਕੀ ਪਰ 1903 ਅਤੇ 1909 ਵਿਚਲੀਆਂ ਇਨ੍ਹਾਂ ਕਹਾਣੀਆਂ ਦੀ ਸੂਚੀ ਇਸ ਪ੍ਰਕਾਰ ਹੈ-

**1903 ਵਿੱਚ ਛਪੀਆਂ ਕਥਾਵਾਂ**

1. ਹੀਰ ਤੇ ਰਾਂਝੇ ਦੀ ਕਹਾਣੀ
2. ਅਹਿਮਦ ਦੇ ਕਾਰਨਾਮੇ (ਗੁਲਬਾਦਸ਼ਾਹ)
3. ਰਸਾਲੂ ਦੀਆਂ ਕਥਾਵਾਂ
   (ੳ) ਰਸਾਲੂ ਦੀ ਮੁੱਢਲੀ ਜ਼ਿੰਦਗੀ
   (ਅ) ਉਹ ਗੁਜਰਾਤ ਨੂੰ ਗਿਆ
   (ੲ) ਉਸ ਦਾ ਵਿਦਰੋਹ
   (ਸ) ਸ਼ਿਕਾਰੀ ਰਾਜਾ
   (ਹ) ਰਸਾਲੂ ਤੇ ਉਸ ਦਾ ਹੰਸ
   (ਕ) ਰਸਾਲੂ ਤੇ ਰਾਜਾ ਭੋਜ
   (ਖ) ਰਸਾਲੂ ਤੇ ਗੰਡਗੜ੍ਹ ਦੇ ਦਿਉ
   (ਗ) ਤਿਲੀਅਰ ਨਾਗ, ਸੱਪ, ਸੁੰਦਰ ਨਾਗ ਤੇ ਪਹਾੜੀ ਕਾਂ
   (ਘ) ਰਸਾਲੂ ਤੇ ਰਾਜਾ ਸਿਰਕੱਪ
   (ਙ) ਕੋਕਿਲਾਂ ਦੀ ਬੇਵਫ਼ਾਈ
   (ਚ) ਕੋਕਿਲਾਂ ਦੀ ਕਿਸਮਤ
   (ਛ) ਰਸਾਲੂ ਦੀ ਮੌਤ
4. ਨੇਕਬਖਤ ਦੇ ਕਾਰਨਾਮੇ
5. ਮਿਰਜ਼ਾ ਸਾਹਿਬਾਂ ਦੀ ਪ੍ਰੇਮ ਗਾਥਾ
6. ਪੂਰਨ ਭਗਤ ਦੀ ਕਹਾਣੀ

**ਛੋਟੀਆਂ ਕਹਾਣੀਆਂ**

1. ਜੁਲਾਹਾ ਜਿਸ ਨੇ ਉਹ ਘੋੜੀ ਗੁਆ ਲਈ, ਜਿਸ ਤੇ ਉਹ ਸਫ਼ਰ ਕਰ ਰਿਹਾ ਸੀ।
2. ਅੰਨਾ ਫ਼ਕੀਰ ਤੇ ਸੋਨੇ ਦੀਆਂ ਮੋਹਰਾਂ
3. ਹੁਨਰਮੰਦ ਫ਼ਕੀਰ ਤੇ ਮੂਰਖ ਰਾਜਾ

4. ਇਕ ਪਠਾਣ ਜਿਹੜਾ ਚਾਹੁੰਦਾ ਸੀ ਕਿ ਉਸ ਦੀ ਖੋਤੀ ਆਦਮੀ ਬਣ ਜਾਵੇ।
5. ਜੰਗਲ ਦੀ ਕਹਾਣੀ
6. ਰੂਬੀ ਦੀ ਕਹਾਣੀ

ਅੰਤ ਵਿੱਚ ਨੋਟ ਤੇ ਅੰਤਿਕਾ ਦਿੱਤਾ ਗਿਆ ਹੈ।

ਦੂਸਰੀ ਪੁਸਤਕ ਜਿਸ ਦਾ ਨਾਂ ਵੀ ਰੋਮਾਂਟਿਕ ਟੇਲਜ਼ ਫਰਾਮ ਦਾ ਪੰਜਾਬ ਵਿਦ ਇੰਡੀਅਨ ਨਾਈਟ ਐਨਟਰਟੇਨਮੈਂਟ ਹੈ ਅਤੇ ਇਸ ਤੇ ਵੀ 1903 ਸੰਨ ਹੀ ਲਿਖਿਆ ਹੈ।

ਉਸ ਵਿੱਚ ਪ੍ਰਸਤੁਤ ਕਹਾਣੀਆਂ ਇਸ ਪ੍ਰਕਾਰ ਹਨ–

1. ਹੀਰ ਤੇ ਰਾਂਝੇ ਦੀ ਪਿਆਰ ਕਹਾਣੀ
2. ਲੱਲ ਦਾ ਈਡੀਅਟ
3. ਫ਼ਜ਼ਲ ਨੂਰ, ਅਤੇ ਦਿਉ ਅਤੇ ਚਕੁੰਦਰ ਦੀ ਕਹਾਣੀ
4. ਰਾਜਾ ਰਸਾਲੂ ਦੇ ਕਾਰਨਾਮੇ
   (ੳ) ਰਸਾਲੂ ਦੀ ਮੁੱਢਲੀ ਜ਼ਿੰਦਗੀ
   (ਅ) ਉਹ ਗੁਜਰਾਤ ਨੂੰ ਗਿਆ
   (ੲ) ਉਸ ਦਾ ਵਿਦਰੋਹ
   (ਸ) ਸ਼ਿਕਾਰੀ ਰਾਜਾ
   (ਹ) ਰਸਾਲੂ ਅਤੇ ਹੰਸ
   (ਕ) ਰਸਾਲੂ ਤੇ ਰਾਜਾ ਭੋਜ
   (ਖ) ਰਸਾਲੂ ਅਤੇ ਦਿਉ
   ਝਾੜ ਚੂਹਾ, ਸੱਪ ਅਤੇ ਪਹਾੜੀ ਕਾਂ ਦੀ ਕਹਾਣੀ
   ਰਸਾਲੂ ਤੇ ਰਾਜਾ ਸਿਰਕਪ
   ਰਾਣੀ ਕੋਕਿਲਾਂ ਦੀ ਬੇਵਫ਼ਾਈ
   ਰਾਣੀ ਕੋਕਿਲਾਂ ਦੀ ਕਿਸਮਤ
   ਰਾਜਾ ਰਸਾਲੂ ਦੀ ਮੌਤ
5. ਇਸਾਰਾ ਅਤੇ ਕੈਨਸਾਰਾ ਦੀਆਂ ਚਾਲਬਾਜ਼ੀਆਂ
6. ਰਾਜਕੁਮਾਰ ਤੇ ਉਸ ਦਾ ਵਜ਼ੀਰ ਤਿੰਨ ਹਿੱਸੇ
   (ੳ) ਔਰਤ ਦੀ ਤਸਵੀਰ ਅਤੇ ਇਸ ਨਾਲ ਕੀ ਹੋਇਆ
   (ਅ) ਰਾਣੀ ਚਸ਼ਮਾ ਦੀ ਕਹਾਣੀ
   (ੲ) ਵਫ਼ਾਦਾਰ ਪਤਨੀ
7. ਤੋਤਾ, ਰਾਜਾ ਅਤੇ ਜ਼ਿੰਦਗੀ ਦਾ ਰੁੱਖ
8. ਰਾਜਕੁਮਾਰ ਅਹਿਮਦ ਤੇ ਉਸ ਦਾ ਉੱਡਣਾ ਘੋੜਾ
9. ਮਿਰਜ਼ਾ ਸਾਹਿਬਾਂ ਦੀ ਪਿਆਰ ਗਾਥਾ
10. ਰਾਜਾ ਅਤੇ ਚੋਰ
11. ਮਿੱਤਰ ਚੂਹਾ
12. ਲੜਾਕੀ ਪਤਨੀ
13. ਪ੍ਰਚਾਰਕ ਦੀ ਦੁਵਿਧਾ

14. ਰੰਗਦਾਰ ਗਿੱਦੜ

15. ਬਨਿਅਰਵਾਲ ਤੇ ਉਸ ਦੀ ਡੁੱਬਦੀ ਪਤਨੀ

16. ਜਵਾਨ ਜੋੜਾ ਤੇ ਸੱਪ

17. ਚਿੱਟੀ ਦਾਹੜੀ

ਇਹ ਕਹਾਣੀਆਂ ਅਟਕ ਦੇ ਇਲਾਕੇ ਵਿੱਚੋਂ ਇਕੱਠੀਆਂ ਕੀਤੀਆਂ ਗਈਆਂ ਹਨ। ਜਦੋਂ ਬਹੁਤ ਸਾਰੇ ਅੰਗਰੇਜ਼ੀ ਵਿਦਵਾਨ, ਪਾਦਰੀ ਅਤੇ ਸ਼ਾਸਕ ਪੰਜਾਬ ਦੀ ਲੋਕਧਾਰਾ ਦੇ ਇਕੱਤਰੀਕਰਨ ਵਿੱਚ ਜੁੜ ਗਏ ਜਿਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਬਾਰੇ ਅਸੀਂ ਪਿਛਲੇ ਅਧਿਆਇ ਵਿੱਚ ਜ਼ਿਕਰ ਵੀ ਕੀਤਾ ਹੈ ਤਾਂ ਪਾਦਰੀ ਸਵਿਨਰਟਨ ਨੇ ਵੀ ਇਸੇ ਤਰ੍ਹਾਂ ਇਨ੍ਹਾਂ ਕਹਾਣੀਆਂ ਨੂੰ ਇਕੱਤਰ ਕੀਤਾ। ਇਸ ਬਾਰੇ ਉਹ ਆਪਣੀ ਪੁਸਤਕ ਦੀ ਭੂਮਿਕਾ ਵਿੱਚ ਆਪਣੇ ਕੰਮ ਕਰਨ ਦੇ ਤਰੀਕੇ ਬਾਰੇ ਬਿਆਨ ਵੀ ਕਰਦਾ ਹੈ ਕਿ "ਦਿਨ ਭਰ ਦਾ ਕੰਮ ਖ਼ਤਮ ਹੋ ਜਾਣ ਤੋਂ ਬਾਅਦ ਅਤੇ ਰਾਤ ਦਾ ਖਾਣਾ ਖਾ ਲੈਣ ਮਗਰੋਂ ਅਸੀਂ ਆਪਣੇ ਸਿਗਾਰ ਜਲਾ ਲੈਂਦੇ ਤੇ ਸੁਣਨਾ ਤੇ ਲਿਖਣਾ ਸ਼ੁਰੂ ਕਰਦੇ ਜਦਕਿ ਮੁਸਲਮਾਨਾਂ ਦਾ ਕਿ ਸਮੂਹ ਜਿਹੜੇ ਕਹਾਣੀ ਸੁਣਾਉਣ ਵਾਲੇ ਹੁੰਦੇ ਅੱਗ ਬਾਲ ਕੇ ਉਸ ਅੱਗੇ ਚੌਂਕੜੀ ਮਾਰ ਕੇ ਬੈਠ ਜਾਂਦੇ ਅਤੇ ਉਹ ਵੀ ਓਨਾ ਹੀ ਆਨੰਦ ਮਾਣਦੇ ਜਿਤਨਾ ਕਿ ਅਸੀਂ ਮਾਣ ਰਹੇ ਹੁੰਦੇ।"[29]

ਇਨ੍ਹਾਂ ਕਹਾਣੀਆਂ ਨੂੰ ਸੰਗ੍ਰਹਿ ਕਰਕੇ ਅਤੇ ਇਨ੍ਹਾਂ ਵਿੱਚ ਲੰਮੀ ਭੂਮਿਕਾ ਦੇ ਕੇ ਇਨ੍ਹਾਂ ਦਾ ਮੁਲਾਂਕਣ, ਇਕੱਤਰੀਕਰਣ ਦੇ ਢੰਗ ਤੇ ਪੰਜਾਬੀ ਜੀਵਨ ਦੀ ਤਸਵੀਰ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਕਹਾਣੀਆਂ ਦੀ ਹਰਮਨ ਪਿਆਰਤਾ ਦਾ ਜ਼ਿਕਰ ਕਰਦਿਆਂ ਜਿਥੇ ਉਸ ਨੇ ਇਨ੍ਹਾਂ ਕਹਾਣੀਆਂ ਨੂੰ ਪੰਜਾਬੀਆਂ ਦੇ ਮਨੋਰੰਜਨ ਦਾ ਸਾਧਨ ਮੰਨਿਆ ਹੈ ਅਤੇ ਕਿਹਾ ਹੈ ਕਿ ਇਹ ਸਧਾਰਨ ਲੋਕਾਂ ਦੀਆਂ ਕਹਾਣੀਆਂ ਹਨ ਅਤੇ ਜਿਵੇਂ ਸੁਣੀਆਂ ਉਸੇ ਤਰ੍ਹਾਂ ਹੀ ਅਨੁਵਾਦ ਕਰਕੇ ਸਾਧਾਰਨ ਪਾਠਕਾਂ ਲਈ ਪੇਸ਼ ਕੀਤੀਆਂ ਗਈਆਂ ਹਨ। ਉਸ ਨੇ ਇਨ੍ਹਾਂ ਦੀ ਪ੍ਰਸਿੱਧਤਾ ਤੇ ਹਰਮਨ-ਪਿਆਰਤਾ ਦੇ ਆਧਾਰ 'ਤੇ ਵੰਡ ਵੀ ਕੀਤੀ ਹੈ-

1. ਹੀਰ ਰਾਂਝੇ ਦੀ ਕਹਾਣੀ

2. ਰਾਜਾ ਰਸਾਲੂ ਦੀ ਕਹਾਣੀ

3. ਮਿਰਜ਼ਾ ਸਾਹਿਬਾਂ ਦੀ ਕਹਾਣੀ

4. ਪੂਰਨ ਭਗਤ ਦੀ ਕਹਾਣੀ[30]

ਅੰਗਰੇਜ਼ਾਂ ਦੀ ਬਿਰਤੀ ਇਨ੍ਹਾਂ ਕਹਾਣੀਆਂ ਨੂੰ ਇਕੱਤਰ ਕਰ ਕੇ ਇਨ੍ਹਾਂ ਬਾਰੇ ਵੱਖ-ਵੱਖ ਵਿਧੀਆਂ ਰਾਹੀਂ ਚਾਨਣਾ ਪਾਉਣ ਦੀ ਰਹੀ ਹੈ। ਚਾਰਲਸ ਸਵਿਨਰਟਨ ਜਿਥੇ ਪੰਜਾਬੀ ਲੋਕਧਾਰਾ ਦਾ ਮੁੱਦਈ ਬਣਿਆ, ਉਥੇ ਉਹ ਇਕ ਪਾਦਰੀ ਵੀ ਸੀ ਜੋ ਕਿ ਈਸਾਈ ਧਾਰਮਿਕ ਗ੍ਰੰਥ ਬਾਈਬਲ ਦਾ ਗਿਆਤਾ ਹੋਣ ਦੇ ਨਾਲ-ਨਾਲ ਵਿਸ਼ਵ ਦੇ ਦੂਸਰੇ ਸਾਹਿਤ, ਇਤਿਹਾਸ, ਦਰਸ਼ਨ ਨੂੰ ਵੀ ਵਧੀਆ ਤਰੀਕੇ ਨਾਲ ਸਮਝਦਾ ਹੈ। ਇਸੇ ਕਰ ਕੇ ਉਹ ਕਈ ਥਾਵਾਂ ਤੇ ਯੂਨਾਨ ਅਤੇ ਰੋਮ ਦੇ ਸਾਹਿਤ ਨਾਲ ਵੀ ਇਨ੍ਹਾਂ ਦੀ ਤੁਲਨਾ ਕਰਦਾ ਹੈ। ਹੀਰ ਦੀ ਲੰਮੀ ਕਹਾਣੀ ਨੂੰ ਪੜ੍ਹਦਿਆਂ ਉਸ ਉੱਪਰ ਧਾਰਮਿਕ ਰੰਗਣ ਨੂੰ ਬਾਖ਼ੂਬੀ ਵੇਖਿਆ ਜਾ ਸਕਦਾ ਹੈ ਜਦੋਂਕਿ "ਉਹ ਹੀਰ ਨੂੰ ਯਿਸੂ ਮਸੀਹ ਦੀ ਪੈਰੋਕਾਰ ਦੱਸਦਾ ਹੈ ਅਤੇ ਦੱਸਦਾ ਹੈ ਕਿ ਉਹ ਹਰ ਐਤਵਾਰ ਨੂੰ ਉਸ ਨੂੰ ਮੰਨਦੀ ਸੀ।"[31]

ਹੀਰ ਤੇ ਰਾਂਝੇ ਦੇ ਪਿਆਰ ਦੀ ਕਹਾਣੀ ਜਿਥੇ ਪੰਜਾਬੀਆਂ ਦੀ ਹਰਮਨ-ਪਿਆਰੀ ਕਹਾਣੀ

ਹੈ, ਉਥੇ ਸਵਿਨਰਟਨ ਖ਼ੁਦ ਵੀ ਇਸ ਬਾਰੇ ਗੱਲਾਂ ਕਰ ਕੇ ਆਨੰਦ ਹਾਸਿਲ ਕਰਦਾ ਹੈ। ਇਸ ਗੱਲ ਦਾ ਉਸ ਨੂੰ ਉਦੋਂ ਅਹਿਸਾਸ ਹੋਇਆ ਸੀ ਜਦੋਂ ਕਿਸੇ ਪਿੰਡ ਲਾਗੋਂ ਲੰਘਦਿਆਂ ਉਸ ਨੇ ਗਾਉਣ ਦੀ ਆਵਾਜ਼ ਸੁਣੀ ਅਤੇ ਉਥੇ ਪਹੁੰਚ ਗਿਆ। ਉਥੋਂ ਦਾ ਨਜ਼ਾਰਾ ਉਸ ਨੇ ਪੇਸ਼ ਕੀਤਾ ਹੈ। ਉਸ ਅਨੁਸਾਰ "ਜਦੋਂ ਉਹ ਪਿੰਡ ਵਿੱਚ ਪਹੁੰਚਿਆ ਤਾਂ ਲੋਕ ਇਕ ਪਿੱਪਲ ਦੇ ਰੁੱਖ ਥੱਲੇ ਇਕੱਠੇ ਹੋਏ ਸਨ ਅਤੇ ਮਿਰਜ਼ੇ ਢਾਡੀ ਦਾ ਪੁੱਤਰ ਸ਼ੇਰ ਗਾ ਰਿਹਾ ਸੀ ਅਤੇ ਉਹ ਰਾਜਾ ਰਸਾਲੂ ਦਾ ਕਿੱਸਾ ਗਾ ਰਿਹਾ ਸੀ ਪਰ ਜਦੋਂ ਉਹ ਖ਼ਤਮ ਹੋਇਆ ਤਾਂ ਸਾਰਿਆਂ ਨੇ ਆਵਾਜ਼ ਦਿੱਤੀ। ਹੀਰ ਤੇ ਰਾਂਝਾ, ਹੀਰ ਤੇ ਰਾਂਝਾ, ਉਹ ਵਧੀਆ ਮਿਰਾਸੀ ਸਾਨੂੰ ਹੀਰ ਤੇ ਰਾਂਝਾ ਸੁਣਾਉ।"[32]

ਸਾਧਾਰਨ ਲੋਕਾਂ ਵਾਂਗ ਇਹ ਪਿਆਰ ਕਿੱਸੇ ਨੇ ਉਸ ਨੂੰ ਬੜਾ ਪ੍ਰਭਾਵਿਤ ਕੀਤਾ ਅਤੇ ਉਹ ਇਸ ਦੀ ਪ੍ਰਸਿੱਧਤਾ ਦੇ ਦੋ ਕਾਰਨ ਦੱਸਦਾ ਹੈ, "ਇਕ ਤਾਂ ਇਸਦਾ ਸੰਗੀਤ ਅਤੇ ਦੂਸਰਾ ਔਰਤਾਂ ਇਸ ਵਿੱਚੋਂ ਆਪਣੇ ਆਜ਼ਾਦ ਪਿਆਰ ਨੂੰ ਵੇਖ ਸਕਦੀਆਂ ਹਨ।"[33]

ਅੱਜ ਵੀ ਹੀਰ ਤੇ ਰਾਂਝੇ ਦੇ ਪਿਆਰ ਦੀ ਕਹਾਣੀ ਸਾਡੇ ਸਾਹਿਤ ਦਾ ਇਕ ਅਨਿੱਖੜ ਅੰਗ ਬਣੀ ਹੋਈ ਹੈ ਅਤੇ ਇਸ ਦਾ ਨਿੱਘ ਤੇ ਆਨੰਦ ਅੱਜ ਵੀ ਉਤਨਾ ਹੀ ਹੈ, ਜਿੰਨਾ ਇਸ ਵਿੱਚੋਂ ਪੁਰਾਣੇ ਸਮਿਆਂ ਵਿੱਚ ਆਉਂਦਾ ਸੀ। ਸਵਿਨਰਟਨ ਇਸ ਦਾ ਇਤਿਹਾਸਕ ਹਵਾਲਿਆਂ ਨਾਲ ਇਤਿਹਾਸਕ ਸਥਾਨ ਨਿਸ਼ਚਿਤ ਕਰਨ ਵਾਲਿਆਂ ਦੀਆਂ ਗੱਲਾਂ ਵੀ ਕਰਦਾ ਹੈ। ਉਸ ਨੇ ਪੰਜਾਬ ਦਾ ਇਤਿਹਾਸ, ਰਾਜਪੂਤਾਂ, ਮੁਸਲਮਾਨਾਂ ਅਤੇ ਦੂਸਰੇ ਲੋਕਾਂ ਦੇ ਆਪਸੀ ਵਿਵਹਾਰ ਬਾਰੇ ਵੀ ਜ਼ਿਕਰ ਕੀਤਾ ਹੈ ਅਤੇ ਉਹ ਰਾਜਪੂਤਾਂ ਬਾਰੇ ਲਿਖਦਾ ਹੈ ਕਿ, "ਰਾਜਪੂਤ ਸਦੀਆਂ ਤੱਕ ਪੰਜਾਬ ਵਿੱਚ ਰਹੇ ਅਤੇ ਉਹ ਇਥੇ ਰਹਿਣ ਵਿੱਚ ਮਾਣ ਮਹਿਸੂਸ ਕਰਦੇ ਸਨ। ਇਥੇ ਉਨ੍ਹਾਂ ਦੀ ਲਗਾਤਾਰ ਤਰੱਕੀ ਹੋਈ ਅਤੇ ਉਨ੍ਹਾਂ ਨੇ ਇਥੇ ਸੁਚੇਤ ਪੱਧਰ 'ਤੇ ਆਪਣੇ ਰੁਮਾਂਟਿਕ ਸਾਹਿਤ ਨੂੰ ਸੋਧਿਆ, ਸੰਭਾਲਿਆ ਅਤੇ ਸਭਿਅਕ ਬਣਾਇਆ। ਰਾਸ਼ਟਰੀ ਢਾਡੀਆਂ ਕੋਲ ਬਹੁਤ ਮਾਤਰਾ ਵਿੱਚ ਲਿਖਤ ਤੇ ਅਲਿਖਤ ਗੀਤ ਤੇ ਕਹਾਣੀਆਂ ਪਈਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਤਰਸ ਰਹਿਤ ਹਮਲਾਵਰ ਵੀ ਬਰਬਾਦ ਨਹੀਂ ਕਰ ਸਕਦੇ।"[34]

ਦੂਸਰੀ ਵੱਡੀ ਗਾਥਾ ਜਿਸ ਦਾ ਜ਼ਿਕਰ ਤੇ ਮੁਲਾਂਕਣ ਕੀਤਾ ਗਿਆ ਹੈ, ਉਹ ਹੈ ਰਾਜਾ ਰਸਾਲੂ ਦੀ ਲੋਕ ਗਾਥਾ ਅਸੀਂ ਇਸ ਬਾਰੇ ਪਿੱਛੇ ਵਿਸਤਾਰ ਪੂਰਵਕ ਜ਼ਿਕਰ ਕਰ ਆਏ ਹਾਂ।

ਇਨ੍ਹਾਂ ਤੋਂ ਇਲਾਵਾ ਹੋਰ ਦੂਸਰੀਆਂ ਛੋਟੀਆਂ ਕਹਾਣੀਆਂ ਹਨ ਜਿਹੜੀਆਂ ਕਿ ਬਾਤਾਂ ਦੇ ਰੂਪ ਵਿੱਚ ਹਨ। ਅਸੀਂ ਆਪਣੇ ਪਿਛਲੇ ਅਧਿਆਵਾਂ ਵਿੱਚ ਇਨ੍ਹਾਂ ਬਾਤਾਂ ਤੇ ਦੰਤ-ਕਥਾਵਾਂ ਨੂੰ ਵਖਰਿਆ ਕੇ ਇਨ੍ਹਾਂ ਨੂੰ ਅੰਗਰੇਜ਼ਾਂ ਦੇ ਸਮਝਣ ਦੇ ਨਜ਼ਰੀਏ ਦੀ ਗੱਲ ਕਰਦਿਆਂ ਇਸ ਗੱਲ ਦਾ ਨਿਰਣਾ ਕਰ ਕੇ ਅੱਗੇ ਵਧੇ ਹਾਂ ਕਿ ਲੋਕਧਾਰਾ ਰਾਹੀਂ ਅੰਗਰੇਜ਼ ਵਿਦਵਾਨਾਂ ਅਤੇ ਪ੍ਰਸ਼ਾਸਕਾਂ ਨੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਸਮਝਣ ਦਾ ਯਤਨ ਕੀਤਾ ਹੈ। ਉਨ੍ਹਾਂ ਵੱਲੋਂ ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਅਤੇ ਮੁਲਾਂਕਣ ਇਸ ਗੱਲ ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੀਆਂ ਲੰਮੀਆਂ ਭੂਮਿਕਾਵਾਂ ਜਿਨ੍ਹਾਂ ਵਿੱਚ ਇਤਿਹਾਸ ਤੋਂ ਲੈ ਕੇ ਪੰਜਾਬੀਆਂ ਦੇ ਮਨੋਭਾਵਾਂ ਤੱਕ ਦਾ ਵਰਣਨ ਵੀ ਇਸ ਗੱਲ ਨੂੰ ਸਿੱਧ ਕਰਦਾ ਹੈ ਕਿ ਉਹ ਕਿਸ ਹੱਦ ਦੀ ਬਾਰੀਕੀ ਤੱਕ ਪੰਜਾਬੀਆਂ ਨੂੰ ਜਾਨਣਾ ਚਾਹੁੰਦੇ ਸਨ।

ਅਸੀਂ ਆਪਣੇ ਅਧਿਐਨ ਲਈ ਲੋਕਧਾਰਾ ਦੇ ਇਕ ਅੰਗ ਕਥਾਨਕ ਰੂੜ੍ਹੀਆਂ ਨੂੰ ਚੁਣਿਆ ਹੈ ਅਤੇ ਵੱਖ-ਵੱਖ ਵਿਦਵਾਨਾਂ ਵੱਲੋਂ ਇਕੱਤਰ ਕੀਤੀ ਲੋਕਧਾਰਾ ਦੀ ਸਮੱਗਰੀ ਰਾਹੀਂ ਅਸੀਂ ਪ੍ਰਚਲਿਤ ਤੇ ਪ੍ਰਵਾਨਤ ਕਥਾਨਕ ਰੂੜ੍ਹੀਆਂ ਦਾ ਅਧਿਐਨ ਕੀਤਾ ਹੈ ਕਿਉਂਕਿ ਇਨ੍ਹਾਂ ਰਾਹੀਂ ਜਿੱਥੇ

ਚਰਿੱਤਰ ਦਾ ਨਿਰਮਾਣ ਹੁੰਦਾ ਹੈ, ਉਥੇ ਬਹੁਤ ਸਾਰੇ ਕਾਰਜਾਂ ਨੂੰ ਇਨ੍ਹਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਕਥਾਨਕ ਰੂੜ੍ਹੀਆਂ ਦਾ ਖੇਤਰ ਬਹੁਤ ਵਿਸ਼ਾਲ ਹੈ ਅਤੇ ਹਰ ਦੇਸ਼ ਵਿੱਚ ਵੱਖ-ਵੱਖ ਰੂਪਾਂ ਵਿੱਚ ਉਪਲਬਧ ਹੁੰਦੀਆਂ ਹਨ। ਇਹ ਕਈ ਪ੍ਰਕਾਰ ਦੀਆਂ ਹੋ ਸਕਦੀਆਂ ਹਨ ਅਤੇ ਬਹੁਤ ਕੁਝ ਕਰਨ ਦੇ ਸਮਰੱਥ ਹੁੰਦੀਆਂ ਹਨ।

ਪਾਦਰੀ ਸਵਿਨਰਟਨ ਦੀ ਇਸ ਪੁਸਤਕ ਵਿੱਚੋਂ ਅਸੀਂ ਸਿਰਫ਼ ਬਾਤਾਂ ਜਾਂ ਦੂਸਰੀਆਂ ਕਹਾਣੀਆਂ ਦੀਆਂ ਕਥਾਨਕ ਰੂੜ੍ਹੀਆਂ ਦਾ ਅਧਿਐਨ ਹੀ ਕਰਾਂਗੇ ਕਿਉਂਕਿ ਰਾਜਾ ਰਸਾਲੂ ਨਾਲ ਸੰਬੰਧਿਤ ਕਥਾਨਕ ਰੂੜ੍ਹੀਆਂ ਦਾ ਅਸੀਂ ਪਿਛਲੇ ਅਧਿਆਵਾਂ ਵਿੱਚ ਜ਼ਿਕਰ ਕਰ ਆਏ ਹਾਂ ਅਤੇ ਇਸ ਤਰ੍ਹਾਂ ਬਾਰ-ਬਾਰ ਜ਼ਿਕਰ ਕਰਨ ਨਾਲ ਇਕ ਤਾਂ ਦੁਹਰਾ ਹੋਵੇਗਾ, ਦੂਸਰਾ ਇਸ ਅਧਿਆਇ ਦੇ ਲੰਮੇ ਹੋ ਜਾਣ ਦਾ ਖ਼ਤਰਾ ਵੀ ਬਣ ਜਾਵੇਗਾ।

ਇਸ ਅਧਿਆਇ ਵਿੱਚ ਵੀ ਅਸੀਂ ਕਥਾਨਕ ਰੂੜ੍ਹੀਆਂ ਨੂੰ ਫਿਰ ਤਿੰਨਾਂ ਰੂਪਾਂ ਵਿੱਚ ਵੇਖਾਂਗੇ-

1. ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ
2. ਚਮਤਕਾਰੀ ਕਥਾਨਕ ਰੂੜ੍ਹੀਆਂ
3. ਸੰਸਾਰਕ ਕਥਾਨਕ ਰੂੜ੍ਹੀਆਂ
   (ੳ) ਸੰਭਾਵੀ
   (ਅ) ਸੰਭਵ
   (ੲ) ਸੁਭਾਵਿਕ

## ਚਾਰਲਸ ਸਵਿਨਰਟਨ ਦੀਆਂ ਪੁਸਤਕਾਂ ਵਿੱਚ ਕਥਾਨਕ ਰੂੜ੍ਹੀਆਂ

**ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ**: ਮਨੁੱਖ ਅੰਦਰ ਪਾਈਆਂ ਜਾਂਦੀਆਂ ਸੁਭਾਵਿਕ ਰੁਚੀਆਂ ਵਿੱਚੋਂ ਇਕ ਰੁਚੀ ਕਿਸੇ ਕਥਨ ਜਾਂ ਵਸਤੂ ਉੱਤੇ ਵਿਸ਼ਵਾਸ ਕਰਨ ਦੀ ਵੀ ਹੈ। ਇਹ ਵਿਸ਼ਵਾਸ ਮਨੁੱਖੀ ਮਨ ਵਿੱਚ ਉਪਜੀਆਂ ਤਰਕ ਰਹਿਤ ਭਾਵਨਾਵਾਂ ਦੀ ਤਰਜਮਾਨੀ ਵੀ ਕਰਦੇ ਹਨ। ਡਾ. ਗੁਰਮੀਤ ਸਿੰਘ ਲੋਕ ਵਿਸ਼ਵਾਸਾਂ ਬਾਰੇ ਲਿਖਦਾ ਹੈ ਕਿ "ਵਿਸ਼ਵਾਸ ਤੋਂ ਭਾਵ ਕਿਸੇ ਦ੍ਰਿਸ਼ਟ ਜਾਂ ਅਦ੍ਰਿਸ਼ਟ ਵਸਤੂ ਵਿੱਚ ਯਕੀਨ ਜਾਂ ਭਰੋਸੇ ਤੋਂ ਹੈ। ਵਿਸ਼ਵਾਸ ਕਿਸੇ ਪ੍ਰਚੱਲਿਤ ਉਕਤੀ ਜਾਂ ਕਥਨ ਦਾ ਸੱਚ ਵਾਂਗ ਸਵੀਕਾਰ ਕੀਤਾ ਜਾਣਾ ਹੈ। ਇਹ ਸਵੀਕ੍ਰਿਤੀ ਜ਼ਰੂਰੀ ਤੌਰ 'ਤੇ ਬੌਧਿਕ ਵੀ ਹੋਵੇਗੀ, ਭਾਵੇਂ ਕਿ ਇਸ ਵਿੱਚ ਭਾਵੁਕ ਰੰਗ ਕਾਫ਼ੀ ਮਾਤਰਾ ਵਿੱਚ ਹੋ ਸਕਦਾ ਹੈ। ਇਸ ਦੀ ਪ੍ਰਮਾਣਕਿਤਾ, ਖ਼ਾਸ ਕਥਨ ਜਾਂ ਉਕਤੀ ਦੀ ਅੰਦਰੂਨੀ ਜਾਂ ਵਸਤੂਇਕ ਸੱਚਾਈ ਉੱਪਰ ਨਿਭਰ ਨਹੀਂ ਹੁੰਦੀ ਸਗੋਂ ਅਜਿਹਾ ਸਮਾਜਕ, ਸੰਸਕ੍ਰਿਤਕ ਹਾਲਤਾਂ ਅਤੇ ਇਕ ਖ਼ਾਸ ਮਨੋਸਥਿਤੀ ਕਰ ਕੇ ਹੁੰਦਾ ਹੈ। ਮਨੁੱਖ ਪ੍ਰਕਿਰਤੀ ਵਿੱਚ ਵਾਪਰਦੀਆਂ ਘਟਨਾਵਾਂ ਤੋਂ ਆਪਣੀ ਪ੍ਰਤੱਖਣ ਸ਼ਕਤੀ ਰਾਹੀਂ ਪ੍ਰਭਾਵ ਗ੍ਰਹਿਣ ਕਰਦਾ ਸੀ। ਉਹ ਹੀ ਲੋਕ-ਵਿਸ਼ਵਾਸਾਂ ਦਾ ਆਧਾਰ ਬਣਦੇ ਸਨ।"[35]

ਕਿਉਂਕਿ ਮਨੁੱਖ ਪ੍ਰਕਿਰਤੀ ਦਾ ਨੇੜੇ ਦਾ ਸੰਬੰਧ ਰਿਹਾ ਹੈ ਅਤੇ ਮਨੁੱਖ ਪ੍ਰਕਿਰਤੀ ਨੂੰ ਆਪਣੇ ਹਿੱਤਾਂ ਅਨੁਕੂਲ ਢਾਲਣ ਦੀ ਕੋਸ਼ਿਸ਼ ਵੀ ਕਰਦਾ ਰਿਹਾ ਹੈ। ਇਸ ਲਈ ਆਦਿ ਕਾਲ ਤੋਂ ਹੀ ਉਸ ਨੇ ਆਪਣੇ ਹਿੱਤਾਂ ਲਈ ਕਈ ਪ੍ਰਕਾਰ ਦੇ ਵਿਸ਼ਵਾਸ ਬਣਾ ਲਏ ਹਨ ਜਿਨ੍ਹਾਂ ਰਾਹੀਂ ਉਸ ਦਾ ਜੀਵਨ ਵਿਹਾਰ ਉਸ ਕਾਲ ਖੰਡ ਵਿਸ਼ੇਸ਼ ਵਿੱਚ ਨਿਰਧਾਰਿਤ ਹੁੰਦਾ ਆਇਆ ਹੈ, ਇਸੇ ਕਰ ਕੇ ਇਸ ਦਾ ਘੇਰਾ ਬੜਾ ਵਿਸ਼ਾਲ ਹੈ। ਇਹ ਵਿਸ਼ਵਾਸ ਵਿਅਕਤੀਗਤ ਵੀ ਹੋ ਸਕਦੇ ਹਨ ਅਤੇ

ਸਮੂਹ ਦੇ ਵੀ ਅਤੇ ਦੋਵੇਂ ਇਕ-ਦੂਸਰੇ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਵੀ ਰੱਖਦੇ ਹਨ। ਵਿਸ਼ਵਾਸ, ਮੰਨਣ ਦੀ ਪ੍ਰਕਿਰਿਆ ਵਿੱਚੋਂ ਉਪਜਦੇ ਹਨ। ਇਨ੍ਹਾਂ ਬਾਰੇ ਤਰਕ ਦੀ ਗੁੰਜਾਇਸ਼ ਨਹੀਂ ਹੁੰਦੀ।

ਇਹ ਲੋਕ-ਵਿਸ਼ਵਾਸ ਸਾਡੇ ਲੋਕ ਮਨਾਂ 'ਚੋਂ ਉਪਜ ਕੇ ਲੋਕ-ਸਾਹਿਤ ਦਾ ਵੱਡਾ ਹਿੱਸਾ ਬਣ ਜਾਂਦੇ ਹਨ ਕਿਉਂਕਿ ਸਾਹਿਤ ਮਨੁੱਖ ਨਾਲ ਜੁੜਿਆ ਹੈ, ਅਤੇ ਮਨੁੱਖ ਅਜਿਹੇ ਵਿਸ਼ਵਾਸਾਂ ਨਾਲ। ਇਨ੍ਹਾਂ ਦੀਆਂ ਅਨੇਕਾਂ ਕਿਸਮਾਂ ਹਨ। ਸਵਿਨਰਟਨ ਦੀਆਂ ਇਕੱਤਰ ਕੀਤੀਆਂ ਇਨ੍ਹਾਂ ਕਹਾਣੀਆਂ ਵਿੱਚ ਵੀ ਅਜਿਹੀਆਂ ਕਥਾਨਕ ਰੂੜ੍ਹੀਆਂ ਮਿਲਦੀਆਂ ਹਨ ਜੋ ਸਿੱਧੇ ਤੌਰ 'ਤੇ ਉਪਰੋਕਤ ਵਿਸ਼ਵਾਸਾਂ ਉਪਰ ਆਧਾਰਿਤ ਹਨ। ਇਹੀ ਵਿਸ਼ਵਾਸਪਰਕ ਰੂੜ੍ਹੀਆਂ ਕਹੀਆਂ ਜਾ ਸਕਦੀਆਂ ਹਨ ਕਿਉਂਕਿ ਪਾਤਰਾਂ ਦੀ ਮਨੋਸਥਿਤੀ ਨੂੰ ਪ੍ਰਗਟ ਕਰਨ ਲਈ ਲੋਕ-ਵਿਸ਼ਵਾਸ ਹੀ ਸਹਾਇਕ ਸਿੱਧ ਹੋ ਸਕਦੇ ਹਨ। ਅੰਗਰੇਜ਼ਾਂ ਨੇ ਵੀ ਪੰਜਾਬੀਆਂ ਦੀਆਂ ਅਜਿਹੀਆਂ ਕਥਾ ਕਹਾਣੀਆਂ ਵਿੱਚੋਂ ਮਿਲਦੇ ਵਿਸ਼ਵਾਸਾਂ ਨੂੰ ਆਧਾਰ ਬਣਾ ਕੇ ਇਨ੍ਹਾਂ ਦੀ ਮਾਨਸਿਕ ਅਵਸਥਾ ਦੇ ਵੱਖ-ਵੱਖ ਪੜਾਵਾਂ ਨੂੰ ਸਮਝਣ ਦਾ ਯਤਨ ਕੀਤਾ ਹੋਵੇਗਾ। ਹੁਣ ਅਸੀਂ ਇਨ੍ਹਾਂ ਪੁਸਤਕਾਂ ਵਿੱਚ ਪ੍ਰਮੁੱਖ ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ ਬਾਰੇ ਵਿਚਾਰ ਕਰਦੇ ਹਾਂ-

**ਸ਼ਗਨ ਅਪਸ਼ਗਨ, ਸ਼ੁਭ ਜਾਂ ਅਸ਼ੁਭ** : ਡਾ. ਵਣਜਾਰਾ ਬੇਦੀ ਅਨੁਸਾਰ "ਸ਼ਗਨਾਂ ਦਾ ਆਧਾਰ ਸਦ੍ਰਿਸ਼ਟਤਾ ਹੈ। ਜੇਕਰ ਕਿਸੇ ਕੰਮ ਦੇ ਸ਼ੁਰੂ ਕਰਨ ਸਮੇਂ ਗ੍ਰਹਿ ਅਨੁਕੂਲ ਹੋਣ ਤਾਂ ਉਹ ਨਿਰਵਿਘਨ ਸਮਾਪਤ ਹੋ ਜਾਂਦਾ ਹੈ। ਸ਼ਗਨ ਸੰਸਕ੍ਰਿਤੀ ਦੇ 'ਸ਼ਕੁਨ' ਸ਼ਬਦ ਦਾ ਪੰਜਾਬੀ ਰੂਪ ਹੈ। ਸ਼ਕੁਨ ਦੇ ਅਰਥ ਪੰਛੀ ਹਨ। ਪ੍ਰਾਚੀਨ ਸਮਿਆਂ ਵਿੱਚ ਪੰਛੀਆਂ ਦੀ ਬੋਲਚਾਲ ਨੂੰ ਸਮਝਣ ਵਾਲੇ ਸਿਆਣੇ ਲੋਕ ਹੁੰਦੇ ਸਨ। ਉਹ ਉਨ੍ਹਾਂ ਦੀ ਬਾਤਚੀਤ ਤੋਂ ਚੰਗੇ-ਮੰਦੇ ਸਿੱਟਿਆਂ ਦਾ ਅਨੁਮਾਨ ਲਾ ਲੈਂਦੇ ਸਨ।"[36]

ਆਦਿ ਕਾਲ ਤੋਂ ਮਨੁੱਖ ਸ਼ਗਨਾਂ, ਅਪਸ਼ਗਨਾਂ ਵਿੱਚ ਵਿਸ਼ਵਾਸ ਕਰਦਾ ਆਇਆ ਹੈ। ਸ਼ਗਨ ਤੋਂ ਭਾਵ ਚੰਗਾ, ਸ਼ੁਭ ਅਤੇ ਅਪਸ਼ਗਨ ਮਾੜਾ, ਬੁਰਾ, ਮੰਦੇ ਦਾ ਪ੍ਰਭਾਵ ਦੇ ਦਿੰਦਾ ਹੈ। ਇਹ ਸਾਰਾ ਵਰਤਾਰਾ ਬੜਾ ਵਿਸ਼ਾਲ ਤੇ ਡੂੰਘਾ ਹੈ। ਇਹ ਕਈਆਂ ਚੀਜ਼ਾਂ, ਵਸਤੂਆਂ, ਵਿਅਕਤੀਆਂ, ਗਿਣਤੀਆਂ, ਦਿਨਾਂ, ਤਿਉਹਾਰਾਂ, ਮੌਸਮਾਂ ਆਦਿ ਨਾਲ ਸੰਬੰਧਿਤ ਸ਼ਗਨ ਅਪਸ਼ਗਨ ਮੌਜੂਦ ਹਨ। ਇਹ ਸਾਡੇ ਸਮਾਜਿਕ ਜੀਵਨ ਦਾ ਅਨਿੱਖੜ ਅੰਗ ਹਨ। ਇਹ ਜ਼ਰੂਰੀ ਨਹੀਂ ਕਿ ਪੁਰਾਣੇ ਵਿਚਾਰਾਂ ਜਾਂ ਪੇਂਡੂ ਜਨਤਾ ਹੀ ਇਨ੍ਹਾਂ ਵਿੱਚ ਵਿਸ਼ਵਾਸ ਕਰਦੀ ਹੈ। ਪੜ੍ਹਿਆ-ਲਿਖਿਆ, ਸਿਆਣਾ ਵਿਅਕਤੀ ਵੀ ਇਨ੍ਹਾਂ ਦੀ ਛੋਹ ਤੋਂ ਪਰ੍ਹੇ ਨਹੀਂ।

ਸ਼ਗਨ ਅਪਸ਼ਗਨ ਦੀ ਰੂੜ੍ਹੀ ਭਾਰਤੀ ਕਥਾਕਾਰਾਂ ਵਿੱਚ ਬੜੀ ਪ੍ਰਚੱਲਤ ਰਹੀ ਹੈ। ਮਹਾਂਭਾਰਤ, ਬਾਲਮੀਕ-ਰਮਾਇਣ, ਰਾਮ ਚਰਿਤ ਮਾਨਸ ਵਿੱਚ ਅਨੇਕਾਂ ਸ਼ਗਨ ਅਪਸ਼ਗਨ ਮਿਲਦੇ ਹਨ। ਪੰਜਾਬੀ ਲੋਕ-ਸਾਹਿਤ ਵਿੱਚ ਕਿੱਸਿਆਂ ਦੀਆਂ ਪ੍ਰੇਮ ਕਹਾਣੀਆਂ ਵਿੱਚ ਅਨੇਕਾਂ ਸ਼ਗਨ ਅਪਸ਼ਗਨ ਮਿਲਦੇ ਹਨ। ਸਵਿਨਰਟਨ ਦੀ ਪੁਸਤਕ "ਰੋਮਾਂਟਿਕ ਟੇਲਜ਼ ਫਰਾਮ ਦਾ ਪੰਜਾਬ" ਵਿੱਚ ਮਿਲਦੀਆਂ ਕਹਾਣੀਆਂ ਵਿੱਚ ਵੀ ਸ਼ਗਨ ਅਪਸ਼ਗਨਾਂ ਦਾ ਜ਼ਿਕਰ ਹੈ। "ਲਲ ਐਂਡ ਈਡੀਅਟ" ਕਹਾਣੀ ਵਿੱਚ ਕਹਾਣੀ ਦਾ ਨਾਇਕ ਜਦੋਂ ਪੰਸਾਰੀ ਦੀ ਦੁਕਾਨ ਤੋਂ ਤੇਲ ਲੈਣ ਗਿਆ ਤਾਂ ਦੁਕਾਨਦਾਰ ਔਰਤ ਨੇ ਉਸ ਦੀ ਹਥੇਲੀ ਤੇ ਤੇਲ ਪਾ ਦਿੱਤਾ। ਉਸ ਦੀਆਂ ਉਂਗਲਾਂ ਵਿੱਚੋਂ ਤੇਲ ਡੁੱਲ੍ਹ ਗਿਆ ਤਾਂ ਔਰਤ ਕਹਿਣ ਲੱਗੀ, "ਇਹ ਚੰਗਾ ਸ਼ਗਨ ਹੈ। ਅੱਜ ਦਾ ਦਿਨ ਤੇਰੇ ਲਈ ਵਧੀਆ ਤੇ ਕਿਸਮਤ ਵਾਲਾ ਹੈ।" ਉਸ ਨੇ ਸੋਚਿਆ, "ਥੋੜ੍ਹੇ ਜਿਹੇ ਤੇਲ ਡੁੱਲ੍ਹਣ ਨਾਲ ਜੇ ਮੈਂ ਕਿਸਮਤ ਵਾਲਾ ਬਣ ਗਿਆ ਤੇ ਜੇਕਰ ਮੈਂ ਸਾਰਾ ਤੇਲ ਡੋਲ੍ਹ ਦੇਵਾਂ ਤਾਂ ਫਿਰ ਕੀ ਬਣੇਗਾ।"

ਉਸ ਨੇ ਸਾਰੇ ਦਾ ਸਾਰਾ ਤੇਲ ਡੋਲ੍ਹ ਦਿੱਤਾ। ਤੇਲ ਡੋਲ੍ਹਣਾ ਜਾਂ ਤੇਲ ਚੋਣਾ ਪੰਜਾਬੀ ਸਭਿਆਚਾਰ ਵਿੱਚ ਚੰਗਾ ਸ਼ਗਨ ਮੰਨਿਆ ਜਾਂਦਾ ਹੈ। ਆਮ ਕਰ ਕੇ ਕਿਸੇ ਖ਼ਾਸ ਜਾਂ ਵਿਸ਼ੇਸ਼ ਮਹਿਮਾਨ ਦੇ ਆਉਣ 'ਤੇ ਤੇਲ ਚੋਇਆ ਜਾਂਦਾ ਹੈ।

**ਅਲੌਕਿਕ ਪਾਤਰ:** ਆਦਿ ਕਾਲ ਤੋਂ ਹੀ ਮਨੁੱਖ ਅਜਿਹੀਆਂ ਸ਼ਕਤੀਆਂ ਵਿੱਚ ਯਕੀਨ ਕਰਦਾ ਆਇਆ ਹੈ ਜਿਹੜੀਆਂ ਇਸ ਸੰਸਾਰ ਦੀਆਂ ਨਹੀਂ ਸਗੋਂ ਅਦਭੁਤ ਤੇ ਅਨੋਖੀਆਂ ਸ਼ਕਤੀਆਂ ਹੁੰਦੀਆਂ ਹਨ। ਇਹ ਅਲੌਕਿਕ ਪਾਤਰ ਕਿਸੇ ਮਨੁੱਖ ਲਈ ਸਹਾਇਕ ਹੁੰਦੇ ਹਨ ਅਤੇ ਕਿਸੇ ਸਮੇਂ ਮਨੁੱਖ ਲਈ ਮੁਸ਼ਕਿਲਾਂ ਖੜੀਆਂ ਕਰਦੇ ਹਨ। ਭਾਰਤੀ ਤੇ ਯੂਨਾਨੀ ਪ੍ਰਾਚੀਨ ਸਾਹਿਤ ਅਜਿਹੇ ਅਲੌਕਿਕ ਪਾਤਰਾਂ ਨਾਲ ਭਰਿਆ ਪਿਆ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਜਿਥੇ ਕਥਾ ਦੀ ਗਤੀ ਰੁਕਦੀ ਹੈ, ਉਥੇ ਗਤੀ ਨੂੰ ਅੱਗੇ ਤੋਰਨ ਲਈ ਅਜਿਹੇ ਪਾਤਰਾਂ ਦੀ ਸਹਾਇਤਾ ਲੈ ਲਈ ਜਾਂਦੀ ਹੈ।

ਚਰਨਜੀਤ ਸਿੰਘ ਗੁਮਟਾਲਾ ਇਨ੍ਹਾਂ ਅਲੌਕਿਕ ਸ਼ਕਤੀਆਂ ਦੀ ਵਰਤੋਂ ਮੱਧਕਾਲੀਨ ਸਾਹਿਤ ਅਤੇ ਕਿੱਸਾਕਾਰਾਂ ਨੇ ਕਿਵੇਂ ਕੀਤੀ ਹੈ? ਇਸ ਬਾਰੇ ਲਿਖਦਾ ਹੈ ਕਿ "ਮੱਧਕਾਲੀਨ ਲੋਕ ਤਰਕਸ਼ੀਲ ਘੱਟ ਅਤੇ ਵਹਿਮੀ, ਧਰਮ ਤੋਂ ਡਰਨ ਵਾਲੇ, ਦੈਵੀ ਸ਼ਕਤੀਆਂ ਦੇ ਪ੍ਰਤੀ ਨਿਸ਼ਠਾਵਾਨ ਅਧਿਕ ਹੁੰਦੇ ਹਨ। ਸਰੋਤਿਆਂ ਅਤੇ ਪਾਠਕਾਂ ਦੀਆਂ ਇਨ੍ਹਾਂ ਰੁਚੀਆਂ ਦੀ ਤ੍ਰਿਪਤੀ ਕਿੱਸਾਕਾਰਾਂ ਨੂੰ ਕਰਨੀ ਪੈਂਦੀ ਸੀ। ਦੂਜਾ ਕਥਾ ਦੇ ਵਿਕਾਸ ਦਾ ਆਧਾਰ ਵਿਗਿਆਨਕ ਨਾ ਹੋਣ ਦੇ ਕਾਰਨ ਕਿਤੇ-ਕਿਤੇ ਕਥਾ ਦਾ ਵਿਕਾਸ ਰੁਕ ਜਾਂਦਾ ਸੀ। ਇਸ ਸਮੇਂ ਕਵੀ ਵੱਲੋਂ ਚਮਤਕਾਰੀ ਘਟਨਾ ਲਿਆ ਕੇ ਕਥਾ ਦਾ ਪ੍ਰਵਾਹ ਜਾਰੀ ਰੱਖਿਆ ਜਾਂਦਾ ਸੀ। ਤੀਜਾ, ਰੁਮਾਂਟਿਕ ਕਵੀ ਪ੍ਰਭਾਵਵਾਦੀ ਹੋਣ ਦੇ ਕਾਰਨ ਵਿਲੱਖਣ ਵਾਤਾਵਰਨ ਪੈਦਾ ਕਰਨ ਦਾ ਚਾਹਵਾਨ ਹੁੰਦਾ ਹੈ। ਇਸ ਕਾਰਜ ਸਿੱਧੀ ਲਈ ਕਵੀ ਵਚਿੱਤਰ ਘਟਨਾਵਾਂ ਤੇ ਗ਼ੈਰ-ਮਨੁੱਖੀ ਪਾਤਰਾਂ ਨੂੰ ਲਿਆਉਂਦਾ ਹੈ।"[37] ਸਵਿਨਰਟਨ ਵੱਲੋਂ ਇਕੱਤਰ ਇਨ੍ਹਾਂ ਕਹਾਣੀਆਂ ਵਿੱਚ ਹੇਠ ਲਿਖੇ ਅਲੌਕਿਕ ਪਾਤਰ ਮਿਲਦੇ ਹਨ-

**ਪੰਜ ਪੀਰ:** ਮੱਧਕਾਲੀਨ ਪੰਜਾਬੀ ਸਭਿਆਚਾਰ ਵਿੱਚ ਪੀਰਾਂ ਫ਼ਕੀਰਾਂ ਦੀਆਂ ਮੰਨਤਾਂ ਪੂਰੇ ਜ਼ੋਰਾਂ 'ਤੇ ਸਨ। ਇਨ੍ਹਾਂ ਪੀਰਾਂ ਕੋਲ ਲੋਕ ਆਪਣੀਆਂ ਸਥਾਨਕ ਤੇ ਵਿਅਕਤੀਗਤ ਸਮੱਸਿਆਵਾਂ ਲੈ ਕੇ ਜਾਂਦੇ ਸਨ ਅਤੇ ਇਨ੍ਹਾਂ ਵਲੋਂ ਉਨ੍ਹਾਂ ਦਾ ਕੋਈ ਨਾ ਕੋਈ ਸਮਾਧਾਨ ਕੀਤਾ ਜਾਂਦਾ ਸੀ। ਮੱਧਕਾਲ ਵਿੱਚ ਇਹ ਪੀਰ ਪਰਿਵਾਰਕ ਤੌਰ 'ਤੇ ਵੀ ਮੰਨੇ ਜਾਂਦੇ ਸਨ ਅਤੇ ਪਿੰਡ ਦੀ ਪੱਧਰ ਤੇ ਸਾਂਝੇ ਤੌਰ 'ਤੇ ਵੀ ਇਨ੍ਹਾਂ ਦੀ ਮੰਨਤਾ ਕੀਤੀ ਜਾਂਦੀ ਸੀ। ਸਵਿਨਰਟਨ ਵੱਲੋਂ ਦੱਸੀ ਹੀਰ ਰਾਂਝੇ ਦੀ ਕਹਾਣੀ ਵਿੱਚ ਵੀ ਇਸ ਦਾ ਜ਼ਿਕਰ ਮਿਲਦਾ ਹੈ। ਸਾਰੇ ਕਿੱਸੇ ਦਾ ਆਲੋਚਨਾਤਮਕ ਅਧਿਐਨ ਕਰੀਏ ਤਾਂ ਹੀਰ ਰਾਂਝੇ ਦੀ ਪ੍ਰੀਤ ਕਹਾਣੀ ਪੰਜਾਂ ਪੀਰਾਂ ਤੋਂ ਬਿਨਾਂ ਅੱਗੇ ਹੀ ਨਹੀਂ ਤੁਰਦੀ। ਇਹ ਪੰਜ ਪੀਰ ਜਗ੍ਹਾ-ਜਗ੍ਹਾ ਤੇ ਉਸ ਦੀ ਸਹਾਇਤਾ ਕਰਨ ਲਈ ਆ ਜਾਂਦੇ ਹਨ। ਸਵਿਨਰਟਨ ਵੱਲੋਂ ਦੱਸੀ ਕਹਾਣੀ ਵਿੱਚ ਜਦੋਂ ਰਾਂਝਾ ਝਨਾਂ ਨਦੀ 'ਤੇ ਗਿਆ ਤੇ ਉਸ ਨੂੰ ਪਾਰ ਕਰ ਕੇ ਇਕ ਬਾਗ਼ ਵਿੱਚ ਆਇਆ। ਉਹ ਲੇਟ ਗਿਆ ਤੇ ਆਪਣੇ ਪਿਛਲਿਆਂ ਨੂੰ ਯਾਦ ਕਰਨ ਲੱਗਾ ਅਤੇ ਹੁਣ ਉਹ ਕਿਸ ਹਾਲ ਵਿੱਚ ਹੈ ਇਸ ਬਾਰੇ ਸੋਚਣ ਲੱਗਾ। ਜਦੋਂ ਉਸ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਤਾਂ ਉਸ ਨੇ ਸਾਹਮਣੇ ਪੰਜਾਂ ਪੀਰਾਂ ਨੂੰ ਵੇਖਿਆ ਅਤੇ ਉਨ੍ਹਾਂ ਨੇ ਉਸ ਨਾਲ ਬੜੇ ਪਿਆਰ ਨਾਲ ਗੱਲ ਕੀਤੀ। ਇਨ੍ਹਾਂ ਪੰਜਾਂ ਪੀਰਾਂ ਬਾਰੇ ਸਵਿਨਰਟਨ ਫੁੱਟ ਨੋਟ ਵਿੱਚ ਦੱਸਦਾ ਹੈ ਕਿ "ਇਹ ਆਤਮਕ ਆਗੂ ਹਨ ਜਦੋਂ ਕੋਈ ਆਦਮੀ ਬਿਮਾਰ ਹੁੰਦਾ ਸੀ ਤਾਂ ਇਨ੍ਹਾਂ ਨੂੰ ਧਿਆਉਂਦਾ ਸੀ। ਇਹ ਪੰਜ ਪੀਰ ਮੁਹੰਮਦ ਦੇ ਚੇਲੇ ਹਨ।"[38]

ਜਦੋਂ ਪੰਜਾਂ ਪੀਰਾਂ ਨੇ ਰਾਂਝੇ ਕੋਲੋਂ ਦੁੱਧ ਮੰਗਿਆ ਤਾਂ ਰਾਂਝੇ ਨੇ ਕਿਹਾ, ਮੇਰੇ ਕੋਲ ਤਾਂ ਮੱਝ ਨਹੀਂ। ਉਹ ਤਾਂ ਤਖ਼ਤ ਹਜ਼ਾਰੇ ਰਹਿ ਗਈ ਤਾਂ ਉਨ੍ਹਾਂ ਕਿਹਾ ਅੱਖਾਂ ਬੰਦ ਕਰ ਕੇ ਆਪਣੀ ਮੱਝ ਨੂੰ ਬੁਲਾ ਤਾਂ ਉਹ ਹਾਜ਼ਰ ਹੋ ਗਈ। ਉਨ੍ਹਾਂ ਦੁੱਧ ਪੀ ਕੇ ਰਾਂਝੇ ਨੂੰ ਦੁਆ ਦਿੱਤੀ। ਇਸੇ ਕਿੱਸੇ ਵਿੱਚ ਹੀ ਪੰਜ ਪੀਰ ਰਾਂਝੇ ਨੂੰ ਹੀਰ ਸੌਂਪਣਾ ਵੀ ਕਰਦੇ ਹਨ। ਜਦੋਂ ਹੀਰ ਦਾ ਵਿਆਹ ਖੇੜਿਆਂ ਦੇ ਹੋਣ ਲੱਗਦਾ ਹੈ ਤਾਂ ਇਹੀ ਪੰਜ ਪੀਰ ਆ ਕੇ ਰਾਂਝੇ ਨੂੰ ਦੱਸਦੇ ਹਨ ਕਿ ਤੇਰੀ ਪਤਨੀ ਨੂੰ ਖੇੜੇ ਵਿਆਹ ਕੇ ਲਿਜਾ ਰਹੇ ਹਨ। ਪੀਰਾਂ ਦੀ ਹੀ ਬਖ਼ਸ਼ਿਸ਼ ਨਾਲ ਰਾਂਝਾ ਹੀਰ ਦੇ ਡੋਲੇ ਕੋਲ ਪਹੁੰਚ ਜਾਂਦਾ ਹੈ ਅਤੇ ਉਸ ਡੋਲੇ ਨੂੰ ਕੋਈ ਚੁੱਕ ਨਹੀਂ ਸਕਦਾ। ਇਹ ਪੰਜ ਪੀਰ ਹਮੇਸ਼ਾ ਰਾਂਝੇ ਦੇ ਨਾਲ-ਨਾਲ ਰਹਿੰਦੇ ਹਨ। ਇਹੀ ਪੰਜ ਪੀਰ ਇਸ ਕਹਾਣੀ ਦੇ ਅੰਤ ਤੇ ਫ਼ਰਿਸ਼ਤਿਆਂ ਨੂੰ ਸੱਦਦੇ ਹਨ ਕਿ, "ਜ਼ਮੀਨ 'ਤੇ ਆਉ ਤਾਂ ਫ਼ਰਿਸ਼ਤੇ ਆਉਂਦੇ ਹਨ ਅਤੇ ਰਾਂਝੇ ਤੇ ਹੀਰ ਦੀ ਪਾਲਕੀ ਨੂੰ ਚੁੱਕ ਕੇ ਮੱਕੇ ਲੈ ਜਾਂਦੇ ਹਨ।

ਇਸ ਤਰ੍ਹਾਂ ਇਨ੍ਹਾਂ ਪੰਜਾਂ ਪੀਰਾਂ ਨੂੰ ਕਰਾਮਾਤੀ, ਸ਼ਕਤੀਸ਼ਾਲੀ ਅਤੇ ਦਿਆਲੂ ਸ਼ਕਲ ਵਿੱਚ ਪੇਸ਼ ਕੀਤਾ ਗਿਆ ਹੈ। ਹੀਰ ਰਾਂਝੇ ਦੀ ਕਹਾਣੀ ਐਸੀ ਕਹਾਣੀ ਹੈ, ਜਿਸ ਵਿੱਚ ਬਿਨਾਂ ਪੀਰਾਂ ਦੇ ਕਹਾਣੀ ਅੱਗੇ ਤੁਰ ਹੀ ਨਹੀਂ ਸਕਦੀ ਅਤੇ ਇਹ ਪੰਜ ਪੀਰ ਕਹਾਣੀ ਦਾ ਅਟੁੱਟ ਅੰਗ ਹਨ। ਮਿਰਜ਼ਾ ਸਾਹਿਬਾਂ ਦੀ ਕਹਾਣੀ ਵਿੱਚ ਵੀ ਮਿਰਜ਼ਾ ਪੰਜ ਪੀਰਾਂ ਦੀ ਮਨੌਤ ਕਰਦਾ ਹੈ ਅਤੇ ਕਹਿੰਦਾ ਹੈ ਕਿ "ਜੇਕਰ ਮੈਂ ਸਾਹਿਬਾਂ ਨੂੰ ਕੱਢਣ ਵਿੱਚ ਕਾਮਯਾਬ ਹੋ ਗਿਆ ਤਾਂ ਮੈਂ ਇਥੇ (ਜੰਡ ਥੱਲੇ) ਇੰਤਜ਼ਾਰ ਕਰਾਂਗਾ ਅਤੇ ਆਰਾਮ ਵੀ ਕਰਾਂਗਾ।" [39] ਹੀਰ-ਰਾਂਝੇ ਦੇ ਕਿੱਸੇ ਵਿੱਚ ਵੀ ਹੀਰ ਨੂੰ ਸੁਪਨਾ ਆਉਂਦਾ ਹੈ ਕਿ, "ਪੰਜ ਪੀਰਾਂ ਨੇ ਮਿਲ ਕੇ ਉਸ ਦਾ ਵਿਆਹ ਰਾਂਝੇ ਨਾਲ ਕਰ ਦਿੱਤਾ ਹੈ।"[40]

ਫ਼ਰਿਸ਼ਤੇ: ਖ਼ੁਦਾ ਦੇ ਨੂਰ ਤੋਂ ਪੈਦਾ ਹੋਣ ਵਾਲੇ ਫ਼ਰਿਸ਼ਤੇ ਹੁੰਦੇ ਹਨ। ਇਹ ਉੱਡ ਸਕਦੇ ਹਨ, ਦੌੜ ਸਕਦੇ ਹਨ ਅਤੇ ਮਨੁੱਖਾਂ ਵਰਗਾ ਵਿਵਹਾਰ ਕਰਦੇ ਹਨ। ਇਨ੍ਹਾਂ ਨੂੰ ਸਵਰਗਦੂਤ ਵੀ ਕਿਹਾ ਜਾਂਦਾ ਹੈ। ਇਸਲਾਮ ਤੇ ਇਸਾਈ ਮਤ ਵਿੱਚ ਇਨ੍ਹਾਂ ਦਾ ਜ਼ਿਕਰ ਆਮ ਮਿਲਦਾ ਹੈ। "ਮਰੀਅਮ ਕੋਲ ਵੀ ਫ਼ਰਿਸ਼ਤਾ ਆਉਂਦਾ ਹੈ ਤੇ ਯਿਸੂ ਦੇ ਜਨਮ ਬਾਰੇ ਦੱਸਦਾ ਹੈ।"[41] "ਯੂਸਫ਼ ਕੋਲ ਵੀ ਫ਼ਰਿਸ਼ਤਾ ਆਉਂਦਾ ਹੈ ਤੇ ਉਸ ਨਾਲ ਵੀ ਗੱਲਾਂ ਕਰਦਾ ਹੈ।"[42] ਬਾਈਬਲ ਵਿਚ ਜਗ੍ਹਾ-ਜਗ੍ਹਾ ਇਨ੍ਹਾਂ ਫ਼ਰਿਸ਼ਤਿਆਂ ਦਾ ਆਉਣਾ ਤੇ ਮਨੁੱਖੀ ਵਿਹਾਰ ਕਰਨ ਬਾਰੇ ਚਰਚਾ ਕੀਤੀ ਮਿਲਦੀ ਹੈ। ਇਨ੍ਹਾਂ ਕੋਲ ਗ਼ੈਬੀ ਸ਼ਕਤੀ ਹੁੰਦੀ ਹੈ। ਜਿਸ ਨੂੰ ਲੌਕਿਕ ਪੱਧਰ 'ਤੇ ਪੇਸ਼ ਕੀਤਾ ਜਾਂਦਾ ਹੈ। ਹੀਰ-ਰਾਂਝੇ ਦੀ ਕਹਾਣੀ ਵਿੱਚ ਜਦੋਂ ਹੀਰ ਨੂੰ ਖੇੜੇ ਵਿਆਹੁਣ ਆਉਂਦੇ ਹਨ ਤਾਂ ਪੰਜ ਪੀਰ ਰਾਂਝੇ ਨੂੰ ਇਸ ਗੱਲ ਦੀ ਖ਼ਬਰ ਕਰ ਦਿੰਦੇ ਹਨ ਤਾਂ ਰਾਂਝਾ ਆ ਕੇ ਡੋਲੀ ਕੋਲ ਖਲੋ ਜਾਂਦਾ ਹੈ, ਜਿਸ ਨੂੰ ਕੋਈ ਚੁੱਕ ਨਹੀਂ ਸਕਦਾ। ਫਿਰ ਪੰਜ ਪੀਰ ਖ਼ੁਦਾ ਦੇ ਫ਼ਰਿਸ਼ਤਿਆਂ ਨੂੰ ਆਦੇਸ਼ ਕਰਦੇ ਹਨ ਤਾਂ ਉਹੀ ਹੀਰ ਤੇ ਰਾਂਝੇ ਨੂੰ ਡੋਲੀ ਵਿੱਚ ਬਿਠਾ ਕੇ ਮੱਕੇ ਲੈ ਜਾਂਦੇ ਹਨ।"[43]

**ਜ਼ਿਬਰਾਈਲ:** ਇਹ ਉਹ ਫ਼ਰਿਸ਼ਤਾ ਹੈ ਜਿਹੜਾ ਕਿ ਖ਼ੁਦਾ ਦਾ ਵਿਸ਼ੇਸ਼ ਪੈਗ਼ਾਮ ਲੈ ਕੇ ਉਸ ਦੇ ਬੰਦਿਆਂ ਕੋਲ ਜਾਂਦਾ ਹੈ। ਬਾਈਬਲ ਵਿੱਚ ਮਰੀਅਮ ਤੇ ਯੂਸਫ਼ ਕੋਲ ਇਹੀ ਫ਼ਰਿਸ਼ਤਾ ਆਇਆ ਸੀ ਅਤੇ ਆਉਣ ਵਾਲੇ ਬਾਲਕ (ਯਿਸੂ ਮਸੀਹ) ਦੇ ਜਨਮ ਬਾਰੇ ਉਸ ਨੇ ਸੂਚਨਾ ਦਿੱਤੀ ਸੀ। ਹੀਰ-ਰਾਂਝੇ ਦੀ ਕਹਾਣੀ ਵਿੱਚ ਜਦੋਂ ਹੀਰ ਨੂੰ ਉਸ ਦੇ ਮਾਤਾ-ਪਿਤਾ ਸੱਦ ਕੇ ਆਖਦੇ ਹਨ ਕਿ "ਤੂੰ ਖੇੜਿਆਂ ਦੇ ਵਿਆਹ ਕਰਵਾ ਲੈ' ਤਾਂ ਉਹ ਰਾਂਝੇ ਨਾਲ ਆਪਣੇ ਅਜ਼ਲੀ ਪਿਆਰ ਬਾਰੇ ਦੱਸਦੀ ਹੈ ਅਤੇ ਦੱਸਦੀ ਹੈ ਕਿ ਕਿਵੇਂ ਉਹ ਉਸ ਨੂੰ ਮਿਲਿਆ ਅਤੇ ਕਿਵੇਂ ਫ਼ਰਿਸ਼ਤਿਆਂ ਨੇ ਉਸ ਦੀ ਮੰਗਣੀ ਉਸ ਨਾਲ ਕੀਤੀ। ਉਸ ਸਮੇਂ ਹੀਰ ਇਹ ਵੀ ਦੱਸਦੀ ਹੈ ਕਿ ਉਸ ਸਮੇਂ ਉਥੇ ਉਥੇ

ਜ਼ਿਬਰਾਈਲ ਫ਼ਰਿਸ਼ਤਾ ਵੀ ਹਾਜ਼ਰ ਸੀ।

**ਖਵਾਜ਼ਾ ਪੀਰ:** ਖਵਾਜ਼ਾ ਖਿਜਰ ਮੁਸਲਮਾਨਾਂ ਦਾ ਇਕ ਪ੍ਰਸਿੱਧ ਪੈਗੰਬਰ ਹੈ ਜੋ ਹਜ਼ਰਤ ਮੂਸਾ ਦਾ ਸਮਕਾਲੀ ਦੱਸਿਆ ਗਿਆ ਹੈ। ਇਹ ਪਾਣੀਆਂ ਦਾ ਪੀਰ ਮੰਨਿਆ ਜਾਂਦਾ ਹੈ। ਮੁਸਲਮਾਨਾਂ ਦੇ ਅਕੀਦੇ ਅਨੁਸਾ ਆਬਿ-ਹਯਾਤ ਇਸ ਦੀ ਰਾਖੀ ਵਿੱਚ ਸੁਰੱਖਿਅਤ ਹੈ। ਕਹਿੰਦੇ ਹਨ ਕਿ ਇਸ ਨੇ ਆਬਿ-ਹਯਾਤ ਪੀਤਾ ਹੋਇਆ ਹੈ। ਇਸ ਕਾਰਨ ਇਹ ਅਮਰ ਰਹੇਗਾ। ਮਲਾਹ ਅਤੇ ਝਿਊਰ ਇਸ ਦੇ ਨਾਂ ਦਾ ਦੀਵਾ ਵੀ ਬਾਲਦੇ ਹਨ ਅਤੇ ਨਿਆਜ਼ਾਂ ਵੰਡਦੇ ਹਨ। "ਇਕ ਹੋਰ ਕਥਨ ਅਨੁਸਾਰ ਇਹ ਧਰਤੀ ਤੇ ਭੁੱਲੇ-ਭਟਕੇ ਜੀਵਾਂ ਦੀ ਅਗਵਾਈ ਵੀ ਕਰਦਾ ਹੈ।"[44]

ਪੁਸਤਕ "ਰੁਮਾਂਟਿਕ ਟੇਲਜ਼ ਫ਼ਰਾਮ ਦਾ ਪੰਜਾਬ" ਵਿੱਚ ਹੀਰ-ਰਾਂਝੇ ਦੀ ਕਹਾਣੀ ਵਿੱਚ ਜਦੋਂ ਹੀਰ ਦੇ ਮਾਤਾ-ਪਿਤਾ ਉਸ ਨੂੰ ਮਨਮਰਜ਼ੀ ਨਾ ਕਰਨ ਲਈ ਸਮਝਾਉਂਦੇ ਹਨ ਤਾਂ ਉਹ ਦੱਸਦੀ ਹੈ ਕਿ ਉਸ ਦਾ ਤਾਂ ਵਿਆਹ ਪਹਿਲਾਂ ਹੀ ਰਾਂਝੇ ਨਾਲ ਹੋ ਚੁੱਕਾ ਹੈ ਅਤੇ ਇਹ ਵੀ ਦੱਸਦੀ ਹੈ ਕਿ "ਇਹ ਸਾਰਾ ਕੁਝ ਕਿਸੇ ਗੁਪਤ ਸ਼ਕਤੀ ਨਾਲ ਹੋਇਆ ਹੈ। ਮੈਂ ਤਾਂ ਬੇਹੋਸ਼ ਹੋ ਕੇ ਡਿੱਗ ਗਈ ਸੀ ਪਰ ਖਵਾਜ਼ਾ ਪੀਰ ਨੇ ਮੇਰੀ ਮੰਗਣੀ ਰਾਂਝੇ ਨਾਲ ਨੇਪਰੇ ਚਾੜ੍ਹੀ ਸੀ।"[45]

**ਸੁਪਨੇ ਵਿੱਚ ਕਿਸੇ ਘਟਨਾ ਦੀ ਜਾਣਕਾਰੀ ਮਿਲਣਾ:** ਦੁਨੀਆਂ ਭਰ ਦੇ ਸਾਹਿਤ ਵਿੱਚ ਇਹ ਰੂੜ੍ਹੀ ਮਿਲਦੀ ਹੈ ਕਿ ਕਿਸੇ ਵਿਅਕਤੀ ਨੂੰ ਸੁਪਨਾ ਆਉਂਦਾ ਹੈ ਅਤੇ ਉਹ ਸੁਪਨੇ ਵਿੱਚ ਆਉਣ ਵਾਲੇ ਸਮੇਂ ਵਿੱਚ ਕੀ ਹੋਵੇਗਾ, ਇਸ ਗੱਲ ਦੀ ਅਗੇਤੀ ਹੀ ਖ਼ਬਰ ਪ੍ਰਾਪਤ ਕਰ ਲੈਂਦਾ ਹੈ। ਬਹੁਤੀ ਵਾਰੀ ਸੁਪਨਾ ਕਿਸੇ ਨੂੰ ਆਉਂਦਾ ਹੈ ਅਤੇ ਉਸ ਦਾ ਅਰਥ ਕੋਈ ਹੋਰ ਦੱਸ ਸਕਦਾ ਹੁੰਦਾ ਹੈ। ਯੂਸਫ਼ ਵੀ ਸੁਪਨਿਆਂ ਦੇ ਅਰਥ ਦੱਸਣ ਦੀ ਸ਼ਕਤੀ ਰੱਖਦਾ ਸੀ। ਬਹੁਤ ਸਾਰੇ ਲੋਕਾਂ ਨੂੰ ਸੁਪਨਿਆਂ ਵਿੱਚ ਤਰ੍ਹਾਂ-ਤਰ੍ਹਾਂ ਦੇ ਦਰਸ਼ਨ ਹੋ ਜਾਂਦੇ ਹਨ। ਇਸ ਪੁਸਤਕ ਦੀ ਕਹਾਣੀ 'ਹੀਰ-ਰਾਂਝੇ ਦੀ ਪਿਆਰ ਕਹਾਣੀ' ਵਿੱਚ ਦੱਸਿਆ ਗਿਆ ਹੈ ਕਿ "ਇਕ ਰਾਤ ਹੀਰ ਨੂੰ ਸੁਪਨਾ ਆਇਆ ਤੇ ਉਸ ਨੇ ਵੇਖਿਆ ਕਿ ਇਕ ਚਿੱਟੇ ਕੱਪੜਿਆਂ ਵਾਲਾ ਆਦਮੀ ਉਸ ਦੇ ਪਲੰਘ ਲਾਗੇ ਖੜਾ ਹੈ ਅਤੇ ਉਸ ਨੇ ਕਿਹਾ ਮੇਰੀ ਬੇਟੀ ਸੁਣ, ਪੰਜ ਪੀਰ ਇਕੱਠੇ ਹੋਏ ਅਤੇ ਉਨ੍ਹਾਂ ਨੇ ਤੇਰਾ ਵਿਆਹ ਰਾਂਝੇ ਨਾਲ ਕਰ ਦਿੱਤਾ ਹੈ। ਇਹ ਸੁਣ ਕੇ ਹੀਰ ਕੰਬ ਗਈ ਤੇ ਉੱਠ ਕੇ ਬੈਠ ਗਈ।"[46]

**ਸੰਖਿਆ ਰੂੜ੍ਹੀ:** ਸੰਖਿਆ ਜਾਂ ਗਿਣਤੀ ਦਾ ਸਾਡੇ ਜੀਵਨ ਵਿੱਚ ਬੜਾ ਮਹੱਤਵ ਰਿਹਾ ਹੈ। ਇਹ ਨਿਰਾ ਅੰਕ ਬੋਧ ਹੀ ਨਹੀਂ ਸਗੋਂ ਇਸ ਨਾਲ ਅਨੇਕਾਂ ਪ੍ਰਕਾਰ ਦੇ ਵਿਸ਼ਵਾਸ, ਸ਼ਗਨ, ਅਪਸ਼ਗਨ ਵੀ ਜੁੜੇ ਹੁੰਦੇ ਹਨ। ਕਈ ਵਾਰੀ ਕਈ ਸੰਖਿਆਵਾਂ ਖ਼ਾਸ ਅੰਕ, ਪਵਿੱਤਰ ਅੰਕ, ਕਿਸਮਤ ਵਾਲੇ ਅੰਕ ਵਜੋਂ ਸਾਡੇ ਵਜੂਦ ਨਾਲ ਹੀ ਜੁੜ ਜਾਂਦੇ ਹਨ। ਇਨ੍ਹਾਂ ਦਾ ਮਹੱਤਵ ਸਾਡੀ ਜ਼ਿੰਦਗੀ ਵਿੱਚ ਚੰਗਾ ਜਾਂ ਮਾੜਾ ਜੁੜ ਜਾਂਦਾ ਹੈ। ਉਪਰੋਕਤ ਅਧਿਐਨ ਹੇਠ ਆਈਆਂ ਕਹਾਣੀਆਂ ਵਿੱਚ ਬਹੁਤ ਸਾਰੇ ਅੰਕਾਂ ਦਾ ਜ਼ਿਕਰ ਆਇਆ ਹੈ। ਇਨ੍ਹਾਂ ਸੰਖਿਆਵਾਂ ਵਿੱਚ 12, 300, 8, 9, 7,, 360, 140, 12000 ਆਦਿ ਪ੍ਰਮੁੱਖ ਹਨ। ਪੰਜ ਦੀ ਸੰਖਿਆ ਬਾਰ-ਬਾਰ ਪੰਜਾਂ ਪੀਰਾਂ ਨੂੰ ਪੇਸ਼ ਕਰਨ ਲਈ ਵਰਤੀ ਗਈ ਹੈ। ਪੰਜ ਦਾ ਅੰਕ ਵੀ ਸ਼ੁਭ ਮੰਨਿਆ ਜਾਂਦਾ ਹੈ। ਪੰਜ ਪੀਰਾਂ, ਪੰਜਾਂ ਵਿੱਚ ਪ੍ਰਮੇਸ਼ਵਰ,ਪੰਜਾਂ ਤੱਤਾਂ ਦਾ ਪੁਤਲਾ, ਬਾਰਾਂ ਦੀ ਗਿਣਤੀ ਦਾ ਜ਼ਿਕਰ ਬਾਰ-ਬਾਰ ਹੋਇਆ ਹੈ। 12 ਸਾਲ ਰਾਂਝੇ ਦਾ ਮੱਝਾਂ ਚਾਰਨਾ, ਜਦੋਂ ਹੀਰ ਰਾਂਝੇ ਨੂੰ ਪਾਲੀ ਬਣਾ ਕੇ ਲਿਆਉਂਦੀ ਹੈ ਤਾਂ ਆਪਣੇ ਪਿਉ ਨੂੰ ਦੱਸਦੀ ਹੈ ਕਿ "ਇਸ ਨੂੰ ਇਕ ਚਾਦਰ ਤੇ ਕੰਬਲ ਦੇ ਦਿੱਤਾ ਹੈ। ਇਹ ਹੁਣ ਬਾਰਾਂ ਸਾਲ ਕੁਝ ਨਹੀਂ ਮੰਗੇਗਾ।"[47]

ਜਦੋਂ ਹੀਰ ਕੈਦੋ ਲੰਙੇ ਦਾ ਘਰ ਸਾੜਦੀ ਹੈ ਤਾਂ ਇਸੇ ਕਹਾਣੀ ਵਿੱਚ "ਉਸ ਦੇ 12 ਚੂਚੇ

ਵੀ ਸੜ ਜਾਂਦੇ ਹਨ।"[48] ਬਾਦਸ਼ਾਹ ਅਤੇ ਵਜ਼ੀਰ ਦੀ ਕਹਾਣੀ ਵਿੱਚ ਰਾਣੀ ਚਸ਼ਮਾ ਨੂੰ ਮਿਲਣ ਗਏ ਰਾਜਾ ਤੇ ਵਜ਼ੀਰ ਜਦੋਂ ਬਾਗ਼ ਵਿੱਚ ਠਹਿਰੇ ਤਾਂ ਮਾਲਣ ਨੇ ਰੋ ਕੇ ਕਿਹਾ, "ਮੈਂ ਤਾਂ ਬਾਰਾਂ ਵਜੇ ਰਾਜਕੁਮਾਰੀ ਲਈ ਤਿੰਨ ਸੌ ਇਕਾਠ ਫੁੱਲਾਂ ਦੇ ਗਜਰੇ ਬਣਾ ਕੇ ਲੈ ਕੇ ਜਾਂਦੀ ਹਾਂ। ਹੁਣ ਸ਼ਾਮ ਪੈ ਗਈ ਹੈ, ਮੈਂ ਹੁਣ ਕੀ ਕਰਾਂਗੀ।"[49]

'ਮਿਰਜ਼ਾ ਤੇ ਸਾਹਿਬਾਂ ਦੀ ਪਿਆਰ ਕਹਾਣੀ' ਵਿੱਚ ਸਾਹਿਬਾਂ ਬਾਰ੍ਹਾਂ ਸਾਲਾਂ ਤੱਕ ਪੜ੍ਹਨ ਜਾਂਦੀ ਹੈ। ਸਾਹਿਬਾਂ ਦੀ ਮਾਂ ਵੀ ਇਸ ਗੱਲ ਦਾ ਜ਼ਿਕਰ ਕਰਦੀ ਹੈ ਕਿ ਉਹ ਬਾਰ੍ਹਾਂ ਸਾਲ ਤੱਕ ਮੁੱਲਾਂ ਕੋਲ ਪੜ੍ਹਨ ਜਾਂਦੀ ਰਹੀ ਹੈ। ਇਸੇ ਗੱਲ ਬਾਰੇ ਮੁੱਲਾਂ ਵੀ ਸਾਹਿਬਾਂ ਨੂੰ ਆਖਦਾ ਹੈ ਕਿ ਉਸ ਨੇ ਉਸ ਨੂੰ ਬਾਰ੍ਹਾਂ ਸਾਲ ਤੱਕ ਸਿੱਖਿਆ ਦਿੱਤੀ ਹੈ। ਬਾਰ੍ਹਾਂ ਲੰਮੇ ਸਾਲਾਂ ਦਾ ਵੀ ਜ਼ਿਕਰ ਹੈ। ਬਾਰ੍ਹਾਂ ਦੀ ਸੰਖਿਆ ਸੰਪੂਰਨਤਾ ਦਾ ਚਿੰਨ੍ਹ ਮੰਨੀ ਗਈ ਹੈ। 'ਮਿਰਜ਼ਾ ਸਾਹਿਬਾਂ ਦੀ ਪ੍ਰੇਮ ਕਹਾਣੀ' ਵਿੱਚ ਇਸ ਬਾਰੇ ਜ਼ਿਕਰ ਹੈ ਕਿ "ਇਕ ਸਾਲ ਦੀ ਸਾਹਿਬਾਂ ਨੇ ਮਾਂ ਦਾ ਦੁੱਧ ਪੀਤਾ, ਦੋ ਸਾਲ ਦੀ ਨੇ ਵਧੀਆ ਕੱਪੜੇ ਪਾਏ, ਚਾਰ ਸਾਲ ਦੀ ਨੇ ਚੂੜੀਆਂ ਪਾਈਆਂ, ਛੇ ਸਾਲ ਦੀ ਹੋ ਕੇ ਆਪਣੀਆਂ ਸਹੇਲੀਆਂ ਨਾਲ ਖੇਡਣ ਲੱਗੀ, ਅੱਠਾਂ ਸਾਲਾਂ ਦੀ ਨੇ ਪੱਬਾਂ ਭਾਰ ਚੱਲਣਾ ਸ਼ੁਰੂ ਕੀਤਾ, ਦਸ ਸਾਲ ਦੀ ਹੋ ਕੇ ਮੁਸ਼ਕਲ ਰਾਹਾਂ ਤੇ ਤੁਰੀ, ਗਿਆਰਾਂ ਸਾਲ ਦੀ ਤਾਕਤਵਰ ਹੋਈ ਜਿਵੇਂ ਮੱਝ ਪਹਾੜਾਂ 'ਤੇ ਚੜ੍ਹਦੀ ਹੈ, ਬਾਰ੍ਹਾਂ ਸਾਲਾਂ ਵਿੱਚ ਉਹ ਸੰਪੂਰਨ ਔਰਤ ਬਣ ਗਈ।"[50] ਇਸੇ ਤਰ੍ਹਾਂ ਤਿੰਨ ਸੌ ਸੱਠ ਸਹੇਲੀਆਂ, ਤਿੰਨ ਸੌ ਸੱਠ ਕੁੜੀਆਂ ਦਾ ਜ਼ਿਕਰ ਵੀ ਮਿਲਦਾ ਹੈ। ਰਾਂਝੇ ਨੂੰ 300 ਮੱਝਾਂ ਚਾਰਨ ਨੂੰ ਦਿੱਤੀਆਂ ਗਈਆਂ। ਮਿਰਜ਼ੇ ਕੋਲ 140 ਤੀਰ ਸਨ। ਇਸ ਤਰ੍ਹਾਂ ਵੱਖ-ਵੱਖ ਅੰਕਾਂ ਦੀ ਹਰੇਕ ਵਿਅਕਤੀ ਦੀ ਜ਼ਿੰਦਗੀ ਵਿੱਚ ਵਿਸ਼ੇਸ਼ ਮਹੱਤਤਾ ਹੁੰਦੀ ਹੈ।

**ਚਮਤਕਾਰੀ ਕਥਾਨਕ ਰੂੜ੍ਹੀਆਂ:** ਆਦਿ ਕਾਲ ਤੋਂ ਹੀ ਮਨੁੱਖ ਦਾ ਵਾਹ ਅਜਿਹੀਆਂ ਸ਼ਕਤੀਆਂ ਨਾਲ ਪੈਂਦਾ ਰਿਹਾ ਜਿਹੜੀਆਂ ਉਸ ਲਈ ਰਹੱਸ ਬਣੀਆਂ ਰਹੀਆਂ। ਜਦੋਂ ਉਹ ਉਨ੍ਹਾਂ ਨੂੰ ਸਮਝਣ ਤੋਂ ਅਸਮਰੱਥ ਰਿਹਾ ਤਾਂ ਉਨ੍ਹਾਂ ਪ੍ਰਤੀ ਉਸ ਨੇ ਕਈ ਪ੍ਰਕਾਰ ਦੀਆਂ ਧਾਰਨਾਵਾਂ ਬਣਾ ਲਈਆਂ। ਉਨ੍ਹਾਂ ਵਿੱਚ ਡਰ ਤੇ ਵਿਸ਼ਵਾਸ ਦੋਵੇਂ ਪੈਦਾ ਹੋ ਗਏ। ਇਨ੍ਹਾਂ ਚਮਤਕਾਰਾਂ ਦਾ ਸੰਬੰਧ ਕਿਸੇ ਤਰਕ ਜਾਂ ਦਲੀਲ ਨਾਲ ਨਹੀਂ, ਕੇਵਲ ਵਿਸ਼ਵਾਸ ਉਤੇ ਅਧਾਰਿਤ ਹੈ। ਈਸਾਈ ਧਰਮ ਦੀ ਧਾਰਮਿਕ ਪੁਸਤਕ ਬਾਈਬਲ ਵਿੱਚ ਅਨੇਕਾਂ ਚਮਤਕਾਰ ਮੌਜੂਦ ਹਨ। ਇਸਲਾਮ ਵਿੱਚ ਵੀ ਚਮਤਕਾਰ ਮਿਲਦੇ ਹਨ। ਸਥਾਨਕ ਦੇਵੀ-ਦੇਵਤਿਆਂ, ਪੀਰਾਂ-ਫ਼ਕੀਰਾਂ ਨਾਲ ਅਨੇਕਾਂ ਕਰਾਮਾਤਾਂ ਜੋੜੀਆਂ ਜਾਂਦੀਆਂ ਹਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਇਨ੍ਹਾਂ ਗੱਲਾਂ ਨੂੰ ਪਾਖੰਡ ਤੇ ਆਡੰਬਰ ਕਹਿ ਕੇ ਨਿੰਦਦੇ ਰਹੇ ਪਰ ਉਨ੍ਹਾਂ ਦੇ ਪੈਰੋਕਾਰਾਂ ਨੇ ਉਨ੍ਹਾਂ ਦੇ ਜੀਵਨ ਨਾਲ ਵੀ ਅਨੇਕਾਂ ਚਮਤਕਾਰੀ ਘਟਨਾਵਾਂ ਜਨਮ ਸਾਖੀਆਂ ਵਿੱਚ ਪੇਸ਼ ਕਰ ਦਿੱਤੀਆਂ।

ਸਵਿਨਰਟਨ ਵੱਲੋਂ ਇਕੱਤਰ ਇਨ੍ਹਾਂ ਕਹਾਣੀਆਂ ਦਾ ਅਧਿਐਨ ਕਰ ਕੇ ਅਜਿਹੀਆਂ ਅਨੇਕਾਂ ਰੂੜ੍ਹੀਆਂ ਨੂੰ ਵੇਖਿਆ ਜਾ ਸਕਦਾ ਹੈ ਜਿਹੜੀਆਂ ਕਿ ਚਮਤਕਾਰੀ ਕਥਾਨਕ ਰੂੜ੍ਹੀਆਂ ਦੇ ਅੰਤਰਗਤ ਆਉਂਦੀਆਂ ਹਨ।

1. **ਅਲੌਕਿਕ ਜਨਮ:** ਸਾਡੇ ਮੱਧਕਾਲੀਨ ਸਾਹਿਤ ਵਿੱਚ ਬਹੁਤ ਸਾਰੀਆਂ ਅਸਾਧਾਰਨ ਸ਼ਖ਼ਸੀਅਤਾਂ ਦਾ ਅਸਾਧਾਰਣ ਜਨਮ ਹੋਇਆ ਦੱਸਿਆ ਗਿਆ ਹੈ। ਜਿਵੇਂ ਯਿਸੂ ਮਸੀਹ ਦਾ ਜਨਮ ਕੁਆਰੀ ਦੇ ਪੇਟੋਂ ਹੋਇਆ। ਸੀਤਾ ਰਾਜਾ ਜਨਕ ਨੂੰ ਇਕ ਘੜੇ ਵਿੱਚੋਂ ਮਿਲਦੀ ਹੈ। ਲੋਕ-ਸਾਹਿਤ ਵਿੱਚ ਪਿੱਛੇ ਕਹਾਣੀਆਂ ਦੇ ਅਧਿਐਨ ਵਿੱਚ ਵੇਖਿਆ ਗਿਆ ਹੈ ਕਿ ਕਿਵੇਂ ਰਾਜੇ-ਮਹਾਰਾਜੇ ਪੁੱਤਰ ਪ੍ਰਾਪਤੀ ਜਾਂ ਸੰਤਾਨ ਲਈ ਵਿਆਕੁਲ ਰਹਿੰਦੇ ਸਨ ਤਾਂ ਕਿਸੇ ਜੋਗੀ, ਫ਼ਕੀਰ,

ਪੀਰ ਕੋਲੋਂ ਵਰ ਮਿਲਣ ਉਪਰੰਤ ਉਨ੍ਹਾਂ ਦੇ ਔਲਾਦ ਪੈਦਾ ਹੁੰਦੀ ਸੀ। ਸਵਿਨਰਟਨ ਦੀਆਂ ਇਕੱਤਰ ਇਨ੍ਹਾਂ ਕਹਾਣੀਆਂ ਵਿੱਚ 'ਵਿਆਹਿਆ ਜੋੜਾ ਦੇ ਸੱਪ' ਦੀ ਕਹਾਣੀ ਵਿੱਚ ਜਦੋਂ ਸੱਪ ਵਿਆਹ ਵਾਲੇ ਮੁੰਡੇ ਕੋਲੋਂ ਵਚਨ ਲੈ ਲੈਂਦਾ ਹੈ ਕਿ, "ਤੂੰ ਆਪਣੇ ਸਹੁਰੇ ਘਰੋਂ ਹੋ ਕੇ ਆ ਜਾ, ਫਿਰ ਮੈਂ ਤੈਨੂੰ ਖਾ ਜਾਵਾਂਗਾ" ਤਾਂ ਵਾਪਸੀ ਤੇ ਉਸ ਦੀ ਪਤਨੀ ਸੱਪ ਨੂੰ ਪਤੀ ਦੀ ਜ਼ਿੰਦਗੀ ਬਖ਼ਸ਼ ਦੇਣ ਦਾ ਤਰਲਾ ਮਾਰਦੀ ਹੈ ਪਰ ਉਹ ਮੰਨਦਾ ਨਹੀਂ। ਜਦੋਂ ਉਹ ਆਖਦੀ ਹੈ ਕਿ, "ਜੇਕਰ ਇਹ ਮਰ ਗਿਆ ਤਾਂ ਮੇਰਾ ਕੀ ਬਣੇਗਾ" ਤਾਂ ਉਹ ਆਪਣੀ ਖੁੱਡ ਵਿੱਚ ਗਿਆ ਤੇ ਦੋ ਗੋਲੀਆਂ ਲਿਆਇਆ। ਇਹ ਗੋਲੀਆਂ ਉਸ ਨੇ ਉਸ ਔਰਤ ਨੂੰ ਦਿੱਤੀਆਂ ਅਤੇ ਕਿਹਾ ਕਿ, "ਇਨ੍ਹਾਂ ਨੂੰ ਚੂਸ ਲਵੀਂ ਤੇ ਤੇਰੇ ਦੋ ਪੁੱਤਰ ਪੈਦਾ ਹੋਣਗੇ ਜਿਹੜੇ ਬੜੇ ਆਗਿਆਕਾਰੀ ਹੋਣਗੇ।"[51]

**ਰੂਪ ਪਰਿਵਤਨ:** ਰੂਪ ਪਰਿਵਤਨ ਦੀ ਕਥਾਨਕ ਰੂੜ੍ਹੀ ਅਜਿਹੀ ਹੈ, ਜਿਹੜੀ ਕਿ ਦੁਨੀਆਂ ਦੇ ਹਰ ਸਾਹਿਤ ਵਿਚ ਮਿਲਦੀ ਹੈ। ਕਥਾਕਾਰ ਵੱਲੋਂ ਵੀ ਆਪਣੀ ਕਥਾ ਨੂੰ ਅੱਗੇ ਤੋਰਨ ਲਈ ਪਾਤਰਾਂ ਦਾ ਰੂਪ ਪਰਿਵਰਤਤ ਕਰ ਦਿੱਤਾ ਜਾਂਦਾ ਹੈ। ਇਹ ਕਿਸੇ ਚੀਜ਼ ਨਾਲ ਵੀ ਹੋ ਸਕਦਾ ਹੈ ਤੇ ਕਿਸੇ ਸ਼ਕਤੀ ਨਾਲ ਵੀ। ਇਨ੍ਹਾਂ ਕਹਾਣੀਆਂ ਵਿੱਚ ਵੀ ਅਜਿਹੀ ਉਦਾਹਰਣ ਇਕ ਕਹਾਣੀ 'ਤੋਤਾ ਰਾਜਾ ਤੇ ਜ਼ਿੰਦਗੀ ਦਾ ਰੁੱਖ' ਵਿੱਚ ਮਿਲਦੀ ਹੈ। ਇਥੇ ਤੋਤਾ ਚਮਤਕਾਰੀ ਸੇਬ ਲੈ ਕੇ ਆਉਂਦਾ ਹੈ ਅਤੇ ਇਕ ਸੇਬ ਖਾਣ ਨਾਲ ਤਾਂ ਕੁੱਤਾ ਮਰ ਜਾਂਦਾ ਹੈ ਪਰ ਦੂਸਰਾ ਜਦੋਂ ਰਾਜੇ ਦਾ ਨੌਕਰ ਤੇ ਨੌਕਰਾਣੀ ਖਾ ਲੈਂਦੇ ਹਨ ਤਾਂ ਉਹ ਬੁੱਢੇ ਤੋਂ ਜੁਆਨ ਹੋ ਜਾਂਦੇ ਹਨ। ਇਸ ਤੋਂ ਬਾਅਦ ਹੋਰ ਵੀ ਲੋਕ ਉਸ ਫ਼ਲ ਨੂੰ ਖਾ ਕੇ ਜੁਆਨ ਹੋ ਜਾਂਦੇ ਹਨ।

**ਦੂਸਰੇ ਦੇ ਸਰੀਰ ਵਿਚ ਪ੍ਰਵੇਸ਼ ਕਰਨਾ :** ਇਸ ਰੂੜ੍ਹੀ ਅਨੁਸਾਰ ਕੋਈ ਵਿਅਕਤੀ ਜਾਂ ਕੋਈ ਦੂਸਰੀ ਆਤਮਾ ਆਪਣਾ ਸਰੀਰ ਛੱਡ ਕੇ ਦੂਸਰੇ ਦੇ ਸਰੀਰ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਇਹ ਕਿਸੇ ਵੇਲੇ ਕਿਸੇ ਕਹਾਣੀ ਦਾ ਮੁੱਖ ਵਿਸ਼ਾ ਵੀ ਹੁੰਦਾ ਹੈ ਅਤੇ ਕਿਸੇ ਵੇਲੇ ਸਹਾਇਕ ਵਿਸ਼ਾ ਜਾਂ ਕਹਾਣੀ ਨੂੰ ਅੱਗੇ ਤੋਰਨ ਦੀ ਇਕ ਸਰਲ ਵਿਧਾ। ਬਾਈਬਲ ਦੀਆਂ ਅਨੇਕਾਂ ਕਹਾਣੀਆਂ ਵਿੱਚ ਦੁਸ਼ਟ ਆਤਮਾਵਾਂ ਦਾ ਕਿਸੇ ਸਾਧਾਰਨ ਵਿਅਕਤੀ ਵਿੱਚ ਪ੍ਰਵੇਸ਼ ਕਰ ਜਾਣ ਬਾਰੇ ਕਹਾਣੀਆਂ ਮਿਲਦੀਆਂ ਹਨ। ਇਸ ਸੰਗ੍ਰਹਿ ਵਿੱਚ ਵੀ ਸਾਨੂੰ ਇਸ ਦੀਆਂ ਉਦਾਹਰਣਾਂ ਮਿਲਦੀਆਂ ਹਨ। "ਫ਼ਜ਼ਲ ਨੂਰ ਅਤੇ ਦਿਉ" ਦੀ ਕਹਾਣੀ ਵਿੱਚ ਦਿਉ ਆਪਣਾ ਰੂਪ ਬਦਲ ਕੇ ਪਹਿਲਾ ਮਨੁੱਖ ਬਣਦਾ ਹੈ ਅਤੇ ਫਿਰ ਰੂਪ ਪਰਿਵਰਤਨ ਕਰ ਕੇ ਆਪਣੀ ਪਤਨੀ ਫ਼ਜ਼ਲ ਨੂਰ ਕੋਲੋਂ ਡਰਦਾ ਹੋਇਆ ਰਾਜੇ ਦੀ ਪੁੱਤਰੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਪਰ ਮੁਹੰਮਦ ਬਖ਼ਸ਼ ਉਸ ਨੂੰ ਉਥੋਂ ਬਾਹਰ ਕੱਢ ਕੇ ਰਾਜੇ ਦੀ ਬੇਟੀ ਨਾਲ ਵਿਆਹ ਕਰਵਾ ਲੈਂਦਾ ਹੈ ਅਤੇ ਦਿਉ ਫਿਰ ਵਜ਼ੀਰ ਦੀ ਬੇਟੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਮੁਹੰਮਦ ਬਖ਼ਸ਼ ਉਸ ਨੂੰ ਉਥੋਂ ਵੀ ਕੱਢ ਕੇ ਉਸ ਲੜਕੀ ਨੂੰ ਆਜ਼ਾਦ ਕਰਵਾਉਂਦਾ ਹੈ।

**ਮ੍ਰਿਤਕ ਨੂੰ ਜ਼ਿੰਦਾ ਕਰਨਾ:** ਇਹ ਰੂੜ੍ਹੀ ਵੀ ਅੰਤਰਰਾਸ਼ਟਰੀ ਪੱਧਰ ਦੀ ਹੈ, ਜਿਸ ਵਿੱਚ ਕੋਈ ਅਲੌਕਿਕ ਸ਼ਕਤੀ ਜਾਂ ਕੋਈ ਪਹੁੰਚਿਆ ਹੋਇਆ ਪੀਰ ਫ਼ਕੀਰ ਆਪਣੀ ਕਰਾਮਾਤ ਨਾਲ ਕਿਸੇ ਮਰੇ ਵਿਅਕਤੀ ਵਿੱਚ ਮੁੜ ਪ੍ਰਾਣ ਫੂਕ ਦਿੰਦਾ ਹੈ। ਮਰਨ ਦਾ ਦੁੱਖ ਹਰ ਵਿਅਕਤੀ ਨੂੰ ਹੁੰਦਾ ਹੈ ਅਤੇ ਉਹ ਆਪਣੇ ਕਿਸੇ ਨਜ਼ਦੀਕੀ ਜਾਂ ਸਕੇ ਸੰਬੰਧੀ ਦੇ ਨਾ ਮਰਨ ਦੀਆਂ ਅਰਦਾਸਾਂ, ਦੁਆਵਾਂ ਵੀ ਕਰਦਾ ਹੈ ਤੇ ਆਸ ਵੀ ਕਰਦਾ ਹੈ ਕਿ ਮਰੇ ਸੰਬੰਧੀ ਨੂੰ ਕੋਈ ਵਿਅਕਤੀ, ਸ਼ਕਤੀ ਜਾਂ ਕੋਈ ਚੀਜ਼ ਮੁੜ ਜ਼ਿੰਦਾ ਕਰ ਦੇਵੇ। ਲੋਕ-ਕਥਾਵਾਂ ਵਿੱਚ ਇਸ ਪ੍ਰਕਾਰ ਦੀ ਮੌਤ ਨੂੰ ਆਰਜ਼ੀ ਮੌਤ ਕਿਹਾ ਜਾਂਦਾ ਹੈ, ਜੋ ਆਮ ਵੇਖਣ ਨੂੰ ਕਿਸੇ ਪੀਰ ਫ਼ਕੀਰ ਵੱਲੋਂ ਮਰੇ ਬੰਦੇ ਦੀਆਂ ਅਸਥੀਆਂ

ਇਕੱਠੀਆਂ ਕਰ ਕੇ ਮੁੜ ਜ਼ਿੰਦਾ ਵੀ ਕਰ ਦਿੱਤਾ ਜਾਂਦਾ ਹੈ। ਇਸ ਬਾਰੇ ਪਿਛਲੇ ਅਧਿਆਇ ਵਿੱਚ ਵੀ ਜ਼ਿਕਰ ਆਇਆ ਹੈ। ਇਸ ਸੰਗ੍ਰਹਿ ਵਿੱਚ ਵੀ ਅਜਿਹੀ ਉਦਾਹਰਣ "ਰਾਜਕੁਮਾਰ ਅਤੇ ਉਸ ਦਾ ਵਜ਼ੀਰ" ਵਿੱਚ ਮਿਲਦੀ ਹੈ। ਜਦੋਂ ਇਕ ਆਦਮੀ ਦੀ ਪਤਨੀ ਮਰ ਜਾਂਦੀ ਹੈ ਤਾਂ ਉਸ ਦੇ ਵਿਯੋਗ ਵਿੱਚ ਉਹ ਉਸ ਦੀ ਕਬਰ ਨਜ਼ਦੀਕ ਸਮਾਧੀ ਲਾ ਕੇ ਬੈਠ ਜਾਂਦਾ ਹੈ। ਉਧਰੋਂ ਇਕ ਫ਼ਕੀਰ ਆਉਂਦਾ ਹੈ ਤੇ ਆਖਦਾ ਹੈ ਕਿ, "ਤੂੰ ਇਸ ਤਰ੍ਹਾਂ ਕਿਉਂ ਬੈਠਾ ਹੈਂ।"ਜਦੋਂ ਉਹ ਸਾਰੀ ਗੱਲ ਦੱਸਦਾ ਹੈ ਤਾਂ ਫ਼ਕੀਰ ਕਹਿੰਦਾ ਹੈ ਕਿ, "ਤੇਰੀ ਪਤਨੀ ਵਾਪਿਸ ਆ ਸਕਦੀ ਹੈ ਪਰ ਇਸ ਲਈ ਇਕ ਸ਼ਰਤ ਹੈ ਕਿ ਤੂੰ ਆਪਣੀ ਰਹਿੰਦੀ ਜ਼ਿੰਦਗੀ ਦਾ ਅੱਧਾ ਹਿੱਸਾ ਉਸ ਨੂੰ ਦੇ ਦੇਵੇਂਗਾ।' ਜਦੋਂ ਉਹ ਮੰਨ ਜਾਂਦਾ ਹੈ ਤਾਂ ਫ਼ਕੀਰ ਉਸ ਦੀ ਮਰੀ ਪਤਨੀ ਨੂੰ ਜ਼ਿੰਦਾ ਕਰ ਦਿੰਦਾ ਹੈ।

**ਪਸ਼ੂ-ਪੰਛੀਆਂ ਦਾ ਮਨੁੱਖੀ ਵਰਤਾਉ:** ਪ੍ਰਕਿਰਤੀ ਨਾਲ ਨੇੜਤਾ ਹੋਣ ਕਾਰਨ ਪਸ਼ੂ-ਪੰਛੀਆਂ ਦਾ ਮਨੁੱਖ ਦੇ ਜੀਵਨ ਵਿੱਚ ਅਹਿਮ ਸਥਾਨ ਰਿਹਾ ਹੈ। ਕੁਝ ਪਸ਼ੂ ਜਾਂ ਪੰਛੀ ਉਸ ਦੇ ਜੀਵਨ ਵਿੱਚ ਉਸਦੇ ਸਹਾਇਕ ਹਨ, ਜਿਨ੍ਹਾਂ ਨੂੰ ਉਹ ਪਾਲਤੂ ਵੀ ਬਣਾਉਂਦਾ ਹੈ ਜਿਵੇਂ ਮੱਝ, ਗਾਂ, ਬਲਦ, ਬੱਕਰੀ, ਭੇਡ, ਸੂਰ ਅਤੇ ਪੰਛੀ ਤੋਤਾ, ਮੈਨਾ, ਕਬੂਤਰ ਚਿੜੀਆਂ ਆਦਿ। ਇਹ ਅੱਜ ਜਿੱਥੇ ਇਸ ਦਾ ਮਨ-ਪ੍ਰਚਾਵਾ ਕਰਦੇ ਹਨ, ਉਥੇ ਉਸ ਦੀ ਆਰਥਿਕਤਾ ਵਿੱਚ ਵੀ ਉਸ ਦੇ ਸਹਾਇਕ ਹਨ। ਜ਼ਿਆਦਾ ਤਾਕਤਵਰ ਜਾਨਵਰਾਂ ਤੋਂ ਉਸ ਦਾ ਡਰਨਾ ਸੁਭਾਵਿਕ ਹੈ। ਸਾਡੇ ਸਾਹਿਤ ਵਿੱਚ ਅਨੇਕਾਂ ਪਸ਼ੂ-ਪੰਛੀਆਂ ਜਾਂ ਜਾਨਵਰਾਂ ਦਾ ਜ਼ਿਕਰ ਆਉਂਦਾ ਹੈ, ਜਿਹੜੇ ਮਨੁੱਖਾਂ ਵਰਗਾ ਵਿਵਹਾਰ ਕਰਦੇ ਹਨ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਵੀ ਸਾਨੂੰ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਜਿਵੇਂ "ਮਿੱਤਰ ਚੂਹਾ" ਕਹਾਣੀ ਵਿੱਚ ਚੂਹਾ ਇਕ ਊਠ ਨੂੰ ਮਿਲਦਾ ਹੈ ਅਤੇ ਆਖਦਾ ਹੈ, "ਊਠ-ਊਠ ਤੂੰ ਕਿਸੇ ਨੂੰ ਮਿੱਤਰ ਤਾਂ ਬਣਾਉਣਾ ਹੀ ਹੈ, ਮੈਨੂੰ ਆਪਣਾ ਮਿੱਤਰ ਬਣਾ ਲੈ।" 52 ਇਸੇ ਕਹਾਣੀ ਵਿੱਚ ਰਾਜਾ ਵੀ ਊਠ ਨਾਲ ਗੱਲਾਂ ਕਰਦਾ ਹੈ ਅਤੇ ਚੂਹਾ ਵੀ ਰਾਜੇ ਨਾਲ ਗੱਲਾਂ ਕਰਦਾ ਦੱਸਿਆ ਗਿਆ ਹੈ। ਇਥੋਂ ਤੱਕ ਕਿ ਜਦੋਂ ਰਾਜਾ ਚੂਹੇ ਦੀ ਗੱਲ ਨਹੀਂ ਮੰਨਦਾ ਤਾਂ ਚੂਹਾ ਉਸ ਨਾਲ ਲੜਾਈ ਵੀ ਕਰਦਾ ਹੈ। ਇਕ ਹੋਰ ਕਹਾਣੀ "ਵਿਆਹਿਆ ਜੋੜਾ ਅਤੇ ਸੱਪ" ਵਿੱਚ ਜਦੋਂ ਇਕ ਮੁੰਡਾ ਸੱਪ ਦੀ ਜਾਨ ਬਚਾਉਂਦਾ ਹੈ ਤਾਂ ਸੱਪ ਇਸ ਦੇ ਬਦਲੇ ਵਿੱਚ ਉਸ ਨੂੰ ਖਾ ਜਾਣ ਦੀ ਗੱਲ ਕਰਦਾ ਹੈ। ਲੜਕਾ ਉਸ ਨਾਲ ਬਹਿਸ ਕਰਦਾ ਹੈ ਪਰ ਸੱਪ ਮੰਨਦਾ ਨਹੀਂ। ਲੜਕਾ ਉਸ ਕੋਲੋਂ ਅੱਠਾਂ ਦਿਨਾਂ ਦੀ ਮੋਹਲਤ ਲੈ ਲੈਂਦਾ ਹੈ ਅਤੇ ਕਹਿੰਦਾ ਹੈ ਕਿ, "ਉਸ ਤੋਂ ਬਾਅਦ ਤੂੰ ਮੈ ਨੂੰ ਖਾ ਸਕਦਾ ਹੈਂ।" ਜਦੋਂ ਅੱਠ ਦਿਨਾਂ ਬਾਅਦ ਉਹ ਆਪਣੀ ਪਤਨੀ ਨਾਲ ਆਉਂਦਾ ਹੈ ਤਾਂ ਉਸਦੀ ਪਤਨੀ ਸੱਪ ਨਾਲ ਗੱਲਾਂ ਕਰਦੀ ਆਪਣੇ ਪਤੀ ਨੂੰ ਨਾ ਖਾਣ ਬਾਰੇ ਬੇਨਤੀ ਕਰਦੀ ਹੈ। ਇਸੇ ਕਹਾਣੀ ਵਿੱਚ ਉਹ ਲੜਕੀ ਟਾਹਲੀ ਦੇ ਰੁੱਖ ਨਾਲ ਗੱਲਾਂ ਕਰਦੀ ਵੀ ਵਿਖਾਈ ਗਈ ਹੈ। ਅੰਤ ਉੱਤੇ ਉਸ ਸੱਪ ਦੀਆਂ ਦਿੱਤੀਆਂ ਗੋਲੀਆਂ ਨਾਲ ਹੀ ਸੱਪ ਨੂੰ ਮਾਰ ਦਿੰਦੀ ਹੈ।

ਇਸੇ ਤਰ੍ਹਾਂ "ਤੋਤਾ ਅਤੇ ਰਾਜਾ ਅਤੇ ਜ਼ਿੰਦਗੀ ਦਾ ਰੁੱਖ" ਵਿੱਚ ਰਾਜਾ ਜਿਹੜਾ ਕਿ ਆਪਣੇ ਤੋਤੇ ਨਾਲ ਬਹੁਤ ਪਿਆਰ ਕਰਦਾ ਸੀ-ਤੋਤੇ ਨਾਲ ਅਕਸਰ ਗੱਲਾਂ ਕਰਦਾ ਰਹਿੰਦਾ ਸੀ। ਤੋਤਾ ਇਕ ਦਿਨ ਆਪਣੇ ਮਾਲਕ ਨੂੰ ਆਖਦਾ ਹੈ ਕਿ, "ਰਾਜਾ ਮੈਨੂੰ ਬੜੀ ਦੇਰ ਹੋ ਗਈ ਹੈ ਆਪਣੇ ਘਰ ਤੋਂ ਦੂਰ ਰਹਿੰਦਿਆਂ। ਹੁਣ ਮੈਨੂੰ ਛੁੱਟੀ ਦੇ ਤਾਂ ਕਿ ਮੈਂ ਆਪਣੀ ਜਗ੍ਹਾ ਤੇ ਆਪਣੇ ਲੋਕਾਂ ਨੂੰ ਮਿਲ ਸਕਾਂ।" ਪਹਿਲਾਂ ਤਾਂ ਰਾਜਾ ਮਨ੍ਹਾ ਕਰ ਦਿੰਦਾ ਹੈ ਪਰ ਬਾਅਦ ਵਿੱਚ ਉਹ ਤੋਤੇ ਨੂੰ ਛੇ ਮਹੀਨਿਆਂ ਦੀ ਛੁੱਟੀ ਦੇ ਦਿੰਦਾ ਹੈ। ਇਸੇ ਤਰ੍ਹਾਂ "ਜੰਗਲ ਦੀ ਕਹਾਣੀ" ਵਿਚ ਇਕ ਖੋਤਾ ਤੇ ਬਲ਼ਦ ਪਾਤਰ ਹਨ। ਇਕ ਦਿਨ ਬਲਦ ਨੇ ਕਿਹਾ ਕਿ, "ਸਾਡੇ ਕੋਲੋਂ ਮਾਲਕਾਂ ਨੇ ਇਤਨਾ ਕੰਮ

ਲਿਆ ਹੈ ਕਿ ਸਾਡੀਆਂ ਪਿੱਠਾਂ ਉੱਤੇ ਜ਼ਖ਼ਮ ਹੋ ਗਏ ਹਨ। ਸਾਰੇ ਸਾਡੇ ਉੱਤੇ ਭਾਰ ਲੱਦਦੇ ਹਨ। ਚਲੋ ਅਸੀਂ ਇਥੋਂ ਪਹਾੜਾਂ ਨੂੰ ਚੱਲਦੇ ਹਾਂ।" ਖੋਤਾ ਵੀ ਉਸ ਦੀ ਗੱਲ ਮੰਨ ਗਿਆ ਅਤੇ ਉਹ ਪਹਾੜਾਂ ਨੂੰ ਚੱਲ ਪਏ। ਇਕ ਦਿਨ ਖੋਤੇ ਨੇ ਬਲਦ ਨੂੰ ਕਿਹਾ ਕਿ, "ਮੇਰਾ ਜੀਅ ਅੱਜ ਹੀਂਗਣ ਨੂੰ ਕਰਦਾ ਹੈ।" ਇਸੇ ਕਹਾਣੀ ਵਿੱਚ ਇਕ ਚੀਤਾ ਕਿਸਾਨ ਨੂੰ ਮਿਲਦਾ ਹੈ ਅਤੇ ਕਹਿੰਦਾ ਹੈ ਕਿ, "ਮੈਂ ਤੈਨੂੰ ਖਾ ਜਾਵਾਂਗਾ।"

**ਚਮਤਕਾਰੀ ਵਸਤੂਆਂ :** ਸਾਧਾਰਨ ਹਾਲਾਤ ਤੋਂ ਪਰ੍ਹੇ ਹਟ ਕੇ ਅਲੌਕਿਕ ਜਾਂ ਕਰਾਮਾਤੀ ਸ਼ਕਤੀਆਂ ਰੱਖਣ ਵਾਲੀਆਂ ਚੀਜ਼ਾਂ ਦੀ ਮਨੁੱਖ ਆਦਿ ਕਾਲ ਤੋਂ ਹੀ ਕਾਮਨਾ ਕਰਦਾ ਆਇਆ ਹੈ। ਇਹ ਚੀਜ਼ਾਂ ਜ਼ਿਆਦਾਤਰ ਧਾਰਮਿਕ ਵਿਸ਼ਵਾਸਾਂ ਨਾਲ ਵੀ ਜੁੜ ਗਈਆਂ ਹਨ। ਲੋਕ ਸਾਹਿਤ ਵਿੱਚ ਅਜਿਹੀਆਂ ਵਸਤੂਆਂ ਦਾ ਵਰਣਨ ਆਉਂਦਾ ਹੈ। ਉਹ ਜਾਂ ਤਾਂ ਕਿਤਿਉਂ ਲੱਭ ਪੈਂਦੀਆਂ ਹਨ ਜਾਂ ਫਿਰ ਉਹ ਕਿਸੇ ਪੀਰ ਫ਼ਕੀਰ ਜਾਂ ਸੰਤ ਵੱਲੋਂ ਦਿੱਤੀਆਂ ਜਾਂਦੀਆਂ ਹਨ ਜਾਂ ਫਿਰ ਅਜਿਹੀਆਂ ਚੀਜ਼ਾਂ ਧੋਖੇ ਨਾਲ ਲੜਾਈ ਕਰ ਕੇ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਚੀਜ਼ਾਂ ਦੇ ਵਿੱਚ ਵਿਸ਼ਵਾਸ ਦੇ ਨਾਲ-ਨਾਲ ਕੁਝ ਕਰ ਕੇ ਵਿਖਾਉਣ ਦੀ ਇੱਛਾ ਨੂੰ ਵੀ ਵੇਖਿਆ ਜਾ ਸਕਦਾ ਹੈ। ਵਿਸ਼ਵ ਭਰ ਦੇ ਸਾਹਿਤ ਵਿੱਚ ਅਜਿਹੀਆਂ ਅਨੇਕਾਂ ਵਸਤੂਆਂ ਦਾ ਜ਼ਿਕਰ ਮਿਲਦਾ ਹੈ। ਪਿਛਲੇ ਅਧਿਆਇ ਵਿੱਚ ਅਸੀਂ ਇਨ੍ਹਾਂ ਬਾਰੇ ਚਰਚਾ ਕਰ ਆਏ ਹਾਂ। ਸਵਿਨਰਟਨ ਦੀ ਇਸ ਪੁਸਤਕ ਵਿੱਚ ਵੀ ਸਾਨੂੰ ਕੁਝ ਚਮਤਕਾਰੀ ਜਾਂ ਕਰਾਮਾਤੀ ਵਸਤੂਆਂ ਦਾ ਜ਼ਿਕਰ ਮਿਲਦਾ ਹੈ ਜਿਹੜੀਆਂ ਕਿ ਕੁਝ ਕਰਾਮਾਤ ਕਰਨ ਦੇ ਸਮਰੱਥ ਹੁੰਦੀਆਂ ਹਨ। ਜਿਵੇਂ :

"ਤੋਤਾ ਅਤੇ ਰਾਜਾ ਅਤੇ ਜ਼ਿੰਦਗੀ ਦਾ ਰੁੱਖ" ਨਾਮੀ ਕਹਾਣੀ ਵਿੱਚ ਤੋਤਾ ਜਦੋਂ ਆਪਣੇ ਦੇਸ਼ ਆਪਣੇ ਸੰਬੰਧੀਆਂ ਨੂੰ ਮਿਲਣ ਜਾਂਦਾ ਹੈ ਤਾਂ ਵਾਪਸੀ ਤੇ ਦੋ ਸੇਬ ਲੈ ਕੇ ਆਉਂਦਾ ਹੈ ਜੋ ਉਹ ਰਾਜੇ ਨੂੰ ਦਿੰਦਾ ਹੈ। ਰਾਜਾ ਪਹਿਲਾਂ ਸੇਬ ਕੁੱਤੇ ਅੱਗੇ ਸੁੱਟਦਾ ਹੈ, ਜਿਸ ਨੂੰ ਖਾਣ ਨਾਲ ਕੁੱਤਾ ਮਰ ਜਾਂਦਾ ਹੈ ਅਤੇ ਦੂਸਰਾ ਸੇਬ ਉਹ ਬਾਹਰ ਬਾਗ਼ ਵਿੱਚ ਸੁੱਟਦਾ ਹੈ ਜੋ ਬਾਅਦ ਵਿੱਚ ਇਕ ਰੁੱਖ ਬਣ ਜਾਂਦਾ ਹੈ। ਇਸ ਨੂੰ ਫਿਰ ਸੇਬ ਲੱਗਦੇ ਹਨ ਅਤੇ ਇਕ ਦਿਨ ਜਦੋਂ ਰਾਜੇ ਦਾ ਨੌਕਰ ਤੇ ਉਸ ਦੀ ਪਤਨੀ ਉਸ ਸੇਬ ਨੂੰ-ਜਿਸ ਬਾਰੇ ਧਾਰਨਾ ਸੀ ਕਿ ਇਸ ਦੇ ਖਾਣ ਨਾਲ ਆਦਮੀ ਮਰ ਸਕਦਾ ਹੈ-ਆਤਮ-ਹੱਤਿਆ ਦੇ ਇਰਾਦੇ ਨਾਲ ਖਾ ਲੈਂਦੇ ਹਨ ਤਾਂ ਉਹ ਇਕ ਦਮ ਜੁਆਨ ਹੋ ਜਾਂਦੇ ਹਨ ਅਤੇ ਇਸ ਗੱਲ ਦਾ ਜਦੋਂ ਰਾਜੇ ਨੂੰ ਪਤਾ ਲੱਗਦਾ ਹੈ ਤਾਂ ਉਹ ਇਸ ਚਮਤਕਾਰੀ ਸੇਬ ਆਪਣੇ ਮੰਤਰੀਆਂ-ਵਜ਼ੀਰਾਂ ਅਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਦਿੰਦਾ ਹੈ ਤੇ ਆਪ ਵੀ ਖਾ ਕੇ ਜੁਆਨ ਹੋ ਜਾਂਦਾ ਹੈ।[53] ਇਸੇ ਤਰ੍ਹਾਂ "ਵਿਆਹਿਆ ਜੋੜਾ ਅਤੇ ਸੱਪ" ਨਾਮੀ ਕਹਾਣੀ ਵਿੱਚ ਜਦੋਂ ਸੱਪ ਉਸ ਆਦਮੀ ਨੂੰ ਖਾਣ ਲਈ ਬਜਿਦ ਹੋ ਜਾਂਦਾ ਹੈ ਤਾਂ ਉਸ ਦੀ ਪਤਨੀ ਆਖਦੀ ਹੈ ਕਿ, "ਇਸ ਦੇ ਮਰਨ ਤੋਂ ਬਾਅਦ ਮੇਰਾ ਕੀ ਬਣੇਗਾ" ਤਾਂ ਸੱਪ ਆਪਣੀ ਖੁੱਡ ਵਿੱਚ ਜਾਂਦਾ ਹੈ ਤੇ ਉਥੋਂ ਦੋ ਗੋਲੀਆਂ ਲੈ ਕੇ ਆਉਂਦਾ ਹੈ ਅਤੇ ਕਹਿੰਦਾ ਹੈ, "ਇਸ ਨੂੰ ਚੂਸ ਲਵੀਂ ਤਾਂ ਤੇਰੇ ਦੋ ਪੁੱਤਰ ਪੈਦਾ ਹੋਣਗੇ" ਪਰ ਜਦੋਂ ਉਹ ਆਖਦੀ ਹੈ ਕਿ ਲੋਕ ਮੇਰੇ ਨਾਲ ਮਾੜਾ ਵਰਤਾਉ ਕਰਨਗੇ ਤਾਂ ਉਹ ਫਿਰ ਚਮਤਕਾਰੀ ਗੋਲੀਆਂ ਦਿੰਦਾ ਹੈ ਅਤੇ ਕਹਿੰਦਾ ਹੈ, "ਇਨ੍ਹਾਂ ਨੂੰ ਜੇਕਰ ਤੂੰ ਕਿਸੇ ਦੁਸ਼ਮਣ ਵੱਲ ਕਰ ਕੇ ਧੂੜ ਦੇਵੇਂਗੀ ਤਾਂ ਉਹ ਭਸਮ ਹੋ ਜਾਵੇਗਾ। ਉਹ ਸੱਪ ਉੱਤੇ ਹੀ ਧੂੜ ਦਿੰਦੀ ਹੈ ਤਾਂ ਸੱਪ ਖ਼ਤਮ ਹੋ ਜਾਂਦਾ ਹੈ ਅਤੇ ਉਹ ਖ਼ੁਸ਼ੀ-ਖ਼ੁਸ਼ੀ ਵਾਪਿਸ ਚਲੇ ਜਾਂਦੇ ਹਨ।

**ਬੁੱਢਿਆਂ ਦਾ ਜਵਾਨ ਹੋਣਾ:** ਜਿਉਂ-ਜਿਉਂ ਇਨਸਾਨ ਦੀ ਉਮਰ ਵਧਦੀ ਜਾਂਦੀ ਹੈ, ਤਿਉਂ-ਤਿਉਂ ਉਹ ਆਪਣੀ ਜਵਾਨੀ ਨੂੰ ਯਾਦ ਕਰਦਾ ਹੈ ਅਤੇ ਕਿਸੇ ਨਾ ਕਿਸੇ ਤਰੀਕੇ ਨਾਲ

ਮੁੜ ਜੁਆਨ ਹੋਣ ਦੇ ਸੁਪਨੇ ਵੇਖਦਾ ਹੈ। ਇਸ ਲਈ ਉਹ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ ਕਿਉਂਕਿ ਬੁਢਾਪਾ ਉਸ ਨੂੰ ਬੜਾ ਦੁਖਦਾਈ ਲੱਗਦਾ ਹੈ। ਉਹ ਕਈ ਪ੍ਰਕਾਰ ਦੀਆਂ ਜੜ੍ਹੀਆਂ-ਬੂਟੀਆਂ, ਦਵਾਈਆਂ ਆਦਿ ਲੱਭਦਾ ਰਹਿੰਦਾ ਹੈ, ਜਿਸ ਨਾਲ ਉਹ ਜਵਾਨ ਹੋ ਸਕੇ ਜਾਂ ਰਹਿ ਸਕੇ। ਲੋਕ-ਸਾਹਿਤ ਵਿੱਚ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਜਿਸ ਵਿੱਚ ਕਿਸੇ ਚੀਜ਼ ਦੇ ਖਾਣ ਨਾਲ ਕੋਈ ਜਵਾਨ ਹੋ ਜਾਂਦਾ ਹੈ। ਇਸ ਸੰਗ੍ਰਹਿ ਵਿੱਚ "ਤੋਤਾ ਅਤੇ ਰਾਜਾ ਅਤੇ ਜ਼ਿੰਦਗੀ ਦਾ ਰੁੱਖ" ਵਿੱਚ ਐਸੇ ਚਮਤਕਾਰੀ ਸੇਬ ਦਾ ਜ਼ਿਕਰ ਆਉਂਦਾ ਹੈ ਜਿਸ ਨੂੰ ਪਹਿਲਾਂ ਮਾੜਾ ਸਮਝਿਆ ਜਾਂਦਾ ਹੈ ਪਰ ਜਦੋਂ ਰਾਜਾ ਦਾ ਨੌਕਰ ਤੇ ਉਸਦੀ ਪਤਨੀ ਉਸ ਫ਼ਲ ਨੂੰ ਆਤਮ-ਹੱਤਿਆ ਦੇ ਇਰਾਦੇ ਨਾਲ ਖਾਂਦੇ ਹਨ ਤਾਂ ਇਸ ਦੇ ਉਲਟ ਉਹ ਆਪਣੇ-ਆਪ ਨੂੰ ਜਵਾਨ ਵੇਖਦੇ ਹਨ। ਇਸ ਬਾਰੇ ਜਦੋਂ ਰਾਜਾ ਨੂੰ ਪਤਾ ਲੱਗਦਾ ਹੈ ਤਾਂ ਪਹਿਲਾਂ ਤਾਂ ਉਹ ਇਸ ਗੱਲ ਦੀ ਮਾਫ਼ੀ ਮੰਗਦੇ ਹਨ ਪਰ ਫਿਰ ਉਹ ਸਾਰੀ ਹਕੀਕਤ ਦੱਸਦੇ ਹਨ। ਰਾਜਾ ਪਹਿਲਾਂ ਇਸ ਦਾ ਤਜ਼ਰਬਾ ਬੁੱਢੇ ਆਦਮੀ 'ਤੇ ਕਰਦਾ ਹੈ ਅਤੇ ਫਿਰ ਰਾਜ ਦੇ ਦੂਸਰੇ ਲੋਕਾਂ, ਰਾਣੀਆਂ ਅਤੇ ਖ਼ੁਦ ਵੀ ਉਸ ਸੇਬ ਨੂੰ ਖਾ ਕੇ ਜਵਾਨ ਹੋ ਜਾਂਦਾ ਹੈ। ਵਾਸਤਵਿਕ ਜੀਵਨ ਵਿੱਚ ਭਾਵੇਂ ਇਸ ਤਰ੍ਹਾਂ ਹੋਣਾ ਸੰਭਵ ਨਹੀਂ ਪਰ ਲੋਕ ਮਨ ਵਿੱਚ ਅਜਿਹੀ ਇੱਛਾ ਦਾ ਹੋਣਾ ਯਥਾਰਥਮਈ ਹੈ। ਇਸੇ ਤਰ੍ਹਾਂ "ਰਾਜਾ ਕੁਮਾਰ ਅਹਿਮਦ ਤੇ ਉਸ ਦਾ ਉੱਡਣਾ ਘੋੜਾ" ਵਿੱਚ ਰਾਜਕੁਮਾਰ ਦੇ ਤਿੰਨ ਮਿੱਤਰਾਂ ਵਿੱਚ ਇਕ ਮਿੱਤਰ ਜਿਹੜਾ ਕਿ ਤਰਖਾਣ ਹੈ ਉਸ ਦੇ ਬਾਕੀ ਮਿੱਤਰ ਸੁਨਿਆਰਾ, ਤੇਲੀ ਤੇ ਲੁਹਾਰ ਸਨ। ਜਦੋਂ ਰਾਜਾ ਨੇ ਇਕ ਵਾਰੀ ਉਨ੍ਹਾਂ ਸਾਰਿਆਂ ਨੂੰ ਇਸ ਲਈ ਕੈਦ ਕਰ ਲਿਆ ਕਿਉਂਕਿ ਰਾਜੇ ਦੇ ਵਜ਼ੀਰ ਨੇ ਰਾਜੇ ਨੂੰ ਕਿਹਾ ਕਿ, "ਤੇਰਾ ਪੁੱਤਰ ਇਸ ਸੰਗਤ ਵਿੱਚ ਖ਼ਰਾਬ ਹੋ ਜਾਵੇਗਾ" ਤਾਂ ਇਨ੍ਹਾਂ ਸਾਰਿਆਂ ਨੇ ਇਸ ਗੱਲ ਤੇ ਮਾਫ਼ੀ ਮੰਗੀ ਤੇ ਰਿਹਾਈ ਲਈ ਬੇਨਤੀ ਕੀਤੀ ਅਤੇ ਕਹਿਣ ਲੱਗੇ ਕਿ ਅਸੀਂ ਸਾਰੇ ਆਪਣੀ-ਆਪਣੀ ਯੋਗਤਾ ਦਿਖਾਵਾਂਗੇ। ਸੁਨਿਆਰੇ ਦੇ ਲੜਕੇ ਨੇ ਕਾਸੇ ਦੀਆਂ ਮੱਛੀਆਂ ਬਣਾਈਆਂ, ਲੁਹਾਰ ਦੇ ਬੇਟੇ ਨੇ ਲੋਹੇ ਦੀਆਂ, ਤੇਲੀ ਦੇ ਮੁੰਡੇ ਨੇ ਇਕ ਨਕਲੀ ਜਿੰਨ ਬਣਾਇਆ, ਪਰ ਤਰਖਾਣ ਦੇ ਪੁੱਤਰ ਨੇ ਇਕ ਲੱਕੜ ਦਾ ਘੋੜਾ ਬਣਾਇਆ। ਜਦੋਂ ਰਾਜਕੁਮਾਰ ਉਸ ਉੱਪਰ ਬੈਠਿਆ ਤਾਂ ਉਹ ਰਾਜਕੁਮਾਰ ਨੂੰ ਲੈ ਕੇ ਉੱਡ ਗਿਆ ਅਤੇ ਗ਼ਾਇਬ ਹੋ ਗਿਆ। ਇਸ ਤਰ੍ਹਾਂ ਉਹ ਚਮਤਕਾਰੀ ਘੋੜਾ ਵੀ ਇਸ ਕਹਾਣੀ ਦਾ ਧੁਰਾ ਬਣਦਾ ਹੈ।

**ਕਰਾਮਾਤੀ ਸਾਜ਼:** ਲੋਕ-ਸਾਹਿਤ ਵਿੱਚ ਮਿਲਦੇ ਇਨ੍ਹਾਂ ਨਾਇਕ-ਨਾਇਕਾਵਾਂ ਪਾਸ ਕੋਈ ਖ਼ਾਸ ਸਾਜ਼ ਵੀ ਵੇਖਿਆ ਜਾ ਸਕਦਾ ਹੈ। ਜਿਸ ਦੇ ਸਹਾਰੇ ਉਹ ਦੂਸਰਿਆਂ ਨੂੰ ਆਕਰਸ਼ਿਤ ਕਰ ਸਕਦੇ ਹਨ। "ਹੀਰ ਰਾਂਝੇ ਦੀ ਪਿਆਰ ਕਹਾਣੀ" ਵਿੱਚ ਰਾਂਝੇ ਕੋਲ ਇਕ ਵੰਝਲੀ ਹੈ ਜਿਸ ਦੇ ਨਾਲ ਉਹ ਕਈ ਕੰਮ ਸੁਆਰਦਾ ਹੈ। ਕਦੇ ਤਾਂ ਇਸਤਰੀਆਂ ਉਸ ਦੀ ਵੰਝਲੀ ਦੀ ਤਾਨ ਸੁਣ ਕੇ ਨੱਚਣ ਲੱਗ ਪੈਂਦੀਆਂ ਹਨ ਅਤੇ ਕਦੇ ਮੱਝਾਂ ਉਸ ਦੀ ਤਾਨ 'ਤੇ ਲੱਗ ਜਾਂਦੀਆਂ ਹਨ। ਸਵਿਨਰਟਨ ਨੇ ਇਸ ਸਾਜ਼ ਦੇ ਬਾਰੇ ਆਪਣੀ ਭੂਮਿਕਾ ਵਿੱਚ ਵੀ ਲਿਖਿਆ ਹੈ ਕਿ "ਸਾਜ਼ਾਂ ਵਿੱਚ ਬੜਾ ਦਮ ਹੁੰਦਾ ਹੈ ਕਿਉਂਕਿ ਮੀਰ ਸ਼ਿਕਾਰੀ ਕੋਲ ਵੀ ਇਕ ਸਾਜ਼ ਸੀ, ਜਿਸ ਨਾਲ ਜੰਗਲ ਦੇ ਸਾਰੇ ਜਾਨਵਰ ਇਕੱਠੇ ਹੋ ਜਾਂਦੇ ਸਨ।"[54] ਉਹ ਤਾਂ ਬੀਨ ਜਾਂ ਵੰਝਲੀ ਦੀ ਦੂਸਰੇ ਦੇਸ਼ਾਂ ਵਿੱਚ ਮਿਲਦੇ ਸਾਜ਼ਾਂ ਨਾਲ ਤੁਲਨਾ ਵੀ ਕਰਦਾ ਹੈ।"

"ਹੀਰ ਰਾਂਝੇ ਦੀ ਪਿਆਰ ਕਹਾਣੀ" ਵਿੱਚ ਲਿਖਿਆ ਹੈ ਕਿ, "ਰਾਂਝੇ ਨੂੰ ਤਿੰਨ ਸੌ ਮੱਝਾਂ ਚਾਰਨ ਨੂੰ ਦਿੱਤੀਆਂ ਗਈਆਂ ਅਤੇ ਇਸ ਤੋਂ ਪਹਿਲਾਂ ਇਨ੍ਹਾਂ ਦੀ ਦੇਖਭਾਲ ਕਰਨ ਲਈ ਅੱਠ-ਨੌਂ ਆਦਮੀ ਰੱਖੇ ਗਏ ਸਨ। ਪਰ ਰਾਂਝਾ ਸਾਰਾ ਦਿਨ ਇਕੱਲਾ ਹੀ ਕੰਮ ਕਰਦਾ। ਉਹ ਬੈਠਾ ਵੰਝਲੀ

ਵਜਾਉਂਦਾ ਰਹਿੰਦਾ। ਮੱਝਾਂ ਉਸ ਦੇ ਸੰਗੀਤ ਨਾਲ ਹੀ ਲੱਗ ਗਈਆਂ। ਵੰਝਲੀ ਦੀ ਤਾਨ ਨਾਲ ਹੀ ਮਿਹਰਬਾਨ ਦੀਆਂ ਰੱਖੀਆਂ ਸਾਰੀਆਂ ਔਰਤਾਂ ਨੱਚਣ ਲੱਗ ਜਾਂਦੀਆਂ ਸਨ।"[55]

**ਸੰਸਾਰਕ ਕਥਾਨਕ ਰੂੜ੍ਹੀਆ:** ਇਨ੍ਹਾਂ ਕਥਾਨਕ ਰੂੜ੍ਹੀਆਂ ਦਾ ਸੰਬੰਧ ਸਾਡੇ ਸਮਾਜਕ ਤੇ ਸਭਿਆਚਾਰਕ ਨਿਤਾਪ੍ਰਤੀ ਦੇ ਵਿਹਾਰਾਂ ਨਾਲ ਹੈ। ਇਹ ਰੂੜ੍ਹੀਆਂ ਮਨੁੱਖ ਦੇ ਸਮਾਜਕ ਮਨੋਵੇਗ ਤੇ ਮਨੋਵਿਕਾਸ ਨੂੰ ਸਮਝਣ ਲਈ ਬੜੀਆਂ ਸਹਾਇਕ ਹੁੰਦੀਆਂ ਹਨ। ਇਨ੍ਹਾਂ ਨੂੰ ਅਸੀਂ ਤਿੰਨਾਂ ਹਿੱਸਿਆਂ ਵਿੱਚ ਵੰਡਿਆ ਹੈ–

**ਸੰਭਾਵੀ ਕਥਾਨਕ ਰੂੜ੍ਹੀਆਂ :** ਇਨ੍ਹਾਂ ਵਿਚਲੀਆਂ ਘਟਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਆਮ ਜੀਵਨ ਵਿੱਚ ਇਸ ਤਰ੍ਹਾਂ ਬਹੁਤ ਘੱਟ ਵਾਪਰਦਾ ਹੈ। ਇਸ ਵਰਗ ਦੀਆਂ ਕਥਾਨਕ ਰੂੜ੍ਹੀਆਂ ਇਸ ਪ੍ਰਕਾਰ ਹਨ :

1. **ਵਿਆਹ ਲਈ ਅਨੋਖੀ ਸ਼ਰਤ :** ਇਹ ਰੂੜ੍ਹੀ ਸਾਡੇ ਸਾਹਿਤ ਦੀ ਪ੍ਰਮੁੱਖ ਰੂੜ੍ਹੀ ਹੈ ਕਿਉਂਕਿ ਰਾਜੇ, ਮਹਾਰਾਜੇ ਅਤੇ ਅਮੀਰ ਲੋਕ ਆਪਣੇ ਬੱਚਿਆਂ ਦੇ ਵਿਆਹ ਲਈ ਕਈ ਪ੍ਰਕਾਰ ਦੀਆਂ ਅਜਿਹੀਆਂ ਸ਼ਰਤਾਂ ਲਗਾ ਦਿੰਦੇ ਸਨ, ਜਿਨ੍ਹਾਂ ਰਾਹੀਂ ਕਿਸੇ ਦਾ ਬੌਧਿਕ ਤੇ ਸਰੀਰਕ ਬਾਹੂਬਲ ਨੂੰ ਪਰਖ ਲਿਆ ਜਾਂਦਾ ਸੀ। ਅਜਿਹੀਆਂ ਬਹੁਤ ਸਾਰੀਆਂ ਗੱਲਾਂ ਦਾ ਅਸੀਂ ਪਿੱਛੇ ਵਰਣਨ ਵੀ ਕੀਤਾ ਹੈ ਪਰ ਇਸ ਪੁਸਤਕ ਵਿੱਚ ਇਕ ਕਹਾਣੀ ਅਜਿਹੀ ਹੈ, ਜਿਸ ਵਿੱਚ ਵਿਆਹ ਲਈ ਇਕ ਅਨੋਖੀ ਸ਼ਰਤ ਰੱਖੀ ਗਈ ਹੈ। ਇਹ ਕਹਾਣੀ "ਫ਼ਜ਼ਲ ਨੂਰ ਅਤੇ ਦਿਉ" ਹੈ। "ਇਸ ਵਿੱਚ ਜਦੋਂ ਫ਼ਜ਼ਲ ਨੂਰ ਤੋਂ ਛੁਟਕਾਰਾ ਪਾਉਣ ਲਈ ਉਸ ਦਾ ਪਤੀ ਮੁਹੰਮਦ ਬਖ਼ਸ਼ ਅਤੇ ਉਸਦੇ ਮਿੱਤਰ ਦਾ ਪੁੱਤਰ ਅਕਬਰ ਖ਼ਾਨ ਫ਼ਜ਼ਲ ਨੂਰ ਨੂੰ ਵਿਆਹ ਵਿਖਾਉਣ ਦੇ ਬਹਾਨੇ ਜੰਗਲ ਵਿੱਚ ਲੈ ਜਾਂਦੇ ਹਨ ਤਾਂ ਉਥੇ ਇਕ ਖੂਹ 'ਤੇ ਪਹੁੰਚ ਕੇ ਉਸ ਵਿੱਚ ਉਸ ਨੂੰ ਧੱਕਾ ਦੇ ਦਿੰਦੇ ਹਨ। ਕਿਸਮਤ ਨਾਲ ਉਹ ਖੂਹ ਸੁੱਕਾ ਹੁੰਦਾ ਹੈ ਅਤੇ ਉਸ ਵਿੱਚ ਇਕ ਦਿਉ ਸੁੱਤਾ ਹੁੰਦਾ ਹੈ। ਫ਼ਜ਼ਲ ਨੂਰ ਉਸ ਉੱਪਰ ਡਿੱਗਦੀ ਹੈ ਅਤੇ ਆਖਦੀ ਹੈ ਕਿ, "ਮੈਂ ਤਾਂ ਤੇਰੇ ਪਿਆਰ ਵਿੱਚ ਪਾਗਲ ਹਾਂ ਅਤੇ ਤੈਨੂੰ ਲੱਭਦੀ-ਲੱਭਦੀ ਏਥੇ ਆਈ ਹਾਂ।" ਉਹ ਵੀ ਮੰਨ ਜਾਂਦਾ ਹੈ ਤੇ ਵਿਆਹ ਲਈ ਤਰਲਾ ਮਾਰਦਾ ਹੈ। ਉਹ ਵਿਆਹ ਲਈ ਸ਼ਰਤ ਰੱਖਦੀ ਹੈ ਕਿ, "ਮੈਂ ਤਾਂ ਵਿਆਹ ਕਰਾਵਾਂਗੀ ਜੇਕਰ ਮੈਂ ਹਰ ਰੋਜ਼ ਤੇਰੇ ਸਿਰ ਵਿੱਚ ਸੌ ਛਿੱਤਰ ਸਵੇਰੇ ਉੱਠ ਕੇ ਮਾਰਿਆ ਕਰਾਂ। ਜੇਕਰ ਤਿਆਰ ਹੈਂ ਤਾਂ ਵਿਆਹ ਕਰਵਾ ਸਕਦੀ ਹਾਂ।"[56] ਫ਼ਜ਼ਲ ਨੂਰ ਦੀ ਖ਼ੂਬਸੂਰਤੀ ਵੇਖ ਕੇ ਉਹ ਮੰਨ ਜਾਂਦਾ ਹੈ।

ਇਸੇ ਤਰ੍ਹਾਂ ਦੀ ਇਕ ਹੋਰ ਸ਼ਰਤ "ਰਾਜਕੁਮਾਰ ਅਤੇ ਉਸ ਦਾ ਵਜ਼ੀਰ" (ਭਾਗ ਤੀਸਰਾ) ਵਿੱਚ ਵੀ ਹੈ। ਜਦੋਂ ਵਪਾਰੀ ਦਾ ਪੁੱਤਰ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੰਦਾ ਹੈ ਤਾਂ ਉਸ ਦਾ ਪਿਤਾ ਉਦਾਸ ਹੋ ਜਾਂਦਾ ਹੈ। ਫਿਰ ਇਕ ਦਿਨ ਉਸ ਦਾ ਪੁੱਤਰ ਵਿਆਹ ਕਰਵਾਉਣ ਬਦਲੇ ਇਕ ਸ਼ਰਤ ਲਗਾਉਂਦਾ ਹੈ ਕਿ, "ਮੈਂ ਉਸ ਔਰਤ ਨਾਲ ਵਿਆਹ ਕਰਵਾ ਸਕਦਾ ਹਾਂ, ਜਿਹੜੀ ਇਸ ਗੱਲ ਲਈ ਤਿਆਰ ਹੋਵੇ ਕਿ ਮੈਂ ਰੋਜ਼ ਸਵੇਰੇ ਉੱਠ ਕੇ ਉਸਦੇ ਪੰਜ ਛਿੱਤਰ ਮਾਰਿਆ ਕਰਾਂ। ਇਸ ਲਈ ਵੀ ਵਪਾਰੀ ਦੇ ਦੋਸਤ ਦੀ ਲੜਕੀ ਤਿਆਰ ਹੋ ਜਾਂਦੀ ਹੈ।" [57] "ਫ਼ਜ਼ਲ ਨੂਰ ਤੇ ਦਿਉ" ਕਹਾਣੀ ਵਿੱਚ ਵੀ ਜਦੋਂ ਰਾਖ਼ਸ਼ਸ ਰਾਜਾ ਦੀ ਬੇਟੀ ਵਿੱਚ ਵੜ ਜਾਂਦਾ ਹੈ ਤਾਂ ਉਹ ਠੀਕ ਕਰਨ ਬਦਲੇ ਮੁਹੰਮਦ ਬਖ਼ਸ਼ ਰਾਜੇ ਨਾਲ ਉਸ ਦੀ ਬੇਟੀ ਦੇ ਵਿਆਹ ਦੀ ਸ਼ਰਤ ਰੱਖਦਾ ਹੈ। ਬਾਅਦ ਵਿੱਚ ਉਹ ਰਾਜੇ ਦੀ ਬੇਟੀ ਨੂੰ ਠੀਕ ਕਰ ਕੇ ਉਸ ਨਾਲ ਵਿਆਹ ਕਰ ਲੈਂਦਾ ਹੈ।

**ਮੋਹਿਤ ਹੋਣਾ ਜਾਂ ਪਹਿਲੀ ਤੱਕਣੀ ਵਿੱਚ ਪਿਆਰ:** ਇਹ ਵੀ ਇਕ ਖ਼ਾਸ ਕਿਸਮ ਦੀ ਰੂੜ੍ਹੀ ਹੈ, ਜਿਹੜੀ ਕਿਸੇ ਵੀ ਸਾਹਿਤ ਦੀਆਂ ਪ੍ਰੇਮ ਕਹਾਣੀਆਂ ਵਿੱਚ ਨਾਇਕ ਤੇ ਨਾਇਕਾ ਦੇ ਦੇਖਦੇ

ਸਾਰ ਹੀ ਪਿਆਰ ਬੰਧਨ ਵਿੱਚ ਬੱਝ ਜਾਣ ਦੀ ਗੱਲ ਕਰਦੀ ਹੈ। ਇਨ੍ਹਾਂ ਸੰਗ੍ਰਹਿਤ ਕਹਾਣੀਆਂ ਵਿੱਚ "ਰਾਜਕੁਮਾਰ ਅਤੇ ਉਸ ਦਾ ਉੱਡਣਾ ਘੋੜਾ" ਵਿੱਚ ਜਦੋਂ ਰਾਜਕੁਮਾਰ ਦਾ ਦੋਸਤ ਇਕ ਲੱਕੜ ਦਾ ਘੋੜਾ ਬਣਾਉਂਦਾ ਹੈ ਅਤੇ ਲੈ ਕੇ ਆਉਂਦਾ ਹੈ। ਜਦੋਂ ਰਾਜਕੁਮਾਰ ਉਸ ਲੱਕੜ ਦੇ ਘੋੜੇ ਤੇ ਬੈਠਾ ਤਾਂ ਉਹ ਲੱਕੜ ਦਾ ਘੋੜਾ ਰਾਜਕੁਮਾਰ ਨੂੰ ਲੈ ਕੇ ਉੱਡ ਗਿਆ। ਜਿਸ ਦੇਸ਼ ਵਿੱਚ ਉਹ ਪਹੁੰਚਿਆ, ਉਥੋਂ ਦੀ ਰਾਜਕੁਮਾਰੀ ਨੂੰ ਜਦੋਂ ਉਸ ਨੇ ਵੇਖਿਆ ਤਾਂ ਵੇਖਦੇ ਸਾਰ ਹੀ ਉਸ ਤੇ ਫ਼ਿਦਾ ਹੋ ਗਿਆ। ਜਦੋਂ ਰਾਜਕੁਮਾਰੀ ਨੇ ਰਾਜਕੁਮਾਰ ਨੂੰ ਵੇਖਿਆ ਤਾਂ ਉਹ ਵੀ ਉਸ ਨੂੰ ਪਿਆਰ ਕਰਨ ਲੱਗੀ।

**ਫੁੱਲ ਨਾਲ ਵਫ਼ਾਦਾਰੀ ਪਰਖਣਾ:** ਲੋਕ ਸਾਹਿਤ ਵਿੱਚ ਅਜਿਹੀਆਂ ਕਈ ਕਥਾਵਾਂ ਮਿਲਦੀਆਂ ਹਨ, ਜਿਨ੍ਹਾਂ ਰਾਹੀਂ ਨਾਇਕ, ਨਾਇਕਾ ਦੀ ਜਾਂ ਨਾਇਕਾ, ਨਾਇਕ ਦੀ ਵਫ਼ਾਦਾਰੀ ਪਰਖਦੇ ਹਨ। ਖਰੇ ਉੱਤਰਨ 'ਤੇ ਉਨ੍ਹਾਂ ਦੇ ਪਿਆਰ ਵਿੱਚ ਵਾਧਾ ਹੁੰਦਾ ਹੈ। ਅਜਿਹੀ ਰੂੜ੍ਹੀ ਵੀ ਇਸ ਸੰਗ੍ਰਹਿ ਵਿੱਚ ਮਿਲਦੀ ਹੈ। ਇਹ ਕਹਾਣੀ "ਰਾਜਕੁਮਾਰ ਅਤੇ ਉਸ ਦਾ ਵਜ਼ੀਰ" ਵਿੱਚ ਵੇਖੀ ਜਾ ਸਕਦੀ ਹੈ। ਜਦੋਂ ਰਾਜਾ ਨੂੰ ਇਕ ਆਦਮੀ ਤਾਜ਼ਾ ਫੁੱਲਾਂ ਦੀ ਕਹਾਣੀ ਸੁਣਾਉਂਦਾ ਹੈ ਕਿ, "ਇਕ ਦਿਨ ਮੇਰਾ ਪਿਤਾ ਮੈਨੂੰ ਮੇਰੇ ਘਰ ਲੈ ਗਿਆ ਅਤੇ ਮੇਰੀ ਪਤਨੀ ਕਹਿਣ ਲੱਗੀ-ਜੇ ਤੁਸੀਂ ਇਥੇ ਰਹਿਣਾ ਚਾਹੁੰਦੇ ਹੋ ਤਾਂ ਠੀਕ ਹੈ ਵਰਨਾ ਤੁਸੀਂ ਇਹ ਫੁੱਲ ਆਪਣੇ ਨਾਲ ਲੈ ਜਾਉ ਅਤੇ ਜੇਕਰ ਇਹ ਖਿੜਿਆ ਰਹੇਗਾ ਤਾਂ ਸਮਝਣਾ ਮੈਂ ਤੁਹਾਨੂੰ ਯਾਦ ਕਰਦੀ ਹਾਂ। ਜੇਕਰ ਇਹ ਮੁਰਝਾ ਗਿਆ ਤਾਂ ਸਮਝ ਲੈਣਾ ਕਿ ਮੈਂ ਤੁਹਾਨੂੰ ਭੁੱਲ ਗਈ ਹਾਂ। ਇਸੇ ਕਰ ਕੇ ਇਹ ਫੁੱਲ ਤਾਜ਼ਾ ਤੇ ਖ਼ੁਸ਼ਬੂਦਾਰ ਹੈ।"

**ਵਿਯੋਗ ਵਿੱਚ ਫ਼ਕੀਰ ਹੋਣਾ:** ਪਿਆਰ ਦਾ ਜਜ਼ਬਾ ਇਕ ਐਸਾ ਜਜ਼ਬਾ ਹੈ, ਜਿਹੜਾ ਕਿ ਮਨੁੱਖੀ ਫ਼ਿਤਰਤ ਤੇ ਵਿਹਾਰ ਉੱਪਰ ਅਸਰ ਪਾਉਂਦਾ ਹੈ। ਬਹੁਤ ਸਾਰੀਆਂ ਕਥਾ-ਕਹਾਣੀਆਂ ਵਿੱਚ ਨਾਇਕ, ਨਾਇਕਾ ਪ੍ਰੇਮ ਵਿੱਚ ਵਿਫਲ ਹੋਣ ਤੇ ਜਾਂ ਸਾਥੀ ਦੇ ਮਰ ਜਾਣ ਜਾਂ ਵਿਛੜ ਜਾਣ ਤੇ ਦੁੱਖ ਤੇ ਗ਼ਮ ਨਾ ਸਹਾਰਦੇ ਹੋਏ ਆਪਣੀ ਜਾਨ ਦੇ ਦਿੰਦੇ ਹਨ। ਵਾਰਿਸ ਦੀ ਹੀਰ ਦਾ ਦੁਖ਼ਾਂਤ, ਕਾਦਰਯਾਰ ਦੇ ਪੂਰਨ ਭਗਤ ਵਿੱਚ ਸੁੰਦਰਾਂ ਦਾ ਖ਼ੁਦਖੁਸ਼ੀ ਕਰਨਾ, ਸੱਸੀ ਦਾ ਥਲਾਂ ਵਿੱਚ ਸੜ ਕੇ ਮਰ ਜਾਣਾ ਸਾਰਾ ਕੁਝ ਅਸਫ਼ਲ ਪਿਆਰ ਜਾਂ ਪਿਆਰ ਦਾ ਵਿਛੋੜਾ ਹੀ ਪੇਸ਼ ਕਰਦਾ ਹੈ। ਰਾਂਝਾ ਵੀ ਹੀਰ ਦੇ ਵਿਯੋਗ ਵਿੱਚ ਜੋਗੀ ਹੋ ਜਾਂਦਾ ਹੈ। ਇਸ ਸੰਗ੍ਰਹਿ ਵਿੱਚ "ਰਾਜਕੁਮਾਰ ਅਤੇ ਉਸ ਦਾ ਵਜ਼ੀਰ" ਨਾਮੀ ਕਹਾਣੀ ਵਿੱਚ ਇਕ ਆਦਮੀ ਆਪਣੀ ਪਤਨੀ ਦੀ ਮੌਤ ਨੂੰ ਨਾ ਸਹਾਰਦਾ ਹੋਇਆ ਉਸ ਦੇ ਗ਼ਮ ਵਿੱਚ ਇਸ ਤਰ੍ਹਾਂ ਗ਼ਮਗੀਨ ਹੋਇਆ ਕਿ ਉਸ ਦੀ ਕਬਰ ਦੇ ਨਜ਼ਦੀਕ ਹੀ ਇਕ ਕੁਟੀਆ ਬਣਾ ਕੇ ਬੈਠ ਗਿਆ। ਮਗਰੋਂ ਇਕ ਫ਼ਕੀਰ ਆਇਆ ਅਤੇ ਉਸ ਨੇ ਉਸ ਦੀ ਪਤਨੀ ਨੂੰ ਜ਼ਿੰਦਾ ਕਰ ਦਿੱਤਾ।[57]

## ਸੰਭਵ ਕਥਾਨਕ ਰੂੜ੍ਹੀਆਂ

**1. ਤਸਵੀਰ ਵੇਖ ਕੇ ਮੋਹਿਤ ਹੋਣਾ:** ਇਹ ਰੂੜ੍ਹੀ ਵੀ ਪਿਆਰ ਦੀ ਇੰਤਹਾ ਨੂੰ ਪੇਸ਼ ਕਰਦੀ ਹੈ। ਕਈ ਵਾਰੀ ਨਾਇਕ ਕਿਤੇ ਕੋਈ ਚੀਜ਼, ਵਸਤ ਜਾਂ ਤਸਵੀਰ ਵੇਖ ਲੈਂਦਾ ਹੈ ਤਾਂ ਉਸ ਦੇ ਮਨ ਵਿੱਚ ਉਸ ਤਸਵੀਰ ਵਾਲੇ ਵਿਅਕਤੀ ਨਾਲ ਪ੍ਰੇਮ ਜਾਗ ਪੈਂਦਾ ਹੈ। ਅਜਿਹੇ ਮੌਕੇ ਤੇ ਜੇਕਰ ਤਸਵੀਰ ਵਾਲੀ ਸ਼ਖ਼ਸੀਅਤ ਨਜ਼ਰ ਨਾ ਆਏ ਜਾਂ ਪ੍ਰਾਪਤ ਨਾ ਹੋਵੇ ਤਾਂ ਨਾਇਕ ਵਿਯੋਗ ਵਿੱਚ ਤੜਫ਼ਣ ਲੱਗਦਾ ਹੈ। ਸਵਿਨਰਟਨ ਦੀਆਂ ਕਹਾਣੀਆਂ ਵਿੱਚ "ਰਾਜ ਕੁਮਾਰ ਅਤੇ ਉਸ ਦਾ

ਵਜ਼ੀਰ" ਕਹਾਣੀ ਵਿੱਚ ਰਾਜਕੁਮਾਰ ਅਤੇ ਉਸ ਦਾ ਵਜ਼ੀਰ ਇਕ ਵਾਰੀ ਸੈਰ ਕਰਦੇ ਦੂਰ ਨਿਕਲ ਜਾਂਦੇ ਹਨ ਅਤੇ ਇਕ ਖ਼ੂਹ ਤੇ ਇਕ ਸਰਾਂ ਵੇਖਦੇ ਹਨ। ਉਸ ਉੱਪਰ ਇਕ ਬੜੀ ਖ਼ੂਬਸੂਰਤ ਔਰਤ ਦੀ ਤਸਵੀਰ ਲੱਗੀ ਹੁੰਦੀ ਹੈ। ਜਿਸ ਵੱਲ ਵਜ਼ੀਰ ਰਾਜਿਆਂ ਦੀਆਂ ਔਰਤਾਂ ਪ੍ਰਤੀ ਇੱਛਾਵਾਂ ਨੂੰ ਜਾਣਦਿਆਂ ਹੋਇਆਂ ਮਿੱਟੀ ਮਲ੍ਹ ਦਿੰਦਾ ਹੈ। ਰਾਜਾ ਜਦੋਂ ਵੇਖਦਾ ਹੈ ਤਾਂ ਵਜ਼ੀਰ ਨੂੰ ਪਾਣੀ ਲਿਆ ਕੇ ਤਸਵੀਰ ਨੂੰ ਸਾਫ਼ ਕਰਨ ਲਈ ਆਖਦਾ ਹੈ। ਤਸਵੀਰ ਸਾਫ਼ ਕਰ ਕੇ ਵਜ਼ੀਰ ਨੂੰ ਆਖਦਾ ਹੈ ਕਿ ਜੇਕਰ ਮੈਂ ਇਸ ਨੂੰ ਪ੍ਰਾਪਤ ਨਾ ਕਰ ਸਕਿਆ ਤਾਂ ਮੈਂ ਏਥੇ ਹੀ ਆਪਣੀ ਜਾਨ ਦੇ ਦਿਆਂਗਾ। ਵਜ਼ੀਰ ਉਸ ਰਾਜਕੁਮਾਰੀ ਦਾ ਪਿੱਛਾ ਕਰਦਿਆਂ ਬਹੁਤ ਸਫ਼ਰ ਕਰਦਾ ਹੈ ਅਤੇ ਅਖ਼ੀਰ ਵਿੱਚ ਉਸ ਨੂੰ ਲੱਭ ਕੇ ਉਸ ਨਾਲ ਰਾਜਕੁਮਾਰ ਦਾ ਵਿਆਹ ਕਰਵਾ ਦਿੰਦਾ ਹੈ।"[58]

ਇਸ ਤਰ੍ਹਾਂ ਤਸਵੀਰ ਵੇਖ ਕੇ ਪ੍ਰੇਮ ਜਾਗਣ ਜਾਂ ਮੋਹਿਤ ਹੋਣ ਦੀ ਰੂੜ੍ਹੀ ਆਮ ਪ੍ਰਚੱਲਤ ਹੈ ਜਿਸ ਰਾਹੀਂ ਕਥਾਕਾਰ ਆਪਣੀ ਕਹਾਣੀ ਨੂੰ ਅੱਗੇ ਤੋਰਦਾ ਤੇ ਮਨੋਰੰਜਕ ਬਣਾਉਂਦਾ ਹੈ।

**ਸੁਭਾਵਿਕ ਕਥਾਨਕ ਰੂੜ੍ਹੀਆਂ:** ਇਹ ਕਥਾਨਕ ਰੂੜ੍ਹੀਆਂ ਸੰਸਾਰਪਰਕ ਕਥਾਨਕ ਰੂੜ੍ਹੀਆਂ ਵਿੱਚ ਆਉਂਦੀਆਂ ਹਨ ਅਤੇ ਸਾਡੀ ਜ਼ਿੰਦਗੀ ਨਾਲ ਸੰਬੰਧਿਤ ਹੁੰਦੀਆਂ ਹਨ। ਇਸ ਪੁਸਤਕ ਵਿੱਚ ਅਜਿਹੀਆਂ ਸੁਭਾਵਿਕ ਰੂੜ੍ਹੀਆਂ ਵੀ ਪਾਈਆਂ ਜਾਂਦੀਆਂ ਹਨ ਜੋ ਇਸ ਪ੍ਰਕਾਰ ਹਨ:

1. **ਭਰਾਵਾਂ ਦਾ ਦੁਰਵਿਵਹਾਰ:** ਇਹ ਰੂੜ੍ਹੀ ਆਮ ਪ੍ਰਚੱਲਤ ਰੂੜ੍ਹੀ ਹੈ ਕਿ ਨਾਇਕ ਆਪਣੇ ਪਰਿਵਾਰ ਦੇ ਮੈਂਬਰਾਂ ਤੋਂ ਤੰਗ ਆ ਕੇ ਜਾਂ ਉਨ੍ਹਾਂ ਦੇ ਵਿਵਹਾਰ ਤੋਂ ਤੰਗ ਆ ਕੇ ਘਰ ਛੱਡ ਜਾਂਦਾ ਹੈ। ਅਜਿਹਾ ਕਿਸੇ ਵੇਲੇ ਮਾਤਾ-ਪਿਤਾ ਦੇ ਮਰ ਜਾਣ ਜਾਂ ਫਿਰ ਮਾਂ ਦੇ ਮਰ ਜਾਣ ਤੋਂ ਬਾਅਦ ਪਿਤਾ ਦਾ ਦੂਸਰਾ ਵਿਆਹ ਕਰਵਾਉਣ ਨਾਲ ਨਵੀਂ ਆਈ ਮਾਂ ਵੱਲੋਂ ਆਪਣੇ ਬੱਚਿਆਂ ਨਾਲ ਕੀਤਾ ਜਾਂਦਾ ਜਾਂ ਫਿਰ ਵਿਆਹੇ ਭੈਣ-ਭਰਾ ਖ਼ਾਸ ਤੌਰ 'ਤੇ ਭਰਾ ਤੇ ਭਰਜਾਈਆਂ ਕੁਆਰਿਆਂ ਨਾਲ ਆਰਥਿਕ ਵਸੀਲਿਆਂ ਦੀ ਵੰਡ ਨੂੰ ਲੈ ਕੇ ਜਾਂ ਘਰੇਲੂ ਝਗੜਿਆਂ ਵਿੱਚ ਉਲਝ ਜਾਂਦੇ ਹਨ ਅਤੇ ਕੋਈ ਇਸ ਝਗੜੇ ਕਾਰਨ ਆਪਣਾ ਘਰ-ਬਾਰ ਤਿਆਗ ਦਿੰਦਾ ਹੈ। ਮੱਧਕਾਲ ਵਿੱਚ ਜ਼ਮੀਨ ਆਰਥਿਕਤਾ ਦਾ ਸਾਧਨ ਹੋਣ ਕਾਰਨ ਉਸ ਦੀ ਵੰਡ ਦੇ ਡਰੋਂ ਹੀ ਭਰਜਾਈਆਂ ਇਕ ਤਾਂ ਕੁਆਰੇ ਮੁੰਡੇ ਨੂੰ ਸਾਕ ਘੱਟ ਕਰਵਾਉਂਦੀਆਂ ਸਨ। ਦੂਸਰਾ ਉਨ੍ਹਾਂ ਨਾਲ ਵਿਤਕਰਾ ਵੀ ਕਰਦੀਆਂ ਸਨ। ਅਜਿਹੀ ਗੱਲ ਸਾਡੇ ਪੰਜਾਬੀ ਦੇ ਬਹੁਤੇ ਕਿੱਸਾਕਾਰਾਂ ਨੇ ਜਿਨ੍ਹਾਂ ਨੇ ਹੀਰ-ਰਾਂਝੇ ਦੀ ਪਿਆਰ ਕਹਾਣੀ ਨੂੰ ਬਿਆਨ ਕੀਤਾ ਹੈ, ਕੀਤੀ ਹੈ। ਇਸ ਸੰਗ੍ਰਹਿ ਵਿੱਚ 'ਹੀਰ ਰਾਂਝੇ ਦੀ ਪਿਆਰ ਕਹਾਣੀ' ਵਿੱਚ ਰਾਂਝਾ ? ਆਪਣੇ ਭਰਾਵਾਂ ਦੇ ਦੁਰਵਿਵਹਾਰ ਅਤੇ ਮਾੜੀ ਜ਼ਮੀਨ, ਜਿਸ ਵਿੱਚ ਫ਼ਸਲ ਨਹੀਂ ਹੋ ਸਕਦੀ, ਮਿਲ ਜਾਣ ਕਾਰਨ ਉਨ੍ਹਾਂ ਦੀ ਮੰਦੀ ਨੀਅਤ ਵੇਖ ਕੇ ਘਰੋਂ ਨੱਸ ਤੁਰਦਾ ਹੈ। ਜੋ ਕੁਝ ਰਾਂਝੇ ਨੂੰ ਵੰਡ ਵਿੱਚ ਦਿੱਤਾ ਗਿਆ, ਸਾਰਾ ਕੁਝ ਹੀ ਮਾੜਾ ਸੀ। ਇਥੋਂ ਤੱਕ ਕਿ ਉਸ ਦੀਆਂ ਭਾਬੀਆਂ ਉਸ ਨੂੰ ਰੋਟੀ ਵੀ ਖਾਣ ਨੂੰ ਨਹੀਂ ਦਿੰਦੀਆਂ ਸਨ। ਅਜਿਹੀਆਂ ਗੱਲਾਂ ਤੋਂ ਤੰਗ ਆ ਕੇ ਰਾਂਝਾ ਘਰੋਂ ਨਿਕਲ ਜਾਂਦਾ ਹੈ।[57]

**ਇਸਤਰੀ ਪ੍ਰਤੀ ਹੀਣ-ਭਾਵਨਾ :** ਮੱਧਕਾਲੀ ਸਮਾਜ ਵਿੱਚ ਇਸਤਰੀ ਨੂੰ ਬਹੁਤ ਹੀ ਨੀਵਾਂ ਦਰਜਾ ਪ੍ਰਾਪਤ ਸੀ। ਉਸ ਨੂੰ ਥੋੜ੍ਹਾ-ਬਹੁਤਾ ਵੀ ਸਨਮਾਨ ਪ੍ਰਾਪਤ ਨਹੀਂ ਸੀ। ਸਿਰਫ਼ ਕਾਮ ਦੀ ਪੁਤਲੀ ਹੀ ਸਮਝਿਆ ਜਾਂਦਾ ਸੀ। ਇਕ ਆਦਮੀ ਕਈ-ਕਈ ਇਸਤਰੀਆਂ ਰੱਖ ਸਕਦਾ ਸੀ। ਇਸਤਰੀ ਦੀ ਕਿਧਰੇ ਕੋਈ ਸੁਣਵਾਈ ਨਹੀਂ ਸੀ। ਇਥੋਂ ਤੱਕ ਕਿ ਉਸ ਨੂੰ ਪੈਰ ਦੀ ਜੁੱਤੀ ਵੀ ਕਿਹਾ ਗਿਆ। ਇਹ ਵੀ ਸਮਝਿਆ ਗਿਆ ਕਿ ਉਹ ਬੇਵਫ਼ਾ, ਧੋਖੇਬਾਜ਼, ਫਰੇਬੀ ਅਤੇ ਮੱਕਾਰ ਹੈ। ਇਸਤਰੀ ਨਿੰਦਿਆ ਇਕ ਆਮ ਪ੍ਰਚੱਲਤ ਰੂੜ੍ਹੀ ਹੈ। ਇਤਨਾ ਕੁਝ ਹੁੰਦਿਆਂ ਹੋਇਆਂ ਵੀ ਇਸ

ਦੀ ਪ੍ਰਾਪਤੀ ਲਈ ਯਤਨ ਹੀ ਨਹੀਂ ਸਗੋਂ ਯੁੱਧ ਕੀਤੇ ਜਾਂਦੇ ਸਨ ਅਤੇ ਬਹੁਤਿਆਂ ਯੁੱਧਾਂ ਦਾ ਕਾਰਨ ਵੀ ਇਸਤਰੀ ਹੀ ਬਣਦੀ ਸੀ। ਇਸਤਰੀ ਨਿੰਦਿਆ ਜਾਂ ਉਸ ਪ੍ਰਤੀ ਹੀਣ-ਭਾਵਨਾ ਬਾਰੇ ਇਸ ਸੰਗ੍ਰਹਿ ਵਿੱਚ ਵੀ ਉਦਾਹਰਣਾਂ ਮਿਲਦੀਆਂ ਹਨ ਜਿਵੇਂ:

"ਫਜ਼ਲ ਨੂਰ ਅਤੇ ਦਿਉ" ਨਾਮੀ ਕਹਾਣੀ ਵਿੱਚ ਫ਼ਜ਼ਲ ਨੂਰ ਮੁਹੰਮਦ ਬਖ਼ਸ਼ ਦੀ ਪਤਨੀ ਹੈ। ਘਰ ਦੇ ਛੋਟੇ-ਮੋਟੇ ਝਗੜਿਆਂ ਤੋਂ ਤੰਗ ਆ ਕੇ ਉਹ ਆਪਣੇ ਮਿੱਤਰ ਨਾਲ ਸਲਾਹ ਕਰਦਾ ਹੈ ਕਿ ਇਸ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ? ਉਹ ਆਪਣੇ ਮਿੱਤਰ ਦੇ ਪੁੱਤਰ ਅਕਬਰ ਖ਼ਾਨ ਨਾਲ ਵਿਚਾਰ ਕਰ ਕੇ ਉਸ ਨੂੰ ਇਕ ਵਿਆਹ ਤੇ ਲੈ ਜਾਂਦੇ ਹਨ ਅਤੇ ਰਸਤੇ ਵਿੱਚ ਉਸ ਨੂੰ ਖੂਹ ਵਿੱਚ ਧੱਕਾ ਦੇ ਦਿੰਦੇ ਹਨ।

ਇਸੇ ਤਰ੍ਹਾਂ "ਰਾਜਕੁਮਾਰ ਅਤੇ ਉਸ ਦਾ ਵਜ਼ੀਰ" ਨਾਮੀ ਕਹਾਣੀ ਵਿੱਚ ਵਪਾਰੀ ਦਾ ਪੁੱਤਰ ਆਪਣੇ ਮਿੱਤਰ ਦੀ ਪਤਨੀ ਦੀਆਂ ਕਰਤੂਤਾਂ ਸੁਣ-ਸੁਣ ਕੇ ਅਜਿਹਾ ਤੰਗ ਹੁੰਦਾ ਹੈ ਕਿ ਉਹ ਵਿਆਹ ਕਰਨ ਤੋਂ ਇਨਕਾਰ ਕਰ ਦਿੰਦਾ ਹੈ ਪਰ ਪਿਤਾ ਦੇ ਮਜਬੂਰ ਕਰਨ 'ਤੇ ਵਿਆਹ ਲਈ ਰਾਜ਼ੀ ਤਾਂ ਹੋ ਜਾਂਦਾ ਹੈ ਪਰ ਵਿਆਹ ਲਈ ਇਕ ਸ਼ਰਤ ਰੱਖ ਦਿੰਦਾ ਹੈ ਕਿ, "ਮੈਂ ਉਸ ਲੜਕੀ ਨਾਲ ਵਿਆਹ ਕਰਵਾਵਾਂਗਾ, ਜਿਹੜੀ ਰੋਜ਼ ਮੇਰੇ ਕੋਲੋਂ ਸਵੇਰੇ ਉੱਠ ਕੇ ਪੰਜ ਛਿੱਤਰ ਖਾਇਆ ਕਰੇ।" ਵਪਾਰੀ ਦੇ ਦੋਸਤ ਦੀ ਲੜਕੀ ਤਿਆਰ ਹੋ ਜਾਂਦੀ ਹੈ ਅਤੇ ਉਹ ਫਿਰ ਆਪਣੀ ਸਿਆਣਪ ਨਾਲ ਸਾਰਾ ਘਰ ਚਲਾਉਂਦੀ ਹੈ। ਅਜਿਹੀਆਂ ਕਹਾਣੀਆਂ 'ਚੋਂ ਮਰਦ ਦੀ ਹਉਮੈ ਤੇ ਇਸਤਰੀ ਦੇ ਤ੍ਰਿਸਕਾਰ ਦੀ ਗੱਲ ਸਾਹਮਣੇ ਆਉਂਦੀ ਹੈ।

**ਨਾਇਕ ਦਾ ਸਫ਼ਰ 'ਤੇ ਜਾਣਾ:** ਸਫ਼ਰ ਤੇ ਜਾਣਾ ਵੀ ਇਕ ਕਥਾਨਕ ਰੂੜ੍ਹੀ ਹੈ ਕਿਉਂਕਿ ਬਹੁਤੀ ਵਾਰੀ ਨਾਇਕ ਪਰਿਵਾਰ ਜਾਂ ਲੋਕਾਂ ਤੋਂ ਤੰਗ ਆ ਕੇ ਘਰੋਂ ਨਿਕਲ ਜਾਂਦਾ ਹੈ। ਕਿਸੇ ਵੇਲੇ ਤਾਂ ਕੁਝ ਨਵਾਂ ਪ੍ਰਾਪਤ ਕਰਨ ਲਈ ਵੀ ਘਰੋਂ ਨਿਕਲਣਾ ਪੈਂਦਾ ਹੈ। ਆਰਥਿਕ ਸਾਧਨਾਂ ਦੀ ਭਾਲ ਵਿੱਚ ਘਰੋਂ ਨਿਕਲ ਪੈਣਾ ਬੜਾ ਸੁਭਾਵਿਕ ਹੈ। ਰਾਂਝਾ ਵੀ ਭਾਬੀਆਂ ਦੇ ਤਾਅਨੇ-ਮਿਹਣਿਆਂ ਤੋਂ ਤੰਗ ਆ ਕੇ ਘਰੋਂ ਨਿਕਲ ਤੁਰਦਾ ਹੈ। ਰਾਜਾ ਰਸਾਲੂ ਵੀ ਆਪਣਾ ਘਰ ਛੱਡ ਕੇ ਜੋਗੀ ਹੋ ਤੁਰਦਾ ਹੈ। ਇਨ੍ਹਾਂ ਕਹਾਣੀਆਂ ਵਿੱਚ ਇਕ ਕਹਾਣੀ "ਇਸਾਰਾ ਅਤੇ ਕੈਨਸਾਰਾ ਦੀਆਂ ਚਾਲਬਾਜ਼ੀਆਂ" ਵਿੱਚ "ਇਹ ਦੋਵੇਂ ਮਿੱਤਰ ਆਪਣੀ ਗ਼ਰੀਬੀ ਤੇ ਮੰਦਹਾਲੀ ਤੋਂ ਤੰਗ ਆ ਕੇ ਆਪਣਾ ਘਰ-ਬਾਹਰ ਛੱਡ ਕੇ ਨਿਕਲ ਤੁਰਦੇ ਹਨ ਤਾਂ ਕਿ ਕਿਧਰੇ ਕੋਈ ਰੁਜ਼ਗਾਰ ਮਿਲ ਜਾਵੇ ਜਾਂ ਫਿਰ ਕਿੱਧਰੋਂ ਕੋਈ ਖ਼ਜ਼ਾਨਾ ਮਿਲ ਜਾਵੇ।"[60]

**ਉਧਾਲਾ:** ਪ੍ਰਾਚੀਨ ਸਮਾਜ ਵਿੱਚ ਉਧਾਲ ਕੇ ਇਸਤਰੀ ਨਾਲ ਵਿਆਹ ਕਰਨ ਦਾ ਰਿਵਾਜ ਰਿਹਾ ਹੈ। ਭਾਵੇਂ ਕਿ ਅੱਜ ਇਸ ਪ੍ਰਥਾ ਦਾ ਰੂਪ ਬਦਲ ਗਿਆ ਹੈ। ਇਸ ਬਾਰੇ ਚਰਨਜੀਤ ਸਿੰਘ ਗੁਮਟਾਲਾ ਲਿਖਦਾ ਹੈ ਕਿ "ਪੰਜਾਬ ਵਿੱਚ ਲਾੜੇ ਦਾ ਹੱਥ ਕਿਰਪਾਨ ਫੜ ਕੇ ਘੋੜੀ ਉੱਤੇ ਸਵਾਰ ਹੋ ਕੇ ਜੰਜ ਨਾਲ ਲਾੜੀ ਦੇ ਘਰ ਢੁੱਕਣ ਜਾਣ ਦਾ ਪ੍ਰਪੰਚ ਉਧਾਲੇ ਦਾ ਹੀ ਸੋਧਿਆ ਹੋਇਆ ਰੂਪ ਹੈ।"[61] ਉਧਾਲੇ ਵਿੱਚ ਜੋੜੇ ਨੂੰ ਸਮਾਜਕ ਤੌਰ 'ਤੇ ਪ੍ਰਵਾਨ ਨਹੀਂ ਕੀਤਾ ਜਾਂਦਾ ਹੈ। ਪਰ ਕੁੱਲੂ ਵਿੱਚ ਜੇ ਉਧਾਲਿਆ ਜੋੜਾ ਝੀਂਡ ਫੂਕ ਦੁਆਰਾ ਵਿਆਹ ਕਰ ਲਵੇ ਤਾਂ ਇਹ ਵਿਆਹ ਸਮਾਜਕ ਤੌਰ 'ਤੇ ਜਾਇਜ਼ ਮੰਨ ਲਿਆ ਜਾਂਦਾ ਹੈ। ਇਸ ਰਸਮ ਵੇਲੇ ਮੁੰਡਾ-ਕੁੜੀ ਦੋਵੇਂ ਝੀਂਡ ਨੂੰ ਅੱਗ ਲਗਾ ਕੇ ਉਸ ਦੁਆਲੇ ਇਕ-ਦੂਜੇ ਦਾ ਹੱਥ ਫੜ ਕੇ ਅੱਠ ਫੇਰੇ ਲੈਂਦੇ ਹਨ।

ਲੋਕ-ਕਹਾਣੀਆਂ ਤੇ ਪਰੀ-ਕਹਾਣੀਆਂ ਵਿੱਚ ਇਹ ਪ੍ਰਸਿੱਧ ਰੂੜ੍ਹੀ ਹੈ। ਇਸ ਸੰਗ੍ਰਹਿ ਵਿੱਚ "ਮਿਰਜ਼ਾ-ਸਾਹਿਬਾਂ ਦੀ ਪਿਆਰ ਕਹਾਣੀ" ਵਿੱਚ ਮਿਰਜ਼ਾ ਖੀਵੇ ਖ਼ਾਨ ਦੀ ਧੀ ਸਾਹਿਬਾਂ ਨੂੰ

ਵਿਆਹ ਤੋਂ ਇਕ ਦਿਨ ਪਹਿਲਾਂ ਉਧਾਲ ਕੇ ਲੈ ਜਾਂਦਾ ਹੈ। ਸਿਆਲ ਉਸ ਦਾ ਪਿੱਛਾ ਕਰਦੇ ਹਨ ਅਤੇ ਉਹ ਰਸਤੇ ਵਿੱਚ ਪੰਜਾਂ ਪੀਰਾਂ ਨੂੰ ਦਿੱਤੇ ਵਚਨ ਅਨੁਸਾਰ ਇਕ ਰੁੱਖ ਹੇਠਾਂ ਆਰਾਮ ਕਰਨ ਲੱਗਦਾ ਹੈ, ਜਿਥੇ ਸਾਹਿਬਾਂ ਵੱਲੋਂ ਉਸ ਦੇ ਤੀਰ ਤੋੜ ਦਿੱਤੇ ਜਾਂਦੇ ਹਨ ਅਤੇ ਮਿਰਜ਼ਾ ਨਿਹੱਥਾ ਹੀ ਮਾਰਿਆ ਜਾਂਦਾ ਹੈ। ਇਸ ਉਪਰੋਕਤ ਕਹਾਣੀ ਵਿੱਚ ਜਦੋਂ ਮਿਰਜ਼ਾ ਸਾਹਿਬਾਂ ਨੂੰ ਉਧਾਲ ਕੇ ਲਿਜਾ ਰਿਹਾ ਹੁੰਦਾ ਹੈ ਤਾਂ ਜ਼ੋਰ ਦੀ ਆਵਾਜ਼ ਮਾਰਦਾ ਅਤੇ ਕਹਿੰਦਾ ਹੈ ਕਿ, 'ਮੈਂ ਮਿਰਜ਼ਾ ਖ਼ਾਨ ਸਾਹਿਬਾਂ ਨੂੰ ਲੈ ਕੇ ਜਾ ਰਿਹਾ ਹਾਂ।" ਇਸ ਤਰ੍ਹਾਂ ਇਹ ਉਧਾਲਾ ਸਾਹਿਬਾਂ ਦੇ ਪਰਿਵਾਰ ਅਤੇ ਉਸ ਦੇ ਮੰਗੇਤਰ ਦੇ ਪਰਿਵਾਰ ਲਈ ਇਕ ਵੰਗਾਰ ਵੀ ਬਣ ਜਾਂਦਾ ਹੈ।

ਇਸ ਤਰ੍ਹਾਂ ਹੋਰ ਵੀ ਇਸ ਪ੍ਰਕਾਰ ਦੀਆਂ ਰੂੜ੍ਹੀਆਂ ਇਸ ਸੰਗ੍ਰਹਿ ਵਿੱਚੋਂ ਦੇਖੀਆਂ ਜਾ ਸਕਦੀਆਂ ਹਨ। ਜਿਵੇਂ ਬੁਝਾਰਤਾਂ ਬੁੱਝਣਾ, ਸਹੁੰ ਖਾਣਾ, ਵਚਨ ਕਰਨਾ ਤੇ ਪਾਲਣਾ, ਮਾਫ਼ ਕਰਨਾ ਆਦਿ।

**ਕਥਾਨਕ ਰੂੜ੍ਹੀਆਂ ਵਿੱਚ ਸਮਾਜਕ ਤੇ ਸਭਿਆਚਾਰਕ ਦ੍ਰਿਸ਼:** ਕਥਾਨਕ ਰੂੜ੍ਹੀਆਂ ਦੇ ਆਧਾਰ ਤੇ ਕਿਸੇ ਕੌਮ ਦੇ ਸਮਾਜਕ, ਸੰਸਕ੍ਰਿਤਕ ਵਿਕਾਸ ਨੂੰ ਵੇਖਿਆ ਜਾ ਸਕਦਾ ਹੈ। ਵਿਭਿੰਨ ਸੰਸਕ੍ਰਿਤੀਆਂ ਦਾ ਆਦਾਨ-ਪ੍ਰਧਾਨ ਸਭਿਆਚਾਰੀਕਰਣ ਦੁਆਰਾ ਤਬਦੀਲੀਆਂ ਵੀ ਨਜ਼ਰ ਆਉਂਦੀਆਂ ਹਨ। ਇਨ੍ਹਾਂ ਰਾਹੀਂ ਅਜਿਹੀ ਝਲਕ ਵੀ ਪੈਂਦੀ ਹੈ ਕਿ ਕਥਾਨਕ ਰੂੜ੍ਹੀਆਂ ਭਾਵੇਂ ਕਿਸੇ ਖਿੱਤੇ ਜਾਂ ਇਲਾਕੇ ਵਿੱਚ ਅਲੱਗ ਰੂਪ ਵਿੱਚ ਪਾਈਆਂ ਜਾਂਦੀਆਂ ਹੋਣ ਪਰ ਬਹੁਤ ਸਾਰੀਆਂ ਰੂੜ੍ਹੀਆਂ ਵਿਸ਼ਵ-ਪੱਧਰ ਤੇ ਸਾਂਝੀਆਂ ਮਿਲ ਜਾਂਦੀਆਂ ਹਨ।

ਇਨ੍ਹਾਂ ਰੂੜ੍ਹੀਆਂ ਦੁਆਰਾ ਕਿਸੇ ਸਮਾਜ ਦੇ ਵਿਸ਼ਵਾਸ, ਮਨੌਤਾਂ, ਧਰਮ, ਧਾਰਮਿਕ, ਗੀਤਾਂ, ਰਸਮਾਂ, ਆਪਸੀ ਸੰਬੰਧ ਤੇ ਮਿਲਵਰਤਨ, ਵਿਅਕਤੀਗਤ ਪਿਆਰ, ਪਰਿਵਾਰ ਤੇ ਪਰਿਵਾਰਕ ਇਕਾਈਆਂ, ਕੰਮ-ਧੰਦੇ, ਮੇਲੇ-ਮਸਾਦ, ਆਰਥਿਕਤਾ, ਨੈਤਿਕਤਾ ਆਦਿ ਵੇਖੇ ਜਾ ਸਕਦੇ ਹਨ ਤੇ ਇਨ੍ਹਾਂ ਦੇ ਅਧਿਐਨ ਦੇ ਆਧਾਰ 'ਤੇ ਕਿਸੇ ਕੌਮ ਦੇ ਸਮੁੱਚੇ ਵਿਅਕੀਤਗਤ ਅਤੇ ਸਮੂਹਿਕ ਵਿਕਾਸ ਬਾਰੇ ਵੀ ਜਾਣਿਆ ਜਾ ਸਕਦਾ ਹੈ। ਕਥਾਨਕ ਰੂੜ੍ਹੀਆਂ ਦੇ ਸਮਾਜ ਸ਼ਾਸਤਰੀ ਅਧਿਐਨ ਬਾਰੇ ਡਾ. ਕੰਵਲਜੀਤ ਕੌਰ ਗਰੋਵਰ ਦਾ ਵਿਚਾਰ ਹੈ ਕਿ "ਕਥਾਨਕ ਰੂੜ੍ਹੀਆਂ ਦੇ ਸਮਾਜ-ਸ਼ਾਸਤਰੀ ਅਧਿਐਨ ਦਾ ਵੀ ਬਹੁਤ ਮਹੱਤਵ ਹੈ। ਵਿਭਿੰਨ ਯੁੱਗਾਂ ਦੇ ਸਮਾਜਕ ਸੰਬੰਧਾਂ, ਲੋਕ-ਵਿਸ਼ਵਾਸਾਂ, ਰੀਤੀ ਰਿਵਾਜ ਅਤੇ ਸੰਸਕ੍ਰਿਤਕ ਪ੍ਰਵਿਰਤੀਆਂ ਇਨ੍ਹਾਂ ਕਥਾਨਕ ਰੂੜ੍ਹੀਆਂ ਵਿੱਚ ਮੌਜੂਦ ਹੁੰਦੀਆਂ ਹਨ। ਕਥਾਨਕ ਰੂੜ੍ਹੀਆਂ ਵਿੱਚ ਇਹ ਸਾਰੇ ਪੱਖ ਅਭਿਵਿਅਕਤ ਹੁੰਦੇ ਹਨ ਅਤੇ ਪਰੰਪਰਾ ਜਾਂ ਰੂੜ੍ਹੀ ਦੇ ਰੂਪ ਵਿੱਚ ਪ੍ਰਚੱਲਤ ਰਹਿੰਦੇ ਹਨ। ਇਸ ਤਰ੍ਹਾਂ ਇਨ੍ਹਾਂ ਕਥਾਨਕ ਰੂੜ੍ਹੀਆਂ ਤੋਂ ਸਾਂਸਕ੍ਰਿਤਕ ਮੁੱਲਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।"[62]

ਉਪਰੋਕਤ ਪੁਸਤਕਾਂ ਵਿੱਚ ਪ੍ਰਸਤੁਤ ਕਥਾਨਕ ਰੂੜ੍ਹੀਆਂ ਦੇ ਆਧਾਰ 'ਤੇ ਵੇਖਿਆ ਜਾ ਸਕਦਾ ਹੈ ਕਿ ਉਹ ਸਮਾਂ ਮੱਧਕਾਲ ਦਾ ਸੀ। ਸਭਿਆਚਾਰਕ ਤੌਰ 'ਤੇ ਇਕ ਸਾਂਝਾ ਸਭਿਆਚਾਰ ਮੌਜੂਦ ਸੀ, ਜਿਸ ਵਿੱਚ ਵੱਖ-ਵੱਖ ਕੌਮਾਂ ਦੇ ਲੋਕ ਆਪਸੀ ਭਾਈਚਾਰੇ ਤੇ ਪਿਆਰ ਨਾਲ ਰਹਿੰਦੇ ਸਨ। ਕਈਆਂ ਕਹਾਣੀਆਂ ਵਿੱਚ ਜੇਕਰ ਸਵਿਨਰਟਨ ਦੀ ਗੱਲ ਹੀ ਮੰਨ ਲਈਏ ਤਾਂ ਅੰਗਰੇਜ਼ੀ ਹਕੂਮਤ ਦੇ ਆਉਣ ਤੋਂ ਪਹਿਲਾਂ ਵੀ ਈਸਾਈ ਮੱਤ ਦਾ ਪੰਜਾਬ ਵਿੱਚ ਪ੍ਰਚਲਨ ਹੋ ਗਿਆ ਸੀ ਅਤੇ ਇਹ ਮੱਧਕਾਲ ਵਿੱਚ ਹੀ ਆਪਣੇ ਪੈਰ ਮਜ਼ਬੂਤ ਕਰ ਚੁੱਕਾ ਸੀ ਕਿਉਂਕਿ ਸਵਿਨਰਟਨ ਤਾਂ "ਹੀਰ ਰਾਂਝੇ ਦੀ ਪਿਆਰ ਕਹਾਣੀ" ਨੂੰ ਇਸ ਤਰ੍ਹਾਂ ਬਿਆਨ ਕਰ ਰਿਹਾ ਹੈ ਕਿ ਹੀਰ ਯਿਸੂ-ਮਸੀਹ ਦੀ ਭਗਤਣੀ ਸੀ। ਪਰ ਕਿਉਂਕਿ ਇਹ ਗੱਲ ਸਹੀ ਨਾ ਹੋਣ ਕਰਕੇ ਪੰਜਾਬੀ ਪਾਠਕਾਂ ਤੇ

ਆਲੋਚਕਾਂ ਦੇ ਸੰਘੋਂ ਥੱਲੇ ਨਹੀਂ ਸੀ ਉਤਰ ਸਕਦੀ। ਇਸ ਕਾਰਨ ਇਸ ਗੱਲ ਵੱਲ ਕਿਸੇ ਵਿਦਵਾਨ ਜਾਂ ਆਲੋਚਕ ਨੇ ਧਿਆਨ ਨਹੀਂ ਦਿੱਤਾ। ਮੁਸਲਮਾਨਾਂ ਦਾ ਚੰਗਾ ਦੌਰ ਇਨ੍ਹਾਂ ਕਹਾਣੀਆਂ ਵਿੱਚ ਮਿਲਦਾ ਹੈ ਕਿਉਂਕਿ ਪੀਰ, ਪਰਿਵਾਰਕ ਪੀਰ, ਪਿੰਡ ਦੇ ਪੀਰ, ਪੰਜ ਪੀਰ, ਖਵਾਜਾ ਖਿਜ਼ਰ ਦੀ ਮੰਨਤਾ ਪੂਰੇ ਜ਼ੋਰਾਂ ਉਤੇ ਸੀ। ਬਹੁਤ ਸਾਰੀਆਂ ਕਹਾਣੀਆਂ ਵਿੱਚ ਇਨ੍ਹਾਂ ਪੀਰਾਂ ਦੀ ਮੌਜੂਦਗੀ ਤੋਂ ਬਿਨਾਂ ਕਹਾਣੀ ਅੱਗੇ ਹੀ ਨਹੀਂ ਤੁਰਦੀ। ਪਰ ਇਸ ਤਰ੍ਹਾਂ ਲੱਗਦਾ ਹੈ ਕਿ ਇਨ੍ਹਾਂ ਦੀ ਮੰਨਤਾ ਸਾਰੇ ਪੰਜਾਬੀ ਕਰਨ ਲੱਗ ਪਏ ਸਨ।

ਸਾਂਝੇ ਸਭਿਆਚਾਰ ਵਿੱਚ ਹਿੰਦੂ-ਮੁਸਲਮਾਨਾਂ ਦਾ ਆਪਸੀ ਪਿਆਰ ਵੀ ਵੇਖਿਆ ਜਾ ਸਕਦਾ ਹੈ। "ਇਸਾਰਾ ਤੇ ਕੈਨੀਸਾਰਾ ਦੀਆਂ ਚਾਲਬਾਜ਼ੀਆਂ" ਵਿੱਚ ਲੋਕਾਂ ਦਾ ਮਿਲਵਰਤਨ ਦਾ ਰਿਸ਼ਤਾ ਵੀ ਨਹੀਂ ਸਗੋਂ ਆਪਸੀ ਕਾਰੋਬਾਰ ਵੀ ਸਾਂਝਾ ਸੀ। ਇਸਾਰਾ ਹਿੰਦੂ ਤੇ ਕੈਨੀਸਾਰਾ ਮੁਸਲਮਾਨ ਸਨ ਪਰ ਦੋਵੇਂ ਸਾਂਝਾ ਉੱਦਮ ਕਰ ਕੇ ਸਾਂਝੇ ਵਪਾਰ ਲਈ ਤਿਆਰ ਹੁੰਦੇ ਹਨ ਅਤੇ ਘਰੋਂ ਤੁਰ ਪੈਂਦੇ ਹਨ।

ਇਨ੍ਹਾਂ "ਰੋਮਾਂਟਿਕ ਟੇਲਜ਼ ਫਰਾਮ ਦਾ ਪੰਜਾਬ" ਵਿਚਲੇ ਪਾਤਰਾਂ ਦਾ ਅਧਿਐਨ ਕਰੀਏ ਤਾਂ ਸਾਨੂੰ ਹਿੰਦੂ ਤੇ ਮੁਸਲਮਾਨ ਦੋਵੇਂ ਤਰ੍ਹਾਂ ਦੇ ਪਾਤਰ ਮਿਲਦੇ ਹਨ ਪਰ ਇਨ੍ਹਾਂ ਵਿੱਚ ਪੰਜ ਪੀਰਾਂ, ਦਿਓਆਂ, ਸ਼ੈਤਾਨ, ਰਾਜੇ-ਰਾਣੀਆਂ, ਪੰਛੀਆਂ ਦੇ ਵਿਹਾਰ ਤੋਂ ਪਤਾ ਲੱਗਦਾ ਹੈ ਕਿ ਇਹ ਸਮਾਂ ਅੰਗਰੇਜ਼ਾਂ ਦੇ ਪੰਜਾਬ ਵਿੱਚ ਕਬਜ਼ਾ ਕਰਨ ਤੋਂ ਪਹਿਲਾਂ ਦਾ ਹੈ, ਜਦੋਂ ਪੰਜਾਬ ਵਿੱਚ ਮੁਸਲਮਾਨਾਂ ਦਾ ਰਾਜ ਸੀ।

ਇਸ ਸਭਿਆਚਾਰ ਵਿੱਚ ਆਰਥਿਕਤਾ ਦਾ ਮੂਲ ਆਧਾਰ ਜ਼ਮੀਨ ਸੀ ਅਤੇ ਖੇਤੀਬਾੜੀ ਮੁੱਖ ਧੰਦਾ ਸੀ। "ਹੀਰ ਤੇ ਰਾਂਝੇ ਦੀ ਪਿਆਰ ਕਹਾਣੀ" ਵਿੱਚ ਰਾਂਝੇ ਦੇ ਭਰਾ-ਪਿਉ ਦੇ ਮਰਨ ਤੋਂ ਬਾਅਦ ਉਸ ਨੂੰ ਪਥਰੀਲੀ ਤੇ ਮਾੜੀ ਜ਼ਮੀਨ ਦੇ ਦਿੰਦੇ ਹਨ। ਇਹ ਵੀ ਨਜ਼ਰ ਆਉਂਦਾ ਹੈ ਕਿ ਜ਼ਮੀਨ-ਜਾਇਦਾਦ ਦੀ ਵੰਡ ਕੀਤੀ ਜਾਂਦੀ ਸੀ ਅਤੇ ਭਾਬੀਆਂ ਜਾਂ ਵੱਡਿਆਂ ਭਰਾਵਾਂ ਦੀਆਂ ਤੀਵੀਆਂ ਇਹ ਨਹੀਂ ਚਾਹੁੰਦੀਆਂ ਸਨ ਕਿ ਉਨ੍ਹਾਂ ਦੀ ਜ਼ਮੀਨ ਵੰਡੀ ਜਾਵੇ। ਪਰ ਇਨ੍ਹਾਂ ਕਹਾਣੀਆਂ ਵਿੱਚ ਜ਼ਮੀਨ ਤੇ ਖੇਤੀਬਾੜੀ ਨਾਲੋਂ ਹਟ ਕੇ ਵੀ ਕੁਝ ਕਾਰੋਬਾਰ ਕਰਨ ਦਾ ਜ਼ਿਕਰ ਕੀਤਾ ਗਿਆ ਹੈ, ਜਿਵੇਂ ਵਪਾਰ ਕਰਨ ਦਾ। ਵਪਾਰ ਦਾ ਯੁੱਗ ਇਨਸਾਨ ਦੀ ਤਰੱਕੀ ਦਾ ਖੇਤੀਬਾੜੀ ਤੋਂ ਬਾਅਦ ਅਗਲਾ ਯੁੱਗ ਹੈ। ਇਸ ਦਾ ਅਰਥ ਹੈ ਕਿ ਉਸ ਸਮੇਂ ਖੇਤੀਬਾੜੀ ਨਾਲੋਂ ਲੋਕ ਥੋੜ੍ਹਾ ਅੱਗੇ ਵੀ ਵਧ ਗਏ ਸਨ। ਇਸ ਦੇ ਨਾਲ ਹੀ ਛੋਟੇ ਧੰਦੇ ਜਿਵੇਂ ਲੁਹਾਰਾ, ਤਰਖਾਣਾ, ਸੁਨਿਆਰਾ, ਤੇਲੀਆਂ ਆਦਿ ਦਾ ਜ਼ਿਕਰ ਵੀ ਮਿਲਦਾ ਹੈ।

ਧਾਰਮਿਕ ਪੱਧਰ 'ਤੇ ਲੋਕ ਜਿੱਥੇ ਸਥਾਨਕ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ ਉਥੇ ਹਿੰਦੂ-ਮੁਸਲਮਾਨਾਂ ਵਿੱਚ ਵੀ ਵੰਡੇ ਗਏ ਸਨ। ਉਦੋਂ ਤੱਕ ਇਸਾਈਅਤ ਦਾ ਪ੍ਰਚਾਰ ਸ਼ੁਰੂ ਨਹੀਂ ਸੀ ਪਰ ਸਵਿਨਰਟਨ ਦੀ ਇਸ ਧਰਮ ਪ੍ਰਤੀ ਨਿਸ਼ਠਾ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ ਹੈ ਕਿ ਈਸਾਈ ਧਰਮ ਵੀ ਉਸ ਸਮੇਂ ਪ੍ਰਚੱਲਿਤ ਸੀ। ਵੈਸੇ ਵੀ ਯਿਸੂ ਮਸੀਹ ਤੇ ਵਿਸ਼ਵਾਸ ਕਰਨ ਵਾਲੇ ਕਿਸੇ ਹੋਰ ਦੇਵੀ-ਦੇਵਤੇ ਨੂੰ ਮੰਨਦੇ ਨਹੀਂ। ਪਰ ਇਨ੍ਹਾਂ ਕਹਾਣੀਆਂ ਵਿੱਚ ਮੁਸਲਮਾਨ ਪਾਤਰ ਤੇ ਮੁਸਲਮਾਨੀ ਸਭਿਆਚਾਰ ਜ਼ਿਆਦਾ ਉੱਘੜ ਕੇ ਸਾਹਮਣੇ ਆਇਆ ਹੈ। ਪੰਜਾਬ ਅੰਦਰ ਸਿੱਖਾਂ ਦਾ ਉਸ ਸਮੇਂ ਕੋਈ ਜ਼ਿਕਰ ਨਹੀਂ ਮਿਲਦਾ।

ਪਰ ਇਕ ਗੱਲ ਸਪੱਸ਼ਟ ਹੈ ਕਿ ਲੋਕ ਪਰਾਸਰੀਰਕ ਸ਼ਕਤੀਆਂ ਵਿੱਚ ਅਟੱਲ ਵਿਸ਼ਵਾਸ ਰੱਖਦੇ ਸਨ ਅਤੇ ਇਹ ਵੀ ਆਸ ਕਰਦੇ ਸਨ ਕਿ ਉਹ ਕੋਈ ਕਰਿਸ਼ਮਾ ਜਾਂ ਚਮਤਕਾਰ ਕਰ ਕੇ

ਵਿਖਾਉਣਗੀਆਂ। ਇਸੇ ਕਰ ਕੇ ਬਹੁਤ ਸਾਰੀਆਂ ਕਹਾਣੀਆਂ ਵਿੱਚ ਤਾਂ ਪੀਰਾਂ, ਫ਼ਕੀਰਾਂ ਦੇ ਵਰਦਾਨ ਨਾਲ ਹੀ ਬੱਚੇ ਪੈਦਾ ਹੁੰਦੇ ਹਨ। ਦੈਵੀ ਸ਼ਕਤੀਆਂ ਕਈ ਪ੍ਰਕਾਰ ਦੇ ਕੰਮ ਕਰਦੀਆਂ ਹਨ। ਇਥੋਂ ਤੱਕ ਕਿ ਕਿਸੇ ਨੂੰ ਸੁਪਨੇ ਵਿੱਚ ਹੀ ਦਰਸ਼ਨ ਦੇ ਕੇ ਉਸ ਨੂੰ ਕਿਸੇ ਕੰਮ ਬਾਰੇ ਕਹਿ ਦਿੱਤਾ ਜਾਂਦਾ ਹੈ। ਪਸ਼ੂ-ਪੰਛੀਆਂ ਦਾ ਵਿਹਾਰ ਅੱਜ ਵਾਂਗ ਨਾ ਹੋ ਕੇ ਵਿਅਕਤੀ ਲਈ ਬੜਾ ਸਹਾਇਕ ਤੇ ਲਾਹੇਵੰਦ ਹੁੰਦਾ ਸੀ। ਉਹ ਮਨੁੱਖੀ ਵਿਹਾਰ ਕਰਦੇ, ਬੋਲਦੇ,ਵਚਨ ਦਿੰਦੇ, ਪਾਲਦੇ ਦੱਸੇ ਗਏ ਹਨ।

ਸਮਾਜਕ ਤੌਰ 'ਤੇ ਭਾਵੇਂ ਸਮਾਜ ਛੋਟੇ-ਛੋਟੇ ਫ਼ਿਰਕਿਆਂ ਵਿੱਚ ਵੀ ਵੰਡਿਆ ਹੋਇਆ ਸੀ ਅਤੇ ਜਾਤਾਂ ਬਰਾਦਰੀਆਂ ਦਾ ਬੋਲਬਾਲਾ ਵੀ ਸੀ। ਆਪਸੀ ਰਿਸ਼ਤੇ-ਨਾਤਿਆਂ ਦੇ ਸਮੇਂ ਇਨ੍ਹਾਂ ਜਾਤਾਂ-ਬਰਾਦਰੀਆਂ ਦਾ ਖ਼ਾਸ ਖ਼ਿਆਲ ਰੱਖਿਆ ਜਾਂਦਾ ਸੀ। ਜਿਵੇਂ ਕਿ "ਮਿਰਜ਼ਾ-ਸਾਹਿਬਾਂ ਦੀ ਪਿਆਰ ਕਹਾਣੀ" ਵਿੱਚ ਸਾਹਿਬਾਂ ਦੀ ਮਾਂ ਮਿਰਜ਼ੇ ਨੂੰ ਆਖਦੀ ਹੈ ਕਿ ਸਾਡਾ ਰਿਸ਼ਤਾ ਬਣਦਾ ਨਹੀਂ ਕਿਉਂਕਿ "ਤੂੰ ਖਰਲ ਹੈਂ ਅਤੇ ਅਸੀਂ ਸਿਆਲ।"[63]

ਪਰ ਇਸ ਨਾਲੋਂ ਵੀ ਵੱਡੀ ਵੰਡ ਆਰਥਿਕ ਆਧਾਰ 'ਤੇ ਸੀ ਜੋ ਅਮੀਰ ਤੇ ਗ਼ਰੀਬਾਂ ਦੀ ਸੀ। ਜਿਸ ਦੀ ਮਿਸਾਲ ਸਾਨੂੰ "ਹੀਰ ਤੇ ਰਾਂਝੇ ਦੀ ਪਿਆਰ ਕਹਾਣੀ" ਵਿੱਚੋਂ ਮਿਲਦੀ ਹੈ। ਜਦੋਂ ਰਾਂਝੇ ਨੂੰ ਆਪਣੇ ਬਾਪ ਨਾਲ ਮਿਲਵਾਉਂਦੀ ਹੈ ਤਾਂ ਆਖਦੀ ਹੈ ਕਿ "ਪਿਤਾ ਜੀ ਮੈਂ ਇਕ ਨੌਕਰ ਤੇਰੇ ਲਈ ਲਿਆਂਦਾ ਹੈ, ਇਹ ਮੱਝਾਂ ਚਾਰੇਗਾ। ਉਸ ਨੂੰ ਇਕ ਖੱਦਰ ਦਾ ਕੱਪੜਾ (ਪੱਕਾ) ਅਤੇ ਅੱਠ ਗਜ਼ ਦਾ ਕੰਬਲ ਦੇ ਦਿੱਤਾ ਹੈ। ਹੁਣ ਉਹ ਬਾਰ੍ਹਾਂ ਸਾਲ ਤੱਕ ਤੁਹਾਡੇ ਕੋਲੋਂ ਕੁਝ ਨਹੀਂ ਮੰਗੇਗਾ।"[64] ਇਸ ਤਰ੍ਹਾਂ ਗ਼ਰੀਬ ਮਜ਼ਦੂਰ ਦੀ ਹਾਲਤ ਬਹੁਤ ਹੀ ਤਰਸਯੋਗ ਦੱਸੀ ਗਈ ਹੈ।

ਨਿੱਜੀ ਪਿਆਰ ਦੀ ਪ੍ਰਬਲ ਇੱਛਾ ਮੌਜੂਦ ਸੀ। ਜਿਸ ਵਿੱਚ ਪਿਆਰ ਲਈ ਪਾਗਲ ਹੋਣਾ ਜਾਂ ਪਿਆਰ ਵਿੱਚ ਮਰ ਜਾਣ ਲਈ ਤਿਆਰ ਹੋਣਾ ਵੀ ਮਿਲਦਾ ਹੈ। ਹੀਰ ਰਾਂਝੇ ਦੀ ਪਿਆਰ ਕਹਾਣੀ ਵਿੱਚ ਰਾਂਝਾ ਹੀਰ ਦੇ ਪਿਆਰ ਵਿੱਚ ਪਾਗ਼ਲ ਤੱਕ ਹੋ ਜਾਂਦਾ ਹੈ ਅਤੇ ਮਿਰਜ਼ਾ ਸਾਹਿਬਾਂ ਦੀ ਪਿਆਰ ਕਹਾਣੀ ਵਿੱਚ ਮਿਰਜ਼ਾ ਪਿਆਰ ਦੀ ਇੰਤਹਾ ਤੱਕ ਪਹੁੰਚਦਾ ਹੈ ਅਤੇ ਜਾਣਦਿਆਂ ਹੋਇਆਂ ਵੀ ਕਿ ਉਨ੍ਹਾਂ ਨਾਲ ਨਾ ਤਾਂ ਸਾਡਾ ਮੇਲ ਹੈ ਅਤੇ ਨਾ ਹੀ ਜ਼ੋਰ। ਪਰ ਉਹ ਸਾਹਿਬਾਂ ਨੂੰ ਕੱਢ ਕੇ ਵੰਗਾਰਦਾ ਹੈ ਅਤੇ ਫਿਰ ਇਕ ਰੁੱਖ ਥੱਲੇ ਆਰਾਮ ਕਰਦਾ ਹੋਇਆ ਸਾਹਿਬਾਂ ਦੇ ਭਰਾਵਾਂ ਹੱਥੋਂ ਮਾਰਿਆ ਜਾਂਦਾ ਹੈ।

ਇਸਤਰੀ ਦੀ ਦਸ਼ਾ ਸੁਤੰਤਰਤਾ ਵਾਲੀ ਨਹੀਂ ਸਗੋਂ ਗ਼ੁਲਾਮੀ ਵਾਲੀ ਸੀ। ਉਸ ਕੋਲ ਕੋਈ ਵਿਸ਼ੇਸ਼ ਅਧਿਕਾਰ ਨਹੀਂ ਸਨ। ਇਕ ਆਦਮੀ ਕਈ-ਕਈ ਵਿਆਹ ਕਰ ਸਕਦਾ ਸੀ। ਔਰਤ ਨੂੰ ਸਿਰਫ਼ ਜਾਇਦਾਦ ਦੇ ਤੌਰ 'ਤੇ ਵੇਖਿਆ ਜਾਂਦਾ ਸੀ। ਪਰ ਇਨ੍ਹਾਂ ਕਹਾਣੀਆਂ ਵਿੱਚ ਔਰਤ ਦੀ ਸਿਆਣਪ ਅਤੇ ਸੂਝ ਦਾ ਪ੍ਰਗਟਾਵਾ ਵੀ ਹੋਇਆ ਹੈ ਤੇ ਨਾਲ ਹੀ ਔਰਤ ਦੀ ਬੇਵਫ਼ਾਈ ਦਾ ਵੀ।

ਨੈਤਿਕ ਪੱਧਰ 'ਤੇ ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਗ਼ਰੀਬੀ, ਬੇਰੁਜ਼ਗਾਰੀ, ਚੋਰੀ, ਠੱਗੀ, ਫਰੇਬ, ਉਧਾਲਾ, ਮੱਕਾਰੀ ਆਦਿ ਪ੍ਰਚੱਲਤ ਸਨ।

ਇਸ ਤਰ੍ਹਾਂ ਇਨ੍ਹਾਂ ਕਥਾਨਕ ਰੂੜ੍ਹੀਆਂ ਦੇ ਆਧਾਰ 'ਤੇ ਜਦੋਂ ਅਸੀਂ ਸਮਾਜਕ ਤੇ ਸਭਿਆਚਾਰਕ ਸਮਾਜ ਬਾਰੇ ਵਿਚਾਰ ਕਰਦੇ ਹਾਂ ਤਾਂ ਸਾਡੇ ਸਾਹਮਣੇ ਲੋਕ ਕਥਾਵਾਂ ਦੇ ਸਮੇਂ ਸਮਾਜ, ਉਸ ਦੀ ਵਰਤੋਂ-ਵਿਹਾਰ, ਕਦਰਾਂ-ਕੀਮਤਾਂ ਆਦਿ ਦੀ ਭਰਪੂਰ ਪ੍ਰਸਤੁਤੀ ਨਜ਼ਰ ਆਉਂਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਚਾਰਲਸ ਸਵਿਨਰਟਨ, ਰੁਮਾਂਟਿਕ ਟੇਲਜ਼ ਫਰਾਮ ਦਾ ਪੰਜਾਬ, ਪੰਨਾ 19.
2. ਵਣਜਾਰਾ ਬੇਦੀ, ਲੋਕ ਹੀਰ ਰਾਜਾ ਰਸਾਲੂ, ਪੰਨਾ 3.
3. ਜਰਨਲ ਆਫ਼ ਐਸ਼ੀਆਟਿਕ ਸੁਸਾਇਟੀ (ਬੰਗਾਲ), 1854.
4. ਵਣਜਾਰਾ ਬੇਦੀ, ਲੋਕ ਹੀਰ ਰਾਜਾ ਰਸਾਲੂ, ਪੰਨਾ 17.
5. ਚਾਰਲ ਸਵਿਨਰਟਨ, ਫੋਰ ਲੀਜੰਡ ਆਫ ਕਿੰਗ ਰਸਾਲੂ ਆਫ ਸਿਆਲਕੋਟ, ਕਹਾਣੀ ਨੰਬਰ 1, ਪੰਨਾ 129.
6. ਉਹੀ, ਪੰਨਾ 129.
7. ਉਹੀ, ਪੰਨਾ 131.
8. ਵਣਜਾਰਾ ਬੇਦੀ, ਲੋਕ ਬੀਰ ਰਾਜਾ ਰਸਾਲੂ, ਪੰਨਾ 91.
9. ਚਾਰਲਸ ਸਵਿਨਰਟਨ, ਫੋਰ ਲੀਜੰਡ ਆਫ ਕਿੰਗ ਰਸਾਲੂ ਆਫ਼ ਸਿਆਲਕੋਟ, ਪੰਨਾ 133.
10. ਵਣਜਾਰਾ ਬੇਦੀ, ਲੋਕ ਬੀਰ ਰਾਜਾ ਰਸਾਲੂ, ਪੰਨਾ 139.
11. ਉਹੀ, ਪੰਨਾ 139.
12. ਉਹੀ, ਪੰਨਾ 154.
13. ਚਾਰਲਸ ਸਵਿਨਰਟਨ, ਫੋਰ ਲੀਜੰਡਸ ਆਫ਼ ਕਿੰਗ ਰਸਾਲੂ ਆਫ਼ ਸਿਆਲਕੋਟ
14. ਵਣਜਾਰਾ ਬੇਦੀ, ਲੋਕ ਬੀਰ ਰਾਜਾ ਰਸਾਲੂ, ਪੰਨੇ 193-94
15. ਸਵਿਨਰਟਨ ਚਾਰਲਸ, ਐਡਵੈਂਟਰਜ਼ ਆਫ ਪੰਜਾਬ ਹੀਰੋ ਰਾਜਾ ਰਸਾਲੂ, ਭੂਮਿਕਾ ਪੰਨਾ 3.
16. ਉਹੀ, ਪੰਨਾ 5.
17. ਵਣਜਾਰਾ ਬੇਦੀ, ਲੋਕ ਬੀਰ ਰਾਜਾ ਰਾਸਲੂ, ਪੰਨਾ 3.
18. ਸੁਤਿੰਦਰ ਸਿੰਘ ਨੂਰ (ਸੰਪਾ.), ਲੋਕਯਾਨ ਸਾਹਿਤ ਤੇ ਸਭਿਆਚਾਰ, ਪੰਨਾ 30.
19. ਚਾਰਲ ਸਵਿਨਰਟਨ, ਐਡਵੈਂਚਰਜ ਆਫ ਪੰਜਾਬ ਹੀਰੋ ਰਾਜਾ ਰਸਾਲੂ (ਸ਼ੈਰਿਫ ਦੀ ਕਥਾ)
20. ਵਣਜਾਰਾ ਬੇਦੀ, ਲੋਕ ਬੀਰ ਰਾਜਾ ਰਸਾਲੂ, ਪੰਨਾ 4.
21. ਚਾਰਲਸ ਸਵਿਨਰਟਨ, ਐਡਵੈਚਰਜ ਆਫ ਪੰਜਾਬ ਹੀਰੋ ਰਾਜਾ ਰਸਾਲੂ, ਪੰਨਾ 7.
22. ਉਹੀ, ਪੰਨਾ 7.
23. ਉਹੀ, ਪੰਨਾ 7
24. ਉਹੀ (ਸ਼ੈਰਿਫ ਦੀ ਕਥਾ ਵਿੱਚੋਂ)
25. ਉਹੀ (ਸ਼ੈਰਿਫ ਦੀ ਕਥਾ ਵਿੱਚੋਂ)
26. ਉਹੀ, ਪੰਨਾ 10.
27. ਉਹੀ, ਪੰਨਾ 19.
28. ਚਾਰਲਸ ਸਵਿਨਰਟਨ, ਰੋਮਾਂਟਿਕ ਟੇਲਜ਼ ਫਰਾਮ ਦਾ ਪੰਜਾਬ, ਭੂਮਿਕਾ, ਪੰਨਾ 9.
29. ਉਹੀ, ਭੂਮਿਕਾ, ਪੰਨਾ 18.

30. ਉਹੀ, ਭੂਮਿਕਾ, ਪੰਨਾ 18.
31. ਉਹੀ, ਪੰਨਾ 19.
32. ਉਹੀ, ਭੂਮਿਕਾ ਪੰਨਾ 19
33. ਉਹੀ, ਪੰਨਾ 10.
34. ਉਹੀ, ਪੰਨਾ 10.
35. ਗੁਰਮੀਤ ਸਿੰਘ ਲੇਖ 'ਪੰਜਾਬ ਦੇ ਲੋਕ ਵਿਸ਼ਵਾਸ' ਲਾਜ਼ਮੀ ਪੰਜਾਬੀ, ਪੰਨਾ 63.
36. ਕਰਤਾਰ ਸਿੰਘ ਚਾਵਲਾ, ਪੰਜਾਬੀ ਲੋਕਯਾਨ ਅਤੇ ਸਭਿਆਚਾਰ ਪੰਨਾ 81.
37. ਉਹੀ, ਪੰਨਾ 51.
38. ਚਾਰਲਸ ਸਵਿਨਰਟਨ, ਰੁਮਾਂਟਿਕ ਟੇਲਜ਼ ਫਰਾਮ ਪੰਜਾਬ, ਪੰਨਾ 13.
39. ਉਹੀ, ਪੰਨਾ 329.
40. ਉਹੀ, ਪੰਨੇ 18-19.
41. ਪਵਿੱਤਰ ਬਾਈਬਲ
42. ਪਵਿੱਤਰ ਬਾਈਬਲ
43. ਚਾਰਲਸ ਸਵਿਨਰਟਨ, ਰੁਮਾਂਟਿਕ ਟੇਲਜ਼ ਫਰਾਮ ਦਾ ਪੰਜਾਬ, ਪੰਨਾ 37.
44. ਚਰਨਜੀਤ ਸਿੰਘ ਗੁਮਟਾਲਾ, ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜ੍ਹੀਆਂ, ਪੰਨੇ 65-66.
45. ਚਾਰਲਸ ਸਵਿਨਰਟਨ, ਰੁਮਾਂਟਿਕ ਟੇਲਜ਼ ਫਰਾਮ ਦਾ ਪੰਜਾਬ, ਪੰਨਾ 30.
46. ਉਹੀ, ਪੰਨਾ 19.
47. ਉਹੀ, ਪੰਨਾ 17.
48. ਉਹੀ, ਪੰਨਾ 24.
49. ਉਹੀ, ਪੰਨਾ 252.
50. ਉਹੀ, ਪੰਨਾ 322.
51. ਉਹੀ, ਪੰਨਾ 351.
52. ਉਹੀ, ਪੰਨਾ 340.
53. ਉਹੀ, ਪੰਨੇ 292-293.
54. ਉਹੀ, ਭੂਮਿਕਾ, ਪੰਨਾ 31.
55. ਉਹੀ, ਪੰਨਾ 18.
56. ਉਹੀ, ਪੰਨੇ 265-66.
57. ਉਹੀ, ਪੰਨਾ 264.
58. ਉਹੀ, ਪੰਨੇ 230-37.
59. ਉਹੀ, ਪੰਨੇ 2-3.
60. ਉਹੀ, ਪੰਨਾ 217.
61. ਚਰਨਜੀਤ ਸਿੰਘ ਗੁਮਟਾਲਾ, ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜ੍ਹੀਆਂ, ਪੰਨਾ 184.
62. ਕੰਵਲਜੀਤ ਗਰੋਵਰ, ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿੱਚ ਕਥਾਨਕ ਰੂੜ੍ਹੀਆਂ, ਪੰਨਾ 253.
63. ਸਵਿਨਰਟਨ ਚਾਰਲਸ, ਰੁਮਾਂਟਿਕ ਟੇਲਜ਼ ਫਰਾਮ ਦਾ ਪੰਜਾਬ, ਪੰਨਾ 518.
64. ਉਹੀ, ਪੰਨਾ 17.

# ਅਧਿਆਇ ਛੇਵਾਂ

# ਫਲੋਰਾ ਐਨੀ ਸਟੀਲ ਤੇ ਪੰਜਾਬੀ ਲੋਕਧਾਰਾ

ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ, ਅਧਿਐਨ ਤੇ ਮੁਲਾਂਕਣ ਵਿੱਚ ਜਿਨ੍ਹਾਂ ਅੰਗਰੇਜ਼ ਵਿਦਵਾਨਾਂ ਦਾ ਨਾਂ ਲਿਆ ਜਾਂਦਾ ਹੈ, ਉਨ੍ਹਾਂ ਵਿੱਚ ਪ੍ਰਸਿੱਧ ਅੰਗਰੇਜ਼ ਵਿਦਵਾਨ ਫਲੋਰਾ ਐਨੀ ਸਟੀਲ ਦਾ ਨਾਂ ਪ੍ਰਮੁੱਖ ਵਿਦਵਾਨਾਂ ਵਿੱਚ ਆਉਂਦਾ ਹੈ। ਉਸ ਨੇ ਦੂਸਰੇ ਅੰਗਰੇਜ਼ ਵਿਦਵਾਨਾਂ ਨਾਲ ਮਿਲ ਕੇ ਵੀ ਕੰਮ ਕੀਤਾ ਤੇ ਵਿਅਕਤੀਗਤ ਤੌਰ 'ਤੇ ਵੀ। ਇਸ ਵਿਦਵਾਨ ਦੀ ਜੀਵਨੀ ਬਾਰੇ ਹੋਰ ਤਾਂ ਬਹੁਤਾ ਕੁਝ ਪ੍ਰਾਪਤ ਨਹੀਂ ਪਰ ਉਸ ਦਾ ਜਨਮ 2 ਅਪ੍ਰੈਲ 1847 ਨੂੰ ਮਡਬਰੀ ਮਾਰਕ ਹੈਰੋ ਵਿੱਚ ਹੋਇਆ। ਜਨਮ ਤੋਂ ਹੀ ਉਹ ਬੜੇ ਤੇਜ਼ ਦਿਮਾਗ਼ ਦੀ ਸੀ। ਉਸ ਦੇ ਪੰਜ ਬੱਚੇ ਸਨ, ਅਤੇ ਉਹ ਆਪਣੇ ਪਤੀ ਨਾਲ ਹੀ ਭਾਰਤ ਵਿੱਚ ਲੰਮਾ ਸਮਾਂ ਰਹੀ ਅਤੇ ਇੱਥੋਂ ਦੇ ਵੱਖ-ਵੱਖ ਥਾਵਾਂ 'ਤੇ ਰਹਿ ਕੇ ਉਸ ਨੇ ਭਾਰਤੀ ਜ਼ਿੰਦਗੀ ਨੂੰ ਬੜੇ ਨੇੜੇ ਤੋਂ ਤੱਕਿਆ।

ਉਸ ਦੇ ਭਾਰਤੀ ਪ੍ਰਵਾਸ ਦੇ ਦੌਰਾਨ ਹੀ ਲੋਕਧਾਰਾ ਦੇ ਇਕੱਤਰੀਕਰਨ ਦਾ ਦੌਰ ਚੱਲਿਆ। ਸਟੀਲ ਮੂਲ ਰੂਪ ਵਿੱਚ ਨਾਵਲਕਾਰ ਸੀ, ਅਤੇ ਲਗਭਗ 9 ਅੰਗਰੇਜ਼ੀ ਨਾਵਲ ਉਸ ਨੇ ਲਿਖੇ। ਭਾਰਤੀ ਸਭਿਆਚਾਰ, ਇਤਿਹਾਸ, ਭੂਗੋਲ, ਰੀਤੀ-ਰਿਵਾਜ, ਰਹਿਣ-ਸਹਿਣ, ਕਥਾ-ਕਹਾਣੀਆਂ ਤੋਂ ਉਹ ਬਹੁਤ ਜ਼ਿਆਦਾ ਪ੍ਰਭਾਵਿਤ ਹੋਈ ਅਤੇ ਉਸ ਨੇ ਲੋਕਧਾਰਾ ਦੇ ਇਕੱਤਰੀਕਰਨ ਵੱਲ ਆਪਣਾ ਰੁਝਾਨ ਵਧਾਇਆ। ਸ਼ੁਰੂ ਵਿੱਚ ਇੰਡੀਅਨ ਐਂਟੀਕੁਅਰੀਜ਼ ਵਿੱਚ ਉਸ ਨੇ ਛੋਟੀਆਂ-ਛੋਟੀਆਂ ਲਿਖਤਾਂ ਛਪਵਾਈਆਂ, ਪਰ ਆਪਣੀ ਪ੍ਰੌੜ੍ਹ ਸੂਝ ਤੇ ਸਿਆਣਪ ਦੀ ਪਹਿਚਾਣ, ਜਿਹੜੀ ਲੋਕਧਾਰਾ ਦੇ ਖੇਤਰ ਵਿੱਚ ਬਣਾਈ, ਉਹ ਉਸ ਦੀ ਪੁਸਤਕ ਟੇਲਜ਼ ਆਫ਼ ਦਾ ਪੰਜਾਬ ਨਾਲ ਬਣੀ ਹੈ। ਇਹੀ ਪੁਸਤਕ ਸਾਡੇ ਇਸ ਅਧਿਆਇ ਦੇ ਅਧਿਐਨ ਦਾ ਵਿਸ਼ਾ ਹੈ। ਇਸ ਵਿੱਚ 43 ਲੋਕ-ਕਹਾਣੀਆਂ ਹਨ, ਜਿਨ੍ਹਾਂ ਬਾਰੇ ਉਸ ਨੇ ਚਰਚਾ ਕੀਤੀ ਹੈ। ਲੋਕਧਾਰਾ ਦੇ ਇਕ ਬੁਨਿਆਦੀ ਅੰਗ ਕਥਾਨਕ ਰੂੜ੍ਹੀਆਂ ਰਾਹੀਂ ਉਹ ਭਾਰਤੀ ਸਭਿਆਚਾਰ ਨੂੰ ਸਮਝਣ ਦਾ ਯਤਨ ਕਰਦੀ ਰਹੀ ਹੈ।

ਇਨ੍ਹਾਂ ਕਹਾਣੀਆਂ ਵਿੱਚ ਸਾਧਾਰਨ ਵਿਅਕਤੀ ਦੀ ਜੀਵਨ-ਕਹਾਣੀ, ਕੰਮ-ਧੰਦੇ, ਰੀਤੀ-ਰਿਵਾਜ, ਵਿਆਹ-ਸ਼ਾਦੀਆਂ ਆਦਿ ਤੋਂ ਲੈ ਕੇ ਰਾਜੇ-ਮਹਾਰਾਜਿਆਂ ਤੱਕ ਦੀ ਕਹਾਣੀ ਪੇਸ਼ ਕੀਤੀ ਗਈ ਹੈ। ਲੋਕਾਂ ਦੀ ਮਾਨਸਿਕਤਾ ਨੂੰ ਪਕੜਨ ਦਾ ਵਧੀਆ ਢੰਗ ਸਥਾਨਕ ਲੋਕਾਂ ਦੇ ਸਭਿਆਚਾਰ ਤੇ ਲੋਕਧਾਰਾ ਤੋਂ ਜਾਣੂੰ ਹੋਣਾ ਹੈ। ਭਾਰਤ ਵਿੱਚ ਰਾਜ ਕਰਨ ਦੌਰਾਨ ਬਹੁਤ ਸਾਰੇ ਅੰਗਰੇਜ਼ ਵਿਦਵਾਨ, ਪਾਦਰੀ, ਉਨ੍ਹਾਂ ਦੀਆਂ ਪਤਨੀਆਂ, ਧੀਆਂ ਆਦਿ ਇਸ ਕਾਰਜ ਵਿਚ ਜੁਟੇ ਰਹੇ। ਫਲੋਰਾ ਐਨੀ ਸਟੀਲ ਦਾ ਪਤੀ ਵੀ ਇਕ ਮੈਜਿਸਟਰੇਟ ਸੀ ਅਤੇ ਜਿੱਥੇ-ਜਿੱਥੇ ਵੀ ਉਹ ਭਾਰਤ ਵਿੱਚ ਰਿਹਾ, ਇਹ ਉਸ ਦੇ ਨਾਲ ਹੀ ਰਹੀ। ਉਸ ਨੇ ਆਪਣੇ ਸ਼ੌਕ ਭਰੇ ਕੰਮ ਵਿੱਚ ਜਿੱਥੇ

ਵਿਅਤੀਗਤ ਤੌਰ ਤੇ ਰੁਚੀ ਦਿਖਾਈ, ਉਥੇ ਆਪਣੇ ਪਤੀ ਨੂੰ ਵੀ ਇਸ ਕੰਮ ਲਈ ਨਾਲ ਰੱਖਿਆ।

**ਟੇਲਜ਼ ਆਫ਼ ਦਾ ਪੰਜਾਬ** ਦੀ ਭੂਮਿਕਾ ਵਿੱਚ ਉਸ ਨੇ ਆਪਣੇ ਕੰਮ ਕਰਨ ਦੇ ਤਰੀਕੇ ਨੂੰ ਵੀ ਪੇਸ਼ ਕੀਤਾ ਹੈ ਅਤੇ ਇਹ ਵੀ ਦੱਸਿਆ ਹੈ ਕਿ ਇਹ ਕਹਾਣੀਆਂ ਉਸ ਨੇ ਕਿਨ੍ਹਾਂ ਲੋਕਾਂ ਕੋਲੋਂ ਕਿਵੇਂ ਇਕੱਤਰ ਕੀਤੀਆਂ। ਇਸ ਬਾਰੇ ਅਸੀਂ ਪਿੱਛੇ ਗੱਲ ਕਰ ਚੁੱਕੇ ਹਾਂ।

ਜਦੋਂ ਅਸੀਂ ਫਲੋਰਾ ਐਨੀ ਸਟੀਲ ਦੇ ਲੋਕਧਾਰਾ ਸੰਬੰਧੀ ਕੀਤੇ ਕੰਮਾਂ ਨੂੰ ਵੇਖਦੇ ਹਾਂ ਤਾਂ ਇਨ੍ਹਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।

**1. ਆਰ. ਸੀ. ਟੈਂਪਲ ਨਾਲ ਮਿਲ ਕੇ**

**2. ਵਿਅਕਤੀਗਤ ਤੌਰ 'ਤੇ**

**1. ਆਰ. ਸੀ. ਟੈਂਪਲ ਨਾਲ ਮਿਲ ਕੇ:** ਫੋਕਲੋਰ ਇਨ ਦਾ ਪੰਜਾਬ ਸੰਗ੍ਰਹਿ ਕਰਤਾ ਫਲੋਰਾ ਐਨਾਂ ਸਟੀਲ ਜਿਸ ਬਾਰੇ ਟੈਂਪਲ ਨੇ ਨੋਟ ਲਿਖੇ। ਇਹ ਇੰਡੀਅਨ ਐਂਟੀਕੁਅਰੀਜ਼ ਦੀ ਜਿਲਦ 9 (1880) ਪੰਨਾ ਨੰ. 205, 207, 209, 280, 302

ਜਿਲਦ ਦਸਵੀਂ (1882) ਪੰਨਾ ਨੰ. 32, 73, 163, 169, 226, 229.

ਜਿਲਦ ਬਾਰ੍ਹਵੀਂ (1883) ਪੰਨਾ ਨੰ. 103, 175, 176, 177.

2. ਫੋਕਲੋਰ ਫਰੌਮ ਕਸ਼ਮੀਰ ਸੰਗ੍ਰਹਿ ਕਰਤਾ ਫਲੋਰਾ ਐਨੀ ਸਟੀਲ ਇਸ ਬਾਰੇ ਵੀ ਆਰ. ਸੀ. ਟੈਂਪਲ ਨੇ ਨੋਟ ਲਿਖਿਆ। ਇਹ ਵੀ ਇੰਡੀਅਨ ਐਂਟੀਕੁਅਰੀਜ਼ ਦੀ ਜਿਲਦ ਗਿਆਰਵੀਂ (1882) ਵਿੱਚ ਛਪਿਆ।

3. ਵਾਇਡ ਅਵੇਕ ਸਟੋਰੀਜ਼ ਏ ਕੁਲੈਕਸ਼ਨ ਆਫ਼ ਪੰਜਾਬ ਕਸ਼ਮੀਰ ਟੇਲਜ਼ ਬੰਬਈ 1884 (ਭਾਸ਼ਾ ਅਤੇ ਦੂਸਰੇ ਨੋਟਾਂ ਸਮੇਤ)

**2. ਵਿਅਕਤੀਗਤ ਤੌਰ 'ਤੇ**

1. ਟੇਲਜ਼ ਆਫ਼ ਦਾ ਪੰਜਾਬ ਟੋਲਡ ਬਾਇ ਦਾ ਪੀਪਲ, ਵਿਦ ਇਲਸਟਰੇਸ਼ਨ ਬਾਇ ਜੌਹਨ ਲੋਕਵੁਡ ਕਿਪਲਿੰਗ ਐਂਡ ਨੋਟ. ਆਰ. ਸੀ. ਟੈਂਪਲ ਲੰਡਨ 1884. ਅਸੀਂ ਆਪਣੇ ਇਸ ਅਧਿਆਇ ਵਿੱਚ ਉਸਦੀ ਵਿਅਕਤੀਗਤ ਪੁਸਤਕ "ਟੇਲਜ਼ ਆਫ਼ ਦਾ ਪੰਜਾਬ" ਨੂੰ ਚੁਣਿਆ ਹੈ। ਇਸ ਦੀਆਂ 43 ਕਹਾਣੀਆਂ ਦਾ ਪੰਜਾਬੀ ਵਿੱਚ ਅਨੁਵਾਦ ਕਰ ਕੇ ਉਸ ਵਿੱਚ ਪ੍ਰਸਤੁਤ ਕਥਾਨਕ ਰੂੜ੍ਹੀਆਂ ਦਾ ਅਧਿਐਨ ਕੀਤਾ ਗਿਆ ਹੈ। ਇਸ ਸਮੇਂ ਵਿੱਚ ਲੋਕਾਂ ਦੀ ਮਾਨਸਿਕਤਾ ਕਿਨ੍ਹਾਂ ਰੂਪਾਂ ਵਿੱਚ ਪੇਸ਼ ਹੋਈ ਹੈ ਅਤੇ ਅੰਗਰੇਜ਼ਾਂ ਨੇ ਇਨ੍ਹਾਂ ਨੂੰ ਕਿਵੇਂ ਆਪਣੇ ਰਾਜ ਦੇ ਪੱਕਿਆਂ ਕਰਨ ਲਈ ਵਰਤਿਆ ਬਾਰੇ ਵੀ ਚਰਚਾ ਕੀਤੀ ਗਈ ਹੈ।

ਪੰਜਾਬੀ ਦੀ ਇਸ ਮਹਾਨ ਵਿਦਵਾਨ ਦਾ ਅੰਤ 12 ਅਪ੍ਰੈਲ 1929 ਨੂੰ ਹੋਇਆ।

## ਪੰਜਾਬੀ ਕਥਾ

**ਬਾਤਾਂ:** ਬਾਤਾਂ ਵਰਗੇ ਬਹੁਪਾਸਾਰੀ ਤੇ ਵੰਨ-ਸੁਵੰਨੇ ਸਾਹਿਤਕ ਰੂਪਾਂ ਦੀ ਪਰਿਭਾਸ਼ਾ ਕਰਨੀ ਅਤਿਅੰਕ ਕਠਿਨ ਕਾਰਜ ਹੈ। ਵੈਸੇ ਵੀ ਕਿਸੇ ਰੂਪ ਨੂੰ ਅੰਤਿਮ ਸ਼ਬਦਾਂ ਵਿੱਚ ਬੰਨ੍ਹ ਲੈਣਾ ਕਿਸੇ ਵਿਅਕਤੀ ਦੇ ਵੱਸ ਦੀ ਗੱਲ ਨਹੀਂ। ਬਾਤਾਂ ਕਿਉਂਕਿ ਲੋਕਮਨ ਦੀ ਉਪਜ ਹਨ ਇਸ ਲਈ ਹਰ ਵਿਅਕਤੀ ਦੇ ਮਨ ਦੀ ਉਪਜ ਦੂਸਰੇ ਨਾਲੋਂ ਭਿੰਨ ਹੀ ਹੁੰਦੀ ਹੈ, ਪਰ ਸਮੂਹਿਕ ਪ੍ਰਵਾਨਗੀ ਕਰ ਕੇ ਇਨ੍ਹਾਂ ਵਿੱਚ ਇਕ ਸਾਂਝ ਪੈਦਾ ਹੋ ਜਾਂਦੀ ਹੈ ਅਤੇ ਇਹ ਕਦੇ ਧਰਮ, ਕਲਪਨਾ, ਇਤਿਹਾਸ ਦਾ ਅੰਗ ਬਣ ਜਾਂਦੀਆਂ ਹਨ। ਬਾਤਾਂ ਦੇ ਇਸੇ ਵੰਨ-ਸੁਵੰਨੇ ਹੋਣ ਬਾਰੇ ਵਣਜਾਰਾ ਬੇਦੀ ਆਖਦਾ ਹੈ–

"ਕੋਈ ਬਾਤ ਨਿਰੋਲ ਕਲਪਨਾ ਉੱਤੇ ਆਧਾਰਿਤ ਹੁੰਦੀ ਹੈ, ਕੋਈ ਕਿਸੇ ਇਤਿਹਾਸਕ ਘਟਨਾ ਦਾ ਵਿਕ੍ਰਤ ਰੂਪ ਹੈ। ਕਿਸੇ ਕਥਾ-ਕਹਾਣੀ ਵਿੱਚ ਕਿਸੇ ਵਿਸ਼ੇਸ਼ ਸੰਕਲਪ ਦੀ ਵਿਆਖਿਆ ਹੈ ਕਿਸੇ ਵਿੱਚ ਨੈਤਿਕ ਕਦਰਾਂ-ਕੀਮਤਾਂ ਨੂੰ ਉਜਾਗਰ ਕੀਤਾ ਗਿਆ ਹੈ। ਕੋਈ ਨਿਰੋਲ ਉਪਦੇਸ਼ਾਤਮਿਕ ਹੈ। ਕੋਈ ਵਿਹਾਰਕ ਗਿਆਨ ਦਿੰਦੀ ਹੈ ਅਤੇ ਕਿਸੇ ਦਾ ਮਨੋਰਥ ਨਿਰਾ ਮਨੋਰੰਜਨ ਕਰਨਾ ਹੈ। ਕੋਈ ਬਾਤ ਜੀਵਨ ਦੇ ਰਹੱਸ ਖੋਲ੍ਹਦੀ ਹੈ, ਕੋਈ ਰਹੱਸ ਸਿਰਜਦੀ ਹੈ। ਕਿਸੇ ਬਾਤ ਦੇ ਪਾਤਰ ਮਨੁੱਖ ਹਨ, ਕਿਸੇ ਦੇ ਪਸ਼ੂ, ਅਧਵੈਦਿਕ। ਕਿਸੇ ਬਾਤ ਵਿੱਚ ਜੜ੍ਹ ਪਾਤਰ ਪ੍ਰਾਣਧਾਰੀ ਰੂਪ ਵਿੱਚ ਮਨੁੱਖਾਂ ਵਾਂਗ ਵਿਚਰਦੇ ਤੇ ਕਾਰ ਵਿਹਾਰ ਕਰਦੇ ਹਨ ਤੇ ਕਿਸੇ ਹੋਰ ਦੇ ਪਾਤਰ ਭੂਤ-ਪ੍ਰੇਤ ਹਨ।"[1]

ਮੂਲ ਰੂਪ ਬਾਤਾਂ ਲੋਕ ਮਨ ਨੂੰ ਰੂਪਮਾਨ ਕਰਦੀਆਂ ਹਨ ਜਿਵੇਂ ਮਨੁੱਖੀ ਮਨ ਕੁਝ ਵੀ ਸੋਚਣ ਦੇ ਸਮੱਰਥ ਹੈ, ਉਸੇ ਤਰ੍ਹਾਂ ਇਹ ਬਾਤਾਂ ਦੇ ਵੱਖ-ਵੱਖ ਪਾਸਾਰ ਹੋ ਸਕਦੇ ਹਨ। ਜੀਵਨ ਮਰਨ, ਯੁੱਗਾਂ, ਕਾਲਾਂ, ਭਾਸ਼ਾ ਦੀ ਕੋਈ ਸੀਮਾ ਨਹੀਂ ਰਹਿ ਜਾਂਦੀ। ਇਥੋਂ ਤੱਕ ਕਿ ਇਨ੍ਹਾਂ ਵਿੱਚ ਵਿਚਰਦਾ ਪ੍ਰਾਣੀ ਲੋਕ-ਪ੍ਰਲੋਕ ਦੀ ਸੈਰ ਕਰ ਸਕਦਾ ਹੈ ਤੇ ਉਹ ਵੀ ਕਿਸੇ ਜਾਨਵਰ ਤੇ ਬੈਠ ਕੇ। ਨਾਇਕ ਕਿਸੇ ਸੁਰਮੇ, ਟੋਪੀ, ਡੰਡਾ, ਪਾਊਡਰ ਨਾਲ ਕੁਝ ਵੀ ਕਰ ਸਕਦਾ ਹੈ, ਇਥੋਂ ਤੱਕ ਕਿ ਅਲੋਪ ਵੀ ਹੋ ਸਕਦਾ ਹੈ।

ਮੂਲ ਰੂਪ ਵਿੱਚ ਤਾਂ ਇਹ ਸਾਰਾ ਸਾਹਿਤ ਮੌਖਿਕ ਰੂਪ ਵਿੱਚ ਪੀੜ੍ਹੀਓ-ਪੀੜ੍ਹੀ ਅੱਗੇ ਤੁਰਦਾ ਰਿਹਾ ਹੈ ਅਤੇ ਤੁਰ ਰਿਹਾ ਹੈ। ਇਸ ਦੀ ਇਬਾਰਤ ਲੋਕ ਮਨ ਉੱਤੇ ਉੱਕਰੀ ਹੁੰਦੀ ਹੈ। ਵਿਅਕਤੀ ਸੰਸਾਰ ਵਿੱਚ ਵਿਚਰਦਾ ਆਪਣੇ ਆਲੇ-ਦੁਆਲੇ ਨੂੰ ਪ੍ਰਭਾਵਿਤ ਕਰਦਾ ਤੇ ਪ੍ਰਭਾਵਿਤ ਹੁੰਦਾ ਹੈ। ਉਸ ਦੀ ਸ਼ਖ਼ਸੀਅਤ ਬਣਨ ਸੰਵਰਨ ਵਿੱਚ ਕਿਹੜੀਆਂ ਗੱਲਾਂ ਸ਼ਾਮਿਲ ਹਨ, ਉਹ ਕੀ ਕੁਝ ਸੋਚ ਸਕਦਾ ਹੈ, ਕਿੰਨੀ ਕੁ ਕਲਪਨਾ ਦੀ ਉਡਾਰੀ ਮਾਰ ਸਕਦਾ ਹੈ ਅਤੇ ਉਸ ਦੀ ਯਾਦਦਾਸ਼ਤ ਕਿੰਨੀ ਕੁ ਹੈ, ਇਸ ਦਾ ਪ੍ਰਗਟਾਵਾ ਉਸ ਦੇ ਮੌਖਿਕ ਸਾਹਿਤ ਤੋਂ ਹੀ ਲੱਗ ਸਕਦਾ ਹੈ। "ਪੰਜਾਬ ਦੀ ਲੋਕਧਾਰਾ" ਨਾਮੀ ਪੁਸਤਕ ਵਿੱਚ ਸੋਹਿੰਦਰ ਸਿੰਘ ਬੇਦੀ ਮੌਖਿਕ ਸਾਹਿਤ ਬਾਰੇ ਆਖਦਾ ਹੈ ਕਿ "ਮੌਖਿਕ ਸਾਹਿਤ ਲੋਕਾਂ ਦੇ ਦਿਲਾਂ ਵਿੱਚ ਰਹਿੰਦਾ ਤੇ ਹੋਠਾਂ ਉੱਪਰ ਖੇਡਦਾ ਹੈ। ਇਹ ਮੂੰਹੋਂ-ਮੂੰਹ ਅੱਗੇ ਤੁਰਦਾ ਯੁੱਗਾਂ ਦੇ ਪੈਂਡੇ ਤੈਅ ਕਰ ਲੈਂਦਾ ਹੈ। ਇਹ ਅਕਾਲ ਹੈ, ਕਿਸੇ ਕਾਲ ਨਾਲ ਨਹੀ ਬੱਝਿਆ ਹੁੰਦਾ। ਇਹ ਅਕਾਰਤ ਹੈ, ਕਿਸੇ ਲੇਖਕ ਨਾਲ ਨਹੀਂ ਜੁੜਿਆ ਹੁੰਦਾ। ਇਹ ਪੀੜ੍ਹੀਆਂ ਦੀ ਘਾਲਣਾ ਤੇ ਜਾਤੀ ਦੀ ਕ੍ਰਿਤ ਹੈ।"[2]

ਇਹ ਮੌਖਿਕ ਸਾਹਿਤ ਵੱਖ-ਵੱਖ ਰੂਪਾਂ ਵਿੱਚ ਵਿਅਕਤੀ ਦੇ ਅੰਦਰਲੇ ਭਾਵਾਂ ਤੇ ਜਜ਼ਬਾਤਾਂ ਨੂੰ ਪੇਸ਼ ਕਰਦਾ ਹੈ ਅਤੇ ਇਸ ਸਾਹਿਤ ਵਿੱਚੋਂ ਵਿਅਕਤੀ ਨਹੀਂ, ਸਮੂਹ ਹੀ ਨਜ਼ਰ ਆਉਂਦਾ ਹੈ। ਇਸ ਵਿੱਚੋਂ ਕਿਸੇ ਇਕੱਲੇ ਵਿਅਕਤੀ ਨੂੰ ਨਿਖੇੜਨਾ ਮੁਸ਼ਕਲ ਹੁੰਦਾ ਹੈ, ਕਿਉਂਕਿ ਇਸ ਵਿੱਚ ਸਮੂਹ ਹੀ ਕਾਰਜ ਕਰਦਾ ਨਜ਼ਰ ਆਉਂਦਾ ਹੈ। ਮੌਖਿਕ ਸਾਹਿਤ ਵਿੱਚ ਇਤਿਹਾਸ, ਸਮਾਜ ਤੇ ਸਭਿਆਚਾਰ ਦੀ ਪੇਸ਼ਕਾਰੀ ਹੁੰਦੀ ਹੈ।

ਜਦੋਂ ਅਸੀਂ ਭਾਰਤੀ ਲੋਕ-ਕਥਾਵਾਂ ਦੀ ਗੱਲ ਕਰਦੇ ਹਾਂ ਤਾਂ ਅਸੀਂ ਨਰਿੰਦਰ ਦੂਲੇ ਦੇ ਵਿਚਾਰਾਂ ਨਾਲ ਸਮਿਹਤ ਵੀ ਹੁੰਦੇ ਹਾਂ ਕਿ "ਭਾਰਤ ਦੇ ਵਸਨੀਕਾਂ ਦੀ ਰਹਿਣੀ-ਬਹਿਣੀ ਵੀ ਬਹੁਰੰਗੀ ਹੈ। ਤਕਰੀਬਨ ਹਰ ਪ੍ਰਾਂਤ ਵਿੱਚ ਆਦਿ ਵਾਸੀ ਜਨਜੀਵਨ ਪੁਰਾਤਨ ਲੋਕ-ਪੰਰਪਰਾ ਨੂੰ ਕਾਇਮ ਰੱਖਦਾ ਹੈ। ਬਹੁਤ ਸਾਰੀਆਂ ਲੋਕ-ਕਥਾਵਾਂ ਦਾ ਆਧਾਰ ਇਨ੍ਹਾਂ ਲੋਕਾਂ ਦੇ ਆਦਿ ਜਨ-ਜੀਵਨ ਨਾਲ ਸੰਬੰਧ ਰੱਖਦਾ ਹੈ। ਪੱਛਮੀ ਮੱਧ ਪ੍ਰਦੇਸ਼ ਵਿਚਲੇ ਭੀਲ ਕਬੀਲੇ ਆਦਿ ਵਾਸੀ ਜਨ-

ਜੀਵਨ ਦੀ ਜਿਉਂਦੀ-ਜਾਗਦੀ ਤਸਵੀਰ ਹੀ ਨਹੀਂ, ਇਨ੍ਹਾਂ ਦੀਆਂ ਲੋਕ-ਕਹਾਣੀਆਂ, ਰਹਿਣ-ਸਹਿਣ ਅਤੇ ਪਹਿਰਾਵਾ ਦੱਖਣੀ ਰਾਜਸਥਾਨ ਅਤੇ ਉੱਤਰੀ ਗੁਜਰਾਤ ਵਿੱਚ ਵੱਸਦੇ ਆਦਿ ਵਾਸੀਆਂ ਨਾਲ ਹੂ-ਬ-ਹੂ ਮਿਲਦਾ ਹੈ। ਇਕੱਠੇ ਹੋ ਕੇ ਮੇਲਿਆਂ ਵਿੱਚ ਜਾਣਾ, ਹੋਲੀ ਦਾ ਤਿਉਹਾਰ, ਰੰਗ ਬਿਰੰਗੇ ਰੰਗਾਂ ਨਾਲ ਖੇਡਣਾ ਮੇਲਿਆਂ ਦੀਆਂ ਛੋਟੀਆਂ-ਛੋਟੀਆਂ ਹੱਟੀਆਂ ਤੋਂ ਚੀਜ਼ਾਂ ਖ਼ਰੀਦ ਕੇ ਘਰਾਂ ਨੂੰ ਮੁੜਦੇ ਟੋਲਿਆਂ ਨੇ ਲੋਕ-ਗੀਤ ਗਾਉਣੇ ਅਤੇ ਬਾਤਾਂ ਪਾਉਣੀਆਂ ਆਦਿ ਲੋਕ-ਸਾਹਿਤ ਦੀ ਹੋਂਦ ਨੂੰ ਕਾਇਮ ਰੱਖਦੇ ਹਨ।"[3]

ਭਾਰਤੀ ਲੋਕ ਬਿਰਤਾਂਤ ਦੀ ਪਰੰਪਰਾ ਤਾਂ ਬਹੁਤ ਹੀ ਪ੍ਰਾਚੀਨ ਹੈ। ਇਸ ਗੱਲ ਨੂੰ ਤਾਂ ਅੱਜ ਸਾਰੀ ਦੁਨੀਆਂ ਦੇ ਵਿਦਵਾਨ ਮੰਨ ਗਏ ਹਨ. ਭਾਰਤੀ ਸੰਸਿਕ੍ਰਤੀ ਸਭ ਤੋਂ ਪ੍ਰਾਚੀਨ ਹੈ। ਇਸ ਬਾਰੇ ਡਾ. ਜੋਗਿੰਦਰ ਸਿੰਘ ਕੈਰੋਂ ਲਿਖਦੇ ਹਨ ਕਿ, "ਭਾਰਤੀ ਕਥਾਵਾਂ ਦੇ ਪ੍ਰਾਚੀਨ ਇਤਿਹਾਸ ਨੂੰ ਵੇਖਦਿਆਂ ਹੀ ਸ਼ਾਇਦ ਪੱਛਮੀ ਵਿਦਵਾਨਾਂ ਨੇ ਇਹ ਵਿਚਾਰ ਬਣਾਇਆ ਕਿ ਲੋਕ-ਕਹਾਣੀਆਂ ਦਾ ਮੂਲ ਸੋਮਾ ਭਾਰਤ ਹੀ ਹੈ ਅਤੇ ਇਥੋਂ ਹੀ ਸਾਰੇ ਸੰਸਾਰ ਵਿੱਚ ਲੋਕ ਕਹਾਣੀਆਂ ਫੈਲੀਆਂ। ਉਨ੍ਹਾਂ ਵਿਦਵਾਨਾਂ ਦਾ ਇਹ ਕਥਨ ਜੇਕਰ ਪੂਰਨ ਭਾਂਤ ਸੱਚ ਨਹੀਂ ਤਾਂ ਬਹੁਤ ਹੱਦ ਤੱਕ ਸੱਚ ਜ਼ਰੂਰ ਹੈ।"[4]

ਇਸ ਤਰ੍ਹਾਂ ਸਾਡੇ ਪਾਸ ਲੋਕ-ਸਾਹਿਤ ਦਾ ਅਮੀਰ ਤੇ ਭਰਪੂਰ ਖ਼ਜ਼ਾਨਾ ਪਿਆ ਹੈ। ਜੇਕਰ ਅਸੀਂ ਪੰਜਾਬੀ ਲੋਕ ਬਿਰਤਾਂਤ ਦੀ ਪਰੰਪਰਾ ਦਾ ਜ਼ਿਕਰ ਛੇੜੀਏ ਤਾਂ ਇਹ ਤਾਂ ਅਲਫ਼-ਲੈਲਾ ਦੀਆਂ ਕਹਾਣੀਆਂ ਨਾਲ ਵੀ ਜਾ ਜੁੜਦੀ ਹੈ। ਇਸ ਬਾਰੇ ਫਿਰ ਸਾਨੂੰ ਡਾ. ਜੁਗਿੰਦਰ ਸਿੰਘ ਕੈਰੋਂ ਦੇ ਵਿਚਾਰ ਵੇਖਣੇ ਪੈਂਦੇ ਹਨ ਕਿ, "ਪੰਜਾਬੀ ਲੋਕ-ਵਾਰਤਾ ਦੀ ਪਰੰਪਰਾ ਜਿੱਥੇ ਇਕ ਪਾਸੇ ਆਪਣੇ ਵੇਦਾਂ, ਬ੍ਰਾਹਮਣ ਗ੍ਰੰਥਾਂ, ਉਪਨਿਸ਼ਦਾਂ, ਪੁਰਾਣਾਂ ਦੇ ਨਾਲ-ਨਾਲ ਪਾਲੀ ਅਤੇ ਪ੍ਰਾਕ੍ਰਿਤਕ ਦੇ ਗ੍ਰੰਥਾਂ ਨਾਲ ਜਾ ਜੁੜਦੀ ਹੈ, ਉਥੇ ਦੂਜੇ ਪਾਸੇ ਇਸਲਾਮੀ ਮਿਥਿਹਾਸ ਅਤੇ ਅਲਫ਼-ਲੈਲਾ ਦੀਆਂ ਕਹਾਣੀਆਂ ਨਾਲ ਆਪਣਾ ਸੰਬੰਧ ਕਾਇਮ ਕਰਦੀ ਹੈ, ਭਾਵੇਂ ਅਲਫ਼-ਲੈਲਾ ਦੀਆਂ ਕਹਾਣੀਆਂ ਦਾ ਸੰਬੰਧ ਵੀ ਵਿਦਵਾਨ ਭਾਰਤ ਨਾਲ ਜੋੜਦੇ ਹਨ, ਫਿਰ ਵੀ ਇਸ ਗੱਲ ਤੋਂ ਪੰਜਾਬੀ ਲੋਕ-ਕਹਾਣੀਆਂ ਦੇ ਵਿਰਸੇ ਦੀ ਪੁਰਾਤਨਤਾ ਦਾ ਅਹਿਸਾਸ ਹੁੰਦਾ ਹੈ।"[5]

ਲੋਕ-ਕਹਾਣੀਆਂ ਦਾ ਹਰ ਪੱਖ ਸਾਡੇ ਧਿਆਨ ਦੀ ਮੰਗ ਕਰਦਾ ਹੈ। ਇਨ੍ਹਾਂ ਦਾ ਵਿਸ਼ਾ, ਰੂਪ, ਪਾਤਰ ਆਦਿ ਅਨੇਕਾਂ ਪਾਤਰ ਪਸ਼ੂ, ਪੰਛੀ, ਜਾਨਵਰ, ਕੀੜੇ-ਮਕੌੜੇ, ਪਰੀਆਂ, ਦਿਓ, ਦੈਂਤ, ਚੁੜੇਲਾਂ ਇਹ ਸਾਰੇ ਪ੍ਰਤੀਕਾਤਮਕ ਰੂਪ ਵਿੱਚ ਆਪਣੀ-ਆਪਣੀ ਭੂਮਿਕਾ ਨਿਭਾਉਂਦੇ ਹਨ। ਬਾਤਾਂ ਦੇ ਰੂਪ ਵਿੱਚ ਵਣਜਾਰਾ ਬੇਦੀ ਤਿੰਨਾਂ ਤੱਤਾਂ ਦਾ ਜ਼ਿਕਰ ਕਰਦਾ ਹੈ:

1. ਬ੍ਰਿਤਾਂਤ ਤੱਤ 2. ਲੋਕ-ਮਨ ਦੀ ਅਭਿਵਿਅਕਤੀ 3. ਪਰੰਪਰਾਗਤ ਰੂੜ੍ਹੀਆਂ।"[6]

ਇਨ੍ਹਾਂ ਤੱਤਾਂ ਦਾ ਜਦੋਂ ਅਸੀਂ ਅਧਿਐਨ ਕਰਦੇ ਹਾਂ ਤਾਂ ਅਸੀਂ ਵੇਖ ਸਕਦੇ ਹਾਂ ਕਿ ਹਰ ਬਾਤ ਵਿੱਚ ਕੋਈ ਬ੍ਰਿਤਾਂਤ ਪਿਆ ਹੁੰਦਾ ਹੈ। ਬ੍ਰਿਤਾਂਤਾਂ ਤੋਂ ਬਿਨਾਂ ਕੋਈ ਬਾਤ ਹੋ ਹੀ ਨਹੀਂ ਸਕਦੀ, ਕਿਉਂਕਿ ਬ੍ਰਿਤਾਂਤ ਵਿੱਚ ਹੀ ਲੋਕ ਮਨ ਦੇ ਪਾਸਾਰ ਹੁੰਦੇ ਹਨ ਤੇ ਜੇਕਰ ਇਕ ਨਹੀਂ ਤਾਂ ਉਹ ਕਹਾਣੀ ਤਾਂ ਹੋ ਸਕਦੀ ਹੈ ਪਰ ਬਾਤ ਨਹੀਂ। ਬਾਤਾਂ ਰਾਹੀਂ ਅਸੀਂ ਮਨੁੱਖ ਅੰਦਰ ਛੁਪੇ ਡੂੰਘੇ ਭਾਵਾਂ ਦੇ ਪਾਸਾਰਾਂ ਨੂੰ ਵੇਖ ਸਕਦੇ ਹਾਂ। ਬਾਤਾਂ ਦਾ ਉਦੇਸ਼ ਵੀ ਸਾਹਿਤ ਵਾਂਗ ਸਿਰਫ਼ ਮਨੋਰੰਜਨ ਹੀ ਨਹੀਂ ਸਗੋਂ ਮਨੁੱਖ ਨੂੰ ਨਵੀਂ ਸੋਝੀ ਦੇਣਾ ਤੇ ਉਸ ਅੰਦਰ ਨਵੀਆਂ ਸੰਭਾਵਨਾਵਾਂ ਉਜਾਗਰ ਕਰਨਾ ਹੈ।

ਵਣਜਾਰਾ ਬੇਦੀ ਅਨੁਸਾਰ ਬਾਤਾਂ ਨੂੰ ਸੁਭਾਅ ਦੇ ਪੱਖੋਂ ਇਸ ਤਰ੍ਹਾਂ ਵੰਡਿਆ ਜਾ ਸਕਦਾ ਹੈ: ਮਿੱਥ, ਦੰਤ ਕਥਾ ਤੇ ਕਹਾਣੀ।"[7]

ਇਸ ਸੰਗ੍ਰਹਿ "ਟੇਲਜ਼ ਆਫ਼ ਦਾ ਪੰਜਾਬ" ਵਿੱਚ ਤਿੰਨ ਪ੍ਰਕਾਰ ਦੀਆਂ ਲੋਕ-ਕਥਾਵਾਂ

ਮਿਲਦੀਆਂ ਹਨ। ਕੁਲ 43 ਲੋਕ-ਕਥਾਵਾਂ ਵਿੱਚੋਂ :

1. ਦੰਤ ਕਥਾਵਾਂ

2. ਬਾਤਾਂ

3. ਗੱਪ

1. ਇਨ੍ਹਾਂ ਵਿੱਚੋਂ ਰਾਜਾ ਰਸਾਲੂ ਦੇ ਜੀਵਨ ਦੇ ਕਾਰਨਾਮੇ ਤੇ ਕੰਮਾਂ ਨਾਲ ਸੰਬੰਧਿਤ ਲੋਕ-ਕਹਾਣੀਆਂ ਨੂੰ ਅਸੀਂ ਦੰਤ-ਕਥਾਵਾਂ ਵਿੱਚ ਰੱਖਦੇ ਹਨ। ਦੰਤ ਕਥਾਵਾਂ ਬਾਰੇ ਅਸੀਂ ਵਿਸਥਾਰ ਪੂਰਵਕ ਪਿਛਲੇ ਅਧਿਆਇ ਵਿੱਚ ਜ਼ਿਕਰ ਕੀਤਾ ਹੈ।

2. ਬਾਤਾਂ ਦਾ ਜ਼ਿਕਰ ਅਸੀਂ ਇਸ ਅਧਿਆਇ ਵਿੱਚ ਕੀਤਾ ਹੈ ਅਤੇ ਇਸ ਸੰਗ੍ਰਹਿ ਵਿੱਚ ਰਾਜਾ ਰਸਾਲੂ ਦੀ ਕਥਾ ਤੇ ਇਕ ਗੱਪ ਨੂੰ ਛੱਡ ਕੇ ਬਾਕੀ ਸਾਰੀਆਂ ਕਥਾਵਾਂ ਬਾਤਾਂ ਦੇ ਘੇਰੇ ਵਿੱਚ ਆਉਂਦੀਆਂ ਹਨ।

3. ਗੱਪ ਆਮ ਕਰਕੇ ਵਧਾ-ਚੜ੍ਹਾ ਕੇ ਕਹੀ ਗਈ ਗੱਲ ਹੁੰਦੀ ਹੈ। ਕਈ ਵਾਰ ਅਜਿਹੀ ਗੱਲ ਗੱਪ ਵਿੱਚ ਹੀ ਹੁੰਦੀ ਹੈ, ਜਿਸ ਦਾ ਮੂੰਹ ਪੈਰ ਹੀ ਨਜ਼ਰ ਨਹੀਂ ਆਉਂਦਾ ਅਤੇ ਬਹੁਤ ਹੀ ਅਨਹੋਣੀਆਂ ਗੱਲਾਂ ਦਾ ਵਰਣਨ ਇਨ੍ਹਾਂ ਵਿੱਚ ਕੀਤਾ ਗਿਆ ਹੁੰਦਾ ਹੈ। ਇਸ ਸੰਗ੍ਰਹਿ ਦੀ ਇਕ ਕਥਾ ਇਸ ਵਿੱਚ ਸ਼ਾਮਿਲ ਹੁੰਦੀ ਹੈ।

ਇਨ੍ਹਾਂ ਬਾਤਾਂ, ਦੰਤ-ਕਥਾਵਾਂ ਤੇ ਗੱਪਾਂ ਨੂੰ ਜਦੋਂ ਅਸੀਂ ਵੇਖਦੇ ਹਾਂ ਤਾਂ ਇਨ੍ਹਾਂ ਦੇ ਨਿਰਮਾਣ ਵਿੱਚ ਕਥਾਨਕ ਰੂੜ੍ਹੀਆਂ ਦਾ ਪ੍ਰਯੋਗ ਵੇਖਿਆ ਜਾ ਸਕਦਾ ਹੈ। ਇਨ੍ਹਾਂ ਦੀ ਪ੍ਰਕਿਰਤੀ ਨੂੰ ਸਮਝਣ ਲਈ ਇਨ੍ਹਾਂ ਰੂੜ੍ਹੀਆਂ ਦਾ ਤਾਤਵਿਕ ਤੇ ਇਤਿਹਾਸਕ ਅਧਿਐਨ ਜ਼ਰੂਰੀ ਹੋ ਜਾਂਦਾ ਹੈ। ਇਨ੍ਹਾਂ ਕਹਾਣੀਆਂ ਵਿੱਚ ਪ੍ਰਚੱਲਿਤ ਰੂੜ੍ਹੀਆਂ ਸਥਾਨਕ ਪੱਧਰ ਦੀਆਂ ਵੀ ਹਨ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਵੀ। ਇਸ ਲਈ ਇਨ੍ਹਾਂ ਦਾ ਅਧਿਐਨ ਨਾਲ ਕਈ ਕਾਰਜ ਹੋ ਸਕਦੇ ਹਨ। ਜਿੱਥੇ ਕਹਾਣੀਆਂ ਦੀ ਬਣਤਰ ਬਾਰੇ ਗਿਆਨ ਹੁੰਦਾ ਹੈ, ਉਥੇ ਨਾਲ ਦੀ ਨਾਲ ਅੰਗਰੇਜ਼ਾਂ ਦਾ ਇਨ੍ਹਾਂ ਰਾਹੀਂ ਲੋਕਾਂ ਦੀ ਮਾਨਸਿਕਤਾ ਤੱਕ ਅਪੜਨ ਦਾ ਉਪਰਾਲਾ ਵੀ ਕੀਤਾ ਜਾਂਦਾ ਹੈ। ਅਸੀਂ ਤਿੰਨ ਆਧਾਰਾਂ ਨੂੰ ਆਪਣੇ ਅਇਧਐਨ ਲਈ ਚੁਣਿਆ ਹੈ:

1. ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ

2. ਚਮਤਕਾਰੀ ਕਥਾਨਕ ਰੂੜ੍ਹੀਆਂ

3. ਸੰਸਾਰਕ ਕਥਾਨਕ ਰੂੜ੍ਹੀਆਂ

ਹੁਣ ਅਸੀਂ ਇਨ੍ਹਾਂ ਪ੍ਰਸਤੁਤ ਕਹਾਣੀਆਂ ਵਿੱਚ ਪੇਸ਼ ਕਥਾਨਕ ਰੂੜ੍ਹੀਆਂ ਦਾ ਅਧਿਐਨ ਕਰਾਂਗੇ।

## ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ

ਮਨੁੱਖ ਦੀ ਜ਼ਿੰਦਗੀ ਵਿੱਚ ਵਿਸ਼ਵਾਸਾਂ ਦਾ ਅਹਿਮ ਸਥਾਨ ਹੈ ਕਿਉਂਕਿ ਇਹ ਵਿਅਕਤੀ ਦੀ ਮਾਨਸਿਕਤਾ ਨਾਲ ਜੁੜੇ ਹੁੰਦੇ ਹਨ। ਇਨ੍ਹਾਂ ਦੇ ਪਿੱਛੇ ਇਕ ਲੋਕ ਮਨ ਕਾਰਜਸ਼ੀਲ ਹੁੰਦਾ ਹੈ। ਇਨ੍ਹਾਂ ਦੀ ਬਣਤਰ ਸਰਲ ਵੀ ਹੁੰਦੀ ਹੈ ਅਤੇ ਜਟਿਲ ਵੀ। ਇਹ ਸਿਰਫ਼ ਮੰਨਣ-ਮਨਾਉਣ ਤੱਕ ਹੀ ਸੀਮਿਤ ਹੁੰਦੇ ਹਨ, ਇਸ ਲਈ ਇਨ੍ਹਾਂ ਵਿੱਚ ਤਰਕ ਰਹਿਤ ਭਾਵਨਾਵਾਂ ਦੀ ਹੀ ਅਭਿਵਿਅਕਤੀ ਹੁੰਦੀ ਹੈ। ਇਸੇ ਕਰ ਕੇ ਇਨ੍ਹਾਂ ਨੂੰ ਵਹਿਮ-ਭਰਮ ਜਾਂ ਸ਼ਰਧਾ ਦਾ ਰੂਪ ਮੰਨ ਲਿਆ ਜਾਂਦਾ ਹੈ। ਇਨ੍ਹਾਂ ਦਾ ਘੇਰਾ ਬੜਾ ਵਿਸ਼ਾਲ ਹੁੰਦਾ ਹੈ ਅਤੇ ਇਨ੍ਹਾਂ ਦਾ ਸੰਬੰਧ ਸਾਡੇ ਸਮਾਜਿਕ, ਧਾਰਮਿਕ,

ਵਿਅਕਤੀਗਤ ਜੀਵਨ ਨਾਲ ਹੁੰਦਾ ਹੈ। ਇਹ ਵਿਸ਼ਵਾਸ ਤੇ ਵਹਿਮ-ਭਰਮ ਇਕ ਦੂਸਰੇ ਵਿੱਚ ਇਸ ਤਰ੍ਹਾਂ ਇਕ-ਮਿਕ ਹਨ ਕਿ ਕਈ ਵਾਰੀ ਇਨ੍ਹਾਂ ਦਾ ਅੰਤਰ ਨਿਖੇੜਨਾ ਕਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ।

ਇਹ ਜ਼ਰੂਰੀ ਨਹੀਂ ਕਿ ਸਾਧਾਰਨ ਅਨਪੜ੍ਹ ਜਾਂ ਪੇਂਡੂ ਕਿਸਮ ਦੇ ਲੋਕ ਹੀ ਇਨ੍ਹਾਂ ਵਿਸ਼ਵਾਸਾਂ ਵਿੱਚ ਯਕੀਨ ਰੱਖਦੇ ਹਨ, ਪੜ੍ਹਿਆ-ਲਿਖਿਆ ਵਰਗ ਵੀ ਇਨ੍ਹਾਂ ਤੋਂ ਕੰਨੀਂ ਨਹੀਂ ਕਤਰਾ ਸਕਦਾ। ਇਹ ਕਿਸੇ ਨਾ ਕਿਸੇ ਰੂਪ ਵਿੱਚ ਵਿਅਕਤੀ ਨਾਲ ਜੁੜ ਹੀ ਜਾਂਦੇ ਹਨ ਅਤੇ ਇਹ ਦੁਨੀਆਂ ਦੀਆਂ ਸਾਰੀਆਂ ਕੌਮਾਂ ਵਿੱਚ ਮਿਲਦੇ ਹਨ, ਕਿਉਂਕਿ ਇਨ੍ਹਾਂ ਰਾਹੀਂ ਵਿਅਕਤੀ ਆਪਣੇ ਮਨ-ਇੱਛਤ ਫ਼ਲ ਨੂੰ ਪਾਉਣ ਦੀ ਕਾਮਨਾ ਕਰ ਸਕਦਾ ਹੈ। ਇਹ ਵੀ ਜ਼ਰੂਰੀ ਨਹੀਂ ਕਿ ਇਕ ਹੀ ਵਿਸ਼ਵਾਸ ਸਾਰਿਆਂ ਲਈ ਸਾਂਝਾ ਵਿਸ਼ਵਾਸ ਬਣ ਜਾਵੇ। ਕੋਈ ਵਿਸ਼ਵਾਸ ਕਿਸੇ ਲਈ ਮੰਨਣਯੋਗ ਹੋ ਸਕਦਾ ਹੈ, ਪਰ ਉਹੀ ਵਿਸ਼ਵਾਸ ਕਿਸੇ ਦੂਸਰੇ ਲਈ ਵਹਿ-ਭਰਮ।

ਜੀਵਨ ਦੇ ਹਰ ਪਹਿਲੂ ਨਾਲ ਜੁੜੇ ਹੋਣ ਕਾਰਨ ਜਿੰਨੀਆਂ ਵੀ ਚੀਜ਼ਾਂ ਵਸਤੂਆਂ ਨਾਲ ਵਿਅਕਤੀ ਦਾ ਵਾਹ ਰਿਹਾ ਜਾਂ ਪੈ ਰਿਹਾ ਹੈ। ਉਹ ਸਾਰੀਆਂ ਇਨ੍ਹਾਂ ਵਿਸ਼ਵਾਸਾਂ ਦਾ ਘੇਰਾ ਵਿਸ਼ਾਲ ਕਰਦੀਆਂ ਰਹਿੰਦੀਆਂ ਹਨ। ਜਿਵੇਂ ਅਲੌਕਿਕ ਪ੍ਰਾਣੀ, ਦੇਵੀ-ਦੇਵਤੇ, ਭੂਤ-ਪ੍ਰੇਤ, ਜਿਨ ਆਦਿ ਪ੍ਰਕਿਰਤੀ, ਪ੍ਰਾਕਿਰਤਕ ਵਰਤਾਰਾ, ਬੀਮਾਰੀਆਂ, ਜਾਦੂ-ਟੂਣਾ, ਜੰਤਰ-ਮੰਤਰ, ਟੋਟਕੇ, ਧਾਗੇ, ਤਾਵੀਜ਼, ਜੜ੍ਹੀ-ਬੂਟੀਆਂ, ਰੁੱਖ, ਰੰਗ, ਜਾਨਵਰ, ਪਸ਼ੂ-ਪੰਛੀ, ਦਿਸ਼ਾਵਾਂ, ਭੂਚਾਲ, ਹੜ੍ਹ, ਤੂਫ਼ਾਨ, ਲਾਲ ਹਨੇਰੀ ਆਦਿ ਕੋਈ ਵੀ ਪੱਖ ਜਿਹੜਾ ਵਿਅਕਤੀ ਨਾਲ ਕਦੇ ਵਾਹ ਪਾਉਂਦਾ ਹੈ। ਉਹ ਵਿਸ਼ਵਾਸਾਂ ਦਾ ਅੰਗ ਬਣ ਸਕਦਾ ਹੈ। ਵਿਅਕਤੀ ਨੇ ਜਾਂ ਤਾਂ ਡਰ ਕੇ ਜਾਂ ਸ਼ਰਧਾ ਵੱਸ ਚੀਜ਼ਾਂ ਵਸਤਾਂ ਨਾਲ ਸੰਬੰਧਿਤ ਵਿਸ਼ਵਾਸ ਜੋੜ ਲਏ ਹਨ। ਡਾ. ਕੰਵਲਜੀਤ ਗਰੇਵਰ ਦੀ ਪੁਸਤਕ "ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿੱਚ ਕਥਾਨਕ ਰੂੜ੍ਹੀਆਂ" ਵਿੱਚ ਜੇ ਬੋਸਵੈਲ ਦੇ ਇਸ ਸੰਬੰਧੀ ਵਿਚਾਰ ਵੇਖਦੇ ਹਾਂ ਕਿ "ਵਿਸ਼ਵਾਸ ਵਿੱਚ ਕਈ ਤਰ੍ਹਾਂ ਦੇ ਬੇਦਲੀਲੇ ਤੇ ਅਵਿਗਿਆਨਕ ਤੱਤ ਅਤੇ ਪ੍ਰਵਿਰਤੀਆਂ ਮਿਲੀਆਂ ਹੋਈਆਂ ਹੁੰਦੀਆਂ ਹਨ। ਇਸ ਵਿੱਚ ਮਿਥਿਹਾਸ, ਜੋਤਿਸ਼, ਅੰਧ-ਵਿਸ਼ਵਾਸ, ਵਹਿਮ-ਭਰਮ ਆਦਿ ਕਈ ਕੁਝ ਸ਼ਾਮਿਲ ਹੁੰਦਾ ਹੈ ਪਰ ਇਹ ਗੱਲ ਯਕੀਨੀ ਹੈ ਕਿ ਹਰ ਕੌਮ ਤੇ ਹਰ ਦੇਸ਼ ਦੇ ਲੋਕਾਂ ਵਿੱਚ ਅਜਿਹੇ ਵਿਚਾਰ ਦੇਖਣ ਵਿੱਚ ਆਉਂਦੇ ਹਨ ਜੋ ਇਨ੍ਹਾਂ ਦੇ ਵਿਸ਼ਵਾਸਾਂ ਉੱਪਰ ਆਧਾਰਿਤ ਹੁੰਦੇ ਹਨ।"[8]

ਅਜਿਹੇ ਸਾਰੇ ਵਿਸ਼ਵਾਸਾਂ ਦੀ ਅਭਿਵਿਅਕਤੀ ਕਿਸੇ ਨਾ ਕਿਸੇ ਰੂਪ ਵਿੱਚ ਲੋਕ-ਸਾਹਿਤ ਵਿੱਚ ਹੁੰਦੀ-ਰਹਿੰਦੀ ਹੈ। ਲੋਕ-ਕਹਾਣੀਆਂ ਵੀ ਅਜਿਹੇ ਵਿਸ਼ਵਾਸਾਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀਆਂ ਹਨ। ਫਲੋਰਾ ਐਨੀ ਸਟੀਲ ਦੀ ਇਕ ਪੁਸਤਕ "ਟੇਲਜ਼ ਆਫ਼ ਦਾ ਪੰਜਾਬ" ਵਿਚ ਮਿਲਦੀਆਂ ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ ਦਾ ਅਧਿਐਨ ਅਸੀਂ ਇਸ ਅਧਿਆਇ ਵਿੱਚ ਪੇਸ਼ ਕਰ ਰਹੇ ਹਾਂ-

**ਭਵਿੱਖ ਬਾਣੀ**: ਭਾਰਤ ਜਾਂ ਪੰਜਾਬ ਹੀ ਨਹੀਂ, ਦੁਨੀਆਂ ਭਰ ਦੇ ਸਾਹਿਤ ਵਿੱਚ ਇਸ ਰੂੜ੍ਹੀ ਦਾ ਹੋਣਾ ਇਸ ਗੱਲ ਦੀ ਗਵਾਹੀ ਹੈ ਕਿ ਆਪਣੇ ਭਵਿੱਖ ਬਾਰੇ ਜਾਨਣ ਦੀ ਇੱਛਾ ਅਤੇ ਉਤਸੁਕਤਾ ਹਰ ਵਿਅਕਤੀ ਵਿੱਚ ਹੁੰਦੀ ਹੈ। ਇਸ ਰਾਹੀਂ ਜਿੱਥੇ ਆਉਣ ਵਾਲੇ ਸਮੇਂ ਵਿੱਚ ਵਾਪਰਨ ਵਾਲੀ ਘਟਨਾ ਦੇ ਬਾਰੇ ਪਤਾ ਲੱਗਦਾ ਹੈ, ਉੱਥੇ ਕਿਸੇ ਨਾਇਕ/ਨਾਇਕਾ ਦੀ ਹੋਣੀ ਵੀ ਨਿਸ਼ਚਿਤ ਹੋ ਜਾਂਦੀ ਹੈ। ਆਮ ਕਰ ਕੇ ਇਹ ਭਵਿੱਖ-ਬਾਣੀਆਂ ਜੋਤਸ਼ੀਆਂ, ਪੰਡਤਾਂ, ਧਾਰਮਿਕ ਵਿਅਕਤੀਆਂ, ਫ਼ਕੀਰਾਂ, ਸਾਧਾਂ, ਸੰਤਾਂ ਵੱਲੋਂ ਕੀਤੀਆਂ ਜਾਂਦੀਆਂ ਹਨ ਅਤੇ ਲੋਕਾਂ ਦਾ ਵੀ ਕਈ

ਵਾਰੀ ਇਨ੍ਹਾਂ ਵਿੱਚ ਅਟੱਲ ਵਿਸ਼ਵਾਸ ਹੁੰਦਾ ਹੈ। ਜਨਮ-ਕੁੰਡਲੀ ਤੇ ਜਨਮ-ਪੱਤਰੀ ਬਣਵਾਉਣਾ, ਖੁਲਵਾਉਣਾ ਤੇ ਮਿਲਵਾਉਣਾ ਵੀ ਇਸੇ ਅਧੀਨ ਆਉਂਦਾ ਹੈ।

"ਟੇਲਜ਼ ਆਫ਼ ਦਾ ਪੰਜਾਬ" ਦੀ ਕਹਾਣੀ 'ਦੋ ਭਰਾ' ਵਿੱਚ ਜਦੋਂ ਵਪਾਰੀਆਂ ਦਾ ਜਹਾਜ਼ ਉਲਟ ਹਵਾਵਾਂ ਕਰ ਕੇ ਅੜ ਗਿਆ ਤਾਂ ਉਨ੍ਹਾਂ ਭਵਿੱਖ ਬਾਣੀ ਕਰਨ ਵਾਲੇ ਕੋਲੋਂ ਪੁੱਛਿਆ। ਉਸ ਨੇ ਕਿਹਾ ਕਿ ਇਹ ਕਿਸੇ ਮਨੁੱਖ ਦੀ ਬਲੀ ਮੰਗਦਾ ਹੈ। ਰਾਜਾ ਕਿਉਂਕਿ ਪਹਿਲਾਂ ਹੀ ਘੁਮਿਆਰ ਬਣ ਚੁੱਕੇ ਰਾਜਕੁਮਾਰ ਨਾਲ ਈਰਖਾ ਕਰਦਾ ਸੀ। ਉਸ ਨੇ ਝੱਟ ਹੀ ਉਸ ਨੂੰ ਬਲੀ ਲਈ ਵਪਾਰੀਆਂ ਕੋਲ ਸੌਂਪ ਦਿੱਤਾ। ਵਪਾਰੀ ਉਸ ਦੀ ਬਲੀ ਦੇਣ ਲਈ ਲੈ ਗਏ ਤਾਂ ਉਨ੍ਹਾਂ ਸ਼ਾਮ ਤੱਕ ਇੰਤਜ਼ਾਰ ਕੀਤਾ। ਜਦੋਂ ਰਾਜਕੁਮਾਰ ਨੇ ਆਪਣੀ ਉਂਗਲੀ ਵਿੱਚੋਂ ਖ਼ੂਨ ਦਾ ਕਤਰਾ ਕੱਢ ਕੇ ਸੁੱਟਿਆ ਤਾਂ ਪਹਿਲਾ ਜਹਾਜ਼ ਤੁਰ ਪਿਆ ਅਤੇ ਦੂਸਰੇ ਕਤਰੇ ਨਾਲ ਦੂਸਰਾ। ਉਨ੍ਹਾਂ ਰਾਜਕੁਮਾਰ ਨੂੰ ਭਲਾ ਆਦਮੀ ਸਮਝ ਕੇ ਨਾਲ ਹੀ ਲੈ ਲਿਆ। ਇਸ ਤਰ੍ਹਾਂ ਇਹ ਗੱਲ ਵੀ ਸਾਫ਼ ਹੋ ਗਈ ਕਿ ਜਿੱਥੇ ਲੋਕ ਭਵਿੱਖ ਬਾਣੀਆਂ ਵਿੱਚ ਵਿਸ਼ਵਾਸ ਰੱਖਦੇ ਸਨ, ਉਥੇ ਉਨ੍ਹਾਂ ਨੂੰ ਭਵਿੱਖ ਬਾਣੀਆਂ ਵਿੱਚ ਵੀ ਕਿਧਰੇ ਕੋਈ ਸੱਚਾਈ ਨਜ਼ਰ ਆਉਂਦੀ ਹੈ। ਭਾਵੇਂ ਇਹ ਵਿਸ਼ਵਾਸ ਹੀ ਹੈ ਪਰ ਅਜਿਹੇ ਵਿਸ਼ਵਾਸਾਂ ਨੂੰ ਇਸ ਤਰ੍ਹਾਂ ਨਾਲ ਮਾਨਤਾ ਵੀ ਮਿਲ ਜਾਂਦੀ ਹੈ।

## ਸ਼ਗਨ-ਅਪਸ਼ਗਨ ਜਾਂ ਰੀਤੀ ਰਿਵਾਜ

ਸ਼ਗਨ-ਅਪਸ਼ਗਨ ਵੀ ਮਨੁੱਖੀ ਵਿਸ਼ਵਾਸਾਂ ਦਾ ਹਿੱਸਾ ਬਣਦੇ ਹਨ। ਸ਼ਗਨ ਚੰਗੇ ਤੇ ਅਪਸ਼ਗਨ ਮਾੜੇ ਵੀ ਹੁੰਦੇ ਹਨ। ਵੱਖ-ਵੱਖ ਚੀਜ਼ਾਂ, ਵਸਤਾਂ, ਅੰਕਾਂ, ਫ਼ੁੱਲਾਂ, ਵਿਅਕਤੀਆਂ, ਦਿਸ਼ਾਵਾਂ, ਰੀਤੀ ਰਿਵਾਜਾਂ, ਘਰੋਂ ਨਿਕਲਣਾ, ਕੰਮਾਂ-ਧੰਦਿਆਂ ਆਦਿ ਨਾਲ ਸੰਬੰਧਿਤ ਅਨੇਕਾਂ ਸ਼ਗਨ-ਅਪਸ਼ਗਨ ਸਾਨੂੰ ਸਭਿਆਚਾਰਕ ਤੌਰ 'ਤੇ ਮਿਲਦੇ ਹਨ। ਇਨ੍ਹਾਂ ਨੂੰ ਮੰਨਣਾ ਜਾਂ ਨਾ ਮੰਨਣਾ ਵਿਅਕਤੀ ਦਾ ਨਿੱਜੀ ਮਾਮਲਾ ਹੁੰਦਾ ਹੈ। "ਟੇਲਜ਼ ਆਫ਼ ਦਾ ਪੰਜਾਬ" ਵਿੱਚ ਮਿਲਦੀਆਂ ਕੁਝ ਬਾਤਾਂ ਜਾਂ ਕਹਾਣੀਆਂ ਵਿੱਚ ਅਜਿਹੇ ਸ਼ਗਨ ਅਪਸ਼ਗਨ ਵੇਖਣ ਨੂੰ ਮਿਲਦੇ ਹਨ ਜਿਵੇਂ :

"ਮਗਰਮੱਛਾਂ ਦਾ ਰਾਜਾ" ਕਹਾਣੀ ਵਿੱਚ ਜਦੋਂ ਮਗਰਮੱਛ ਨੇ ਕਿਸਾਨ ਦੀ ਬੇਟੀ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟ ਕੀਤੀ ਅਤੇ ਉਸ ਕਿਸਾਨ ਦੀ ਪਤਨੀ ਨੇ ਇਸ ਨੂੰ ਅਦਭੁਤ ਤੇ ਹਾਸੋ-ਹੀਣਾ ਸਮਝ ਕੇ ਨਕਾਰ ਦਿੱਤਾ। ਉਨ੍ਹਾਂ ਸੋਚਿਆ ਕਿ ਉਹ ਹੁਣ ਨਹੀਂ ਆਉਣਗੇ ਅਤੇ ਉਨ੍ਹਾਂ ਆਪਣੀ ਖ਼ੂਬਸੂਰਤ ਲੜਕੀ ਦਾ ਵਿਆਹ ਉਥੇ ਕਰਨਾ ਤੈਅ ਕਰ ਦਿੱਤਾ, ਜਿੱਥੇ ਪਹਿਲਾਂ ਉਸ ਨੂੰ ਮੰਗਿਆ ਹੋਇਆ ਸੀ ਪਰ ਵਿਆਹ ਵਾਲੇ ਦਿਨ ਉਸ ਲੜਕੇ ਦੀ ਮੌਤ ਹੋ ਗਈ। ਦੂਸਰੀ ਜਗ੍ਹਾ ਰਿਸ਼ਤਾ ਕੀਤਾ ਗਿਆ ਤਾਂ ਉਹ ਲੜਕਾ ਲਾ-ਇਲਾਜ ਬਿਮਾਰੀ ਦਾ ਸ਼ਿਕਾਰ ਹੋ ਗਿਆ। ਵਿਆਹ ਵਾਲੇ ਦਿਨ ਲੜਕੀ ਦੀ ਮੌਤ ਹੋਣਾ, ਪੰਜਾਬੀ ਸਭਿਆਚਾਰ ਵਿੱਚ ਬੜਾ ਹੀ ਮਨਹੂਸ ਅਪਸ਼ਗਨ ਸਮਝਿਆ ਜਾਂਦਾ ਹੈ।

ਇਸੇ ਤਰ੍ਹਾਂ ਇਸੇ ਸੰਗ੍ਰਹਿ ਦੀ ਕਹਾਣੀ "ਮਾਂ ਤੇ ਧੀ ਜਿਹੜੀਆਂ ਸੂਰਜ ਦੇਵਤਾ ਦੀ ਪੂਜਾ ਕਰਦੀਆਂ ਸਨ" ਵਿੱਚ ਸੂਰਜ ਦੀ ਪੂਜਾ ਕਰਨ ਬਾਰੇ ਦੱਸਿਆ ਗਿਆ ਹੈ। ਆਦਿ ਕਾਲ ਤੋਂ ਹੀ ਮਨੁੱਖ ਜਿਨ੍ਹਾਂ ਅਦਿੱਖ ਸ਼ਕਤੀਆਂ ਦਾ ਭੈਅ ਮੰਨਦਾ ਰਿਹਾ ਜਾਂ ਉਸ ਦੀ ਕਰੋਪੀ ਤੋਂ ਬਚਣ ਦੇ ਉਪਾਅ ਕਰਦਾ ਰਿਹਾ ਹੈ। ਇਹ ਸੂਰਜ ਦੀ ਪੂਜਾ ਵੀ ਉਨ੍ਹਾਂ ਵਿੱਚੋਂ ਇਕ ਹੈ, ਭਾਰਤੀ ਤੇ ਵਿਦੇਸ਼ੀ ਕੌਮਾਂ ਵਿੱਚ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ, ਜਿਹੜੀ ਕਿ ਰੌਸ਼ਨੀ ਤੇ ਸ਼ਕਤੀ ਦਾ ਪ੍ਰਤੀਕ ਹੈ। ਪਰ ਆਸਥਾ ਦਾ ਵਿਸ਼ਵਾਸ ਨਾਲ ਕੀਤੀ ਪੂਜਾ ਜ਼ਰੂਰ ਫ਼ਲਦਾਇਕ ਹੁੰਦੀ ਹੈ। ਅਜਿਹਾ ਵਿਸ਼ਵਾਸ ਹੈ

ਕਿ ਇਸੇ ਲਈ ਇਸ ਕਹਾਣੀ ਵਿੱਚ ਬੁੱਢੀ ਔਰਤ ਤੇ ਉਸ ਦੀ ਧੀ ਦੀ ਕਿਸਮਤ ਹੀ ਪੂਜਾ ਨਾਲ ਬਦਲ ਜਾਂਦੀ ਹੈ ਅਤੇ ਸੂਰਜ ਦੇਵਤਾ ਵੀ ਆਪਣੇ ਚਮਤਕਾਰ ਇਸ ਕਹਾਣੀ ਵਿੱਚ ਦਿਖਾਉਂਦਾ ਹੈ ਜਦੋਂ-ਜਦੋਂ ਵੀ ਉਨ੍ਹਾਂ ਸੂਰਜ ਦੇਵਤਾ ਨੂੰ ਪੁਕਾਰਿਆ ਤਾਂ ਉਹ ਪ੍ਰਗਟ ਹੋ ਕੇ ਉਨ੍ਹਾਂ ਦੀ ਮਦਦ 'ਤੇ ਆ ਗਿਆ। ਲੜਕੀ ਦਾ ਕਿਸੇ ਤਰ੍ਹਾਂ ਰਾਜੇ ਦੇ ਮਹੱਲ ਵਿੱਚ ਪਹੁੰਚਣਾ ਤੇ ਉਸ ਦੀ ਰਾਣੀ ਬਣ ਜਾਣਾ ਤੇ ਉਸ ਲੜਕੀ ਵੱਲੋਂ ਸ਼ਰਮ ਮਹਿਸੂਸ ਕਰਨਾ, ਰਾਜਾ ਵੱਲੋਂ ਆਪਣੇ ਸਹੁਰੇ ਜਾਣ ਦੀ ਇੱਛਾ ਪ੍ਰਗਟ ਕਰਨਾ ਪਰ ਲੜਕੀ ਦਾ ਡਰਨਾ ਕਿ ਉਥੇ ਤਾਂ ਕੁਝ ਵੀ ਨਹੀਂ। ਅਸੀਂ ਤਾਂ ਗ਼ਰੀਬ ਹਾਂ, ਉਸ ਨੇ ਸੂਰਜ ਦੇਵਤਾ ਕੋਲ ਪ੍ਰਾਰਥਨਾ ਕੀਤੀ ਅਤੇ ਸੂਰਜ ਦੇਵਤਾ ਨੇ ਉਨ੍ਹਾਂ ਦੀ ਪ੍ਰਾਰਥਨਾ ਸੁਣੀ ਤੇ ਉਨ੍ਹਾਂ ਲਈ ਖ਼ੂਬਸੂਰਤ ਮਹੱਲ ਬਣਵਾ ਦਿੱਤਾ। ਜਿਹੜਾ ਕਿ ਰਾਜਾ ਦੇ ਵਾਪਸ ਜਾਂਦਿਆਂ ਹੀ ਅਲੋਪ ਹੋ ਗਿਆ ਅਤੇ ਰਾਜਾ ਨੇ ਇਹ ਦ੍ਰਿਸ਼ ਵੇਖ ਲਿਆ ਤੇ ਲੜਕੀ ਨੂੰ ਜਾਦੂਗਰਨੀ ਸਮਝਿਆ, ਪਰ ਅਸਲੀਅਤ ਜਾਣ ਕੇ ਉਹ ਵੀ ਸੂਰਜ ਦੇਵਤਾ ਦਾ ਪੁਜਾਰੀ ਬਣ ਗਿਆ। "ਰਾਜਕੁਮਾਰੀ ਬੈਂਗਨ" ਨਾਂ ਦੀ ਕਹਾਣੀ ਵਿੱਚ ਵੀ ਇਕ ਰਿਵਾਜ ਮਿਲਦਾ ਹੈ ਕਿ ਜਦੋਂ ਦੋ ਔਰਤਾਂ ਆਪਸ ਵਿੱਚ ਦੁੱਧ ਦਾ ਕੱਪ ਸਾਂਝਾ ਕਰਦੀਆਂ ਹਨ, ਤਾਂ ਉਹ ਭੈਣਾਂ ਬਣ ਜਾਂਦੀਆਂ ਹਨ। ਕਹਾਣੀ ਅਨੁਸਾਰ ਜਦੋਂ ਰਾਜਾ ਦੀ ਗੁਲਾਮ ਕੁੜੀ ਨੇ ਇਕ ਦਿਨ ਰਾਜਕੁਮਾਰੀ ਬੈਂਗਨ ਨੂੰ ਵੇਖ ਲਿਆ ਤਾਂ ਉਸ ਨੇ ਜਾ ਕੇ ਮਹਾਰਾਣੀ ਨੂੰ ਦੱਸਿਆ ਤਾਂ ਉਹ ਡਰ ਗਈ ਕਿ ਕਿਧਰੇ ਰਾਜਾ ਦੀ ਨਜ਼ਰ ਉਸ 'ਤੇ ਪੈ ਗਈ ਤਾਂ ਉਹ ਉਸ ਨੂੰ ਆਪਣੀ ਰਾਣੀ ਜ਼ਰੂਰ ਬਣਾ ਲਵੇਗਾ। ਈਰਖਾ ਵੱਸ ਉਹ ਉਸ ਨੂੰ ਮਰਵਾ ਦੇਣ ਦੀਆਂ ਵਿਉਂਤਾਂ ਬਣਾਉਣ ਲੱਗੀ ਅਤੇ ਉਸ ਨੇ ਆਪਣੀ ਗ਼ੁਲਾਮ ਕੁੜੀ ਨੂੰ ਭੇਜ ਕੇ ਧੋਖੇ ਨਾਲ ਉਸ ਨੂੰ ਆਪਣੇ ਮਹੱਲ ਵਿੱਚ ਸੱਦ ਲਿਆ ਅਤੇ ਉਸ ਨਾਲ ਦੁੱਧ ਦਾ ਕੱਪ ਸਾਂਝਾ ਕੀਤਾ ਅਤੇ ਕਿਹਾ ਕਿ ਹੁਣ ਅਸੀਂ ਭੈਣਾਂ ਬਣ ਗਈਆਂ ਹਾਂ। ਇਸ ਤਰ੍ਹਾਂ ਉਸ ਨੂੰ ਵਿਸ਼ਵਾਸ ਵਿੱਚ ਲੈ ਕੇ ਉਸ ਕੋਲੋਂ ਉਸ ਦੀ ਖ਼ੂਬਸੂਰਤੀ ਦਾ ਸਾਰਾ ਰਾਜ ਪੁੱਛ ਲੈਂਦੀ ਹੈ।

ਭਾਰਤੀ ਤੇ ਵਿਦੇਸ਼ੀ ਸਾਹਿਤ ਵਿੱਚ ਸਾਨੂੰ ਦਿਸ਼ਾਵਾਂ ਬਾਰੇ ਵੀ ਵਹਿਮ-ਭਰਮ ਮਿਲਦੇ ਹਨ। ਦਿਸ਼ਾਵਾਂ ਨੂੰ ਸ਼ੁਭ ਜਾਂ ਅਸ਼ੁਭ ਵੀ ਮੰਨਿਆ ਜਾਂਦਾ ਹੈ। ਭਵਨ ਨਿਰਮਾਣ ਵਿੱਚ ਵੀ ਜਾਂ ਘਰ ਬਣਾਉਣ ਲੱਗਿਆਂ ਵਾਸਤੂ ਸ਼ਾਸਤਰ ਦਾ ਸਹਾਰਾ ਲਿਆ ਜਾਂਦਾ ਹੈ ਜਿਸ ਵਿੱਚ ਦਿਸ਼ਾਵਾਂ ਬਾਰੇ ਦੱਸਿਆ ਗਿਆ ਹੁੰਦਾ ਹੈ। ਕਿਤੇ ਜਾਣ ਲੱਗਿਆਂ ਦਿਸ਼ਾਵਾਂ ਦਾ ਉੱਤਰ, ਪੱਛਮ, ਪੂਰਬ, ਦੱਖਣ ਦੀਆਂ ਦਿਸ਼ਾਵਾਂ ਬਾਰੇ ਬਹੁਤ ਸਾਰੀਆਂ ਮਾਨਤਾਵਾਂ ਮਿਲਦੀਆਂ ਹਨ, ਪਰ ਸੁਪਨੇ ਵਿੱਚ ਕਿਸੇ ਘਟਨਾ ਬਾਰੇ ਜਾਣਕਾਰੀ ਮਿਲਣਾ ਅਤੇ ਦਿਸ਼ਾਵਾਂ ਬਾਰੇ ਸੁਚੇਤ ਕਰਨ ਦੀ ਘਟਨਾ "ਸੱਤ ਮਾਤਾਵਾਂ ਦੇ ਪੁੱਤਰ" ਵਾਲੀ ਕਹਾਣੀ ਵਿੱਚੋਂ ਸਾਨੂੰ ਪਤਾ ਲੱਗਦੀ ਹੈ ਕਿ ਇਕ ਰਾਜਾ ਜਿਸ ਦੀਆਂ ਸੱਤ ਰਾਣੀਆਂ ਸਨ। ਉਹ ਬੜੇ ਮਜ਼ੇ ਵਿੱਚ ਰਹਿੰਦੀਆਂ ਸਨ ਪਰ ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਇਕ ਦਿਨ ਇਕ ਫ਼ਕੀਰ ਨੇ ਸੱਤ ਪੁੱਤਰਾਂ ਦੀ ਪ੍ਰਾਪਤੀ ਦਾ ਵਰ ਦਿੱਤਾ। ਰਾਜਾ ਸ਼ਿਕਾਰ ਦਾ ਸ਼ੌਕੀਨ ਸੀ। ਇਕ ਦਿਨ ਰਾਜਾ ਜਦੋਂ ਸ਼ਿਕਾਰ 'ਤੇ ਜਾਣ ਲੱਗਾ ਤਾਂ ਉਸ ਦੀਆਂ ਰਾਣੀਆਂ ਨੇ ਉਸ ਨੂੰ ਜਾਣ ਤੋਂ ਰੋਕਿਆ ਕਿ ਨਾ ਜਾ, ਕਿਉਂਕਿ ਸਾਨੂੰ ਬੜਾ ਡਰਾਉਣਾ ਸੁਪਨਾ ਆਇਆ ਹੈ ਕਿ ਤੁਸੀਂ ਉੱਤਰ ਵਾਲੇ ਪਾਸੇ ਸ਼ਿਕਾਰ ਖੇਡਣ ਨਾ ਜਾਣਾ। ਰਾਜਾ ਵਾਅਦਾ ਕਰ ਕੇ ਚਲਾ ਜਾਂਦਾ ਹੈ, ਪਰ ਫਿਰ ਵੀ ਉਸੇ ਦਿਸ਼ਾ ਵੱਲ ਚਲਾ ਜਾਂਦਾ ਹੈ ਜਿਸ ਨਾਲ ਕਈ ਮੁਸ਼ਕਿਲਾਂ ਵਿੱਚ ਫਸ ਜਾਂਦਾ ਹੈ।

ਇਸ ਤਰ੍ਹਾਂ ਇਹ ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ ਹਨ, ਜਿਨ੍ਹਾਂ ਰਾਹੀਂ ਇਨਾਮ ਮਨੌਤਾਂ ਦਾ ਤਾਂ ਫ਼ਾਇਦਾ ਹੀ ਨਜ਼ਰ ਆਉਂਦਾ ਹੈ ਤੇ ਨਾ ਮੰਨਣ ਤੇ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬੀ ਸਭਿਆਚਾਰ ਵਿੱਚ ਅਜਿਹੀਆਂ ਕਈ ਵਿਵਰਜਨਾਵਾਂ

ਤੇ ਮਨੌਤਾਂ ਸ਼ਾਮਿਲ ਹਨ।

**ਸੰਖਿਆ ਰੂੜ੍ਹੀ:** ਕਈ ਵਾਰ ਕਿਸੇ ਸੰਖਿਆ ਰੂੜ੍ਹੀ ਨਾਲ ਕਿਸੇ ਜਾਤੀ ਦੀ ਭਾਵਨਾ,ਵਹਿਮ-ਭਰਮ ਜਾਂ ਮਨੌਤ ਜੁੜ ਜਾਂਦੀ ਹੈ, ਤਾਂ ਉਹ ਸੰਖਿਆ ਨਿਰਾ ਅੰਕ ਨਾ ਰਹਿ ਕੇ ਵਿਸ਼ੇਸ਼ ਰੂੜ੍ਹੀ ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ। ਕੁਝਅੰਕ ਰਹੱਸਵਾਦੀ ਭਾਵਾਰਥ ਦੇ ਸੂਚਕ ਹੁੰਦੇ ਹਨ ਅਤੇ ਕਈ ਅੰਕਾਂ ਦਾ ਸਭਿਆਚਾਰਕ ਮਹੱਤਵ ਹੁੰਦਾ ਹੈ। ਸੱਤ, ਬਾਰਾਂ ਦੀ ਗਿਣਤੀ ਰਹੱਸਵਾਦੀ ਮਹੱਤਤਾ ਨੂੰ ਪੇਸ਼ ਕਰਦੀ ਹੈ, ਜਿਵੇਂ ਗੁਰੂ ਨਾਨਕ ਜੀ ਦਾ 12 ਸਾਲ ਬਾਅਦ ਘਰ ਮੁੜਨਾ, ਰਾਂਝੇ ਦਾ ਬਾਰਾਂ ਸਾਲ ਮੱਝਾਂ ਚਾਰਨਾ, ਜ਼ੁਲੈਖਾਂ ਦਾ 12 ਸਾਲ ਦੀ ਲੜਕੀ ਨਾਲ ਦਿਸ ਪੈਣਾ, ਯਿਸੂ ਮਸੀਹ ਦੇ 12 ਚੇਲਿਆਂ ਦਾ ਹੋਣਾ। ਇਜ਼ਰਾਈਲ ਦੇ 12 ਗੋਤਾਂ ਦਾ ਹੋਣਾ, ਰਸਾਲੂ ਦਾ 12 ਸਾਲ ਲਈ ਭੋਰੇ 'ਚ ਪੈਣਾ, ਪੂਰਨ ਦਾ 12 ਸਾਲ ਲਈ ਭੋਰੇ 'ਚ ਪੈਣਾ, ਰਾਜਾ ਰਸਾਲੂ ਦਾ 12 ਸਾਲ ਦੀ ਕੋਕਿਲਾਂ ਨਾਲ ਵਿਆਹ ਕਰਾਉਣਾ। 9 ਦੀ ਗਿਣਤੀ, ਜਿਵੇਂ ਨਰਾਤੇ, ਨੌ ਗ੍ਰਹਿ, ਨੌਂ, ਖੰਡ, ਨੌਂ ਨਾਥ। 6 ਰੁੱਤਾਂ, 6 ਸ਼ਾਸਤਰ, 84 ਲੱਖ ਜੂਨ ਦਾ ਸੰਕਲਪ ਵੀ ਮਿਲਦਾ ਹੈ। ਅੱਜ ਵੀ ਬਹੁਤ ਸਾਰੇ ਲੋਕ ਇਨ੍ਹਾਂ ਅੰਕਾਂ ਵਿੱਚ ਵਿਸ਼ਵਾਸ ਰੱਖਦੇ ਹਨ। ਕਾਰਾਂ, ਸਕੂਟਰਾਂ, ਗੱਡੀਆਂ, ਘਰਾਂ ਦੇ ਨੰਬਰਾਂ ਨੂੰ ਵਿਚਾਰ-ਵਿਮਰਸ਼ ਕਰ ਕੇ ਅਪਨਾਇਆ ਜਾਂਦਾ ਹੈ। ਇਸ ਤਰ੍ਹਾਂ ਇਸ ਸੰਖਿਆ ਰੂੜ੍ਹੀ ਦਾ ਆਦਿ ਕਾਲ ਤੋਂ ਹੁਣ ਤੱਕ ਦੇ ਸਮੇਂ ਤੱਕ ਮਹੱਤਵ ਤੇ ਵਿਸ਼ੇਸ਼ਤਾ ਬਣੀ ਹੋਈ ਹੈ।

ਸਟੀਲ ਦੀਆਂ ਇਕੱਤਰ ਕੀਤੀਆਂ ਕਹਾਣੀਆਂ ਜਾਂ ਬਾਤਾਂ ਵਿੱਚ ਸੰਖਿਆ ਸੰਬੰਧੀ ਰੂੜ੍ਹੀਆਂ ਦਾ ਜ਼ਿਕਰ ਵੀ ਮਿਲਦਾ ਹੈ : ਜਿਵੇਂ ਕਿ ਇਕ, ਬਾਰਾਂ, ਸੱਤ ਤੇ ਸੌ ਆਦਿ।

ਬਾਰਾਂ ਦੀ ਰੂੜ੍ਹੀ ਦਾ ਜ਼ਿਕਰ ਕਈ ਕਹਾਣੀਆਂ ਵਿੱਚ ਆਇਆ ਹੈ ਜਿਵੇਂ 'ਰੂਬੀ ਰਾਜਕੁਮਾਰ' ਦੀ ਕਹਾਣੀ ਵਿੱਚ ਰਾਜੇ ਨੇ ਇਕ ਪੱਥਰ ਇਕ ਲੱਖ ਰੁਪਏ ਦਾ ਖ਼ਰੀਦਿਆ ਤੇ ਆਪਣੀ ਰਾਣੀ ਨੂੰ ਉਸ ਨੂੰ ਸੰਭਾਲ ਕੇ ਰੱਖਣ ਲਈ ਦੇ ਦਿੱਤਾ। ਬਾਰਾਂ ਸਾਲ ਬਾਅਦ ਜਦੋਂ ਰਾਜੇ ਨੇ ਉਸ ਪੱਥਰ ਮੰਗਿਆ ਤਾਂ ਉਸ ਦੀ ਜਗ੍ਹਾ ਤੇ ਇਕ ਸੁੰਦਰ ਨੌਜਵਾਨ ਸੀ। ਰਾਜਾ ਉਸ ਨੂੰ ਵੇਖ ਕੇ ਗੁੱਸੇ ਵਿੱਚ ਆ ਗਿਆ ਤੇ ਉਸ ਨੂੰ ਘੋੜਾ ਤੇ ਹਥਿਆਰ ਦਿੱਤੇ ਤਾਂ ਕਿ ਉਹ ਆਪਣਾ ਰਸਤਾ ਆਪ ਲੱਭ ਲਵੇ।

'ਰਾਜਕੁਮਾਰੀ ਮਿਰਚੀ' ਵਿੱਚ ਰਾਜਕੁਮਾਰੀ ਮਿਰਚੀ ਨੂੰ ਪਾਲਣ ਵਾਲਾ ਜਿੰਨ ਬਾਰਾਂ ਸਾਲ ਸੌਂਦਾ ਤੇ ਬਾਰਾਂ ਸਾਲ ਹੀ ਜਾਗਦਾ ਸੀ ਅਤੇ ਜਦੋਂ ਉਹ ਬਾਰਾਂ ਸਾਲ ਬਾਅਦ ਨੀਂਦ ਤੋਂ ਜਾਗਿਆ ਤਾਂ ਉਸ ਨੂੰ ਛੋਟੀ ਰਾਜਕੁਮਾਰੀ ਮਿਰਚੀ ਮਿਲੀ ਪਰ ਬਾਰਾਂ ਸਾਲ ਬਾਅਦ ਜਦੋਂ ਉਸ ਨੇ ਫਿਰ ਸੌਣਾ ਸੀ ਤਾਂ ਉਸ ਨੇ ਉਸ ਦਾ ਵਿਆਹ ਖ਼ੂਬਸੂਰਤ ਨੌਜਵਾਨ ਰਾਜਕੁਮਾਰ ਨਾਲ ਕਰ ਦਿੱਤਾ ਅਤੇ ਆਪ ਬਾਰਾਂ ਸਾਲ ਲਈ ਸੌਂ ਗਿਆ, ਪਰ ਇਸ ਤੋਂ ਪਹਿਲਾਂ ਉਹ ਰਾਜਕੁਮਾਰੀ ਦੀ ਸੁੱਖ-ਸਾਂਦ ਵੀ ਪੁੱਛਦਾ ਰਿਹਾ ਅਤੇ ਤਸੱਲੀ ਕਰ ਕੇ ਬਾਰਾਂ ਸਾਲ ਲਈ ਸੌਂ ਗਿਆ।

"ਵਫ਼ਾਦਾਰ ਰਾਜਕੁਮਾਰ" ਦੀ ਕਹਾਣੀ ਵਿੱਚ ਵੀ ਬਾਰਾਂ ਸਾਲ ਦੀ ਨੀਂਦ ਤੋਂ ਜਾਗਣ ਦੀ ਗੱਲ ਬਾਰੇ ਪਤਾ ਲੱਗਦਾ ਹੈ। ਜਦੋਂ ਰਾਜਕੁਮਾਰ ਦੀ ਪਤਨੀ ਸ਼ਾਹ ਪਸੰਦ ਉਸ ਨੂੰ ਛੱਡ ਕੇ ਐਮਰਾਲਡ ਪਹਾੜ ਤੇ ਚਲੀ ਗਈ ਤਾਂ ਉਸ ਦੀ ਜੁਦਾਈ ਨਾ ਸਹਿੰਦਿਆਂ ਹੋਇਆਂ ਉਸ ਨੇ ਜਸਦਰੁਲ ਨੂੰ ਬੁਲਾਇਆ ਅਤੇ ਉਸ ਨੇ ਪਿਆਰ ਤੋਂ ਪ੍ਰਭਾਵਿਤ ਹੋ ਕੇ ਆਪਣੇ ਭਰਾ ਨਾਨਕ ਦਾ ਪਤਾ ਦੱਸਿਆ, ਜਿਹੜਾ ਉਸ ਨੂੰ ਉਸ ਜਗਾਹ ਤੇ ਪਹੁੰਚਾ ਸਕਦਾ ਸੀ। ਜਦੋਂ ਉਹ ਉਸ ਦੇ ਭਰਾ ਨਾਨਕ ਕੋਲ ਪਹੁੰਚਿਆ ਤਾਂ ਅਜੇ ਹੁਣੇ-ਹੁਣੇ ਹੀ ਉਹ ਬਾਰਾਂ ਸਾਲ ਦੀ ਨੀਂਦ ਤੋਂ ਜਾਗਿਆ ਸੀ।

"ਪਹਿਲਵਾਨ" ਕਹਾਣੀ ਵਿੱਚ ਐਸੀ ਜਗ੍ਹਾ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿੱਚ ਬਾਰਾਂ ਮੀਲ ਤੱਕ ਪਾਣੀ ਹੀ ਨਜ਼ਰ ਨਹੀਂ ਸੀ ਆਉਂਦਾ। 'ਵਫ਼ਾਦਾਰ ਰਾਜਕੁਮਾਰ' ਦੀ ਕਹਾਣੀ

ਵਿੱਚ ਸੁਨਿਹਰੀ ਹਿਰਨ ਜਿਹੜਾ ਕਿ ਰਾਜਾ ਨੂੰ ਸ਼ਿਕਾਰ ਕਰਦਿਆਂ ਮਿਲਿਆ ਸੀ ਆਪਣੀ ਜਾਨ ਬਖ਼ਸ਼ੀ ਲਈ ਅਦਭੁਤ ਜਗ੍ਹਾ ਦੀ ਸੈਰ ਕਰਾਉਣ ਲਈ ਕਹਿੰਦਾ ਹੈ ਤਾਂ ਉਹ ਰਾਜਕੁਮਾਰ ਨੂੰ ਆਪਣੀ ਪਿੱਠ 'ਤੇ ਬਿਠਾ ਕੇ ਸੱਤ ਦਿਨ ਤੇ ਸੱਤ ਰਾਤਾਂ ਸੈਰ ਕਰਵਾਉਂਦਾ ਹੈ। ਜਦੋਂ ਉਸ ਨੇ ਰਾਜਕੁਮਾਰ ਨੂੰ ਅਜੀਬ ਤੇ ਅਜਨਬੀ ਧਰਤੀ ਤੇ ਉਤਾਰਿਆ ਤਾਂ ਉਸ ਨੂੰ ਡੈਮਨ ਜਸਦਰੁਲ ਮਿਲਿਆ, ਜਿਸ ਨੇ ਦੱਸਿਆ ਕਿ ਘਬਰਾ ਨਾ, ਇਹ ਡੈਮਨਸਲੈਂਡ ਹੈ। ਉਸ ਨੇ ਰਾਜਕੁਮਾਰ ਦੀ ਖ਼ੂਬ ਸੇਵਾ ਕੀਤੀ ਅਤੇ ਉਸ ਨੂੰ ਸੌ ਚਾਬੀਆਂ ਦਿੱਤੀਆਂ ਅਤੇ ਕਿਹਾ ਕਿ ਇਹ ਚਾਬੀਆਂ ਮੇਰੇ ਬਾਗ਼ ਤੇ ਮਹੱਲਾ ਦੀਆਂ ਹਨ। ਤੂੰ ਇਨ੍ਹਾਂ ਵਿੱਚ ਘੁੰਮ ਫਿਰ ਸਕਦਾ ਹੈਂ ਤੇ ਰਹਿ ਸਕਦਾ ਹੈਂ।

**ਅਲੌਕਿਕ ਪਾਤਰਾਂ ਸੰਬੰਧੀ ਕਥਾਨਕ ਰੂੜ੍ਹੀਆਂ**: ਮਨੁੱਖ ਦੇ ਜੀਵਨ ਨਾਲ ਕੁਝ ਅਜਿਹੇ ਪਾਤਰ ਵੀ ਜੁੜੇ ਹੋਏ ਹਨ, ਜਿਨ੍ਹਾਂ ਦਾ ਸੰਬੰਧ ਇਸ ਧਰਤੀ ਨਾਲ ਤਾਂ ਨਹੀਂ ਪਰ ਉਹ ਅਨੋਖੀਆਂ ਤੇ ਅਣਹੋਣੀਆਂ ਘਟਨਾਵਾਂ ਕਰਦੇ ਹਨ। ਇਨ੍ਹਾਂ ਨੂੰ ਅਲੌਕਿਕ ਸ਼ਕਤੀਆਂ ਵਾਲੇ ਪਾਤਰ ਵੀ ਕਿਹਾ ਜਾਂਦਾ ਹੈ। ਲੋਕ ਕਹਾਣੀਆਂ ਜਾਂ ਲੋਕ ਸਾਹਿਤ ਵਿੱਚ ਅਜਿਹੇ ਪਾਤਰਾਂ ਦਾ ਮਿਲਣਾ ਕੋਈ ਓਪਰੀ ਗੱਲ ਨਹੀਂ ਕਿਉਂਕਿ ਪ੍ਰਾਚੀਨ ਕਾਲ ਤੋਂ ਹੀ ਅਜਿਹੇ ਪਾਤਰ ਜਿਨ੍ਹਾਂ ਵਿੱਚ ਦੇਵੀ, ਦੇਵਤੇ, ਜਿੰਨ, ਭੂਤ, ਪ੍ਰੇਤ, ਚੁੜੇਲਾਂ, ਡੈਣਾਂ, ਪਰੀਆਂ ਆਦਿ ਬਾਰੇ ਲੋਕ ਸਾਹਿਤ ਵਿਚ ਜ਼ਿਕਰ ਆਇਆ ਹੈ। ਡਾ. ਦੀਵਾਨ ਸਿੰਘ ਇਸ ਬਾਰੇ ਆਖਦੇ ਹਨ:

"ਦੇਵਾਂ, ਪਰੀਆਂ, ਜਿੰਨਾ, ਭੂਤਾਂ (ਅਫਰੇਤਾਂ), ਜਾਦੂ, ਤਵੀਤਾਂ (ਤਾਵੀਜ਼ਾਂ) ਮੰਤਰ ਤੰਤਰ, ਗ਼ੈਬੀ (ਦੈਵੀ) ਸ਼ਕਤੀਆਂ, ਰੂਹਾਂ ਆਦਿ ਦੀ ਕਲਪਨਾ ਭਾਵੇਂ ਪ੍ਰਕਿਰਤੀ ਅਤੇ ਯਥਾਰਥ ਤੋਂ ਪਰ੍ਹੇ ਦੀ ਚੇਤਨਾ ਹੈ, ਪਰ ਹੈ ਇਹ ਪ੍ਰਕਿਰਤੀ ਤੇ ਯਥਾਰਥ ਤੇ ਆਧਾਰਿਤ ਕੋਈ ਅਦਭੁਤ, ਅਨੂਠਾ ਜਿਹਾ ਅਨੁਭਵ। ਸਾਧਾਰਨ ਮਨੁੱਖ ਵੀ ਜਦ ਯਥਾਰਥ ਤੋਂ ਅਕੇਵਾਂ ਪ੍ਰਤੀਤ ਕਰਦਾ ਹੈ ਤਾਂ ਅਜਿਹੇ ਅਣਹੋਣੇ ਜੀਵਾਂ ਦੀ ਕਲਪਨਾ ਦਾ ਰਸ ਮਾਣਦਾ ਹੈ। ਅਦਭੁਤ (ਹੈਰਾਨੀ, ਵਿਸਮਾਦ) ਵਿੱਚ ਵੀ ਅਕਹਿ ਸੁਆਦ ਹੈ। ਮਨੁੱਖ ਜਿੰਨਾ ਕੁ ਯਥਾਰਥ ਵਿੱਚ ਜਿਉਂਦਾ ਹੈ, ਉਸ ਤੋਂ ਵੱਧ ਕਲਪਨਾ, ਭਾਵੁਕਤਾ ਤੇ ਸੁਪਨੇ ਦੀ ਅਵਸਥਾ ਵਿੱਚ ਜਿਊਣਾ ਲੋਚਦਾ ਹੈ। ਇਸੇ ਰੁਚੀ ਤੋਂ ਉੱਪਰ ਪ੍ਰਕਿਰਤੀ ਜਾਂ ਪਰਾਸਰੀਰਕ ਚਿਤਵਨ ਦਾ ਮੁੱਢ ਬੱਝਾ। [9]

ਦੁਨੀਆਂ ਦੇ ਹਰ ਸਾਹਿਤ ਜਿਵੇਂ ਭਾਰਤੀ, ਯੂਨਾਨੀ, ਯੂਰੋਪੀਅਨ ਆਦਿ ਵਿੱਚ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ। ਇਸਲਾਮੀ ਤੇ ਇਸਾਈ ਸਾਹਿਤ ਵਿੱਚ ਤਾਂ ਇਸ ਦਾ ਬਹੁਤ ਪ੍ਰਯੋਗ ਕੀਤਾ ਗਿਆ ਹੈ ਜਿਵੇਂ ਪਵਿੱਤਰ ਬਾਈਬਲ ਵਿੱਚ ਨਵੇਂ ਨੇਮ ਮਰਕੁਸ ਪੰਜ ਵਿੱਚ ਗਿਰੇਸੇਨੀਆ ਦੇ ਇਲਾਕੇ ਵਿੱਚ ਯਿਸੂ ਮਸੀਹ ਵੱਲੋਂ ਇਕ ਆਦਮੀ ਵਿੱਚੋਂ ਜਿਸ ਨੂੰ ਭੂਤਾਂ ਦਾ ਲਸ਼ਕਰ ਚੰਬੜਿਆ ਪਿਆ ਸੀ ਝਿੜਕ ਕੇ ਬਾਹਰ ਕੱਢ ਦਿੱਤਾ, ਉਨ੍ਹਾਂ ਦੀ ਗਿਣਤੀ ਦਸ ਹਜ਼ਾਰ ਦੱਸੀ ਗਈ ਹੈ।

"ਉਹ ਝੀਲ ਦੇ ਪਾਰ ਗਿਰੇਸੇਨੀਆ ਦੇ ਦੇਸ਼ ਵਿੱਚ ਪਹੁੰਚੇ ਅਰ ਜਾਂ ਉਹ ਬੇੜੀ ਵਿੱਚੋਂ ਉਤਰਿਆ ਤਾਂ ਉਵੇਂ ਇਕ ਮਨੁੱਖ ਜਿਸ ਦੇ ਵਿੱਚ ਭਰਿਸ਼ਟ ਆਤਮਾ ਸੀ। ਕਬਰਾਂ ਵਿੱਚੋਂ ਨਿਕਲ ਕੇ ਉਸ ਨੂੰ ਆ ਮਿਲਿਆ।" [10]

ਇਸਲਾਮੀ ਸਾਹਿਤ ਵਿੱਚ ਵੀ ਆਲੌਕਿਕ ਸ਼ਕਤੀਆਂ ਦੀ ਭਰਮਾਰ ਹੈ ਅਤੇ ਭਾਰਤੀ ਪੰਰਪਰਾ ਵਿੱਚ ਵੀ ਦੇਵੀ-ਦੇਵਤੇ ਬ੍ਰਹਮਾ ਵਿਸ਼ਨੂੰ ਮਹੇਸ਼ ਆਦਿ ਦਾ ਜ਼ਿਕਰ ਆਉਂਦਾ ਹੈ। ਇਹ ਸਾਰੇ ਪਾਤਰ ਦੋ ਤਰ੍ਹਾਂ ਦੇ ਹਨ, ਇਕ ਤਾਂ ਜਿਹੜੇ ਵਿਅਕਤੀ ਲਈ ਕਲਿਆਣਕਾਰੀ ਹਨ, ਤੇ ਦੂਸਰੇ ਸ਼ੈਤਾਨ, ਜਿੰਨ ਭੂਤ ਜਿਹੜੇ ਵਿਅਕਤੀ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਸਟੀਲ ਦੀਆਂ ਇਨ੍ਹਾਂ ਕਹਾਣੀਆਂ ਵਿੱਚ ਵੀ ਅਲੌਕਿਕ ਪਾਤਰਾਂ ਦਾ ਜ਼ਿਕਰ ਕਈ ਕਹਾਣੀਆਂ ਜਾਂ ਬਾਤਾਂ ਵਿੱਚ ਨਜ਼ਰ ਆਉਂਦਾ ਹੈ। ਜਿਨ੍ਹਾਂ ਵਿੱਚ ਪਹਿਲੀ ਕਹਾਣੀ 'ਸਰ ਬੁਜ਼' ਹੈ। ਇਸ ਵਿੱਚ ਇਕ ਅਜਿਹੇ ਪਾਤਰ ਦਾ ਜ਼ਿਕਰ ਹੈ, ਜਿਹੜਾ ਕਿ ਮਾਦਾ ਚੀਤੇ ਦੇ ਪੈਰ ਵਿੱਚੋਂ ਕੰਡਾ ਕੱਢਣ ਦੇ ਇਵਜ਼ਾਨੇ ਵੱਜੋਂ ਮੁੰਡੇ ਨੂੰ ਦਿੱਤੇ ਬਕਸੇ ਵਿੱਚੋਂ ਨਿਕਲਦਾ ਹੈ, ਜਿਸ ਨੂੰ ਕਿ ਨੌਂ ਮੀਲ ਪੈਂਡਾ ਪੂਰਨ ਕਰਨ ਤੋਂ ਪਹਿਲਾਂ ਹੀ ਖੋਲ੍ਹ ਲਿਆ ਜਾਂਦਾ ਹੈ। ਇਹ ਅਦਭੁਤ ਪਾਤਰ ਕਈ ਕੰਮ ਕਰ ਸਕਦਾ ਹੈ। ਉੱਡ ਸਕਦਾ ਹੈ, ਲੜ ਸਕਦਾ ਹੈ, ਦਰੱਖਤਾਂ ਨੂੰ ਡੇਗ ਸਕਦਾ ਹੈ ਆਦਿ। ਉਸ ਦੀ ਲੰਬਾਈ ਇਕ ਫੁੱਟ ਸੀ, ਅਤੇ ਉਸ ਦੀ ਦਾੜ੍ਹੀ ਇਕ ਫੁੱਟ ਤੇ ਪੌਣਾ ਇੰਚ ਸੀ, ਜੋ ਜ਼ਮੀਨ ਨਾਲ ਲੱਗਦੀ ਸੀ। ਉਹ ਆਪਣੇ ਮਾਲਕ ਸਿਪਾਹੀ ਦੇ ਲੜਕੇ ਦੇ ਕਹੇ ਅਨੁਸਾਰ ਸਾਰੇ ਕੰਮ ਕਰਦਾ ਹੈ। ਕਦੇ ਖਾਣ ਲਈ ਚੀਜ਼ਾਂ ਤੇ ਕਦੇ ਪਿਆਰ ਵਿੱਚ ਸਹਾਇਤਾ ਤੇ ਪ੍ਰੇਮੀਆਂ ਦੀ ਰਖਵਾਲੀ ਆਦਿ ਉਹ ਸਾਰਾ ਕੁਝ ਕਰਨ ਦੇ ਸਮਰੱਥ ਦੱਸਿਆ ਗਿਆ ਹੈ।

**ਦਿਉ, ਦੈਂਤ ਤੇ ਰਾਕ਼ਸ਼ਸ਼:** ਬਾਤਾਂ ਜਾਂ ਦੰਤ-ਕਥਾਵਾਂ ਵਿੱਚ ਅਜਿਹੇ ਪਾਤਰਾਂ ਦੀ ਖ਼ਾਸ ਭੂਮਿਕਾ ਰਹੀ ਹੈ, ਕਿਉਂਕਿ ਇਹ ਕਹਾਣੀ ਨੂੰ ਜਿੱਥੇ ਆਨੰਦਮਈ ਬਣਾਉਂਦੇ ਹਨ ਉਥੇ ਇਹ ਕਹਾਣੀ ਦੀ ਰਫ਼ਤਾਰ ਨੂੰ ਵੀ ਅੱਗੇ ਤੋਰਨ ਵਿੱਚ ਸਹਾਇਕ ਹੁੰਦੇ ਹਨ। ਇਹ ਦਿਓ ਦੈਂਤ ਇਕ ਤਾਂ ਤਾਕਤਵਰ ਹੁੰਦੇ ਹਨ ਦੂਸਰਾ ਚਾਲਾਕ। 'ਸਰ ਬੁਜ਼' ਕਹਾਣੀ ਵਿੱਚ ਜਦੋਂ ਸਿਪਾਹੀ ਦਾ ਲੜਕਾ ਆਪਣੀ ਰਾਜਕੁਮਾਰੀ ਨੂੰ ਲੈ ਕੇ ਜਾ ਰਿਹਾ ਸੀ ਤਾਂ ਰਸਤੇ ਵਿੱਚ ਰਾਤ ਪੈ ਗਈ ਤਾਂ ਇਕ ਜੰਗਲ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਨੂੰ ਬ੍ਰਾਹਮਣ ਦੇ ਭੇਸ ਵਿੱਚ ਇਕ ਦਿਉ ਮਿਲਿਆ ਜਿਹੜਾ ਉਨ੍ਹਾਂ ਨੂੰ ਪਿਆਰ ਨਾਲ ਆਪਣੇ ਘਰ ਲੈ ਗਿਆ। ਅਸਲ ਵਿੱਚ ਉਹ ਉਨ੍ਹਾਂ ਦੋਹਾਂ ਨੂੰ ਖਾ ਜਾਣਾ ਚਾਹੁੰਦਾ ਸੀ।

"ਰਾਜਕੁਮਾਰ ਸ਼ੇਰ ਦਿਲ ਤੇ ਉਸ ਦੇ ਸਾਥੀ" ਨਾਮੀ ਕਹਾਣੀ ਵਿੱਚ ਜਦੋਂ ਸ਼ੇਰ ਦਿਲ ਆਪਣੇ ਸਾਥੀਆਂ ਚਾਕੂ-ਛੁਰੀਆਂ ਤੇਜ਼ ਕਰਨ ਵਾਲੇ, ਲੁਹਾਰ ਅਤੇ ਤਰਖਾਣ ਨਾਲ ਦੁਨੀਆਂ ਵਿੱਚ ਕੁਝ ਨਵਾਂ ਪ੍ਰਾਪਤ ਕਰਨ ਦੀ ਇੱਛਾ ਨਾਲ ਤੁਰ ਪਿਆ ਤਾਂ ਪਹਿਲੇ ਸ਼ਹਿਰ ਵਿੱਚ ਉਨ੍ਹਾਂ ਨੂੰ ਇਕ ਦਿਉ ਮਿਲਿਆ। ਜਿਸ ਨੇ ਕਿ ਸ਼ਹਿਰ ਨੂੰ ਵੀਰਾਨ ਕੀਤਾ ਹੋਇਆ ਸੀ। ਰਾਜਕੁਮਾਰ ਸ਼ੇਰ ਦਿਲ ਪਹਿਲਾਂ ਉਸ ਨੂੰ ਮਾਰ ਦਿੰਦਾ ਹੈ। ਭਾਵੇਂ ਉਹ ਕਈ ਰੂਪ ਬਦਲ ਸਕਦਾ ਸੀ ਪਰ ਰਾਜਕੁਮਾਰ ਉਸ ਨੂੰ ਪਹਿਚਾਣ ਜਾਂਦਾ ਹੈ। ਦੂਸਰੇ ਸ਼ਹਿਰ ਵਿੱਚ ਉਨ੍ਹਾਂ ਨੂੰ ਕਿ ਭੂਤ ਮਿਲਦਾ ਹੈ ਜਿਸ ਤੋਂ ਡਰ ਕੇ ਸਾਰਾ ਸ਼ਹਿਰ ਵੀਰਾਨ ਤੇ ਉੱਜੜਿਆ ਪਿਆ ਸੀ ਪਰ ਜਦੋਂ ਖਾਣਾ ਖਾਣ ਲਈ ਉਹ ਸਾਰੇ ਰੁਕਦੇ ਹਨ ਤਾਂ ਖਾਣੇ ਦੀ ਖ਼ੁਸ਼ਬੋ ਨਾਲ ਉਹ ਭੂਤ ਆਪਣਾ ਰੂਪ ਵਟਾ ਕੇ ਕਾਲੇ ਰੰਗ ਦੀ ਬੁੱਢੀ ਜਿਸ ਦਾ ਮੂੰਹ ਝੁਰੜੀਆਂ ਨਾਲ ਭਰਿਆ ਪਿਆ ਹੈ, ਆਉਂਦੀ ਹੈ ਤੇ ਸ਼ੇਰ ਦਿਲ ਦੇ ਦੋਸਤਾਂ ਨੂੰ ਡਰਾਉਂਦੀ ਹੈ ਪਰ ਰਾਜਕੁਮਾਰ ਸ਼ੇਰ ਦਿਲ ਉਸ ਦੇ ਪੁੱਠੇ ਪੈਰਾਂ ਤੋਂ ਉਸ ਨੂੰ ਪਹਿਚਾਣ ਜਾਂਦਾ ਹੈ ਅਤੇ ਉਸ ਨੂੰ ਮਾਰ ਦਿੰਦਾ ਹੈ। ਰਾਜਕੁਮਾਰ ਸ਼ੇਰ ਦਿਲ ਉਸ ਸੰਗਮਰਮਰ ਦੇ ਮਹੱਲ ਵਿੱਚ ਪਹੁੰਚਦਾ ਹੈ, ਜਿਥੇ ਇਕ ਧੜ ਸਿਰ ਨਾਲੋਂ ਅਲੱਗ ਪਿਆ ਹੈ। ਸਿਰ ਧੜ ਨੂੰ ਜੋੜਿਆ ਤਾਂ ਖ਼ੂਬਸੂਰਤ ਲੜਕੀ ਪ੍ਰਗਟ ਹੁੰਦੀ ਹੈ। ਉਹ ਦੱਸਦੀ ਹੈ ਕਿ ਉਸ ਨੂੰ ਇਕ ਜਿੰਨ ਨੇ ਧੋਖੇ ਨਾਲ ਇਥੇ ਲਿਆ ਕੇ ਕੈਦ ਕੀਤਾ ਹੋਇਆ ਸੀ।

"ਰਾਜਕੁਮਾਰ ਅੱਧਾ ਪੁੱਤਰ" ਕਹਾਣੀ ਵਿੱਚ ਅੱਧਾ ਪੁੱਤਰ ਨੂੰ ਉਸ ਦੇ ਭਰਾ ਇਕ ਖੂਹ ਵਿੱਚ ਸੁੱਟ ਦਿੰਦੇ ਹਨ। ਰਾਤ ਪੈਣ ਤੇ ਉਸ ਖੂਹ ਵਿੱਚ ਇਕ ਅੱਖ ਵਾਲਾ ਦਿਉ, ਇਕ ਕਬੂਤਰ ਤੇ ਇਕ ਸੱਪ ਜੋ ਉਥੇ ਰਹਿੰਦੇ ਹਨ, ਆਉਂਦੇ ਹਨ। ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਦਿਓ ਕੋਲ ਇਤਨਾ ਖ਼ਜ਼ਾਨਾ ਹੈ ਜਿਤਨਾ ਕਿ ਸੱਤਾਂ ਰਾਜਿਆਂ ਕੋਲ ਹੈ। "ਸੱਤਾਂ ਮਾਵਾਂ ਦਾ ਪੁੱਤਰ"

ਨਾਮੀ ਕਹਾਣੀ ਵਿੱਚ ਵੀ ਹਿਰਨੀ ਬਣੀ ਰਾਣੀ ਦਾ ਜ਼ਿਕਰ ਹੈ, ਜੋ ਕਿ ਅਸਲ ਵਿੱਚ ਇਕ ਜਾਦੂਗਰਨੀ ਜਾਂ ਸਲੇਡਾ ਸੀ ਜਿਸ ਨੇ ਰਾਜੇ ਦੀਆਂ ਰਾਣੀਆਂ ਨੂੰ ਅਨੇਕਾਂ ਤਸੀਹੇ ਦਿੱਤੇ ਅਤੇ ਜੋ ਚਾਹੁੰਦੀ ਸੀ, ਕਿ ਉਹ ਛੋਟਾ ਮੁੰਡਾ ਜਿਹੜਾ ਇਕੱਲਾ ਸੱਤਾਂ ਰਾਣੀਆਂ ਕੋਲ ਸੀ ਅਤੇ ਜਿਸ ਨੂੰ ਉਸ ਜਾਦੂਗਰਨੀ ਨੇ ਪਹਿਚਾਣ ਲਿਆ ਸੀ, ਮਰਵਾ ਦਿੱਤਾ ਜਾਵੇ। ਪਰ ਉਹ ਆਪਣੀ ਕਿਸਮਤ ਨਾਲ ਬਚ ਜਾਂਦਾ ਹੈ। ਜਿੱਥੇ ਜਿੰਨਾਂ, ਭੂਤਾਂ ਤੇ ਦਿਓਆਂ ਦੀ ਮਨੁੱਖ ਨਾਲ ਮਾੜੇ ਵਿਵਹਾਰ ਅਤੇ ਮਾਰ ਦੇਣ ਦੀਆਂ ਕਹਾਣੀਆਂ ਪ੍ਰਚੱਲਿਤ ਹਨ ਉਸ ਦੇ ਉਲਟ ਇਸ ਸੰਗ੍ਰਹਿ ਵਿੱਚ "ਰਾਜਕੁਮਾਰੀ ਮਿਰਚੀ" ਐਸੀ ਕਹਾਣੀ ਹੈ, ਜਿਸ ਵਿੱਚ ਇਕ ਜਿੰਨ ਜਿਹੜਾ ਬਾਰਾਂ ਸਾਲ ਸੌਂਦਾ ਤੇ ਬਾਰਾਂ ਸਾਲ ਜਾਗਦਾ ਸੀ। ਜਾਗਣ ਸਮੇਂ ਉਸ ਨੂੰ ਇਕ ਖ਼ੂਬਸੂਰਤ ਲੜਕੀ ਮਿਲਦੀ ਹੈ ਅਤੇ ਉਹ ਜਿੰਨ ਉਸ ਨੂੰ ਬਹੁਤ ਪਿਆਰ ਕਰਦਾ ਹੈ ਅਤੇ ਉਸ ਨੂੰ ਪਿਆਰ ਨਾਲ ਪਾਲਦਾ ਹੈ। ਉਸ ਦਾ ਵਿਆਹ ਵੀ ਕਰ ਦਿੰਦਾ ਹੈ ਅਤੇ ਇੱਥੇ ਹੀ ਬੱਸ ਨਹੀਂ, ਆਪਣਾ ਰੂਪ ਵਟਾ ਕੇ ਕਦੇ ਮੱਖੀ ਕਦੇ ਗਿੱਦ ਦੇ ਰੂਪ ਵਿੱਚ ਉਸ ਦੀ ਸੁੱਖ-ਸਾਂਦ ਵੀ ਲਿਆਉਂਦਾ ਹੈ ਅਤੇ ਫਿਰ ਸੌਂ ਜਾਂਦਾ ਹੈ। ਜਦੋਂ ਦੁਬਾਰਾ ਨੀਂਦ ਤੋਂ ਜਾਗਦਾ ਹੈ, ਤਾਂ ਉਨ੍ਹਾਂ ਲਈ ਇਕ ਖ਼ੂਬਸੂਰਤ ਮਹੱਲ ਬਣਾਉਂਦਾ ਤੇ ਉਸ ਵਿੱਚ ਉਨ੍ਹਾਂ ਨੂੰ ਰੱਖਦਾ ਹੈ। ਇਸ ਤਰ੍ਹਾਂ ਇਹ ਕਹਾਣੀ ਵਿੱਚ ਦਿਉ, ਵਧੀਆ ਪਾਤਰ ਦੀ ਭੂਮਿਕਾ ਨਿਭਾਉਂਦਾ ਹੈ।

ਹੋਰ ਅਦਭੁਤ ਪਾਤਰਾਂ ਵਿੱਚ ਰੂਬੀ ਰਾਜਕੁਮਾਰ ਦਾ ਪੱਥਰ ਤੋਂ, ਰਾਜਕੁਮਾਰੀ ਮਿਰਚੀ ਦਾ ਮਿਰਚ 'ਚੋਂ, ਰਾਜਕੁਮਾਰੀ ਬੈਂਗਨ ਦਾ ਬੈਂਗਨ ਵਿੱਚੋਂ ਪੈਦਾ ਹੋਣ ਤੇ ਕਾਰਜ ਕਰਨ ਵਰਗੀਆਂ ਬਾਤਾਂ ਵੀ ਪੰਜਾਬ ਵਿੱਚ ਪ੍ਰਚੱਲਿਤ ਰਹੀਆਂ ਹਨ।

"ਵਫ਼ਾਦਾਰ ਰਾਜਕੁਮਾਰ" ਨਾਮੀ ਕਹਾਣੀ ਵਿੱਚ ਰਾਜਕੁਮਾਰ ਦੀ ਪਤਨੀ ਜਿਹੜੀ ਕਿ ਆਪਣੇ ਮਿੱਤਰ ਸ਼ਿਕਾਰੀ ਦੇ ਘਰ ਠਹਿਰੇ ਸਨ, ਇਕ ਦਿਨ ਉਹ ਸਿਰ ਨਹਾ ਕੇ ਵਾਲ ਸੁਕਾ ਰਹੀ ਸੀ ਕਿ ਓਧਰੋਂ ਇਲਾਕੇ ਦਾ ਸਰਦਾਰ ਆ ਗਿਆ ਤੇ ਉਸ ਨੇ ਜਦੋਂ ਉਸ ਪਰੀ ਨੂੰ ਵੇਖਿਆ ਤਾਂ ਗਸ਼ ਖਾ ਕੇ ਡਿੱਗ ਗਿਆ। ਉਹ ਪਰੀ ਸ਼ਾਹਪਸੰਦ ਰਾਜਕੁਮਾਰੀ ਫਿਰ ਮੈਨਾ ਦਾ ਰੂਪ ਧਾਰ ਕੇ ਉੱਡ ਜਾਂਦੀ ਹੈ।

**ਸੁਪਨੇ ਵਿੱਚ ਘਟਨਾ ਦੀ ਜਾਣਕਾਰੀ ਮਿਲਣਾ:** ਲੋਕ-ਕਹਾਣੀਆਂ ਜਾਂ ਬਾਤਾਂ ਵਿੱਚ ਅਜਿਹੀਆਂ ਘਟਨਾਵਾਂ ਵੀ ਵਾਪਰਦੀਆਂ ਹਨ ਜਿਨ੍ਹਾਂ ਦੀ ਜਾਣਕਾਰੀ ਪਹਿਲਾਂ ਹੀ ਉਨ੍ਹਾਂ ਨੂੰ ਕਿਸੇ ਸੁਪਨੇ ਵਿੱਚ ਮਿਲ ਜਾਂਦੀ ਹੈ। ਇਹ ਰੂੜ੍ਹੀ ਵੀ ਅੰਤਰਰਾਸ਼ਟਰੀ ਪੱਧਰ ਦੀ ਹੈ। ਇਸ ਰਾਹੀਂ ਕਹਾਣੀ ਨੂੰ ਅੱਗੇ ਤੋਰਨ, ਰੁਕਾਵਟ ਦੂਰ ਕਰਨ ਜਾਂ ਕਥਾ ਨੂੰ ਨਵਾਂ ਮੋੜ ਦੇਣ ਲਈ ਵਰਤਿਆ ਜਾਂਦਾ ਹੈ। ਸੁਪਨਿਆਂ ਬਾਰੇ ਤਾਂ ਵੱਖ-ਵੱਖ ਕੌਮਾਂ ਦੇ ਲੋਕ-ਸਾਹਿਤ ਤੇ ਧਾਰਮਿਕ ਸਾਹਿਤ ਵਿੱਚੋਂ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਦੀ ਉਦਾਹਰਣ ਅਸੀਂ ਇਸ ਸੰਗ੍ਰਹਿ ਦੀ ਕਹਾਣੀ "ਸੱਤਾਂ ਮਾਵਾਂ ਦਾ ਪੁੱਤਰ" ਵਿੱਚ ਵੇਖ ਸਕਦੇ ਹਾਂ। ਇਸ ਵਿੱਚ ਰਾਜੇ ਦੀਆਂ ਰਾਣੀਆਂ ਰਾਜੇ ਨੂੰ ਉੱਤਰ ਵਾਲੇ ਪਾਸੇ ਸ਼ਿਕਾਰ ਨਾ ਖੇਡਣ ਜਾਣ ਲਈ ਆਖਦੀਆਂ ਹਨ, ਕਿਉਂਕਿ ਦੱਸਦੀਆਂ ਹਨ ਕਿ ਅਸੀਂ ਰਾਤ ਇਕ ਬੜਾ ਡਰਾਵਣਾ ਸੁਪਨਾ ਵੇਖਿਆ ਹੈ। ਸੁਪਨੇ ਦਾ ਜ਼ਿਕਰ ਤਾਂ ਨਹੀਂ ਕੀਤਾ ਗਿਆ ਪਰ ਉਸ ਸੁਪਨੇ ਦੇ ਮਾੜੇ ਸਿੱਟੇ ਜ਼ਰੂਰ ਇਸ ਕਹਾਣੀ ਵਿੱਚ ਨਜ਼ਰ ਆ ਗਏ ਹਨ। ਜਦੋਂ ਕਿ ਇਕ ਤਾਂ ਰਾਣੀਆਂ ਨੂੰ ਆਪਣੇ ਪੁੱਤਰ ਆਪਣੇ ਹੱਥੀਂ ਆਪ ਮਾਰਨੇ ਪੈਂਦੇ ਹਨ, ਦੂਸਰਾ ਉਨ੍ਹਾਂ ਦਾ ਰਾਜਭਾਗ ਤੇ ਸ਼ਾਨੋ-ਸ਼ੌਕਤ ਵੀ ਜਾਂਦੀ ਰਹਿੰਦੀ ਹੈ ਅਤੇ ਉਹ ਬੜੀ ਤਰਸਯੋਗ ਜ਼ਿੰਦਗੀ ਬਤੀਤ ਕਰਦੀਆਂ ਹਨ।

**ਉਜਾੜ ਨਗਰ/ਨਿਰਜਨ ਸਥਾਨ:** ਲੋਕ-ਸਾਹਿਤ ਵਿੱਚ ਅਜਿਹੀਆਂ ਅਨੇਕਾਂ ਘਟਨਾਵਾਂ

ਮਿਲਦੀਆਂ ਹਨ ਜਿਨ੍ਹਾਂ ਵਿੱਚ ਨਾਇਕ ਰਸਤਾ ਭੁੱਲ ਜਾਂਦਾ ਹੈ, ਉਹ ਕਿਸੇ ਅਜੀਬੋ-ਗਰੀਬ ਜਗ੍ਹਾ 'ਤੇ ਪਹੁੰਚ ਜਾਂਦਾ ਹੈ ਅਤੇ ਉਥੇ ਉਸ ਦਾ ਕਿਸੇ ਨਾਲ ਪਿਆਰ ਹੋ ਜਾਂਦਾ ਹੈ। ਉਸ ਨਗਰ ਦਾ ਮੁਖੀ ਕਿਸੇ ਵਿਸ਼ੇਸ਼ ਸ਼ਕਤੀਆਂ ਦਾ ਧਾਰਨੀ ਹੁੰਦੀ ਹੈ ਅਤੇ ਕਈ ਵਾਰੀ ਉਹ ਨਾਕਿ ਦੀ ਮਦਦ ਵੀ ਕਰ ਦਿੰਦਾ ਹੈ। ਅਜਿਹੀ ਹੀ ਇਕ ਘਟਨਾ ਇਸ ਸੰਗ੍ਰਹਿ ਦੀ ਕਹਾਣੀ "ਵਫ਼ਾਦਾਰ ਰਾਜਕੁਮਾਰ" ਵਿੱਚ ਹੈ ਜਿਹੜੀ ਕਿ ਸੁਨਿਹਰੀ ਹਿਰਨ ਦਾ ਪਿੱਛਾ ਕਰਦਿਆਂ ਉਸ ਨੂੰ ਫੜ ਲੈਂਦਾ ਹੈ। ਹਿਰਨ ਜਾਨ ਬਖ਼ਸ਼ੀ ਲਈ ਤਰਲੇ ਮਾਰਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਤੈਨੂੰ ਬਹੁਤ ਸਾਰਾ ਧੰਨ ਦੌਲਤ ਦਿਆਂਗਾ ਪਰ ਰਾਜਾ ਇਨਕਾਰ ਕਰਦਾ ਹੈ ਤਾਂ ਉਹ ਰਾਜਾ ਨੂੰ ਆਪਣੀ ਪਿੱਠ 'ਤੇ ਬਿਠਾ ਕੇ ਸੈਰ ਕਰਵਾਉਣ ਦੀ ਗੱਲ ਕਰਦਾ ਹੈ। ਰਾਜਕੁਮਾਰ ਮੰਨ ਜਾਂਦਾ ਹੈ ਅਤੇ ਉਸ ਦੀ ਪਿੱਠ 'ਤੇ ਬੈਠ ਕੇ ਸੱਤ ਦਿਨ ਤੇ ਸੱਤ ਰਾਤਾਂ ਸੈਰ ਕਰਦਾ ਹੈ। ਸੱਤਵੇਂ ਦਿਨ ਉਹ ਹਿਰਨ ਰਾਜੇ ਨੂੰ ਧਰਤੀ ਉੱਤੇ ਉਤਾਰ ਕੇ ਗਾਇਬ ਹੋ ਜਾਂਦਾ ਹੈ। ਰਾਜਕੁਮਾਰ ਆਪਣੇ-ਆਪ ਨੂੰ ਅਜੀਬ ਜਗ੍ਹਾ ਤੇ ਪਾਉਂਦਾ ਹੈ ਜਿੱਥੇ ਉਸ ਨੂੰ ਕੁਝ ਵੀ ਧਰਤੀ ਵਰਗਾ ਨਜ਼ਰ ਨਹੀਂ ਆਉਂਦਾ। ਇਕ ਬੁੱਢਾ ਉਸ ਨੂੰ ਦੱਸਦਾ ਹੈ ਇਹ ਜਗ੍ਹਾ "ਡੈਮਨਜ਼ਲੈਂਡ" ਅਰਥਾਤ ਸ਼ੈਤਾਨ ਦੀ ਧਰਤੀ ਹੈ।

ਉਪਰੋਕਤ ਕਥਾਨਕ ਰੂੜ੍ਹੀਆਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਸਾਡੀਆਂ ਬਾਤਾਂ, ਦੰਤ-ਕਥਾਵਾਂ ਤੇ ਲੋਕ-ਕਹਾਣੀਆਂ ਵਿੱਚ ਲੋਕ-ਵਿਸ਼ਵਾਸਾਂ ਦੀ ਭਰਮਾਰ ਹੈ। ਇਹ ਕਹਾਣੀ ਨੂੰ ਅੱਗੇ ਵੀ ਤੋਰਦੇ ਹਨ ਤੇ ਰੌਚਿਕਤਾ ਵੀ ਪ੍ਰਦਾਨ ਕਰਦੇ ਹਨ। ਇਨ੍ਹਾਂ ਦੀ ਵਰਤੋਂ ਕਿਤੇ ਜ਼ਿਆਦਾ ਅਤੇ ਕਿਤੇ ਘੱਟ ਹੁੰਦੀ ਹੈ ਪਰ ਹੁੰਦੀ ਜ਼ਰੂਰ ਹੈ। ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ ਸਾਡੇ ਸਭਿਆਚਾਰ ਦੀਆਂ ਬੁਨਿਆਦੀ ਜੜ੍ਹਾਂ ਵਿੱਚ ਪਈਆਂ ਹੋਈਆਂ ਹਨ।

**ਚਮਤਕਾਰੀ ਕਥਾਨਕ ਰੂੜ੍ਹੀਆਂ:** ਚਮਤਕਾਰ ਮਨੁੱਖੀ ਜੀਵਨ ਵਰਤਾਰੇ ਤੇ ਵਿਸ਼ਵਾਸ ਦਾ ਇਕ ਅਟੁੱਟ ਅੰਗ ਰਿਹਾ ਹੈ। ਅਦਿੱਖ ਤੇ ਰਹੱਸਮਈ ਵਸਤੂ ਉਸ ਲਈ ਚਮਤਕਾਰ ਹੀ ਸੀ। ਇਨ੍ਹਾਂ ਨੂੰ ਸਮਝਣ ਲਈ ਉਸ ਨੇ ਅਨੇਕਾਂ ਉਪਰਾਲੇ ਕੀਤੇ ਅਤੇ ਹਰ ਘਟਨਾ ਵਿੱਚ ਕਿਸੇ ਚਮਤਕਾਰ ਨੂੰ ਸਮਝ ਲੈਣ ਦੀ ਗੱਲ ਕੀਤੀ ਪਰ ਚਮਤਕਾਰਾਂ ਦਾ ਉਸ ਦੀ ਪਕੜ ਵਿੱਚ ਆਉਣਾ ਅੱਜ ਵੀ ਸੰਭਵ ਨਹੀਂ ਲੱਗਦਾ। ਇਤਨਾ ਜ਼ਰੂਰ ਹੈ ਕਿ ਕੁਝ ਘਟਨਾਵਾਂ ਜਿਹੜੀਆਂ ਪਹਿਲਾਂ ਚਮਤਕਾਰ ਲੱਗਦੀਆਂ ਸਨ ਉਸ ਨੇ ਆਪਣੀ ਸਮਝ ਤੇ ਅਕਾਲ ਨਾਲ ਇਸ ਨੂੰ ਕੁਝ ਕੁ ਸੰਭਵ ਕਰ ਲਿਆ ਹੈ। ਉੱਡਣਾ ਇਕ ਚਮਤਕਾਰ ਸੀ ਪਰ ਅੱਜ ਹਵਾਈ ਜਹਾਜ਼, ਰਾਕਟ ਤੇ ਅਜਿਹੀਆਂ ਚੀਜ਼ਾਂ ਸੰਭਵ ਹਨ। ਦੂਸਰੀ ਧਰਤੀ ਪਹਿਲਾਂ ਚਮਤਕਾਰ ਸੀ ਪਰ ਅੱਜ ਮਨੁੱਖ ਨੇ ਚੰਦਰਮਾ ਤੇ ਪੈਰ ਪਾ ਲਿਆ ਹੈ। ਦੂਰ ਬੈਠੇ ਸੰਬੰਧੀਆਂ ਨਾਲ ਗੱਲਬਾਤ ਕਰਨਾ ਅਸੰਭਵ ਸੀ ਤੇ ਹੋਈ ਗੱਲ ਕਿਸੇ ਚਮਤਕਾਰ ਨਾਲੋਂ ਘੱਟ ਨਹੀਂ ਸੀ ਪਰ ਅੱਜ ਟੈਲੀਫ਼ੋਨ, ਇੰਟਰਨੈੱਟ ਆਦਿ ਨਾਲ ਇਹ ਸਾਰਾ ਕੁਝ ਸੰਭਵ ਹੈ। ਕਿਸੇ ਵੇਲੇ ਤਾਂ ਇਹ ਸਾਰਾ ਵਰਤਾਰਾ ਅੱਜ ਦੇ ਯੁੱਗ ਵਿੱਚ ਚਮਤਕਾਰ ਹੀ ਪ੍ਰਤੀਤ ਹੁੰਦਾ ਹੈ ਪਰ ਇਹ ਸਾਰਾ ਕੁਝ ਵਿਗਿਆਨ ਦੀ ਬਦੌਲਤ ਵਾਪਰਿਆ ਹੈ।

ਵਿਸ਼ਵਾਸ ਜਾਂ ਧਰਮ ਦੇ ਪੱਧਰ ਤੇ ਅੱਜ ਵੀ ਵਿਅਕਤੀ ਅਜਿਹੀਆਂ ਘਟਨਾਵਾਂ ਨੂੰ, ਸ਼ਕਤੀਆਂ ਨੂੰ ਮੰਨਦਾ ਹੈ, ਜਿਹੜੀਆਂ ਉਹ ਚਮਤਕਾਰ ਹੀ ਸਮਝ ਰਿਹਾ ਹੈ। ਬਾਤਾਂ ਜਾਂ ਦੰਤ ਕਥਾਵਾਂ ਵਿੱਚ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ, ਪਾਤਰ, ਸਥਿਤੀਆਂ ਪੇਸ਼ ਕੀਤੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਉਸ ਸਮੇਂ ਦੇ ਲੋਕਾਂ ਦੀ ਮਾਨਸਿਕਤਾ ਜਾਂ ਲੋਕ ਮਾਨਸ ਦਾ ਗਿਆਨ ਹੁੰਦਾ ਹੈ। ਦੂਸਰਾ ਇਨ੍ਹਾਂ ਚਮਤਕਾਰ ਘਟਨਾਵਾਂ ਦਾ ਜਦੋਂ ਅਸੀਂ ਰੂੜ੍ਹੀਗਤ ਅਧਿਐਨ ਕਰਦੇ ਹਾਂ ਤਾਂ ਇਹ ਟੁੱਟਦੀ ਕੜੀ ਨੂੰ ਜੋੜਨ, ਰੌਚਿਕਤਾ ਤੇ ਉਤਸੁਕਤਾ ਬਣਾਉਣ ਲਈ ਵਰਤੀਆਂ ਜਾਂਦੀਆਂ

ਪ੍ਰਤੀਤ ਹੁੰਦੀਆਂ ਹਨ। ਫਲੋਰਾ ਐਨੀ ਸਟੀਲਦੀ ਸੰਗ੍ਰਹਿਤ ਪੁਸਤਕ "ਟੇਲਜ਼ ਆਫ਼ ਦਾ ਪੰਜਾਬ" ਵਿਚਲੀਆਂ ਕਹਾਣੀਆਂ ਵਿੱਚ ਚਮਤਕਾਰੀ ਰੂੜ੍ਹੀਆਂ ਇਸ ਪ੍ਰਕਾਰ ਹਨ:

**ਅਲੌਕਿਕ ਜਨਮ:** ਅਲੌਕਿਕ ਜਨਮ ਦੀ ਰੂੜ੍ਹੀ ਵੀ ਅੰਤਰਰਾਸ਼ਟਰੀ ਪੱਧਰ ਦੀ ਹੈ, ਇਸ ਪਿੱਛੇ ਇਹੋ ਧਾਰਨਾ ਕੰਮ ਕਰਦੀ ਹੈ ਕਿ ਅਸਾਧਾਰਨ ਵਿਅਕਤੀਤਵ ਤੇ ਸ਼ਖ਼ਸੀਅਤ ਦਾ ਜਨਮ ਸਾਧਾਰਨ ਕਿਸਮ ਦਾ ਨਹੀਂ ਹੋ ਸਕਦਾ। ਇਸ ਨਾਲ ਸੰਬੰਧਿਤ ਕਥਾਵਾਂ ਸਾਰੇ ਵਿਸ਼ਵ ਵਿੱਚ ਪ੍ਰਸਿੱਧ ਹਨ। ਜਾਂ ਤਾਂ ਜਨਮ ਤੋਂ ਪਹਿਲਾਂ ਹੀ ਭਵਿੱਖ ਬਾਣੀ ਕੀਤੀ ਜਾਂਦੀ ਹੈ ਜਾਂ ਕੁਦਰਤ ਦੇ ਨਿਯਮਾਂ ਦੀ ਉਲੰਘਣਾ ਕਰ ਕੇ ਜਨਮ ਹੁੰਦਾ ਹੈ। ਯਿਸੂ ਮਸੀਹ ਦਾ ਜਨਮ ਕੁਆਰੀ ਦੇ ਪੇਟੋਂ ਹੁੰਦਾ ਹੈ। ਭਾਰਤੀ ਕਥਾਵਾਂ ਵਿੱਚ ਪੀਰਾਂ, ਫ਼ਕੀਰਾਂ, ਸੰਤਾਂ, ਜੋਗੀਆਂ ਵੱਲੋਂ ਜਾਂ ਤਾਂ ਆਸ਼ੀਰਵਾਦ ਜਾਂ ਕਿਸੇ ਚੀਜ਼ ਦੇ ਦੇਣ ਨਾਲ ਬਾਲਕ ਪੈਦਾ ਹੁੰਦਾ ਹੈ ਜਿਹੜਾ ਅਸਾਧਾਰਨ ਸ਼ਖ਼ਸੀਅਤ ਦਾ ਮਾਲਕ ਹੁੰਦਾ ਹੈ। ਇਨ੍ਹਾਂ ਸੰਤਾਂ, ਪੀਰਾਂ, ਫ਼ਕੀਰਾਂ, ਜੋਗੀਆਂ ਆਦਿ ਨੇ ਵੀ ਆਪਣੀ ਲੰਮੀ ਤਪੱਸਿਆ ਤੋਂ ਬਾਅਦ ਹੀ ਅਜਿਹਾ ਵਰ ਦੇਣ ਦਾ ਹੱਕ ਪ੍ਰਾਪਤ ਕੀਤਾ ਹੁੰਦਾ ਹੈ।

ਸਟੀਲ ਦੀਆਂ ਇਨ੍ਹਾਂ ਇਕੱਤਰ ਕੀਤੀਆਂ ਬਾਤਾਂ ਅਤੇ ਦੰਤ-ਕਥਾਵਾਂ ਵਿੱਚ ਦੋ ਤਰ੍ਹਾਂ ਦੇ ਅਲੌਕਿਕ ਜਨਮ ਬਾਰੇ ਦੱਸਿਆ ਗਿਆ ਹੈ। ਇਕ ਤਾਂ ਚੀਜ਼ਾਂ ਵਿੱਚੋਂ ਜਨਮ ਹੋਣਾ ਅਤੇ ਦੂਸਰਾ ਕਿਸੇ ਚੀਜ਼ ਦੇ ਖਾਣ ਨਾਲ ਜਨਮ ਹੋਣਾ।

**ਚੀਜ਼ਾਂ ਵਿੱਚੋਂ ਜਨਮ ਹੋਣਾ:** ਇਸ ਨਾਲ ਸੰਬੰਧਿਤ ਇਸ ਸੰਗ੍ਰਹਿ ਵਿੱਚ ਦੋ ਕਹਾਣੀਆਂ ਹਨ। ਪਹਿਲੀ "ਰਾਜਕੁਮਾਰੀ ਬੈਂਗਨ" ਹੈ ਜਿਸ ਵਿੱਚ ਬ੍ਰਾਹਮਣ ਦੀ ਪਤਨੀ ਜਦੋਂ ਬੈਂਗਨ ਛਿੱਲਣ ਲੱਗਦੀ ਹੈ ਤਾਂ ਉਸ ਵਿੱਚੋਂ ਹੂੰਗਣ ਦੀ ਆਵਾਜ਼ ਆਉਂਦੀ ਹੈ ਕਿ, "ਛੁਰੀ ਧਿਆਨ ਨਾਲ ਚਲਾਉ ਕਿਉਂਕਿ ਇਹ ਮੇਰੇ 'ਤੇ ਚੱਲ ਰਹੀ ਹੈ।" ਜਦੋਂ ਉਹ ਬੈਂਗਨ ਕੱਟਿਆ ਗਿਆ ਤਾਂ ਉਸ ਵਿੱਚੋਂ ਇਕ ਖ਼ੂਬਸੂਰਤ ਲੜਕੀ ਪੈਦਾ ਹੋ ਜਾਂਦੀ ਹੈ।

ਦੂਸਰੀ ਕਹਾਣੀ "ਰਾਜਕੁਮਾਰੀ ਮਿਰਚੀ" ਹੈ। ਇਕ ਬਾਗ਼ ਵਿੱਚ ਇਕ ਜਿੰਨ ਸੀ, ਜਿਹੜਾ ਬਾਰਾਂ ਸਾਲ ਸੌਂਦਾ ਤੇ ਬਾਰਾਂ ਸਾਲ ਜਾਗਦਾ ਸੀ, ਉਸ ਨੂੰ, ਜਦੋਂ ਉਹ ਜਾਗਿਆ ਤਾਂ ਕਿਸੇ ਦੇ ਬਾਗ਼ ਵਿੱਚ ਆਉਣ ਦਾ ਪਤਾ ਨਾ ਲੱਗਾ ਪਰ ਉਸ ਨੇ ਵੇਖਿਆ ਕਿ ਬਾਗ਼ ਵਿੱਚ ਮਿਰਚਾਂ ਦਾ ਖ਼ੂਬਸੂਰਤ ਬੂਟਾ ਟੁੱਟਿਆ ਪਿਆ ਹੈ। ਉਸ ਦਾ ਧਿਆਨ ਉਸ ਟੁੱਟੇ ਬੂਟੇ ਦੇ ਨਜ਼ਦੀਕ ਪਏ ਆਂਡੇ 'ਤੇ ਪਿਆ। ਉਸ ਨੇ ਏਧਰ-ਓਧਰ ਵੇਖਿਆ ਪਰ ਕੋਈ ਨਜ਼ਰੀਂ ਨਾ ਆਇਆ। ਉਸ ਨੇ ਆਂਡਾ ਚੁੱਕ ਕੇ ਸੰਭਾਲ ਲਿਆ ਤੇ ਇਕ ਦਿਨ ਉਸ ਆਂਡੇ ਦੀ ਥਾਂ ਇਕ ਖ਼ੂਬਸੂਰਤ ਲੜਕੀ ਸੀ, ਜਿਸ ਨੇ ਵਧੀਆ ਤੇ ਸੁੰਦਰ ਕੱਪੜੇ ਪਾਏ ਹੋਏ ਸਨ। ਉਸ ਨੇ ਉਸ ਦਾ ਨਾਂ ਰਾਜਕੁਮਾਰੀ ਮਿਰਚੀ ਰੱਖ ਦਿੱਤਾ।

**ਚੀਜ਼ਾਂ ਵਿੱਚੋਂ ਪ੍ਰਗਟ ਹੋਣਾ:** ਇਸ ਸੰਗ੍ਰਹਿ ਦੀ ਪਹਿਲੀ ਕਹਾਣੀ "ਸਰ ਬੁਜ਼" ਵਿੱਚ ਸਿਪਾਹੀ ਦੇ ਮੁੰਡੇ ਨੇ ਜਦੋਂ ਮਾਦਾ ਚੀਤੇ ਦੇ ਪੈਰ ਦਾ ਕੰਡਾ ਕੱਢਿਆ ਤਾਂ ਉਸ ਨੇ ਉਸ ਨੂੰ ਇਕ ਬਕਸਾ ਦੇ ਦਿੱਤਾ, ਜਿਸ ਨੂੰ ਨੌਂ ਮੀਲ 'ਤੇ ਜਾ ਕੇ ਖੋਲ੍ਹਣਾ ਸੀ। ਪਰ ਉਸ ਨੇ ਥੋੜ੍ਹਾ ਪਹਿਲਾਂ ਹੀ ਖੋਲ੍ਹ ਲਿਆ ਤੇ ਉਸ ਵਿੱਚੋਂ ਇਕ ਛੋਟਾ ਆਦਮੀ ਨਿਕਲਿਆ। ਜਿਸ ਦਾ ਕੱਦ ਇਕ ਫੁੱਟ ਸੀ ਤੇ ਦਾੜ੍ਹੀ ਇਕ ਫੁੱਟ ਤੇ ਪੌਣਾ ਇੰਚ। ਇਕ ਹੋਰ ਕਹਾਣੀ "ਰੂਬੀ ਰਾਜਕੁਮਾਰ" ਵਿੱਚ ਵੀ ਇਕ ਆਦਮੀ ਨੂੰ ਇਕ ਕੀਮਤੀ ਪੱਥਰ ਲੱਭਾ ਅਤੇ ਉਸ ਦੀ ਕੋਈ ਕੀਮਤ ਨਾ ਦੇ ਸਕਿਆ ਤਾਂ ਉਹ ਰਾਜਾ ਕੋਲ ਗਿਆ ਅਤੇ ਰਾਜਾ ਨੇ ਉਸ ਦੇ ਬਦਲੇ ਉਸ ਨੂੰ ਇਕ ਲੱਖ ਰੁਪਈਆ ਦੇ ਦਿੱਤਾ ਤੇ ਪੱਥਰ ਆਪਣੀ ਰਾਣੀ ਨੂੰ। ਬਾਰਾਂ ਸਾਲ ਬਾਅਦ ਜਦੋਂ ਰਾਜਾ ਨੇ ਉਹ ਪੱਥਰ ਮੰਗਿਆ ਤਾਂ ਉਸ ਵਿੱਚੋਂ ਇਕ ਖ਼ੂਬਸੂਰਤ ਨੌਜਵਾਨ ਨਿਕਲਿਆ। ਉਸ ਦਾ ਨਾਂ ਰੂਬੀ ਰਾਜਕੁਮਾਰ ਰੱਖਿਆ ਗਿਆ ਜੋ ਬੜਾ

ਬਹਾਦਰ ਤੇ ਬਲਵਾਨ ਸੀ।

**ਕੋਈ ਚੀਜ਼ ਖਾਣ ਜਾਂ ਫ਼ਕੀਰ ਦੀ ਪ੍ਰਾਰਥਨਾ ਨਾਲ ਬਾਲਕ ਦਾ ਪੈਦਾ ਹੋਣਾ:** ਇਸ ਰੂੜ੍ਹੀ ਲਈ ਅਸੀਂ ਪਹਿਲੀ ਕਹਾਣੀ "ਰਾਜਕੁਮਾਰ ਸ਼ੇਰਦਿਲ" ਵੇਖਦੇ ਹਾਂ ਇਸ ਅਨੁਸਾਰ ਇਕ ਰਾਜੇ ਦੇ ਕੋਈ ਔਲਾਦ ਨਹੀਂ ਸੀ। ਉਸ ਦੇ ਮਹਿਲ ਵਿੱਚ ਇਕ ਫ਼ਕੀਰ ਆਇਆ ਤੇ ਉਸ ਨੇ ਉਸ ਨੂੰ ਜੌਂ ਮੱਕੀ ਦਿੱਤੀ ਤੇ ਕਿਹਾ ਕਿ ਇਸ ਨੂੰ ਖਾਉ ਤੇ ਨੌਂ ਮਹੀਨਿਆਂ ਤੱਕ ਰੋਣਾ ਨਹੀਂ। ਨੌਂ ਮਹੀਨਿਆਂ ਬਾਅਦ ਬਾਲਕ ਪੈਦਾ ਹੋਵੇਗਾ। ਇਸੇ ਤਰ੍ਹਾਂ ਹੀ ਹੋਇਆ ਤੇ ਬਾਲਕ ਦਾ ਨਾਂ ਰਾਜਕੁਮਾਰ ਸ਼ੇਰ ਦਿਲ ਰੱਖਿਆ ਗਿਆ।

ਇਕ ਹੋਰ ਕਹਾਣੀ "ਰਾਜਕੁਮਾਰ ਅੱਧਾ ਪੁੱਤਰ" ਵਿੱਚ ਵੀ ਇਹੀ ਰੂੜ੍ਹੀ ਹੈ ਕਿ ਇਕ ਰਾਜਾ ਦੇ ਕੋਈ ਔਲਾਦ ਨਹੀਂ ਸੀ। ਓਧਰੋਂ ਇਕ ਫ਼ਕੀਰ ਲੰਘਿਆ ਤੇ ਉਸ ਨੂੰ ਉਸ ਦੀ ਹਾਲਤ 'ਤੇ ਤਰਸ ਆਇਆ। ਉਸ ਨੇ ਰਾਜੇ ਨੂੰ ਇਕ ਸੋਟੀ ਦਿੱਤੀ ਅਤੇ ਕਿਹਾ ਕਿ ਇਸ ਨੂੰ ਤੂੰ ਅੰਬ ਦੇ ਦਰਖ਼ਤ ਤੇ ਮਾਰੀਂ ਤਾਂ ਪਹਿਲੀ ਵਾਰੀ ਪੰਜ ਅੰਬ ਡਿੱਗਣਗੇ ਤੇ ਦੂਸਰੀ ਵਾਰੀ ਦੋ। ਉਹ ਜਾ ਕੇ ਆਪਣੀਆਂ ਰਾਣੀਆਂ ਨੂੰ ਦੇ ਦੇਵੀਂ। ਇਨ੍ਹਾਂ ਨਾਲ ਉਨ੍ਹਾਂ ਦੇ ਪੁੱਤਰ ਪੈਦਾ ਹੋਣਗੇ। ਇਸ ਤਰ੍ਹਾਂ ਹੀ ਹੋਇਆ ਅਤੇ ਰਾਣੀਆਂ ਦੇ ਅੰਬਾਂ ਨੂੰ ਖਾਣ ਨਾਲ ਪੁੱਤਰ ਪੈਦਾ ਹੋ ਗਏ।

"ਸੱਤਾਂ ਮਾਵਾਂ ਦਾ ਪੁੱਤਰ" ਨਾਮੀ ਕਹਾਣੀ ਵਿੱਚ ਵੀ ਇਕ ਰਾਜੇ ਦੀਆਂ ਸੱਤ ਰਾਣੀਆਂ ਸਨ ਪਰ ਉਸ ਦੇ ਕੋਈ ਔਲਾਦ ਨਹੀਂ ਸੀ। ਓਧਰੋਂ ਇਕ ਫ਼ਕੀਰ ਆਇਆ ਤੇ ਉਸ ਨੇ ਕਿਹਾ, "ਤੇਰੀ ਪ੍ਰਾਰਥਨਾ ਸੁਣੀ ਗਈ ਹੈ ਅਤੇ ਤੇਰੇ ਸੱਤ ਪੁੱਤਰ ਪੈਦਾ ਹੋਣਗੇ" ਬਾਅਦ ਵਿੱਚ ਉਨ੍ਹਾਂ ਰਾਣੀਆਂ ਦੇ ਪੁੱਤਰ ਹੀ ਪੈਦਾ ਹੁੰਦੇ ਹਨ।

**ਰੂਪ ਪਰਿਵਰਤਨ:** ਰੂਪ ਪਰਿਵਰਤਨ ਦੀ ਰੂੜ੍ਹੀ ਸਾਰੇ ਵਿਸ਼ਵ ਵਿੱਚ ਪ੍ਰਚੱਲਿਤ ਹੈ ਅਤੇ ਬਹੁਤ ਸਾਰੀਆਂ ਕਥਾਵਾਂ ਵਿੱਚ ਇਹ ਰੂੜ੍ਹੀ ਦਾ ਪ੍ਰਯੋਗ ਹੋਇਆ ਹੈ। ਇਹ ਰੂਪ ਪਰਿਵਰਤਨ ਬਾਰੇ ਚਰਨਜੀਤ ਸਿੰਘ ਗੁਮਟਾਲਾ ਆਖਦਾ ਹੈ ਕਿ "ਰੂਪ ਪਰਿਵਰਤਨ ਤਿੰਨ ਤਰ੍ਹਾਂ ਨਾਲ ਹੁੰਦਾ ਹੈ। ਕਈ ਉਦਾਹਰਣਾਂ ਵਿੱਚ ਪਾਤਰ ਦੈਵੀ ਜਾਂ ਅਲੌਕਿਕ ਸ਼ਕਤੀ ਕਰਕੇ ਸਵੈ ਰੂਪ ਪਰਿਵਰਤਨ ਕਰਦੇ ਹਨ ਅਤੇ ਕਈਆਂ ਵਿੱਚ ਜੰਤਰ-ਮੰਤਰ ਆਦਿ ਨਾਲ ਉਨ੍ਹਾਂ ਦਾ ਰੂਪ ਪਰਿਵਰਤਨ ਕੀਤਾ ਜਾਂਦਾ ਹੈ। ਤੀਜਾ ਕਿਸੇ ਵਸਤੂ ਦੇ ਖਾਣ ਜਾਂ ਪੀਣ ਨਾਲ ਜਾਂ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਰੂਪ ਪਰਿਵਰਤਨ ਹੁੰਦਾ ਹੈ।"[11]

ਸਟੀਲ ਦੀ ਇਸ ਸੰਗ੍ਰਹਿਤ ਅਤੇ ਸੰਪਾਦਤ ਪੁਸਤਕ ਵਿੱਚ ਰੂਪ ਪਰਿਵਰਤਨ ਨਾਲ ਸੰਬੰਧਿਤ ਹਵਾਲੇ ਮਿਲਦੇ ਹਨ ਜੋ ਇਸ ਪ੍ਰਕਾਰ ਹਨ:

"ਸੱਪ ਔਰਤ ਤੇ ਰਾਜਾ ਅਲੀਮਰਦਾਨ" ਕਹਾਣੀ ਵਿੱਚ ਜਦੋਂ ਰਾਜਾ ਅਲੀਮਰਦਾਨ ਫ਼ਕੀਰ ਦੇ ਨੌਕਰ ਦੀ ਡੱਬੀ ਲੁਕਾ ਲੈਂਦਾ ਹੈ ਅਤੇ ਉਸ ਨੂੰ ਆਖਦਾ ਹੈ ਕਿ ਆਪਣੇ ਗੁਰੂ ਨੂੰ ਕਹਿ ਕੇ ਮੇਰੇ ਨਾਲ ਲੜ ਕੇ ਲੈ ਜਾਵੇ। ਜਦੋਂ ਢਾਈ ਸਾਲ ਬਾਅਦ ਗੁਰੂ ਫ਼ਕੀਰ ਆਉਂਦਾ ਹੈ ਤਾਂ ਰਾਜਾ ਉਸ ਦੀ ਬੜੀ ਸੇਵਾ ਕਰਦਾ ਹੈ। ਉਹ ਰਾਜੇ ਦੇ ਚਿਹਰੇ ਤੋਂ ਹੀ ਪਹਿਚਾਣ ਜਾਂਦਾ ਹੈ ਕਿ ਸਭ ਕੁਝ ਠੀਕ ਨਹੀਂ। ਪਰਾਈ ਔਰਤ ਬਾਰੇ ਪੁੱਛਣ 'ਤੇ ਜਦੋਂ ਰਾਜਾ ਦੱਸਦਾ ਹੈ ਕਿ ਇੱਥੇ ਇਕ ਔਰਤ ਹੈ ਤਾਂ ਫ਼ਕੀਰ ਕਹਿੰਦਾ ਹੈ, ਉਹ ਔਰਤ ਨਹੀਂ ਉਹ ਤਾਂ ਲਹੂ ਪੀਣੀ ਡੈਣ ਹੈ ਕਿਉਂਕਿ ਦੋ ਸੌ ਸਾਲ ਦਾ ਸੱਪ ਇੱਛਾਧਾਰੀ ਹੋ ਜਾਂਦਾ ਹੈ ਅਤੇ ਉਹ ਕੋਈ ਵੀ ਰੂਪ ਧਾਰਨ ਕਰ ਸਕਦਾ ਹੈ। ਇਸ ਲਈ ਇਹ ਔਰਤ ਅਸਲ ਵਿੱਚ ਇਕ ਸੱਪ ਹੈ। ਜੋ ਔਰਤ ਦਾ ਰੂਪ ਧਾਰ ਕੇ ਏਥੇ ਬੈਠੀ ਹੈ। "ਰੂਬੀ ਰਾਜਕੁਮਾਰ" ਦੀ ਕਹਾਣੀ ਵਿੱਚ ਇਕ ਕੀਮਤੀ ਪੱਥਰ ਬਾਰਾਂ ਸਾਲ ਬਾਅਦ ਇਕ ਨੌਜਵਾਨ ਦਾ ਰੂਪ ਧਾਰਨ

ਕਰ ਲੈਂਦਾ ਹੈ ਜਿਸ ਦਾ ਨਾਂ ਰੂਬੀ ਰਾਜਕੁਮਾਰ ਰੱਖਿਆ ਜਾਂਦਾ ਹੈ।

"ਰਾਜਕੁਮਾਰੀ ਮਿਰਚੀ" ਕਹਾਣੀ ਵਿੱਚ ਉਹ ਜਿੰਨ ਜਿਸ ਨੇ ਰਾਜਕੁਮਾਰੀ ਜਾਂ ਖ਼ੂਬਸੂਰਤ ਲੜਕੀ ਦੀ ਪਾਲਣਾ-ਪੋਸ਼ਣਾ ਕੀਤੀ ਹੁੰਦੀ ਹੈ ਅਤੇ ਜਿਹੜਾ ਬਾਰਾਂ ਸਾਲ ਸੌਂਦਾ ਤੇ ਬਾਰਾਂ ਸਾਲ ਜਾਗਦਾ ਹੈ ਜਦੋਂ ਰਾਜਕੁਮਾਰੀ ਦਾ ਵਿਆਹ ਕਰ ਦਿੰਦਾ ਹੈ ਅਤੇ ਉਸ ਦਾ ਸੌਣ ਦਾ ਸਮਾਂ ਵੀ ਨੇੜੇ ਆ ਰਿਹਾ ਹੈ, ਤਾਂ ਸੌਣ ਤੋਂ ਪਹਿਲਾਂ ਉਹ ਰਾਜਕੁਮਾਰੀ ਦੀ ਸੁੱਖ-ਸਾਂਦ ਲੈ ਆਇਆ ਪਰ ਰਾਜਕੁਮਾਰੀ ਦਾ ਹਰਾ ਚਿਹਰਾ ਅੱਖਾਂ ਸਾਹਮਣੇ ਆਉਂਦਿਆਂ ਹੀ ਉਸ ਦਾ ਦਿਲ ਭਰ ਜਾਂਦਾ ਹੈ ਤੇ ਫਿਰ ਉਹ ਪਹਿਲਾਂ ਬਾਜ਼ ਦਾ ਤੇ ਫਿਰ ਇੱਲ ਦਾ ਰੂਪ ਧਾਰ ਕੇ ਖ਼ਬਰ-ਸੁਰਤ ਲੈਣ ਜਾਂਦਾ ਹੈ ਤੇ ਸਭ ਕੁਝ ਠੀਕ ਹੈ, ਜਾਣ ਕੇ ਗੂੜ੍ਹੀ ਨੀਂਦੇ ਸੌਂ ਜਾਂਦਾ ਹੈ।

'ਸਰ ਬੁਜ਼" ਕਹਾਣੀ ਵਿੱਚ ਸਿਪਾਹੀ ਦੇ ਲੜਕੇ ਤੇ ਉਸ ਦੀ ਪਤਨੀ ਨੂੰ ਜੰਗਲ ਵਿੱਚ ਇਕ ਬ੍ਰਾਹਮਣ ਮਿਲਦਾ ਹੈ ਜੋ ਕਿ ਅਸਲ ਵਿੱਚ ਰਾਖ਼ਸ਼ਸ਼ ਹੁੰਦਾ ਹੈ ਤੇ ਆਦਮੀ ਦੇ ਰੂਪ ਵਿੱਚ ਆਪਣਾ ਸ਼ਿਕਾਰ ਲੱਭਦਾ ਰਹਿੰਦਾ ਹੈ। ਪਰ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ ਤੇ ਉਹ ਜਾਦੂਈ ਵਾਲ ਅੱਗ ਵਿੱਚ ਸਾੜਦੇ ਹਨ, ਤਾਂ ਛੋਟਾ ਆਦਮੀ ਪ੍ਰਗਟ ਹੋ ਜਾਂਦਾ ਹੈ। ਰਾਖ਼ਸ਼ਸ਼ ਤੇਜ਼ ਬਾਰਿਸ਼ ਵਿੱਚ ਤਬਦੀਲ ਹੋ ਜਾਂਦਾ ਹੈ ਤੇ ਛੋਟਾ ਆਦਮੀ ਤੇਜ਼ ਹਨੇਰੀ ਵਿੱਚ; ਰਾਖ਼ਸ਼ਸ਼ ਕਬੂਤਰ ਬਣ ਜਾਂਦਾ ਹੈ ਤੇ ਛੋਟਾ ਆਦਮੀ ਬਾਜ਼ ਬਣ ਕੇ ਉਸ ਦਾ ਪਿੱਛਾ ਕਰਦਾ ਹੈ। ਰਾਖ਼ਸ਼ਸ਼ ਗੁਲਾਬ ਦਾ ਫੁੱਲ ਬਣ ਜਾਂਦਾ ਹੈ ਤੇ ਛੋਟਾ ਆਦਮੀ ਸੰਗੀਤਕਾਰ। ਇਸ ਤਰ੍ਹਾਂ ਇਹ ਸਾਰੇ ਰੂਪ ਪਰਿਵਰਤਨ ਵਾਪਰਦੇ ਰਹਿੰਦੇ ਹਨ, ਜਿਹੜੇ ਕਿ ਕਹਾਣੀ ਦੀ ਚਾਲ ਨੂੰ ਤੇਜ਼ ਕਰਦੇ ਹਨ ਅਤੇ ਉਤਸੁਕਤਾ ਪੈਦਾ ਕਰਦੇ ਹਨ। "ਮੌਤ ਦਾ ਦੇਵਤਾ" ਕਹਾਣੀ ਵਿੱਚ ਬੁੱਢੇ ਆਦਮੀ ਦੇ ਵੇਖਦੇ-ਵੇਖਦੇ ਬਿੱਛੂ ਜਿਹੜਾ ਕੁੱਕੜ ਜਿੱਡਾ ਸੀ, ਸੱਪ ਦਾ ਰੂਪ ਅਖ਼ਤਿਆਰ ਕਰ ਗਿਆ। ਉਹ ਸੱਪ ਅੱਗੇ ਜਾ ਕੇ ਮੱਝ ਵਿੱਚ ਤਬਦੀਲ ਹੋ ਗਿਆ। ਮੱਝ ਤੋਂ ਫਿਰ ਸੱਪ ਬਣ ਗਿਆ। ਸੱਪ ਤੋਂ ਫਿਰ ਉਸ ਨੇ ਖ਼ੂਬਸੂਰਤ ਔਰਤ ਦਾ ਰੂਪ ਧਾਰਨ ਕਰ ਲਿਆ। ਫਿਰ ਉਸ ਨੇ ਇਕ ਬੁੱਢੇ ਆਦਮੀ ਦਾ ਰੂਪ ਧਾਰਨ ਕਰ ਲਿਆ। ਇਸ ਤਰ੍ਹਾਂ ਇਸ ਕਹਾਣੀ ਵਿੱਚ ਸੱਪ ਵੱਲੋਂ ਹੀ ਕਈ ਰੂਪ ਪਰਿਵਰਤਨ ਕੀਤੇ ਜਾਂਦੇ ਹਨ।

"ਰਾਜਾ ਜਿਹੜਾ ਆਪਣਾ ਆਪ ਭੁਨਵਾਉਂਦਾ ਸੀ" ਕਹਾਣੀ ਵਿੱਚ ਰਾਜ਼ਾ ਕਰਨ ਨੇ ਇਕ ਫ਼ਕੀਰ ਨਾਲ ਸਮਝੌਤਾ ਕਰ ਲਿਆ ਕਿ, "ਮੈਂ ਆਪਣਾ ਆਪ ਭੰਨ ਕੇ ਜਾਂ ਤਲਵਾ ਕੇ ਤੈਨੂੰ ਦਿਆ ਕਰਾਂਗਾ ਪਰ ਇਸ ਦੇ ਬਦਲੇ ਤੂੰ ਮੈਨੂੰ ਸੋਨੇ ਦੀਆਂ ਮੋਹਰਾਂ ਦਿਆ ਕਰ।" ਇਸੇ ਤਰ੍ਹਾਂ ਹੀ ਹੁੰਦਾ ਹੈ ਕਿ ਰਾਜਾ ਕਰਨ ਤਲਿਆ ਜਾਂਦਾ ਹੈ ਅਤੇ ਫ਼ਕੀਰ ਉਸ ਨੂੰ ਖ਼ਾਂਦਾ ਹੈ। ਪਰ ਖਾਣ ਤੋਂ ਬਾਅਦ ਉਹ ਉਸ ਦੀਆਂ ਹੱਡੀਆਂ ਨੂੰ ਇਕੱਠਾ ਕਰਨ ਦਾ ਰੂਪ ਮੁੜ ਪਹਿਲੇ ਵਰਗਾ ਹੀ ਹੋ ਜਾਂਦਾ ਹੈ।

ਇਸੇ ਕਹਾਣੀ ਵਿੱਚ ਰਾਜਾ ਬਿਕਰਮਾਜੀਤ ਵੀ ਉਸੇ ਫ਼ਕੀਰ ਕੋਲ ਜਾਂਦਾ ਹੈ ਤੇ ਆਪਣੇ ਆਪ ਨੂੰ ਮਿਰਚ ਮਸਾਲਾ ਲਗਵਾ ਕੇ ਭੁਨਵਾਉਂਦਾ ਹੈ ਅਤੇ ਇਸ ਦੇ ਬਦਲੇ ਉਹ ਕੋਟ ਜਿਹੜਾ ਫ਼ਕੀਰ ਦਾ ਸੀ, ਜਿਸ ਨੂੰ ਝਾੜਿਆ ਮੋਹਰਾਂ ਨਿਕਲਦੀਆਂ ਸਨ, ਲੈ ਲੈਂਦਾ ਹੈ ਅਤੇ ਫ਼ਕੀਰ ਉਸ ਨੂੰ ਵੀ ਖਾਣ ਮਗਰੋਂ ਹੱਡੀਆਂ ਇਕੱਠੀਆਂ ਕਰ ਕੇ ਮੰਤਰ ਮਾਰ ਕੇ ਨਰੋਆ ਕਰ ਦਿੰਦਾ ਹੈ।

"ਵਫ਼ਾਦਾਰ ਰਾਜਕੁਮਾਰ" ਨਾਮੀ ਕਹਾਣੀ ਵਿੱਚ ਰਾਜਕੁਮਾਰੀ ਸ਼ਾਹਪਸੰਦ ਨੂੰ ਜਦੋਂ ਉਸ ਇਲਾਕੇ ਦਾ ਸਰਦਾਰ ਵੇਖ ਲੈਂਦਾ ਹੈ ਅਤੇ ਲੱਭਣ ਆਉਂਦਾ ਹੈ ਤਾਂ ਚਾਕੂ ਨਾਲ ਛੱਤ ਵਿੱਚ ਮੋਰੀ ਕਰ ਕੇ ਮੈਨਾ ਦਾ ਰੂਪ ਧਾਰਨ ਕਰ ਕੇ ਆਪਣੇ ਪਿਤਾ ਕੋਲ ਡੈਮਨਸਲੈਂਡ ਵਿੱਚ ਚਲੀ ਜਾਂਦੀ ਹੈ।

"ਰਾਜਕੁਮਾਰੀ ਮਿਰਚੀ" ਵਿੱਚ ਰਾਜਕੁਮਾਰੀ ਦੇ ਮਰਨ ਤੋਂ ਬਾਅਦ ਉਸ ਦਾ ਸਰੀਰ

ਵੱਖ-ਵੱਖ ਰੂਪਾਂ ਵਿੱਚ ਤਬਦੀਲ ਹੋ ਜਾਂਦਾ ਹੈ, ਜਿਵੇਂ ਸਰੀਰ ਉੱਚੀ ਦੀਵਾਰ ਵਿੱਚ, ਅੱਖਾਂ ਤਲਾਬ ਵਿੱਚ, ਹਰਾ ਚੋਗਾ ਘਾਹ ਵਿੱਚ, ਵਾਲ ਵੇਲਾਂ ਵਿੱਚ, ਲਾਲ ਮੂੰਹ ਤੇ ਚਿੱਟੇ ਦੰਦ ਫੁੱਲਾਂ ਵਿੱਚ ਤੇ ਆਤਮਾ (sheldrake) ਵਿੱਚ ਤਬਦੀਲ ਹੋ ਜਾਂਦੀ ਹੈ।

**ਜਾਨ ਦਾ ਕਿਸੇ ਹੋਰ ਥਾਂ ਜਾਂ ਚੀਜ਼ ਵਿੱਚ ਹੋਣ ਸੰਬੰਧੀ ਰੂੜ੍ਹੀ:** ਇਹ ਰੂੜ੍ਹੀ ਵੀ ਅੰਤਰਰਾਸ਼ਟਰੀ ਪੱਧਰ ਤੇ ਮਿਲਦੀ ਹੈ ਕਿਉਂਕਿ ਕੋਈ ਵੀ ਬਹਾਦਰ ਜਾਂ ਅਲੌਕਿਕ ਸ਼ਕਤੀਆਂ ਦਾ ਮਾਲਕ ਵਿਅਕਤੀ ਇਹ ਨਹੀਂ ਚਾਹੁੰਦਾ ਕਿ ਉਹ ਮਰ ਜਾਵੇ ਜਾਂ ਉਸ ਦੇ ਪ੍ਰਾਣਾਂ ਨੂੰ ਕੋਈ ਖ਼ਤਰਾ ਹੋਵੇ। ਇਸ ਲਈ ਉਹ ਆਪਣੇ ਪ੍ਰਾਣਾਂ ਨੂੰ ਕਿਸੇ ਪਸ਼ੂ, ਪੰਛੀ ਜਾਂ ਕਿਸੇ ਵਸਤੂ ਵਿੱਚ ਸੁਰੱਖਿਅਤ ਰੱਖ ਦਿੰਦਾ ਹੈ ਪਰ ਕਿਸੇ ਤਰ੍ਹਾਂ ਪਤਾ ਲੱਗਣ ਤੇ ਉਸ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਅਜਿਹੀ ਰੂੜ੍ਹੀ ਇਸ ਸੰਗ੍ਰਹਿ ਦੀ ਕਹਾਣੀ "ਰਾਜਕੁਮਾਰੀ ਬੈਂਗਨ" ਵਿੱਚ ਮਿਲਦੀ ਹੈ। ਇਸ ਵਿੱਚ ਜਦੋਂ ਰਾਜਾ ਦੀ ਗ਼ੁਲਾਮ ਕੁੜੀ ਉਸ ਖ਼ੂਬਸੂਰਤ ਲੜਕੀ ਨੂੰ ਵੇਖ ਲੈਂਦੀ ਹੈ ਤਾਂ ਉਸ ਨਾਲ ਈਰਖਾ ਕਰਨ ਲੱਗਦੀ ਹੈ ਤੇ ਈਰਖਾ, ਧੋਖੇ ਤੇ ਜਾਦੂ ਨਾਲ ਉਸ ਨੂੰ ਆਪਣੇ ਪਾਸ ਬੁਲਾ ਕੇ ਉਸ ਕੋਲੋਂ ਉਸ ਦੀ ਜਾਨ ਦਾ ਰਾਜ ਪੁੱਛਦੀ ਹੈ। ਉਹ ਦੱਸਦੀ ਹੈ ਕਿ, "ਮੇਰੀ ਜਾਨ ਤੇਰੇ ਸਭ ਤੋਂ ਵੱਡੇ ਪੁੱਤਰ ਵਿੱਚ ਹੈ।" ਉਹ ਉਸ ਨੂੰ ਮਰਵਾ ਦਿੰਦੀ ਹੈ ਅਤੇ ਹੌਲੀ-ਹੌਲੀ ਉਸ ਦੇ ਸਾਰੇ ਪੁੱਤਰ ਮਰ ਜਾਂਦੇ ਹਨ। ਫਿਰ ਉਸ ਨੇ ਰਾਣੀ ਨੂੰ ਦੱਸ ਹੀ ਦਿੱਤਾ ਕਿ, "ਨਦੀ ਵਿੱਚ ਇਕ ਲਾਲ ਤੇ ਹਰੇ ਰੰਗ ਦੀ ਮੱਛੀ ਹੈ। ਮੱਛੀ ਦੇ ਅੰਦਰ ਇਕ ਮੱਖੀ ਹੈ। ਮੱਖੀ ਅੰਦਰ ਇਕ ਛੋਟਾ ਬਕਸਾ ਹੈ, ਉਸ ਵਿੱਚ ਨੌਂ ਲੱਖਾ ਹਾਰ ਹੈ। ਜਦੋਂ ਤੂੰ ਉਸ ਨੂੰ ਪਾ ਲਵੇਂਗੀ ਤਾਂ ਮੈਂ ਮਰ ਜਾਵਾਂਗੀ।" ਰਾਣੀ ਨੇ ਉਸੇ ਤਰ੍ਹਾਂ ਕੀਤਾ ਤੇ ਜਦੋਂ ਉਸ ਨੇ ਨੌਂ ਲੱਖਾ ਹਾਰ ਪਾ ਲਿਆ ਤਾਂ ਉਹ ਸੁੰਦਰ ਲੜਕੀ ਦੀ ਮੌਤ ਹੋ ਗਈ ਕਿਉਂਕਿ ਉਸ ਦੀ ਜਾਨ ਉਸ ਨੌਂ ਲੱਖੇ ਹਾਰ ਵਿੱਚ ਸੀ। ਇਸ ਸੰਬੰਧੀ ਇਕ ਹੋਰ ਉਦਾਹਰਣ "ਰਾਜਕੁਮਾਰ ਸ਼ੇਰ ਦਿਲ ਤੇ ਉਸ ਦੇ ਸਾਥੀ" ਨਾਮੀ ਕਹਾਣੀ ਵਿੱਚ ਵੇਖੀ ਜਾ ਸਕਦੀ ਹੈ। ਜਦੋਂ ਫਫੇਕੁੱਟਣੀ ਔਰਤ ਰਾਜਕੁਮਾਰੀ ਨੂੰ ਵਰਗਲਾ ਲੈਂਦੀ ਹੈ ਅਤੇ ਕਹਿੰਦੀ ਹੈ ਕਿ, "ਤੂੰ ਆਪਣੇ ਪਤੀ ਨੂੰ ਪੁੱਛੀਂ ਕਿ ਉਸ ਦੀ ਜਾਨ ਕਿਸ ਚੀਜ਼ ਵਿੱਚ ਹੈ?" ਜਦੋਂ ਉਹ ਪੁੱਛਦੀ ਹੈ ਤਾਂ ਰਾਜਕੁਮਾਰ ਸ਼ੇਰ ਦਿਲ ਕਹਿੰਦਾ ਹੈ ਕਿ, "ਮੇਰੀ ਜਾਨ ਤਲਵਾਰ ਵਿੱਚ ਹੈ।" ਅਗਲੇ ਦਿਨ ਉਸ ਨੇ ਤਲਵਾਰ ਰੱਖ ਲਈ ਅਤੇ ਉਸ ਔਰਤ ਨੇ ਤਲਵਾਰ ਅੱਗ ਵਿੱਚ ਸਾੜਨੀ ਸ਼ੁਰੂ ਕੀਤੀ। ਜਿਉਂ-ਜਿਉਂ ਤਲਵਾਰ ਸੜਦੀ ਗਈ, ਰਾਜਕੁਮਾਰ ਸ਼ੇਰ ਦਿਲ ਸੜਦਾ ਗਿਆ ਕਿਉਂਕਿ ਉਸ ਦੀ ਜਾਨ ਉਸ ਤਲਵਾਰ ਵਿੱਚ ਹੁੰਦੀ ਹੈ।

**ਮੁੜ ਜ਼ਿੰਦਾ ਕਰਨ ਸੰਬੰਧੀ ਕਥਾਨਕ ਰੂੜ੍ਹੀ :** ਮਰੇ ਵਿਅਕਤੀ ਜਾਂ ਪਸ਼ੂ ਨੂੰ ਮੁੜ ਜ਼ਿੰਦਾ ਕਰਨ ਸੰਬੰਧੀ ਰੂੜ੍ਹੀ ਦਾ ਪ੍ਰਯੋਗ ਵੀ ਆਮ ਮਿਲਦਾ ਹੈ। ਇਸ ਸੰਬੰਧੀ ਚਰਨਜੀਤ ਸਿੰਘ ਗੁਮਟਾਲਾ ਆਖਦਾ ਹੈ ਕਿ, " ਇਸ ਰੂੜ੍ਹੀ ਦਾ ਸੰਬੰਧ ਇਕ ਤਾਂ ਮਨੁੱਖ ਦੀ ਇੱਛਾ ਪੂਰਤੀ ਨਾਲ ਹੈ ਤੇ ਦੂਸਰਾ ਯੋਗ ਵਿੱਦਿਆ ਅਤੇ ਮੰਤਰ ਤੰਤਰ ਨਾਲ।" [12] ਕੋਈ ਵੀ ਵਿਅਕਤੀ ਮਰਨਾ ਨਹੀਂ ਚਾਹੁੰਦਾ। ਇਸ ਲਈ ਕਈ ਉਪਾਅ ਕਰਦਾ ਰਹਿੰਦਾ ਹੈ। ਇਹ ਕਥਾਨਕ ਰੂੜ੍ਹੀ ਲਗਭਗ ਹਰ ਮਹਾਂਪੁਰਖ ਨਾਲ ਜੋੜ ਲਈ ਜਾਂਦੀ ਹੈ। ਗੁਮਟਾਲੇ ਨੇ ਟੈਂਪਲ ਦਾ ਹਵਾਲਾ ਦਿੰਦਿਆਂ ਲਿਖਿਆ ਹੈ ਕਿ ਉਹ ਇਸ ਰੂੜ੍ਹੀ ਸੰਬੰਧੀ ਕੀ ਸਮਝਦਾ ਹੈ:

"ਲੋਕ-ਕਥਾਵਾਂ ਦੀ ਬਣਤਰ ਵਿੱਚ ਇਕ ਮਹੱਤਵਪੂਰਨ ਮੱਦ ਆਰਜ਼ੀ ਮੌਤ ਦਾ ਵਿਚਾਰ ਵੀ ਹੈ। ਇਸ ਵਿਚਾਰ 'ਤੇ ਆਧਾਰਿਤ ਅਣਗਿਣਤ ਕਹਾਣੀਆਂ ਹਨ। ਇਨ੍ਹਾਂ ਮਾਰਨ ਤੇ ਮੁੜ ਸੁਰਜੀਤ ਕਰਨ ਦੇ ਢੰਗ ਵੀ ਵੱਖ-ਵੱਖ ਹਨ ਅਤੇ ਆਮ ਵਾਪਰਦੇ ਹਨ। ਇਹ ਆਮ ਤੌਰ 'ਤੇ ਪੁਤਲੇ ਵਿੱਚ ਜਾਨ ਪਾਉਣਾ, ਮ੍ਰਿਤਕ ਦੀ ਸੁਆਹ ਜਾਂ ਅਸਥੀਆਂ ਇਕੱਠੀਆਂ ਕਰਨਾ ਅਤੇ

ਉਨ੍ਹਾਂ ਦਾ ਪੁਤਲਾ ਬਣਾ ਕੇ ਉਸ ਵਿੱਚ ਜਾਨ ਪਾਉਣਾ ਹੈ। ਅਜਿਹਾ "ਇੰਡੀਅਨ ਫੇਅਰੀ ਟੇਲਜ਼", "ਵਾਈਡ ਅਵੇਕ ਸਟੋਰੀਜ਼" ਅਤੇ "ਬੰਗਾਲ ਫੋਕ ਟੇਲਜ਼" ਵਿੱਚ ਆਉਂਦਾ ਹੈ।"[13]

ਸਟੀਲ ਵੱਲੋਂ ਇਕੱਤਰ ਕੀਤੀਆਂ ਇਨ੍ਹਾਂ ਕਹਾਣੀਆਂ ਵਿੱਚ ਅਜਿਹੀਆਂ ਕਹਾਣੀਆਂ ਮਿਲਦੀਆਂ ਹਨ ਜਿਨ੍ਹਾਂ ਵਿੱਚ ਮਰੇ ਵਿਅਕਤੀ ਨੂੰ ਮੁੜ ਜ਼ਿੰਦਾ ਕੀਤਾ ਜਾਂਦਾ ਹੈ ਜਿਵੇਂ-

"ਰਾਜਾ ਜਿਹੜਾ ਭੁੰਨਿਆ ਜਾਂਦਾ ਸੀ" ਵਿੱਚ ਰਾਜਾ ਕਰਨ ਜਦੋਂ ਆਪਣਾ-ਆਪ ਉਸ ਫ਼ਕੀਰ ਨੂੰ ਦੇ ਦਿੰਦਾ ਸੀ ਤਾਂ ਉਹ ਉਸ ਨੂੰ ਭੁੰਨਦਾ, ਤਲਦਾ ਤੇ ਖਾਂਦਾ ਸੀ ਅਤੇ ਫਿਰ ਉਸ ਦੀਆਂ ਹੱਡੀਆਂ ਇਕੱਠੀਆਂ ਕਰ ਕੇ ਮੰਤਰ ਮਾਰ ਕੇ ਉਸ ਨੂੰ ਮੁੜ ਪਹਿਲਾਂ ਵਰਗਾ ਤੰਦਰੁਸਤ ਕਰ ਦਿੰਦਾ ਸੀ। ਇਸੇ ਕਹਾਣੀ ਵਿੱਚ ਰਾਜਾ ਬਿਕਰਮਾਜੀਤ ਵੀ ਉਸੇ ਫ਼ਕੀਰ ਨੂੰ ਆਪਣਾ-ਆਪ ਮਿਰਚ-ਮਸਾਲਾ ਲਾ ਕੇ ਤਲਵਾਉਣ ਨੂੰ ਦਿੰਦਾ ਹੈ ਅਤੇ ਫ਼ਕੀਰ ਉਸ ਨੂੰ ਖਾ ਕੇ ਹੱਡੀਆਂ ਇਕੱਤਰ ਕਰ ਮੰਤਰ ਮਾਰ ਕੇ ਮੁੜ ਪਹਿਲਾਂ ਵਰਗਾ ਤੰਦਰੁਸਤ ਕਰ ਦਿੰਦਾ ਹੈ।

"ਰਾਜਕੁਮਾਰੀ ਮਿਰਚੀ" ਨਾਮੀ ਕਹਾਣੀ ਵਿੱਚ ਜਦੋਂ ਦੂਸਰੀਆਂ ਮਹੱਲ ਦੀਆਂ ਔਰਤਾਂ ਰਾਜਕੁਮਾਰੀ ਮਰਚੀ ਨੂੰ ਮਰਵਾ ਦਿੰਦੀਆਂ ਹਨ ਤਾਂ ਰਾਜਾ ਨੂੰ ਪੰਛੀਆਂ ਰਾਹੀਂ ਅਸਲੀਅਤ ਦਾ ਪਤਾ ਲੱਗਦਾ ਹੈ। ਉਹ ਸਾਰੇ ਪੰਛੀਆਂ ਨੂੰ ਜਿਵੇਂ ਉਹ ਗੱਲਾਂ ਕਰ ਰਹੇ ਸਨ ਕਿ ਇਕੱਠਿਆਂ ਨੂੰ ਮਾਰ ਕੇ ਰਾਜਕੁਮਾਰੀ ਨੂੰ ਦੁਬਾਰਾ ਜ਼ਿੰਦਾ ਕਰ ਦਿੰਦਾ ਹੈ। "ਰਾਜਕੁਮਾਰੀ ਬੈਂਗਨ" ਵਿੱਚ ਵੀ ਕਿਉਂਕਿ ਰਾਜਕੁਮਾਰੀ ਬੈਂਗਨ ਦੀ ਆਤਮਾ ਨੌਂ ਲੱਖੇ ਹਾਰ ਵਿੱਚ ਹੈ ਅਤੇ ਜਦੋਂ ਉਹ ਹਾਰ ਉਸ ਜਾਦੂਗਰ ਰਾਣੀ ਦੇ ਹੱਥ ਆ ਜਾਂਦਾ ਹੈ ਤਾਂ ਉਹ ਉਸ ਨੂੰ ਆਪਣੇ ਗਲ ਵਿੱਚ ਪਾ ਲੈਂਦੀ ਹੈ। ਜਿਸ ਨਾਲ ਰਾਜਕੁਮਾਰੀ ਬੈਂਗਨ ਮਰ ਜਾਂਦੀ ਹੈ ਪਰ ਜਦੋਂ ਛੋਟਾ ਬੱਚਾ ਉਸ ਹਾਰ ਨੂੰ ਚੁੱਕ ਕੇ ਆਪਣੀ ਮਾਂ ਦੇ ਉੱਤੇ ਸੁੱਟਦਾ ਹੈ ਤਾਂ ਉਹ ਮੁੜ ਜ਼ਿੰਦਾ ਹੋ ਜਾਂਦੀ ਹੈ।

"ਦੋ ਭਰਾ" ਵਿੱਚ ਜਦੋਂ ਦੋਵੇਂ ਭਰਾ ਇਕ ਰਾਜਾ ਤੇ ਇਕ ਵਜ਼ੀਰ ਬਣਨ ਦਾ ਮਨੋਰਥ ਲੈ ਕੇ ਅੱਗੇ ਜਾ ਰਹੇ ਸਨ ਤਾਂ ਰਸਤੇ ਵਿੱਚ ਉਨ੍ਹਾਂ ਨੂੰ ਯਾਦ ਆਉਂਦਾ ਹੈ ਕਿ ਉਨ੍ਹਾਂ ਦਾ ਕੋਰੜਾ ਤਾਂ ਪਿੱਛੇ ਹੀ ਰਹਿ ਗਿਆ। ਜਦੋਂ ਉਹ ਉਸ ਨੂੰ ਲੈਣ ਲਈ ਛੋਟੇ ਨੂੰ ਵਾਪਿਸ ਭੇਜਦਾ ਹੈ ਤਾਂ ਉਥੇ ਇਕ ਸੱਪ ਹੁੰਦਾ ਹੈ, ਜਿਹੜਾ ਉਸ ਨੂੰ ਡੰਗ ਮਾਰ ਦਿੰਦਾ ਹੈ ਜਿਸ ਨਾਲ ਉਹ ਮਰ ਜਾਂਦਾ ਹੈ। ਉਥੇ ਇਕ ਜਾਦੂਗਰ ਤੇ ਉਸ ਦੀ ਪਤਨੀ ਆਉਂਦੇ ਹਨ, ਤਾਂ ਪਤਨੀ ਆਪਣੇ ਪਤੀ ਨੂੰ ਇਸ ਖ਼ੂਬਸੂਰਤ ਨੌਜਵਾਨ ਨੂੰ ਮੁੜ ਜ਼ਿੰਦਾ ਕਰਨ ਦੀ ਬੇਨਤੀ ਕਰਦੀ ਹੈ। ਇਸ ਲਈ ਉਹ ਪਹਿਲਾਂ ਨਦੀ ਦਾ ਪਾਣੀ ਸੁਕਾ ਦਿੰਦਾ ਹੈ ਜਿਸ ਨਾਲ ਸਾਰੇ ਸੱਪ ਤਿਹਾਏ ਮਰਨ ਲੱਗਦੇ ਹਨ। ਜਦੋਂ ਉਸ ਜਾਦੂਗਰ ਕੋਲ ਆਉਂਦੇ ਹਨ ਤਾਂ ਉਹ ਕਹਿੰਦਾ ਹੈ ਕਿ, "ਪਹਿਲਾਂ ਇਸ ਨੌਜਵਾਨ ਨੂੰ ਮੁੜ ਜਿੰਦਾ ਕਰ ਦਿਉ ਫਿਰ ਪਾਣੀ ਵੰਡਾਂਗਾ" ਤਾਂ ਉਸ ਦਾ ਜ਼ਹਿਰ ਚੂਸ ਕੇ ਉਸ ਨੂੰ ਮੁੜ ਜ਼ਿੰਦਾ ਕਰ ਦਿੰਦੇ ਹਨ।

"ਰਾਕੁਮਾਰ ਸ਼ੇਰ ਦਿਲ" ਵਿੱਚ ਵੀ ਜਦੋਂ ਰਾਜਕੁਮਾਰ ਦੀ ਤਲਵਾਰ ਜਿਸ ਵਿੱਚ ਉਸ ਦੀ ਜਾਨ ਹੁੰਦੀ ਹੈ, ਨੂੰ ਉਹ ਫਫੇਕੁੱਟਣੀ ਚੁਰਾ ਕੇ ਸਾੜ ਦਿੰਦੀ ਹੈ ਤਾਂ ਇਸ ਨਾਲ ਪਹਿਲਾਂ ਤਾਂ ਰਾਜਕੁਮਾਰ ਸੜਦਾ ਹੈ, ਪਰ ਫਿਰ ਉਸ ਦਾ ਧੜ ਵੀ ਸਿਰ ਤੋਂ ਅਲੱਗ ਹੋ ਜਾਂਦਾ ਹੈ, ਪਰ ਉਸ ਦੇ ਚਾਕੂ, ਛੁਰੀਆਂ ਤੇਜ਼ ਕਰਨ ਵਾਲਾ ਤਰਖਾਣ ਤੇ ਲੁਹਾਰ ਸਾਰੇ ਆਪੋ-ਆਪਣੇ ਹਿਸਾਬ ਨਾਲ ਤਲਵਾਰ ਨੂੰ ਮੁੜ ਉਹੋ ਜਿਹਾ ਕਰ ਦਿੰਦੇ ਹਨ, ਜਿਸ ਨਾਲ ਰਾਜਕੁਮਾਰ ਸ਼ੇਰ ਦਿਲ ਮੁੜ ਜ਼ਿੰਦਾ ਹੋ ਜਾਂਦਾ ਹੈ। ਫਿਰ ਆਪਣੀ ਰਾਜਕੁਮਾਰੀ ਦੀ ਭਾਲ ਵਿੱਚ ਲੱਗ ਜਾਂਦਾ ਹੈ। ਇਸ ਤਰ੍ਹਾਂ ਮੁੜ ਜ਼ਿੰਦਾ ਕਰਨ ਦੀ ਇਹ ਕਥਾਨਕ ਰੂੜ੍ਹੀ ਇਨ੍ਹਾਂ ਬਾਤਾਂ, ਦੰਤ-ਕਥਾਵਾਂ ਵਿੱਚ ਆਮ ਪਾਈ ਜਾਂਦੀ ਹੈ।

**ਪਸ਼ੂ-ਪੰਛੀਆਂ ਅਤੇ ਜਾਨਵਰਾਂ ਦਾ ਮਨੁੱਖੀ ਵਿਵਹਾਰ:** ਲੋਕ ਸਾਹਿਤ ਵਿੱਚ, ਲੋਕ-

ਕਹਾਣੀਆਂ, ਬਾਤਾਂ ਆਦਿ ਵਿੱਚ ਪਸ਼ੂ, ਪੰਛੀ ਅਤੇ ਜਾਨਵਰ ਮਨੁੱਖਾਂ ਵਰਗਾ ਵਿਹਾਰ ਕਰਦੇ ਹਨ। ਆਦਿ ਮਨੁੱਖ ਦਾ ਇਨ੍ਹਾਂ ਜਾਨਵਰਾਂ, ਪਸ਼ੂ,ਪੰਛੀਆਂ, ਕੀੜੇ-ਮਕੌੜਿਆਂ ਨਾਲ ਬੜਾ ਨੇੜੇ ਦਾ ਰਿਸ਼ਤਾ ਰਿਹਾ ਹੈ। ਇਸ ਲਈ ਉਹ ਮਨੁੱਖਾਂ ਨਾਲ ਵਿਚਰਦੇ ਦੁੱਖ-ਸੁੱਖ ਵਿੱਚ ਸ਼ਰੀਕ ਹੁੰਦੇ ਦਰਦ ਮਹਿਸੂਸ ਕਰਦੇ ਅਤੇ ਇਥੋਂ ਤੱਕ ਕਿ ਵਚਨ ਵੀ ਪਾਲਦੇ ਹਨ। ਵਿਸ਼ਵ ਭਰ ਦੀ ਲੋਕਧਾਰਾ ਵਿੱਚ ਇਨ੍ਹਾਂ ਪਸ਼ੂ-ਪੰਛੀਆਂ ਅਤੇ ਜਾਨਵਰਾਂ ਦਾ ਮਾਨਵੀਕਰਣ ਹੋਇਆ ਮਿਲਦਾ ਹੈ। ਇਨ੍ਹਾਂ ਪੰਛੀਆਂ ਬਾਰੇ ਕਈ ਮਨੌਤਾਂ ਵੀ ਪ੍ਰਚੱਲਤ ਹਨ। ਕਈ ਪਸ਼ੂ,ਪੰਛੀ ਤਾਂ ਆਦਮੀ ਦੇ ਸਹਾਇਕ ਹਨ। ਕਈ ਉਸ ਲਈ ਲਾਭਦਾਇਕ ਹਨ। ਕਈ ਉਸ ਦੀ ਜਾਨ ਦੇ ਦੁਸ਼ਮਣ ਵੀ ਹਨ। ਲੋਕ ਸਾਹਿਤ ਵਿੱਚ ਇਹ ਸਾਰੇ ਰੂਪ ਸਾਨੂੰ ਵੇਖਣ ਨੂੰ ਮਿਲਦੇ ਹਨ। ਅੱਜ ਵੀ ਲੋਕ ਆਪਣੇ ਘਰਾਂ ਵਿੱਚ ਇਨ੍ਹਾਂ ਪਸ਼ੂ, ਪੰਛੀਆਂ ਨੂੰ ਪਾਲਦੇ ਅਤੇ ਅਜਿਹੇ ਵਿਚਾਰ ਦੀ ਕਾਮਨਾ ਕਰਦੇ ਹਨ।

ਸਟੀਲ ਦੀਆ ਇਨ੍ਹਾਂ ਇਕੱਤਰ ਕੀਤੀਆਂ ਕਥਾਵਾਂ ਵਿੱਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਹਨ, ਜਿਹੜੀਆਂ ਸਾਨੂੰ ਇਸ ਗੱਲ ਬਾਰੇ ਜਾਣਕਾਰੀ ਦਿੰਦੀਆਂ ਹਨ ਕਿ ਭਾਰਤੀ ਤੇ ਪੰਜਾਬੀ ਸਭਿਆਚਾਰ ਵਿੱਚ ਵੀ ਮੁੱਢ ਕਦੀਮ ਤੋਂ ਮਨੁੱਖ ਦੀ ਇਨ੍ਹਾਂ ਪਸ਼ੂ, ਪੰਛੀਆਂ ਨਾਲ ਸਾਂਝ ਰਹੀ ਹੈ। ਅਸੀਂ ਇਸ ਬਾਰੇ ਇਨ੍ਹਾਂ ਕਹਾਣੀਆਂ ਵਿੱਚ ਵੇਖਦੇ ਹਾਂ-"ਚੂਹੇ ਦਾ ਵਿਆਹ" ਕਥਾ ਵਿੱਚ ਚੂਹਾ ਜਿਹੜਾ ਮੀਂਹ ਵਰ੍ਹਦੇ ਵਿੱਚ ਸੁੱਕੀ ਲੱਕੜ ਦਾ ਮਾਲਕ ਬਣਿਆ ਪਿਆ ਹੈ ਉਹ ਉਸ ਲੱਕੜੀ ਨੂੰ ਲੈ ਕੇ ਪਹਿਲਾਂ ਇਕ ਗ਼ਰੀਬ ਆਦਮੀ ਨਾਲ ਉਸ ਦਾ ਦੁੱਖ ਸਾਂਝਾ ਕਰ ਕੇ ਉਸ ਨੂੰ ਲੱਕੜੀ ਦੇ ਦਿੰਦਾ ਹੈ, ਜੋ ਉਸ ਨੂੰ ਗੁੰਨਿਆਂ ਹੋਇਆ ਆਟਾ ਦਿੰਦਾ ਹੈ। ਉਹ ਆਟਾ ਉਹ ਇਕ ਘੁਮਿਆਰ ਨੂੰ ਦਿੰਦਾ ਹੈ ਜਿਸ ਦੇ ਬੱਚੇ ਭੁੱਖੇ ਸਨ ਅਤੇ ਘੁਮਿਆਰ ਉਸ ਨੂੰ ਇਕ ਘੜਾ ਦਿੰਦਾ ਹੈ। ਇਹ ਘੜਾ ਉਹ ਇਕ ਚਰਵਾਹੇ ਨੂੰ ਦਿੰਦਾ ਹੈ ਤੇ ਚੂਹਾ ਉਸ ਨਾਲ ਤਕਰਾਰ ਕਰਕੇ ਉਸ ਪਾਸੋਂ ਮੱਝ ਲੈ ਲੈਂਦਾ ਹੈ। ਮੱਝ ਉਹ ਕਹਾਰਾਂ ਨੂੰ ਦਿੰਦਾ ਹੈ ਤੇ ਉਨ੍ਹਾਂ ਨਾਲ ਬਹਿਸ ਕਰ ਕੇ, ਉਨ੍ਹਾਂ ਕੋਲੋਂ ਲੜਕੀ ਦਾ ਡੋਲਾ ਲੈ ਲੈਂਦਾ ਹੈ। ਫਿਰ ਲਾੜੀ ਨਾਲ ਗੱਲਾਂ ਕਰਦਾ ਅਤੇ ਆਪਣੀ ਸੱਸ ਨਾਲ ਵੀ ਗੱਲਾਂ ਕਰਦਾ ਹੈ। ਇਸੇ ਤਰ੍ਹਾਂ ਚੂਹਾ ਇਸ ਕਹਾਣੀ ਵਿੱਚ ਬਹੁਤ ਸਾਰੇ ਜਾਨਵਰਾਂ ਤੇ ਵਿਅਕਤੀਆਂ ਨਾਲ ਗੱਲਾਂ ਬਾਤਾਂ ਕਰਦਾ ਦੱਸਿਆ ਗਿਆ ਹੈ।

"ਬੋਪਾਲੂਚੀ" ਕਹਾਣੀ ਵਿੱਚ ਜਦੋਂ ਇਕ ਠੱਗ ਬੋਪਾਲੂਚੀ ਨੂੰ ਵਰਗਲਾ ਕੇ ਲਿਜਾ ਰਿਹਾ ਸੀ ਤਾਂ ਰਸਤੇ ਵਿੱਚ ਉਸ ਨੂੰ ਕਾਂ ਮਿਲਿਆ ਜਿਹੜਾ ਕਿ ਠੱਗ ਬਾਰੇ ਉਸ ਨੂੰ ਸੁਚੇਤ ਕਰਦਾ ਹੈ। ਫਿਰ ਮੋਰ ਮਿਲਿਆ ਉਹ ਵੀ ਉਹੀ ਗੱਲ ਕਰਦਾ ਹੈ ਅਤੇ ਫਿਰ ਗਿੱਦੜ ਦੀ ਬੋਪਾਲੂਚੀ ਨੂੰ ਇਸ ਠੱਗ ਤੋਂ ਬਚਣ ਦੀ ਗੱਲ ਕਰਦਾ ਹੈ ਪਰ ਬੋਪਾਲੂਚੀ ਉਨ੍ਹਾਂ ਦੀ ਗੱਲ ਸਮਝ ਨਹੀਂ ਸਕਦੀ।

"ਪਿਆਸੀ ਤੇ ਬਿਆਨਸੀ" ਕਹਾਣੀ ਵਿੱਚ ਪਿਆਸੀ ਜਦੋਂ ਆਪਣੇ ਬਜ਼ੁਰਗ ਪਿਤਾ ਦਾ ਪਤਾ ਲੈਣ ਜਾਂਦੀ ਹੈ ਤਾਂ ਰਸਤੇ ਵਿੱਚ ਉਸ ਨੂੰ ਆਲੂ ਬੁਖ਼ਾਰੇ ਦਾ ਰੁੱਖ, ਅੱਗੋਂ ਪਿੱਪਲ ਅਤੇ ਨਦੀ ਮਿਲਦੇ ਹਨ। ਪਿਆਸੀ ਉਨ੍ਹਾਂ ਸਾਰਿਆਂ ਨਾਲ ਗੱਲਾਂ ਕਰਦੀ ਹੈ ਅਤੇ ਉਨ੍ਹਾਂ ਦਾ ਦੁੱਖੜਾ ਸੁਣ ਕੇ ਉਸ ਨੂੰ ਹੱਲ ਵੀ ਕਰਦੀ ਹੈ। ਇਸ ਦੇ ਬਦਲੇ ਵਿੱਚ ਉਹ ਉਸ ਨੂੰ ਬਹੁਤ ਸਾਰੇ ਤੋਹਫ਼ੇ ਇਨਾਮ ਵਜੋਂ ਦਿੰਦੇ ਹਨ। ਪਰ ਉਸ ਦੀ ਭੈਣ ਬਿਆਨਸੀ ਵੀ ਇਸੇ ਤਰ੍ਹਾਂ ਸਫ਼ਰ ਤੇ ਨਿਕਲਦੀ ਹੈ ਅਤੇ ਇਹ ਸਾਰੀਆਂ ਚੀਜ਼ਾਂ ਉਸ ਨੂੰ ਮਿਲਦੀਆਂ ਅਤੇ ਗੱਲਾਂ ਕਰਦੀਆਂ ਹਨ ਪਰ ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦੀ ਤੇ ਇਹ ਸਾਰੀਆਂ ਚੀਜ਼ਾਂ ਆਲੂ ਬੁਖ਼ਾਰਾ, ਪਿੱਪਲ, ਨਦੀ ਉਸ ਨਾਲ ਵੀ ਫਿਰ ਮਾੜਾ ਵਰਤਾਉ ਕਰਦੇ ਹਨ।

ਪਸ਼ੂਆਂ ਤੇ ਜਾਨਵਰਾਂ ਦੀ ਆਪਸੀ ਗੱਲਬਾਤ ਕਰਨ ਬਾਰੇ ਅਤੇ ਮਨੁੱਖਾ ਵਿਹਾਰ ਕਰਨ

ਦੀ ਇਕ ਹੋਰ ਉਦਾਹਰਣ 'ਚਿੜੀ ਅਤੇ ਕਾਂ' ਦੀ ਮਸ਼ਹੂਰ ਕਹਾਣੀ ਵਿੱਚ ਮਿਲਦੀ ਹੈ। ਕਾਂ ਤੇ ਚਿੜੀ ਰਲ ਕੇ ਖਿਚੜੀ ਬਣਾਉਂਦੇ ਹਨ ਪਰ ਚਿੜੀ ਉਸ ਨੂੰ ਮੂੰਹ-ਹੱਥ ਧੋ ਕੇ ਆਉਣ ਲਈ ਕਹਿੰਦੀ ਹੈ। ਆਪਣੇ-ਆਪ ਨੂੰ ਸਾਫ਼ ਕਰਨ ਲਈ ਕਾਂ ਪਹਿਲਾਂ ਤਲਾਬ ਕੋਲ ਗਿਆ ਅਤੇ ਉਸ ਕੋਲੋਂ ਉਸ ਨੇ ਪਾਣੀ ਮੰਗਿਆ। ਤਲਾਬ ਨੇ ਉਸ ਨੂੰ ਹਿਰਨ ਕੋਲ ਭੇਜਿਆ, ਹਿਰਨ ਨੇ ਗਾਂ ਕੋਲ, ਗਾਂ ਨੇ ਘਾਹ ਕੋਲ ਤੇ ਘਾਹ ਨੇ ਲੁਹਾਰ ਕੋਲ, ਲੁਹਾਰ ਨੇ ਉਸ ਨੂੰ ਧੌਂਕਣੀ ਚਲਾਉਣ ਤੇ ਲਗਾਇਆ ਤਾਂ ਉਹ ਉਸ ਵਿੱਚ ਡਿੱਗ ਕੇ ਸੜ ਗਿਆ।

"ਕਰੀਬੀ ਸਮਝੌਤਾ" ਕਹਾਣੀ ਵਿੱਚ ਚੀਤਾ ਕਿਸਾਨ ਨੂੰ ਆ ਕੇ ਕਹਿੰਦਾ ਹੈ ਕਿ "ਮੈਨੂੰ ਭਗਵਾਨ ਨੇ ਭੇਜਿਆ ਹੈ ਕਿ ਮੈਂ ਤੇਰੇ ਬਦਲ ਖਾ ਲਵਾਂ।" ਕਿਸਾਨ ਵੀ ਉਸ ਨਾਲ ਗੱਲਬਾਤ ਕਰਦਾ ਹੈ। ਫਿਰ ਅਖ਼ੀਰ ਵਿੱਚ ਗਿੱਦੜ ਤੇ ਚੀਤਾ ਬਦਲਾਂ ਨੂੰ ਖਾਣ ਲਈ ਆਉਂਦੇ ਹਨ ਅਤੇ ਕਿਸਾਨ ਦੀ ਵਹੁਟੀ ਉਸ ਨੂੰ ਉੱਚੀ ਆਵਾਜ਼ ਵਿੱਚ ਚੀਕਦੀ ਹੈ ਤਾਂ ਉਹ ਸਮਝ ਜਾਂਦੇ ਹਨ। ਇਸ ਤਰ੍ਹਾਂ ਜਾਨਵਰਾਂ ਤੇ ਮਨੁੱਖਾਂ ਦੀ ਆਪਸ ਵਿੱਚ ਗੱਲਬਾਤ ਹੁੰਦੀ ਹੈ। "ਲੂੰਬੜੀ ਅਤੇ ਮੋਰਨੀ" ਵਿੱਚ ਗਿੱਦੜ ਅਤੇ ਮੋਰਨੀ ਜਿਹੜੇ ਕਿ ਆਪਸ ਵਿੱਚ ਦੋਸਤੀ ਦੀ ਕਸਮ ਖਾਂਦੇ ਹਨ, ਇਕੱਠੇ ਰਹਿੰਦੇ ਤੇ ਭੋਜਨ ਕਰਦੇ ਅਤੇ ਗੱਲਾਂਬਾਤਾਂ ਕਰਦੇ ਨਜ਼ਰ ਆਉਂਦੇ ਹਨ।

"ਚੀਤਾ ਬ੍ਰਾਹਮਣ ਅਤੇ ਗਿੱਦੜ" ਨਾਮੀ ਕਹਾਣੀ ਵਿੱਚ ਜਾਨਵਰਾਂ ਦਾ ਆਪਸ ਵਿੱਚ ਤੇ ਫਿਰ ਮਨੁੱਖਾਂ ਦਾ ਜਾਨਵਰਾਂ ਤੇ ਰੁੱਖਾਂ ਨਾਲ ਮਨੁੱਖੀ ਵਿਹਾਰ ਨਜ਼ਰ ਆਉਂਦਾ ਹੈ। ਜਦੋਂ ਬ੍ਰਾਹਮਣ ਚੀਤੇ ਨੂੰ ਜਿਹੜਾ ਪਿੰਜਰੇ ਵਿੱਚ ਡਿੱਗਿਆ ਪਿਆ ਹੈ, ਬਾਹਰ ਕੱਢ ਦਿੰਦਾ ਹੈ ਤਾਂ ਉਹ ਚੀਤਾ ਜਿਹੜਾ ਪਹਿਲਾਂ ਉਸ ਦੇ ਤਰਲੇ ਕਰਦਾ ਸੀ, ਉਸ ਨੂੰ ਮਾਰ ਕੇ ਖਾਣ ਦੀ ਗੱਲ ਕਰਦਾ ਹੈ। ਉਸ ਦੇ ਤਰਲੇ ਕਰਨ ਤੇ ਉਸ ਨੂੰ ਤਿੰਨ ਚੀਜ਼ਾਂ ਕੋਲੋਂ ਪੁੱਛਣ ਲਈ ਆਖਦਾ ਹੈ। ਬ੍ਰਾਹਮਣ ਨੇ ਪਿੱਪਲ ਦੇ ਰੁੱਖ, ਮੱਝ ਅਤੇ ਸੜਕ ਨਾਲ ਗੱਲਬਾਤ ਕੀਤੀ। ਫਿਰ ਉਧਰੋਂ ਗਿੱਦੜ ਆ ਗਿਆ ਤਾਂ ਫਿਰ ਗਿੱਦੜ, ਬ੍ਰਾਹਮਣ ਅਤੇ ਚੀਤੇ ਦੀ ਆਪਸ ਵਿੱਚ ਗੱਲਬਾਤ ਹੁੰਦੀ ਹੈ ਅਤੇ ਗਿੱਦੜ ਬ੍ਰਾਹਮਣ ਨੂੰ ਆਪਣੇ ਤੇਜ਼ ਦਿਮਾਗ਼ ਨਾਲ ਬਚਾ ਕੇ ਚੀਤੇ ਨੂੰ ਮੁੜ ਪਿੰਜਰੇ ਵਿੱਚ ਬੰਦ ਕਰ ਦਿੰਦਾ ਹੈ।

"ਮਗਰਮੱਛਾਂ ਦਾ ਰਾਜਾ" ਕਹਾਣੀ ਵਿੱਚ ਮਗਰਮੱਛਾਂ ਦੀਆਂ ਕਿਸਾਨਾਂ ਨਾਲ ਗੱਲਾਂ ਬਾਤਾਂ ਤੇ ਮਗਰਮੱਛ ਵੱਲੋਂ ਕਿਸਾਨ ਦੀ ਬੇਟੀ ਨਾਲ ਵਿਆਹ ਹੁੰਦਾ ਵੀ ਵਿਖਾਇਆ ਗਿਆ ਹੈ ਅਤੇ ਕਿਸਾਨ ਤੇ ਉਸ ਦੀ ਪਤਨੀ ਦਾ ਅੰਤ ਉੱਤੇ ਮਗਰਮੱਛਾਂ ਦੇ ਦੇਸ਼ ਪਾਣੀ ਦੇ ਥੱਲੇ ਜਾ ਕੇ ਵੱਸਣ ਦਾ ਵਰਣਨ ਵੀ ਮਿਲਦਾ ਹੈ।

"ਗਿੱਦੜ ਤੇ ਮਗਰਮੱਛ" ਵਿੱਚ ਮਗਰਮੱਛ ਤੇ ਗਿੱਦੜ ਦੀ ਆਪਸੀ ਗੱਲਬਾਤ ਤੇ ਮਗਰਮੱਛਨੀ ਦਾ ਗਿੱਦੜ ਨਾਲ ਵਿਆਹ ਕਰਵਾਉਣ ਬਾਰੇ ਤੇ ਉਸ ਵੱਲੋਂ ਧੋਖਾ ਦੇਣ ਬਾਰੇ ਦੱਸਿਆ ਗਿਆ ਹੈ। ਪਰ ਮਗਰਮੱਛਨੀ ਵੱਲੋਂ ਗਿੱਦੜ ਦਾ ਪਿੱਛਾ ਨਾ ਛੱਡਣ ਬਾਰੇ ਵੀ ਕਹਾਣੀ ਬਿਆਨ ਕਰਦੀ ਹੈ। ਉਹ ਆਪਸ ਵਿੱਚ ਬਹੁਤ ਸਾਰੀਆਂ ਗੱਲਾਂ ਕਰਦੇ ਦਿਖਾਏ ਗਏ ਹਨ।

"ਛੋਟਾ ਲੇਲਾ" ਕਹਾਣੀ ਵਿੱਚ ਛੋਟਾ ਲੇਲਾ ਜਿਸ ਨੂੰ ਬਹੁਤ ਸਾਰੇ ਜਾਨਵਰ ਜਿਨ੍ਹਾਂ ਵਿੱਚ ਗਿੱਦੜ, ਗਿੱਦ,ਚੀਤਾ, ਭੇੜੀਆ ਅਤੇ ਕੁੱਤਾ ਮਿਲਦੇ ਹਨ। ਉਹ ਸਾਰੇ ਉਸ ਨੂੰ ਖਾ ਜਾਣਾ ਚਾਹੁੰਦੇ ਹਨ ਪਰ ਉਹ ਉਨ੍ਹਾਂ ਨੂੰ ਆਖਦਾ ਹੈ ਕਿ, "ਪਹਿਲਾਂ ਮੈਨੂੰ ਆਪਣੀ ਦਾਦੀ ਘਰ ਜਾਣ ਦਿਓ, ਉਥੋਂ ਮੈਂ ਮੋਟਾ ਹੋ ਕੇ ਆਵਾਂਗਾ। ਫਿਰ ਤੁਸੀਂ ਮੈਨੂੰ ਖਾ ਲੈਣਾ।"

"ਦੋ ਭਰਾ" ਕਹਾਣੀ ਵਿੱਚ ਤਿਲੀਅਰ ਤੇ ਤੋਤੇ ਦੀ ਆਪਸ ਵਿੱਚ ਬਹਿਸ ਹੁੰਦੀ ਦਿਖਾਈ ਗਈ ਹੈ। ਜਿਸ ਨੂੰ ਦੋ ਰਾਜਕੁਮਾਰ ਜਿਹੜੇ ਘਰ ਤੋਂ ਭੱਜੇ ਹੋਏ ਹਨ, ਸੁਣ ਲੈਂਦੇ ਹਨ ਤੇ ਉਸੇ

ਅਨੁਸਾਰ ਕਰਦੇ ਹਨ।

"ਰਾਜਕੁਮਾਰੀ ਮਿਰਚੀ" ਵਿੱਚ ਜਦੋਂ ਰਾਜਕੁਮਾਰ ਆਪਣੀ ਰਾਜਕੁਮਾਰੀ ਮਿਰਚੀ ਨੂੰ ਮਾਰ ਦਿੰਦਾ ਹੈ ਤਾਂ ਇਕ ਦਿਨ ਜਿਥੇ ਉਸ ਦੀ ਰਾਜਕੁਮਾਰੀ ਦੀ ਦੇਹ ਵੱਖ-ਵੱਖ ਰੂਪਾਂ ਵਿੱਚ ਤਬਦੀਲ ਹੋ ਚੁੱਕੀ ਹੁੰਦੀ ਹੈ, ਪਹੁੰਚਦਾ ਹੈ ਤਾਂ ਉਥੇ ਪੰਛੀ ਜਿਨ੍ਹਾਂ ਵਿੱਚ ਮੱਖੀਆਂ ਤੇ ਚਿੜੀਆਂ ਹਨ, ਰਾਣੀ ਦੀ ਮਾੜੀ ਕਿਸਮਤ ਦੇ ਗੀਤ ਗਾਉਂਦੀਆਂ ਹਨ ਜਿਨ੍ਹਾਂ ਨੂੰ ਰਾਜਾ ਸਮਝ ਲੈਂਦਾ ਹੈ ਅਤੇ ਉਹ ਇਹ ਸੁਣ ਲੈਂਦਾ ਹੈ ਕਿ ਰਾਜਕੁਮਾਰੀ ਦੁਬਾਰਾ ਕਿਵੇਂ ਜ਼ਿੰਦਾ ਹੋ ਸਕਦੀ ਹੈ? ਉਹ ਉਸੇ ਤਰ੍ਹਾਂ ਹੀ ਕਰਦਾ ਹੈ ਤਾਂ ਰਾਜਕੁਮਾਰੀ ਮੁੜ ਜੀਅ ਪੈਂਦੀ ਹੈ।

"ਵਫ਼ਾਦਾਰ ਰਾਜਕੁਮਾਰ" ਵਿੱਚ ਸੁਨਹਿਰੀ ਹਿਰਨ ਨੂੰ ਜਦੋਂ ਰਾਜਾ ਸਿੰਗਾਂ ਤੋਂ ਫੜ ਲੈਂਦਾ ਹੈ, ਤਾਂ ਉਹ ਨਾ-ਸਿਰਫ਼ ਮਨੁੱਖਾਂ ਵਾਂਗ ਬੋਲਦਾ ਹੀ ਹੈ, ਸਗੋਂ ਰਾਜਾ ਨੂੰ ਆਪਣੀ ਪਿੱਠ ਤੇ ਬਿਠਾ ਕੇ ਸੱਤ ਦਿਨ ਤੇ ਸੱਤ ਰਾਤਾਂ ਸੈਰ ਕਰਵਾਉਂਦਾ ਹੈ ਅਤੇ ਸੱਤਵੇਂ ਦਿਨ ਇਕ ਜਗ੍ਹਾ ਤੇ ਰਾਜੇ ਨੂੰ ਉਤਾਰ ਕੇ ਆਪ ਅਲੋਪ ਹੋ ਜਾਂਦਾ ਹੈ।

"ਭਾਲੂ ਦੀ ਮਾੜੀ ਸੌਦੇਬਾਜ਼ੀ" ਕਹਾਣੀ ਵਿੱਚ ਲੱਕੜਹਾਰਾ ਜਦੋਂ ਜੰਗਲ ਵਿੱਚ ਲੱਕੜਾਂ ਲੈਣ ਜਾਂਦਾ ਹੈ ਤਾਂ ਰਸਤੇ ਵਿੱਚ ਉਸ ਨੂੰ ਭਾਲੂ ਮਿਲਦਾ ਹੈ ਜਿਹੜਾ ਉਸ ਨਾਲ ਗੱਲਾਂ ਕਰਦਾ ਹੈ ਅਤੇ ਉਹ ਜਾਣ ਜਾਂਦਾ ਹੈ ਕਿ ਉਨ੍ਹਾਂ ਨੇ ਖਿਚੜੀ ਬਣਾਈ ਹੈ। ਉਹ ਵੀ ਖਿਚੜੀ ਖਾਣ ਲਈ ਬਹੁਤ ਸਾਰੀਆਂ ਲੱਕੜੀਆਂ ਉਨ੍ਹਾਂ ਘਰ ਲੈ ਕੇ ਜਾਂਦਾ ਹੈ।

"ਛੋਟੀ ਗਿੱਟੇ ਦੀ ਹੱਡੀ" ਕਹਾਣੀ ਵਿੱਚ ਇਸ ਹੱਡੀ ਦੀ ਜਿਹੜੀ ਬਹੁਤ ਕੁਝ ਕਰ ਸਕਦੀ ਹੈ ਉਸ ਦੀ ਗੱਲ ਸਾਰੇ ਜਾਨਵਰਾਂ ਨੂੰ ਸਮਝ ਆਉਂਦੀ ਹੈ ਤੇ ਉਹ ਉਸ ਦੀ ਵਜਾਈ ਬੀਨ ਦਾ ਆਨੰਦ ਵੀ ਮਾਣਦੇ ਹਨ।

"ਮੱਕੀ ਦਾ ਦਾਣਾ" ਕਹਾਣੀ ਵਿੱਚ ਕਿਸਾਨ ਦੀ ਪਤਨੀ, ਜਦੋਂ ਕਾਂ ਉਸ ਦਾ ਮੱਕੀ ਦਾ ਦਾਣਾ ਚੁੱਕ ਕੇ ਲੈ ਜਾਂਦਾ ਹੈ ਤਾਂ ਉਸ ਦੀ ਪੂਛ ਤੋਂ ਫੜ ਲੈਂਦੀ ਹੈ ਅਤੇ ਆਖਦੀ ਹੈ ਕਿ, "ਜਾ ਮੱਕੀ ਦਾ ਦਾਣਾ ਵਾਪਿਸ ਕਰ ਦੇ, ਨਹੀਂ ਤਾਂ ਮੈਂ ਤੈਨੂੰ ਜਾਨੋਂ ਮਾਰ ਦਿਆਂਗੀ।" ਕਿਉਂਕਿ ਮੱਕੀ ਦਾ ਦਾਣਾ ਰੁੱਖ ਦੀ ਖੁੱਡ ਵਿੱਚ ਡਿੱਗ ਜਾਂਦਾ ਹੈ ਜਿਸ ਲਈ ਕਾਂ ਲੱਕੜਹਾਰੇ, ਰਾਜੇ, ਰਾਣੀ, ਸੱਪ, ਸੋਟੀ, ਅੱਗ,ਪਾਣੀ, ਬਲਦ, ਰੱਸਾ, ਚੂਹਾ ਤੇ ਫਿਰ ਬਿੱਲੀ ਕੋਲ ਗਿਆ ਅਤੇ ਸਾਰਿਆਂ ਨੂੰ ਇਹੀ ਬੇਨਤੀ ਕਰਦਾ ਰਿਹਾ ਕਿ, "ਲੱਕੜਹਾਰੇ ਨੂੰ ਮਨਾਉ ਤਾਂ ਕਿ ਉਹ ਮੱਕੀ ਦਾ ਦਾਣਾ ਰੁੱਖ ਵੱਢ ਕੇ ਕੱਢ ਦੇਵੇ ਤੇ ਮੇਰੀ ਜਾਨ ਬਚ ਜਾਵੇ।"

"ਗਰੀਬ ਚਿੜੀ ਦੀ ਮੌਤ ਤੇ ਉਸ ਦਾ ਸੰਸਕਾਰ" ਕਹਾਣੀ ਵਿੱਚ ਜਦੋਂ ਬੁੱਢਾ ਚਿੜਾ ਜਵਾਨ ਚਿੜੀ ਵਿਆਹ ਲਿਆਉਂਦਾ ਹੈ ਤਾਂ ਉਸ ਦੀ ਨਵੀਂ ਵਹੁਟੀ ਚਿੜੀ ਦੀ ਮੌਤ ਹੋ ਜਾਂਦੀ ਹੈ। ਚਿੜਾ ਆਪਣੀ ਦੁੱਖ ਦੀ ਗੱਲ ਪਿੱਪਲ ਦੇ ਰੁੱਖ ਨਾਲ ਕਰਦਾ ਹੈ। ਪਿੱਪਲ ਮੱਝ ਨਾਲ, ਮੱਝ ਨਦੀ ਨਾਲ, ਨਦੀ ਕੋਇਲ ਨਾਲ, ਕੋਇਲ ਭਗਤੂ ਦੁਕਾਨਦਾਰ ਨਾਲ, ਉਹ ਰਾਣੀ ਦੀ ਨੌਕਰਾਣੀ ਨਾਲ, ਨੌਕਰਾਣੀ ਰਾਣੀ ਨਾਲ, ਰਾਣੀ ਰਾਜਕੁਮਾਰ ਤੇ ਰਾਜਕੁਮਾਰ ਰਾਜਾ ਨਾਲ ਚਿੜੀ ਦੀ ਮੌਤ ਦੀ ਗੱਲ ਕਰਦੇ ਹਨ ਅਤੇ ਸਾਰੇ ਉਸ ਦੇ ਦੁੱਖ ਵਿੱਚ ਸ਼ਾਮਿਲ ਹੁੰਦੇ ਹਨ।

"ਗਿੱਦੜ ਤੇ ਤਿੱਤਰ" ਕਹਾਣੀ ਵਿੱਚ ਗਿੱਦੜ ਤੇ ਤਿੱਤਰ ਦੋਵੇਂ ਜਾਨਵਰ ਆਪਸ ਵਿੱਚ ਦੋਸਤੀ ਦੀਆਂ ਗੱਲਾਂ ਕਰਦੇ ਹਨ। ਇਸੇ ਤਰ੍ਹਾਂ "ਗਿੱਦੜ ਤੇ ਵੱਡੀ ਕੋਹੜ ਕਿਰਲੀ" ਵਿੱਚ ਗਿੱਦੜ ਜਿਹੜਾ ਕਿ ਕੰਨਾਂ ਵਿੱਚ ਪੁਰਾਣੇ ਛਿੱਤਰ ਪਾ ਕੇ ਤੇ ਹੱਡੀਆਂ ਦਾ ਮੰਚ ਬਣਾ, ਉੱਤੇ ਮਿੱਟੀ ਫੇਰ ਕੇ ਰਾਜਾ ਬਣਿਆ ਬੈਠਾ ਸੀ, ਆਪਣੀ ਤਾਰੀਫ਼ ਵਿੱਚ ਹਰ ਜਾਨਵਰ ਜਿਹੜਾ ਨਦੀ ਕਿਨਾਰੇ

ਪਾਣੀ ਪੀਣ ਆਉਂਦਾ ਸੀ, ਬੁਲਵਾਉਂਦਾ ਹੈ, ਪਰ ਕੋਹੜ ਕਿਰਲੀ ਉਸ ਦੀ ਸਿਫਤ ਵਿੱਚ ਨਹੀਂ ਬੋਲਦੀ ਤਾਂ ਉਸ ਨਾਲ ਉਸ ਦਾ ਤਕਰਾਰ ਤੇ ਲੜਾਈ ਨੂੰ ਇਸ ਕਹਾਣੀ ਵਿੱਚ ਪੇਸ਼ ਕੀਤਾ ਗਿਆ ਹੈ।

"ਰਾਜਾ ਜੋ ਆਪਣੇ-ਆਪ ਨੂੰ ਤਲਵਾਉਂਦਾ ਸੀ" ਵਿੱਚ ਮਾਨ ਸਰੋਵਰ ਝੀਲ ਜਿੱਥੇ ਬਹੁਤ ਸਾਰੇ ਹੰਸ ਰਹਿੰਦੇ ਸਨ, ਜੋ ਸੁੱਚੇ ਮੋਤੀ ਖਾਂਦੇ ਹਨ, ਇਕ ਜੋੜਾ ਉਥੇ ਜਿੱਥੇ ਬਿਕਰਮਾਜੀਤ ਦਾ ਰਾਜ ਹੈ, ਵਿੱਚ ਪਹੁੰਚਿਆ ਤਾਂ ਉਸ ਨੇ ਦਿੱਤਾ ਭੋਜਨ ਖਾਣ ਤੋਂ ਇਨਕਾਰ ਕੀਤਾ। ਮਾਲੀ ਦੇ ਦੱਸਣ ਤੇ ਰਾਜਾ ਬਿਕਰਮਾਜੀਤ ਪੰਛੀਆਂ ਦੀ ਭਾਸ਼ਾ ਵਿੱਚ ਉਨ੍ਹਾਂ ਨਾਲ ਗੱਲਾਂ ਕਰਦਾ ਹੈ। ਇਸੇ ਕਹਾਣੀ ਵਿੱਚ ਹੰਸਣੀ ਰਾਜਾ ਕਰਨ ਨਾਲ ਵੀ ਗੱਲਾਂ ਕਰਦੀ ਦਿਖਾਈ ਗਈ ਹੈ।

"ਸਰ ਬੁਜ਼" ਵਿੱਚ ਮਾਦਾ ਚੀਤੇ ਦੇ ਪੈਰ ਵਿੱਚ ਵੱਜੇ ਕੰਡੇ ਨੂੰ ਕੱਢਣ ਲਈ ਉਹ ਸਿਪਾਹੀ ਦੇ ਮੁੰਡੇ ਦੇ ਤਰਲੇ ਕਰਦੀ ਹੈ ਅਤੇ ਕੰਡਾ ਕੱਢ ਦੇਣ ਤੇ ਉਹ ਉਸ ਨੂੰ ਇਨਾਮ ਵਜੋਂ ਇਕ ਬਕਸਾ ਦਿੰਦੀ ਹੈ।

"ਰਾਜਕੁਮਾਰ ਅੰਧਾ ਪੁੱਤਰ" ਵਿੱਚ ਜਦੋਂ ਅੰਧਾ ਪੁੱਤਰ ਦੇ ਭਰਾ ਉਸ ਨੂੰ ਨਕਾਰਾ ਸਮਝ ਕੇ ਅੰਨ੍ਹੇ ਖੂਹ ਵਿੱਚ ਸੁੱਟ ਦਿੰਦੇ ਹਨ ਤਾਂ ਉਥੇ ਇਕ ਅੱਖ ਵਾਲਾ ਦਿਉ, ਇਕ ਕਬੂਤਰ ਤੇ ਇਕ ਸੱਪ ਰਹਿੰਦੇ ਹਨ ਜੋ ਆਪਸ ਵਿੱਚ ਗੱਲਾਂ ਕਰਦੇ ਹਨ ਅਤੇ ਉਹ ਅੰਧਾ ਪੁੱਤਰ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਸੁਣਦਾ ਰਹਿੰਦਾ ਹੈ।

"ਅਦਭੁੱਤ ਮੁੰਦਰੀ" ਵਿੱਚ ਸੱਪ ਰਾਜਕੁਮਾਰ ਦੇ ਕੰਨ ਵਿੱਚ ਕਹਿੰਦਾ ਹੈ ਕਿ, "ਮੇਰੇ ਪਿਤਾ ਕੋਲ ਚੱਲਦੇ ਹਾਂ। ਤੂੰ ਉਥੇ ਉਸ ਦੀ ਅਦਭੁਤ ਮੁੰਦਰੀ ਮੰਗ ਲਵੀਂ।" ਕਹਾਣੀ ਦੇ ਅਖ਼ੀਰ ਵਿੱਚ ਰਾਜਾ ਤੋਤੇ ਨੂੰ ਰਾਣੀ ਦੀ ਖ਼ਬਰ ਲਿਆਉਣ ਲਈ ਆਖਦਾ ਹੈ। ਬਿੱਲੀ ਤੇ ਤੋਤਾ ਆਪਸ ਵਿੱਚ ਸਲਾਹ-ਮਸ਼ਵਰਾ ਵੀ ਕਰਦੇ ਹਨ ਕਿ ਕਿਸ ਤਰੀਕੇ ਨਾਲ ਉਸ ਫਫੇਕੁੱਟਣੀ ਔਰਤ ਪਾਸੋਂ ਮੁੰਦਰੀ ਵਾਪਸ ਲਈ ਜਾਵੇ। ਇਸ ਤਰ੍ਹਾਂ ਇਨ੍ਹਾਂ ਕਹਾਣੀਆਂ ਵਿੱਚ ਇਨ੍ਹਾਂ ਜਾਨਵਰਾਂ ਦਾ ਮਾਨਵੀਕਰਨ ਕਰਕੇ ਮਨੁੱਖਾਂ ਵਾਂਗ ਗੱਲਾਂ ਕਰਦਿਆਂ ਪੇਸ਼ ਕੀਤਾ ਗਿਆ ਹੈ।

## ਚਮਤਕਾਰੀ ਵਸਤੂਆਂ

ਲੋਕ-ਸਾਹਿਤ ਵਿੱਚ ਅਨੇਕਾਂ ਚਮਤਕਾਰੀ ਵਸਤੂਆਂ ਦਾ ਜ਼ਿਕਰ ਮਿਲਦਾ ਹੈ, ਜਿਹੜੀਆਂ ਆਪਣੇ ਕਾਰਜ ਰਾਹੀਂ ਚਮਤਕਾਰ ਪੈਦਾ ਕਰ ਸਕਦੀਆਂ ਹਨ। ਇਹ ਆਮ ਕਰ ਕੇ ਕਹਾਣੀ ਵਿੱਚ ਗਤੀਰੋਧ ਨੂੰ ਦੂਰ ਕਰਨ ਲਈ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਦੀ ਸਹਾਇਤਾ ਨਾਲ ਨਾਇਕ ਇਕੱਲਾ ਮਹਿਸੂਸ ਨਹੀਂ ਕਰਦਾ। ਚਮਤਕਾਰੀ ਵਸਤੂਆਂ ਦਾ ਜ਼ਿਕਰ ਵੀ ਦੁਨੀਆਂ ਭਰ ਦੇ ਸਾਹਿਤ ਵਿੱਚ ਵੇਖਿਆ ਜਾ ਸਕਦਾ ਹੈ। ਮੱਧਕਾਲੀਨ ਭਾਰਤੀ ਸਾਹਿਤ ਅਤੇ ਮਹਾਂਭਾਰਤ ਵਿੱਚ ਅਜਿਹੀਆਂ ਵਸਤੂਆਂ, ਸ਼ਾਸਤਰ ਆਦਿ ਹਨ, ਜਿਹੜੇ ਚਮਤਕਾਰੀ ਹਨ।

ਸਟੀਲ ਦੀਆਂ ਇਨ੍ਹਾਂ ਇਕੱਤਰ ਕੀਤੀਆਂ ਕਹਾਣੀਆਂ ਵਿੱਚ ਅਜਿਹੀਆਂ ਬਹੁਤ ਸਾਰੀਆਂ ਕਹਾਣੀਆਂ ਹਨ, ਜਿਨ੍ਹਾਂ ਵਿੱਚ ਅਜਿਹੀਆਂ ਚਮਤਕਾਰੀ ਜਾਂ ਅਦਭੁਤ ਵਸਤੂਆਂ ਦਾ ਜ਼ਿਕਰ ਮਿਲਦਾ ਹੈ। ਜਿਨ੍ਹਾਂ ਵਿੱਚ ਚਮਤਕਾਰੀ ਪੱਥਰ, ਡੱਬੀ, ਹੱਡੀ, ਸੰਖ, ਕੋਟ, ਸੋਟੀ, ਰੱਸਾ, ਡੰਡਾ, ਪਾਊਡਰ, ਟੋਪੀ, ਸਟੂਲ, ਅੰਗੂਠੀ, ਰੁੱਖ ਆਦਿ ਹਨ। ਜਿਹੜੇ ਵੱਖਰੇ-ਵੱਖਰੇ ਢੰਗਾਂ ਨਾਲ ਆਪਣੇ ਕਾਰਜ ਕਰਦੇ ਹਨ ਜਿਵੇਂ:

"ਸਰ ਬੁਜ਼" ਵਿੱਚ ਮਾਦਾ ਚੀਤੇ ਦਾ ਕੰਡਾ ਕੱਢਣ ਤੇ ਉਹ ਸਿਪਾਹੀ ਦੇ ਪੁੱਤਰ ਨੂੰ ਇਕ

ਬਕਸਾ ਦਿੰਦੀ ਹੈ ਜੋ ਜਿਉਂ-ਜਿਉਂ ਅੱਗੇ ਤੁਰਦਾ ਜਾਂਦਾ ਹੈ, ਭਾਰਾ ਹੁੰਦਾ ਜਾਂਦਾ ਹੈ ਤੇ ਫਿਰ ਉਸ ਵਿੱਚੋਂ ਇਕ ਛੋਟਾ ਆਦਮੀ ਨਿਕਲਦਾ ਹੈ, ਜੋ ਕਿ ਬਹੁਤ ਕੁਝ ਕਰ ਸਕਦਾ ਹੈ। ਜਿਵੇਂ ਉੱਡ ਸਕਦਾ ਹੈ, ਲੜ ਸਕਦਾ ਹੈ, ਪਹਿਰਾ ਦੇ ਸਕਦਾ ਹੈ ਆਦਿ। ਫਿਰ ਉਹ ਅਖ਼ੀਰ ਵਿੱਚ ਜਾਦੂਮਈ ਵਾਲ ਵੀ ਸਿਪਾਹੀ ਦੇ ਪੁੱਤਰ ਨੂੰ ਦਿੰਦਾ ਹੈ ਅਤੇ ਕਹਿੰਦਾ ਹੈ ਕਿ, "ਮੁਸੀਬਤ ਸਮੇਂ ਇਸ ਨੂੰ ਅੱਗ ਵਿੱਚ ਸਾੜ ਦੇਵੀਂ, ਜਿਸ ਨਾਲ ਮੈਂ ਹਾਜ਼ਰ ਹੋ ਜਾਂਵਾਗਾ।"

"ਰਾਜਕੁਮਾਰ ਅੱਧਾ ਪੁੱਤਰ" ਵਿੱਚ ਰਾਜਕੁਮਾਰ ਅੱਧਾ ਪੁੱਤਰ ਕੋਲ ਇਕ ਜਾਦੂਮਈ ਰੱਸੀ ਹੈ। ਜਿਸ ਦੇ ਸਹਾਰੇ ਉਹ ਪਹਿਲਾਂ ਤਾਂ ਆਪਣੇ ਭਰਾਵਾਂ ਨੂੰ ਜਿਹੜੇ ਉਸ ਨੂੰ ਇਕੱਲਿਆਂ ਛੱਡ ਕੇ ਭੱਜ ਗਏ ਹਨ, ਪਿੱਛੇ ਕਰ ਲੈਂਦਾ ਹੈ। ਫਿਰ ਜਦੋਂ ਉਸ ਨੂੰ ਖੂਹ ਵਿੱਚ ਸੁੱਟਦੇ ਹਨ ਤਾਂ ਉਸ ਦੇ ਸਹਾਰੇ ਉਹ ਬਾਹਰ ਵੀ ਆ ਜਾਂਦਾ ਹੈ।

"ਛੋਟੀ ਗਿੱਟੇ ਦੀ ਹੱਡੀ" ਵਿੱਚ ਇਕ ਐਸੀ ਚਮਤਕਾਰੀ ਹੱਡੀ ਦਾ ਜ਼ਿਕਰ ਹੈ, ਜਿਹੜੀ ਨੱਚਦੀ, ਟੱਪਦੀ, ਗਾਉਂਦੀ, ਬੀਨ ਵਜਾਉਂਦੀ ਤੇ ਦੂਸਰਿਆਂ ਜਾਨਵਰਾਂ ਨੂੰ ਇਕੱਠਿਆਂ ਕਰ ਕੇ ਬੀਨ ਸੁਣਾਉਂਦੀ ਹੈ।

"ਵਫ਼ਾਦਾਰ ਰਾਜਕੁਮਾਰ" ਵਿੱਚ ਸੁਨਹਿਰੀ ਵਾਲਾਂ ਵਾਲੀ ਰਾਜਕੁਮਾਰੀ ਦਾ ਵਰਣਨ ਹੈ। ਸੁਨਹਿਰੀ ਹਿਰਨ ਦਾ ਜ਼ਿਕਰ ਵੀ ਆਉਂਦਾ ਹੈ। ਜੋ ਉੱਡ ਸਕਦਾ ਹੈ ਅਤੇ ਜਦੋਂ ਰਾਜਕੁਮਾਰੀ ਸ਼ਾਹਪਸੰਦ ਆਪਣੇ ਪਿਤਾ ਕੋਲ ਚਲੀ ਜਾਂਦੀ ਹੈ ਤਾਂ ਉਸ ਨੂੰ ਲੱਭਣ ਲਈ ਜਿਹੜੀਆਂ ਚੀਜ਼ਾਂ ਉਸ ਦੀ ਸਹਾਇਤਾ ਕਰਦੀਆਂ ਹਨ ਉਨ੍ਹਾਂ ਵਿੱਚ ਜਾਦੂਮਈ ਪਾਊਡਰ ਹੈ, ਜਿਸ ਨੂੰ ਅੱਖਾਂ ਤੇ ਮਲਣ ਨਾਲ ਦੂਰ ਦੀ ਚੀਜ਼ ਨਜ਼ਦੀਕ ਹੋ ਸਕਦੀ ਹੈ। ਜਾਦੂਮਈ ਡੰਡਾ ਹੈ, ਜਿਸ ਨਾਲ ਉਹ ਸਾਰਾ ਦੇਸ਼ ਘੁੰਮ ਸਕਦਾ ਹੈ, ਜਾਦੂਮਈ ਟੋਪੀ ਹੈ, ਜਿਸ ਨੂੰ ਪਹਿਨਣ ਨਾਲ ਉਹ ਸਾਰਾ ਕੁਝ ਵੇਖ ਸਕਦਾ ਹੈ, ਕੋਈ ਉਸ ਨੂੰ ਨਹੀਂ ਵੇਖ ਸਕਦਾ। ਰਾਜਕੁਮਾਰ ਇਨ੍ਹਾਂ ਚੀਜ਼ਾਂ ਦੀ ਸਹਾਇਤਾ ਨਾਲ ਆਪਣੀ ਰਾਜਕੁਮਾਰੀ ਜਿਸ ਨੂੰ ਸੱਤਾਂ ਜਿੰਦਰਿਆਂ ਵਿੱਚ ਬੰਦ ਕੀਤਾ ਗਿਆ ਸੀ, ਲੱਭ ਲੈਂਦਾ ਹੈ।

"ਮਗਰਮੱਛਾਂ ਦਾ ਰਾਜਾ" ਵਿੱਚ ਜਦੋਂ ਮਗਰਮੱਛ ਕਿਸਾਨ ਦੀ ਬੇਟੀ ਨਾਲ ਵਿਆਹ ਕਰ ਲੈਂਦੇ ਹਨ ਤਾਂ ਉਹ ਕਿਸਾਨ ਤੇ ਉਸ ਦੀ ਪਤਨੀ ਨੂੰ ਇਕ ਚਮਤਕਾਰੀ ਇੱਟ ਦਿੰਦੇ ਹਨ ਅਤੇ ਕਹਿੰਦੇ ਹਨ ਕਿ, "ਜਦੋਂ ਤੁਹਾਡਾ ਦਿਲ ਆਪਣੀ ਬੇਟੀ ਨੂੰ ਮਿਲਣ ਨੂੰ ਕਰੇ ਤਾਂ ਤੁਸੀਂ ਨਦੀ ਦੇ ਵਿਚਕਾਰ ਜਾ ਕੇ ਇਹ ਇੱਟ ਮਾਰਨੀ ਤਾਂ ਤੁਹਾਨੂੰ ਰਸਤਾ ਮਿਲ ਜਾਵੇਗਾ।" ਕਿਸਾਨ ਨੇ ਇਸੇ ਤਰ੍ਹਾਂ ਹੀ ਕੀਤਾ ਤਾਂ ਪਾਣੀ ਦੋ ਹਿੱਸਿਆਂ ਵਿੱਚ ਹੋ ਗਿਆ ਤੇ ਇਕ ਸੜਕ ਨਜ਼ਰ ਆਈ।

"ਅਦਭੁਤ ਮੁੰਦਰੀ" ਵਿੱਚ ਇਕ ਐਸੀ ਮੁੰਦਰੀ ਦਾ ਜ਼ਿਕਰ ਹੈ, ਜਿਹੜੀ ਕਿ ਰਾਜਾ ਦੇ ਪੁੱਤਰ ਨੂੰ ਜਿਸ ਨੇ ਆਪਣਾ ਸਾਰਾ ਕੁਝ ਵੇਚ ਵੱਟ ਲਿਆ ਸੀ। ਉਸ ਵੱਲੋਂ ਮੁੱਲ ਲਏ ਇਕ ਸੱਪ ਨੇ ਇਹ ਮੁੰਦਰੀ ਆਪਣੇ ਪਿਤਾ ਕੋਲ ਮੰਗਣ ਲਈ ਕਿਹਾ ਸੀ। ਇਹ ਜਾਦੂਮਈ ਮੁੰਦਰੀ ਜਿਸ ਨਾਲ ਸਾਫ਼ ਜਗ੍ਹਾ 'ਤੇ ਚੌਰਸੀ ਬਣਾ ਕੇ ਵਿਚਕਾਰ ਅੰਗੂਠੀ ਰੱਖ ਕੇ ਫਿਰ ਉਸ ਉੱਪਰ ਦੁੱਧ ਛਿੜਕਣਾ ਹੈ। ਇਸ ਤੋਂ ਬਾਅਦ ਤੁਸੀਂ ਜੋ ਮੰਗੋ ਜਾਂ ਧਿਆਓਗੇ ਪੂਰਾ ਹੋ ਜਾਵੇਗਾ। ਇਸ ਨਾਲ ਉਹ ਕਈ ਕੰਮ ਕਰਦਾ ਹੈ, ਜਿਵੇਂ ਸੋਨੇ ਦਾ ਮਹੱਲ ਖੜਾ ਕਰਨਾ, ਰਾਜਾ ਦੀ ਬੇਟੀ ਨਾਲ ਵਿਆਹ ਕਰਨਾ ਆਦਿ।

"ਰਾਜਾ ਜਿਹੜਾ ਆਪਣਾ ਆਪ ਤੁਲਵਾਉਂਦਾ ਸੀ" ਕਹਾਣੀ ਵਿੱਚ ਰਾਜਾ ਕਰਨ ਦਾ ਜਦੋਂ ਇਕ ਫ਼ਕੀਰ ਨਾਲ ਸਮਝੌਤਾ ਹੁੰਦਾ ਹੈ ਕਿ ਮੈਂ ਤੈਨੂੰ ਆਪਣਾ ਆਪ ਤਲ ਕੇ ਖਾਣ ਨੂੰ ਦੇਵਾਂਗਾ ਤੇ ਉਸ ਦੇ ਬਦਲੇ ਤੂੰ ਮੈਨੂੰ ਸੋਨੇ ਦੀਆਂ ਮੋਹਰਾਂ ਦਿਆ ਕਰ। ਤਾਂ ਫ਼ਕੀਰ ਰਾਜਾ ਨੂੰ ਖਾਣ ਮਗਰੋਂ ਹੱਡੀਆਂ ਇਕੱਠੀਆਂ ਕਰ ਕੇ ਮੁੜ ਜ਼ਿੰਦਾ ਕਰ ਦਿੰਦਾ ਸੀ ਤੇ ਆਪਣਾ ਚਮਤਕਾਰੀ ਕੋਟ

ਝਾੜਦਾ ਸੀ ਜਿਸ ਵਿੱਚੋਂ ਸੋਨੇ ਦੀਆਂ ਮੋਹਰਾਂ ਨਿਕਲਦੀਆਂ ਸਨ। ਇਹੀ ਕੋਟ ਬਾਅਦ ਵਿੱਚ ਰਾਜਾ ਬਿਕਰਮਜੀਤ ਆਪਣਾ ਆਪ ਤਲਵਾ ਕੇ ਲੈ ਲੈਂਦਾ ਹੈ।

ਇਸੇ ਤਰ੍ਹਾਂ ਅਦਭੁਤ ਬੈਂਗਨ ਵਿੱਚੋਂ ਰਾਜਕੁਮਾਰੀ ਬੈਂਗਨੀ ਪੈਦਾ ਹੁੰਦੀ ਹੈ ਅਤੇ ਕੋਇਲ ਦੇ ਆਂਡੇ ਵਿੱਚੋਂ ਰਾਜਕੁਮਾਰੀ ਮਿਰਚੀ ਉਸ ਤਰ੍ਹਾਂ ਰੂਬੀ ਰਾਜਕੁਮਾਰ ਵੀ ਇਕ ਪੱਥਰ ਵਿੱਚੋਂ ਪੈਦਾ ਹੁੰਦਾ ਹੈ, ਜਿਸ ਨੂੰ ਇਕ ਗ਼ਰੀਬ ਬ੍ਰਾਹਮਣ ਨੇ ਰਾਜਾ ਅੱਗੇ ਵੇਚਿਆ ਸੀ। ਇਨ੍ਹਾਂ ਕਹਾਣੀਆਂ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ।

**ਬਿਮਾਰੀ ਦੂਰ ਕਰਨਾ:** ਲੋਕ-ਕਹਾਣੀਆਂ ਵਿੱਚ ਜਿੱਥੇ ਬਹੁਤ ਸਾਰੀਆਂ ਥਾਵਾਂ ਤੇ ਮਰਿਆਂ ਨੂੰ ਜਿੰਦਾ ਕਰਨ ਦਾ ਜ਼ਿਕਰ ਹੈ, ਉਥੇ ਲੰਮੇ ਸਮੇਂ ਤੋਂ ਬਿਮਾਰ ਚਲੇ ਆਉਂਦਿਆਂ ਨੂੰ ਠੀਕ ਕਰਨ ਬਾਰੇ ਵੀ ਜ਼ਿਕਰ ਹੈ ਜਿਵੇਂ "ਰਾਜਕੁਮਾਰ ਅੰਧਾ ਪੁੱਤਰ" ਵਿੱਚ ਉਹ ਅੰਧਾ ਪੁੱਤਰ ਜਿਸ ਨੂੰ ਉਸ ਦੇ ਭਰਾ ਖੂਹ ਵਿੱਚ ਸੁੱਟ ਗਏ ਹਨ ਜਿਥੇ ਇਕ ਦਿਉ, ਕਬੂਤਰ ਤੇ ਸੱਪ ਰਹਿੰਦੇ ਸਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਅੰਧਾ ਪੁੱਤਰ ਕਬੂਤਰ ਦੀਆਂ ਚਮਤਕਾਰੀ ਵਿੱਠਾਂ ਨਾਲ ਰਾਜੇ ਦੀ ਰਾਜਕੁਮਾਰੀ ਦੀ ਲੰਮੀ ਬਿਮਾਰੀ ਠੀਕ ਕਰ ਦਿੰਦਾ ਹੈ।

ਇਸੇ ਤਰ੍ਹਾਂ ਖ਼ੂਨ ਦੇ ਕਤਰਿਆਂ ਬਾਰੇ ਬਹੁਤ ਸਾਰੀਆਂ ਕਹਾਣੀਆਂ ਵਿੱਚ ਜ਼ਿਕਰ ਮਿਲਦਾ ਹੈ। ਇਨ੍ਹਾਂ ਕਹਾਣੀਆਂ ਵਿੱਚ "ਰਾਜਕੁਮਾਰ ਸ਼ੇਰ ਦਿਲ ਤੇ ਉਸ ਦੇ ਸਾਥੀ" ਵਿੱਚ ਰਾਜਕੁਮਾਰ ਜਦੋਂ ਇਕ ਚਮਕੀਲੇ ਪੱਥਰ ਨੂੰ ਪਾਣੀ ਵਿੱਚ ਰੁੜ੍ਹਿਆ ਆਉਂਦਾ ਵੇਖਦਾ ਹੈ ਤਾਂ ਉਸ ਦਾ ਪਿੱਛਾ ਕਰਦਿਆਂ ਉਸ ਨੂੰ ਪਤਾ ਲੱਗਦਾ ਹੈ, ਕਿ ਇਕ ਲੜਕੀ ਦਾ ਸਿਰ ਕੱਟਿਆ ਪਿਆ ਹੈ ਤੇ ਉਸ ਦਾ ਧੜ ਅਲੱਗ ਹੈ। ਜਦੋਂ ਉਸ ਦੇ ਖ਼ੂਨ ਦਾ ਇਕ ਕਤਰਾ ਪਾਣੀ ਵਿੱਚ ਡਿੱਗਦਾ ਹੈ ਤਾਂ ਉਹ ਖ਼ੂਬਸੂਰਤ ਪੱਥਰ ਬਣ ਜਾਂਦਾ ਹੈ।

ਇਸੇ ਤਰ੍ਹਾਂ "ਦੋ ਭਰਾ" ਕਹਾਣੀ ਵਿੱਚ ਜਦੋਂ ਰਾਜਕੁਮਾਰ ਦੀ ਬਲੀ ਵਪਾਰੀ ਲੈਣ ਲੱਗਦੇ ਹਨ ਤਾਂ ਕਿ ਉਨ੍ਹਾਂ ਦੇ ਜਹਾਜ਼ ਤੁਰ ਪੈਣ ਤਾਂ ਰਾਜਕੁਮਾਰ ਆਪਣੀ ਉਂਗਲ ਵਿੱਚੋਂ ਖ਼ੂਨ ਦਾ ਇਕ ਕਤਰਾ ਸੁੱਟਦਾ ਹੈ ਤਾਂ ਪਹਿਲਾ ਜਹਾਜ਼ ਤੁਰ ਪੈਂਦਾ ਹੈ ਤੇ ਦੂਸਰਾ ਕਤਰਾ ਸੁੱਟਦਾ ਹੈ ਤਾਂ ਦੂਸਰਾ ਜਹਾਜ਼ ਤੁਰ ਪੈਂਦਾ ਹੈ।

"ਪਹਿਲਵਾਨ" ਕਹਾਣੀ ਵਿੱਚ ਐਸੇ ਪਹਿਲਵਾਨ ਪਾਤਰ ਪੇਸ਼ ਕੀਤੇ ਗਏ ਹਨ ਜਿਹੜੇ ਮਣਾਂ ਮੂੰਹੀਂ ਭਾਰ ਚੁੱਕ ਸਕਦੇ ਹਨ ਅਤੇ ਇਥੋਂ ਤੱਕ ਕਿ ਹਾਥੀ ਨੂੰ ਪਿੱਛੋਂ ਫੜ ਕੇ ਇਉਂ ਸੁੱਟ ਦਿੰਦੇ ਹਨ ਜਿਸ ਤਰ੍ਹਾਂ ਕੋਈ ਨਿੱਕੀ ਜਿੰਨੀ ਚੂਹੀ ਨੂੰ ਚੁੱਕ ਕੇ ਸੁੱਟਦਾ ਹੈ। ਇਕ ਲੜਕੀ ਤਾਂ 160 ਊਠ ਕੰਬਲ ਵਿੱਚ ਬੰਨ੍ਹ ਲੈਂਦੀ ਹੈ ਅਤੇ ਜਦੋਂ ਊਠ ਏਧਰ-ਉਧਰ ਮੂੰਹ ਮਾਰਦੇ ਹਨ ਤਾਂ ਉਹ ਕੁਝ ਰੁੱਖ ਵੀ ਪੁੱਟ ਕੇ ਵਿੱਚ ਬੰਨ੍ਹ ਲੈਂਦੀ ਹੈ। ਇਸੇ ਕਹਾਣੀ ਵਿੱਚ ਜਦੋਂ ਦੋ ਪਹਿਲਵਾਨਾਂ ਨੂੰ ਕੋਈ ਦਰਸ਼ਕ ਚਾਹੀਦਾ ਹੈ ਜਿਹੜਾ ਉਨ੍ਹਾਂ ਨੂੰ ਕੁਸ਼ਤੀ ਕਰਦਿਆਂ ਵੇਖ ਸਕੇ ਤਾਂ ਓਧਰੋਂ ਇਕ ਔਰਤ ਆ ਰਹੀ ਹੁੰਦੀ ਹੈ ਜਦੋਂ ਉਹ ਉਸ ਨੂੰ ਠਹਿਰ ਕੇ ਕੁਸ਼ਤੀ ਵੇਖਣ ਲਈ ਆਖਦੇ ਹਨ ਤਾਂ ਉਹ ਕਹਿੰਦੀ ਹੈ ਕਿ, "ਮੇਰੇ ਕੋਲ ਸਮਾਂ ਨਹੀਂ ਤੁਸੀਂ ਮੇਰੀ ਤਲੀ ਉੱਪਰ ਕੁਸ਼ਤੀ ਕਰ ਸਕਦੇ ਹੋ।"

ਉਪਰੋਕਤ ਕਹਾਣੀਆਂ ਅੰਦਰ ਕਰਾਮਾਤੀ ਜਾਂ ਚਮਤਕਾਰੀ ਰੂੜ੍ਹੀਆਂ ਦੇ ਨਜ਼ਰੀਏ ਤੋਂ ਜਦੋਂ ਅਸੀਂ ਸਟੀਲ ਵੱਲੋਂ ਇਕੱਤਰ ਇਨ੍ਹਾਂ ਕਹਾਣੀਆਂ ਦਾ ਅਧਿਐਨ ਕਰਦੇ ਹਾਂ ਤਾਂ ਕਈ ਪ੍ਰਕਾਰ ਦੀਆਂ ਚਮਤਕਾਰੀ ਰੂੜ੍ਹੀਆਂ ਨਜ਼ਰ ਆਉਂਦੀਆਂ ਹਨ, ਜਿਹੜੀਆਂ ਇਹ ਦਰਸਾਉਂਦੀਆਂ ਹਨ ਕਿ ਉਸ ਕਿ ਉਸ ਸਮੇਂ ਵਿੱਚ ਅਲੌਕਿਕ ਤੇ ਅਦਭੁਤ ਪਾਤਰ ਅਤੇ ਘਟਨਾਵਾਂ ਲੈ ਕੇ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਸੀ। ਇਨ੍ਹਾਂ ਨਾਲ ਪ੍ਰਚੱਲਿਤ ਕਹਾਣੀਆਂ ਵਿੱਚ ਨਵੀਨਤਾ, ਰੰਗੀਨੀ

ਅਤੇ ਮਨੋਰੰਜਨ ਬਣਿਆ ਰਹਿੰਦਾ ਹੈ।

**ਸੰਸਾਰਕ ਕਥਾਨਕ ਰੂੜ੍ਹੀਆਂ**: ਇਹ ਸੰਸਾਰਿਕ ਰੂੜ੍ਹੀਆਂ ਸਾਡੇ ਸਮਾਜਕ ਤੇ ਸਭਿਆਚਾਰਕ ਜੀਵਨ ਨਾਲ ਸੰਬੰਧਿਤ ਹੁੰਦੀਆਂ ਹਨ ਕਿਉਂਕਿ ਨਿਤਾਪ੍ਰਤੀ ਦੇ ਵਿਹਾਰ ਵਿੱਚ ਵਿਚਰਦਿਆਂ ਅਨੇਕਾਂ ਘਟਨਾਵਾਂ ਦਾ ਸਾਡੇ ਜੀਵਨ 'ਤੇ ਪ੍ਰਭਾਵ ਪੈਂਦਾ ਹੈ, ਅਤੇ ਅਨੇਕਾਂ ਘਟਨਾਵਾਂ ਨੂੰ ਅਸੀਂ ਪ੍ਰਭਾਵਿਤ ਕਰਦੇ ਹਾਂ। ਪਿਛਲੇ ਅਧਿਆਇ ਵਾਂਗ ਇਨ੍ਹਾਂ ਸੰਸਾਰਿਕ ਰੂੜ੍ਹੀਆਂ ਨੂੰ ਅਸੀਂ ਅੱਗੋਂ ਸੰਭਾਵੀ, ਸੰਭਵ ਤੇ ਅਸੰਭਵ ਰੂੜ੍ਹੀਆਂ ਵਿੱਚ ਵੰਡਦੇ ਹਾਂ।

1. **ਸੰਭਾਵੀ ਕਥਾਨਕ ਰੂੜ੍ਹੀਆਂ**: ਇਹ ਉਹ ਰੂੜ੍ਹੀਆਂ ਹਨ, ਜਿਨ੍ਹਾਂ ਵਿੱਚ ਪ੍ਰਸਤੁਤ ਘਟਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਇਹ ਆਮ ਕਰ ਕੇ ਵਾਪਰਦੀਆਂ ਘੱਟ ਹੀ ਹਨ ਜਾਂ ਨਾ ਦੇ ਬਰਾਬਰ ਹਨ। ਇਸ ਵਰਗ ਨਾਲ ਸੰਬੰਧਿਤ ਰੂੜ੍ਹੀਆਂ ਸਟੀਲ ਦੀ ਇਸ ਪੁਸਤਕ ਵਿੱਚ ਇਸ ਪ੍ਰਕਾਰ ਹਨ:

**ਵਿਆਹ ਲਈ ਸ਼ਰਤ ਰੱਖਣਾ**: ਮੱਧਕਾਲ ਵਿੱਚ ਰਾਜ ਘਰਾਣੇ ਜਾਂ ਵੱਡੇ ਜ਼ਿਮੀਂਦਾਰ ਪਰਿਵਾਰ ਆਪਣੇ ਬੱਚਿਆਂ ਦੇ ਵਿਆਹ ਲਈ ਅਜਿਹੀਆਂ ਸ਼ਰਤਾਂ ਰੱਖ ਦਿੰਦੇ ਸਨ ਜਿਨ੍ਹਾਂ ਨੂੰ ਜਾਂ ਤਾਂ ਕੋਈ ਵਿਸ਼ੇਸ਼ ਆਦਮੀ ਹੀ ਪੂਰਾ ਕਰ ਸਕਦਾ ਸੀ ਜਾਂ ਫਿਰ ਕੋਈ ਅੱਤ ਸਾਧਾਰਣ ਵਿਅਕਤੀ ਪੂਰਾ ਕਰ ਸਕਦਾ ਸੀ। ਕਿਸੇ ਸਮੇਂ ਤਾਂ ਕੋਈ ਫ਼ਕੀਰ, ਜੋਗੀ, ਮਹਾਤਮਾ ਵੀ ਸ਼ਰਤਾਂ ਪੂਰਾ ਕਰ ਸਕਦਾ ਸੀ। ਜਿਵੇਂ ਵਿਆਹ ਦੀਆਂ ਸ਼ਰਤਾਂ ਵਿੱਚ ਸੀਤਾ ਨਾਲ ਉਹੀ ਵਿਆਹ ਕਰ ਸਕਦਾ ਸੀ, ਜਿਹੜਾ ਉਸ ਦਾ ਧਨੁਸ਼ ਚੁੱਕ ਸਕਦਾ ਸੀ। ਇਨ੍ਹਾਂ ਕਹਾਣੀਆਂ ਵਿੱਚ ਵੀ ਇਕ ਕਹਾਣੀ "ਅਦਭੁਤ ਸੁੰਦਰੀ" ਹੈ। ਇਸ ਵਿੱਚ ਇਕ ਰਾਜਾ ਆਪਣੀ ਲੜਕੀ ਦੀ ਸ਼ਾਦੀ ਉਸ ਨਾਲ ਕਰੇਗਾ, ਜਿਹੜਾ ਕਿ ਰਾਤ-ਰਾਤ ਵਿੱਚ ਦਰਿਆ ਵਿੱਚ ਸੋਨੇ ਦਾ ਮਹੱਲ ਬਣਾ ਦੇਵੇ, ਜਿਸ ਦੀਆਂ ਸੋਨੇ ਦੀਆਂ ਹੀ ਪੌੜੀਆਂ ਹੋਣ। ਅਜਿਹਾ ਨਾ ਕਰ ਸਕਣ ਦੀ ਸੂਰਤ ਵਿੱਚ ਉਸ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪੈ ਸਕਦੇ ਹਨ।

"ਦੋ ਭਰਾ" ਕਹਾਣੀ ਵਿੱਚ ਵੀ ਇਕ ਰਾਜ ਦੇ ਰਾਜਾ ਨੇ ਇਹ ਸ਼ਰਤ ਰੱਖੀ ਸੀ ਕਿ ਜਿਹੜਾ ਉਸ ਦੇ ਸ਼ਹਿਰ ਅੰਦਰ ਆਉਂਦੇ ਉਸ ਰਾਖ਼ਸ਼ਸ਼ ਨੂੰ ਮਾਰ ਦੇਵੇਗਾ, ਜਿਹੜਾ ਕਿ ਬਹੁਤ ਤਬਾਹੀ ਮਚਾ ਰਿਹਾ ਸੀ, ਉਸ ਨੂੰ ਆਪਣਾ ਅੱਧਾ ਰਾਜਭਾਗ ਦੇ ਦੇਵੇਗਾ ਤੇ ਆਪਣੀ ਲੜਕੀ ਦੀ ਸ਼ਾਦੀ ਵੀ ਉਸ ਨਾਲ ਹੀ ਕਰ ਦੇਵੇਗਾ।

"ਰਾਜਕੁਮਾਰ ਅੱਧਾ ਪੁੱਤਰ" ਵਿੱਚ ਵੀ ਜਦੋਂ ਰਾਜਕੁਮਾਰ ਅੱਧਾ ਪੁੱਤਰ ਨੂੰ ਉਸ ਦੇ ਭਰਾ ਅੰਨ੍ਹੇ ਖੂਹ ਵਿੱਚ ਸੁੱਟ ਦਿੰਦੇ ਹਨ ਅਤੇ ਉਹ ਜਦੋਂ ਖੂਹ ਵਿੱਚੋਂ ਬਾਹਰ ਆਉਂਦਾ ਹੈ ਤਾਂ ਉਹ ਉਸ ਸ਼ਹਿਰ ਵੱਲ ਨੂੰ ਤੁਰ ਪੈਂਦਾ ਹੈ ਜਿਸ ਦੇ ਰਾਜਾ ਦੀ ਬੇਟੀ ਬੜੀ ਅਜੀਬ ਬਿਮਾਰੀ ਨਾਲ ਤੜਪ ਰਹੀ ਸੀ। ਰਾਜਾ ਨੇ ਐਲਾਨ ਕੀਤਾ ਹੋਇਆ ਸੀ ਕਿ, "ਜੇਕਰ ਕੋਈ ਮੇਰੀ ਬੇਟੀ ਨੂੰ ਠੀਕ ਕਰ ਦੇਵੇਗਾ ਤਾਂ ਉਸ ਨੂੰ ਅੱਧਾ ਰਾਜ ਭਾਗ ਵੀ ਮਿਲੇਗਾ ਤੇ ਮੇਰੀ ਬੇਟੀ ਦਾ ਹੱਥ ਵੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਦਾਅਵੇਦਾਰ ਦਾ ਸਿਰ ਕਲਮ ਕਰ ਦਿੱਤਾ ਜਾਵੇਗਾ।" ਰਾਜਕੁਮਾਰ ਅੱਧਾ ਪੁੱਤਰ ਕਬੂਤਰ ਦੀਆਂ ਵਿੱਠਾਂ ਨਾਲ ਉਸ ਨੂੰ ਠੀਕ ਕਰ ਦਿੰਦਾ ਹੈ ਅਤੇ ਅੱਧਾ ਰਾਜ ਭਾਗ ਤੇ ਰਾਜਕੁਮਾਰੀ ਦਾ ਹੱਥ ਲੈ ਲੈਂਦਾ ਹੈ। ਰਾਜਕੁਮਾਰੀ ਮਿਰਚੀ ਦੇ ਵਿਆਹ ਲਈ ਵੀ ਜਿੰਨ੍ਹ ਨੇ ਇਹ ਸ਼ਰਤ ਰੱਖੀ ਸੀ ਕਿ ਉਹ ਰਾਜਕੁਮਾਰੀ ਦਾ ਵਿਆਹ ਉਸ ਨਾਲ ਕਰੇਗਾ ਜਿਹੜਾ ਉਹਦੇ ਜਿੰਨਾ ਖ਼ੂਬਸੂਰਤ ਹੋਵੇਗਾ। "ਅਦਭੁਤ ਸੁੰਦਰੀ" ਵਿੱਚ ਇਕ ਰਾਜਾ ਨੇ ਸਹੁੰ ਖਾਧੀ ਹੋਈ ਸੀ, ਕਿ ਉਹ ਸੁਨਿਹਰੀ ਵਾਲਾਂ ਵਾਲੀ ਕੁੜੀ ਨਾਲ ਹੀ ਵਿਆਹ ਕਰਵਾਏਗਾ ਨਹੀਂ ਤਾਂ ਨਹੀਂ ਕਰਵਾਏਗਾ।

**ਰਾਜੇ ਦੀ ਅਨੋਖੀ ਚੋਣ:** ਰਾਜੇ ਦੀ ਚੋਣ ਤਾਂ ਵੈਸੇ ਰਾਜ-ਘਰਾਣਿਆਂ ਵਿੱਚੋਂ ਹੀ ਹੋ ਜਾਂਦੀ ਹੈ ਅਤੇ ਜਿਹੜਾ ਪੁੱਤਰ ਪਹਿਲਾਂ ਪੈਦਾ ਹੋਵੇ, ਉਹ ਰਾਜ-ਗੱਦੀ ਦਾ ਹੱਕਦਾਰ ਹੁੰਦਾ ਹੈ ਪਰ ਕਈ ਵਾਰ ਨਿਰਸੰਤਾਨ ਮਰ ਗਏ ਰਾਜਾ ਜਾਂ ਲੜਾਈ ਵਿੱਚ ਜਾਂ ਬਿਮਾਰੀ ਵਿੱਚ ਸਾਰੇ ਪੁੱਤਰਾਂ ਦੇ ਮਾਰੇ ਜਾਣ ਤੇ ਅਗਲੇ ਰਾਜੇ ਦੀ ਚੋਣ ਬੜੀ ਅਹਿਮ ਹੁੰਦੀ ਹੈ। ਇਨ੍ਹਾਂ ਕਹਾਣੀਆਂ ਵਿੱਚ ਇਕ ਕਹਾਣੀ "ਦੋ ਭਰਾ" ਵਿੱਚ ਰਾਜੇ ਦੀ ਚੋਣ ਬੜੇ ਅਜੀਬ ਢੰਗ ਨਾਲ ਹੁੰਦੀ ਹੈ। ਇਕ ਰਾਜ ਦਾ ਰਾਜਾ ਮਰ ਜਾਂਦਾ ਹੈ। ਉਨ੍ਹਾਂ ਦਾ ਇਕ ਪਵਿੱਤਰ ਹਾਥੀ ਹੈ। ਧਾਰਨਾ ਇਹ ਸੀ ਕਿ ਪਵਿੱਤਰ ਹਾਥੀ ਜਿਸ ਨੂੰ ਪ੍ਰਣਾਮ ਕਰੇਗਾ, ਉਹੀ ਉਸ ਦੇਸ਼ ਦਾ ਰਾਜਾ ਬਣ ਜਾਵੇਗਾ। ਇਨ੍ਹਾਂ ਦੋਵਾਂ ਭਰਾਵਾਂ ਵਿੱਚੋਂ ਵੱਡਾ ਭਰਾ ਉਸ ਦੇਸ਼ ਦਾ ਰਾਜਾ ਬਣ ਜਾਂਦਾ ਹੈ ਕਿਉਂਕਿ ਪਵਿੱਤਰ ਹਾਥੀ ਉਸ ਨੂੰ ਪ੍ਰਣਾਮ ਕਰ ਦਿੰਦਾ ਹੈ।

ਇਸੇ ਤਰ੍ਹਾਂ "ਰਾਜਕੁਮਾਰ ਸ਼ੇਰ ਦਿਲ ਤੇ ਉਸ ਦਾ ਸਾਥੀ" ਵਿੱਚ ਰਾਜ ਕੁਮਾਰ ਸ਼ੇਰ ਦਿਲ ਰਾਖ਼ਸ਼ਸ਼ ਨੂੰ ਮਾਰ ਕੇ ਸਾਰਿਆਂ ਲੋਕਾਂ ਨੂੰ ਇਕੱਠਿਆਂ ਕਰ ਕੇ ਚਾਕੂ ਤੇਜ਼ ਕਰਨ ਵਾਲੇ ਨੂੰ ਉਸ ਦੇਸ਼ ਦਾ ਰਾਜਾ ਬਣਾ ਦਿੰਦਾ ਹੈ।

**ਮੋਹਿਤ ਹੋਣਾ:** ਕਿਸੇ ਦੀ ਸੁੰਦਰਤਾ ਵੇਖ ਕੇ ਮੋਹਿਤ ਹੋਣ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਕਿਉਂਕਿ ਸੁੰਦਰਤਾ ਹਰ ਇਕ ਨੂੰ ਆਕਰਸ਼ਿਤ ਕਰਦੀ ਹੈ। ਪਿਆਰ ਤੇ ਕਾਮ ਦੋਵੇਂ ਜਜ਼ਬੇ ਮਨੁੱਖੀ ਫਿਤਰਤ ਵਿੱਚ ਮਿਲਦੇ ਹਨ। ਇਨ੍ਹਾਂ ਅਧਿਐਨ ਹੇਠ ਕਹਾਣੀਆਂ ਵਿੱਚ ਜ਼ਿਆਦਾ ਕਹਾਣੀਆਂ ਅਜਿਹੀਆਂ ਹਨ, ਜਿਨ੍ਹਾਂ ਵਿੱਚ ਲੜਕੇ ਜਾਂ ਲੜਕੀ ਦਾ ਇਕ-ਦੂਸਰੇ ਦੀ ਸੁੰਦਰਤਾ ਵੇਖ ਕੇ ਮੋਹਿਤ ਹੋਣ ਬਾਰੇ ਜ਼ਿਕਰ ਮਿਲਦਾ ਹੈ ਜਿਵੇਂ "ਰਾਜਕੁਮਾਰ ਸ਼ੇਰ ਦਿਲ ਤੇ ਉਸ ਦੇ ਹਾਥੀ" ਵਿੱਚ ਇਕ ਦੈਂਤ ਨੂੰ ਮਾਰ ਕੇ ਜਦੋਂ ਸ਼ੇਰ ਦਿਲ, ਤਰਖਾਣ ਤੇ ਲੁਹਾਰ ਅੱਗੇ ਵਧਣ ਲੱਗੇ ਤਾਂ ਉਸੇ ਸ਼ਹਿਰ ਵਿੱਚ ਰਹਿੰਦਿਆਂ ਤਰਖਾਣ, ਇਕ ਚੰਦਰਮਾ ਵਰਗੀ ਖ਼ੂਬਸੂਰਤ ਕੁੜੀ ਤੇ ਮੋਹਿਤ ਹੋ ਗਿਆ ਤੇ ਉਸ ਦੇ ਪਿਆਰ ਵਿੱਚ ਫਸ ਗਿਆ। ਸ਼ੇਰਦਿਲ ਨੇ ਉਨ੍ਹਾਂ ਦਾ ਵਿਆਹ ਕਰਵਾ ਦਿੱਤਾ। "ਵਫ਼ਾਦਾਰ ਰਾਜਕੁਮਾਰ" ਵਿੱਚ ਜਦੋਂ ਰਾਜਕੁਮਾਰ ਸੰਗਮਰਮਰ ਦੇ ਮਹੱਲ ਵਿੱਚ ਆਰਾਮ ਕਰ ਰਿਹਾ ਸੀ ਤਾਂ ਰਾਜਕੁਮਾਰੀ ਸ਼ਾਹਪਸੰਦ ਜਿਸ ਨੇ ਪਹਿਲਾਂ ਮੈਨਾ ਦਾ ਰੂਪ ਧਾਰਨ ਕੀਤਾ ਹੋਇਆ ਸੀ, ਰਾਜਕੁਮਾਰੀ ਦੇ ਰੂਪ ਵਿੱਚ ਰਾਜਕੁਮਾਰ ਦੇ ਸਾਹਮਣੇ ਆ ਗਈ ਤੇ ਉਹ ਪਿਆਰ ਡੋਰ ਵਿੱਚ ਬੱਝ ਗਏ। "ਦੋ ਭਰਾ" ਵਿੱਚ ਜਦੋਂ ਛੋਟੇ ਭਰਾ ਨੇ ਆਪਣੇ ਰਾਜਾ ਬਣ ਚੁੱਕੇ ਭਰਾ ਦੇ ਨਗਰ ਵਿੱਚ ਇਕ ਨਦੀ ਕਿਨਾਰੇ ਆਪਣੇ ਪੁਰਾਣੇ ਮਹੱਲ ਦਾ ਮਾਡਲ ਬਣਾਇਆ ਤਾਂ ਉਧਰੋਂ ਉਥੋਂ ਦੇ ਮੰਤਰੀ ਦੀ ਬੇਟੀ ਲੰਘ ਰਹੀ ਸੀ। ਜਦੋਂ ਉਹ ਮਾਡਲ ਦੇਖ ਰਹੀ ਸੀ, ਤਾਂ ਉਸ ਦੀ ਨਜ਼ਰ ਉਸ ਖ਼ੂਬਸੂਰਤ ਨੌਜਵਾਨ 'ਤੇ ਪਈ ਤੇ ਉਹ ਉਸ 'ਤੇ ਮੋਹਿਤ ਹੋ ਗਈ। ਘਰ ਜਾ ਕੇ ਆਪਣੇ ਪਿਤਾ ਨੂੰ ਕਹਿਣ ਲੱਗੀ, "ਜਾਂ ਤਾਂ ਮੈਨੂੰ ਉਸ ਨਾਲ ਵਿਆਹ ਦਿਉ ਨਹੀਂ ਤਾਂ ਮੈਂ ਮਰ ਜਾਵਾਂਗੀ।"

"ਸੌਤਾਂ ਮਾਵਾਂ ਦੇ ਪੁੱਤਰ" ਵਿੱਚ ਰਾਜਾ ਜਦੋਂ ਇਕ ਖ਼ੂਬਸੂਰਤ ਚਿੱਟੀ ਹਿਰਨੀ ਦਾ ਪਿੱਛਾ ਕਰਦਿਆਂ ਉਸ ਦੇ ਘਰ ਪਹੁੰਚ ਜਾਂਦਾ ਹੈ ਅਤੇ ਉਥੇ ਜਾ ਕੇ ਵੇਖਦਾ ਹੈ ਕਿ ਉਹ ਤਾਂ ਖ਼ੂਬਸੂਰਤ ਔਰਤ ਵਿੱਚ ਤਬਦੀਲ ਹੋ ਗਈ ਹੈ। ਉਹ ਉਸ ਦੀ ਸੁੰਦਰਤਾ ਵੇਖ ਕੇ ਉਸ 'ਤੇ ਮੋਹਿਤ ਹੋ ਜਾਂਦਾ ਹੈ ਤੇ ਆਪਣੇ ਨਾਲ ਚੱਲਣ ਲਈ ਤਰਲਾ ਮਾਰਦਾ ਹੈ।

"ਸਰ ਬੁਜ਼" ਵਿੱਚ ਜਦੋਂ ਸਿਪਾਹੀ ਦੇ ਲੜਕੇ ਦੀ ਨਜ਼ਰ ਰਾਜਕੁਮਾਰੀ ਫੂਲਰਾਣੀ ਜੋ ਖ਼ੂਬਸੂਰਤ, ਪਤਲੀ, ਗੋਰੀ ਤੇ ਨਾਜ਼ੁਕ ਸੀ ਅਤੇ ਜਿਸ ਦਾ ਭਾਰ ਪੰਜ ਫੁੱਲਾਂ ਦੇ ਬਰਾਬਰ ਸੀ, 'ਤੇ ਪਈ ਤਾਂ ਉਹ ਉਸ 'ਤੇ ਮੋਹਿਤ ਹੋ ਗਿਆ। "ਅਦਭੁਤ ਸੁੰਦਰੀ" ਵਿੱਚ ਸ਼ਰਤ ਮੁਤਾਬਕ ਰਾਜਾ ਦੇ

ਪੁੱਤਰ ਨੇ ਸਮੁੰਦਰ ਵਿੱਚ ਸੋਨੇ ਦਾ ਮਹੱਲ ਤਾਂ ਖੜ੍ਹਾ ਕਰ ਦਿੱਤਾ ਅਤੇ ਅੱਧਾ ਰਾਜ ਵੀ ਲੈ ਲਿਆ ਪਰ ਉਹ ਰਾਜਕੁਮਾਰੀ ਨਾਲ ਵਿਆਹ ਕਰਵਾਉਣ ਤੋਂ ਆਨਾਕਾਨੀ ਕਰਨ ਲੱਗਾ ਪਰ ਰਾਜਕੁਮਾਰੀ ਦੀ ਸੁੰਦਰਤਾ ਵੇਖਦੇ ਸਾਰ ਹੀ ਉਸ ਉੱਤੇ ਮੋਹਿਤ ਹੋ ਗਿਆ।

**ਬਲੀ ਦੇਣਾ:** ਮੱਧਕਾਲ ਵਿੱਚ ਕਿਸੇ ਕੰਮ ਦੀ ਸਫ਼ਲਤਾ ਲਈ ਕਿਸੇ ਜਾਨਵਰ, ਵਿਅਕਤੀ ਜਾਂ ਪਸ਼ੂ, ਪੰਛੀ ਦੀ ਬਲੀ ਦੇਣ ਦੀਆਂ ਰੀਤਾਂ ਆਮ ਪ੍ਰਚੱਲਤ ਰਹੀਆਂ ਹਨ। ਇਨ੍ਹਾਂ ਬਲੀਆਂ ਦੇ ਬਾਰੇ ਜਾਂ ਤਾਂ ਪਹਿਲਾਂ ਹੀ ਲੋਕ-ਮਾਨਸਿਕਤਾ ਵਿੱਚ ਧਾਰਨਾ ਬਣੀ ਹੁੰਦੀ ਹੈ ਜਾਂ ਫਿਰ ਕਿਸੇ ਫ਼ਕੀਰ, ਜੋਗੀ ਜਾਂ ਕਿਸੇ ਹੋਰ ਦੇ ਕਹਿਣ ਤੇ ਕਿਸੇ ਦੀ ਜਾਨ ਦੀ ਬਲੀ ਦਿੱਤੀ ਜਾਂਦੀ ਰਹੀ ਹੈ। ਇਨ੍ਹਾਂ ਕਹਾਣੀਆਂ ਵਿੱਚ "ਦੋ ਭਰਾ" ਕਹਾਣੀ ਵਿੱਚ ਜਦੋਂ ਕੁਝ ਵਪਾਰੀਆਂ ਦਾ ਸਮੁੰਦਰੀ ਜਹਾਜ਼ ਉਲਟ ਹਵਾਵਾਂ ਕਰ ਕੇ ਅੱਗੇ ਨਹੀਂ ਤੁਰਦਾ ਤਾਂ ਉਨ੍ਹਾਂ ਨੇ ਭਵਿੱਖ ਬਾਣੀ ਕਰਨ ਵਾਲੇ ਕੋਲੋਂ ਪੁੱਛਿਆ ਤਾਂ ਉਸ ਨੇ ਕਿਹਾ ਕਿ, "ਇਹ ਕਿਸੇ ਮਨੁੱਖ ਦੀ ਬਲੀ ਮੰਗਦਾ ਹੈ।" ਸਫ਼ਾਈ ਸੇਵਕ ਬਣੇ ਰਾਜਾ ਨੇ ਰਾਜਾ ਬਣੇ ਘੁਮਿਆਰ ਨੂੰ ਬਲੀ ਲਈ ਦੇ ਦਿੱਤਾ ਜਿਸ ਨੇ ਆਪਣੀ ਉਂਗਲੀ ਵਿੱਚੋਂ ਪਹਿਲਾ ਖ਼ੂਨ ਦਾ ਕਤਰਾ ਸੁੱਟਿਆ ਤਾਂ ਪਹਿਲਾ ਜਹਾਜ਼ ਤੁਰ ਪਿਆ ਅਤੇ ਦੂਸਰੇ ਕਤਰੇ ਨਾਲ ਦੂਸਰਾ।

**ਅੰਨ੍ਹੇ ਖ਼ੂਹ ਵਿੱਚ ਜ਼ਿੰਦਾ ਰਹਿਣਾ:** ਇਹ ਰੂੜ੍ਹੀ ਵੀ ਆਮ ਪ੍ਰਚੱਲਤ ਹੈ ਕਿਉਂਕਿ ਅਜਿਹੇ ਖ਼ੂਹ ਜਿਹੜੇ ਆਬਾਦੀ ਤੋਂ ਬਹੁਤ ਹਟਵੇਂ ਹੁੰਦੇ ਹਨ ਅੰਨ੍ਹੇ ਖ਼ੂਹ ਅਖਵਾਉਂਦੇ ਹਨ। ਲੋਕਧਾਰਾ ਵਿੱਚ ਅੰਨ੍ਹੇ ਖ਼ੂਹ ਦਾ ਵਰਣਨ ਆਮ ਮਿਲਦਾ ਹੈ। ਯੂਸਫ਼ ਨੂੰ ਵੀ ਉਸ ਦੇ ਭਰਾਵਾਂ ਨੇ ਈਰਖਾ ਵੱਸ ਅਜਿਹੇ ਖ਼ੂਹ ਵਿੱਚ ਸੁੱਟ ਦਿੱਤਾ ਸੀ ਜਿਸ ਨੂੰ ਬਾਅਦ ਵਿੱਚ ਵਪਾਰੀਆਂ ਨੇ ਕੱਢ ਲਿਆ। ਇਨ੍ਹਾਂ ਕਹਾਣੀਆਂ ਵਿੱਚ ਵੀ "ਰਾਜਕੁਮਾਰ ਅੱਧਾ ਪੁੱਤਰ" ਨੂੰ ਉਸ ਦੇ ਭਰਾ ਉਸ ਦੇ ਕਾਰਨਾਮਿਆਂ ਤੋਂ ਤੰਗ ਆ ਕੇ ਇਕ ਖ਼ੂਹ ਵਿੱਚ ਧੱਕਾ ਦੇ ਦਿੰਦੇ ਹਨ, ਜਿਥੇ ਇਕ ਅੱਖ ਵਾਲਾ ਦਿਉ, ਇਕ ਸੱਪ ਤੇ ਇਕ ਕਬੂਤਰ ਰਹਿੰਦਾ ਹੈ। ਉਹ ਸਾਰੀ ਰਾਤ ਖ਼ੂਹ ਵਿੱਚ ਪਿਆ ਰਹਿੰਦਾ ਹੈ ਅਤੇ ਸਵੇਰੇ ਕੁਝ ਊਠਾਂ ਵਾਲੇ ਜਦੋਂ ਪਾਣੀ ਭਰਨ ਆਉਂਦੇ ਹਨ ਤਾਂ ਉਹ ਉਨ੍ਹਾਂ ਦੀ ਬਾਲਟੀ ਵਿੱਚ ਬੈਠ ਕੇ ਬਾਹਰ ਆ ਜਾਂਦਾ ਹੈ। ਲੋਕ-ਗਾਥਾਵਾਂ ਵਿੱਚ ਪੂਰਨ ਭਗਤ ਦੀ ਲੋਕ-ਗਾਥਾ ਵਿੱਚ ਵੀ ਉਸ ਨੂੰ ਅਜਿਹੇ ਖ਼ੂਹ ਵਿੱਚ ਸੁੱਟਣ ਬਾਰੇ ਜ਼ਿਕਰ ਮਿਲਦਾ ਹੈ।

**ਗੁਪਤ ਬਾਤ-ਚੀਤ ਸੁਣਨਾ:** ਗੁਪਤ ਬਾਤ ਚੀਤ ਨੂੰ ਸੁਣਨਾ ਆਮ ਤੌਰ ਤੇ ਸਭਿਅਕ ਸਮਾਜ ਵਿੱਚ ਮਾੜਾ ਸਮਝਿਆ ਜਾਂਦਾ ਹੈ। ਇਥੋਂ ਤੱਕ ਕਿ ਕਿਸੇ ਦੀ ਗੱਲ ਨੂੰ ਟੋਕਣਾ ਤੇ ਵਿੱਚ ਬੋਲਣਾ ਬੜਾ ਮਾੜਾ ਪ੍ਰਭਾਵ ਛੱਡਦਾ ਹੈ। ਪਰ ਲੋਕ-ਕਹਾਣੀਆਂ ਵਿੱਚ ਤਾਂ ਅਜਿਹੇ ਕਾਰਨਾਮਿਆਂ ਬਾਰੇ ਗੱਲਾਂ ਕਰਨੀਆਂ ਤੇ ਸੁਣਨੀਆਂ ਆਮ ਗੱਲ ਸੀ ਕਿਉਂਕਿ ਪਸ਼ੂ, ਪੰਛੀ, ਜਾਨਵਰ, ਵਿਅਕਤੀ, ਰੀਂਗਣ ਵਾਲੇ ਜੀਵ ਸਭ ਇਕ ਦੂਸਰੇ ਦੀ ਭਾਸ਼ਾ ਸਮਝਦੇ ਹਨ। ਇਸੇ ਲਈ ਕਿਸੇ ਦੀ ਗੱਲਬਾਤ ਸੁਣ ਲੈਣਾ ਸੁਭਾਵਿਕ ਹੀ ਸੀ। ਇਨ੍ਹਾਂ ਕਹਾਣੀਆਂ ਵਿੱਚ ਇਕ ਕਹਾਣੀ "ਰਾਜਕੁਮਾਰ ਅੱਧਾ ਪੁੱਤਰ" ਵਿੱਚ ਜਦੋਂ ਅੱਧੇ ਪੁੱਤਰ ਦੇ ਭਰਾ ਉਸ ਨੂੰ ਈਰਖਾ ਵੱਸ ਇਕ ਖ਼ੂਹ ਵਿੱਚ ਧੱਕਾ ਦੇ ਕੇ ਸੁੱਟ ਦਿੰਦੇ ਹਨ ਤਾਂ ਉਥੇ ਇਕ ਅੱਖ ਵਾਲਾ ਦਿਉ, ਇਕ ਕਬੂਤਰ ਤੇ ਇਕ ਸੱਪ ਰਹਿੰਦੇ ਸਨ, ਜੋ ਕਿ ਆਪਸ ਵਿੱਚ ਗੱਲਾਂ ਬਾਤਾਂ ਕਰਦੇ ਹਨ। ਉਨ੍ਹਾਂ ਦੀਆਂ ਸਾਰੀਆਂ ਗੱਲਾਂ ਨੂੰ ਅੱਧਾ ਪੁੱਤਰ ਚੁੱਪ-ਚਪੀਤੇ ਸੁਣ ਲੈਂਦਾ ਹੈ ਤੇ ਉਨ੍ਹਾਂ ਗੱਲਾਂ ਦਾ ਫ਼ਾਇਦਾ ਉਠਾਉਂਦਾ ਹੈ।

**ਸੰਭਵ ਕਥਾਨਕ ਰੂੜ੍ਹੀਆਂ:** ਇਹ ਅਜਿਹੀਆਂ ਕਥਾਨਕ ਰੂੜ੍ਹੀਆਂ ਹਨ ਜਿਨ੍ਹਾਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਇਸ ਤਰ੍ਹਾਂ ਘੱਟ ਹੀ ਵਾਪਰਦਾ ਹੈ। ਲੋਕ ਸਾਹਿਤ

ਵਿੱਚ ਸੰਭਵ ਕਥਾਨਕ ਰੂੜ੍ਹੀਆਂ ਮਿਲਦੀਆਂ ਹਨ, ਜਿਨ੍ਹਾਂ ਦੀ ਉਦਾਹਰਣ ਇਸ ਪ੍ਰਕਾਸ ਇਸ ਪੁਸਤਕ ਵਿੱਚੋਂ ਵੇਖੀ ਜਾ ਸਕਦੀ ਹੈ:

**ਇਕੋ ਸਮੇਂ ਹੱਸਣਾ ਤੇ ਰੋਣਾ:** ਇਹ ਰੂੜ੍ਹੀ ਮੱਧਕਾਲੀਨ ਸਾਹਿਤ ਵਿੱਚ ਆਮ ਮਿਲਦੀ ਹੈ। ਖ਼ਾਸ ਕਰ ਰਾਜਾ ਰਸਾਲੂ ਦੇ ਕਾਰਨਾਮਿਆਂ ਵਿੱਚ ਅਸੀਂ ਇਸ ਦਾ ਜ਼ਿਕਰ ਵੀ ਕੀਤਾ ਹੈ। ਹੱਸਣਾ ਤੇ ਰੋਣਾ ਮਨ ਦੀਆਂ ਅਵਸਥਾਵਾਂ ਹਨ, ਇਕੋ ਸਮੇਂ ਹੱਸਣਾ ਤੇ ਰੋਣ ਤੋਂ ਭਾਵ ਕੁਝ ਹੋਰ ਨਿਕਲਦਾ ਹੈ ਅਤੇ ਇਸ ਤੋਂ ਮਨੁੱਖ ਦੇ ਅੰਦਰ ਪਏ ਭਾਵਾਂ ਦੀ ਤਰਜਮਾਨੀ ਵੀ ਹੁੰਦੀ ਹੈ। ਇਨ੍ਹਾਂ ਕਹਾਣੀਆਂ ਵਿੱਚ "ਰੂਬੀ ਰਾਜਕੁਮਾਰ" ਵਿੱਚ ਜਦੋਂ ਰਾਜਕੁਮਾਰ ਨੂੰ ਰਾਜਾ ਗੁੱਸੇ ਵਿੱਚ ਆ ਕੇ ਕੁਝ ਹਥਿਆਰ ਤੇ ਘੋੜਾ ਦੇ ਕੇ ਆਪਣਾ ਰਸਤਾ ਲੱਭਣ ਲਈ ਭੇਜ ਦਿੰਦਾ ਹੈ ਤਾਂ ਉਹ ਇਕ ਸ਼ਹਿਰ ਵਿੱਚ ਆਉਂਦਾ ਹੈ ਜਿਥੇ ਉਹ ਇਕ ਬੁੱਢੀ ਔਰਤ ਕੋਲ ਠਹਿਰਦਾ ਹੈ ਜਿਹੜੀ ਇਕੋ ਸਮੇਂ ਹੱਸਦੀ ਵੀ ਹੈ ਤੇ ਰੋਂਦੀ ਵੀ ਹੈ। ਪੁੱਛਣ ਤੇ ਉਹ ਦੱਸਦੀ ਹੈ ਕਿ, "ਇਸ ਸ਼ਹਿਰ ਵਿੱਚ ਇਕ ਦਿਉ ਹੈ ਜਿਹੜਾ ਹਰ ਰੋਜ਼ ਇਕ ਆਦਮੀ ਖਾਂਦਾ ਹੈ, ਅੱਜ ਮੇਰੇ ਪੁੱਤਰ ਦੀ ਵਾਰੀ ਹੈ ਤਾਂ ਹੀ ਮੈਂ ਰੋ ਰਹੀ ਹਾਂ।" ਰੂਬੀ ਰਾਜਕੁਮਾਰ ਉਸ ਨਾਲ ਵਾਅਦਾ ਕਰਦਾ ਹੈ ਕਿ, "ਤੇਰੇ ਪੁੱਤਰ ਦੀ ਜਗ੍ਹਾ ਅੱਜ ਮੈਂ ਜਾਵਾਂਗਾ ਤੇ ਉਸ ਦਿਉ ਨੂੰ ਮਾਰ ਦਿਆਂਗਾ।" ਬਾਅਦ ਵਿੱਚ ਰੂਬੀ ਰਾਜਕੁਮਾਰ ਉਸ ਦਿਉ ਨੂੰ ਮਾਰ ਦਿੰਦਾ ਹੈ।

**ਸਹੁੰ ਖਾਣਾ:** ਸਹੁੰ ਖਾਣਾ ਤੇ ਸਹੁੰ 'ਤੇ ਪੂਰੇ ਉੱਤਰਨਾ ਬੜਾ ਅਹਿਮ ਸਮਝਿਆ ਜਾਂਦਾ ਹੈ। ਸਹੁੰ ਖਾਣਾ ਹਰ ਕੌਮ, ਕਬੀਲੇ ਵਿੱਚ ਪ੍ਰਚੱਲਿਤ ਹੋਣ ਕਾਰਨ ਇਹ ਅੰਤਰਰਾਸ਼ਟਰੀ ਪੱਧਰ ਦੀ ਪ੍ਰਚੱਲਤ ਰੂੜ੍ਹੀ ਹੈ। ਪੰਜਾਬੀ ਦੇ ਮੱਧਕਾਲੀਨ ਸਾਹਿਤ ਵਿੱਚ ਇਸ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ। ਕੋਈ ਕਿਸੇ ਨਾਲ ਵਿਆਹ ਕਰਨ ਦੀ ਸਹੁੰ ਖਾਂਦਾ ਹੈ, ਕੋਈ ਅਨਾਰਾਂ ਸ਼ਹਿਜਾਦੀ ਨੂੰ ਵਿਆਹੁਣ ਦੀ ਗੱਲ ਕਰਦਾ ਹੈ। ਕੋਈ ਕਿਸੇ ਨੂੰ ਜਿੰਨੀ ਦੇਰ ਤੱਕ ਮਾਰ ਨਾ ਲਵੇ, ਰੋਟੀ ਨਹੀਂ ਖਾਵੇਗਾ ਆਦਿ। ਸਟੀਲ ਵੱਲੋਂ ਇਕੱਤਰ ਕੀਤੀਆਂ ਇਨ੍ਹਾਂ ਕਹਾਣੀਆਂ ਵਿੱਚ ਵੀ ਸਹੁੰ ਖਾਣ ਦਾ ਜ਼ਿਕਰ ਮਿਲਦਾ ਹੈ, ਜਿਵੇਂ "ਲੂੰਬੜੀ ਤੇ ਮੋਰਨੀ" ਵਿੱਚ ਲੂੰਬੜੀ ਤੇ ਮੋਰਨੀ ਜਿਹੜੇ ਜੰਗਲ ਵਿੱਚ ਰਹਿੰਦੇ ਸਨ ਉਨ੍ਹਾਂ ਇਸ ਗੱਲ ਦੀ ਸਹੁੰ ਖਾਧੀ ਕਿ ਉਹ ਦੋਸਤੀ ਕਰਨਗੇ ਤੇ ਉਸ ਨੂੰ ਨਿਭਾਉਣਗੇ। ਉਹ ਰੋਜ਼ ਇਕੱਠੇ ਹੁੰਦੇ ਤੇ ਇਕੱਠੇ ਹੀ ਭੋਜਨ ਕਰਦੇ ਅਤੇ ਦੇਰ ਤੱਕ ਗੱਲਾਂ ਕਰਦੇ ਰਹਿੰਦੇ। "ਚੀਤਾ ਬ੍ਰਾਹਮਣ ਅਤੇ ਗਿੱਦੜ" ਵਿੱਚ ਜਦੋਂ ਚੀਤਾ ਪਿੰਜਰੇ ਵਿੱਚ ਕੈਦ ਸੀ ਅਤੇ ਉਧਰੋਂ ਬ੍ਰਾਹਮਣ ਲੰਘਿਆ ਤਾਂ ਚੀਤੇ ਨੇ ਉਸ ਅੱਗੇ ਬਾਹਰ ਨਿਕਲਣ ਦਾ ਤਰਲਾ ਮਾਰਿਆ ਪਰ ਬ੍ਰਾਹਮਣ ਨੇ ਕਿਹਾ ਕਿ, "ਤੇਰੇ 'ਤੇ ਕਾਹਦਾ ਵਿਸ਼ਵਾਸ" ਤਾਂ ਉਹ ਬੜੀਆਂ ਸਹੁੰਆਂ ਖਾਣ ਲੱਗਾ ਪਰ ਬਾਅਦ ਵਿੱਚ ਉਸ ਦੀ ਸਹੁੰ ਝੂਠੀ ਨਿਕਲੀ।

"ਗਿੱਦੜ ਤੇ ਤਿੱਤਰ" ਨਾਮੀ ਕਹਾਣੀ ਵਿੱਚ ਗਿੱਦੜ ਤੇ ਤਿੱਤਰ ਨੇ ਇਸ ਗੱਲ ਦੀ ਕਸਮ ਖਾਧੀ ਕਿ ਅਸੀਂ ਪੱਕੇ ਮਿੱਤਰ ਰਹਾਂਗੇ। ਗਿੱਦੜ ਤਿੱਤਰ ਨੂੰ ਇਹ ਜਾਨਣ ਲਈ ਕਿ ਉਹ ਉਸ ਦੇ ਕਿਸੇ ਕੰਮ ਆ ਸਕਦਾ ਹੈ ਜਾਂ ਨਹੀਂ, ਉਸ ਦੀ ਦੋਸਤੀ ਨੂੰ ਪਰਖਣ ਲੱਗਦਾ ਹੈ।

**ਸੁਭਾਵਿਕ ਕਥਾਨਕ ਰੂੜ੍ਹੀਆਂ:** ਇਨ੍ਹਾਂ ਕਥਾਨਕ ਰੂੜ੍ਹੀਆਂ ਦਾ ਸੰਬੰਧ ਸਾਡੇ ਰੋਜ਼ ਮੱਰ੍ਹਾ ਦੀ ਜ਼ਿੰਦਗੀ ਨਾਲ ਹੁੰਦਾ ਹੈ। ਇਨ੍ਹਾਂ ਕਹਾਣੀਆਂ ਵਿੱਚ ਵੀ ਅਜਿਹੀਆਂ ਰੂੜ੍ਹੀਆਂ ਉਪਲਬਧ ਹਨ। ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ–

**ਭਰਾਵਾਂ ਦਾ ਦੁਰਵਿਵਹਾਰ:** ਭਰਾਵਾਂ ਦਾ ਦੁਰਵਿਵਹਾਰ ਜਾਂ ਈਰਖਾ ਕਰਨਾ ਲੋਕ-ਸਾਹਿਤ ਵਿੱਚ ਆਮ ਮਿਲਦਾ ਹੈ ਅਤੇ ਦੁਨੀਆਂ ਦੇ ਬਹੁਤ ਸਾਰੇ ਸਾਹਿਤ ਦਾ ਅੰਗ ਬਣਿਆ ਹੈ। ਯੂਸਫ਼ ਦੇ ਕਿੱਸੇ ਵਿੱਚ ਵੀ ਯੂਸਫ਼ ਦੇ ਭਰਾ ਉਸ ਨੂੰ ਈਰਖਾ ਵੱਸ ਖੂਹ ਵਿੱਚ ਸੁੱਟ ਦਿੰਦੇ ਹਨ। ਰਾਂਝਾ ਆਪਣੇ

ਭਰਾਵਾਂ ਤੇ ਭਾਬੀਆਂ ਤੋਂ ਤੰਗ ਆ ਕੇ ਘਰ ਛੱਡ ਜਾਂਦਾ ਹੈ। ਇਹ ਅਕਸਰ ਪਿਤਾ ਦੇ ਮਰ ਜਾਣ ਮਗਰੋਂ ਜਾਂ ਫਿਰ ਪਿਤਾ ਵੱਲੋਂ ਜ਼ਿਆਦਾ ਪਿਆਰ ਦਿਖਾਉਣ ਕਾਰਨ ਹੁੰਦਾ ਹੈ। ਸਟੀਲ ਦੀਆਂ ਇਨ੍ਹਾਂ ਕਹਾਣੀਆਂ ਵਿੱਚ "ਅੰਧਾ ਰਾਜਕੁਮਾਰ" ਵਿੱਚ ਉਸ ਦੇ ਬਾਕੀ ਦੇ ਭਰਾ ਉਸ ਨਾਲ ਈਰਖਾ ਕਰਦੇ ਹਨ ਅਤੇ ਉਸ ਨਾਲ ਵਿਵਹਾਰ ਵੀ ਮਾੜਾ ਕਰਦੇ ਹਨ। ਅਖ਼ੀਰ ਵਿੱਚ ਤਾਂ ਉਸ ਨੂੰ ਇਕ ਖੂਹ ਵਿੱਚ ਵੀ ਸੁੱਟ ਦਿੰਦੇ ਹਨ। ਜਿੱਥੋਂ ਉਹ ਊਠਾਂ ਵਾਲਿਆਂ ਦੀ ਲੱਜ ਨਾਲ ਉੱਪਰ ਆ ਜਾਂਦਾ ਹੈ ਅਤੇ ਜਦੋਂ ਉਹ ਬਾਦਸ਼ਾਹ ਦੀ ਬੇਟੀ ਨੂੰ ਠੀਕ ਕਰ ਕੇ ਵੱਡਾ ਬਣਨ ਲੱਗਦਾ ਹੈ ਤਾਂ ਫਿਰ ਵੀ ਭਰਾ ਉਸ ਨਾਲ ਈਰਖਾ ਹੀ ਕਰਦੇ ਹਨ ਅਤੇ ਰਾਜਾ ਨੂੰ ਉਸ ਵਿਰੁੱਧ ਭੜਕਾ ਦਿੰਦੇ ਹਨ।

"ਰਾਜਕੁਮਾਰੀ ਮਿਰਚੀ" ਵਿੱਚ ਵੀ ਜਦੋਂ ਰਾਜਾ ਰਾਜਕੁਮਾਰੀ ਮਿਰਚੀ ਨੂੰ ਵਿਆਹ ਲਿਆਉਂਦਾ ਹੈ ਤਾਂ ਰਾਜਮਹੱਲ ਦੀਆਂ ਦੂਸਰੀਆਂ ਔਰਤਾਂ ਉਸ ਨੂੰ ਨਫ਼ਰਤ ਕਰਦੀਆਂ ਹਨ ਅਤੇ ਇਥੋਂ ਤੱਕ ਕਿ ਉਸ ਦੇ ਪੁੱਤਰ ਨੂੰ ਰਾਤ ਚੁੱਕ ਕੇ ਉਸ ਦੇ ਟੋਟੇ-ਟੋਟੇ ਕਰ ਦਿੰਦੀਆਂ ਹਨ ਅਤੇ ਸੁੱਤੀ ਪਈ ਰਾਜਕੁਮਾਰੀ ਦੇ ਮੂੰਹ ਨੂੰ ਖ਼ੂਨ ਲਗਾ ਦਿੰਦੀਆਂ ਹਨ ਅਤੇ ਕਹਿੰਦੀਆਂ ਹਨ ਕਿ, "ਇਸ ਨੇ ਆਪਣੇ ਪੁੱਤਰ ਨੂੰ ਮਾਰ ਕੇ ਖਾ ਲਿਆ ਹੈ।"

**ਮਤਰੇਈ ਮਾਂ ਵੱਲੋਂ ਮਾੜਾ ਵਰਤਾਉ:** ਇਹ ਰੂੜ੍ਹੀ ਵੀ ਅੰਤਰਰਾਸ਼ਟਰੀ ਪੱਧਰ ਦੀ ਹੈ ਅਤੇ ਮਤਰੇਈ ਮਾਂ ਦੀ ਸਾਹਿਤ ਵਿੱਚ ਵੱਡੀ ਭੂਮਿਕਾ ਰਹੀ ਹੈ। ਪੰਜਾਬੀ ਸਾਹਿਤ ਵਿੱਚ ਤਾਂ ਮਤਰੇਈ ਮਾਂ ਲੂਣਾ ਵਰਗੀ ਹੋ ਕੇ ਆਪਣੇ ਪੁੱਤਰ ਨੂੰ ਹੀ ਹਾਣ ਦਾ ਸਮਝਣਾ ਸ਼ੁਰੂ ਕਰ ਕੇ ਉਸ ਨਾਲ ਸੇਜ ਮਾਨਣਾ ਚਾਹੁੰਦੀ ਹੈ। ਪੂਰਨ ਦੇ ਨਾ ਮੰਨਣ ਤੇ ਉਸ ਵਿਰੁੱਧ ਰਾਜੇ ਸਲਵਾਨ ਨੂੰ ਭੜਕਾਉਂਦੀ ਹੈ ਅਤੇ ਉਸ ਦੇ ਹੱਥ ਪੈਰ ਕਟਵਾ ਕੇ ਖੂਹ ਵਿੱਚ ਵੀ ਸੁਟਵਾ ਦਿੰਦੀ ਹੈ। ਇਸ ਸੰਗ੍ਰਹਿ ਵਿੱਚ "ਦੋ ਭਰਾ" ਕਹਾਣੀ ਵਿੱਚ ਦੋ ਭਰਾਵਾਂ ਦੀ ਮਤਰੇਈ ਮਾਂ ਉਨ੍ਹਾਂ ਨਾਲ ਮਾੜਾ ਵਰਤਾਉ ਕਰਦੀ ਹੈ ਅਤੇ ਉਨ੍ਹਾਂ ਦੇ ਖਾਣ-ਪੀਣ ਬਾਰੇ ਵੀ ਧਿਆਨ ਨਹੀਂ ਦਿੰਦੀ। ਕਦੇ-ਕਦੇ ਕੁੱਟਦੀ ਮਾਰਦੀ ਵੀ ਹੈ। ਇਸ ਗੱਲੋਂ ਤੰਗ ਆ ਕੇ ਉਹ ਘਰ ਛੱਡ ਜਾਂਦੇ ਹਨ ਅਤੇ ਦੂਰ ਦੇਸ਼ ਨੂੰ ਨਿਕਲ ਜਾਂਦੇ ਹਨ।

ਫਲੋਰਾ ਐਨੀ ਸਟੀਲ ਦੀ ਲੋਕ-ਕਹਾਣੀਆਂ ਦੀ ਸੰਗ੍ਰਹਿਤ ਪੁਸਤਕ "ਟੇਲਜ਼ ਫਰਾਮ ਦਾ ਪੰਜਾਬ" ਵਿੱਚ ਅੱਠ ਕਹਾਣੀਆਂ ਪੰਜਾਬ ਦੇ ਮਹਾਨ ਬੀਰ ਨਾਇਕ ਰਾਜਾ ਰਸਾਲੂ ਨਾਲ ਸੰਬੰਧਿਤ ਹੈ। ਇਨ੍ਹਾਂ ਕਹਾਣੀਆਂ ਨੂੰ ਅਸੀਂ ਦੰਤ-ਕਥਾਵਾਂ ਦੇ ਤਹਿਤ ਵਿਚਾਰਾਂਗੇ ਅਤੇ ਅਗਲਾ ਅਧਿਆਇ ਵਿੱਚ ਅਸੀਂ ਰਸਾਲੂ ਦੇ ਜੀਵਨ, ਕਹਾਣੀ, ਕਾਰਨਾਮਿਆਂ ਬਾਰੇ ਨਿੱਠ ਕੇ ਵਿਚਾਰਾਂਗੇ। ਇਸ ਪੁਸਤਕ ਵਿੱਚ ਰਾਜਾ ਰਸਾਲੂ ਦੀ ਪ੍ਰਚੱਲਤ ਕਹਾਣੀ ਦੇ ਅੱਠ ਹਿੱਸੇ ਇਸ ਪ੍ਰਕਾਰ ਹਨ:

1. ਰਾਜਾ ਰਸਾਲੂ ਕਿਵੇਂ ਪੈਦਾ ਹੋਇਆ?
2. ਰਾਜਾ ਰਸਾਲੂ ਸੰਸਾਰ ਵਿੱਚ ਕਿਵੇਂ ਆਇਆ?
3. ਰਾਜਾ ਰਸਾਲੂ ਦੇ ਮਿੱਤਰਾਂ ਨੇ ਉਸ ਨੂੰ ਕਿਵੇਂ ਛੱਡਿਆ?
4. ਰਾਜਾ ਰਸਾਲੂ ਜੋਗੀ ਕਿਵੇਂ ਬਣਿਆ?
5. ਰਾਜਾ ਰਸਾਲੂ ਨੇ ਦਿਉ ਨੂੰ ਕਿਵੇਂ ਮਾਰਿਆ?
6. ਰਾਜਾ ਰਸਾਲੂ ਰਾਜਾ ਸਿਰਕਪ ਦੇ ਸ਼ਹਿਰ ਕਿਵੇਂ ਪੁੱਜਿਆ?
7. ਰਾਜਾ ਰਸਾਲੂ ਨੇ ਰਾਜਾ ਸਿਰਕਪ ਨਾਲ ਚੌਪੜ ਕਿਵੇਂ ਖੇਡੀ?
8. ਰਾਜਾ ਰਸਾਲੂ ਨੇ ਕਿਵੇਂ ਰਾਜਾ ਸਿਰਕਪ ਦੀਆਂ 70 ਕੁੜੀਆਂ ਨੂੰ ਹਟਾ ਦਿੱਤਾ।

ਇਨ੍ਹਾਂ ਅੱਠ ਕਹਾਣੀਆਂ ਵਿੱਚ ਪ੍ਰਸਤੁਤ ਕੀਤੀਆਂ ਕਥਾਨਕ ਰੂੜ੍ਹੀਆਂ ਨੂੰ ਵੀ ਅਸੀਂ ਪਿਛਲੀ ਵਰਗ ਵੰਡ ਅਨੁਸਾਰ ਹੀ ਵਿਚਾਰਾਂਗੇ। ਜਿਨ੍ਹਾਂ ਵਿੱਚ-

ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ
ਚਮਤਕਾਰੀ ਕਥਾਨਕ ਰੂੜ੍ਹੀਆਂ
ਸੰਸਾਰਕ ਕਥਾਨਕ ਰੂੜ੍ਹੀਆਂ

## ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ

1. **ਜੋਤਸ਼ੀ ਕੋਲੋਂ ਪੁੱਛਣਾ:** ਮੱਧਕਾਲੀਨ ਸਾਹਿਤ ਵਿੱਚੋਂ ਸਾਨੂੰ ਪਤਾ ਲੱਗਦਾ ਹੈ, ਕਿ ਉਸ ਸਮੇਂ ਲੋਕ ਆਪਣੇ ਭਵਿੱਖ ਨੂੰ ਜਾਣਨ ਬਾਰੇ ਬੜੇ ਉਤਸੁਕ ਸਨ ਅਤੇ ਉਹ ਪੰਡਤਾਂ, ਭਾਈਆਂ, ਜੋਤਸ਼ੀਆ ਜਨਮ-ਪੱਤਰੀਆਂ ਖੋਲ੍ਹਣ, ਵੇਖਣ ਤੇ ਦੱਸਣ ਵਾਲਿਆਂ ਤੇ ਵਿਸ਼ਵਾਸ ਕਰਦੇ ਹਨ, ਅਤੇ ਕਈ ਵਾਰੀ ਉਨ੍ਹਾਂ ਦੀਆਂ ਦੱਸੀਆਂ ਗੱਲਾਂ ਸੱਚ ਵੀ ਸਾਬਤ ਹੁੰਦੀਆਂ ਹਨ। ਇਸੇ ਤਰ੍ਹਾਂ ਰਾਜਾ ਰਸਾਲੂ ਦੀਆਂ ਇਨ੍ਹਾਂ ਦੰਤ-ਕਥਾਵਾਂ ਵਿੱਚ "ਰਾਜਾ ਰਸਾਲੂ ਨੇ ਦਿਉ ਨੂੰ ਕਿਵੇਂ ਮਾਰਿਆ" ਅਜਿਹੀ ਦੰਤ ਕਥਾ ਹੈ, ਜਿਸ ਵਿੱਚ ਜਦੋਂ ਰਾਜਾ ਰਸਾਲੂ ਬਾਰੇ ਦਿਉਆਂ ਨੂੰ ਪਤਾ ਲੱਗਦਾ ਹੈ ਤਾਂ ਉਹ ਆਪਣੇ ਇਕ ਜੋਤਸ਼ੀ ਭਰਾ ਕੋਲ ਜਾਂਦੇ ਹਨ ਅਤੇ ਪੁੱਛਦੇ ਹਨ ਕਿ ਰਾਜਾ ਰਸਾਲੂ ਕੀ ਸੱਚਮੁੱਚ ਹੀ ਪੈਦਾ ਹੋ ਗਿਆ ਹੈ? ਅਤੇ ਜਦੋਂ ਉਹ ਹਾਂ ਵਿੱਚ ਸਿਰ ਹਿਲਾਉਂਦਾ ਹੈ ਤਾਂ ਉਹ ਭੱਜ ਜਾਂਦੇ ਹਨ। "ਰਾਜਾ ਰਸਾਲੂ ਕਿਵੇਂ ਪੈਦਾ ਹੋਇਆ? " ਵਿੱਚ ਜਦੋਂ ਰਾਣੀ ਲੂਣਾ ਗਰਵਭਤੀ ਸੀ ਤਾਂ ਉਸ ਸਮੇਂ ਉਥੇ ਕੁਝ ਫ਼ਕੀਰ ਮੰਗਣ ਲਈ ਆਏ। ਰਾਣੀ ਨੇ ਪੁੱਛਿਆ ਕਿ, "ਲੜਕਾ ਪੈਦਾ ਹੋਵੇਗਾ ਕਿ ਲੜਕੀ" ਤਾਂ ਉਨ੍ਹਾਂ ਦੱਸ ਦਿੱਤਾ ਕਿ ਲੜਕਾ ਪੈਦਾ ਹੋਵੇਗਾ ਜੋ ਬੜਾ ਬਲਵਾਨ ਹੋਵੇਗ।

**ਸ਼ੁਭ ਜਾਂ ਅਸ਼ੁਭ ਸੰਬੰਧੀ ਰੂੜ੍ਹੀ:** ਕਿਸੇ ਚੀਜ਼, ਵਸਤੂ, ਆਦਮੀ, ਦਿਨ, ਤਿਉਹਾਰ ਆਦਿ ਸੰਬੰਧੀ ਵਿਅਕਤੀ ਦਾ ਸ਼ੁਭ ਜਾਂ ਅਸ਼ੁਭ ਮੰਨਣਾ ਲੰਮੇ ਸਮੇਂ ਤੋਂ ਚੱਲਿਆ ਆ ਰਿਹਾ ਹੈ। ਇਥੋਂ ਤੱਕ ਕਿ ਕਿਸੇ ਦੇ ਪੈਦਾ ਹੋਣ ਬਾਰੇ ਵੀ ਅਜਿਹੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਦੰਤ-ਕਥਾਵਾਂ ਵਿੱਚ ਵੀ ਇਹ ਕਥਾ "ਰਾਜਾ ਰਸਾਲੂ ਨੇ ਰਾਜਾ ਸਿਰਕਪ ਨਾਲ ਚੌਪੜ ਕਿਵੇਂ ਖੇਡੀ?" ਵਿੱਚ ਰਾਜਾ ਰਸਾਲੂ ਜਦੋਂ ਸਿਰਕਪ ਕੋਲੋਂ ਸਾਰੀਆਂ ਬਾਜ਼ੀਆਂ ਜਿੱਤ ਲੈਂਦਾ ਹੈ ਤਾਂ ਉਸੇ ਘੜੀ ਉਸ ਦਾ ਨੌਕਰ ਉਸ ਨੂੰ ਆ ਕੇ ਦੱਸਦਾਹੈ ਕਿ ਰਾਜਾ ਸਿਰਕਪ ਤੇਰੇ ਬੇਟੀ ਪੈਦਾ ਹੋਈ ਹੈ।" ਉਹ ਉਸ ਨੂੰ ਮਰਵਾਉਣ ਦੇ ਹੁਕਮ ਦਿੰਦਾ ਹੈ। ਕਿਉਂਕਿ ਇਹ ਉਸ ਲਈ ਅਸ਼ੁਭ ਹੈ। ਪਰ ਰਾਜਾ ਰਸਾਲੂ ਉਸ ਨੂੰ ਆਪਣੇ ਲਈ ਸ਼ੁਭ ਮੰਨ ਕੇ ਲੈ ਜਾਂਦਾ ਹੈ ਅਤੇ ਕਹਿੰਦਾ ਹੈ ਕਿ "ਜਦੋਂ ਇਹ ਵੱਡੀ ਹੋਵੇਗੀ ਤਾਂ ਮੈਂ ਇਸ ਨਾਲ ਵਿਆਹ ਕਰਾਵਾਗਾ।"

**ਸੰਖਿਆ ਸੰਬੰਧੀ ਰੂੜ੍ਹੀ:** ਇਹ ਰੂੜ੍ਹੀ ਵੀ ਅੰਤਰਰਾਸ਼ਟਰੀ ਪੱਧਰ ਤੇ ਪ੍ਰਚੱਲਤ ਹੈ, ਕਿਉਂਕਿ ਅੰਕਾਂ ਤੇ ਅੰਕਾਂ ਦੇ ਸ਼ੁਭ-ਅਸ਼ੁਭ ਹੋਣ ਵਿੱਚ ਵੀ ਲੋਕ ਵਿਸ਼ਵਾਸ ਕਰਦੇ ਹਨ। ਇਨ੍ਹਾਂ ਦੰਤ ਕਥਾਵਾਂ ਵਿੱਚ ਵੀ ਬਾਰਾਂ ਤੇ ਸੱਤਰ ਦੀ ਸੰਖਿਆ ਦਾ ਜ਼ਿਕਰ ਆਇਆ ਹੈ। ਬਾਰਾਂ ਸਾਲ ਦੇ ਬਾਰੇ ਅਸੀਂ ਪਿੱਛੇ ਵੀ ਜ਼ਿਕਰ ਕਰ ਆਏ ਹਾਂ। ਇਥੇ ਬਾਰਾਂ ਸਾਲ ਬਾਰੇ "ਰਾਜਾ ਰਸਾਲੂ ਕਿਵੇਂ ਪੈਦਾ ਹੋਇਆ" ਵਿੱਚ ਵੇਖਿਆ ਜਾ ਸਕਦਾ ਹੈ ਕਿ ਰਾਜਾ ਰਸਾਲੂ ਨੂੰ ਬਾਰਾਂ ਸਾਲ ਤੱਕ ਭੋਰੇ ਵਿੱਚ ਰੱਖਣ ਦਾ ਆਦੇਸ਼ ਦਿੱਤਾ ਜਾਂਦਾ ਹੈ ਤਾਂ ਕਿ ਉਹ ਆਪਣੇ ਮਾਤਾ-ਪਿਤਾ ਦੇ ਮੱਥੇ ਨਾ ਲੱਗੇ ਕਿਉਂਕਿ ਅਜਿਹਾ ਕਰਨ ਨਾਲ ਦੋਵਾਂ ਵਿੱਚੋਂ ਇਕ ਦੀ ਮੌਤ ਹੋ ਸਕਦੀ ਹੈ। ਰਾਜਾ ਰਸਾਲੂ ਦਾ ਸਿਰਕਪ ਨਾਲ ਚੌਪੜ ਖੇਡਣ ਸਮੇਂ ਜਦੋਂ ਰਾਜਾ ਸਿਰਕਪ ਆਪਣੀ ਜਾਨ ਵੀ ਹਾਰ ਜਾਂਦਾ ਹੈ ਤਾਂ ਉਸ ਨੂੰ ਕੁੜੀ ਦੇ ਜਨਮ ਦੀ ਖ਼ਬਰ ਮਿਲਦੀ ਹੈ। ਉਹ ਉਸ ਨੂੰ ਕਤਲ ਕਰਵਾਉਣਾ ਚਾਹੁੰਦਾ ਹੈ ਪਰ ਰਾਜਾ

ਰਸਾਲੂ ਉਸ ਨੂੰ ਲੈ ਲੈਂਦਾ ਹੈ ਅਤੇ ਬਾਰਾਂ ਸਾਲ ਬਾਅਦ ਉਸ ਨਾਲ ਵਿਆਹ ਕਰਵਾਉਂਦਾ ਹੈ। 12 ਮੀਲਾਂ ਬਾਰੇ ਵੀ ਜ਼ਿਕਰਹੈ। ਰਾਜਾ ਸਿਰਕਪ ਦੀਆਂ 70 ਕੁੜੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

## ਚਮਤਕਾਰੀ ਕਥਾਨਕ ਰੂੜ੍ਹੀਆਂ

**ਅਲੌਕਿਕ ਜਨਮ ਸੰਬੰਧੀ ਰੂੜ੍ਹੀ:** ਇਹ ਰੂੜ੍ਹੀ ਅੰਤਰਰਾਸ਼ਟਰੀ ਪੱਧਰ ਦੀ ਹੈ ਅਤੇ ਅਸਾਧਾਰਣ ਸ਼ਖ਼ਸੀਅਤ ਦਾ ਅਸਾਧਾਰਣ ਤਰੀਕੇ ਨਾਲ ਪੈਦਾ ਹੋਣ ਬਾਰੇ ਦੱਸਦੀ ਹੈ। ਵੈਸੇ ਵੀ ਉਸ ਸਮੇਂ ਵਿੱਚ ਲੋਕਾਂ ਵਿੱਚ ਇਕ ਤਾਂ ਪੁੱਤਰ ਦੀ ਪ੍ਰਾਪਤੀ ਲਈ ਹਰ ਹੀਲਾ-ਵਸੀਲਾ ਵਰਤਿਆ ਜਾਂਦਾ ਸੀ ਅਤੇ ਪੀਰਾਂ, ਫ਼ਕੀਰਾਂ, ਸੰਤਾਂ ਆਦਿ ਕੋਲੋਂ ਵੀ ਇਸ ਗੱਲ ਦੀ ਆਸ ਰੱਖੀ ਜਾਂਦੀ ਸੀ ਕਿਉਂਕਿ ਪੁੱਤਰ ਇਕ ਤਾਂ ਉਨ੍ਹਾਂ ਦੀ ਜਾਇਦਾਦ ਦਾ ਕਾਨੂੰਨੀ ਵਾਰਿਸ ਬਣਦਾ ਸੀ ਅਤੇ ਦੂਸਰਾ ਉਨ੍ਹਾਂ ਦੀ ਅੰਸ਼ ਵੀ ਇਸ ਨਾਲ ਅੱਗੇ ਚੱਲਦੀ ਸੀ। ਇਹ ਵੀ ਮੰਨਿਆ ਜਾਂਦਾ ਸੀ ਕਿ ਜਿਸ ਦੇ ਪੁੱਤਰ ਪੈਦਾ ਨਹੀਂ ਹੁੰਦਾ, ਉਹ ਨਰਕ ਦਾ ਭਾਗ਼ੀ ਬਣ ਜਾਂਦਾ ਹੈ। ਅਧਿਐਨ ਹੇਠ ਦੰਤ-ਕਥਾਵਾਂ ਵਿੱਚ "ਰਸਾਲੂ ਕਿਵੇਂ ਪੈਦਾ ਹੋਇਆ" ਵਿੱਚ ਰਸਾਲੂ ਦੇ ਪੈਦਾ ਹੋਣ ਬਾਰੇ ਜ਼ਿਕਰ ਹੈ। ਰਾਣੀ ਲੂਣਾ ਤੇ ਰਾਜਾ ਸਲਵਾਨ ਜਦੋਂ ਬਾਗ਼ ਵਿੱਚ ਫ਼ਕੀਰ ਬਣੇ ਪੂਰਨ ਨੂੰ ਮਿਲਣ ਜਾਂਦੇ ਹਨ ਤੇ ਆਪਣਾ ਦੁੱਖ ਦੱਸਦੇ ਹਨ ਤਾਂ ਉਹ ਉਨ੍ਹਾਂ ਨੂੰ ਇਕ ਚੌਲਾਂ ਦਾ ਦਾਣਾ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਇਸ ਦੇ ਖਾਣ ਨਾਲ ਤੇਰੇ ਇਕ ਪੁੱਤਰ ਪੈਦਾ ਹੋਵੇਗਾ, ਜਿਹੜਾ ਬੜਾ ਬਲਵਾਨ ਹੋਵੇਗਾ।

**ਪਸ਼ੂ, ਪੰਛੀਆਂ ਦਾ ਮਨੁੱਖੀ ਵਿਹਾਰ:** ਲੋਕ-ਸਾਹਿਤ ਵਿੱਚ ਅਨੇਕਾਂ ਕਹਾਣੀਆਂ ਵਿੱਚ ਪਸ਼ੂ-ਪੰਛੀਆਂ ਦਾ ਮਨੁੱਖੀ ਵਿਹਾਰ ਮਿਲਦਾ ਹੈ। ਜਿਨ੍ਹਾਂ ਵਿੱਚ ਜਾਨਵਰ, ਪਸ਼ੂ, ਪੰਛੀ ਆਦਿ ਦਾ ਮਾਨਵੀਕਰਨ ਕੀਤਾ ਗਿਆ ਹੈ ਅਤੇ ਉਹ ਮਨੁੱਖਾਂ ਵਾਂਗ ਬੋਲਦੇ, ਵਿਚਰਦੇ, ਵਚਨ ਕਰਦੇ ਤੇ ਪਾਲਦੇ ਨਜ਼ਰ ਆਉਂਦੇ ਹਨ। ਇਨ੍ਹਾਂ ਗਾਥਾਵਾਂ ਵਿੱਚ ਵੀ "ਰਾਜਾ ਰਸਾਲੂ ਕਿਵੇਂ ਪੈਦਾ ਹੋਇਆ" ਵਿੱਚ ਰਾਜਾ ਰਸਾਲੂ ਕੋਲ ਇਕ ਘੋੜਾ ਹੈ, ਜਿਹੜਾ ਉਸ ਦਿਨ ਹੀ ਪੈਦਾ ਹੋਇਆ ਸੀ, ਜਿਸ ਦਿਨ ਰਾਜਾ ਰਸਾਲੂ। ਉਹ ਉਸ ਨਾਲ ਰਹਿੰਦਾ, ਖੇਡਦਾ ਤੇ ਗੱਲਾਂ ਕਰਦਾ ਹੈ ਅਤੇ ਜਦੋਂ ਰਾਜਾ ਰਸਾਲੂ ਭੋਰੇ ਵਿੱਚੋਂ ਨਿਕਲ ਕੇ ਬਾਹਰੀ ਦੁਨੀਆਂ ਵਿੱਚ ਗਿਆ ਤਾਂ ਇਹ ਤੋਤਾ ਤੇ ਘੋੜਾ ਉਸ ਦੇ ਨਾਲ ਹੀ ਰਹੇ। "ਰਾਜਾ ਰਸ਼ਾਲੂ ਦੇ ਮਿੱਤਰਾਂ ਨੇ ਉਸ ਨੂੰ ਕਿਵੇਂ ਛੱਡਿਆ" ਵਿੱਚ ਜਦੋਂ ਰਸਾਲੂ ਤੇ ਉਸ ਦੇ ਦੋਸਤ ਘਰੋਂ ਨਿਕਲ ਪੈਂਦੇ ਹਨ ਤਾਂ ਰਸਤੇ ਵਿੱਚ ਉਨ੍ਹਾਂ ਨੂੰ ਰਾਤ ਪੈ ਜਾਂਦੀ ਹੈ ਤਾਂ ਪਹਿਲਾਂ ਤਰਖਾਣ ਪਹਿਰਾ ਦਿੰਦਾ ਹੈ, ਜਿਸ ਦੀ ਸੱਪ ਨਾਲ ਗੱਲਬਾਤ ਹੁੰਦੀ ਹੈ ਅਤੇ ਫਿਰ ਜਦੋਂ ਰਾਜਾ ਰਸਾਲੂ ਦੀ ਵਾਰੀ ਆਉਂਦੀ ਹੈ ਤਾਂ ਬਲਾਅ ਨਾਲ ਗੱਲਾਂ ਕਰਦਾ ਤੇ ਲੜਾਈ ਕਰ ਕੇ ਉਸ ਨੂੰ ਮਾਰ ਦਿੰਦਾ ਹੈ। "ਰਾਜਾ ਰਸਾਲੂ ਸਿਰਕਪ ਦੇ ਸ਼ਹਿਰ ਕਿਵੇਂ ਪੁੱਜਾ" ਵਿੱਚ ਜਦੋਂ ਰਾਜਾ ਰਸਾਲੂ ਰਾਜਾ ਸਿਰਕਪ ਨਾਲ ਚੌਪੜ ਖੇਡਣ ਲਈ ਜਾ ਰਿਹਾ ਸੀ ਤਾਂ ਰਸਤੇ ਵਿੱਚ ਉਸ ਨੂੰ ਹਨੇਰਾ ਹੋ ਗਿਆ ਅਤੇ ਤੂਫ਼ਾਨ ਆ ਗਿਆ। ਉਹ ਇਕ ਕਬਰਿਸਤਾਨ ਵਿੱਚ ਠਹਿਰਿਆ ਤਾਂ ਰਾਤ ਨੂੰ ਇਕ ਲੋਥ ਉੱਠੀ ਤੇ ਉਸ ਨਾਲ ਗੱਲਾਂ ਕਰਨ ਲੱਗੀ। ਉਹ ਲੋਥ ਉਸ ਨੂੰ ਰਾਜਾ ਸਿਰਕਪ ਨਾਲ ਚੌਪੜ ਖੇਡਣ ਦੀਆਂ ਜੁਗਤਾਂ ਵੀ ਦੱਸਦੀ ਹੈ।

**ਪ੍ਰਾਰਥਨਾ ਨਾਲ ਬਾਗ਼ ਦਾ ਹਰਾ ਭਰਾ ਹੋਣਾ:** ਬਾਗ਼ ਦੇ ਹਰਾ-ਭਰਾ ਹੋਣ ਬਾਰੇ ਚਾਹੇ ਉਹ ਕਿਸੇ ਜੋਗੀ, ਫ਼ਕੀਰ ਦੀ ਪ੍ਰਾਰਥਨਾ ਨਾਲ ਹੈ ਜਾਂ ਫਿਰ ਉਹ ਪਾਣੀ ਤਰੌਂਕਣ ਨਾਲ ਹੈ, ਪਰ ਬਾਗ਼ ਹਰਾ ਭਰਾ ਹੋ ਜਾਂਦਾ ਹੈ। ਇਸ ਬਾਰੇ ਵੀ ਅਸੀਂ ਇਨ੍ਹਾਂ ਕਥਾਵਾਂ ਵਿੱਚ "ਰਾਜਾ ਰਸਾਲੂ ਕਿਵੇਂ ਪੈਦਾ

ਹੋਇਆ" ਵਿੱਚ ਵੇਖਦੇ ਹਾਂ ਕਿ ਜਦੋਂ ਪੂਰਨ ਭਗਤ ਬਣ ਕੇ ਸਿਆਲਕੋਟ ਵਿੱਚ ਆਉਂਦਾ ਹੈ ਤਾਂ ਉਹ ਉਸ ਬਾਗ਼ ਵਿੱਚ ਆਇਆ, ਜਿਥੇ ਉਹ ਬਚਪਨ ਵਿੱਚ ਖੇਡਦਾ ਹੁੰਦਾ ਸੀ। ਉਸ ਨੇ ਪ੍ਰਾਰਥਨਾ ਕਰ ਕੇ ਪਾਣੀ ਤਰੌਂਕਿਆ ਤਾਂ ਉਹ ਸੁੱਕਿਆ ਬਾਗ਼ ਹਰਿਆ-ਭਰਿਆ ਹੋ ਗਿਆ। ਇਸ ਗੱਲ ਦੀ ਚਰਚਾ ਆਸ-ਪਾਸ ਦੇ ਇਲਾਕੇ ਵਿੱਚ ਫੈਲ ਗਈ।

**ਅੱਖਾਂ ਦਾ ਵਾਪਿਸ ਆਉਣਾ:** ਇਹ ਰੂੜ੍ਹੀ ਵੀ ਅੰਤਰਰਾਸ਼ਟਰੀ ਪੱਧਰ ਦੀ ਹੈ ਕਿ ਕਿਸੇ ਸੰਤ, ਮਹਾਤਮਾ, ਪੀਰ, ਫ਼ਕੀਰ ਭਗਤ ਦੀ ਪ੍ਰਾਰਥਨਾ ਜਾਂ ਕੋਈ ਦੇਣ ਜਾਂ ਫੇਰਨ ਨਾਲ ਅੱਖਾਂ ਵਿੱਚ ਰੌਸ਼ਨੀ ਵਾਪਿਸ ਆ ਜਾਂਦੀ ਹੈ। "ਰਾਜਾ ਰਸਾਲੂ ਕਿਵੇਂ ਪੈਦਾ ਹੋਇਆ" ਵਿੱਚ ਜਦੋਂ ਪੂਰਨ ਭਗਤ ਬਣ ਕੇ ਬਾਗ਼ ਵਿੱਚ ਸਿਆਲਕੋਟ ਆਇਆ ਤਾਂ ਉਥੇ ਉਸ ਦੀ ਮਾਂ ਇੱਛਰਾਂ ਵੀ ਆਈ ਜਿਹੜੀ ਕਿ ਆਪਣੇ ਪੁੱਤਰ ਦੇ ਵਿਛੋੜੇ ਵਿੱਚ ਰੋ-ਰੋ ਕੇ ਬੇਹਾਲ ਹੋ ਗਈ ਸੀ। ਉਸ ਦੀਆਂ ਅੱਖਾਂ ਦੀ ਜੋਤ ਵੀ ਚਲੀ ਗਈ ਸੀ ਪਰ ਪੂਰਨ ਭਗਤ ਨੇ ਪ੍ਰਾਰਥਨਾ ਕਰ ਕੇ ਉਸ ਦੀਆਂ ਅੱਖਾਂ ਦੀ ਜੋਤ ਵਾਪਿਸ ਲੈ ਆਂਦੀ।

ਇਸ ਤਰ੍ਹਾਂ ਹੋਰ ਵੀ ਚਮਤਕਾਰੀ ਰੂੜ੍ਹੀਆਂ ਹਨ ਜਿਨ੍ਹਾਂ ਵਿੱਚ ਚਮਤਕਾਰੀ ਵਸਤੂਆਂ ਵਿੱਚੋਂ "ਮੁੱਛ ਦਾ ਵਾਲ" ਜਿਹੜਾ ਕਿ ਅਨੇਕਾਂ ਟਿੱਡਿਆਂ ਨੂੰ ਸੱਦ ਲੈਂਦਾ ਹੈ ਅਤੇ ਰੇਤ ਦੇ ਬਾਜਰਾ ਜਿਹੜਾ ਰਸਾਲੂ ਨੂੰ ਅਲੱਗ-ਅਲੱਗ ਕਰਨ ਲਈ ਦਿੱਤਾ ਗਿਆ ਸੀ, ਅਲੱਗ ਕਰ ਦਿੰਦਾ ਹੈ, ਆਦਿ ਰੂੜ੍ਹੀਆਂ ਮਿਲਦੀਆਂ ਹਨ।

**ਸੰਸਾਰਕ ਕਥਾਨਕ ਰੂੜ੍ਹੀਆਂ:** ਸੰਸਾਰਕ ਰੂੜ੍ਹੀਆਂ ਨੂੰ ਅੱਗੋਂ ਤਿੰਨਾਂ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਸੰਭਾਵੀ ਕਥਾਨਕ ਰੂੜ੍ਹੀਆਂ, ਸੰਭਵ ਕਥਾਨਕ ਰੂੜ੍ਹੀਆਂ, ਸੁਭਾਵਿਕ ਕਥਾਨਕ ਰੂੜ੍ਹੀਆਂ।

**ਸੰਭਾਵੀ ਕਥਾਨਕ ਰੂੜ੍ਹੀਆਂ :** ਇਨ੍ਹਾਂ ਵਿਚਲੀਆਂ ਘਟਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਆਮ ਤੌਰ 'ਤੇ ਇਹ ਘਟਨਾਵਾਂ ਵਾਪਰਦੀਆਂ ਨਹੀਂ ਹਨ। ਇਸ ਸੰਗ੍ਰਹਿ ਵਿੱਚ ਉਪਰੋਕਤ ਵਿਸ਼ੇ ਦੀਆਂ ਹੇਠ ਲਿਖੀਆਂ ਰੂੜ੍ਹੀਆਂ ਉਪਲਬਧ ਹਨ।

**1. ਹੱਥ ਪੈਰ ਕੱਟ ਕੇ ਖੂਹ ਵਿੱਚ ਸੁੱਟਣਾ :** ਇਹ ਰੂੜ੍ਹੀ ਸਾਨੂੰ ਪੰਜਾਬੀ ਸਾਹਿਤ ਵਿੱਚ ਪੂਰਨ ਦੀ ਕਥਾ ਨਾਲ ਸੰਬੰਧਿਤ ਮਿਲਦੀ ਹੈ ਪਰ ਪਿੱਛੇ ਇਸ ਬਾਰੇ ਅਸੀਂ ਜ਼ਿਕਰ ਕੀਤਾ ਹੈ ਕਿ ਯੂਸਫ਼ ਵਰਗਿਆਂ ਨੂੰ ਵੀ ਖੂਹ ਵਿੱਚ ਭਰਾਵਾਂ ਵੱਲੋਂ ਈਰਖਾ ਵੱਸ ਸੁੱਟ ਦਿੱਤਾ ਜਾਂਦਾ ਹੈ। ਪਹਿਲੀ ਕਥਾ "ਰਾਜਾ ਰਸਾਲੂ ਕਿਵੇਂ ਪੈਦਾ ਹੋਇਆ" ਵਿੱਚ ਰਾਜਾ ਰਸਾਲੂ ਦਾ ਵੱਡਾ ਭਰਾ ਪੂਰਨ ਜਦੋਂ ਭੋਰੇ ਵਿੱਚੋਂ ਬਾਹਰ ਆਉਂਦਾ ਹੈ ਤਾਂ ਉਸ ਦੀ ਮਤਰੇਈ ਮਾਂ ਲੂਣਾ ਉਸ ਉਤੇ ਮੋਹਿਤ ਹੋ ਜਾਂਦੀ ਹੈ ਪਰ ਪੂਰਨ ਆਪਣਾ ਦਾਮਨ ਸਾਫ਼ ਰੱਖਦਾ ਹੈ। ਲੂਣਾ ਉਸ ਉੱਤੇ ਝੂਠਾ ਇਲਜ਼ਾਮ ਲਗਾਉਂਦੀ ਹੈ ਅਤੇ ਉਸ ਦੇ ਪਿਤਾ ਸਲਵਾਨ ਕੋਲ ਸ਼ਿਕਾਇਤ ਕਰਦੀ ਹੈ ਕਿ, "ਪੂਰਨ ਨੇ ਮੇਰੀ ਸੇਜ਼ ਮਾਣਨ ਦੀ ਕੋਸ਼ਿਸ਼ ਕੀਤੀ ਹੈ।" ਸਲਵਾਨ ਇਹ ਗੱਲ ਸੁਣ ਕੇ ਗੁੱਸੇ ਵਿੱਚ ਆ ਜਾਂਦਾ ਹੈ ਅਤੇ ਪੂਰਨ ਦੇ ਹੱਥ-ਪੈਰ ਕੱਟ ਕੇ ਖੂਹ ਵਿੱਚ ਸੁੱਟਣ ਬਾਰੇ ਹੁਕਮ ਕਰਦਾ ਹੈ।

**ਮੋਹਿਤ ਹੋਣਾ :** ਇਸ ਸੰਬੰਧੀ ਇਸ ਸੰਗ੍ਰਹਿ ਦੀਆਂ ਦੰਤ-ਕਥਾਵਾਂ ਵਿੱਚੋਂ ਅਸੀਂ ਰਾਜਾ ਰਸਾਲੂ ਦਾ ਜੋਗੀ ਬਣ ਕੇ ਸੁੰਦਰਾਂ ਦੇ ਮਹੱਲ ਵਿੱਚ ਭਿੱਖਿਆ ਮੰਗਣ ਜਾਣ ਸਮੇਂ ਸੁੰਦਰਾਂ ਉਸ ਨੂੰ ਵੇਖਦੇ ਸਾਰ ਹੀ ਉਸ ਉੱਤੇ ਮੋਹਿਤ ਹੋ ਜਾਂਦੀ ਹੈ ਅਤੇ ਬੇਹੋਸ਼ ਹੋ ਕੇ ਡਿੱਗ ਜਾਂਦੀ ਹੈ। "ਰਾਜਾ ਰਸਾਲੂ ਜੋਗੀ ਕਿਵੇਂ ਬਣਿਆ" ਵਿੱਚ ਹੈ ਅਤੇ "ਰਾਜਾ ਰਸਾਲੂ ਨੇ ਕਿਵੇਂ ਰਾਜਾ ਸਿਰਕਪ ਦੀਆਂ ਸੱਤ ਕੁੜੀਆਂ ਨੂੰ ਹੂਟਾ ਦਿੱਤਾ" ਵਿੱਚ ਜਦੋਂ ਰਾਜਾ ਰਸਾਲੂ ਸਿਰਕਪ ਦੇ ਸ਼ਹਿਰ ਪਹੁੰਚਿਆ ਤਾਂ ਉਸ ਦੀਆਂ ਸੱਤਰ ਖ਼ੂਬਸੂਰਤ ਕੁੜੀਆਂ ਨਾਲ ਉਸ ਦਾ ਸਾਹਮਣਾ ਹੋਇਆ। ਜਿਨ੍ਹਾਂ ਵਿੱਚੋਂ ਸਭ ਤੋਂ

ਛੋਟੀ ਰਾਜਾ ਰਸਾਲੂ ਦੀ ਸੁੰਦਰਤਾ ਵੇਖ ਕੇ ਉਸ ਉੱਤੇ ਮੋਹਿਤ ਹੋ ਗਈ। ਮੋਹਿਤ ਹੋਣ ਬਾਰੇ ਰੂੜ੍ਹੀ ਵੀ ਬੜੀ ਪ੍ਰਚੱਲਤ ਤੇ ਪ੍ਰਮੁੱਖ ਰੂੜ੍ਹੀ ਹੈ।

**ਕਦੇ ਹੱਸਣਾ ਤੇ ਕਦੇ ਰੋਣਾ :** ਇਹ ਰੂੜ੍ਹੀ ਪੰਜਾਬੀ ਲੋਕ-ਸਾਹਿਤ ਦਾ ਸ਼ਿੰਗਾਰ ਰਹੀ ਹੈ। ਇਸ ਵਿੱਚ ਕਿਸੇ ਭਾਵੀ ਘਟਨਾ ਦੇ ਹੋਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ। ਇਸ ਸੰਗ੍ਰਹਿ ਵਿੱਚ ਰਾਜਾ ਰਸਾਲੂ ਨਾਲ ਸੰਬੰਧਿਤ ਦੰਤ-ਕਥਾਵਾਂ ਵਿੱਚ "ਰਾਜਾ ਰਸਾਲੂ ਨੇ ਦਿਉ ਨੂੰ ਕਿਵੇਂ ਮਾਰਿਆ" ਵਿੱਚ ਜਦੋਂ ਰਾਜਾ ਰਸਾਲੂ ਨੀਲਾ ਸ਼ਹਿਰ ਵਿੱਚ ਪਹੁੰਚਦਾ ਹੈ ਤਾਂ ਉਥੇ ਇਕ ਬੁੱਢੀ ਔਰਤ ਨੂੰ ਮਿਲਦਾ ਹੈ। ਜਿਹੜੀ ਕਦੇ ਰੋਂਦੀ ਸੀ ਤੇ ਹੱਸਦੀ ਸੀ। ਰਾਜਾ ਰਸਾਲੂ ਦੇ ਪੁੱਛਣ 'ਤੇ ਉਹ ਦੱਸਦੀ ਹੈ ਕਿ ਇਸ ਸ਼ਹਿਰ ਵਿੱਚ ਇਕ ਦਿਉ ਆਉਂਦਾ ਹੈ, ਜਿਹੜਾ ਰੋਜ਼ ਇਕ ਆਦਮੀ ਖਾਂਦਾ ਹੈ। ਮੇਰੇ ਸੱਤ ਪੁੱਤਰ ਸਨ, ਜਿਨ੍ਹਾਂ ਵਿੱਚੋਂ ਛੇ ਮਰ ਗਏ ਹਨ। ਅੱਜ ਸੱਤਵੇਂ ਦੀ ਵਾਰੀ ਹੈ। ਰਾਜਾ ਰਸਾਲੂ ਉਸ ਨੂੰ ਤਸੱਲੀ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਤੇਰੇ ਪੁੱਤਰ ਦੀ ਜਗ੍ਹਾ ਮੈਂ ਜਾਵਾਂਗਾ। ਇਹ ਕਥਾਨਕ ਰੂੜ੍ਹੀ ਸੰਭਵ ਕਥਾਨਕ ਰੂੜ੍ਹੀਆਂ ਦੇ ਅੰਤਰਗਤ ਆਉਂਦੀ ਹੈ।

ਇਸ ਤਰ੍ਹਾਂ ਦੀਆਂ ਹੋਰ ਵੀ ਆਮ ਗੱਲਾਂ ਜਿਹੜੀਆਂ ਕਿ ਸਾਨੂੰ ਇਨ੍ਹਾਂ ਕਿੱਸਿਆਂ ਕਹਾਣੀਆਂ ਜਾਂ ਲੋਕ-ਸਾਹਿਤ ਵਿੱਚ ਆਮ ਮਿਲਦੀਆਂ ਹਨ, ਵਿੱਚ ਮੋਹਿਤ ਹੋਣ ਬਾਰੇ, ਖੇਡਣ ਤੋਂ ਪਹਿਲਾਂ ਸ਼ਰਤਾਂ ਨਿਰਧਾਰਿਤ ਕਰਨ ਬਾਰੇ, ਅਲਖ ਜਗਾਉਣ ਬਾਰੇ ਆਦਿ ਅਸੀਂ ਵੇਖ ਸਕਦੇ ਹਾਂ।

**ਫਲੋਰਾ. ਐਨੀ. ਸਟੀਲ ਦੀਆਂ ਇਕੱਤਰ ਕੀਤੀਆਂ ਲੋਕ-ਕਹਾਣੀਆਂ ਦੇ ਆਧਾਰ ਤੇ ਕਥਾਨਕ ਰੂੜ੍ਹੀਆਂ ਦਾ ਸਮਾਜਕ ਤੇ ਸਭਿਆਚਾਰਕ ਮਹੱਤਵ**

ਅਧਿਐਨ ਹੇਠ ਆਈਆਂ ਕਥਾਨਕ ਰੂੜ੍ਹੀਆਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਰੂੜ੍ਹੀਆਂ ਦਾ ਇਨ੍ਹਾਂ ਪ੍ਰਸਤੁਤ ਕਹਾਣੀਆਂ ਦੇ ਬਣਨ ਦੇ ਵਿਕਾਸ ਕਰਨ ਵਿੱਚ ਵਿਸ਼ੇਸ਼ ਸਥਾਨ ਹੈ। ਸਮਾਜਕ ਤੇ ਸਭਿਆਚਾਰਕ ਪੱਖ ਤੋਂ ਅਧਿਐਨ ਕਰਦਿਆਂ ਪਤਾ ਲੱਗਦਾ ਹੈ ਕਿ ਉਦੋਂ ਵੀ ਸਮਾਜ ਸ਼੍ਰੇਣੀ ਵੰਡ ਦਾ ਸ਼ਿਕਾਰ ਸੀ ਅਤੇ ਇਹ ਸ਼੍ਰੇਣੀ ਅਮੀਰ ਤੇ ਗ਼ਰੀਬ ਵਰਗ ਵਿੱਚ ਵੰਡੀ ਹੋਈ ਸੀ। ਜ਼ਿਆਦਾ ਕਹਾਣੀਆਂ ਵਿੱਚ ਰਾਜਿਆਂ, ਮਹਾਰਾਜਿਆਂ, ਰਾਣੀਆਂ ਦਾ ਜ਼ਿਕਰ ਮਿਲਦਾ ਹੈ। ਪਰਜਾ ਦਾ ਰਾਜੇ ਉੱਤੇ ਅਥਾਹ ਵਿਸ਼ਵਾਸ ਸੀ। ਰਾਜੇ ਵੀ ਆਪਣੀ ਪਰਜਾ ਪ੍ਰਤੀ ਵਫ਼ਾਦਾਰ ਰਹਿੰਦੇ ਸਨ ਪਰ ਉਨ੍ਹਾਂ ਦੀਆਂ ਜਗੀਰਦਾਰ ਰੁਚੀਆਂ ਦਾ ਜ਼ਿਕਰ ਵੀ ਮਿਲਦਾ ਹੈ। ਰਾਜਿਆਂ ਦਾ ਆਪਣੀ ਕੁਲ ਨੂੰ ਤੋਰਨ ਲਈ ਲੜਕੇ ਦੀ ਕਾਮਨਾ ਕਰਨਾ ਅਤੇ ਜ਼ਿਆਦਾ ਬੱਚੇ ਪੈਦਾ ਕਰਨ ਦੀ ਇੱਛਾ ਕਰਨ ਬਾਰੇ ਵੀ ਪਤਾ ਲੱਗਦਾ ਹੈ। ਦੂਸਰੀਆਂ ਔਰਤਾਂ ਪ੍ਰਤੀ ਖਿੱਚ ਤੇ ਵੇਖਦੇ ਹੀ ਮੋਹਿਤ ਹੋ ਜਾਣਾ ਅਤੇ ਔਰਤ ਦੀ ਪ੍ਰਾਪਤੀ ਲਈ ਤੜਪਣਾ ਆਮ ਸੀ। ਰਾਜੇ ਦੀ ਚੋਣ ਸਾਧਾਰਨ ਤੋਂ ਅਸਾਧਾਰਨ ਤਤਰੀਕੇ ਨਾਲ ਵੀ ਹੋ ਜਾਂਦੀ ਸੀ ਜਿਵੇਂ ਇਕ ਰਾਜੇ ਦੀ ਚੋਣ ਪਵਿੱਤਰ ਹਾਥੀ ਦੇ ਪ੍ਰਣਾਮ ਕਰਨ ਨਾਲ ਹੋ ਜਾਂਦੀ ਹੈ। ਰਾਜਿਆਂ ਕੋਲ ਅਥਾਹ ਦੌਲਤ ਸੀ, ਪਰ ਸਧਾਰਨ ਲੋਕ ਆਪਣਾ ਕੰਮ ਖੇਤੀਬਾੜੀ ਜਾਂ ਛੋਟੇ-ਮੋਟੇ ਵਪਾਰ ਨਾਲ ਸਾਰਦੇ ਸਨ।

ਪਰਿਵਾਰਕ ਤੌਰ 'ਤੇ ਸਮਾਜ ਮਰਦ ਪ੍ਰਧਾਨ ਸੀ। ਔਰਤ ਦੀ ਹਾਲਤ ਉਸ ਸਮੇਂ ਵੀ ਤਰਸਯੋਗ ਸੀ। ਉਸ ਦੇ ਕੋਲ ਆਪਣੇ ਕੋਈ ਅਧਿਕਾਰ ਨਹੀਂ ਸਨ। ਇਕ ਆਦਮੀ ਕਈ ਔਰਤਾਂ ਰੱਖ ਸਕਦਾ ਸੀ। ਰਾਜੇ ਤਾਂ ਹਰ ਸੁੰਦਰ ਔਰਤ 'ਤੇ ਮੋਹਿਤ ਹੋ ਜਾਂਦੇ ਸਨ ਅਤੇ ਪ੍ਰਾਪਤੀ ਲਈ ਵਿਆਕੁਲ ਹੋ ਜਾਂਦੇ ਸਨ। ਇਕ ਰਾਜਾ ਤਾਂ ਸੁਨਿਹਰੀ ਵਾਲਾਂ ਵਾਲੀ ਕੁੜੀ ਨਾਲ ਵਿਆਹ ਕਰਵਾਉਣ ਦੀ ਸ਼ਰਤ ਰੱਖਦਾ ਹੈ। ਕੁੜੀਆਂ ਦਾ ਵਿਆਹ ਛੋਟੀ ਉਮਰ ਵਿੱਚ ਕਰ ਦਿੱਤਾ ਜਾਂਦਾ ਸੀ। ਇਥੋਂ ਤੱਕ ਕਿ ਰਾਜਾ ਰਸਾਲੂ ਰਾਜਾ ਸਿਰਕਪ ਦੀ ਨਵ-ਜਨਮੀ ਬੱਚੀ ਨਾਲ ਵਿਆਹ ਕਰ

ਲੈਂਦਾ ਹੈ ਅਤੇ ਬਾਰਾਂ ਸਾਲ ਤੱਕ ਉਸ ਦੇ ਜੁਆਨ ਹੋਣ ਦੀ ਉਡੀਕ ਕਰਦਾ ਹੈ। ਨੈਤਿਕ ਪੱਧਰ ਤੇ ਦੂਸਰਿਆਂ ਦੀਆਂ ਔਰਤਾਂ 'ਤੇ ਨਜ਼ਰ ਰੱਖਣਾ, ਉਧਾਲਾ ਕਰਨਾ, ਧੋਖੇ ਨਾਲ ਕਿਸੇ ਔਰਤ ਨੂੰ ਲੈ ਜਾਣਾ, ਔਰਤ ਨੂੰ ਵੇਖ ਕੇ ਮੂਰਛਿਤ ਹੋ ਜਾਣਾ ਆਮ ਜਿਹੀ ਗੱਲ ਸੀ। ਗ਼ਰੀਬੀ, ਬੇਰੁਜ਼ਗਾਰੀ, ਚੋਰੀ, ਉਧਾਲਾ ਆਮ ਜਿਹੀਆਂ ਘਟਨਾਵਾਂ ਸਨ। ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ ਵਿੱਚ ਭਵਿੱਖ ਬਾਣੀਆਂ, ਸ਼ਗਨਾਂ-ਅਪਸ਼ਗਨਾਂ, ਵਹਿਮਾਂ-ਭਰਮਾਂ, ਰੀਤੀ-ਰਿਵਾਜਾਂ ਦਾ ਜ਼ਿਕਰ ਹੈ। ਭਵਿੱਖ ਬਾਣੀਆਂ ਰਾਹੀਂ ਕਿਸੇ ਭਾਵੀ ਘਟਨਾ ਦੇ ਹੋਣ ਜਾਂ ਫਿਰ ਕਿਸੇ ਖ਼ਾਸ ਸ਼ਖ਼ਸੀਅਤ ਦੇ ਜਨਮ ਤੋਂ ਪਹਿਲਾਂ ਪਤਾ ਲੱਗਣਾ ਆਦਿ ਦਾ ਵਰਣਨ ਹੈ। ਸ਼ਗਨ-ਅਪਸ਼ਗਨਾਂ, ਵਹਿਮਾਂ-ਭਰਮਾਂ ਵਿੱਚ ਦਿਨਾਂ, ਤਿਉਹਾਰਾਂ, ਸੰਖਿਆਵਾਂ, ਪਸ਼ੂ-ਪੰਛੀਆਂ, ਜਾਨਵਰਾਂ, ਜਨੌਰਾਂ ਆਦਿ ਬਾਰੇ ਬਹੁਤ ਸਾਰੇ ਵਿਸ਼ਵਾਸਪਰਕ ਗੱਲਾਂ ਦਾ ਜ਼ਿਕਰ ਹੈ।

ਕਥਾਨਕ ਰੂੜ੍ਹੀਆਂ ਦੇ ਅਧਿਐਨ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਲੋਕ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਵਿੱਚ ਘਿਰੇ ਹੋਏ ਸਨ। ਪੀਰਾਂ-ਫ਼ਕੀਰਾਂ, ਸਾਧੂ-ਸੰਤਾਂ, ਮਹਾਤਮਾਵਾਂ, ਭਗਤਾਂ ਤੇ ਅਟੱਲ ਵਿਸ਼ਵਾਸ ਸੀ। ਅਨੇਕਾਂ ਜੋਗੀ ਜਾਂ ਸਥਾਨਕ ਧਾਰਮਿਕ ਆਗੂ ਜਿਹੜੇ ਕਿ ਲੋਕਾਂ ਦੀਆਂ ਛੋਟੀਆਂ-ਛੋਟੀਆਂ ਤੋਂ ਲੈ ਕੇ ਵੱਡੀਆਂ ਬਿਮਾਰੀਆਂ ਦੂਰ ਕਰਨ ਤੇ ਚਮਤਕਾਰ ਕਰਨ ਦੀ ਸਮਰੱਥਾ ਰੱਖਦੇ ਸਨ। ਪੁੱਤਰ ਦੀ ਪ੍ਰਬਲ ਇੱਛਾ ਦੀ ਪੂਰਤੀ ਸੰਬੰਧੀ ਇਨ੍ਹਾਂ ਪੀਰਾਂ-ਫ਼ਕੀਰਾਂ ਦੀਆਂ ਅਨੇਕਾਂ ਕਹਾਣੀਆਂ ਮੌਜੂਦ ਹਨ। ਲੋਕਾਂ ਦੀ ਦੇਵੀ-ਦੇਵਤਿਆਂ, ਜਿੰਨਾਂ, ਭੂਤਾਂ, ਪ੍ਰੇਤਾਂ, ਪਰੀਆਂ, ਜੰਤਰ-ਮੰਤਰ, ਗ਼ੈਬੀ ਸ਼ਕਤੀਆਂ, ਰੂਹਾਂ ਆਦਿ ਬਾਰੇ ਅਟੱਲ ਵਿਸ਼ਵਾਸ ਇਨ੍ਹਾਂ ਕਹਾਣੀਆਂ ਵਿੱਚ ਦੇਖਿਆ ਜਾ ਸਕਦਾ ਹੈ।

ਪਸ਼ੂ-ਪੰਛੀਆਂ ਅਤੇ ਕਈ ਵਾਰ ਅਦਭੁਤ ਚੀਜ਼ਾਂ ਦਾ ਮਾਨਵੀਕਰਨ ਕੀਤਾ ਗਿਆ ਮਿਲਦਾ ਹੈ। ਉਹ ਮਨੁੱਖਾਂ ਵਾਂਗ ਬੋਲਦੇ, ਵਚਨ ਦਿੰਦੇ ਤੇ ਪੂਰੇ ਵੀ ਕਰਦੇ ਦੱਸੇ ਗਏ ਹਨ। ਇਹ ਵੀ ਉਸ ਸਮਾਜ ਵਿੱਚ ਅਜਿਹੀਆਂ ਚੀਜ਼ਾਂ ਤੇ ਅਟੱਲ ਵਿਸ਼ਵਾਸ ਦਾ ਪ੍ਰਗਟਾਵਾ ਕਰਦਾ ਹੈ। ਸੁਪਨਿਆਂ ਤੇ ਸੁਪਨਿਆਂ ਵਿਚਲੀਆਂ ਘਟਨਾਵਾਂ ਦਾ ਵਿਅਕਤੀ ਨਾਲ ਗੂੜ੍ਹਾ ਰਿਸ਼ਤਾ ਰਿਹਾ ਹੈ। ਮੁਰਦਿਆਂ ਨੂੰ ਜ਼ਿੰਦਾ ਕਰਨ ਦੀਆਂ ਵੀ ਅਨੇਕਾਂ ਮਿਸਾਲਾਂ ਹਨ। ਇਥੋਂ ਤੱਕ ਕਿ ਰਾਜਾ ਕਰਨ ਤੇ ਬਿਕਰਮਾਜੀਤ ਵਰਗੇ ਤਾਂ ਆਪਣਾ-ਆਪ ਫ਼ਕੀਰ ਨੂੰ ਤਲਵਾਉਣ ਨੂੰ ਦਿੰਦੇ ਹਨ ਅਤੇ ਉਹ ਬਾਅਦ ਵਿੱਚ ਹੱਡੀਆਂ ਇਕੱਠੀਆਂ ਕਰ ਕੇ ਮੁੜ ਪਹਿਲਾਂ ਵਰਗਾ ਬਣਾ ਦਿੰਦਾ ਹੈ।

ਕਈ ਬੀਮਾਰੀਆਂ ਦਾ ਜ਼ਿਕਰ ਵੀ ਆਉਂਦਾ ਹੈ, ਜਿਹੜੀਆਂ ਲਾ-ਇਲਾਜ ਹਨ ਪਰ ਮੁੜ ਕਿਸੇ ਫ਼ਕੀਰ ਦੀ ਦੁਆ ਜਾਂ ਫਿਰ ਕਿਸੇ ਸਾਧਾਰਨ ਚੀਜ਼ ਨਾਲ ਠੀਕ ਹੋ ਜਾਂਦੀ ਹੈ।

ਸੰਸਾਰਕ ਰੂੜ੍ਹੀਆਂ ਤੋਂ ਪਤਾ ਲੱਗਦਾ ਹੈ, ਵਿਆਹ ਸ਼ਾਦੀਆਂ ਵਿੱਚ ਕਈ ਪ੍ਰਕਾਰ ਦੀਆਂ ਰੀਤਾਂ-ਰਸਮਾਂ ਕੀਤੀਆਂ ਜਾਂਦੀਆਂ ਸਨ ਅਤੇ ਇਥੋਂ ਤੱਕ ਕਿ ਵਿਆਹ ਲਈ ਸ਼ਰਤਾਂ ਵੀ ਰੱਖੀਆਂ ਜਾਂਦੀਆਂ ਸਨ। ਹੱਸਣ, ਰੋਣ, ਸਹੁੰ ਖਾਣ ਸੰਬੰਧੀ ਵੀ ਸਮਾਜਕ ਤੌਰ 'ਤੇ ਕਈ ਧਾਰਨਾਵਾਂ ਮੌਜੂਦ ਸਨ। ਇਸ ਤਰ੍ਹਾਂ ਇਨ੍ਹਾਂ ਕਹਾਣੀਆਂ ਵਿੱਚ ਸਮਾਜਕ ਤੇ ਸਭਿਆਚਾਰਕ ਤੌਰ 'ਤੇ ਜਿਹੜੀ ਤਸਵੀਰ ਬਣਦੀ ਹੈ, ਉਹ ਇਨ੍ਹਾਂ ਰੂੜ੍ਹੀਆਂ ਰਾਹੀਂ ਵੀ ਵੇਖੀ ਜਾ ਸਕਦੀ ਹੈ। ਇਸ ਸਭ ਕੁਝ ਤੋਂ ਹੀ ਪੰਜਾਬੀ ਸਭਿਆਚਾਰ ਦੀ ਖੜੋਤ ਤੇ ਇਸ ਦੇ ਪੱਛੜੇਪਣ ਦਾ ਅਹਿਸਾਸ ਵੀ ਸਾਹਮਣੇ ਆਉਂਦਾ ਹੈ, ਜਿਸ ਉੱਪਰ ਮਾਣ ਕਰਨ ਦੀ ਬਜਾਇ ਇਸ ਉੱਪਰ ਚਿੰਤਨ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ।

# ਹਵਾਲੇ ਤੇ ਟਿੱਪਣੀਆਂ


1. ਵਣਜਾਰਾ ਬੇਦੀ, ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ 69.
2. ਉਹੀ, ਪੰਜਾਬ ਦੀ ਲੋਕਧਾਰਾ, ਪੰਨੇ 148–149.
3. ਨਰਿੰਦਰ ਦੁਲੇ, ਭਾਰਤੀ ਲੋਕ-ਕਥਾਵਾਂ, ਮੁਖਬੰਦ
4. ਜੋਗਿੰਦਰ ਸਿੰਘ ਕੈਰੋਂ, ਪੰਜਾਬੀ ਲੋਕ ਵਾਰਤਾ, ਭੂਮਿਕਾ, ਪੰਨਾ 12.
5. ਉਹੀ।
6. ਵਣਜਾਰਾ ਬੇਦੀ, ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ 69.
7. ਉਹੀ, ਪੰਨਾ 71.
8. ਕੰਵਲਜੀਤ ਗਰੇਵਰ, ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿੱਚ ਕਥਾਨਕ ਰੂੜ੍ਹੀਆਂ, ਪੰਨਾ 92.
9. ਦੀਵਾਨ ਸਿੰਘ, ਸੂਫ਼ੀਵਾਦ ਤੇ ਹੋਰ ਲੇਖ, ਪੰਨਾ 137.
10. ਪਵਿੱਤਰ ਬਾਈਬਲ, ਮਰਕੁਸ 5, ਪੰਨਾ 49.
11. ਚਰਨਜੀਤ ਸਿੰਘ ਗੁਮਟਾਲਾ, ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜ੍ਹੀਆਂ, ਪੰਨੇ 99-100
12. ਉਹੀ, ਪੰਨਾ 109
13. ਆਰ. ਸੀ. ਟੈਂਪਲ, ਪੰਜਾਬ ਦੀਆਂ ਲੋਕ-ਗਾਥਾਵਾਂ, ਜਿਲਦ ਪਹਿਲੀ, ਭੂਮਿਕਾ, ਪੰਨਾ 12.

# ਨਿਸ਼ਕਰਸ਼

ਪੰਜਾਂ ਦਰਿਆਵਾਂ ਦੀ ਧਰਤੀ ਜਿਸ ਨੂੰ ਵੱਖ-ਵੱਖ ਸਮਿਆਂ ਵਿੱਚ ਵੱਖ-ਵੱਖ ਨਾਵਾਂ ਨਾਲ ਪੁਕਾਰਿਆ ਜਾਂਦਾ ਰਿਹਾ ਅਤੇ ਇਸ ਦੇ ਕਈ ਨਾਂ ਸਪਤ ਸਿੰਧੂ, ਮੈਸੋਪੋਟਾਮੀਆ, ਸੇਕਿਆਂ, ਤੱਕੀ ਅਤੇ ਲਾਹੌਰ ਰਾਜ ਆਦਿ ਵੱਖ-ਵੱਖ ਸਮਿਆਂ ਵਿੱਚ ਪ੍ਰਚੱਲਤ ਰਹੇ ਪਰ ਮੁਗ਼ਲ ਕਾਲ ਵਿੱਚ ਇਸ ਦਾ ਅੱਜ ਦਾ ਪ੍ਰਚੱਲਿਤ ਨਾਂ ਪੰਜਾਬ ਪਿਆ। ਪੰਜਾਬ ਨੂੰ ਹਿੰਦੋਸਤਾਨ ਦਾ ਪ੍ਰਵੇਸ਼ ਦੁਆਰ ਹੋਣ ਕਰ ਕੇ ਕਈ ਹਮਲਾਵਰਾਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਵਿੱਚ ਇਰਾਨੀ, ਹੂਣ, ਕੁਸ਼ਾਣ, ਮੰਗੋਲ, ਦਰਾਵੜ, ਮੁਗ਼ਲ ਆਦਿ ਪ੍ਰਮੁੱਖ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਹਮਲਾਵਰ ਤਾਂ ਪੰਜਾਬ ਤੋਂ ਅੱਗੇ ਨਿਕਲ ਗਏ ਪਰ ਕਈਆਂ ਆਪਣੇ ਡੇਰੇ ਪੱਕੇ ਰੂਪ ਵਿੱਚ ਹੀ ਏਥੇ ਲਾ ਲਏ, ਕਿਉਂਕਿ ਪੰਜਾਬ ਦਾ ਜਲਵਾਯੂ, ਪੌਣ-ਪਾਣੀ, ਮੌਸਮ ਅਤੇ ਧਰਤੀ ਬਹੁਤਿਆਂ ਦੇ ਅਨੁਕੂਲ ਸੀ। ਸਭਿਆਚਾਰਾਂ ਦੇ ਅਦਾਨ-ਪ੍ਰਦਾਨ ਕਰ ਕੇ ਪੰਜਾਬ ਦਾ ਹਿੰਦੋਸਤਾਨ ਦੇ ਰਾਜਨੀਤਿਕ, ਸਮਾਜਕ ਤੇ ਸਭਿਆਚਾਰਕ ਇਤਿਹਾਸ ਵਿੱਚ ਵਿਸ਼ੇਸ਼ ਯੋਗਦਾਨ ਰਿਹਾ ਹੈ। ਪੰਜਾਬੀਆਂ ਦੇ ਚਰਿੱਤਰ ਨਿਰਮਾਣ ਵਿੱਚ ਵੀ ਇਸ ਉੱਥਲ-ਪੁੱਥਲ ਕਾਰਨ ਨਿਡਰਤਾ, ਸਾਹਸ, ਬੀਰਤਾ, ਸਹਿਣਸ਼ੀਲਤਾ ਅਤੇ ਆਤਮ-ਤਿਆਗ ਵਰਗੇ ਗੁਣ ਪੈਦਾ ਹੋ ਗਏ। ਅਨੇਕਾਂ ਸੰਸਕ੍ਰਿਤੀਆਂ ਦੇ ਮੇਲ ਨਾਲ ਪੰਜਾਬੀਆਂ ਦਾ ਦ੍ਰਿਸ਼ਟੀਕੋਣ ਵੀ ਵਿਸ਼ਾਲ ਹੁੰਦਾ ਚਲਾ ਗਿਆ।

ਸਿੱਖ ਧਰਮ ਦਾ ਉਥਾਨ ਤੇ ਵਿਕਾਸ ਪੰਜਾਬ ਵਿੱਚ ਹੋਇਆ ਤੇ ਇਥੋਂ ਹੀ ਦੁਨੀਆਂ ਦੇ ਕੋਨੇ-ਕੋਨੇ ਵਿੱਚ ਫੈਲ ਗਿਆ। ਭਾਵੇਂ ਇਥੇ ਅਨੇਕਾਂ ਹਮਲਾਵਰ ਆਉਂਦੇ ਰਹੇ ਪਰ ਪੰਜਾਬ ਅੰਦਰ ਬਾਰਾਂ ਮਿਸਲਾਂ ਵਿੱਚ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਘਰ ਇਕ ਐਸੇ ਬਾਲਕ ਨੇ ਜਨਮ ਲਿਆ, ਜਿਸ ਨਾਲ ਸਿੱਖਾਂ ਦੀ ਰਾਜਨੀਤਿਕ ਤੇ ਧਾਰਮਿਕ ਪਹਿਚਾਣ ਦੂਰ-ਦੂਰ ਤੱਕ ਹੋਣ ਲੱਗੀ। ਇਹ ਸ਼ਖ਼ਸੀਅਤ ਸੀ ਮਹਾਰਾਜਾ ਰਣਜੀਤ ਸਿੰਘ ਜੋ ਇਕ ਚੰਗਾ ਯੋਧਾ, ਉੱਤਮ ਸੈਨਾ ਨਾਇਕ, ਨਿਪੁੰਨ ਸੰਗਠਨ ਕਰਤਾ, ਬੁੱਧੀਮਾਨ ਰਾਜਨੀਤੀਵੇਤਾ ਯੋਗ ਹਾਕਮ ਤੇ ਅੰਤਾਂ ਦਾ ਬਹਾਦਰ ਸੀ। ਉਸ ਦੇ ਸਮੇਂ ਨੂੰ ਪੰਜਾਬੀਆਂ ਦਾ ਆਪਣਾ ਸਮਾਂ ਕਰ ਕੇ ਜਾਣਿਆ ਗਿਆ। ਉਸ ਦੇ ਰਾਜ ਵਿੱਚ ਈਮਾਨਦਾਰੀ, ਧਰਮ ਨਿਰਪੱਖਤਾ, ਬਰਾਬਰਤਾ, ਨਿਆਂ ਸੀ। ਇਸ ਸਮੇਂ ਵਿੱਚ ਨਾਨਕਸ਼ਾਹੀ ਸਿੱਕਾ ਵੀ ਚੱਲਿਆ ਅਤੇ ਪੰਜਾਬੀਆਂ ਨੇ ਇਸ ਰਾਜ ਦਾ ਭਰਪੂਰ ਆਨੰਦ ਵੀ ਮਾਣਿਆ। ਉਸ ਨੇ ਛੋਟੀਆਂ-ਛੋਟੀਆਂ ਜਿੱਤਾਂ ਨਾਲ ਇਕ ਵਿਸ਼ਾਲ ਰਾਜ ਖੜਾ ਕਰ ਲਿਆ। ਉਸ ਦੇ ਰਾਜ ਦੀਆਂ ਹੱਦਾਂ ਵੱਧਣ ਲੱਗੀਆਂ ਤੇ ਉਸ ਦਾ ਜੱਸ ਤੇ ਕੀਰਤੀ ਦੂਰ-ਦੂਰ ਤੱਕ ਫੈਲਣ ਲੱਗੀ।

ਹਿੰਦੋਸਤਾਨ ਦੇ ਬਹੁਤ ਵੱਡੇ ਹਿੱਸੇ ਵਿੱਚ ਅੰਗਰੇਜ਼ਾਂ ਦਾ ਰਾਜ ਸੀ ਅਤੇ ਪੰਜਾਬ ਵਿੱਚ

ਮਹਾਰਾਜਾ ਰਣਜੀਤ ਸਿੰਘ ਖ਼ਾਸ ਕਰਕੇ ਉਨ੍ਹਾਂ ਦੀਆਂ ਅੱਖਾਂ ਵਿੱਚ ਰੜਕਦਾ ਸੀ। ਅੰਗਰੇਜ਼ ਹਮੇਸ਼ਾਂ ਇਸ ਤਾਕ ਵਿੱਚ ਰਹਿੰਦੇ ਸਨ ਕਿ ਕਦੋਂ ਛੋਟਾ-ਮੋਟਾ ਸਮਾਂ ਮਿਲੇ ਤੇ ਉਹ ਪੰਜਾਬ ਵਿੱਚ ਆਪਣੇ ਡੇਰੇ ਲਾ ਲੈਣ। ਇਸ ਲਈ ਉਨ੍ਹਾਂ ਹਰ ਹੀਲਾ-ਵਸੀਲਾ ਵਰਤਿਆ। ਕਦੇ ਆਪਣੀ ਰਾਜਨੀਤਿਕ ਛਾਉਣੀ ਤੇ ਕਦੇ ਇਸਾਈ ਧਰਮ ਦੇ ਪ੍ਰਚਾਰ ਦੇ ਬਹਾਨੇ ਉਨ੍ਹਾਂ ਪੰਜਾਬ ਵਿੱਚ ਦਾਖ਼ਲ ਹੋਣਾ ਚਾਹਿਆ ਪਰ ਰਣਜੀਤ ਸਿੰਘ ਦੇ ਹੁੰਦਿਆਂ ਉਨ੍ਹਾਂ ਦੇ ਮਨਸੂਬੇ ਹਮੇਸ਼ਾ ਹੀ ਢਹਿ-ਢੇਰੀ ਹੁੰਦੇ ਰਹੇ ਅਤੇ ਮਹਾਰਾਜਾ ਹਮੇਸ਼ਾ ਅੰਗਰੇਜ਼ਾਂ ਦੀਆਂ ਚਲਾਕੀਆਂ ਵਿੱਚੋਂ ਸਿਆਣਪ ਤੇ ਸੂਝ ਨਾਲ ਬਾਹਰ ਨਿਕਲਦਾ ਰਿਹਾ। 27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਨਾਲ ਹੀ ਲਾਹੌਰ ਦਰਬਾਰ ਸਾਜ਼ਿਸ਼ਾਂ, ਸੂਹਾਂ ਤੇ ਚਾਪਲੂਸੀਆਂ ਦਾ ਸ਼ਿਕਾਰ ਹੋ ਗਿਆ। ਲਾਹੌਰ ਦਰਬਾਰ ਦੇ ਵਾਰਿਸ ਇਕ-ਇਕ ਕਰ ਕੇ ਇਨ੍ਹਾਂ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦੇ ਰਹੇ। ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਮੁਦੱਕੀ, ਫਿਰੋਜ਼ਪੁਰ, ਬੱਦੋਵਾਲ, ਅਲੀਵਾਲ ਤੇ ਸਭਰਾਓ ਦੀ ਲੜਾਈਆਂ ਹੋਈਆਂ ਪਰ ਸਿੱਖਾਂ ਦੀ ਗ਼ੱਦਾਰੀ ਤੇ ਅੰਗਰੇਜ਼ਾਂ ਨਾਲ ਸੈਨਾਪਤੀਆਂ ਦੇ ਮਿਲ ਜਾਣ ਕਾਰਨ ਸਿੱਖਾਂ ਦੀ ਹਾਰ ਹੋਈ ਤੇ ਅੰਗਰੇਜ਼ਾਂ ਨੇ ਪੰਜਾਬ ਉੱਪਰ ਪੂਰਨ ਤੌਰ 'ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਚਾਲਾਕੀ, ਗ਼ੱਦਾਰੀ, ਹੁਸ਼ਿਆਰੀ ਤੇ ਧੋਖੇ ਨਾਲ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਅਧੀਨ ਕਰ ਲਿਆ ਤੇ ਆਪਣੀਆਂ ਨੀਤੀਆਂ ਅਨੁਸਾਰ ਪੰਜਾਬ ਅੰਦਰ ਸ਼ਾਸਨ ਚਲਾਉਣਾ ਸ਼ੁਰੂ ਕਰ ਦਿੱਤਾ।

ਅੰਗਰੇਜ਼ ਸ਼ਾਸ਼ਕਾਂ ਨੇ ਆਪਣੇ ਰਾਜ ਦੀਆਂ ਨੀਂਹਾਂ ਨੂੰ ਪੱਕੀਆਂ ਕਰਨ ਲਈ ਪੰਜਾਬੀਆਂ ਦੀ ਮਾਨਸਿਕਤਾ ਨੂੰ ਸਮਝਣ ਦਾ ਯਤਨ ਕੀਤਾ। ਇਸ ਕਾਰਜ ਵਿੱਚ ਸਮੁੱਚਾ ਅੰਗਰੇਜ਼ ਸ਼ਾਸਕ ਵਰਗ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਤੇ ਉਨ੍ਹਾਂ ਦੇ ਸਹਾਇਕ ਜਿਨ੍ਹਾਂ ਵਿੱਚ ਇਸਾਈ ਧਰਮ ਦੇ ਪ੍ਰਚਾਰਕ ਜਾਂ ਮਿਸ਼ਨਰੀ ਸਨ, ਉਨ੍ਹਾਂ ਦੇ ਸਹਿਯੋਗੀ ਬਣ ਗਏ। ਇਸਾਈ ਮਿਸ਼ਨਰੀਆਂ ਨੇ ਤਾਂ ਆਪਣਾ ਖੇਤਰ, ਭਾਸ਼ਾ ਤੇ ਧਰਮ ਹੀ ਰੱਖਿਆ ਪਰ ਸ਼ਾਸਕ ਵਰਗ ਨੇ ਪੰਜਾਬੀਆਂ ਦੀ ਸਮੁੱਚੀ ਲੋਕਧਾਰਾ ਦੇ ਅਧਿਐਨ ਰਾਹੀਂ ਇਥੋਂ ਦੇ ਵਸਨੀਕਾਂ ਦੇ ਸੁਭਾਅ, ਰੀਤੀ-ਰਿਵਾਜ, ਵਿਸ਼ਵਾਸ, ਕੰਮ-ਧੰਦੇ, ਭਾਸ਼ਾ, ਕਲਾ, ਧਰਮ, ਸਭਿਆਚਾਰ ਆਦ ਨੂੰ ਜਾਨਣ-ਸਮਝਣ ਤੇ ਪੜਚੋਲਣ ਦਾ ਕੰਮ ਆਰੰਭਿਆ। ਮਨੁੱਖ ਕਿਉਂਕਿ ਸਭਿਆਚਾਰਕ ਤੌਰ 'ਤੇ ਸੱਭਿਅਤਾ ਵਿੱਚ ਰਹਿਣ ਕਰ ਕੇ ਆਪਣੇ ਪੁਰਾਣੇ ਰੀਤੀ-ਰਿਵਾਜਾਂ ਨਾਲ ਜੁੜਿਆ ਰਹਿੰਦਾ ਹੈ ਅਤੇ ਮਨੁੱਖ ਇਹ ਸੰਸਕਾਰ ਆਪਣੇ ਪੂਰਵਜਾਂ ਤੋਂ ਗ੍ਰਹਿਣ ਕਰਦਾ ਅਤੇ ਯਾਦਾਂ ਵਿੱਚ ਸੰਭਾਲ ਕੇ ਰੱਖਦਾ ਹੈ ਅਤੇ ਇਸ ਨੂੰ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਦਿੰਦਾ ਹੈ ਇਸ ਤਰ੍ਹਾਂ ਇਹ ਸਿਲਸਿਲਾ ਪੀੜ੍ਹੀਓ-ਪੀੜ੍ਹੀ ਚੱਲਦਾ ਰਹਿੰਦਾ ਹੈ।

ਲੋਕਧਾਰਾ ਕਿਉਂਕਿ ਲੋਕਧਾਰਾ ਦੀ ਚੇਤਨਾ ਦਾ ਚੱਲਦਾ ਰਹਿਣ ਵਾਲਾ ਪ੍ਰਵਾਹ ਹੈ ਅਤੇ ਇਹ ਲੋਕਮਨ ਤੋਂ ਲੋਕਮਨ ਨੂੰ ਦਿੱਤਾ ਜਾਂਦਾ ਹੈ। ਇਸ ਰਾਹੀਂ ਹੀ ਸਮੂਹ ਦੀ ਮਾਨਸਿਕਤਾ ਬਣਦੀ ਵਿਗਸਦੀ ਤੇ ਵਿਕਾਸ ਕਰਦੀ ਹੋਈ ਨਜ਼ਰ ਆਉਂਦੀ ਹੈ। ਇਹ ਮਾਨਵ ਜੀਵਨ ਦਾ ਸਹਿਜ ਪ੍ਰਗਟਾਵਾ ਹੋਣ ਕਰ ਕੇ ਆਲੇ-ਦੁਆਲੇ ਦੇ ਪਾਸਾਰ ਵਿੱਚੋਂ ਹੀ ਗ੍ਰਹਿਣ ਕੀਤਾ ਜਾਂਦਾ ਹੈ। ਇਸ ਰਾਹੀਂ ਹੀ ਮਾਨਵੀ ਸਮਾਜ ਦੀ ਜੀਵਨ ਵਿਧੀ ਚੱਲਦੀ ਹੈ।

ਲੋਕਧਾਰਾ ਮੂਲ ਰੂਪ ਵਿੱਚ ਮੌਖਿਕ ਪਰੰਪਰਾ ਹੈ। ਇਸ ਪਰੰਪਰਾ ਰਾਹੀਂ ਕੋਈ ਕਿਰਤ ਪੀੜ੍ਹੀਓ-ਪੀੜ੍ਹੀ ਚੱਲਦੀ ਹੋਈ ਤੇ ਆਪਣਾ ਰੂਪ ਸਮੇਂ ਤੇ ਸਥਾਨ ਨਾਲ ਪਰਿਵਰਤਤ ਕਰਦੀ ਹੋਈ ਸਾਡੇ ਤੱਕ ਪਹੁੰਚਦੀ ਹੈ। ਇਨ੍ਹਾਂ ਮੌਖਿਕ ਕਿਰਤਾਂ ਦੀਆਂ ਜੜ੍ਹਾਂ ਬੜੀਆਂ ਡੂੰਘੀਆਂ ਹੁੰਦੀਆਂ ਹਨ

ਅਤੇ ਇਸ ਵਿੱਚੋਂ ਸਮੁੱਚਾ ਸਮਾਜ, ਵਿਅਕਤੀ ਅਤੇ ਇਸ ਨਾਲ ਸੰਬੰਧਤ ਵਰਤਾਰਾ ਵੇਖਿਆ ਜਾ ਸਕਦਾ ਹੈ।

ਅੰਗਰੇਜ਼ਾਂ ਦੇ ਪੰਜਾਬ ਆਗਮਨ ਨਾਲ ਲੋਕਧਾਰਾ ਦੇ ਇਕੱਤਰੀਕਰਨ, ਸੰਗ੍ਰਹਿ ਤੇ ਸੰਪਾਦਨ ਦਾ ਕੰਮ ਆਰੰਭ ਹੁੰਦਾ ਹੈ। ਜਿਸ ਤਰ੍ਹਾਂ ਇਹ ਅੰਗਰੇਜ਼ੀ ਵਿਦਵਾਨ, ਸ਼ਾਸ਼ਕ, ਅਧਿਕਾਰੀ, ਉਨ੍ਹਾਂ ਦੀਆਂ ਧੀਆਂ, ਭੈਣਾਂ, ਪਤਨੀਆਂ ਆਦਿ ਨੇ ਭਾਰਤੀ ਲੋਕਾਂ ਨਾਲ ਮਿਲ ਕੇ ਇਸ ਕੰਮ ਨੂੰ ਸ਼ੁਰੂ ਕੀਤਾ, ਜਿਥੇ ਉਨ੍ਹਾਂ ਦੀ ਰਾਜਨੀਤਕ ਮਜਬੂਰੀ ਸਾਡੇ ਸਾਹਮਣੇ ਉਜਾਗਰ ਹੁੰਦੀ ਹੈ, ਉਥੇ ਬਹੁਤ ਸਾਰੇ ਵਿਦਵਾਨਾਂ ਦਾ ਇਸ ਕੰਮ ਪ੍ਰਤੀ ਸ਼ੌਂਕ ਤੇ ਉਤਸ਼ਾਹ ਵੀ ਸਾਨੂੰ ਨਜ਼ਰ ਆਉਂਦਾ ਹੈ। ਉਨ੍ਹਾਂ ਦੇ ਕੰਮ ਕਰਨ ਦੇ ਢੰਗ, ਤੌਰ-ਤਰੀਕੇ, ਸਿਰੜ, ਮਿਹਨਤ, ਲਗਨ ਅਤੇ ਉਪਰਾਲੇ ਸਾਡੇ ਆਉਣ ਵਾਲੇ ਖੋਜੀਆਂ ਲਈ ਇਕ ਚਾਨਣ-ਮੁਨਾਰਾ ਸਾਬਤ ਹੋਏ ਹਨ। ਉਨ੍ਹਾਂ ਵੱਲੋਂ ਕੀਤੇ ਖੇਤਰੀ ਕਾਰਜ ਦੀ ਮਿਸਾਲ ਉਹ ਆਪ ਹਨ। ਟੈਂਪਲ ਵਰਗੇ ਮਸ਼ਹੂਰ ਅਫ਼ਸਰ ਵੱਲੋਂ ਲੋਕਧਾਰਾ ਦਾ ਆਪ ਇਕੱਤਰੀਕਰਨ ਕਰਨਾ, ਸੋਧਣਾ, ਅਨੁਵਾਦ ਕਰਨਾ ਤੇ ਫਿਰ ਸੰਪਾਦਿਤ ਕਰ ਕੇ ਛਾਪਣਾ, ਉਸ ਦੀ ਕੰਮ ਪ੍ਰਤੀ ਲਗਨ ਤੇ ਦ੍ਰਿੜ ਇਰਾਦੇ ਨੂੰ ਵੀ ਉਜਾਗਰ ਕਰਦਾ ਹੈ। ਇਸ ਕੰਮ ਲਈ ਇਨ੍ਹਾਂ ਵਿਦਵਾਨਾਂ ਜਿਨ੍ਹਾਂ ਵਿੱਚ ਰਿਚਰਡ ਕਾਰਨੈਕ, ਟੈਂਪਲ, ਜੇ ਐਬਟ, ਪਾਦਰੀ ਸਵਿਨਰਟਨ ਚਾਰਲਸ, ਐਫ. ਏ. ਸਟੀਲ, ਸੀ. ਐਫ. ਉਸਬੋਰਨ, ਮੈਕਲਾਉਡ, ਮੈਨੂਅਲ ਆਦਿ ਨੇ ਪ੍ਰਮੁੱਖ ਭੂਮਿਕਾ ਨਿਭਾਈ। ਇਨ੍ਹਾਂ ਵੱਲੋਂ ਹਰ ਗਲੀ-ਮੁਹੱਲੇ, ਮੇਲੇ, ਤਿਉਹਾਰ, ਇਕੱਠ ਵਿੱਚ ਜਾ ਕੇ ਢਾਡੀਆਂ, ਜੋਗੀਆਂ, ਮਰਾਸੀਆਂ, ਭੰਡਾਂ, ਪੇਸ਼ਾਵਰ ਗਾਇਕਾਂ ਆਦਿ ਨਾਲ ਸੰਪਰਕ ਕਰ ਕੇ ਇਨ੍ਹਾਂ ਲੋਕਾਂ ਕੋਲੋਂ ਉਹ ਸਾਰਾ ਕੀਮਤੀ ਖਜ਼ਾਨਾ ਇਕੱਤਰ ਕੀਤਾ, ਜਿਸ ਨਾਲ ਪੰਜਾਬੀ ਲੋਕਧਾਰਾ ਦੀ ਇਕ ਮਜ਼ਬੂਤ ਨੀਂਹ ਬੱਝੀ।

ਅੰਗਰੇਜ਼ਾਂ ਨੇ ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਕਰਨ ਦੇ ਨਾਲ-ਨਾਲ ਆਪਣੇ ਇਨ੍ਹਾਂ ਤਜ਼ਰਬਿਆਂ ਨੂੰ ਵੀ ਸਾਂਝਾ ਕੀਤਾ ਅਤੇ ਇਸ ਕਾਰਜ ਨੂੰ ਕਰਨ ਦੀਆਂ ਵੱਖ-ਵੱਖ ਵਿਧੀਆਂ ਵੀ ਦੱਸੀਆਂ ਕਿਉਂਕਿ ਅਸੀਂ ਸਾਰੇ ਜਾਣਦੇ ਹਾਂ ਕਿ ਲੋਕਧਾਰਾ ਦੇ ਇਕੱਤਰੀਕਰਨ ਲਈ ਖੇਤਰ ਦੀ ਸੀਮਾ ਨਿਰਧਾਰਨ ਤੋਂ ਲੈ ਕੇ ਸੰਪਾਦਨ ਤੱਕ ਬਹੁਤ ਸਾਰੇ ਪੜਾਵਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ।

ਇਸ ਤਰ੍ਹਾਂ ਇਨ੍ਹਾਂ ਨੇ ਪੈਸਾ, ਨਸ਼ਾ, ਪ੍ਰਸੰਸਾ-ਪੱਤਰ, ਨੌਕਰੀ ਆਦਿ ਲਾਲਚ ਦੇ ਕੇ ਸਥਾਨਕ ਭੰਡਾਂ, ਮਿਰਾਸੀਆਂ, ਢਾਡੀਆਂ, ਪੇਸ਼ਾਵਰ ਗਾਉਣ ਵਾਲਿਆਂ ਆਦਿ ਕੋਲੋਂ ਇਹ ਖ਼ਜ਼ਾਨਾ ਇਕੱਤਰ ਕੀਤਾ। ਇਸ ਇਕਤੱਰ ਸਮੱਗਰੀ ਨੂੰ ਵੱਖ-ਵੱਖ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਨ੍ਹਾਂ ਦਾ ਅਨੁਵਾਦ ਕਰ ਕੇ ਇਸ ਨੂੰ ਅੰਗਰੇਜ਼ੀ ਪਾਠਕਾਂ ਗੋਚਰਾਂ ਵੀ ਕਰ ਲਿਆ ਗਿਆ। ਲੋਕਧਾਰਾ ਦੇ ਅਧਿਐਨ ਰਾਹੀਂ ਲੋਕਾਂ ਦੀ ਮਾਨਸਿਕਤਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਤਾਂ ਕਿ ਜਨਸਾਧਾਰਨ ਦੀ ਪੀੜ੍ਹੀਓ-ਪੀੜ੍ਹੀ ਚਲੀ ਆਉਂਦੀ ਸੋਚ ਤੇ ਉਸ ਦੇ ਬਣਨ ਵਿਗਸਣ ਤੇ ਵਿਕਾਸ ਕਰਨ ਦੇ ਪੜਾਵਾਂ ਨੂੰ ਵੇਖਿਆ ਜਾ ਸਕੇ ਤਾਂ ਕਿ ਇਸ ਦੇ ਆਧਾਰ ਤੇ ਹੀ ਉਨ੍ਹਾਂ ਦੇ ਸ਼ਾਸਨ ਦੀਆਂ ਨੀਂਹਾਂ ਪੱਕੀਆਂ ਹੋ ਸਕਣ।

ਪੰਜਾਬੀ ਲੋਕਧਾਰਾ ਵਿੱਚ ਇਨ੍ਹਾਂ ਵਿਦਵਾਨਾਂ/ਪ੍ਰਸ਼ਾਸਕਾਂ ਅਤੇ ਹੋਰਾਂ ਵੱਲੋਂ ਇਕੱਤਰ ਕੀਤੀ ਸਮੱਗਰੀ ਨੂੰ, ਜਿਸ ਵਿੱਚ ਲੋਕ-ਗਾਥਾਵਾਂ, ਲੋਕ-ਕਥਾਵਾਂ, ਸਵਾਂਗ, ਪ੍ਰੇਮ-ਕਹਾਣੀਆਂ, ਗੀਤ, ਲੋਕ-ਗੀਤ ਆਦਿ ਹਨ, ਨੂੰ ਸਮਝਣ ਦਾ ਇਕ ਆਧਾਰ ਕਥਾਨਕ ਰੂੜ੍ਹੀਆਂ ਵੀ ਹੁੰਦਾ ਹੈ। ਜਿਸ ਰਾਹੀਂ ਅਸੀਂ ਇਨ੍ਹਾਂ ਕਥਾਵਾਂ ਦੀ ਤਹਿ ਤੱਕ ਅਪੜ ਸਕਦੇ ਹਾਂ। ਕਥਾਨਕ ਰੂੜ੍ਹੀਆਂ ਦਾ ਖੇਤਰ

ਬੜਾ ਵਿਆਪਕ ਤੇ ਵਿਸ਼ਾਲ ਹੈ। ਇਨ੍ਹਾਂ ਦੇ ਅਧਿਐਨ ਵਿੱਚ ਕਿਸੇ ਇਕ ਖਿੱਤੇ ਜਾਂ ਦੇਸ਼ ਦੇ ਲੋਕਾਂ ਨੇ ਹੀ ਰੁਚੀ ਪ੍ਰਗਟ ਨਹੀਂ ਕੀਤੀ, ਸਗੋਂ ਦੁਨੀਆਂ ਭਰ ਦੇ ਦੇਸ਼ਾਂ ਵਿੱਚ ਇਨ੍ਹਾਂ ਕਥਾਨਕ ਰੂੜ੍ਹੀਆਂ ਦੇ ਅਧਿਐਨ ਨੇ ਵਿਦਵਾਨਾਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕੀਤਾ ਹੈ। ਇਹ ਕਥਾਨਕ ਰੂੜ੍ਹੀਆਂ ਜਿੱਥੇ ਕਿਸੇ ਕਥਾ ਦੇ ਵਿੱਚ ਮੋੜ ਲਿਆਉਂਦੀਆਂ ਅਤੇ ਰੌਚਿਕਤਾ ਪੈਦਾ ਕਰਦੀਆਂ ਹਨ, ਉਥੇ ਇਨ੍ਹਾਂ ਦੇ ਅਧਿਐਨ ਰਾਹੀਂ ਜਨਸਾਧਾਰਨ ਦੀ ਮਾਨਸਿਕਤਾ ਵਿੱਚ ਆਉਂਦੀਆਂ ਤਬਦੀਲੀਆਂ ਅਤੇ ਉਤਰਾਅ-ਚੜ੍ਹਾਅ ਵੀ ਵੇਖੇ ਜਾ ਸਕਦੇ ਹਨ। ਇਨ੍ਹਾਂ ਵਿੱਚੋਂ ਉਪਜੀ ਸੋਚ ਪੀੜ੍ਹੀਓ-ਪੀੜ੍ਹੀ ਆਪਣੇ ਵਿਰਸੇ ਵਿੱਚੋਂ ਗ੍ਰਹਿਣ ਕੀਤੀ ਜਾਂਦੀ ਹੈ। ਮਨੁੱਖ ਦੇ ਬੌਧਿਕ ਉੱਨਤੀ ਕਰ ਜਾਣ ਨਾਲ ਵੀ ਇਨ੍ਹਾਂ ਪ੍ਰਵਿਰਤੀਆਂ ਵਿੱਚੋਂ ਉਹ ਬਾਹਰ ਨਹੀਂ ਨਿਕਲ ਸਕਦਾ। ਇਸੇ ਕਾਰਨ ਅੱਜ ਵੀ ਮਨੁੱਖ ਦੀ ਰੁਚੀ ਇਨ੍ਹਾਂ ਕਥਾਵਾਂ ਵਿੱਚ ਵੇਖਣ ਨੂੰ ਮਿਲਦੀ ਹੈ, ਭਾਵੇਂ ਇਨ੍ਹਾਂ ਵਿੱਚ ਅਜਿਹੀਆਂ ਘਟਨਾਵਾਂ ਮੌਜੂਦ ਹੁੰਦੀਆਂ ਹਨ, ਜਿਨ੍ਹਾਂ ਦਾ ਵਿਗਿਆਨ ਜਾਂ ਅਸਲੀਅਤ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਹੁੰਦਾ, ਪਰ ਕਿਉਂਕਿ ਇਹ ਲੋਕਮਨ ਦਾ ਆਧਾਰ ਹਨ, ਇਸੇ ਕਾਰਨ ਇਨ੍ਹਾਂ ਵਿੱਚ ਮਨੁੱਖ ਦਾ ਵਿਸ਼ਵਾਸ ਜੁੜਿਆ ਰਹਿੰਦਾ ਹੈ।

ਇਨ੍ਹਾਂ ਕਥਾਨਕ ਰੂੜ੍ਹੀਆਂ ਰਾਹੀਂ ਮਨੁੱਖੀ ਸਮਾਜ ਅਤੇ ਸਾਂਸਕ੍ਰਿਤਕ ਵਰਤਾਰਾ ਵੀ ਸਾਡੇ ਸਾਹਮਣੇ ਪ੍ਰਗਟ ਹੁੰਦਾ ਹੈ। ਜਨਮ ਤੋਂ ਪਹਿਲਾਂ ਦੀਆਂ ਅਵਸਥਾਵਾਂ ਤੋਂ ਲੈ ਕੇ ਮਰਨ ਤੋਂ ਬਾਅਦ ਤੱਕ ਦੀਆਂ ਘਟਨਾਵਾਂ ਨਾਲ ਓਤਪੋਤ ਇਨ੍ਹਾਂ ਕਥਾਨਕ ਰੂੜ੍ਹੀਆਂ ਵਿੱਚ ਉਸ ਸਮੇਂ ਦਾ ਸਮਾਜ ਤੇ ਸਮਾਜਕ ਵਰਤਾਰਾ, ਧਾਰਮਿਕ, ਰਾਜਨੀਤਿਕ, ਆਰਥਿਕ ਤੇ ਨੈਤਿਕ ਤਸਵੀਰ ਪੇਸ਼ ਹੁੰਦੀ ਹੈ। ਪ੍ਰਾਕਿਰਤੀ ਤੇ ਪ੍ਰਯੋਜਨ ਕਰ ਕੇ ਇਹ ਕਥਾਨਕ ਰੂੜ੍ਹੀਆਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ ਅਤੇ ਇਹ ਸਾਰੀ ਦੁਨੀਆਂ ਵਿੱਚ ਮਿਲਦੀਆਂ ਹਨ ਪਰ ਇਹ ਵੱਖਰੇ-ਵੱਖਰੇ ਸੰਦਰਭ ਵਿੱਚ ਵੱਖਰੇ-ਵੱਖਰੇ ਅਰਥ ਵੀ ਗ੍ਰਹਣਿ ਕਰਦੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਕਈ ਰੂੜ੍ਹੀਆਂ ਬਣਦੀਆਂ ਰਹਿੰਦੀਆਂ ਹਨ ਅਤੇ ਕਈ ਅਲੋਪ ਵੀ ਹੋ ਜਾਂਦੀਆਂ ਹਨ।

ਸਾਹਿਤ, ਸਭਿਆਚਾਰ ਤੇ ਸਮਾਜਕ ਵਰਤਾਰੇ ਨੂੰ ਸਮਝਣ ਲਈ ਇਨ੍ਹਾਂ ਕਥਾਨਕ ਰੂੜ੍ਹੀਆਂ ਦਾ ਅਧਿਐਨ ਨਿਰੰਤਰ ਹੁੰਦਾ ਰਿਹਾ ਹੈ ਕਿਉਂਕਿ ਇਹ ਕਿਸੇ ਕਥਾ, ਕਹਾਣੀ ਦਾ ਆਦਿ, ਮੱਧ ਤੇ ਅੰਤ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਕਥਾਨਕ ਰੂੜ੍ਹੀਆਂ ਨੂੰ ਸੁਭਾਅ ਦੇ ਪੱਖ ਤੋਂ ਤਿੰਨ ਪ੍ਰਕਾਰ ਵਿਸ਼ਵਾਸਰਕ, ਚਮਤਕਾਰੀ ਤੇ ਸੰਸਾਰਿਕ, ਕਥਾਨਕ ਰੂੜ੍ਹੀਆਂ ਦੇ ਆਧਾਰ 'ਤੇ ਵੰਡ ਕੇ ਵੇਖਿਆ ਗਿਆ ਹੈ। ਵਿਸ਼ਵਾਸਪਰਕ ਕਥਾਨਕ ਰੂੜ੍ਹੀਆਂ ਵਿੱਚ ਲੋਕਾਂ ਨਾਲ ਸੰਬੰਧਿਤ ਵਿਸ਼ਵਾਸ ਆ ਜਾਂਦੇ ਹਨ, ਜਿਨ੍ਹਾਂ ਨੂੰ ਲੋਕਾਂ ਨਾਲ ਸੰਬੰਧਤ ਕਰਕੇ ਤੇ ਪ੍ਰਭਾਵ ਦੀ ਭਾਵਾਤਮਕ ਸਾਂਝੇ ਦੇ ਨਤੀਜੇ ਵਜੋਂ ਉਸਾਰਨ ਵਿੱਚ ਅਣਗਿਣਤ ਪੀੜ੍ਹੀਆਂ ਬੀਤ ਚੁੱਕੀਆਂ ਹੁੰਦੀਆਂ ਹਨ।

ਚਮਤਕਾਰੀ ਕਥਾਨਕ ਰੂੜ੍ਹੀਆਂ ਵਿੱਚ ਅਜਿਹੇ ਚਮਤਕਾਰ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਵਿੱਚ ਪਾਤਰਾਂ ਕੋਲ ਅਲੌਕਿਕ ਸ਼ਕਤੀਆਂ ਜਾਂ ਕਰਾਮਾਤੀ ਸ਼ਕਤੀਆਂ ਹੁੰਦੀਆਂ ਹਨ। ਅਜਿਹੇ ਕਰਾਮਾਤੀ ਪਾਤਰਾਂ ਨਾਲ ਜਿੱਥੇ ਕਹਾਣੀ ਨੂੰ ਨਵਾਂ ਮੋੜ ਮਿਲਦਾ ਹੈ, ਉਥੇ ਰੌਚਿਕਤਾ ਵੀ ਬਣਦੀ ਰਹਿੰਦੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਭਾਵੇਂ ਅਜਿਹੀਆਂ ਗੱਲਾਂ ਦੇ ਵਾਪਰਨ ਦੇ ਆਸਾਰ ਘੱਟ ਹੁੰਦੇ ਹਨ ਪਰ ਫਿਰ ਵੀ ਆਦਿ-ਕਾਲ ਤੋਂ ਮਨੁੱਖ ਦੀ ਇਨ੍ਹਾਂ ਚਮਤਕਾਰਾਂ ਵਿੱਚ ਬਣੀ ਧਾਰਨਾ ਤੇ ਵਿਸ਼ਵਾਸ ਦੇ ਆਧਾਰ ਤੇ ਇਨ੍ਹਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਚਮਤਕਾਰ ਭਾਰਤੀ ਜਾਂ ਪੰਜਾਬੀ ਸਭਿਆਚਾਰ ਵਿੱਚ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਪੱਧਰ ਤੇ

ਹਰ ਸਮਾਜ, ਧਰਮ ਜਾਂ ਸਾਂਸਕ੍ਰਿਤਕ ਵਰਤਾਰੇ ਵਿੱਚ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਵਿੱਚ ਅਲੌਕਿਕ ਜਨਮ, ਰੂਪ ਪਰਿਵਰਤਨ, ਮ੍ਰਿਤਕ ਨੂੰ ਜ਼ਿੰਦਾ ਕਰਨਾ, ਪਸ਼ੂ-ਪੰਛੀਆਂ ਦਾ ਮਨੁੱਖੀ ਵਿਹਾਰ, ਚਮਤਕਾਰੀ ਵਸਤੂਆਂ ਆਦਿ ਦਾ ਜ਼ਿਕਰ ਮਿਲਦਾ ਹੈ। ਸੰਸਾਰਕਤ ਕਥਾਨਕ ਰੂੜ੍ਹੀਆਂ ਆਦਿ ਦਾ ਸੰਬੰਧ ਸਾਡੇ ਸਭਿਆਚਾਰਕ ਤੇ ਸਮਾਜਕ ਵਰਤਾਰੇ ਨਾਲ ਹੁੰਦਾ ਹੈ। ਇਨ੍ਹਾਂ ਰਾਹੀਂ ਅਸੀਂ ਸਮਾਜ ਦਾ ਮਨੋਵੇਗ ਤੇ ਮਨੋ ਵਿਕਾਸ ਵੇਖ ਸਕਦੇ ਹਾਂ। ਲੋਕਾਂ ਦਾ ਆਪਸੀ ਮਿਲਵਰਤਨ, ਭਾਈਚਾਰਾ, ਰਿਸ਼ਤੇ-ਨਾਤੇ, ਪਿਆਰ, ਨਫ਼ਰਤ, ਈਰਖਾ, ਸਾੜਾ, ਵੈਰ-ਵਿਰੋਧ, ਵਫ਼ਾਦਾਰੀ, ਵਿਯੋਗ, ਚੰਗਾ ਤੇ ਮਾੜਾ ਆਪਸੀ ਵਿਵਹਾਰ, ਇਸਤਰੀ ਪ੍ਰਤੀ ਭਾਵਨਾ, ਕਾਰੋਬਾਰ, ਸਫ਼ਰ, ਉਧਾਲਾ ਆਦਿ ਦਾ ਜ਼ਿਕਰ ਕੀਤਾ ਜਾਂਦਾ ਹੈ।

ਇਨ੍ਹਾਂ ਅੰਗਰੇਜ਼ ਵਿਦਵਾਨਾਂ/ਪ੍ਰਸ਼ਾਸਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਸਹਿਯੋਗੀਆਂ ਨੇ ਪੰਜਾਬ ਦੀ ਲੋਕਧਾਰਾ ਨੂੰ ਇਕੱਤਰ ਤੇ ਸੰਪਾਦਿਤ ਕਰ ਕੇ ਅਜਿਹੀਆਂ ਰੂੜ੍ਹੀਆਂ ਦਾ ਅਧਿਐਨ ਜ਼ਰੂਰ ਕੀਤਾ ਹੋਵੇਗਾ ਅਤੇ ਇਨ੍ਹਾਂ ਰੂੜ੍ਹੀਆਂ ਰਾਹੀਂ ਉਨ੍ਹਾਂ ਪੰਜਾਬੀਆਂ ਦੀ ਮਾਨਸਿਕਤਾ ਤੱਕ ਅੱਪੜਨ ਦਾ ਯਤਨ ਵੀ ਕੀਤਾ ਹੋਵੇਗਾ।

ਅੰਗਰੇਜ਼ਾਂ ਵਿੱਚ ਪੰਜਾਬੀ ਲੋਕਧਾਰਾ ਨੂੰ ਸਮਝਣ ਅਤੇ ਇਸ ਪ੍ਰਤੀ ਨਿੱਠ ਕੇ ਕੰਮ ਕਰਨ ਵਾਲਿਆਂ ਵਿੱਚ ਰਿਚਰਡ ਕਾਰਨੈਕ ਟੈਂਪਲ ਦਾ ਨਾਂ ਪ੍ਰਮੁੱਖ ਹੈ। ਉਸ ਵੱਲੋਂ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਪਾਏ ਯੋਗਦਾਨ ਸਦਕਾ ਦੂਸਰੇ ਵਿਦਵਾਨ ਉਸ ਦੇ ਬਰਾਬਰ ਤਾਂ ਹੋ ਸਕਦੇ ਹਨ ਪਰ ਉਸ ਤੋਂ ਅੱਗੇ ਨਹੀਂ ਨਿਕਲ ਸਕਦੇ। ਉਸ ਨੇ ਪੰਜਾਬੀ ਲੋਕਧਾਰਾ ਨੂੰ ਨਾ-ਸਿਰਫ਼ ਆਪ ਇਕੱਤਰ ਕੀਤਾ, ਸਗੋਂ ਉਸ ਨੇ ਇਸ ਕੰਮ ਲਈ ਸਥਾਨਕ ਲੋਕਾਂ ਨੂੰ ਵੀ ਉਤਸ਼ਾਹਿਤ ਕਰ ਕੇ ਪੰਜਾਬੀਆਂ ਦੇ ਆਪਣੇ ਇਸ ਅਨਮੋਲ ਖ਼ਜ਼ਾਨੇ ਨੂੰ ਸਮਝਣ ਤੇ ਸੰਭਾਲਣ ਵੱਲ ਧਿਆਨ ਦੁਆਇਆ। ਪੰਜਾਬੀ ਲੋਕਧਾਰਾ ਪ੍ਰਤੀ ਉਸ ਦੀ ਸੁਹਿਰਦਤਾ ਤੇ ਪਿਆਰ ਇਸ ਗੱਲ ਤੋਂ ਵੀ ਵੇਖਿਆ ਜਾ ਸਕਦਾ ਹੈ ਕਿ ਉਹ ਜਿੱਥੇ ਕਿਤੇ ਵੀ ਤਾਇਨਾਤ ਰਿਹਾ, ਉਸ ਦਾ ਮੋਹ ਪੰਜਾਬੀ ਲੋਕਧਾਰਾ ਨਾਲ ਰਿਹਾ। ਉਹ ਬਰਤਾਨਵੀ ਫੌਜੀ ਅਫ਼ਸਰ ਹੁੰਦਿਆਂ ਹੋਇਆਂ ਵੀ ਇਸ ਕੰਮ ਵਿੱਚ ਡੂੰਘੀ ਦਿਲਚਸਪੀ ਦਿਖਾਉਂਦਾ ਹੈ। "ਪੰਜਾਬ ਦੀਆਂ ਲੋਕਗਾਥਾਵਾਂ" ਦੀ ਤੀਸਰੀ ਜਿਲਦ ਦੇ ਪਛੜਨ ਦਾ ਕਾਰਨ ਵੀ ਉਸ ਦੇ ਰੁਝੇਵੇਂ ਹੀ ਹਨ। ਅਸੀਂ ਉਸ ਦੇ ਪੰਜਾਬੀ ਲੋਕਧਾਰਾ ਨਾਲ ਕੀਤੇ ਕੰਮ ਨੂੰ ਹੇਠ ਲਿਖੇ ਤਰੀਕੇ ਨਾਲ ਵੰਡ ਕੇ ਵੇਖ ਸਕਦੇ ਹਾਂ:

1. ਮੂਲ ਲਿਖਤਾਂ
2. ਸੰਪਾਦਕੀਆਂ
3. ਭੂਮਿਕਾਵਾਂ
4. ਮੁਲਾਂਕਣ
5. ਵਿਸ਼ੇਸ਼ ਕਥਨ
6. ਸਮਾਗਮਾਂ ਦੇ ਪ੍ਰਧਾਨਗੀ ਭਾਸ਼ਨ

ਆਰ. ਸੀ. ਟੈਂਪਲ ਵੱਲੋਂ ਪੰਜਾਬੀ ਲੋਕ-ਗਾਥਾਵਾਂ ਦੇ ਇਕੱਤਰੀਕਰਨ ਬਾਰੇ ਪੰਜਾਬ ਦੀਆਂ ਲੋਕ-ਗਾਥਾਵਾਂ ਦੀ ਭੂਮਿਕਾ ਵਿੱਚ ਦੱਸਿਆ ਹੈ ਕਿ ਉਸ ਵੱਲੋਂ 118 ਲੋਕ-ਗਾਥਾਵਾਂ ਇਕੱਤਰ ਕੀਤੀਆਂ ਗਈਆਂ ਹਨ ਪਰ 58 ਲੋਕ-ਗਾਥਾਵਾਂ ਹੀ ਸਾਡੇ ਤੱਕ ਇਨ੍ਹਾਂ ਤਿੰਨਾਂ ਜਿਲਦਾਂ ਵਿੱਚ ਉਪਲਬਧ ਹਨ। ਆਪਣੀ ਇੰਗਲੈਂਡ ਫੇਰੀ ਦੌਰਾਨ ਉਸ ਦਾ ਮੂਲ ਪਾਠ ਤਾਂ ਉਪਲਬਧ

ਨਹੀਂ ਹੋਇਆ ਪਰ ਉਨ੍ਹਾਂ ਦੀ ਸੂਚੀ ਜ਼ਰੂਰ ਲੱਭਣ ਵਿੱਚ ਸਫ਼ਲਤਾ ਮਿਲੀ, ਜਿਸ ਨੂੰ ਇਸ ਵਿੱਚ ਛਾਪਿਆ ਗਿਆ ਹੈ। ਇਨ੍ਹਾਂ ਕਥਾਵਾਂ ਨੂੰ ਕਥਾਨਕ ਰੂੜ੍ਹੀਆਂ ਦੇ ਅਧਿਐਨ ਰਾਹੀਂ ਇਨ੍ਹਾਂ ਦੇ ਸਮਾਜਕ ਤੇ ਸਭਿਆਚਾਰਕ ਪੱਖ ਨੂੰ ਵਾਚਦਿਆਂ ਹੋਇਆਂ ਅੰਗਰੇਜ਼ਾਂ ਦੇ ਪੰਜਾਬੀ ਮਾਨਸਿਕਤਾ ਨੂੰ ਸਮਝਣ ਦੇ ਇਸ ਤਰੀਕੇ ਨੂੰ ਵੇਖਿਆ ਗਿਆ ਹੈ ਕਿਉਂਕਿ ਇਨ੍ਹਾਂ ਰਚਨਾਵਾਂ ਵਿੱਚ ਮਿਲਦਾ ਸਭਿਆਚਾਰਕ ਤੇ ਸਮਾਜਕ ਵਰਤਾਰਾ ਸਮੁੱਚੇ ਭਾਈਚਾਰੇ ਦੀ ਮੂੰਹ ਬੋਲਦੀ ਤਸਵੀਰ ਹੈ। ਲੋਕਾਂ ਦੇ ਰਹਿਣ-ਸਹਿਣ, ਕਦਰਾਂ-ਕੀਮਤਾਂ, ਵਰਤੋਂ-ਵਿਹਾਰ, ਰਿਸ਼ਤੇ-ਨਾਤੇ, ਸਮਾਜਕ-ਪ੍ਰਬੰਧ ਵਿੱਚ ਜੁੜੇ ਹੁੰਦੇ ਹਨ ਜਿਨ੍ਹਾਂ ਦੀ ਪੇਸ਼ਕਾਰੀ ਇਸ ਮੌਖਿਕ ਸਾਹਿਤ ਰਾਹੀਂ ਹੁੰਦੀ ਰਹੀ ਹੈ, ਜਿਹੜੀ ਪੀੜ੍ਹੀਓ-ਪੀੜ੍ਹੀ ਅੱਗੇ ਤੁਰਦੀ ਸਮੁੱਚੀ ਕੌਮ ਦੀ ਮਾਨਸਿਕਤਾ ਨੂੰ ਪੇਸ਼ ਕਰ ਜਾਂਦੀ ਹੈ। ਅਸੀਂ ਟੈਂਪਲ ਦੀਆਂ ਸਾਰੀਆਂ ਲਿਖਤਾਂ ਦੀ ਸੂਚੀ ਦਿੱਤੀ ਹੈ, ਪਰ ਨਿੱਠ ਕੇ ਅਸੀਂ ਉਸ ਦੀਆਂ ਤਿੰਨ ਜਿਲਦਾਂ ਵਿੱਚ ਛਪੀ **ਪੰਜਾਬ ਦੀਆਂ ਲੋਕਗਾਥਾਵਾਂ** ਨੂੰ ਅਧਿਐਨ ਦਾ ਕੇਂਦਰ ਬਣਾਇਆ ਹੈ।

ਉਸ ਦੀਆਂ ਪ੍ਰਸਤੁਤ ਕੀਤੀਆਂ ਗਈਆਂ ਭੂਮਿਕਾਵਾਂ, ਟਿੱਪਣੀਆਂ, ਵਿਸ਼ੇਸ਼ ਕਥਨ ਆਦਿ ਪੜ੍ਹਨ ਉਪਰੰਤ ਅਸੀਂ ਇਹ ਗੱਲ ਨਿਸ਼ਚੇ ਨਾਲ ਕਹਿ ਸਕਦੇ ਹਾਂ ਕਿ ਜਿਤਨੀ ਗਹਿਰਾਈ ਨਾਲ ਉਹ ਲੋਕਧਾਰਾ ਦੇ ਖੇਤਰੀ ਕਾਰਜ ਜਾਂ ਇਕੱਤਰੀਕਰਨ ਬਾਰੇ ਗੱਲ ਕਰ ਸਕਦਾ ਹੈ, ਉਤਨੀ ਹੋਰ ਕੋਈ ਵਿਦਵਾਨ ਨਹੀਂ ਕਰ ਸਕਿਆ। ਉਸ ਨੇ ਸਾਰੇ ਢੰਗ ਤਰੀਕੇ ਆਪਣੀਆਂ ਭੂਮਿਕਾਵਾਂ ਵਿੱਚ ਪੇਸ਼ ਕੀਤੇ ਹਨ। ਉਸ ਵੱਲੋਂ ਪੰਜਾਬੀ ਸਾਹਿਤ ਵਿੱਚ ਮਿਲਦੇ ਨਾਇਕ ਜਾਂ ਨਾਇਕਾਂ ਦੀ ਕੀਤੀ ਵੰਡ ਸਾਰਥਕ ਤੇ ਬਹੁਮੁੱਲੀ ਹੈ। ਸੰਪਾਦਨਾ ਦੇ ਖੇਤਰ ਵਿੱਚ ਉਸ ਦਾ ਯੋਗਦਾਨ ਸਲਾਹੁਣਯੋਗ ਹੈ ਅਤੇ ਇੰਡੀਅਨ ਐਂਟੀਕੁਅਰੀਜ਼ ਅਤੇ ਪੰਜਾਬ ਨੋਟਿਸ ਐਂਡ ਕੁਅਰੀਜ਼ ਦੀ ਸੰਪਾਦਨਾ ਵਿੱਚ ਉਸ ਦਾ ਅਹਿਮ ਹੱਥ ਹੀ ਨਹੀਂ, ਵੱਡਾ ਯੋਗਦਾਨ ਹੈ।

ਉਸ ਨੇ ਨਾ-ਸਿਰਫ਼ ਆਪ ਹੀ ਇਸ ਕੰਮ ਵਿੱਚ ਦਿਲਚਸਪੀ ਲਈ, ਸਗੋਂ ਬਹੁਤ ਸਾਰੇ ਸਥਾਨਕ ਲੋਕਾਂ ਨੂੰ ਵੀ ਇਸ ਕੰਮ ਵਿੱਚ ਲਗਾਇਆ। ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਅਤੇ ਕੰਮ ਕਰਨ ਦੀ ਜਾਚ ਵੀ ਸਿਖਾਈ। ਉਸ ਸਮੇਂ ਦੀਆਂ ਔਕੜਾਂ, ਮੁਸ਼ਕਲਾਂ ਤਕਨਾਲੋਜੀ ਤੋਂ ਦੂਰ ਹੱਥੀਂ ਕੰਮ ਕਰਨ ਦੀ ਜਾਚ ਤੇ ਸਿੱਖਿਆ ਪ੍ਰਦਾਨ ਟੈਂਪਲ ਹੀ ਕਰ ਸਕਦਾ ਸੀ।

ਬਰਤਾਨਵੀ ਪ੍ਰਸ਼ਾਸਕਾਂ ਦੇ ਨਾਲ-ਨਾਲ ਕੁਝ ਮਿਸ਼ਨਰੀ ਵੀ ਇਸ ਕੰਮ ਵਿੱਚ ਰੁੱਝ ਗਏ। ਇਸੇ ਕਰ ਕੇ ਅਸੀਂ ਇਹ ਧਾਰਨਾ ਬਣਾ ਕੇ ਚੱਲੇ ਹਾਂ ਕਿ ਇਹ ਦੋਵੇਂ ਬਰਤਾਨਵੀ ਪ੍ਰਸ਼ਾਸਕ ਅਤੇ ਮਿਸ਼ਨਰੀ ਇਕ ਦੂਸਰੇ ਦੇ ਪੂਰਕ ਸਨ। ਇਨ੍ਹਾਂ ਮਿਸ਼ਨਰੀਆਂ ਵਿੱਚੋਂ ਪੰਜਾਬੀ ਲੋਕਧਾਰਾ ਦਾ ਸ਼ੁਦਾਈ ਪਾਦਰੀ ਚਾਰਲਸ ਸਵਿਨਰਟਨ ਸੀ, ਜਿਸ ਨੇ ਐਬਟ ਤੋਂ ਬਾਅਦ ਰਾਜਾ ਰਸਾਲੂ ਬਾਰੇ ਚਾਰ ਕਹਾਣੀਆਂ ਇਕੱਤਰ ਕਰ ਕੇ 1883 ਵਿੱਚ ਛਪਵਾਈਆਂ ਅਤੇ ਬਾਅਦ ਵਿੱਚ ਤਾਂ ਰਾਜਾ ਰਸਾਲੂ ਬਾਰੇ ਪੂਰੀ ਪੁਸਤਕ **ਐਡਵੈਂਚਰਜ਼ ਆਫ਼ ਪੰਜਾਬ ਹੀਰੋ ਰਾਜਾ ਰਸਾਲੂ** ਛਪਵਾਈ। ਉਥੇ ਰੁਮਾਂਟਿਕ ਟੇਲਜ਼ ਫਰਾਮ ਦਾ ਪੰਜਾਬ ਵਿੱਚ ਹੋਰ ਕਹਾਣੀਆਂ ਦੇ ਨਾਲ-ਨਾਲ ਰਾਜਾ ਰਸਾਲੂ ਦੇ ਜੀਵਨ ਦੀਆਂ ਕੁਝ ਕਹਾਣੀਆਂ ਵੀ ਪੇਸ਼ ਕੀਤੀਆਂ।

ਇਸ ਉੱਘੇ ਵਿਦਵਾਨ, ਪਾਦਰੀ, ਆਲੋਚਕ, ਵਿਸ਼ਲੇਸ਼ਣਕਰਤਾ, ਇਤਿਹਾਸਕਾਰ ਤੇ ਧਰਮ ਦੇ ਗਿਆਤਾ ਨੇ ਪੰਜਾਬ ਦੀਆਂ ਵੱਖ-ਵੱਖ ਥਾਵਾਂ ਵਿੱਚ ਜਿੱਥੇ ਤੁਰ-ਫਿਰ ਕੇ ਆਪਣੇ ਧਰਮ ਦਾ ਪ੍ਰਚਾਰ ਕੀਤਾ, ਉਥੇ ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ, ਸੰਪਾਦਨ ਤੇ ਵਿਸ਼ਲੇਸ਼ਣ ਵਿੱਚ ਵੀ ਅਹਿਮ ਭੂਮਿਕਾ ਅਦਾ ਕੀਤੀ। ਆਪਣੇ ਧਰਮ ਦੀ ਪੁੱਠ ਉਸ ਉੱਪਰ ਇਤਨੀ ਗਹਿਰੀ ਹੈ ਕਿ

ਉਹ ਤਾਂ ਹੀਰ-ਰਾਂਝੇ ਦੀ ਪਿਆਰ ਕਹਾਣੀ ਵਿੱਚ ਹੀਰ ਨੂੰ ਪੰਜਾਂ ਪੀਰਾਂ ਦੀ ਭਗਤਣੀ ਦੇ ਨਾਲ-ਨਾਲ ਯਿਸੂ ਮਸੀਹ ਦੀ ਪੈਰੋਕਾਰ ਵੀ ਦੱਸਦਾ ਹੈ। ਉਸ ਵੱਲੋਂ ਇਨ੍ਹਾਂ ਭੂਮਿਕਾਵਾਂ ਵਿੱਚ ਦੁਨੀਆਂ ਦੇ ਦੂਸਰੇ ਸਾਹਿਤਾਂ ਤੇ ਇਤਿਹਾਸ ਦੇ ਨਾਲ-ਨਾਲ ਬਾਈਬਲ ਵਿਚਲੀਆਂ ਕਹਾਣੀਆਂ ਦਾ ਵੀ ਜ਼ਿਕਰ ਕੀਤਾ ਜਾਂਦਾ ਹੈ। ਉਹ ਤਾਂ ਰਾਜਾ ਰਸਾਲੂ ਨੂੰ ਨਾਇਟਸ ਆਫ਼ ਲਾ ਮਨਚਾ, ਪੂਰਨ ਨੂੰ ਯੂਨਾਨੀ ਨਾਇਕ ਪਿਹੈਦਰਾ ਅਤੇ ਹਿਪੋਲੈਟਸ ਅਤੇ ਡਿਆਨਾ ਨਾਲ ਤੁਲਨਾ ਕਰਦਾ ਹੈ। ਰਸਾਲੂ ਨੂੰ ਬਾਈਬਲ ਵਿਚਲੇ ਬਹਾਦੁਰ ਯੋਧੇ ਸੈਮਸਨ ਨਾਲ ਤੁਲਨਾਉਂਦਾ ਹੈ।

ਪਾਦਰੀ ਸਵਿਨਰਟਨ ਨੇ ਜਿੱਥੇ ਆਪਣੀ ਜਾਤੀ ਤਜਰਬਿਆਂ ਨੂੰ ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਬਾਰੇ ਦੱਸਿਆ ਹੈ, ਉਥੇ ਆਪਣੇ ਅਧਿਐਨ ਤੇ ਤਜ਼ਰਬੇ ਦੇ ਆਧਾਰ ਤੇ ਪੰਜਾਬੀ ਸਮਾਜ ਤੇ ਸਭਿਆਚਾਰ ਵਿੱਚ ਇਨ੍ਹਾਂ ਕਥਾਵਾਂ ਦੀ ਭੂਮਿਕਾ ਤੇ ਹਰਮਨ-ਪਿਆਰਤਾ ਬਾਰੇ ਜ਼ਿਕਰ ਵੀ ਕਰਦਾ ਹੈ। ਉਹ ਮੰਨਦਾ ਹੈ ਕਿ ਇਹ ਕਥਾਵਾਂ ਪੰਜਾਬੀਆਂ ਦੇ ਮਨੋਰੰਜਨ ਦੇ ਸਾਧਨ ਹਨ ਅਤੇ ਇਹ ਲੋਕਾਂ ਦੀਆਂ ਕਹਾਣੀਆਂ ਹਨ। ਇਸ ਲਈ ਇਨ੍ਹਾਂ ਦਾ ਸਾਧਾਰਨ ਪਾਠਕਾਂ ਤੱਕ ਪਹੁੰਚਣਾ ਜ਼ਰੂਰੀ ਹੈ। ਉਸ ਨੇ ਇਨ੍ਹਾਂ ਨੂੰ ਹਰਮਨ-ਪਿਆਰਤਾ ਤੇ ਪ੍ਰਸਿੱਧਤਾ ਦੇ ਆਧਾਰ ਤੇ ਇਸ ਪ੍ਰਕਾਰ ਵੰਡਿਆ ਹੈ

1. ਹੀਰ ਰਾਂਝੇ ਦੀ ਕਹਾਣੀ
2. ਰਾਜਾ ਰਸਾਲੂ ਦੀ ਕਹਾਣੀ
3. ਮਿਰਜਾ ਸਾਹਿਬਾਂ ਦੀ ਪ੍ਰੇਮ ਕਹਾਣੀ
4. ਪੂਰਨ ਭਗਤ ਦੀ ਕਹਾਣੀ

ਪਾਦਰੀ ਸਵਿਨਰਟਨ ਵੱਲੋਂ ਇਕੱਤਰ ਕੀਤੀਆਂ ਇਨ੍ਹਾਂ ਕਥਾਵਾਂ ਵਿੱਚ ਮਿਲਦੀਆਂ ਕਥਾਨਕ ਰੂੜ੍ਹੀਆਂ ਦੇ ਅਧਿਐਨ ਰਾਹੀਂ ਪੰਜਾਬੀ ਮਾਨਸਿਕਤਾ ਦੇ ਉੱਭਰਦੇ ਪੱਖਾਂ ਨੂੰ ਵੀ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿੱਚ ਵੀ ਕਥਾਨਕ ਰੂੜ੍ਹੀਆਂ ਨੂੰ ਵਿਸ਼ਵਾਸਪਰਕ, ਚਮਤਕਾਰੀ ਤੇ ਸੰਸਾਰਕ ਪੱਧਰ 'ਤੇ ਵਾਚਦਿਆਂ ਹੋਇਆਂ ਇਨ੍ਹਾਂ ਵਿੱਚ ਪ੍ਰਸਤੁਤ ਹੋਇਆ ਸਮਾਜ ਤੇ ਸਭਿਆਚਾਰਕ ਵਰਤਾਰਾ ਵੇਖਿਆ ਗਿਆ ਹੈ। ਜਿਸ ਤੋਂ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਇਹ ਸਮਾਂ ਮੱਧਕਾਲ ਦਾ ਸੀ ਅਤੇ ਉਸ ਸਮੇਂ ਤੱਕ ਲੋਕਾਂ ਵਿੱਚ ਆਪਸੀ ਪਿਆਰ, ਸਾਂਝ ਤੇ ਮਿਲਵਰਤਨ ਕਾਇਮ ਸੀ ਅਤੇ ਇਕ ਸਾਂਝਾ ਸਭਿਆਚਾਰ ਉਸਰਿਆ ਹੋਇਆ ਸੀ। ਮੁਸਲਮਾਨਾਂ ਦਾ ਬੋਲਬਾਲਾ ਸੀ ਅਤੇ ਸਥਾਨਕ ਪੀਰਾਂ, ਫ਼ਕੀਰਾਂ ਤੇ ਜੋਗੀਆਂ ਦੀ ਮਾਨਤਾ ਬਹੁਤ ਸੀ, ਪਰ ਲੋਕ ਅੰਧ-ਵਿਸ਼ਵਾਸਾਂ ਨਾਲ ਭਰੇ ਹੋਏ ਸਨ ਅਤੇ ਪਰਾ-ਸ਼ਰੀਰਕ ਸ਼ਕਤੀਆਂ ਵਿੱਚ ਅਟੱਲ ਵਿਸ਼ਵਾਸ ਰੱਖਦੇ ਸਨ। ਪੁਰਸ਼ ਪ੍ਰਧਾਨ ਸਮਾਜ ਸੀ ਅਤੇ ਪੁੱਤਰਾਂ ਦੀ ਖਵਾਇਸ਼ ਹਰ ਪਰਿਵਾਰ ਗ਼ਰੀਬ ਤੋਂ ਅਮੀਰ ਤੱਕ ਲੱਗੀ ਰਹਿੰਦਾ ਸੀ। ਕਾਰੋਬਾਰ ਸਾਂਝੇ ਸਨ ਅਤੇ ਕੁਝ ਲੋਕ ਖੇਤਾਬਾੜੀ ਤੋਂ ਅੱਗੇ ਨਿਕਲ ਕੇ ਛੋਟੇ-ਮੋਟੇ ਕੰਮ-ਧੰਦਿਆਂ ਤੱਕ ਅੱਪੜ ਗਏ ਸਨ। ਇਸਤਰੀ ਦੀ ਦਸ਼ਾ ਸੁਤੰਤਰਤਾ ਵਾਲੀ ਨਹੀਂ, ਗ਼ੁਲਾਮਾਂ ਵਾਲੀ ਹੀ ਸੀ। ਗ਼ਰੀਬੀ, ਬੇਰੁਜ਼ਗਾਰੀ, ਠੱਗੀ, ਫਰੇਬ, ਉਧਾਲਾ ਆਦਿ ਗੱਲਾਂ ਆਮ ਸਨ, ਜਿਨ੍ਹਾਂ ਤੋਂ ਉਸ ਸਮੇਂ ਦਾ ਨੈਤਿਕ ਜੀਵਨ ਵੀ ਵੇਖਿਆ ਜਾ ਸਕਦਾ ਹੈ।

ਪਾਦਰੀ ਸਵਿਨਰਟਨ ਤੋਂ ਬਾਅਦ ਇਕ ਹੋਰ ਵਿਦਵਾਨ ਫਲੋਰਾ ਐਨੀ ਸਟੀਲ ਦਾ ਜ਼ਿਕਰ ਕਰਨਾ ਬਣਦਾਹੈ। ਉਸ ਦੀ ਪ੍ਰਮੁੱਖ ਪੁਸਤਕ "ਟੇਲਜ਼ ਫਰਾਮ ਦਾ ਪੰਜਾਬ" ਵਿਚਲੀਆਂ 43 ਕਹਾਣੀਆਂ ਵਿੱਚ ਸਾਧਾਰਨ ਵਿਅਕਤੀ ਦੇ ਕੰਮ-ਧੰਦੇ, ਰੀਤੀ ਰਿਵਾਜ, ਵਿਆਹ ਸ਼ਾਦੀਆਂ,

ਰਾਜੇ-ਮਹਾਰਿਜਆਂ, ਪੀਰਾਂ-ਫ਼ਕੀਰਾਂ, ਜਾਦੂ-ਟੂਣਿਆਂ, ਵਿਸ਼ਵਾਸਾਂ ਆਦਿ ਬਾਰੇ ਜ਼ਿਕਰ ਮਿਲਦਾ ਹੈ। ਸਟੀਲ ਦਾ ਪਤੀ ਇਕ ਮੈਜਿਸਟਰੇਟ ਸੀ ਅਤੇ ਜਿੱਥੇ ਕਿਤੇ ਵੀ ਉਸ ਦੀ ਨੌਕਰੀ ਹੁੰਦੀ ਫਲੋਰਾ ਐਨੀ ਉਸ ਦੇ ਨਾਲ ਹੀ ਰਹਿੰਦੀ ਅਤੇ ਆਪਣੇ ਮਨਭਾਉਂਦੇ ਕੰਮ ਲੋਕਧਾਰਾ ਦੇ ਇਕੱਤਰੀਕਰਨ ਵਿੱਚ ਰੁੱਝ ਜਾਂਦੀ। ਉਸ ਨੇ ਵੀ ਇਕੱਤਰੀਕਰਨ ਵਿੱਚ ਆਪਣੇ ਜਾਤੀ ਤਜਰਬਿਆਂ ਨੂੰ ਇਸ ਦੀ ਭੂਮਿਕਾ ਵਿੱਚ ਸਾਂਝਾ ਕੀਤਾ ਹੈ। ਉਸ ਦਾ ਕੰਮ ਵੀ ਦੋ ਪ੍ਰਕਾਰ ਦਾ ਹੈ। ਇਕ ਆਰ. ਸੀ. ਟੈਂਪਲ ਨਾ ਮਿਲ ਕੇ ਅਤੇ ਦੂਸਰਾ ਵਿਅਕਤੀਗਤ ਤੌਰ 'ਤੇ।

ਉਸ ਵੱਲੋਂ ਇਕੱਤਰ ਕੀਤੀਆਂ ਗਈਆਂ ਕਹਾਣੀਆਂ ਮੂਲ ਰੂਪ ਵਿੱਚ ਬਾਤਾਂ ਹਨ ਪਰ **ਟੇਲਜ਼ ਫਰਾਮ ਦਾ ਪੰਜਾਬ** ਵਿੱਚ ਤਿੰਨ ਵੰਨਗੀਆਂ ਮਿਲਦੀਆਂ ਹਨ। ਬਾਤਾਂ, ਦੰਤ-ਕਥਾਵਾਂ ਤੇ ਗੱਪ।

ਇਨ੍ਹਾਂ ਦੀਆਂ ਕਥਾਨਕ ਰੂੜ੍ਹੀਆਂ ਰਾਹੀਂ ਉਸ ਸਮੇਂ ਦਾ ਜਿਹੜਾ ਪੰਜਾਬ ਉੱਭਰਦਾ ਹੈ, ਉਸ ਵਿੱਚ ਵਿਅਕਤੀ ਅਤੇ ਸਮਾਜ ਦੇ ਆਪਸੀ ਰਿਸ਼ਤੇ ਨੂੰ ਵੇਖਿਆ ਜਾ ਸਕਦਾ ਹੈ। ਮੱਧਕਾਲ ਵ੍ਵਿਚ ਆਰਥਿਕ ਵਰਤਾਰਾ, ਜਿਸ ਵਿੱਚ ਜਾਗੀਰਦਾਰੀ ਪ੍ਰਥਾ ਅਤੇ ਜਗੀਰਦਾਰੂ ਰੁਚੀਆਂ ਦਾ ਵਰਣਨ ਮਿਲਦਾ ਹੈ। ਔਰਤ ਦੀ ਤਰਸਯੋਗ ਹਾਲਤ ਅਤੇ ਮਰਦ ਪ੍ਰਧਾਨ ਸਮਾਜ ਵਿੱਚ ਮਰਦ ਦੀਆਂ ਰੁਚੀਆਂ ਪ੍ਰਮੁੱਖ ਰੂਪ ਵਿੱਚ ਪੇਸ਼ ਹੋਈਆਂ ਹਨ।

ਪੀਰਾਂ ਫ਼ਕੀਰਾਂ, ਸਾਧੂ-ਸੰਤਾਂ, ਬਾਬਿਆਂ, ਭਗਤਾਂ ਆਦਿ ਵਿੱਚ ਅਟੱਲ ਵਿਸ਼ਵਾਸ ਰੱਖਿਆ ਜਾਂਦਾ ਸੀ ਪਰ ਸਾਰੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਉਹ ਸਮਾਂ ਸਿਵਾਏ ਸਾਡੀ ਤਕਨਾਲੋਜੀ ਜਾਂ ਵਿਗਿਆਨਕ ਦ੍ਰਿਸ਼ਟੀ ਤੋਂ ਅਜੋਕੇ ਸਮੇਂ ਨਾਲ ਬਹੁਤ ਸਾਰੀਆਂ ਸਮਾਨਤਾਵਾਂ ਰੱਖਦਾ ਹੈ।

ਇਸ ਸਾਰੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਅੰਗਰੇਜ਼ਾਂ ਦੀ ਪੰਜਾਬੀ ਲੋਕਧਾਰਾ ਦੇ ਸੰਗ੍ਰਹਿ ਸੰਪਾਦਨ ਤੇ ਮੁਲਾਂਕਣ ਵਿੱਚ ਯੋਗਦਾਨ ਨੂੰ ਅੱਖੋਂ ਪਰੋਖਾ ਕਰ ਕੇ ਨਾ ਤਾਂ ਅਸੀਂ ਕਿਸੇ ਨਤੀਜੇ 'ਤੇ ਪਹੁੰਚ ਸਕਦੇ ਹਾਂ ਅਤੇ ਨਾ ਹੀ ਪੰਜਾਬੀ ਲੋਕਧਾਰਾ ਦਾ ਇਤਿਹਾਸ ਮੁਕੰਮਲ ਹੋ ਸਕਦਾ ਹੈ। ਅੱਜ ਦਾ ਖੋਜਾਰਥੀ ਜਿੱਥੇ ਪੰਜਾਬੀ ਲੋਕਧਾਰਾ ਦੇ ਅਧਿਐਨ ਲਈ ਨਵੀਆਂ-ਨਵੀਆਂ ਤਕਨੀਕਾਂ ਅਪਣਾ ਰਿਹਾ ਹੈ, ਉਥੇ ਅੰਗਰੇਜ਼ਾਂ ਦੇ ਪਾਏ ਪੂਰਨੇ ਵੀ ਉਸ ਦੇ ਇਸ ਕੰਮ ਵਿੱਚ ਸਹਾਇਕ ਸਿੱਧ ਹੋ ਰਹੇ ਹਨ। ਪੰਜਾਬੀ ਲੋਕਧਾਰਾ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਕਿਸੇ ਕਿਸਮ ਦਾ ਵੀ ਰਿਹਾ ਹੋਵੇ, ਪਰ ਅਸੀਂ ਉਨ੍ਹਾਂ ਦੀ ਇਸ ਵਡਮੁੱਲੀ ਦੇਣ ਤੋਂ ਇਨਕਾਰ ਨਹੀਂ ਕਰ ਸਕਦੇ।

## Appendix-I

# ON BALLADS AND LEGENDS OF THE PUNJAB RIFACIMENTO OF THE LEGEND OF RASSALOO MAJOR J. ABBOTT

On Sealkote's embattledsteep (1) his daily woodcraft done (2)
Russaloolay in slumber deep, Sahl Byne, redoubted son.
A vision rose at dead of night, his guardian saint* appeared,
His robe a web of dazzing light and silvery white his beard:
His brow was wreath'd with (3)Nurgist flowers: his staff extended far
Where Oodinugri's distant towers bask 'neath Canopus" star.
High rose from cot and palace fair, from tower and stately fane
The groans of thousands, weeping there, friends, lovers, children slain.
Seem'd it, ads all the woes and tears, that ancient site which dower
From ages of unmemoried years, reviv'd in that drear hour:
And listing deep, Russalo felt his generous nature glow,
And 'neath the starry heavens he knelt, and breath'd his fervid vow.
"So help me all ye Heavenly Powers! sun, moon refuse your light,
"Ye winds, who waft on dewy wing spring's freshness, mountain born,
"The rosebud's fragrance careless fling, pure health from waving corn,
"Die'mid the sweets your wing that cloy, nor fan my feverish brow!
"Ye crystal springs whose thrill of joy, earth's azure arteries know,
"In steamy jets heaven's sapphire blot, or through earth's clefts subside

Ah! Well a day! Ali! Well a day!
The sun lights up the dawn,
With gems bespangles bower and spray,

With flowers the dewy lawn,
The ray that sparkles sheen and coy,
That self-same joyous ray
Consumes the widow'd mother's joy,
My child! Ah well a day!
Ah! Wherefore gleams that ray so bright?
Why bloom the flowers around?
But that in gulf of blacker night
Her desolate soul be drown'd?
Yet men thee call the merry, merry sun:
Nor falsely thus they say;
For widow's tears are mirth to none
But thee-Ah well a day.
Meanwhile, within a cavern'd hall Beera lay reclind'd,
Pondering her glory's darken'd fall with tempest shaken mind:
Now o'er her mighty brother's fate the tears unbidden rise,
Now with revenge and deadly hate blend love's insidious sighs,
The maiden's beauteous cheek was pale, her brow was flush'd, her eye
Suffus'd with tears which are they fall, the flashing lightings dry.
"Immortal author of our line Kuveera* (24) dead, "she cried,
"For what unblest, perverse design thine offspring's might and pride:
"Lords of the earth to day we moved, but frames of giant might
"All uniform'd with soul have prov'd: earth, heaven hath seen our flight.
The cheek's bright calm a dimple breaks, a whirlpool, sweet and lone,
Where giddy love his helm forsakes, resistless hurried down.
The lips half smiling, trembling play bliss thrills Russaloo's frame,
When in a murmur, sweet as they, he hears her breathe his name.
Trembled the stable earth beneath, the massive walls around,
The surly thunders spent their breath to thrill that dreadful sound:
The granite roof took from and life, and 'mid the starry choir
Huge tower'd the gaint, arm'd for strife, red roll'd his eye of fire:
But bent Russalo's mighty bow (28) and cre th'upheav'd rock
Can fall, transpiere'd that cliff-like brow: he staggered to the shock.
He nodded, bow'd, with hideous roar, plung'd from the starry height:
His fall, the prince imperils more, that all his living might:

But anxious for the maid alone o'er her Russaloo bends,
To buy her safety with his own, his sheltering might extends.
No mother o'er her first-born child e'er hung with tenderer care,
When rav'd the tempest, bleak the wild, 'mid forked fire-blots glare.

Years past, but not the gloom of woe from good Russaloo's breast,
Care timeless wrung his youthful brow and marr'd his spirit's rest.
Yet still, from others 'bliss deriv'd a solace pure he found
Which wrecks of youthful hope surviv'd and freshness scattered round.
"Twas when time's softening wing had swept the furrow'd scars of woe,
And tears in midnight silence wept had ceas'd at length their flow:

Notes to the legend of Russaloo

(1) On Sialkot's embattled steep

Sialkot one of the most ancient of Forts and cities of the Punjab was founded by Rajah Sala Byne or Salivahanua, father or Russaloo. The Fort, which adjoins the city to westward high, oblong mound, with rectangular defences of curtains and round towers, massively built of brick and mortar. Not many Baktro or Indo-Greek coins are found in the ruins. The commonest perhaps is the copper coin of Apollodotos.

Sala Byne of the Poorocwar family of Chundrabunse Rajpootres, flourished in the first century of our era. Sialkot was probably the capital of that Poros Pooroo, Who was surnamed the coward by Alexander's soldiers. (12) For I am sworn thy lot of share, to bless or die with thee. The chivalrous spirit of Russaloo belongs to the old and apparently original tradition; to a time when woman held a higher place in society, than at present she holds in India, before in fact, the Muhammadan conquests had introduced their degrading estimate of the sex. As the tradition has reached later years, it has probably been alloyed by the changed spirit of the times. Russaloo is made to commit acts wholly opposed to this noble generosity. The Ballad does not make the woman, for whom Russaloo was about to offer his life, a lady of rank. She is merely a woman, and she is old and in distress; the three most sacred claims upon a generous heart. He at once adopts her in word and deed as his mother.

Natoo rooh my Booddia, hunjoo ra dul kar
Jih rub ruksi tera bete ra, my sir deh-sa char

Traditions says that when Rajah Sala Byne was building the fort of Sialkot, the foundation of the south-west bastion gave way so repeatedly, that he had recourse to s soothsayer, who assured him that it would never stand until the blood of an only song was shed there. Sala Byne upon this took a boy, the only son of his widowed mother, and slew him upon the foundation, which since then has stood fast.

Upon this tradition, the Bards converted to Islam have built a tale in honour of their saints, who it is said signally avenged the murder, although it happened several hundred years before the birth of Muhammed, and about a thousand previous to the Muhammedan invasion of India.

Recitation

Rajah Russaloo son of Rajah Sala Byne was sleeping in his sent in the castle of Sialkot when the Punjpeer appeared to him in a vision and said "Go thou and slay the Rakuss," so the Rajah went to Ooda Nugr and alighted at the abode of an ancient woman. She was cooking bread, but the whole of her mohulla (ward) was desolate, and sometimes she wept and sometimes she sang. And in that city the inhabitants sent daily a buffaloe, loaded with bread and a human victim to the Rakuss as his rations, otherwise he would have destroyed the city. And the Rakuss dwelt in the Barrh or wilderness west of the city; and the Rajah addrest the woman, thus:

Oochcheh mundul mata marria do russ killah bazaar,
Kye ra sub dur disn kavur lisseh sunsar
Natoo rooh my boodiah, hunjoo na dul karr,
Jie rub rukh si tera betara my sir deh sa char,
Man is an ignorant compound of hair and flesh.
The mother-in-law without her son-in-law, meat without huldi,
Clothes without soap-These three things are amiss.
Bring not the swallow-wort to your teeth. Eat not the flesh of snakes.
Weep not despondently, nor laugh overmuch,
Born an infant of seven ells, would you grow into a man of four?
The father hath entered his son's boots, once measure serves for both,
The dog hath run off with the sugar press, the khan hath seized the milstone
The worm hath eaten the saddle of the village of 84 figures (in letters).

## Appendix-II

# PROCEEDING OF THE ASIATIC SOCIETY OF BENGAL 1882-83

Page No. 158 December edited by Honarary Secretaries letter from Mr. Ibbetson on the ethnology of the Punjab

My object in addressing you to ask you to help me in the inquiry, I have undertaken an inquiry which will probably occupying leisure for several years. What I beg you to do is this. Whenever to come across any interesting facts regarding any caste or clan or its customs, make a rough note of them at once and on the spot, before they are forgotten, and send it to me. It does not matter how rough the notes are: but notes regarding separate castes or class should be, if possible, an separate piece of paper, It does not matter how absurd. The story told you, or how, seemingly trivial the fact collected. Caste legends generally have some substratum of truth, which can often be eliminated by comparing different forms of the same story derived from various sources; and an independent confirmation of even the smallest detail is often valuable.

The following are of the points which may useful be noted; name of the tribe or caste, name of its subdivision, localities in which it is found in largest numbers; different names by which it is known, often varying with the religion; its traditional mode and place of origin; its course of migration and especially the place where its come direct to its present home; the religion followed by its members; whether if not Hindus, they employed Brahmans and in what manner, any traditions or customs connecting them with or involving reverence for, any particular plant or

animal; whether they practice kerewa or widow-marriage; what caste or tribes they may or may not intermarry with; what their position is in the social scale; what occupations they principally follow, whether they very with the religion.

"Information regarding the vagrant servile, and out caste tribes and the people of the hills i. e. especially needed. While little is known of the internal constitution, and government by means of standing panchayats, of the menial and artisan, castes and trade-guilds.

"The religion of the peasantry is something very different from the Hinduism of books while their social customs have been handed down almost unaltered from remote ages. All facts regarding their gods and saints and the mode in which they worship them, the omens they regards, the superstitions they are ruled by, their ceremonial at births, deaths, betrothals, marriages, and adoption. The relation between members of a family and in fact their customs and ways of life generally are always most interesting and often exceedingly valuable. The inhabitants of the Punjab have been drawn from many sources at various periods: and our best hope of tracing each tribe back to its original stock lies in collecting and comparing their customs and traditions.

Local songs and proverbs, which should be taken down exactly as spoken by the people; are full of interest fairs and festivals are important and generally have some religious significance. New sects and ascetic orders are springing up daily; while little is known about many of the old ones. In fact it is impossible to mention any part of the life of people regarding which information is not needed and may not have valuable help.

"In the hope that it may be useful to some such, I have prepared a rough memorandum on the points to which, far as I know, inquiry may be most useful directed? I shall be gland to send any body a copy of it who will let me have a post-card to say that he would like one."

# Appendix-III

A Dissertation on the Proper names of Punjabis with special reference to the propernames of villagers in the Eastern Punjab By Captain R.C.

Temple Bangal Staff Corps

F. R. G. s. M. R. A. S. M. A. I.

Contonment Megistrate at

Ambala Punjab

Education Society Press Bombay 1883

**Preface:**

Since writing the following pages I have been enabled through the kindness of Mr. Denzil Ibbetson, C. S. Deputy Commissioner of Punjab Census of 1881, to obtain the whole of the senses records of the Ambala cantonment in 72 Vols MSS, in the persian character, and also the two level of the records of each district of the Punjab or 64 vol. more in all 136 vols. I had previously in may profession 17 other volumes of the Ambala district records so that I have now 153 volumes of material to work on. Each of the district sets consistent of the records of one village and one town black, so they contain between them the names of the rustic and urban population of all parts of the Punjab.

I see my way to a through investigation of the material already collected, but can not say even approximately, when the work is likely to be completed, and since the collection of the comparatively small number of names already examined, seemed to give preliminary results on all paints connected with them except that of the spread and local distribution of names, I have thought it best to publish what has been already accomplished.

Chapter one; It has long been recognized in Europe that the proper names of men and women are well worth study for the sake of the indication they give of the national life. The racial history and the course of civilization of those who have invented the, "the subject has been deeply examined on its many sides, archeological and is still being vigorously prosecuted. Even in the last number of the journal of the English enthropological Institute to hand is an enquiry by Dr. Beddoe, F. R. S. in to English Surnames with a view to ascertaining the racial components of the modern English nation and their numerical relation to each other in India how far as I am aware the subject is still untouched and its student must; therefore if I am right in this assumption being at the beginning with the result of being very restricted at first in their field of research. The title of this dessertati0on has for this reason been purposely choose in order to show the exact scope of the present inquiry. In a large country like that geographically known as the Punjab with its arbitrary political boundaries,in a large country like that geographically known as the Punjab with its arbitrary political boundaries containing within them many tribes, races and peoples who have at least there chief religions. Remarks and observations applicable to the Ecast may not be so the west or south and in the title it is said that the remarks here in relate especially to the eastern Punjab. Because the data on which they are based were mostly gathered in the Ambala district and neighbourhood, were the hindu elements largely predominates and because though the fact to be there observed are also more that probably true in the main of all those portions of India chiefly influenced by the Aryan races and the Aryan religions. It would be premature to hold without precise data to go upon that they are so of, say the western Punjab were the Muhamadan religion and foreign influences are so powerful. It has been further noticed that the more educated and civilized urban populations, speaking the Hindi language in the widest application of that term, bear names that differ widely from those of villages. I am far from being prepared to say that this is an absolute fact, but since it may be so, and as my observation extended only to the village populations, the title of the present work was further restricted as having special references to the names of the villages.

## Appendix-IV
## PUNJABI PROVERBS BY R. C. TEMPLE

Chabare di'it pakhane nun lai.
Bakhtawar di' ran sabh di nam.
Sat chuhe khake billi hajj nun chali.
Mirasi di mashkari man bhain nail
Sali addhi ran hundi hai.
Sandh sandh lare britian da nas
Sach bolna addhi larai hai.
Bahar Miyan panjhazari, ghar bibi chhitran di mari
Chirian da maran gawaran da hasa
Khera wasse, koi rove, kot hasse
Rabb nere ki Ghusun nere
Kumhari apna bhanda silia
Jad utar di loi, tad kit katega koi?
Kucchar bahke dahri mundha!
In tilon bich tel nahin hai
Minvin hadian, ginwan shorwai
Bili shink sikhaia, bili nun khan dia
Ilm te karm vekha nihin lagda
Harkh da maria, Narkunun janda
Siana kaun maile par bahinda
Dhauli dahri te ata kharab
Dekhi! Bharwe di akal gai:
Mahin vehke ghori lai;
Duddh pinon gia liddh sitni pai
Donan din gae pande halwa mila na mande
Chor nalon pand kahli

Nachan lage ghungat kihu?
Kamla jatt Khuda min chor
Bhere bhere yar meri Samin de
Ulta chor kotwali dande
Dhi nalon bahu saini, riddhe pakke pave pani
Sakhi nalon sum jo turat de jawab
Ghariban roze rakhe din wadde hoe
Sir munaundia gare pae
Jaa gari jat gari, Nai gari kujat gari
Khanda, ghora, istri, tinne jat kujat

# Appendix-V
# A FOLK ETYMOLOGY OF LAL BEG'S NAME

The holy prophet (hazrat paigharnber), saint (Mehtar) Ilias (the prophet Elias), attended at the Court of Almighty God where many prophets were sitting. Mehtar Ilias coughed, and finding no room to spit in, he spat upwards, and his spittle fell upon the prophets. They all felt disguised, and complained to Almighty God. The Almighty ordered that he should serve throughout the world as a sweeper (jharu diaharo). Mehtar Ilias begged that some prophet might be created in the world to intercede for him and it was ordered that. Such an one should be born. According to the order of the God of Merey he came into the world, and took of sweeping, and passed many days in the hope of forgiveness.

# Appendix-VI
# PUNJABI NICK NAMES

In the Panjabi some nicknames are, as in England, connected with some event in the victims' career-e. g., a low caste employee, a Jhinwar or drawer of water, named say, Lal singh rose to greatness, passing over the heads of men of good caste, and was immediately dubbed by his less fortunate comrades Jal-Khich Singh or Water-drawing Singh, and unkind references to the discarded implements of his profession were covertly made. Again, a European officer who gave a down-troddencountry 'aman (peace, happiness, prosperity) was honorifically nicknamed Turan Sahib, or Mr. Rescuer from drowing. The title of Dhari-wala, or the man with the beard, resulted from a weakness that a late ruler of the Punjab had for allowing persons with fine beards Rs. 5 or Rs. 10 a month for curds, combs and other toilet articles. A. man
I once came across an odd case. One desondi known as Trumpji, was not known by his real name to the lambardar (headman) of his own village, who had know him all the his life. Dasondhi was a Ranghar; therefore his grandfather had been in native cavalry regiment, and therefore his grandfather had been in a native cavalry regiment, and therefore a trumpet-major. The progression is easy enough. Trumpji is an obvious and easy corruption of the name of the English rank.

# Appendix-7

# Punjabi Lyrics and Proverbs (C. F. Usborne)

## THE BALLAD OF LOVE AND DEATH

Tell me, Mistress, she will marry you, Mistress, marry you"
"Khaka, my Lady, he well marry me, Lady, marry me.
He has two yoke of oxen sturdy to hoe.
And four for the well-wheel. His land lies low,
And the seent of his hair moeks the roses that grow
In the gardens of Persia, Khaka will marry her, Lady, marry me."
"When death comes Mistress, who will carry you, Mistress, carry you?"
"If Allah is gracious, my son will carry me, Lady, carry me:
One at my feet and one at my head
If Allah gives children, there's peace for the dead.
For the lights will be lit and the prayers will be said.
God pity the sonless. My son will carry me, Lady carry me".

PUNJAB PROVERBS

Plough deep for the autumn sowing: then pray for the spring tide grain.
For your bullocks may plough till they drop, yet the fruit of their toil may be vain;
For what is the profit of ploughing ; if ALLAH with holdeth his rain?

Haste is of Satan surey,
But sloth is a Satan too;
And he who sleeps in November,
In April what well he do?
He will wish he had sown with the sowers,
And will waste his time in regret;
But a thousand sorrows, remembers,
Never can pay a debt.

None God I fix my hopes. There is one Omnipotent Creator. There is one scabbard, and one sword lies in a mens' scabbard; he can strike a lion's strokko but once. There should be one speech on the tongue and one promise only. There is only one Moon that shines on the earth, and, Piara, you have but one Love.

**Proverbs**

Clouds like partridge feathres-a woman that eats cream.

One will rain, the other will clope. This saying never fails.

Land not ploughed in May; cattle not grass led in August; girls not brought up in their parent's house: these three are ruined.

The man who works like a shave cat like a king.

With low land and high relations. You will never come to grief.

A woman who smokes, a ruler takes, bribes, a spoilt son: these three are utterly bad,

The peasant's wife brought bad butter to sell, the shopkeeper used false weights. Each though the other a cheat, but the bargain was fair.

All life we quarrel about 'unine and thine;' after death

There is no 'mine' or 'thine'

Sleep and death are the same.

Let Jesus stick to his faith and Moses to his.

God does not kill anyone with a club; he takes away their understanding.

It is harder to serve the world than God (i.e. practical virtue is harder than church-going).

In the grave, great the small are alike.

To succeed or not to succeeded is with God; but do your best.

## Appendix-8
## THE CHURAS BY REV. J. YOUNGSON D.D

Under the title of "The Genealogies of Lal Beg, "Sir Richard Temple, in his legends of the Punjab, gave several kurusinamas or so-called genealogies of the Chuhras, but "after repeated enquires extending over several years" he was unable to obtain more than these and 'some fragmentary tales related verbally, 'The Rev. J. Youngson, D. D. of the Church of Scotland Mission at Sialkot, has, however since 1891, been able to obtain not only an apparently compete kursinama, but also a complete version of the song sung by the sweepers at weddings and so on. These he has translated, and thus the following pages contain a very full account of the caste, its observances and ritual. As pointed out by Sir R. Temple in his Legends, "the kursinamas, as a matter of fact, contain also their stories and their ritual, as much of them, at any rate, as they ever commit to paper". "Dr. Youngson, however, has taken much of the material now published from as MS which he found at the village of Kharolian in the Sialkot District, and he was informed that another book existed at Gujranwala, which he had not seen. Enquiry would probably result in the discovery of other MSS. Nothing has as yt been printed by the Chukras from these records, and fuller accounts of them would be of interest.

In order to ascertain the names of the various divisions of the Chuhras I thought the best plan was to invite a number of them to give me all available information. I seated them in my room in Sialkot one day, conceiving that I had an opportunity to obtain the very best that could be had, for there were priests and genealogists among them. But I had reckoned without my host, for the very mention of tribal distinctions set them all by the ears. When, however, they had exhausted their first

ardour, I was furnished with the following tribal names.

Marriage Songs

The Sister sings

Ghori teri ve, malla sohni,
Sohni bandi kathain de nal,
Kathe dher te hajar
Main manehari, bahinu dea surjna
Surjna, vich vich bagan de jaj e awe,
Jhuldean sehrean de nal,
Bajdean bajear, de nal,
Shahr nawaban deghar dhukna:
Dhukna ve amiran di tere chal,
Barkhurdaran da tera baithna.

The Mother Sings

Ghori teri ve, malla, sohni
Jari motian de nal,
Moti dher te hazar
Main balhiari, ma dea surjna and c.

The Friends sing

Maian pindian lare nu,
Allah dian vadhaiyan.
Allah dian fadhaiyan.
Piran dian vadhiayan.
Chark jivin ve, chark jivin
Sarb suhagan dea painan
Ve lari ded saiyan

The bridegroom's sister sings

Mere amma babe jaya
Tianu charhiya rup savaya
Tu pahain, main mul denian
Baho uchche, ma te peo nu puchhke.
Charh ghoriye, tere nal bharavan di joriye.
Malla, nikka nika sut
Bahin katiya ve malla
Nikka, nikka sut

Tere page aya rup
Mau thok unaya
Tu pahin, main mul denian
Tu pahin laya ve,
Mere ammababe jaya
Tainu charhiya rup savaya
The women of the marriage party sing
Haski buld, dil hogayi razd
Sadda pardesina da rakha ae Khuda
Zara haske buld, dil ho gaga razd
Dholki baja, zara haske buld,
Jhuthe mauje saddi paindi de buld,
Suche suche mauje ve shitab manga
Zara haske buld & c
Chandi da chhalla saddi paindi ha buld.
Sone da chhalla ve shitab manga
The Women sing
Hun ki da'va, babl tera?
Da'va banda lare da bhai.

# Appendix-9
# A TRIPLET OF PUNJABI SONGS

Kafi Ghulam Farid Chachrari Sharif da
Hik dam hijar na sahndi he!
Dil dilbar karine mandi, he!
Soz gudaz di tul wichhauwan
Dukh Duhug di sejh banrawan.
Har ghaman da gal wich pawan
Dard di banh sirandhi, he!
Hik dam hijar, etc.
Mahi beparwa milyose
Palre soz firaq piyose
Hai Kanun behal theyose
Jindri jhok ghamman de, he!
Hik dam hijar etc.
Har Phulan de
Har Phulan de, ni, puldwn har puldan de
Phul lede, banka yar, pawan har phuldn de.
I-Nar
Qissakhwani de bazaar dhup dopahar di, he!
Tere table di tikor hai kaisi qahr di, he!
Har phulan de, etc.
II-Mard
Itthan sambul da darakht, ni, guwah rahnda
Tere nainan de sawar cahunkidar rahnda
Har phulan de, etc.
III-Nar
Qissakhwani de bazaar assin ja khalote

Uththe manggan panj rupaia, sanun pain gote
IV-Mard
Lake surkhi, tan dandasa, much sawarde hain:
Karke qatil, tan qarar, manu wisarde hani
Har phulan de, etc.
III
Sehrian
A wedding song of the Joiyas of Multan Dist.
Sehridnwala banard jiew!
Sehridnwala banard jiew!
Nam Farid Khan! Zat Lakhwera!
Lakh Salami thiew!
Maharaja banara jiwe!
Sehrianwala etc,
Jitwal charhten, teri fatah hamesha!
Jor bhainan da thiew!
Maharaja banara jiew!
Sehrianwala etc.
Banara ḍi mai nun diyou Mubarak
Sharbat piyala piwe.
Maharaja banaja jiwe!
Sehrianwala, etc.

## Appendix-10

# A CLOOSSARY OF TRIBES AND CASTES

(By Denzil Ibistson ed. By H. A. Rose, Vol, I, II, III Preface of Vol. II)

This glossary of the tribes and castes found in the Punjab the North West Frontier Province and the protected territories of the Late Sir Denzil Charles elf Ibbetson K. C. S. I. Leutenant Governor of the Punjab and its dependenties and of the Hon'ble Mr. Edward Douglas Maclagan C. s. I. now secretary to the Government of India in the Revenue Department. Sir Denzil Ibbetrons Report on the Punjab Census of 1881 was reprinted as Punjab Ethnography Vol. II of the present compilation will include the rest of this glossary and vol. I will comprises the valuable chapter of Sir D. Ibbetson's Report which deal with the physical Description of the Punjab, its religious and other subject supplement by the matter contained in the Hon'ble Mr. Maclacgons report on the Punjab Census of 1991 and from other sources.

The printing of the names Of a caste or tribe in capital in the text indicates that a reference to the article on that caste or tribe is invited for fuller information references to district or state Gazetter should be taken to indicate the latest editi0on of the Gazetter should be taken to indicate the latest edition of the Gazetter unless the contrary is stated reference to a settlement report on the regular settlement of the district in the absence of any express reference to an earlier or later report.

# Appendix-II
# CONTRIBUTIONS TO PUNJABI LEXICOGRAPHY

Series IV

by H. A. Rose, I. C. S. (Retired)

(Continued from Vol. III, Page 330)

Kuran : a wooden spade: Ch., 229

Kurra : a measure made of reads, its ¼, ½ and ¾ being marked by leather thongs.

A mala kurra is ¾ th of this measure or an odi filled but not heaped up: (?) Hazara.

Kuth (? A root) : hence Kuthlu, a seller of Kuth: Ch., 243 and 138.

Kutlu : a field made by breaking up a steep hillside: Mandi, 65.

Kuwa : A garment : Ch., 142.

Labana : a cricket : B.,154

Laber : Desmodium tiliaefolium : Simla S. R., xliv.

Lahul: the 2nd of Baisakh, and one of the days for Bhat marriages : mandi, 24.

Lal : a turn, at a wedding. The four turns or rounds about the sacred fire constitute the binding rite in the marriage and are called char-idi; another circumambulation is the ath-lai: Ch., 145 and 146.

Latta : lame, Chl., 138.Lau : a neck ornament, worn in Churah : Ch., 206.

Lehri : manured, of laud : SS . Nalagarh, 11.

Lela bhak : the distance a lamb's bleat will carry : D. I. K.

Lerwa : Biji, q. v.

Lewar : Pyrus baccata : Ch., 238 : Cf. Lehu.

Lih : a unit of area, estimated to produce 200 mans kham a year, = 20 takas:

S. S. Dhami, 4.

Linda : lit . 'homeless', = Konsal, q. v.

Liu : = Lehu in Series III.

Loder : Symplocos cratiaegoides : Ch., 239.

Appexndix-12

SOME CORRECTIONS TO "A VERSION OF HIR AND RANJAH"

[A translated by Mr. H. A. Rose, ICS (Retired)

By C. r. Singhal, Prince of Wales Museum, Bombay

Alif (2)

4. Bete ath, jainde wakif kar lokon
8. Bhai nal Ranjha karan khar lokon

Rose's version

4. And had eight sons of whom we know.
8. There was disagreement between Ranjha and his breathren

Singhal's version

4. And had eight sons trained in their work.
8. Brothers were felling jealous of Ranjha.

Ze.

4. Jehre nit paunde dinen rat,Mian
4. He will always be there day and night
4. Because there had been always quarrels, day and night.

Sin

6. Rala-kare kise de nal, Ranjha
7. Asa Singha! Mujhin bele le-varya
6. Let them not get mixed up with any others, Ranjha.
7. [Says] Asa Singh: Ranjha drove out the buffaloes.

6. Ranjha, you should join there with some companions
7. Asa Singh, Ranjha entered the pasturage with the bufaloes.

# ਪੁਸਤਕ ਸੂਚੀ


ਅਨੂਪ ਸਿੰਘ, **ਸੰਪਾਦਨ ਅਤੇ ਪ੍ਰਕਾਸ਼ਨ ਪ੍ਰਕਿਰਿਆ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1994.

ਇਕਬਾਲ ਕੌਰ, **ਪੰਜਾਬੀ ਲੋਕਯਾਨ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ, 1986.

ਸੁਖਪਾਲ ਸਿੰਘ, **ਪੰਜਾਬੀ ਲੋਕ** ਗਾਥਾ, ਸਵੇਰਾ ਪ੍ਰਕਾਸ਼ਨ, ਦਿੱਲੀ, 1987.

ਸੰਧੂ, ਗੁਰਦੀਪ ਸਿੰਘ, **ਲੋਕਯਾਨ ਅਤੇ ਸੱਸੀ ਕਾਵਿ**, ਸਿਮਰਨ ਸਾਹਿਤ ਪ੍ਰਕਾਸ਼ਨ, ਪਟਿਆਲਾ, 1996.

ਹੁਕਮ ਚੰਦ ਰਾਜਪਾਲ, **ਮੁਲਤਾਨੀ ਲੋਕ-ਸਾਹਿਤ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1996.

ਕਜ਼ਾਕ, ਕਿਰਪਾਲ , **ਲੋਕ ਪਰੰਪਰਾ ਤੇ ਕਬੀਲਾ ਸੱਭਿਆਚਾਰ**, ਸਪਤ ਸਿੰਧੂ ਪਬਲੀਕੇਸ਼ਨ, 1994.

ਕਰਨਜੀਤ ਸਿੰਘ, **ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ**, ਨਵਯੁਗ ਪਬਲਿਸ਼ਰਜ਼ , ਦਿੱਲੀ, 1988.

..., **ਲੋਕ ਮਨ ਚੇਤਨ ਅਵਚੇਤਨ**, ਮਨਪ੍ਰੀਤ ਪ੍ਰਕਾਸ਼ਨ, ਦਿੱਲੀ–ਜਲੰਧਰ, 2001.

ਕਰਮਜੀਤ ਸਿੰਘ, **ਲੋਕ ਗੀਤਾਂ ਦੀ ਪੈੜ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002.

ਕੇਸਰ, ਕੇਸਰ ਸਿੰਘ, **ਸਾਹਿਤ ਖੋਜ ਅਤੇ ਸਾਹਿਤ ਅਲੋਚਨਾ**, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984.

ਕੈਰੋਂ, ਜੋਗਿੰਦਰ ਸਿੰਘ, **ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ ਅਤੇ ਵਰਗੀਕਰਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

........, **ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ (ਥੀਸਿਸ)**, ਗੁਰੂ ਨਾਨਕ ਦੇਵ ਯੂਨੀਵਰਸਿਰਟੀ, ਅੰਮ੍ਰਿਤਸਰ, 1979,

........., **ਪੰਜਾਬੀ ਲੋਕ ਵਾਰਤਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1991.

ਕੰਗ, ਗੁਲਜ਼ਾਰ ਸਿੰਘ, **ਪੰਜਾਬੀ ਲੋਕਯਾਨ ਦੀ ਰੂਪ ਰੇਖਾ**, ਲਾਹੌਰ ਬੁਕ ਸ਼ਾਪ, ਲੁਧਿਆਣਾ, ਮਿਤੀਹੀਣ।

ਖਹਿਰਾ, ਭੁਪਿੰਦਰ ਸਿੰਘ, **ਲੋਕਯਾਨ ਭਾਸ਼ਾ ਅਤੇ ਸਭਿਆਚਾਰ**, ਪੈਪਸੂ ਬੁੱਕ ਡਿਪੋ, ਪਟਿਆਲਾ, 1986.

ਗਰੇਵਾਲ, ਅਮਰਜੀਤ, **ਪੰਜਾਬੀ ਸਭਿਆਚਾਰ ਦਾ ਭਵਿੱਖ**, ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ, 1989.

ਗਰੋਵਰ, ਕੰਵਲਜੀਤ, **ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਥੀਆਂ ਵਿੱਚ ਕਥਾਨਕ ਰੂੜੀਆਂ**

ਗਾਸੋ, ਓਮ ਪ੍ਰਕਾਸ਼, **ਪੰਜਾਬੀ ਸਭਿਆਚਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਗਿੱਲ, ਮਹਿੰਦਰ ਕੌਰ, **ਪੰਜਾਬੀ ਲੋਕ ਪਰੰਪਰਾ**, ਪੰਜਾਬੀ ਅਕਾਦਮੀ, ਦਿੱਲੀ 1987

ਗੁਮਟਾਲਾ, ਚਰਨਜੀਤ ਸਿੰਘ, **ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜ੍ਹੀਆਂ**, ਮਾਡਲ ਟਾਊਨ, ਲੁਧਿਆਣਾ, 1993.

ਗੁਰਮੀਤ ਸਿੰਘ, **ਪੰਜਾਬੀ ਲੋਕਧਾਰਾ ਦੇ ਕੁਝ ਪੱਖ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1985.

ਗੰਡਾ ਸਿੰਘ (ਸੰਪਾ.) **ਪੰਜਾਬ**, ਪੰਜਾਬੀ ਸਾਹਿਤ ਅਕਾਦਮੀ, 1962.

ਘੁੰਮਣ, ਬਿਕਰਮ ਸਿੰਘ, **ਪੰਜਾਬੀ ਲੋਕ ਗੀਤ ਪਰੰਪਰਾ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ, 1986.

ਜਸਵਿੰਦਰ ਸਿੰਘ, **ਪੰਜਾਬੀ ਲੋਕ ਸਾਹਿਤ ਸ਼ਾਸਤਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ 1987.

.....,**ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ**, ਪੁਨੀਤ ਪ੍ਰਕਾਸ਼ਨ, ਪਟਿਆਲਾ, 1989.

ਜੋਸ਼ੀ, ਜੀਤ ਸਿੰਘ, **ਪੰਜਾਬੀ ਸਭਿਆਚਾਰ ਬਾਰੇ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ, 1985.

...., **ਲੋਕਧਾਰਾ ਤੇ ਲੋਕਧਾਰਾ ਸ਼ਾਸਤ੍ਰ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1998.

ਟੈਂਪਲ, ਸਰ ਰਿਚਰਡ, **ਪੰਜਾਬ ਦੀਆਂ ਲੋਕ ਗਾਥਾਵਾਂ**, ਜਿਲਦ-1, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971.

...., **ਪੰਜਾਬ ਦੀਆਂ ਲੋਕ ਗਾਥਾਵਾਂ**, ਜਿਲਦ-2, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

........, **ਪੰਜਾਬ ਦੀਆਂ ਲੋਕ ਗਾਥਾਵਾਂ**, ਜਿਲਦ-3, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਢਿੱਲੋਂ, ਅਮਰਜੀਤ ਸਿੰਘ (ਸੰਪਾ.), **ਪੰਜਾਬੀ ਲੋਕ ਸਾਹਿਤ : ਇਕ ਅਧਿਐਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਥਿੰਦ, ਕਰਨੈਲ ਸਿੰਘ (ਸੰਪਾ.), **ਲੋਕਯਾਨ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

......, **ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ**, ਜੀਵਨ ਮੰਦਰ ਪ੍ਰਕਾਸ਼ਨ, ਅੰਮ੍ਰਿਤਸਰ, 1973.

........., **ਪੰਜਾਬ ਦਾ ਲੋਕ ਵਿਰਸਾ** (ਭਾਗ ਪਹਿਲਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

ਦੂਲੇ, ਨਰਿੰਦਰ, **ਭਾਰਤੀ ਲੋਕ ਕਥਾਵਾਂ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1983.

ਨਾਹਰ ਸਿੰਘ, **ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ**, ਲੋਕਾਇਤ ਪ੍ਰਕਾਸ਼ਨ, ਦਿੱਲੀ, 1983.

**ਪਵਿੱਤਰ ਬਾਈਬਲ**, ਬਾਈਬਲ ਸੋਸਾਇਟੀ ਆਫ਼ ਇੰਡੀਆ, ਬੰਗਲੌਰ, ਮਿਤੀਹੀਣ।

ਪਿਆਰ ਸਿੰਘ, **ਖੋਜ ਸਿਧਾਂਤ ਤੇ ਵਿਹਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,

ਪਟਿਆਲਾ, 1987.

ਪੂਨੀ, ਬਲਬੀਰ ਸਿੰਘ, **ਪੰਜਾਬੀ ਸਭਿਆਚਾਰ ਸਿਧਾਂਤ ਤੇ ਵਿਹਾਰ**, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1998.

......., (ਸੰਪਾ.), **ਲੋਕਧਾਰਾ ਅਧਿਐਨ**, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ 2000.

**ਪੰਜਾਬ ਦੀ ਲੋਕਧਾਰਾ** (ਛੇਵੀਂ ਪੰਜਾਬੀ ਵਿਕਾਸ ਕਾਨਫਰੰਸ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਨੂਰ, ਸੁਤਿੰਦਰ ਸਿੰਘ, **ਸਭਿਆਚਾਰ ਤੇ ਸਾਹਿਤ**, ਆਰਸੀ ਪਬਲੀਕੇਸ਼ਨ (ਦਿੱਲੀ), 1994.

ਫਕੀਰ ਸੱਯਦ ਵਹੀਦਉਦੀਨ, **ਰਣਜੀਤ ਸਿੰਘ ਦਾ ਅਸਲੀ ਰੂਪ** (ਅਨੁ. ਤਨਜੀਤ ਸਿੰਘ, ਫੌਜਾ ਸਿੰਘ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

ਫੁੱਲ, ਗੁਰਦਿਆਲ ਸਿੰਘ, **ਪੰਜਾਬੀ ਸਭਿਆਚਾਰ ਇਕ ਦ੍ਰਿਸ਼ਟੀਕੋਣ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਬੇਦੀ, ਵਣਜਾਰਾ, **ਪੰਜਾਬ ਦੀ ਲੋਕਧਾਰਾ**, ਨੈਸ਼ਨਲ ਬੁੱਕ ਟਰੱਸਟ, ਦਿੱਲੀ, 1971.

......., **ਪੰਜਾਬੀ ਲੋਕਧਾਰਾ ਵਿਸ਼ਵਕੋਸ਼**, ਨੈਸ਼ਨਲ ਬੁੱਕ ਸ਼ਾਪ ਦਿੱਲੀ, ਭਾਗ ਪਹਿਲਾ 1978. ਭਾਗ ਦੂਜਾ ਤੇ ਤੀਜਾ 1979 ਅਤੇ ਚੌਥਾ 1980.

......., **ਪੰਜਾਬੀ ਸਾਹਿਤ ਇਤਿਹਾਸ ਦੀਆਂ ਕਥਾਨਕ ਲੋਕ ਰੂੜੀਆਂ**, ਲੋਕ ਪ੍ਰਕਾਸ਼ਨ, ਨਵੀਂ ਦਿੱਲੀ, 1982.

........., **ਮੱਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ**, ਪਰੰਪਰਾ ਪ੍ਰਕਾਸ਼ਨ, ਨਵੀਂ ਦਿੱਲੀ 1977.

........., **ਲੋਕਧਾਰਾ ਅਤੇ ਸਾਹਿਤ**, ਪੰਜਾਬੀ ਰਾਈਟਰਜ਼ ਕੋਆਪਰੇਟਿਡ, ਨਵੀਂ ਦਿੱਲੀ, 1977.

......, **ਬਾਤਾਂ ਮੁਢ ਕਦੀਮ ਦੀਆਂ**, ਲੋਕ ਪ੍ਰਕਾਸ਼ਨ, ਦਿੱਲੀ, 1979.

............, **ਲੋਕ ਬੀਰ ਰਾਜਾ ਰਸਾਲੂ**, ਆਰਸੀ ਪਬਲੀਕੇਸ਼ਨ, ਚਾਂਦਨੀ ਚੌਂਕ, ਦਿੱਲੀ., 1999.

ਭਗਤ ਸਿੰਘ, **ਮਹਾਰਾਜਾ ਰਣਜੀਤ ਸਿੰਘ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਮਨਜੀਤ ਸਿੰਘ, **ਪੰਜਾਬੀ ਸਭਿਆਚਾਰ ਸੰਦਰਭ**, ਆਰਸੀ ਪਬਲੀਕੇਸ਼ਨ, ਦਿੱਲੀ, 1972.

ਰਣਜੀਤ ਕੌਰ, **ਸੋਹਣੀ ਮਹੀਵਾਲ ਦੇ ਕਿੱਸਿਆਂ ਦਾ ਲੋਕਧਾਰਕ ਅਧਿਐਨ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2001.

ਵਿਨੋਦ, ਟੀ.ਆਰ., **ਸੰਸਕ੍ਰਿਤੀ : ਪੰਜਾਬੀ ਸੰਸਕ੍ਰਿਤੀ**, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990.

ਬਿਰਦੀ, ਮਹਿੰਦਰ ਸਿੰਘ, ਮਾਲਵੇ ਦਾ ਲੋਕ-ਸਾਹਿਤ ਇਕ ਆਲੋਚਨਾਤਮਿਕ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

**ਹਿੰਦੀ :**

ਉਪਾਧਿਆਇ, ਕ੍ਰਿਸ਼ਨ ਦੇਵ, **ਲੋਕ ਸੰਸਕ੍ਰਿਤੀ ਕੀ ਰੂਪ ਰੇਖਾ**, ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ, 1988.

ਨਾਰੰਗ, ਕਿਰਪਾਲ ਸਿੰਘ ਔਰ ਹਰੀਰਾਮ ਗੁਪਤਾ, **ਪੰਜਾਬ ਕਾ ਇਤਿਹਾਸ** (1500-1858). ਯੂ.ਸੀ. ਕਪੂਰ ਐਂਡ ਸੰਨਜ਼, ਦਿੱਲੀ, ਮਿਤੀਹੀਣ।

ਖੋਜ-ਪ੍ਰਬੰਧ:
ਸੁਖਪਾਲ ਸਿੰਘ, ਪੰਜਾਬੀ ਲੋਕ ਗਾਥਾਵਾਂ, ਸੰਪਾਦਨ ਤੇ ਮੁਲਾਂਕਣ, (ਅਣਪ੍ਰਕਾਸ਼ਿਤ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988.

ਖੋਜ ਪਤ੍ਰਿਕਾਵਾਂ :

ਖੋਜ ਪਤ੍ਰਿਕਾ (ਪੰਜਾਬੀ ਸੱਭਿਆਚਾਰ ਅੰਕ), ਸੰਪਾ. ਰਤਨ ਸਿੰਘ ਜੱਗੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

ਖੋਜ ਦਰਪਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ 1988.

ਚਿਰਾਗ (ਤਿਮਾਹੀ), ਅਪਰੈਲ-ਜੂਨ 2000, ਅੰਕ 32.

ਪਰਖ, 1987.

ਅੰਗਰੇਜ਼ੀ :

1. Indian Antiquary.

2. Punjab Notes and Quaries, Vol. 1-3, October 1883-Sept. 1886.

3. Indian Notes and Quaries, Vol. 4, Oct. 1886—Sept. 1887.

4.4. Proceedings of the Asiatic Society of Bengal 1882-83 edited by Honorary Secretary.

5. Folklore, London.

**ENGLISH (books) :**

Andrews, C. F. , **Indian and Britain A Moral Challenge**, Student Christian Movement Press, Britain, 1935.

Bearce, George D., **British Attitude towards India 1784-1858**, Oxford University Press, 1961.

Burne, Charlotte Sophia, **The handbook of Folklore,** The Guernsey Press Co. Ltd., London, 1994.

Chabra, G. S., **The Advanced History of Punjab Ranjit Singh and Past Ranjit Singh Period**, Parksah Brothers, Ludhiana, 1962.

Chalmani, N. M., **British Power in Punjab**, Asia Publication, New Delhi, 1972.

Davidson, Hilda Ellis, **Patterns of Falklore,** D. S. Brewe Rowman and Little Field Britain, 1960.

Danis Kincaid, **British Social Life in India 1608-1937,** George Routledge and Sons Ltd., London, 1938.

Dorson, Richard M., **History of British Folklorists**, The British Folkloristic London Routledge & Kegan, New York, 1968.

_____(ed.), **Folklore and Folklife An Introduction**, The Uni-

versity of Chicago Press, London, 1972.

____, **American in Legends Folklore from the Colonical Period to the Present**, Pantheron Books, New York, 1973.

Dunes, Alan, **Interpreting Folklore**, Indiana University Press, Bloomington and Canada, 1980.

Folklore An Encyclopedia of Beliefs Customs Tales Music and Art. Vol. I & II, edited by Thomas. A . Green, England, 1997.

Grewal, J. S., **Maharaja Ranjit Singh**, Khalsa College,Amritsar, 1939.

Gupta, Shankar Sen, **Studies in Indian Folk Culture (Folk Songs, Folk Art and Folk Literature)**,Indian Publication, Calcutta, India, 1964.

Hilliday. W. R., **Folklore Studies Ancient and Modern**, Merhem and Comp. Ltd. , London, 1924.

Ibbetson, Denzil, **A Glossary of the Tribes and Castes of North West Frontier Provence**, Vol. II & III based on sensus report of Punjab. 1883, 1892.

John Eisner & Roger Cardinal (ed.), **The Culture of Collecting**, Reaktion Books, London Ltd., 1994.

Kenneth and Merry Clarke (ed), **A Folklore Reader**, London, 1965.

Khalmani, N. M., **British Power in the Punjab**, Asia Publications, New Delhi, 1972.

Kincalo, Denis, **British Social Life in India 1608-1937**, George Routledge and Sons, London, 1938.

Leach Maria(ed.), **Standard Dictionary of Folklore Mythology and Legend**, Funk and Wagnalla, New York, 1949.

Mathur, Y. B., British Administration of Punjab, Surjit Book Depot, Nai Sarak Delhi Daeniz, n. d.

Munro S. Edmonson Lore, **An Introduction to the Science of Folklore and Leterature**, Holt Rinehard and Winston Inc., USA, 1971.

Narula, S. S., Aspects of Pujbai Culture, Punjabi University, Patiala, 1991.

Nijjar, B. S., **Punjab Under the British Raj 1849-1947**, K. B. Publication, New Delhi, 1974.

Niranjan Roy edited with an Introduction Shankerson Gupta, A

Guide to Field Work, Indian Publication, Calcutta-India, 1965.

Rev. Charis Swynnerton, **The Adventures of the Punjab Hero Raja Rasalu and other Folktale of the Punjab**, 1884.

......., **Romantic tales from Punjab with Indian night entertainment collected and edited from original sources**, 1928.

___, **Romantic tales from Punjab with night entertainment**, 1908.

__, **Romantic tales from th Punjab with illustrations by native hands**, 1903.

Rev. J. Porter Geographical description of the Punjab in Punjabi translation from the Persian on Bute Shah by Munshi Bahlol, American Prysbeterian Mission Press, Ludhiana, 1850.

Rev. J. Porter Suprentendent, **A Grammar of the Punjabi Language with Appendix**, Printed at the American Presbitarian Mission Press, 1851.

Rev. Lal Bihari Day, **Folktales of Bengal**, Macmillan and Company, London, 1883.

Rita J. Simon and James J. Etyle, Editors, **Gate Keeper**, Rawman and Littlefield Publication, 1994.

Rosenberg, Bruce A., **Folklore and Literature Rival Siblings,** The University of Tennesesc Press, Knoxville, 1991.

Rowed, Charies, **Collecting asPastime**, Cassell and Company Ltd., London, 1920.

Sabine Baring Gloud, **A Book of Folklore**, Prayis Books Sheidon West Sussey, 1913.

Sokolov, Y. M., **Russian Folklore** (tr. Catherince Ruth Smith), Macmillions Comp., New York, 1950.

Sir James George Frazed, **Folklore in the Old Testament**, Vol, I, II, III macmillian and Comp., London, 1919.

Steel, F. S., **Tales of the Punjab**, Green Wich House USA, 1983. Original publication London, New York, 1894.

Susanna, Johnston & Tim Beddow, **Collecting the Passionate Pastime**, Pengiun Books, Ltd., 1988.

Temple, R. C., A Dissertation on the proper name of Punjabis with special reference to the proper names in villages in eastern Punjab, Education Society Press, Bombay, 1883.

_, **Legends of Punjab**, Vol. I, II & III Language Department, Patiala 1884, 1885, 1900 and 1963.

The Sikhs of Punjab, **The New Cambridge History of India**, Cambridge University Press, 1900.

Tristram Coffin (ed.), **American Folklore**, Voice of American Forum Lecturer, 1968.

Usborne, C. F. Punjabi Lyrics and Proverbs translated in verse and prose, Printed at Civil and Military Gazetteer Press, Lah ore, 1905.

Vatunk, Ved Parkash, **Studies in Indian Folk Tradition**, Manohar Delhi, 1979.

W. Crooke B. A., **An Introduction to the Popular religion and Folklore of Northern India**, 1894.

__, **Religion and Folklore of Northern India,** Oxford University Press, Milford, 1926.

Webster, John C. B.,**The Christian Community and Change in Nineteenth century**, North Indian Macmillon Company of India1976, Delhi, Calcutta, and Madras.

William Barnes, **Folklore,** Words Press Dorchester, 1996.

Williams, Gury R., **Instructions to Young Collectors,** Museum Press, London, 1959.

Wilson, J, Grammar and Dictionary of Western Punjabi and Proverbs and Saysings and Verse, Printed at Punjab Govt. Press, Lahore.1851.



# ਸੈਮੂਅਲ ਗਿੱਲ

ਸੈਮੂਅਲ ਗਿੱਲ ਦਾ ਲੋਕਧਾਰਾ ਉਪਰ ਕੀਤਾ ਕੰਮ ਮਹੱਤਵਪੂਰਣ ਇਸ ਪੱਖ ਤੋਂ ਹੈ ਕਿ ਉਸਨੇ ਅੰਗ੍ਰੇਜ਼ ਵਿਦਵਾਨਾਂ ਉਪਰ ਪਹਿਲੀ ਬਾਰ ਨਿੱਠ ਕੇ ਖੋਜ ਕੀਤੀ ਹੈ। ਇਸ ਲਈ ਉਸਨੇ ਇੰਗਲੈਂਡ ਦੀਆਂ ਲਾਇਬ੍ਰੇਰੀਆਂ ਦੀ ਫੋਲਾ ਫਾਲੀ ਕਰਕੇ ਬਹੁਤ ਕੀਮਤੀ ਕਿਸਮ ਦੀ ਜਾਣਕਾਰੀ ਲਿਆਂਦੀ ਹੈ ਜੋ ਹੁਣ ਤੱਕ ਸਾਨੂੰ ਉਪਲਬੱਧ ਨਹੀਂ ਸੀ। ਸੈਮੂਅਲ ਦੇ ਖੋਜ ਕਾਰਜ ਤੋਂ ਅੰਗ੍ਰੇਜ਼ ਵਿਦਵਾਨਾਂ ਦੁਆਰਾ ਕੀਤੇ ਗਏ ਵਿਸ਼ਾਲ ਕਾਰਜ ਦਾ ਅਤੇ ਇਸ ਪਿੱਛੇ ਉਨ੍ਹਾਂ ਦੀ ਅਸਲ ਮਨਸ਼ਾ ਦਾ ਪਤਾ ਵੀ ਚੱਲਦਾ ਹੈ। ਲੋਕਧਾਰਾ ਉਪਰ ਸਪੱਸ਼ਟ ਹੋਣ ਤੋਂ ਬਾਅਦ ਉਸਨੇ ਅੰਗ੍ਰੇਜ਼ ਵਿਦਵਾਨਾਂ ਦੁਆਰਾ ਪੰਜਾਬ ਉਪਰ ਕੀਤੀ ਖੋਜ ਕਾਰਜ ਦਾ ਸਰਵੇਖਣ ਕਰਨ ਉਪਰੰਤ, ਆਰ.ਸੀ.ਟੈਂਪਲ, ਫਲੋਰਾ ਸਟੀਲ ਅਤੇ ਸਵੀਨਰਟਨ ਦੇ ਲੋਕਧਾਰਾ ਸੰਬੰਧੀ ਖੋਜ ਦਾ ਡੂੰਘਾ ਵਿਸ਼ਲੇਸਣ ਕੀਤਾ ਹੈ। ਹੁਣ ਤਕ ਪੰਜਾਬੀ ਵਿਦਵਾਨਾਂ ਵਲੋਂ ਵਿਦਵਾਨਾਂ ਦਾ ਨਾਮ ਹੀ ਲਿਆ ਜਾਂਦਾ ਹੈ, ਸੈਮੂਅਲ ਨੇ ਇਨ੍ਹਾਂ ਦਾ ਪਹਿਲੀ ਵਾਰ ਵਿਸ਼ਲੇਸ਼ਣ ਤੇ ਮੁਲਾਂਕਣ ਪੇਸ਼ ਕੀਤਾ ਹੈ। ਸੈਮੂਅਲ ਗਿੱਲ ਦੀ ਇਹ ਪੁਸਤਕ ਪੰਜਾਬੀ ਲੋਕਧਾਰਾ ਅਧਿਐਨ ਦੇ ਖੇਤਰ ਵਿਚ ਵਿਸ਼ੇਸ਼ ਉਪਲੱਬਧੀ ਹੈ। ਮੈਂ ਇਸ ਪੁਸਤਕ ਨੂੰ ਜੀ ਆਇਆਂ ਆਖਦਾ ਹਾਂ ਤੇ ਸੈਮੂਅਲ ਤੋਂ ਆਸ ਰੱਖਦਾ ਹਾਂ ਕਿ ਉਹ ਇਸ ਖੋਜ ਕਾਰਜ ਨੂੰ ਜਾਰੀ ਰੱਖੇਗਾ।

ਡਾ. ਕਰਮਜੀਤ ਸਿਘ
ਸਾਬਕਾ ਪ੍ਰੋਫੈਸਰ ਅਤੇ ਮੁਖੀ,
ਪੰਜਾਬੀ ਵਿਭਾਗ, ਕੁ. ਯੂ.
ਕੁਰੂਕਸ਼ੇਤਰ

5 ਆਬ
Parkashan, Jalandhar
*1-2 Desh Bhagat Yadgar Hall, Jalandhar*
*Punjab, India*
*Phone : 98140-87063*
*5aabparkashan@gmail.com*
*www.5aabparkashan.com*

ISBN : 978-93-84306-04-5
₹ 300